ੴ ਸਤਿਗੁਰ ਪ੍ਰਸਾਦਿ

# 267 ਘੱਟ ਪਾਏ ਗਏ ਪਾਵਨ ਸਰੂਪਾਂ ਬਾਬਤ

# ਪੜਤਾਲ ਕਮਿਸ਼ਨ

# ਦੀ

# ਰਿਪੋਰਟ

(23/08/2020)

# ਤਤਕਰਾ


| ਲੜੀ ਨੰਬਰ | ਵੇਰਵਾ | ਪੰਨਾ ਨੰਬਰ |
|---|---|---|
| 1. | ਮੁੱਢਲੀ ਜਾਣਕਾਰੀ | 1-6 |
| 2. | ਬਿਆਨਾਂ ਦਾ ਸੰਖੇਪ ਵੇਰਵਾ | 7-147 |
| 3. | ਪੜਤਾਲ ਕਮਿਸ਼ਨ ਦੇ ਜਾਂਚ ਦੇ ਤਰੀਕੇ ਅਤੇ ਮੁੱਦੇ | 148-221 |
| 4. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ‘ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਹਾਨਤਾ | 222-231 |
| 5. | ਕਰਮਚਾਰੀ, ਅਧਿਕਾਰੀ ਅਤੇ ਚਾਰਟਡ ਅਕਾਊਂਟੈਂਟ ਦੇ ਦੋਸ਼ | 232-272 |
| 6. | ਪੜਤਾਲ ਕਮਿਸ਼ਨ ਵੱਲੋਂ ਦਿੱਤੇ ਗਏ ਸੁਝਾਅ | 273-287 |
| 7. | ਪਾਵਨ ਸਰੂਪ ਕਿੱਥੇ ਗਏ? | 288-291 |
| 8. | ਅਨੁਲੱਗ | 292-440 |

# ਨੱਥੀ ਅਨੁਲੱਗਾਂ ਦਾ ਵਿਵਰਣ


| ਅਨੁਲੱਗ ਨੰ: | ਵੇਰਵਾ | ਪੰਨਾ ਨੰਬਰ |
|---|---|---|
| 1 | ਪੱਤ੍ਰਿਕਾ ਨੰ: 21155 ਮਿਤੀ 12/07/2020 | 292 |
| 2 | ਮਤਾ ਨੰ:ਅ:ਤ/20/84 ਮਿਤੀ 17/07/2020 | 293 |
| 2A | ਡਾ.ਈਸ਼ਰ ਸਿੰਘ ਜੀ ਵੱਲੋਂ ਬੀਬੀ ਨਵਿਤਾ ਸਿੰਘ ਨੂੰ ਲਿਖਿਆ ਪੱਤਰ | 294-295 |
| 3 | ਪੱਤ੍ਰਿਕਾ ਨੰ:ਅ:ਤ/20/111 ਮਿਤੀ 30/07/2020 | 296-297 |
| 4 | ਪੰਜਾਬ ਹਿਊਮਨ ਰਾਈਟਸ ਚੰਡੀਗੜ੍ਹ ਵੱਲੋਂ ਸ਼ਿਕਾਇਤ ਮਿਤੀ 26/06/2020 | 298-303 |
| 5 | ਪਬਲੀਕੇਸ਼ਨ ਵਿਭਾਗ ਨੂੰ ਲਿਖਿਆ ਸ੍ਰ.ਕੰਵਲਜੀਤ ਸਿੰਘ ਦਾ ਪੱਤਰ ਮਿਤੀ 21/05/2020 | 304 |
| 6 | ਮੁੱਖ ਸਕੱਤਰ ਨੂੰ ਲਿਖਿਆ ਸ੍ਰ. ਕੰਵਲਜੀਤ ਸਿੰਘ ਦਾ ਪੱਤਰ ਮਿਤੀ 28/05/2020 | 305-307 |
| 7 | ਪ੍ਰਧਾਨ ਸਾਹਿਬ ਨੂੰ ਲਿਖਿਆ ਸ੍ਰ. ਕੰਵਲਜੀਤ ਸਿੰਘ ਦਾ ਪੱਤਰ | 308-309 |
| 8 | ਕਮਿਸ਼ਨਰ ਪੁਲਿਸ ਨੂੰ ਲਿਖਿਆ ਸ੍ਰ. ਕੰਵਲਜੀਤ ਸਿੰਘ ਦਾ ਪੱਤਰ ਮਿਤੀ 28/06/2020 | 310-314 |
| 9 | ਸਿੰਘ ਸਾਹਿਬ, ਜਥੇਦਾਰ ਜੀ, ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖਿਆ ਸ੍ਰ. ਕੰਵਲਜੀਤ ਸਿੰਘ ਦਾ ਪੱਤਰ ਮਿਤੀ 15/07/2020 | 315 |
| 10 | ਸ੍ਰੀ ਚਰਨ ਹੁੰਦਲ ਵੱਲੋਂ ਪੁੱਜੀ ਈ-ਮੇਲ ਮਿਤੀ 17/08/2020 | 316 |
| 11 | ਸ੍ਰ.ਗੁਰਜੀਤ ਸਿੰਘ, ਮੀਰੀ ਪੀਰੀ ਹਿਊਮਨ ਰਾਈਟਸ ਵਾਚ, ਆਸਟਰੇਲੀਆ ਵੱਲੋਂ ਪੁੱਜੀਆਂ ਈ-ਮੇਲਾਂ | 317-319 |
| 12 | ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਮੈਂਬਰ ਵੱਲੋਂ ਪੁੱਜੌ ਈਮੇਲ ਮਿਤੀ 08/08/2020 | 320-321 |
| 13 | ਸ਼੍ਰੋਮਣੀ ਕਮੇਟੀ ਦੇ ਮੈਂਬਰਾ ਵੱਲੋਂ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਗਿਆ ਪੱਤਰ ਮਿਤੀ 10/07/2020 | 322 |
| 14 | ਸ੍ਰ.ਜਸਬੀਰ ਸਿੰਘ ਵਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਲਿਖਿਆ ਪੱਤਰ ਮਿਤੀ 28/06/2020 | 323-324 |

| ਅਨੁਲੱਗ ਨੰ: | ਵੇਰਵਾ | ਪੰਨਾ ਨੰਬਰ |
|---|---|---|
| 15 | ਸ੍ਰ.ਦਿਲਵਰ ਸਿੰਘ ਵਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਲਿਖਿਆ ਪੱਤਰ ਮਿਤੀ 28/06/2020 | 325 |
| 16 | ਪਾਵਨ ਸਰੂਪਾਂ ਦੇ ਸਟੋਰ ਲੈਜ਼ਰ 01/04/2013 ਤੋਂ 18/08/2015 ਤੱਕ | 326-415 |
| 17 | ਪ੍ਰੈੱਸ ਤੋਂ ਜਿਲਦਸਾਜ਼ਾਂ ਨੂੰ ਭੇਜੇ ਗਏ ਫਰਮਿਆਂ ਦਾ ਵੇਰਵਾ (ਸਾਲ 2012-2013 ਤੋਂ ਸਾਲ 2019-2020) | 416-421 |
| 18 | ਵਾਸਤਵਿਕ ਤਸਦੀਕ ਦੀ ਰਿਪੋਰਟ (ਮਿਤੀ 18/08/2015) | 422-425 |
| 19 | ਪਾਵਨ ਸਰੂਪਾਂ ਲਈ ਵਰਤੇ ਗਏ ਪੇਪਰ ਦੀ ਵੇਸਟੇਜ਼ ਦਾ ਵੇਰਵਾ | 426 |
| 20 | ਸ੍ਰੀ ਗੋਇੰਦਵਾਲ ਸਾਹਿਬ ਦੇ ਬਿਰਧ ਸਰੂਪਾਂ ਦਾ ਅਗਨ ਭੇਂਟ ਸਰੂਪਾਂ ਦੇ ਰਜਿਸਟਰ ਦੇ ਸਬੰਧਿਤ ਪੰਨਿਆਂ ਦੀ ਕਾਪੀ | 427-436 |
| 21 | ਮਤਾ ਨੰਬਰ 21279 ਮਿਤੀ 19/05/2016 | 437-438 |
| 22 | ਮਤਾ ਨੰਬਰ 1479 ਮਿਤੀ 17/01/2015 | 439 |
| 23 | ਆਦੇਸ਼ ਨੰਬਰ ਅ:ਤ/18/3123 ਮਿਤੀ 14/06/2018 | 440 |

# ਪੜਤਾਲ ਕਮਿਸ਼ਨ ਰਿਪੋਰਟ

1. ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਗੁ.ਪ੍ਰ.ਕਮੇਟੀ ਦੇ ਪ੍ਰਬੰਧ ਅਧੀਨ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿੱਚੋਂ 267 ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਘੱਟ ਹੋਣ ਸੰਬੰਧੀ ਮਾਨਯੋਗ ਪ੍ਰਧਾਨ ਸਾਹਿਬ ਨੇ ਅੰਤ੍ਰਿੰਗ ਕਮੇਟੀ, ਸ਼੍ਰੋਮਣੀ.ਗੁ.ਪ੍ਰ.ਕਮੇਟੀ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਪੱਤ੍ਰਿਕਾ ਨੰ: 21155 ਮਿਤੀ 12/07/2020 **(ਅਨੁਲਗ 1)** ਰਾਹੀਂ ਨਿਯੁਕਤ ਕੀਤਾ। ਇਸ ਪੱਤ੍ਰਿਕਾ ਦੇ ਅਧਾਰਪੁਰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਮਿਤੀ 17/07/2020 ਨੂੰ ਹੋਇਆ ਮਤਾ ਨੰ:ਅ:ਤ/20/82 **(ਅਨੁਲਗ 2)** ਰਾਹੀਂ ਸਮੁੱਚੀ ਪੜਤਾਲ ਕਰਨ ਦੀ ਸੇਵਾ ਬੀਬੀ ਨਵਿਤਾ ਸਿੰਘ ਰਿਟਾਇਰਡ ਜੱਜ ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਨੂੰ ਸੌਂਪੀ ਗਈ।ਡਾ: ਈਸ਼ਰ ਸਿੰਘ ਨੇ ਮਿਤੀ 21/07/2020 ਨੂੰ ਬੀਬੀ ਨਵਿਤਾ ਕੌਰ, ਰਿਟਾਇਰਡ ਜੱਜ ਨੂੰ ਅਗਲੇਰੀ ਕਾਰਵਾਈ ਕਰਨ ਬਾਬਤ ਚਿੱਠੀ ਲਿਖੀ **(ਅਨੁਲੱਗ 2A)** ਇਸ ਕਾਰਜ ਲਈ ਡਾ.ਈਸ਼ਰ ਸਿੰਘ ਐਡਵੋਕੇਟ ਤੇਲੰਗਾਨਾ ਹਾਈ ਕੋਰਟ, ਉਹਨਾਂ ਦੇ ਸਹਿਯੋਗੀ ਬਣਾਏ ਗਏ।ਮਿਤੀ 24/07/2020 ਨੂੰ ਰਿਟਾਇਰਡ ਜੱਜ ਨਵਿਤਾ ਸਿੰਘ ਨੇ ਆਪਣੇ ਨਿੱਜੀ ਕਾਰਨਾਂ ਕਾਰਨ ਇਸ ਸੇਵਾ ਨੂੰ ਨਿਭਾਉਣ ਤੋਂ ਆਪਣੀ ਅਸਮਰੱਥਾ ਜ਼ਾਹਿਰ ਕੀਤੀ।ਉਸ ਉਪਰੰਤ 30/07/2020 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਦੀ ਪੱਤ੍ਰਿਕਾ ਨੰ:ਅ:ਤ/20/110 **(ਅਨੁਲਗ 3)** ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਂਚ ਕਰ ਰਹੀ ਬੀਬੀ ਨਵਿਤਾ ਸਿੰਘ ਰਿਟਾਇਰਡ ਜੱਜ ਵੱਲੋਂ ਘਰੇਲੂ ਮਜਬੂਰੀ ਦੇ ਚਲਦਿਆਂ ਜਾਂਚ ਕਰਨ ਤੋਂ ਅਸਮਰੱਥਾ ਜ਼ਾਹਿਰ ਕਰਨ ਦੇ ਮੱਦੇਨਜ਼ਰ ਇਹ ਜਾਂਚ ਮੁਕੰਮਲ ਕਰਨ ਲਈ ਇਹ ਸੇਵਾ ਡਾ.ਈਸ਼ਰ ਸਿੰਘ, ਐਡਵੋਕੇਟ ਤੇਲੰਗਾਨਾ ਹਾਈ ਕੋਰਟ, ਨੂੰ ਸੌਂਪੀ ਗਈ ਤੇ ਨਾਲ ਹੀ ਡਾ.ਹਰਪ੍ਰੀਤ ਕੌਰ ਐਡਵੋਕੇਟ ਪੰਜਾਬ ਹਰਿਆਣਾ ਹਾਈ ਕੋਰਟ ਅਤੇ ਬੀਬੀ ਹਰਲੀਨ ਕੌਰ ਸੀ.ਏ. ਨੂੰ ਸੇਵਾ ਦੇ ਤੌਰ 'ਤੇ ਸਹਿਯੋਗੀ ਢਲਾਉਦਿਆਂ ਪਹਿਲਾਂ ਤੋਂ ਨੀਯਤ ਕੀਤੇ ਸਮ੍ਹੇਂ ਵਿੱਚ ਜਾਂਚ ਪੂਰੀ ਕਰਨ ਦੇ ਆਦੇਸ਼ ਦਿੱਤੇ।

2. ਇਸ ਪੜਤਾਲ ਲਈ ਮਿਤੀ 21/07/2020 ਨੂੰ ਪੜਤਾਲ ਕਮਿਸ਼ਨ ਦੇ ਡਾ.ਈਸ਼ਰ ਸਿੰਘ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਅਤੇ ਪੀ.ਏ. ਸ੍ਰ.ਜਸਪਾਲ ਸਿੰਘ, ਸਿੰਘ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਨੂੰ ਮਿਲੇ ਅਤੇ ਉਸੇ ਹੀ ਦਿਨ ਕੜਾਹ ਪ੍ਰਸ਼ਾਦਿ ਕਰਵਾ ਕੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਕਾਰਜ

ਆਰੰਭ ਕਰਨ ਤੋਂ ਪਹਿਲਾਂ ਗੁਰ ਮਰਿਯਾਦਾ ਅਨੁਸਾਰ ਅਰਦਾਸ ਕੀਤੀ।ਜਾਗਤ ਜੋਤ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੇ ਹੇਠ ਲਿਖੇ ਅਨੁਸਾਰ ਹੁਕਮ ਕੀਤਾ।

"ਬੈਰਾੜੀ ਮਹਲਾ ੪

**ਹਰਿ ਜਨੁ ਰਾਮ ਨਾਮ ਗੁਨ ਗਾਵੈ॥**

**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥1॥** "ਅੰਗ 719

**3.** ਗੁਰੂ ਜੀ ਦੀ ਕ੍ਰਿਪਾ ਸਦਕਾ ਪੜਤਾਲ ਸ਼ੁਰੂ ਕੀਤੀ ਗਈ।ਸ੍ਰ.ਜਸਪਾਲ ਸਿੰਘ, ਨਿੱਜੀ ਸਹਾਇਕ, ਸਿੰਘ ਸਾਹਿਬ, ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਜ਼ੁਬਾਨੀ ਆਦੇਸ਼ ਅਨੁਸਾਰ ਪਬਲੀਕੇਸ਼ਨ ਵਿਭਾਗ ਵਿਖੇ ਪਈਆਂ ਫਾਇਲਾਂ ਅਤੇ ਗੁ:ਸ੍ਰੀ ਰਾਮਸਰ ਸਾਹਿਬ ਵਿਖੇ ਸੀਲ ਕੀਤੇ ਰੀਕਾਰਡ ਦੀ ਅਲਮਾਰੀ ਦੀਆਂ ਚਾਬੀਆਂ ਡਾ:ਈਸ਼ਰ ਸਿੰਘ ਨੂੰ ਦਿੱਤੀਆਂ।ਸ੍ਰ.ਜਸਪਾਲ ਸਿੰਘ ਜੀ ਨੇ ਦੱਸਿਆ ਕਿ ਸਿੰਘ ਸਾਹਿਬ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਪਬਲੀਕੇਸ਼ਨ ਵਿਭਾਗ ਦਾ ਰਿਕਾਰਡ 14/07/2020 ਨੂੰ ਸੀਲ ਕੀਤਾ ਸੀ।ਡਾ.ਈਸ਼ਰ ਸਿੰਘ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਹੁੰਚੇ ਅਤੇ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਅਰਦਾਸ ਕੀਤੀ।

**4.** ਪੜਤਾਲ ਸ਼ੁਰੂ ਕਰਨ 'ਤੇ ਪੜਤਾਲ ਕਮਿਸ਼ਨ ਨੇ ਇਹ ਦੇਖਿਆ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਪ੍ਰਿੰਟਿੰਗ ਅਤੇ ਪਬਲੀਕੇਸ਼ਨ ਵਿਭਾਗ ਵਿਚ ਕੋਈ ਫ਼ਰਕ ਨਹੀਂ ਰੱਖਿਆ ਜਿਵੇਂ ਉਨਾਂ ਵਿਭਾਗਾਂ ਦੀ ਕਾਰਜ ਪ੍ਰਣਾਲੀ ਹੈ ਉਸ ਤਰਾਂ ਹੀ ਇਸ ਵਿਭਾਗ ਦੀ ਕਾਰਜ ਪ੍ਰਣਾਲੀ ਬਣੀ ਹੋਈ ਹੈ।ਰੱਤੀ ਭਰ ਵੀ ਇਸ ਵਿਭਾਗ ਨੂੰ ਵਿਸ਼ੇਸ਼ਤਾਈ ਜਾਂ ਬਣਦੇ ਸਤਿਕਾਰ ਨਾਲ ਵਾਚਿਆ ਤੇ ਵਿਚਾਰਿਆ ਨਹੀਂ ਜਾਂਦਾ ਜਦਕਿ ਸ਼੍ਰੋਮਣੀ ਕਮੇਟੀ ਪਾਵਨ ਸਰੂਪ ਦੇ ਇਸ ਅਸਥਾਨ ਨੂੰ ਸੰਭਾਲਣ ਵਾਸਤੇ ਵਿਸ਼ੇਸ਼ ਤੌਰ 'ਤੇ ਬਣਾਈ ਗਈ ਹੈ।ਅਤੇ ਇਹ ਸਥਾਨ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਤੱਕ ਪਾਵਨ ਸਰੂਪ ਦੇ ਪਹਿਲੇ ਪ੍ਰਕਾਸ਼ ਦੀ ਉੱਚ ਵਿਸ਼ੇਸ਼ਤਾਈ ਨੂੰ ਉਜਾਗਰ ਕਰਦਾ ਹੈ ਅਤੇ ਕਿਸੇ ਵੀ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਆਪਣੇ ਬੈਠਣ ਦਾ ਸਥਾਨ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਨਹੀਂ ਬਣਾਇਆ ਤੇ ਇਹ ਦਰਬਾਰ ਸਾਹਿਬ ਕੇਵਲ ਇਸ ਵਾਸਤੇ ਬਣਾਇਆ ਹੈ ਕਿ ਇਸ ਪਾਵਨ ਸ੍ਰੀ ਦਰਬਾਰ ਸਾਹਿਬ ਵਿਚ ਜੋ ਬਾਣੀ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਪੰਚਮ ਪਾਤਸ਼ਾਹ ਤੱਕ ਅਤੇ ਭਗਤਾਂ ਦੀ ਬਾਣੀ ਅਤੇ ਭੱਟਾਂ ਦੀ ਬਾਣੀ ਭਾਈ ਗੁਰਦਾਸ ਜੀ ਤੋਂ 1601 ਤੋਂ

ਲੈ ਕੇ 1604 ਤੱਕ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਖਵਾਈ ਤੇ ਬੀੜ ਸਾਹਿਬ ਦੀ ਸੰਪਾਦਨਾ ਕਰ ਸ੍ਰੀ ਦਰਬਾਰ ਸਾਹਿਬ ਵਿਚ ਮਹਾਰਾਜ ਦਾ ਪ੍ਰਕਾਸ਼ ਕਰਵਾਇਆ ਤੇ ਬਾਬਾ ਬੁੱਢਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ।ਇਸ ਤਰ੍ਹਾਂ ਬਾਣੀ ਦਾ ਅਦਬ ਸਤਿਕਾਰ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਛੇਵੇਂ ਪਾਤਸ਼ਾਹ ਤੱਕ ਇਸ ਪਾਵਨ ਪਵਿੱਤਰ ਅਸਥਾਨ ‘ਤੇ ਕਾਇਮ ਰੱਖਿਆ ਗਿਆ ਜਿਸਨੂੰ 1699 ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਉਪਰੰਤ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ 1706 ਈ: ਵਿਚ ਗੁਰਬਾਣੀ ਦੇ ਪਾਵਨ ਸਰੂਪ ਨੂੰ ਸੰਪੂਰਨ ਕੀਤਾ ਅਤੇ ਅਰਥ ਵਿਚਾਰ 48 ਸਿੰਘਾਂ ਨੂੰ ਸਰਵਣ ਕਰਵਾਏ।ਇਸ ਤੋਂ ਬਾਅਦ 1708 ਈ: ਨੂੰ ਗੁਰਪੁਰਬ ਦੂਜ ਵਾਲੇ ਦਿਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ ਤੇ ਪੰਥ ਗੁਰੂ ਨੂੰ ਗੁਰੂ ਗ੍ਰੰਥ ਦੇ ਤਾਬਿਆ ਖੜੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦਿੱਤੀ ਤੇ ਕਿਹਾ ਕਿ ਪੰਥ ਗੁਰੂ ਤਾਂ ਗੁਰੂ ਹੈ ਜੇ ਗ੍ਰੰਥ ਗੁਰੂ ਦੇ ਚਰਨੀ ਰਹੇਗਾ, ਨਹੀਂ ਤਾਂ ਪੰਥ ਗੁਰੂ, ਗੁਰੂ ਨਹੀਂ ਹੈ।ਗ੍ਰੰਥ ਗੁਰੂ ਹਮੇਸ਼ਾ ਗੁਰੂ ਰਹਿਣਗੇ।ਐਸੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਜਿੱਥੇ ਤਿਆਰ ਹੁੰਦੇ ਹੋਣ, ਇਸ ਵਿਭਾਗ ਨੂੰ ਜੋ ਵਿਸ਼ੇਸ਼ਤਾਈ, ਜੋ ਯੋਗ ਸਤਿਕਾਰ ਦੇਣਾ ਚਾਹੀਦਾ ਸੀ ਉਹ ਨਹੀਂ ਦਿੱਤਾ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਬਲੀਕੇਸ਼ਨ ਵਿਭਾਗ ਅਤੇ ਪ੍ਰਿੰਟਿੰਗ ਪ੍ਰੈੱਸ ਸਬੰਧੀ ਬਹੁਤ ਹੀ ਉੱਚ ਦਰਜੇ ਦੇ ਨਿਯਮ ਬਣਾਏ ਜਾਣੇ ਚਾਹੀਦੇ ਸਨ, ਜੋ ਕਿ ਅੱਜ ਤੱਕ ਜਦੋਂ ਤੋਂ ਪ੍ਰਿੰਟਿੰਗ ਪ੍ਰੈੱਸ ਸ਼ੁਰੂ ਹੋਈ ਹੈ ਕਿਸੇ ਵੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪ੍ਰਬੰਧਕੀ ਢਾਂਚੇ ਨੂੰ ਨਿਯਮਬੱਧ ਲਿਖਤੀ ਰੂਪ ਨਹੀਂ ਦਿੱਤਾ ਗਿਆ।ਜਦੋਂ ਕਿ ਤਿੰਨ ਮਹੱਤਵਪੂਰਨ ਡਾਕੂਮੈਂਟ ਦੂਸਰੇ ਵਿਭਾਗਾਂ ਦੇ ਪ੍ਰਬੰਧ ਹਿੱਤ ਪ੍ਰਕਾਸ਼ਿਤ ਕੀਤੇ ਗਏ ਹਨ।ਇਸ ਤੋਂ ਪਤਾ ਲੱਗਦਾ ਹੈ ਕਿ ਸੰਸਥਾ ਦੇ ਉੱਚ ਅਧਿਕਾਰੀਆਂ ਨੇ ਅੱਜ ਤੱਕ ਇਸ ਪਾਵਨ ਵਿਭਾਗ ਪ੍ਰਤੀ ਬਣਦੀ ਤਵੱਜੋਂ ਨਹੀਂ ਦਿੱਤੀ।

ਕੋਈ ਵੀ ਸੰਸਥਾਂ ਮਾੜੀ ਨਹੀਂ ਹੁੰਦੀ ਉਸ ਦੇ ਸੰਚਾਲਕ/ਅਧਿਕਾਰੀ/ਕਰਮਚਾਰੀ ਦੀ ਕਾਰਜ ਪ੍ਰਣਾਲੀ ਵਿਚ ਅਣਗਹਿਲੀ,ਅਯੋਗਤਾ, ਸ਼ਰਧਾ ਤੇ ਵਿਸ਼ਵਾਸ਼, ਸਚਾਈ ਵਿਚੋਂ ਕੋਈ ਇੱਕ ਵੀ ਯੋਗਤਾ ਨਾ ਹੋਣ ਕਾਰਨ ਸੰਸਥਾਂ ਦੇ ਕਾਰਜ ਸਹੀ ਤਰੀਕੇ ਨਾਲ ਨਾ ਚੱਲਣ ਕਾਰਨ ਪ੍ਰਸ਼ਨ ਚਿੰਨ੍ਹ ਲੱਗ ਜਾਂਦੇ ਹਨ।ਠੀਕ ਇਸੇ ਤਰ੍ਹਾਂ ਹੀ ਇਸ ਵਿਭਾਗ ਵਿੱਚ ਹੋਇਆ।ਇੱਥੇ ਦੇਖਣ ਵਿਚ ਆਇਆ ਹੈ ਕਿ ਕੋਈ ਵੀ ਮਨਿਸਟਰੀ ਲੈਵਲ ਦੇ (ਪੰਜ ਸਿੰਘ ਸਾਹਿਬਾਨਾਂ) ਨੂੰ ਸਭ ਤੋਂ ਪਹਿਲਾ ਇਤਲਾਹ ਕਰਨੀ ਚਾਹੀਦੀ ਸੀ ਕਿਉਂਕਿ ਇਹ ਕੇਵਲ ਦਫ਼ਤਰੀ ਨਹੀਂ ਸਗੋਂ ਜਾਗਤ ਜੋਤਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨਾਲ ਸਬੰਧਿਤ ਸੀ।ਕਿਸੇ ਵੀ ਦਫ਼ਤਰ ਦੇ ਉੱਚ-ਅਧਿਕਾਰੀਆਂ ਨੇ ਸਿੰਘ ਸਾਹਿਬਾਨਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ।ਇਸ

ਮਸਲੇ ਵਿਚ ਸਿੰਘ ਸਾਹਿਬਾਨਾਂ ਨੂੰ ਸੂਚਿਤ ਕਰਨਾ ਅਤੇ ਉਹਨਾਂ ਵੱਲੋਂ ਲਿਖਤ ਰੂਪ ਵਿਚ ਦਿਸ਼ਾ-ਨਿਰਦੇਸ਼ ਹਾਸਲ ਕਰਨੇ ਅਤਿਅੰਤ ਜ਼ਰੂਰੀ ਕਾਰਜ ਸੀ।

**5.** ਪੜਤਾਲ ਕਮਿਸ਼ਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਾਪਤ ਫਾਈਲ ਤੋਂ ਜਾਣਕਾਰੀ ਮਿਲੀ ਕਿ ਸ੍ਰ.ਸਰਬਜੀਤ ਸਿੰਘ ਵੇਰਕਾ ਜੀ ਨੇ ਜਸਟਿਸ ਸ੍ਰ.ਅਜੀਤ ਸਿੰਘ ਬੈਂਸ (ਰਿਟਾਇਰਡ) ਚੇਅਰਮੈਨ, ਪੰਜਾਬ ਹਿਊਮਨ ਰਾਈਟਸ ਚੰਡੀਗੜ੍ਹ ਵੱਲੋਂ ਮਿਤੀ 26/06/2020 ਨੂੰ ਮੁੱਖ ਸਕੱਤਰ, ਪੰਜਾਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪਾਂ ਦਾ ਘੱਟ ਹੋਣਾ, ਮਈ 2016 ਵਿੱਚ 80 ਦੇ ਕਰੀਬ ਅਗਨ ਭੇਂਟ ਹੋਏ ਅਤੇ ਪਾਣੀ ਨਾਲ ਗਿੱਲੇ ਹੋਏ ਪਾਵਨ ਸਰੂਪਾਂ ਦਾ ਸਿਆਸੀ ਕਾਰਣਾਂ ਕਰਕੇ ਪੜਤਾਲ ਨਾ ਕਰਵਾਉਣਾ ਅਤੇ ਗੁਪਤ ਤਰੀਕੇ ਨਾਲ ਇਹਨਾਂ ਪਾਵਨ ਸਰੂਪਾਂ ਦਾ ਸਸਕਾਰ ਕਰਨਾ ਅਤੇ ਇਸ ਸਬੰਧਤ ਰਿਕਾਰਡ ਅਤੇ ਵੇਰਵੇ ਦਾ ਨਾ ਆਉਣ ਦੇਣਾ ਅਤੇ ਭੁੱਲ/ਗਲਤੀ ਲਈ ਮਰਿਯਾਦਾ ਅਨੁਸਾਰ ਪਸ਼ਚਾਤਾਪ ਨਾ ਕਰਨ ਦੀ ਕਾਰਵਾਈ ਦੀ ਪੜਤਾਲ ਕਰਵਾਉਣ ਸਬੰਧੀ ਲਿਖਤੀ ਪੱਤਰ ਰਾਹੀਂ ਸ਼ਿਕਾਇਤ ਕੀਤੀ ਸੀ।ਇਸ ਸ਼ਿਕਾਇਤ ਦਾ ਉਤਾਰਾ ਜਥੇਦਾਰ ਸਿੰਘ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਪਾਸ ਜਾਣਕਾਰੀ ਹਿੱਤ ਭੇਜਿਆ (**ਅਨੁਲਗ 4)**।

ਇਸ ਤੋਂ ਇਲਾਵਾ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜ਼ਰ ਦੇ ਪੱਤਰ ਪ੍ਰਾਪਤ ਹੋਏ ਜਿਨ੍ਹਾਂ ਚੋਂ ਇੱਕ ਪੱਤਰ ਉਸਨੇ ਮਿਤੀ 21/05/2020 (**ਅਨੁਲਗ 5**) ਨੂੰ ਪਬਲੀਕੇਸ਼ਨ ਵਿਭਾਗ ਨੂੰ ਲਿਖੀ ਜਿਸ ਵਿੱਚ ਉਸਨੇ ਸਟੋਰ ਵਿੱਚ ਘਟਦੇ 267 ਪਾਵਨ ਸਰੂਪਾਂ ਦੇ ਬਾਰੇ ਜ਼ਿਕਰ ਕਰਦਿਆਂ ਇਹ ਲਿਖਿਆ ਹੈ ਕਿ ਉਹ ਇਹਨਾਂ ਪਾਵਨ ਸਰੂਪਾਂ ਦੀ ਭੇਟਾ ਜਮ੍ਹਾਂ ਕਰਨ ਨੂੰ ਤਿਆਰ ਹੈ।ਐਸੀ ਹੀ ਇੱਕ ਚਿੱਠੀ ਸ੍ਰ. ਕੰਵਲਜੀਤ ਸਿੰਘ ਨੇ ਮਿਤੀ 28/05/2020 ਨੂੰ ਮੁੱਖ ਸਕੱਤਰ ਨੂੰ ਵੀ ਲਿਖੀ (**ਅਨੁਲਗ 6**)।ਸ੍ਰ. ਕੰਵਲਜੀਤ ਸਿੰਘ ਨੇ ਆਪਣੀ ਸੇਵਾ ਮੁਕਤੀ ਤੋਂ ਕੁਝ ਦਿਨ ਪਹਿਲਾਂ ਪ੍ਰਧਾਨ ਜੀ ਨੂੰ ਚਿੱਠੀ ਲਿਖਦਿਆਂ ਇਹ ਦੱਸਿਆ ਕਿ ਸਾਰੇ ਅਧਿਕਾਰੀਆਂ ਵੱਲੋਂ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਕੇ ਉਹਨਾਂ ਨੂੰ ਮਾਨਸਿਕ ਤੌਰ ‘ਤੇ ਤੰਗ ਕੀਤਾ ਗਿਆ ਅਤੇ ਉਹਨਾਂ ਉੱਪਰ ਦਬਾਅ ਬਣਾ ਕੇ ਧੱਕੇ ਨਾਲ ਦਸਤਖਤ ਕਰਵਾ ਲਏ।ਇਸ ਚਿੱਠੀ ਵਿੱਚ ਉਹਨਾਂ ਨੇ ਪ੍ਰਧਾਨ ਜੀ ਨੂੰ ਬੇਨਤੀ ਕੀਤੀ ਕਿ ਉਹਨਾਂ ਦੀ ਬਣਦੀ ਗਰੈਚੁਟੀ ਅਤੇ ਪ੍ਰੌਵੀਡੈਂਟ ਫੰਡ ਦੀ ਰਕਮ ਦੀ ਅਦਾਇਗੀ ਕਰਵਾਈ ਜਾਵੇ (**ਅਨੁਲਗ 7**)।ਉਹਨਾਂ ਨੇ ਮਿਤੀ 28/06/2020 ਨੂੰ ਸ੍ਰ.ਸੁਖਚੈਨ ਸਿੰਘ ਗਿੱਲ, ਕਮਿਸ਼ਨਰ ਪੁਲਿਸ ਅੰਮ੍ਰਿਤਸਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡ ਵਿੱਚ 267 ਪਾਵਨ ਸਰੂਪਾਂ ਦੇ ਘੱਟ ਹੋਣਾ,

ਮਈ 2016 ਵਿੱਚ ਅਗਨ ਭੇਂਟ ਹੋਏ ਪਾਵਨ ਸਰੂਪਾਂ ਦੀ ਬੇਅਦਬੀ ਕਰਨ, ਰਿਕਾਰਡ ਨੂੰ ਦੋਸ਼ੀਆਂ ਵੱਲੋਂ ਛੇੜਛਾੜ/ਖੁਰਦ-ਬੁਰਦ ਕਰਨ, ਝੂਠ ਬੋਲਣ ਅਤੇ ਧਮਕੀਆਂ ਅਤੇ ਦਬਾਅ ਪਾ ਕੇ ਦੋਸ਼ੀਆਂ ਦੀ ਮਰਜ਼ੀ ਦੀ ਲਿਖਤ ਕਰਵਾਉਣ ਕਰਕੇ ਮੁਕੱਦਮਾ ਦਰਜ ਕਰਨ ਲਈ ਬੇਨਤੀ ਕੀਤੀ(**ਅਨੁਲਗ 8**) ।ਮਿਤੀ 15/07/2020 ਨੂੰ ਸ੍ਰ. ਕੰਵਲਜੀਤ ਸਿੰਘ ਨੇ ਮਾਨਯੋਗ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਮਿਤੀ 19/05/2016 ਦੀ ਅਗਨ ਘਟਨਾ ਬਾਰੇ ਜਾਂਚ ਕਰਨ ਸਬੰਧੀ ਬੇਨਤੀ ਪੱਤਰ ਲਿਖਿਆ (**ਅਨੁਲਗ 9**)।

## 6. ਪਬਲਿਕ ਨੋਟਿਸ ਮਿਤੀ 08/08/2020

ਪੜਤਾਲ ਕਮਿਸ਼ਨ ਨੇ ਮਿਤੀ 08/08/2020 ਨੂੰ ਵੱਖ-ਵੱਖ ਪੰਜਾਬੀ ਅਤੇ ਅੰਗਰੇਜੀ ਦੇ ਅਖਬਾਰਾਂ ਵਿੱਚ ਪਾਵਨ ਸਰੂਪਾਂ ਦੇ ਘੱਟ ਜਾਣ ਦੀ ਜਾਣਕਾਰੀ ਲੈਣ ਲਈ ਸੰਗਤਾਂ ਨੂੰ ਬੇਨਤੀ ਕੀਤੀ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸ੍ਰੀ ਚਰਨ ਹੁੰਦਲ ਵੱਲੋਂ ਪੁੱਜੀ ਈ-ਮੇਲ ਮਿਤੀ 17/08/2020 - (**ਅਨੁਲਗ 10**)

ਸ੍ਰ.ਗੁਰਜੀਤ ਸਿੰਘ (ਰਾਸ਼ਟਰੀ ਨਿਰਦੇਸ਼ਕ ਅਤੇ ਸੀਸੀਪੀਆਰ ਕੋਆਰਡੀਨੇਟਰ) ਮੀਰੀ ਪੀਰੀ ਹਿਊਮਨ ਰਾਈਟਸ ਵਾਚ, ਆਸਟਰੇਲੀਆ ਵੱਲੋਂ ਪੁੱਜੀਆਂ ਈ-ਮੇਲਾਂ (**ਅਨੁਲਗ 11)**

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਮੈਂਬਰ ਵੱਲੋਂ ਮਿਤੀ 08/08/2020 ਨੂੰ ਪੁੱਜੀ ਇੱਕ ਹੋਰ ਈ-ਮੇਲ (**ਅਨੁਲਗ 12)**

ਜਥੇਦਾਰ ਸੇਵਾ ਸਿੰਘ ਸੇਖਵਾਂ, ਗੁਰਦਾਸਪੁਰ, ਬੀਬੀ ਕਿਰਨਜੋਤ ਕੌਰ ਅੰਮ੍ਰਿਤਸਰ ਪੱਛਮੀ, ਹਰਪ੍ਰੀਤ ਸਿੰਘ ਗਰਚਾ ਪੱਖੋਵਾਲ (ਲੁਧਿਆਣਾ), ਅਮਰੀਕ ਸਿੰਘ ਸ਼ਾਹਪੁਰ ਡੇਰਾ ਬਾਬਾ ਨਾਨਕ, ਮਹਿੰਦਰ ਸਿੰਘ ਹੁਸੈਨਪੁਰ ਬਲਾਚੋਰ (ਨਵਾਂਸ਼ਹਿਰ) ਵੱਲੋਂ ਮਿਤੀ 10/07/2020 ਨੂੰ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਗਿਆ ਪੱਤਰ।(**ਅਨੁਲਗ 13)**

ਸ੍ਰ.ਜਸਬੀਰ ਸਿੰਘ ਸ਼ਬਦ ਚੌਂਕੀ ਜਥਾ, ਬੀ.ਸੀ. ਬਲਾਕ ਸ਼ਾਲੀਮਾਰ ਬਾਗ, ਦਿੱਲੀ ਵੱਲੋਂ ਮਿਤੀ 28/06/2020 ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਲਿਖਿਆ ਪੱਤਰ (**ਅਨੁਲਗ 14**)

ਸ੍ਰ. ਦਿਲਵਰ ਸਿੰਘ, ਗੱਤਕਾ ਕੋਚ ਨੇ ਮਿਤੀ 14/08/2020 ਨੂੰ ਐੱਸ.ਜੀ.ਪੀ.ਸੀ. ਦੇ ਅਦਾਰੇ ਵੱਲੋਂ ਕੀਤੇ ਸ਼ੋਸ਼ਣ ਅਤੇ ਧੋਖਾਧੜੀ ਸਬੰਧੀ ਇਨਸਾਫ ਲਈ ਬੇਨਤੀ ਪੱਤਰ ਲਿਖਿਆ (**ਅਨੁਲਗ 15**)

**7.** ਪੜਤਾਲੀਆ ਕਮਿਸ਼ਨ ਨੇ ਕਰਮਚਾਰੀ/ਅਧਿਕਾਰੀ, ਸਿੱਖ ਸੰਗਤ ਤੋਂ 55 ਵਿਅਕਤੀਆਂ ਤੋਂ ਵੱਖਰੇ-ਵੱਖਰੇ ਸਮੇਂ ਤੇ ਬਿਆਨ ਲਏ।ਜਿੰਨ੍ਹਾਂ ਦੀ ਨਕਲ ਇਸ ਰਿਪੋਰਟ ਨਾਲ ਤਿੰਨ ਭਾਗਾਂ ਵਿੱਚ 679 ਅੰਕਾਂ ਵਿੱਚ ਨਾਲ ਨੱਥੀ ਕੀਤੇ ਗਏ ਹਨ।ਬਿਆਨਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

**7.1 <u>(ੳ) ਬਿਆਨ ਕਰਤਾ : ਸ੍ਰ.ਗੁਰਜਿੰਦਰ ਸਿੰਘ (ਗ੍ਰੰਥੀ)</u>**

ਸ੍ਰ.ਗੁਰਜਿੰਦਰ ਸਿੰਘ ਜੀ ਨੇ ਆਪਣੇ ਬਿਆਨ ਵਿੱਚ ਦੱਸਿਆ ਜੋ 2 ਪਾਵਨ ਸਰੂਪ ਗੁ:ਸ੍ਰੀ ਰਕਾਬਗੰਜ ਸਾਹਿਬ ਭੇਜੇ ਗਏ ਸਨ, ਉਹਨਾਂ ਉਪਰ ਗਲਤ ਲੜੀ ਨੰਬਰ ਪਏ ਹੋਏ ਹਨ।ਇਹ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਸਪੱਸ਼ਟ ਕੀਤਾ ਸੀ।ਉਹਨਾਂ ਨੇ ਦੱਸਿਆ ਹੈ ਕਿ ਇੱਕ ਪਾਵਨ ਸਰੂਪ ‘ਤੇ ਬਾਹਰਲੇ ਪਾਸੇ ਸਟਿੱਕਰ ਤੇ ਨੰਬਰ 1191 ਲਿਖਿਆ ਹੋਇਆ ਸੀ, ਉਹ ਅੰਦਰਲੇ ਪਾਸੇ ਦੇ ਸਟਿੱਕਰ ਦੇ ਨੰਬਰ 4491 ਹੈ ਅਤੇ ਇੱਕ ਪਾਵਨ ਸਰੂਪ ‘ਤੇ ਬਾਹਰਲੇ ਪਾਸੇ ਤੇ ਅੰਦਰਲੇ ਪਾਸੇ ਨੰਬਰ 4478 ਲਿਖਿਆ ਸੀ, ਪਰ ਹੋ ਸਕਦਾ ਹੈ ਕਿ ਬੋਲਣ ਵਾਲੇ ਸਿੱਖ ਤੋਂ ਗਲਤ ਨੰਬਰ ਬੋਲਿਆ ਗਿਆ ਹੋਵੇ ਜਾਂ ਲਿਖਣ ਵਾਲੇ ਸਿੱਖ ਕੋਲੋਂ ਗਲਤ ਲਿਖਿਆ ਗਿਆ ਹੋਵੇ।

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਮੰਗਵਾਈ ਚਿੱਠੀ ਮਿਤੀ 17/08/2020 ਦਸਤਾਵੇਜ਼ ਨੰ:ੳ/1, ੳ/2 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ.4 ਅਤੇ 5) ਤੇ ਨੱਥੀ ਹੈ।

**7.2 <u>(ਅ) ਬਿਆਨ ਕਰਤਾ ਬੀਬੀ ਗੁਰਮੀਤ ਕੌਰ, ਕਲਰਕ</u>**

ਬੀਬੀ ਗੁਰਮੀਤ ਕੌਰ ਜੀ 19/05/2016 ਨੂੰ ਐਸ.ਜੀ.ਪੀ.ਸੀ. ਦੇ ਦਫਤਰ ਵਿਚ ਹੈਲਪਰ ਦੀ ਡਿਊਟੀ ‘ਤੇ ਹਾਜ਼ਰ ਸਨ ਜੋ ਕਿ ਸ੍ਰ.ਹਰਚਰਨ ਸਿੰਘ ਵੱਲੋਂ ਲਗਾਈ ਗਈ ਸੀ।ਉਨਾਂ ਦੱਸਿਆ ਕਿ ਆਰਡਰ ਨੰ:1055 ਮਿਤੀ 19/05/2016 ਜਿਹੜਾ ਉਨ੍ਹਾਂ ਨੂੰ ਸ੍ਰ.ਮਲਕੀਤ ਸਿੰਘ ਸੁਪਰਡੈਂਟ ਵੱਲੋਂ ਦਿੱਤਾ ਗਿਆ ਸੀ, ਬੀਬੀ ਗੁਰਮੀਤ ਕੌਰ ਜੀ ਨੇ ਕੇਵਲ ਆਫਿਸ ਨੋਟ ਦਾ ਉਤਾਰਾ ਕੀਤਾ ਸੀ।ਉਨ੍ਹਾਂ ਨੂੰ ਇਹ ਪੁੱਛਣ ‘ਤੇ ਕਿ ਅੱਜ ਤੱਕ ਪਾਵਨ ਸਰੂਪਾਂ ਦੀ ਗਿਣਤੀ ਦਾ ਜ਼ਿਕਰ ਕਿਉਂ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਕਿਹਾ ਕਿ ਮੈਂ ਕੇਵਲ ਹੈਲਪਰ ਹਾਂ, ਇਸ ਬਾਰੇ ਮੈਂ ਨਹੀਂ ਦੱਸ ਸਕਦੀ।

### 7.3 (ੲ) ਬਿਆਨ ਕਰਤਾ: ਸ੍ਰ.ਗਗਨਜੋਤ ਸਿੰਘ

ਸ੍ਰ.ਗਗਨਜੋਤ ਸਿੰਘ ਜੋ ਕਿ 2007 ਤੋਂ ਗੁਰਦੁਆਰਾ ਰਾਮਸਰ ਸਾਹਿਬ ਅਤੇ ਮੰਜੀ ਸਾਹਿਬ ਦੀ ਇਸ਼ਨਾਨ ਦੀ ਸੇਵਾ ਕਰਦੇ ਆ ਰਹੇ ਹਨ ਅਤੇ ਇਸ ਘਟਨਾ ਦੇ ਚਸ਼ਮਦੀਦ ਗਵਾਹ ਹਨ, ਉਹਨਾਂ ਨੇ 19/05/2016 ਦੀ ਘਟਨਾ ਦਾ ਵਰਣਨ ਕਰਦਿਆਂ ਕਿਹਾ ਕਿ ਉਹ ਰੋਜ਼ ਦੀ ਸੇਵਾ ਅਨੁਸਾਰ ਮਿਤੀ 19/05/2016 ਨੂੰ 4.30 ਵਜੇ ਉੱਥੇ ਮੌਜੂਦ ਹੋਣ ਤੇ, 6.15 ਤੇ ਜਦੋਂ ਕਿ ਹੁਕਮਨਾਮਾ ਸਾਹਿਬ ਪੜੇ ਜਾ ਰਹੇ ਸਨ,ਇੱਕ ਪਟਾਕਾ ਰੂਪੀ ਆਵਾਜ ਸੁਣਾਈ ਦੇਣ ਤੇ ਅਤੇ ਸੰਗਤ ਦੇ ਦੱਸਣ ਅਨੁਸਾਰ ਸ੍ਰੀ ਰਾਮਸਰ ਸਾਹਿਬ ਦੀ ਉਪਰਲੀ ਮੰਜਿਲ ਤੋਂ ਧੂੰਆਂ ਨਿਕਲਦਾ ਦੇਖਿਆ ਗਿਆ ।ਇਹਨਾਂ ਦੇ ਨਾਲ ਇੱਕ ਸਰੀਰ ਜੋ ਸੰਗਤ ਵਿੱਚੋਂ ਸੀ ਅਤੇ ਸੇਵਾ ਕਰਨ ਆਇਆ ਹੋਇਆ ਪ੍ਰੇਮੀ ਸੀ, ਦੋਨ੍ਹਾਂ ਨੇ ਉਪਰਲੀ ਮੰਜਿਲ ‘ਤੇ ਜਾ ਕੇ, ਹਾਲ ਨੰ:3 ਜਿਸ ਵਿੱਚੋਂ ਧੂੰਆਂ ਆਉਂਦਾ ਦਿਖਾਈ ਦੇ ਰਿਹਾ ਸੀ ਜਿਸਦਾ ਮੁੱਖ ਦਰਵਾਜਾ ਲੱਕੜ ਦਾ ਸੀ, ਜੋ ਉਸ ਸਮੇਂ ਬੰਦ ਸੀ।ਉਸ ਦਰਵਾਜੇ ਨੂੰ ਧੱਕਾ ਮਾਰ ਕੇ ਤੋੜ ਦਿੱਤਾ ਅਤੇ ਅੰਦਰਲਾ ਦਰਵਾਜਾ ਜੋ ਐਲੂਮੀਨੀਅਮ ਅਤੇ ਸ਼ੀਸ਼ੇ ਦਾ ਬਣਿਆ ਹੋਇਆ ਸੀ,ਉਸਦੇ ਸ਼ੀਸ਼ੇ ਨੂੰ ਮੋਟੇ ਕੜੇ ਦੀ ਸਹਾਇਤਾ ਨਾਲ ਤੋੜ ਦਿੱਤਾ।ਇਸ ਨਾਲ ਸਾਰਾ ਧੂੰਆਂ ਪੌੜੀਆਂ ਵਿੱਚੋਂ ਨਿਕਲ ਕੇ ਹੇਠਾਂ ਆਉਣ ਲੱਗ ਪਿਆ।ਧੂੰਏ ਦੀ ਰਫਤਾਰ ਜਿਆਦਾ ਹੋਣ ਕਰਕੇ ਅੰਦਰ ਜਾਣਾ ਅਸੰਭਵ ਸੀ ਅਤੇ ਕੁਝ ਹੀ ਪਲਾਂ ਵਿੱਚ ਫਾਇਰ ਬ੍ਰਿਗੇਡ ਦੇ ਉੱਥੇ ਪਹੁੰਚਣ ਤੋਂ ਬਾਅਦ ਅਤੇ ਅੱਗ ‘ਤੇ ਕਾਬੂ ਪਾਉਣ ਤੋਂ ਬਾਅਦ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਗਿਆ।

ਸ੍ਰ.ਗਗਨਜੋਤ ਸਿੰਘ ਜੀ ਦੇ ਅਨੁਸਾਰ ਹਾਲ ਵਿੱਚ 8 ਤੋਂ 9 ਪਲੰਘ ਸਾਹਿਬ ਸੀ, ਜਿਹਨਾਂ ਵਿੱਚੋਂ 4 ਤੋਂ 5 ਪਲੰਘ ਸਾਹਿਬ ਪਾਣੀ ਦੀ ਬੌਛਾੜ ਨਾਲ ਨੁਕਸਾਨੇ ਗਏ ਸਨ, ਅਤੇ ਅਗਨੀ ਦੇ ਨਾਲ ਸਿਰਫ ਇੱਕੋਂ ਪਲੰਘ ਸਾਹਿਬ ਨੁਕਸਾਨਿਆ ਗਿਆ ਸੀ।ਹਾਲ ਦਾ ਦਰਵਾਜਾ ਤੋੜਨ ਦੀ ਵਜ੍ਹਾ, ਗਾਰਡ ਕੋਲ ਚਾਬੀ ਨਾ ਹੋਣਾਂ ਸੀ ਅਤੇ ਦਫਤਰ ਜਿਸ ਵਿੱਚੋਂ ਚਾਬੀ ਮਿਲਣੀ ਸੀ ਜੋ ਕਿ 9 ਵਜੇ ਖੁੱਲਣਾ ਸੀ।ਅਗਨੀ ਨਾਲ ਨੁਕਸਾਨੇ ਗਏ ਅਤੇ ਪਾਣੀ ਨਾਲ ਨੁਕਸਾਨੇ ਪਾਵਨ ਸਰੂਪਾਂ ਦੀ ਸੇਵਾ ਇਹਨਾਂ ਨੇ ਆਪਣੇ ਹੱਥੀਂ ਦੂਸਰੇ ਸੇਵਾਦਾਰਾਂ ਨਾਲ ਮਿਲਕੇ ਕੀਤੀ।ਸੇਵਾ ਹਾਲ ਨੰ:3 ਵਿਚ ਹੋਣ ਉਪਰੰਤ, ਪਾਵਨ ਸਰੂਪਾਂ ਨੂੰ ਬਾ-ਅਦਬ ਚਿੱਟੇ ਰੁਮਾਲਿਆਂ ਵਿੱਚ, ਗ੍ਰੰਥੀ ਸਿੰਘਾਂ ਦੇ ਕਮਰਿਆਂ ਵਿੱਚ ਬਿਰਾਜਮਾਨ ਕਰਵਾਇਆ ਗਿਆ।ਕੁਝ ਪਾਵਨ ਸਰੂਪ ਜੋ ਪਾਣੀ ਨਾਲ ਨੁਕਸਾਨੇ ਗਏ ਸਨ,ਉਹਨਾਂ ਨੂੰ ਉਪਰਲੀ ਮੰਜਿਲ ਤੇ ਇੱਕ ਕਮਰੇ ਵਿੱਚ ਰੈਕਾਂ ਵਿੱਚ ਰੱਖਿਆ ਗਿਆ।10.30

ਵਜੇ ਦੇ ਕਰੀਬ ਹੋਰ ਮੁਲਾਜ਼ਮ ਤੇ ਗ੍ਰੰਥੀ ਵੀ ਆ ਗਏ ਤੇ ਫਿਰ ਸਾਰਿਆਂ ਨੇ ਰਲ ਮਿਲ ਕੇ ਪਾਵਨ ਸਰੂਪਾਂ ਦੀ ਸੇਵਾ ਤੇ ਸੰਭਾਲ ਕੀਤੀ।

ਉੱਚ ਅਧਿਕਰੀਆਂ ਦੇ ਪਹੁੰਚਣ ਦਾ ਸਮ੍ਹਾਂ ਤਕਰੀਬਨ 7.30 ਵਜੇ ਦਾ ਸੀ, ਉਹਨਾਂ ਦਾ ਸਭ ਤੋਂ ਪਹਿਲਾ ਆਦੇਸ਼ ਮੁਲਾਜਮਾਂ ਤੋਂ ਬਿਨ੍ਹਾਂ ਸਭ ਨੂੰ ਬਾਹਰ ਭੇਜਣ ਦਾ ਅਤੇ ਮੋਬਾਈਲ ਬੰਦ ਕਰਨ ਦਾ ਸੀ।ਸ੍ਰ.ਗਗਨਜੋਤ ਸਿੰਘ ਉਹਨਾਂ ਦੇ ਕਹੇ ਨੂੰ ਅਣਸੁਣਾ ਕਰਕੇ ਸੇਵਾ ਕਰਦੇ ਰਹੇ ਅਤੇ ਉਸ ਦਿਨ ਉਹਨਾਂ ਕੋਲੋਂ ਕੋਈ ਬਿਆਨ ਨਹੀਂ ਲਿਆ ਗਿਆ।

ਉਹਨਾਂ ਦਾ ਬਿਆਨ ੲ/1 (ਬਿਆਨ ਬੁੱਕ ਨੰ 1, ਪੰਨਾ ਨੰ 16) ਕੁਝ ਦਿਨਾਂ ਬਾਅਦ ਲਿਆ ਜਿਸ ‘ਤੇ ਉਹ ਆਪਣੇ ਦਸਤਖਤ ਮੰਨਦੇ ਹਨ, ਪਰ ਉਹਨਾਂ ਅਨੁਸਾਰ ਉਹਨਾਂ ਦੇ ਬਿਆਨ ਵਿੱਚ ਉਹ ਸਾਰੇ ਤੱਥ ਮੁਕੱਮਲ ਤੌਰ ਤੇ ਨਹੀਂ ਲਿਖੇ ਗਏ ਜੋ ਉਹਨਾਂ ਨੇ ਬਿਆਨ ਕੀਤੇ ਸਨ।ਇਸ ਤੋਂ ਇਲਾਵਾ ਇੱਕ ਵੱਖਰੇ ਕਾਗਜ਼ ‘ਤੇ, ਜਿਸ ਵਿੱਚ 5 ਪਾਵਨ ਸਰੂਪ ਅਗਨ ਭੇਂਟ ਅਤੇ 9 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਜਾਣ ਦਾ ਜ਼ਿਕਰ ਸੀ, ਇਹਨਾਂ ਨੂੰ ਸ੍ਰ.ਸਕੱਤਰ ਸਿੰਘ ਗ੍ਰੰਥੀ ਨੇ ਦਸਤਖਤ ਕਰਨ ਲਈ ਕਿਹਾ ਜਿਸਦਾ ਵਿਰੋਧ ਕਰਦਿਆਂ ਉਹਨਾਂ ਨੇ ਕਿਹਾ ਕਿ ਇਹ ਗਲਤ ਹੈ ਕਿਉਂਕਿ ਪਾਵਨ ਸਰੂਪਾਂ ਦੀ ਗਿਣਤੀ ਇਸ ਤੋਂ ਕਾਫੀ ਅਲੱਗ ਹੈ।ਸ੍ਰ.ਸਕੱਤਰ ਸਿੰਘ ਗ੍ਰੰਥੀ ਦੇ ਪਿਆਰ ਨਾਲ ਮਜਬੂਰ ਕਰਨ ਤੇ ਉਹਨਾਂ ਨੇ ਆਪਣੀ ਮਰਜ਼ੀ ਦੇ ਖਿਲਾਫ ਦਸਤਖਤ ਕਰ ਦਿੱਤੇ, ਜਿਸ ਕਾਰਨ ਉਹ ਸ੍ਰ.ਸਕੱਤਰ ਸਿੰਘ ਗ੍ਰੰਥੀ ਦੇ ਨਾਲ ਕਈ ਦਿਨ ਨਰਾਜ਼ ਵੀ ਰਹੇ।ਬਾਅਦ ਵਿੱਚ ਉਹਨਾਂ ਨੂੰ ਇਹ ਪਤਾ ਲੱਗਿਆ ਕਿ ਉਸੇ ਹੀ ਦਿਨ 12 ਤੋਂ 12.30 ਸਮੇਂ ਦੌਰਾਨ ਬੱਸਾਂ ਆਈਆਂ ਤੇ ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲਿਜਾਏ ਗਏ।ਜਦ ਉਹਨਾਂ ਨੂੰ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਅਨੁਸਾਰ ਇੱਕ ਪਲੰਘ ‘ਤੇ 15 ਪਾਵਨ ਸਰੂਪ ਸਨ ਅਤੇ 5 ਪਲੰਘ ਨੁਕਸਾਨੇ ਗਏ , ਇਸ ਹਿਸਾਬ ਨਾਲ ਤਕਰੀਬਨ 75 ਪਾਵਨ ਸਰੂਪ ਨੁਕਸਾਨੇ ਗਏ ਸਨ।ਜਿਸ ਤਰ੍ਹਾਂ ਕਿ ਉਹਨਾਂ ਦੇ ਦੱਸਣ ਅਨੁਸਾਰ ਇੱਕ ਪਲੰਘ ਅਗਨੀ ਨਾਲ ਅਤੇ ਬਾਕੀ ਪਾਣੀ ਨਾਲ ਨੁਕਸਾਨੇ ਗਏ, ਇਸ ਤਰ੍ਹਾਂ ਤਕਰੀਬਨ 15 ਪਾਵਨ ਸਰੂਪ ਅਗਨ ਨਾਲ ਅਤੇ ਪਾਵਨ 60 ਸਰੂਪ ਪਾਣੀ ਨਾਲ ਨੁਕਸਾਨੇ ਗਏ ਸਨ।ਪਰ ਜੇਕਰ ਇੱਕ ਪਲੰਘ ਸਾਹਿਬ ਤੇ 17-18 ਪਾਵਨ ਸਰੂਪ ਸਨ, ਫਿਰ ਪਾਵਨ ਸਰੂਪਾਂ ਦੀ ਗਿਣਤੀ ਹੋਰ ਵਧੇਰੇ ਹੋਣੀ ਚਾਹੀਦੀ ਹੈ।ਉਹਨਾਂ ਦੱਸਿਆ ਕਿ ਕਿਉਂਕਿ ਪਾਵਨ ਸਰੂਪ ਰੁਮਾਲਿਆਂ ਵਿੱਚ ਸਨ, ਪਾਣੀ ਦੀ ਬੌਛਾੜ ਨੇ ਉਹਨਾਂ ਦੇ ਅੰਗ ਵੱਖਰੇ ਨਹੀਂ ਹੋਣ ਦਿੱਤੇ ਪਰ ਇਹ ਪਾਵਨ ਸਰੂਪ ਪ੍ਰਕਾਸ਼ ਕਰਨ ਯੋਗ ਨਹੀਂ ਸਨ।

ਕਿਉਂਕਿ ਸ੍ਰ.ਗਗਨਜੋਤ ਸਿੰਘ ਜੀ ਨੇ ਖੁਦ ਸੇਵਾ ਮੌਕੇ 'ਤੇ ਕਰਵਾਈ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਪੂਰਾ-ਪੂਰਾ ਇਲਮ ਹੈ ਕਿ ਪਾਵਨ ਸਰੂਪਾਂ ਦੀ ਗਿਣਤੀ 14 ਤਾਂ ਬਿਲਕੁਲ ਨਹੀਂ ਹੋ ਸਕਦੀ, ਜਿਸਤੇ ਉਹਨਾਂ ਕੋਲੋਂ ਦਸਤਖਤ ਲੈਣੇ ਚਾਹੇ, ਇਹ ਗਿਣਤੀ ਉਹਨਾਂ ਦੇ ਖਿਆਲ ਅਨੁਸਾਰ ਬਹੁਤ ਵੱਡੀ ਸੀ।ਉਹਨਾਂ ਅੱਗੇ ਦੱਸਿਆ ਕਿ ਸਾਰੀ ਸੇਵਾ ਬਾਬਾ ਸਤਨਾਮ ਸਿੰਘ ਜੀ ਨੇ ਵੀ ਨਾਲ ਕੀਤੀ ਸੀ, ਜੋ ਕਿ ਕਾਰ ਸੇਵਾ ਦੀ ਸੇਵਾ ਨਿਭਾ ਰਹੇ ਸਨ।

## 7.4 (ਸ) ਬਿਆਨ ਕਰਤਾ ਗਿਆਨੀ ਗੁਰਬਚਨ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਗਿਆਨੀ ਗੁਰਬਚਨ ਸਿੰਘ ਜੀ ਦੇ ਅਨੁਸਾਰ ਮਿਤੀ 19/05/2016 ਦੀ ਘਟਨਾ ਸਥਾਨ ਤੇ ਉਹ ਮੌਜੂਦ ਨਹੀਂ ਸਨ।ਇਨ੍ਹਾਂ ਨੂੰ 15-20 ਦਿਨਾਂ ਬਾਅਦ ਜਦੋਂ ਪਤਾ ਲੱਗਿਆ ਤਾਂ ਇਹ ਮੌਕਾ ਦੇਖਣ ਗਏ।ਇਨ੍ਹਾਂ ਨੇ ਸੁਝਾਅ ਦਿੱਤੇ ਜਿਲਦਬੰਦੀ ਬਾਹਰੋਂ ਨਾ ਕਰਵਾ ਕੇ ਸਗੋਂ ਸਿੱਖਾਂ ਦੇ ਬੱਚਿਆਂ ਕੋਲੋਂ ਤਿਆਰ ਕਰਵਾਈ ਜਾਵੇ।ਪਾਵਨ ਸਰੂਪਾਂ ਲਈ ਅਲਮਾਰੀਆਂ ਤੇ ਰੈਕ ਬਣਾਏ ਜਾਣ।ਘਟਨਾ ਦੇ ਦੋਸ਼ੀਆਂ ਨੂੰ ਬਖਸ਼ਿਆ ਨਾ ਜਾਵੇ।ਇਨ੍ਹਾਂ ਨੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ।

## 7.5 (ਹ) ਬਿਆਨ ਕਰਤਾ: ਸ੍ਰ.ਮਨਿੰਦਰ ਸਿੰਘ (ਮੌਜੂਦਾ ਸੀ.ਜੀ. ਐੱਲ.)

ਸ੍ਰ.ਮਨਿੰਦਰ ਸਿੰਘ ਜੀ ਨੇ ਆਪਣੀ ਸੇਵਾ 21/05/2020 ਤੋਂ ਬਤੌਰ ਸੀ.ਜੀ.ਐੱਲ. ਆਰੰਭ ਕੀਤੀ ਅਤੇ ਇਹ ਸੰਸਥਾ ਨਾਲ 2007 ਵਿੱਚ ਸੇਵਾ ਵਿੱਚ ਸਨ।ਸਾਲ 2007 ਤੋਂ ਲੈ ਕੇ ਇਹਨਾਂ ਨੇ ਤਿੰਨੋਂ ਵੱਖ-ਵੱਖ ਪ੍ਰਿੰਟਿੰਗ ਪ੍ਰੈੱਸਾਂ ਵਿਚ ਬਤੌਰ ਹੈਲਪਰ ਕੰਮ ਕੀਤਾ ਹੈ।ਸਾਲ 2014-15 ਦਾ ਆਡਿਟ 2019-20 ਵਿੱਚ ਹੋਇਆ।ਇਹਨਾਂ ਨੇ 2018-19 ਤੇ 2019-20 ਵਿੱਚ ਪਬਲੀਕੇਸ਼ਨ ਵਿਭਾਗ ਵਿੱਚ ਕੀਤਾ ਅਤੇ ਇਸ ਦੋਰਾਨ ਸੁਪਰਵਾਈਜ਼ਰ ਸ੍ਰ.ਨਰਿੰਦਰ ਸਿੰਘ ਅਤੇ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਜੀ ਨੇ ਸ੍ਰ.ਮਨਿੰਦਰ ਸਿੰਘ ਦੀ ਆਡਿਟ ਕਰਵਾਉਣ ਦੀ ਡਿਊਟੀ ਲਗਾਈ।ਇਹਨਾਂ ਦੇ ਆਡਿਟ ਵਿੱਚ ਕਦੇ ਵੀ ਸਟਾਕ ਦੀ ਮੌਜੂਦਾ ਤਸਦੀਕ ਨਹੀਂ ਹੋਈ।ਸਿਰਫ਼ ਲੈਜ਼ਰ ਅਤੇ ਬਿੱਲ ਬੁੱਕ ਦਾ ਹੀ ਮਿਲਾਣ ਹੁੰਦਾ ਸੀ।ਜੋ ਪਾਵਨ ਸਰੂਪਾਂ ਸੰਬੰਧੀ ਮੰਗ ਪੱਤਰ ਗੁਰਦੁਆਰਾ ਸਾਹਿਬਾਨਾਂ ਅਤੇ ਸੰਗਤਾਂ ਵੱਲੋਂ ਆਉਂਦੀਆਂ ਸਨ, ਸਾਰੇ ਮੰਗ ਪੱਤਰ, ਸ੍ਰ.ਦਲਬੀਰ ਸਿੰਘ ਹੈਲਪਰ ਕੋਲ ਅਤੇ ਸਟੋਰ ਕੀਪਰ ਕੋਲ ਜਮ੍ਹਾਂ ਹੁੰਦੇ ਸਨ।ਆਡੀਟਰ ਮੰਗ ਪੱਤਰਾਂ ਨਾਲ ਬਿੱਲ ਬੁੱਕਾਂ ਅਤੇ ਲੈਜ਼ਰਾਂ ਦਾ ਮਿਲਾਨ ਨਹੀਂ ਕਰਦਾ।

ਜਿਸ ਸਮੇਂ ਸ੍ਰ.ਮਨਿੰਦਰ ਸਿੰਘ ਨੇ ਸ੍ਰ.ਕੰਵਲਜੀਤ ਸਿੰਘ ਕੋਲੋ ਚਾਰਜ ਲਿਆ, ਉਸ ਵੇਲੇ ਇੰਸਪੈਕਟਰ ਸਾਹਿਬ ਨੇ ਲੈਜ਼ਰ ਦੀ ਪੋਸਟਿੰਗ ਅਤੇ ਜੋੜ ਚੈੱਕ ਕਰਕੇ ਭਾਈ ਕੰਵਲਜੀਤ ਸਿੰਘ ਦਾ ਸਟਾਕ ਪੂਰਾ ਮਿਲਾਣ ਕਰਕੇ ਹਾਜ਼ਰ ਸਟਾਕ ਦਾ ਚਾਰਜ ਸ੍ਰ.ਮਨਿੰਦਰ ਸਿੰਘ ਨੂੰ ਦਿੱਤਾ ਅਤੇ ਬੈਲੈਂਸ ਸ਼ੀਟਾਂ ਦੇ ਅਧਾਰ ਤੇ ਜੋ ਵੀ ਇਤਰਾਜ਼ ਆਡੀਟਰ ਦੀ ਰਿਪੋਰਟ ਤੇ ਸਨ, ਉਹ ਸ੍ਰ.ਮਨਿੰਦਰ ਸਿੰਘ ਜੀ ਨੂੰ ਨਹੀਂ ਮਿਲੇ।

ਉੱਚ ਅਧਿਕਾਰੀਆਂ ਵੱਲੋ ਵੀ ਇਹਨਾਂ ਨੂੰ ਆਡਿਟ ਦੀ ਰਿਪਰੋਟ ਨਹੀਂ ਭੇਜੀ ਗਈ ਅਤੇ ਨਾਂ ਹੀ ਸ੍ਰ.ਕੰਵਲਜੀਤ ਸਿੰਘ ਦੇ ਕੱਚੀ ਪੈਨਸਿਲ ਨਾਲ ਐਂਟਰੀਆਂ ਪਾਉਣ ਤੇ ਇਤਰਾਜ਼ ਜਤਾਇਆ।ਪਰ 2014-15 ਅਤੇ 2015-16 ਦੇ ਓਪਨਿੰਗ ਅਤੇ ਕਲੋਜ਼ਿੰਗ ਬੈਲੈਂਸ ਆਡਿਟ ਬ੍ਰਾਂਚ ਦੇ ਕਹਿਣ ਦੇ ਅਨੁਸਾਰ ਸ੍ਰ.ਜਤਿੰਦਰ ਪਾਲ ਸਿੰਘ ਆਡਿਟ ਅਕਾਊਂਟੈਂਟ ਅਤੇ ਸ੍ਰ.ਕੰਵਲਜੀਤ ਸਿੰਘ ਅਤੇ ਸੁਪਰਵਾਈਜਰ ਸ੍ਰ.ਨਰਿੰਦਰ ਸਿੰਘ ਦੇ ਕਹਿਣ ਤੇ ਬੈਲੈਂਸ ਸ੍ਰ.ਮਨਿੰਦਰ ਸਿੰਘ ਨੇ ਠੀਕ ਕੀਤੇ ਸਨ ਅਤੇ ਜੋ 150 ਪਾਵਨ ਸਰੂਪਾਂ ਦੀ ਐਂਟਰੀ 2014-15 ਦੀ ਲੈਜ਼ਰ ਵਿੱਚ ਕੀਤੀ ਗਈ ਸੀ, ਉਹ ਵੀ ਸ਼ੁਰੂਆਤੀ ਅਤੇ ਅੰਤਲੀਕ ਬਕਾਇਆਂ ਤੋਂ ਪਹਿਲਾਂ ਦੀ ਸੀ, ਜੋ ਉਹਨਾਂ ਨੇ ਨਹੀਂ ਕੀਤੀ।ਸ੍ਰ.ਕੰਵਲਜੀਤ ਸਿੰਘ ਦੂਸਰੇ ਸਿੰਘਾਂ ਦੀ ਮਦਦ ਨਾਲ ਲੈਜ਼ਰ ਤਿਆਰ ਕਰਦੇ ਸਨ ਕਿਉਂਕਿ ਘਰੇਲੂ ਪ੍ਰੈੱਸਾਨੀਆਂ ਕਾਰਨ ਉਹ ਰੋਂਦੇ ਹੀ ਰਹਿੰਦੇ ਸਨ।

ਮਿਤੀ 14/08/2020 ਨੂੰ ਸ੍ਰ.ਮਨਿੰਦਰ ਸਿੰਘ ਜੀ ਨੇ ਦੱਸਿਆ ਕਿ ਸਾਲ 2012 ਵਿਚ ਉਹਨਾਂ ਦੀ ਡਿਊਟੀ ਪਬਲੀਕੇਸ਼ਨ ਵਿਭਾਗ ਵਿੱਚ ਲਗਾਈ ਗਈ, ਉਸ ਵੇਲੇ ਇਹਨਾਂ ਕੋਲ ਸ੍ਰ.ਜਸਪਿੰਦਰ ਸਿੰਘ ਬਤੌਰ ਸੀ.ਜੀ. ਐੱਲ. ਆਏ, ਜਿਹਨਾਂ ਨੇ ਲਿਟਰੇਚਰ ਦਾ ਚਾਰਜ ਲੈਣਾ ਸੀ।ਗਿਣਤੀ ਠੀਕ ਨਾ ਹੋਣ ਕਰਕੇ, ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਸੁਖਵੰਤ ਸਿੰਘ ਕੋਲ਼ੋਂ ਪੁੱਛਣ ਤੇ, ਉਹਨਾਂ ਨੇ ਦੱਸਿਆ ਕਿ ਜੋ ਲਿਟਰੇਚਰ ਵਿੱਕ ਗਿਆ ਹੈ, ਉਸਦਾ ਕੈਸ਼ ਉਹਨਾਂ ਕੋਲ ਪਿਆ ਹੈ।ਲਿਟਰੇਚਰ ਦੇ ਬਿੱਲ ਕਟਵਾਏ ਗਏ, ਸਟੋਰ ਨੂੰ ਪੂਰਾ ਕੀਤਾ ਗਿਆ, ਜਿਲਦਸਾਜ਼ਾਂ ਕੋਲੋਂ ਵੀ ਕਈ ਸਾਰਾ ਅਨਬਾਈਂਡਿਡ ਲਿਟਰੇਚਰ ਲਿਆ ਗਿਆ।ਇਹ ਸਾਰਾ ਕੰਮ ਡੇਢ ਤੋਂ 2 ਸਾਲ ਵਿੱਚ ਪੂਰਾ ਕੀਤਾ ਅਤੇ ਉਸਤੋਂ ਬਾਅਦ ਸ੍ਰ.ਮਨਿੰਦਰ ਸਿੰਘ ਦਾ ਤਬਾਦਲਾ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਵਿੱਚ ਹੋ ਗਿਆ।

ਸਾਲ 2018-19 ਵਿੱਚ ਇਹਨਾਂ ਦੀ ਡਿਊਟੀ ਬਤੌਰ ਹੈਲਪਰ ਪਬਲੀਕੇਸ਼ਨ ਵਿਭਾਗ ਵਿੱਚ ਸੀ.ਜੀ.ਐਲ ਦੇ ਨਾਲ ਸੀ ਅਤੇ ਸਾਲ 2020 ਵਿੱਚ ਇਹਨਾਂ ਨੂੰ ਕਲਰਕ ਪ੍ਰਮੋਟ ਕਰ ਦਿੱਤਾ ਗਿਆ।ਇਹਨਾਂ ਦੇ ਨਾਲ. ਸ੍ਰ.ਹਰਪ੍ਰੀਤ ਸਿੰਘ ਨੂੰ ਵੀ ਪ੍ਰਮੋਟ ਕੀਤਾ ਗਿਆ।ਸ੍ਰ.ਹਰਪ੍ਰੀਤ ਸਿੰਘ ਨੂੰ

ਪਾਵਨ ਸਰੂਪਾਂ ਦਾ ਅਤੇ ਸ੍ਰ.ਮਨਿੰਦਰ ਸਿੰਘ ਨੂੰ ਲਿਟਰੇਚਰ ਦੀ ਸਾਂਭ ਕਰਨ ਲਈ ਆਰਡਰ ਦਿੱਤਾ ਗਿਆ।ਸ੍ਰ.ਕੰਵਲਜੀਤ ਸਿੰਘ ਦੀ ਸੇਵਾ ਮੁਕਤੀ ਦੇ ਨੇੜੇ ਪਾਵਨ ਸਰੂਪਾਂ ਦੀ ਗਿਣਤੀ ਕੀਤੀ ਜਾਵੇ, ਇਸ ਕੰਮ ਲਈ ਇਕ ਚਿੱਠੀ ਕੱਢੀ ਗਈ।ਗਿਣਤੀ ਕਰਨ ਸਮੇਂ ਦਰਮਿਆਨਾ ਆਕਾਰ ਦੇ ਪਾਵਨ ਸਰੂਪ 175-180 ਦੇ ਕਰੀਬ ਘੱਟ ਪਾਏ ਗਏ।ਲਾਕਡਾਊਨ ਹੋਣ ਕਰਕੇ ਕਾਰਵਾਈ, ਇੱਥੇ ਹੀ ਬੰਦ ਹੋ ਗਈ।ਜਦੋਂ ਲਾਕਡਾਊਨ ਤੋਂ ਬਾਅਦ 15/05/2020 ਨੂੰ ਦਫਤਰ ਲੱਗਣਾ ਸ਼ੁਰੂ ਹੋਇਆ, ਉਦੋਂ ਗੁ.ਇੰਸਪੈਟਰ ਦੁਆਰਾ ਸ੍ਰ.ਹਰਪ੍ਰੀਤ ਸਿੰਘ ਨੂੰ ਚਾਰਜ ਦੇਣ ਸਮੇਂ ਦਰਮਿਆਨਾ ਆਕਾਰ ਦੇ ਲਗਭਗ 125 ਪਾਵਨ ਸਰੂਪ ਘੱਟ ਪਾਏ ਗਏ, ਉਸ ਤੇ ਸ੍ਰ.ਮਨਿੰਦਰ ਸਿੰਘ ਨੇ ਕਿਹਾ ਕਿ ਗਿਣਤੀ 175 ਤੋਂ 125 ਕਿਵੇਂ ਹੋ ਗਈ।ਪਰ ਉਹਨਾਂ ਸਭ ਨੂੰ ਸ਼ਾਇਦ ਭੁਲੇਖਾ ਲੱਗਾ ਸੀ ਕਿ 57 ਪਾਵਨ ਸਰੂਪ ਸਸਪੈਂਸ ਖਾਤੇ ਵਿੱਚ ਜਮ੍ਹਾਂ ਹੋਏ ਸਨ।ਪਰ ਜਦ ਉਹਨਾਂ ਨੇ ਦੁਬਾਰਾ ਲੈਜ਼ਰਾਂ ਚੈੱਕ ਕੀਤੀਆਂ ਤਾਂ 57 ਪਾਵਨ ਸਰੂਪਾਂ ਦਾ ਕੋਈ ਭੁਲੇਖਾ ਨਹੀਂ ਸੀ।ਜਦੋਂ ਦੁਬਾਰਾ ਪੜਤਾਲ ਕੀਤੀ ਗਈ ਤਾਂ ਇਹਨਾਂ ਨੇ ਸ੍ਰ.ਕੰਵਲਜੀਤ ਸਿੰਘ ਨੂੰ ਫੋਨ ਤੇ ਪੁੱਛਿਆ ਕਿ ਇਹਨਾਂ 50 ਪਾਵਨ ਸਰੂਪਾਂ ਦੀ ਗਿਣਤੀ ਦੇ ਫ਼ਰਕ ਬਾਰੇ ਤੁਹਾਨੂੰ ਪਤਾ ਹੈ ਤਾਂ ਸ੍ਰ.ਕੰਵਲਜੀਤ ਸਿੰਘ ਨੇ ਕਿਹਾ, ਕਿ ਉਹ ਮਿਲ ਕੇ ਦੱਸਣਗੇ।

ਉਸ ਤੋਂ ਬਾਅਦ ਜਦੋਂ ਠੇਕੇਦਾਰ ਸ੍ਰ.ਕੁਲਵੰਤ ਸਿੰਘ ਨੂੰ ਅਨਬਾਈਂਡ ਖਾਤੇ ਵਿੱਚ ਜੋ 450 ਪਾਵਨ ਸਰੂਪ ਪਏ ਸਨ, ਉਸ ਬਾਰੇ ਪੁੱਛਿਆ ਗਿਆ, ਤਾਂ ਉਹਨਾਂ ਤੋਂ ਕੋਈ ਠੀਕ ਜਵਾਬ ਨਹੀਂ ਮਿਲਿਆ।ਉਹਨਾਂ ਨੇ ਕਿਹਾ ਕਿ ਇਹ ਆਪਣੀ ਡਾਇਰੀ ਚੈੱਕ ਕਰ ਕੇ ਦੱਸਣਗੇ।ਇਸਤੋਂ ਸ੍ਰ.ਮਨਿੰਦਰ ਸਿੰਘ ਨੂੰ ਸ਼ੱਕ ਹੋ ਗਿਆ ਕਿ ਕੋਈ ਗੜਬੜ ਹੈ।ਇਸਤੋਂ ਬਾਅਦ ਸ੍ਰ.ਕੰਵਲਜੀਤ ਸਿੰਘ ਨੂੰ ਪੁੱਛਿਆ ਤਾਂ ਉਹਨਾਂ ਨੇ ਦਸਿੱਆ ਕਿ 50 ਪਾਵਨ ਸਰੂਪ ਤਿਆਰ ਹੋ ਕੇ ਸਟੋਰ ਵਿਚ ਆ ਗਏ ਹਨ, ਪਰ ਉਹਨਾਂ ਦੀ ਰਸੀਦ ਕੱਟਣੀ ਬਾਕੀ ਹੈ।ਜਦ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਨੇ ਰਸੀਦ ਕਟਵਾਈ ਤਾਂ ਪਾਵਨ ਸਰੂਪਾਂ ਦੀ ਗਿਣਤੀ ਪਹਿਲਾਂ ਜਿੰਨੀ ਹੋ ਗਈ।ਭਾਈ ਹਰਪ੍ਰੀਤ ਸਿੰਘ ਨੇ ਚਾਰਜ ਲੈਣ ਤੋਂ ਮਨ੍ਹਾਂ ਕਰ ਦਿੱਤਾ, ਅਤੇ ਚਾਰਜ ਸ੍ਰ.ਮਨਿੰਦਰ ਸਿੰਘ ਨੂੰ ਮਿਲਿਆ।

### 7.6 (ਕ) ਬਿਆਨ ਕਰਤਾ: ਸ੍ਰ.ਸੁਖਦੇਵ ਸਿੰਘ ਭੌਰ (ਜਰਨਲ ਸਕੱਤਰ)

ਸ੍ਰ.ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਉਹ ਕਦੇ ਵੀ ਪਬਲੀਕੇਸ਼ਨ ਵਿਭਾਗ ਵਿੱਚ ਨਹੀਂ ਰਹੇ।ਉਹਨਾਂ ਦੱਸਿਆ ਕਿ ਪਬਲੀਕੇਸ਼ਨ ਵਿਭਾਗ ਪ੍ਰਧਾਨ, ਮੁੱਖ-ਸਕੱਤਰ ਅਤੇ ਸਕੱਤਰ ਪਬਲੀਕੇਸ਼ਨ ਵਿਭਾਗ ਦੀ ਸਿੱਧੀ ਦੇਖ-ਰੇਖ ਹੇਠ ਕੰਮ ਕਰਦਾ ਹੈ।ਮਿਤੀ 19/05/2016 ਦੀ

ਘਟਨਾ ਵਾਲੇ ਦਿਨ ਇਹ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਲਈ ਤਕਰੀਬਨ 12 ਵਜੇ ਪਹੁੰਚੇ ਜਿਸਦਾ ਉਹਨਾਂ ਨੂੰ ਉੱਥੇ ਜਾ ਕੇ ਹੀ ਪਤਾ ਲੱਗਾ।ਘਟਨਾ ਸਵੇਰ ਦੀ ਵਾਪਰੀ ਹੋਈ ਸੀ, ਪਰ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੇ ਉਹਨਾਂ ਨੂੰ ਫੋਨ ਨਹੀਂ ਕੀਤਾ ਅਤੇ ਇਹ ਤਕਰੀਬਨ 12 ਵਜੇ ਦੁਪਹਿਰ ਮੌਕਾ ਦੇਖਣ ਲਈ, ਪ੍ਰਧਾਨ ਸਾਹਿਬ ਅਤੇ ਬਾਕੀ ਸਾਰੇ ਉੱਚ ਅਧਿਕਾਰੀਆਂ ਨਾਲ ਘਟਨਾ ਸਥਾਨ ਤੇ ਪਹੁੰਚੇ।ਜਦ ਉਹ ਉੱਥੇ ਪਹੁੰਚੇ ਤਾਂ ਨੁਕਸਾਨੇ ਹੋਏ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਹੋ ਚੁੱਕੀ ਸੀ।ਉਸ ਸਮੇਂ ਉੱਥੇ 2-3 ਪਲੰਘਾਂ ਉੱਤੇ ਪਾਵਨ ਸਰੂਪ ਚਿੱਟੇ ਰੁਮਾਲਿਆਂ ਵਿੱਚ ਲਪੇਟੇ ਹੋਏ ਸਨ।ਕਿਸੇ ਨੇ ਵੀ ਉਹਨਾਂ ਨੂੰ ਪਾਵਨ ਸਰੂਪਾਂ ਬਾਰੇ ਨਹੀਂ ਦੱਸਿਆ ਕਿ ਕਿੰਨੇ ਅੱਗ ਨਾਲ ਤੇ ਕਿੰਨੇ ਪਾਣੀ ਨਾਲ ਨੁਕਸਾਨੇ ਗਏ ਸਨ।ਸ੍ਰ.ਸੁਖਦੇਵ ਸਿੰਘ ਜੀ ਨੇ ਮੰਨਿਆ ਕਿ ਐਸੀ ਜਗ੍ਹਾ ਜਿੱਥੇ ਪਾਵਨ ਸਰੂਪ ਸ਼ਾਮਲ ਹੋਣ ਉੱਥੇ ਖੁਸ਼ਕ ਅੱਗ ਬੁਝਾਊ ਯੰਤਰਾਂ ਦਾ ਇਸਤੇਮਾਲ ਅੱਗ ਬੁਝਾਉਣ ਲਈ ਹੋਣਾ ਚਾਹੀਦਾ ਸੀ ਤੇ ਕਿਹਾ ਕਿ ਐਸੇ ਸਮੇਂ ਪ੍ਰਬੰਧ ਕਰਨ ਦੀ ਜਿੰਮੇਵਾਰੀ ਮੁੱਖ ਸਕੱਤਰ ਅਤੇ ਸਕੱਤਰ ਪਬਲੀਕੇਸ਼ਨ ਦੀ ਹੁੰਦੀ ਹੈ।ਉਹਨਾਂ ਨੂੰ ਪੁੱਛਿਆ ਗਿਆ ਕਿ ਬਹਿਬਲ ਕਲਾਂ ਅਤੇ ਬਰਗਾੜੀ ਘਟਨਾਵਾਂ ਤੋਂ ਬਾਅਦ ਸੀ.ਸੀ.ਟੀ.ਵੀ. ਕੈਮਰੇ ਅਤੇ ਪਹਿਰੇਦਾਰਾਂ ਦੀ ਡਿਊਟੀ 24 ਘੰਟੇ ਕਰਨ ਲਈ ਐਸ.ਜੀ.ਪੀ.ਸੀ. ਵਲੋਂ ਹਦਾਇਤਾਂ ਦਿੱਤੀਆਂ ਗਈਆਂ ਸਨ।ਇਸ ਬਾਰੇ ਉਹਨਾਂ ਨੇ ਕਿਹਾ ਕਿ ਕਿਸੇ ਵੀ ਮਤੇ ਨੂੰ ਲਾਗੂ ਕਰਾਉਣਾ ਮੁੱਖ ਸਕੱਤਰ ਦੀ ਜਿੰਮੇਵਾਰੀ ਹੁੰਦੀ ਹੈ ਪਰ ਅੰਤ੍ਰਿੰਗ ਕਮੇਟੀ ਦੇ ਸੁਝਾਅ ਦੱਸਦਿਆਂ ਮੈਂਬਰਾਂ ਨੇ ਦੱਸਿਆ ਸੀ ਕਿ ਪਬਲੀਕੇਸ਼ਨ ਵਿਭਾਗ ਵਿਚ ਫਾਇਰ ਸੈਂਸਰ, ਸਮੋਕ ਸੈਂਸਰ ਅਤੇ ਮਕੈਨੀਕਲ ਵੈਂਟੀਲੇਟਰ ਲਗਾਏ ਜਾਣ।ਇਹ ਵੀ ਸੁਝਾਅ ਦਿੱਤਾ ਸੀ ਕਿ 8-8 ਘੰਟੇ ਦੀ ਡਿਊਟੀ ਪੁਰ 24 ਘੰਟੇ ਸੇਵਾਦਾਰ ਹਾਜ਼ਰ ਰਹਿਣ ਪਰ ਇਹ ਅਮਲ ਵਿਚ ਲਿਆਇਆ ਗਿਆ ਜਾਂ ਨਹੀਂ ਇਸ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ।ਉਹਨਾਂ ਦੱਸਿਆ ਕਿ ਉਹ ਗੋਇੰਦਵਾਲ ਸਾਹਿਬ ਨਹੀਂ ਗਏ ਸਨ।ਜਥੇਦਾਰ ਸਾਹਿਬ ਨੂੰ ਆਪ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਲਈ ਪਹੁੰਚਣਾ ਚਾਹੀਦਾ ਸੀ ਅਤੇ ਪਸ਼ਚਾਤਾਪ ਦੀ ਅਰਦਾਸ ਕਰਵਾਉਣੀ ਚਾਹੀਦੀ ਸੀ।ਕਿਸੇ ਵੀ ਮਹਿਕਮੇ ਵਿਚ ਕੋਈ ਦੁਖਦਾਈ ਘਟਨਾ ਵਾਪਰਨ ਤੇ ਸਬੰਧਿਤ ਅਧਿਕਾਰੀ ਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਮੁੱਖ ਸਕੱਤਰ ਅਤੇ ਪ੍ਰਧਾਨ ਜੀ ਨੂੰ ਇਤਲਾਹ ਕਰੇ, ਅੱਗੋਂ ਉਹਨਾਂ ਦੀ ਜਿੰਮੇਵਾਰੀ ਹੈ ਕਿ ਕਿਸਨੂੰ ਇਤਲਾਹ ਕਰਨੀ ਹੈ ਤੇ ਕਿਸਨੂੰ ਨਹੀਂ।ਉਹਨਾਂ ਅੱਗੇ ਦੱਸਿਆ ਕਿ ਇਸ ਘਟਨਾ ਨੂੰ ਛੁਪਾਉਣ ਦੀ ਕੋਸ਼ਿਸ਼ ਕਿਉਂ ਕੀਤੀ ਗਈ ਤੇ ਪਸ਼ਚਾਤਾਪ ਦੀ ਅਰਦਾਸ ਕਿਉਂ ਨਹੀਂ ਕੀਤੀ ਗਈ, ਇਸ ਬਾਰੇ ਉਸ ਸਮੇਂ ਦੇ ਮੁੱਖ ਸਕੱਤਰ ਅਤੇ ਪ੍ਰਧਾਨ ਹੀ ਦੱਸ ਸਕਦੇ ਹਨ।ਉਹਨਾਂ ਕਿਹਾ ਕਿ ਕਿਸੇ ਨੇ ਵੀ ਉਹਨਾਂ ਨੂੰ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਵੇਰਵਾ ਨਹੀਂ ਦੱਸਿਆ,ਪਰ ਵੇਰਵਾ ਸਟਾਕ ਰਜਿਸਟਰ ਵਿਚ ਹੋਣਾ ਚਾਹੀਦਾ

ਹੈ।ਮੌਕੇ ਪੁਰ ਐਸ.ਜੀ.ਪੀ.ਸੀ. ਨੇ ਇਕ ਸਬ-ਕਮੇਟੀ ਦਾ ਗਠਨ ਕੀਤਾ ਜੋ ਐਸੀ ਘਟਨਾ ਦੁਬਾਰਾ ਨਾ ਘਟੇ, ਇਸਦੇ ਸੁਝਾਅ ਦੇਣ।ਬਾਕੀ ਮੈਂਬਰਾਂ ਦੇ ਨਾਮ ਦੱਸਦਿਆਂ ਉਹਨਾਂ ਕਿਹਾ ਕਿ ਉਹ ਵੀ ਇਸ ਸਬ-ਕਮੇਟੀ ਦੇ ਮੈਂਬਰ ਸਨ।ਪੁੱਛਣ ਤੇ ਉਹਨਾਂ ਨੇ ਸਬ-ਕਮੇਟੀ ਦੇ ਨਿਮਨ ਲਿਖਿਤ ਸੁਝਾਅ ਦੱਸੇ:

1. ਫੌਰੀ ਤੌਰ 'ਤੇ ਪਬਲੀਕੇਸ਼ਨ ਵਿਭਾਗ ਵਿਚ ਫਾਇਰ ਸੈਂਸਰ ਸਿਸਟਮ, ਸਮੋਕ ਸੈਂਸਰ ਅਤੇ ਮਕੈਨੀਕਲ ਵੈਂਟੀਲੇਸ਼ਨ ਦਾ ਪ੍ਰਬੰਧ।
2. 8-8 ਘੰਟੇ ਲਈ 24 ਘੰਟੇ ਤਿੰਨ ਗਾਰਡ ਰੱਖੇ ਜਾਣ।
3. ਛਪੇ ਅਤੇ ਅਣਛਪੇ, ਜਿਲਦਬੰਦੀ ਅਤੇ ਬਿਨ੍ਹਾਂ ਜਿਲਦਬੰਦੀ ਦੇ ਪਾਵਨ ਸਰੂਪਾਂ ਦੇ ਅੰਗਾਂ ਦੀ ਸੰਭਾਲ ਲਈ 3 ਸੇਵਾਦਾਰਾਂ ਦੀ ਪੱਕੀ ਡਿਊਟੀ ਲਾਈ ਜਾਵੇ।
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕੰਮਲ ਤਿਆਰ ਹੋਏ ਪਾਵਨ ਸਰੂਪਾਂ ਦੀ ਸੰਭਾਲ ਲਈ ਵੱਖਰਾ ਪ੍ਰਬੰਧ ਕੀਤਾ ਜਾਵੇ।
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਤੋਂ ਇਲਾਵਾ ਛਪਦੇ ਹੋਰ ਧਾਰਮਿਕ ਸਾਹਿਤ ਨੂੰ ਕਿਸੇ ਹੋਰ ਜਗ੍ਹਾ ਤੇ ਤਬਦੀਲ ਕੀਤਾ ਜਾਵੇ।
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਪਾਵਨ ਸਰੂਪਾਂ ਵੀ ਕਿਸੇ ਹੋਰ ਜਗ੍ਹਾ ਤੇ ਤਬਦੀਲ ਕੀਤੇ ਜਾਣ।
7. ਆਧੁਨਿਕ ਸਹੂਲਤਾਂ ਵਾਲਾ ਨਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਉਸਾਰਿਆ ਜਾਵੇ।ਉਦੋਂ ਤੱਕ, ਇਸੇ ਬਿਲਡਿੰਗ ਨੂੰ ਰੈਨੋਵੇਟ ਕੀਤਾ ਜਾਵੇ।
8. ਬਾਈਡਿੰਗ ਦੇ ਹਾਲਾਤਾਂ ਨੂੰ ਵੀ ਸੁਧਾਰਣ ਦੀ ਸਿਫਾਰਿਸ਼ ਕੀਤੀ ।
9. ਮੀਤ-ਸਕੱਤਰ ਪ੍ਰੈੱਸ ਅਤੇ ਪਬਲੀਕੇਸ਼ਨ ਦਾ ਦਫਤਰ ਪਹਿਲਾਂ ਦੀ ਤਰ੍ਹਾਂ ਪਬਲੀਕੇਸ਼ਨ ਵਿਭਾਗ ਵਿੱਚ ਹੀ ਬਣਾਇਆ ਜਾਵੇ।

ਸ੍ਰ.ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਉਹਨਾਂ ਨੂੰ ਨਹੀਂ ਪਤਾ ਇਹਨਾਂ ਸਿਫਾਰਿਸ਼ਾਂ 'ਤੇ ਅਮਲ ਕੀਤਾ ਗਿਆ ਜਾਂ ਨਹੀਂ।ਉਹਨਾਂ ਕਿਹਾ ਕਿ ਉਹਨਾਂ ਨੂੰ ਯਾਦ ਨਹੀਂ ਕਿ 2016 ਤੋਂ ਪਹਿਲਾਂ ਵੀ ਪਾਵਨ ਸਰੂਪਾਂ ਦੇ ਘੱਟ ਹੋਣ ਦਾ ਕੋਈ ਮਾਮਲਾ ਸਾਹਮਣੇ ਆਇਆ ਹੋਵੇ।267 ਪਾਵਨ ਸਰੂਪਾਂ ਦੇ ਘੱਟ ਹੋਣ ਦੀ ਇਸ ਗਿਣਤੀ ਦਾ ਵੀ ਉਹਨਾਂ ਨੂੰ ਮੌਜੂਦਾ ਮੀਤ-ਪ੍ਰਧਾਨ, ਮੁੱਖ-ਸਕੱਤਰ ਅਤੇ

ਸ੍ਰ.ਕੰਵਲਜੀਤ ਸਿੰਘ ਦੇ ਅਖਬਾਰਾਂ ਵਿੱਚ ਦਿੱਤੇ ਬਿਆਨਾਂ ਤੋਂ ਪਤਾ ਲੱਗਿਆ।ਇਸਦੀ ਤਫਦੀਸ਼ ਤੋਂ ਬਾਅਦ ਹੀ ਪਤਾ ਲੱਗ ਸਕਦਾ ਹੈ ਕਿ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ ਅਤੇ ਕਿੰਨੇ ਰਿਕਾਰਡ ਵਿੱਚ ਘੱਟ ਹਨ।2016 ਤੋਂ ਬਾਅਦ ਉਹ ਪ੍ਰਬੰਧਕਾਂ ਵਿਚ ਅਹੁਦੇਦਾਰ ਨਹੀਂ ਹਨ।

**7.7 (ਖ) ਬਿਆਨ ਕਰਤਾ: ਸ੍ਰ.ਸ਼ਿਵਰਾਜ ਸਿੰਘ (ਮੈਨੇਜਰ ਪ੍ਰੈੱਸ)**

ਸ੍ਰ.ਸ਼ਿਵਰਾਜ ਸਿੰਘ ਜੀ ਕਹਿੰਦੇ ਹਨ ਕਿ ਪ੍ਰੈੱਸ ਵਿਭਾਗ ਐੱਸ.ਜੀ.ਪੀ.ਸੀ. ਦਾ ਹੀ ਇੱਕ ਅਦਾਰਾ ਹੈ ਅਤੇ ਇਹਨਾਂ ਦਾ ਕੰਮ ਟੈਕਨੀਕਲ ਅਤੇ ਕਲੈਰੀਕਲ ਸਟਾਫ ਦੀ ਦੇਖ-ਰੇਖ ਕਰਨਾ ਹੈ।ਦਫ਼ਤਰੀ ਆਦੇਸ਼ਾਂ ਦੇ ਮੁਤਾਬਿਕ ਛਪਾਈ ਜਾਂ ਪ੍ਰੈੱਸ ਮੁਤੱਲਕ ਆਰਡਰਾਂ ਨੂੰ ਲਾਗੂ ਕਰਵਾਉਣਾ ਅਤੇ ਪ੍ਰੈੱਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ।ਪ੍ਰਬੰਧ ਸਕੀਮ ਐਸ.ਜੀ.ਪੀ.ਸੀ ਦੇ ਕਰਮਚਾਰੀਆਂ ਅਤੇ ਪ੍ਰੈੱਸ ਦੇ ਕਰਮਚਾਰੀਆਂ ਦੀ ਇੱਕ ਹੈ।

ਕੁੱਲ ਤਿੰਨ ਪ੍ਰੈੱਸਾਂ ਵਿੱਚੋਂ 2 ਪ੍ਰੈੱਸ (1. ਗੋਲਡਨ ਆਫਸੈੱਟ ਪ੍ਰੈੱਸ ਅਤੇ 2. ਗੁਰੂਦੁਆਰਾ ਪ੍ਰਿੰਟਿੰਗ ਪ੍ਰੈੱਸ) ਕੇਂਦਰ ਸਰਕਾਰ ਦੇ ਫੈਕਟਰੀ ਐਕਟ 1948 ਦੇ ਅਧੀਨ ਹਨ ਅਤੇ ਤੀਸਰੀ ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ ਦੀ ਵੱਖਰੀ ਪ੍ਰਬੰਧਕ ਸਕੀਮ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਂਦੀ ਹੈ।

ਸ੍ਰ.ਸ਼ਿਵਰਾਜ ਸਿੰਘ ਮੈਨੇਜਰ ਕੋਲ ਜੋ ਡਿਮਾਂਡ ਪਰਚੇਜ਼ ਆਉਂਦੀ ਹੈ, ਉਸਦੀ ਆਗਿਆ ਸਕੱਤਰ ਸਾਹਿਬ ਅਤੇ ਸਬ-ਕਮੇਟੀ ਪਰਚੇਜ਼ ਤੋਂ ਪ੍ਰਵਾਨਗੀ ਲੈ ਕੇ ਮੈਨੇਜਰ/ਸਟੋਰ ਕੀਪਰ/ਸੁਪਰਵਾਈਜ਼ਰ ਹੀ ਪਰਚੇਜ਼ ਕਰਦੇ ਹਨ।ਜਦੋਂ ਵੀ ਪੇਪਰ ਦੀ ਡਿਮਾਂਡ ਆਉਂਦੀ ਹੈ ਤਾਂ ਇਹ ਫੋਰਮੈਨ ਦੀ ਸਹਾਇਤਾ ਨਾਲ ਪੇਪਰ ਦੀ ਸਾਰੀ ਕੈਲਕੁਲੇਸ਼ਨ ਕਰਦੇ ਹਨ, ਵੇਸਟੇਜ਼ ਵੀ ਵਿੱਚ ਹੀ ਗਿਣੀ ਜਾਂਦੀ ਹੈ।

**7.8 (ਗ) ਬਿਆਨ ਕਰਤਾ: ਸ੍ਰ.ਕੁਲਵੰਤ ਸਿੰਘ (ਜਿਲਦਸਾਜ਼)**

ਸ੍ਰ.ਕੁਲਵੰਤ ਸਿੰਘ ਨੇ ਬਿਆਨ ਦਿੱਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਰਮੇਂ ਜਦੋਂ ਛੱਪ ਕੇ ਇਹਨਾਂ ਕੋਲ ਆਉਂਦੇ ਹਨ, ਫੋਲਡਿੰਗ ਅਤੇ ਗੈਦਰਿੰਗ ਤੋਂ ਬਾਅਦ ਇਹਨਾਂ ਦੀ ਦੁਬਾਰਾ ਗਿਣਤੀ ਕੀਤੀ ਜਾਂਦੀ ਹੈ।ਜੇ ਫਰਮੇ ਘੱਟ ਜਾਂ ਵੱਧ ਹੋਣ ਤਾਂ ਮੌਜੂਦਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਂਦਾ ਹੈ।ਜੇਕਰ ਅੰਗ ਵੱਧ ਜਾਂਦੇ ਹਨ ਤਾਂ ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਾਂ ਤਾਂ ਚੁਕਾ ਲੈਣ ਜਾਂ ਸ੍ਰੀ ਗੋਇੰਦਵਾਲ ਸਾਹਿਬ ਭੇਜ ਦਿੱਤੇ ਜਾਣ।ਅਜਿਹਾ 2013-14 ਤੱਕ ਹੁੰਦਾ ਰਿਹਾ ਪਰ ਇਸਤੋਂ ਬਾਅਦ ਸੂਚਿਤ ਕਰਨ ਤੋਂ ਬਾਅਦ ਵੀ ਵਧੀਕ ਅੰਗ ਇਹਨਾਂ ਕੋਲ ਹੀ ਮੌਜੂਦ ਰਹਿੰਦੇ

ਹਨ ਜੋ ਇਹ ਰੁਮਾਲਿਆਂ ਵਿੱਚ ਬੰਨ੍ਹ ਕੇ ਰੱਖ ਦਿੰਦੇ ਹਨ।ਪ੍ਰੈੱਸ ਤੋਂ ਆਏ ਹੋਏ ਅੰਗਾਂ ਦਾ ਕੋਈ ਵੀ ਸੀਰੀਅਲ ਰਿਕਾਰਡ ਜਾਂ ਗਿਣਤੀ ਨਹੀਂ ਹੁੰਦੀ।ਇਹ ਗਿਣਤੀ ਠੇਕੇਦਾਰ, ਦਫਤਰ ਆਰਡਰ ਆਉਣ ‘ਤੇ ਕਰਦੇ ਹਨ।ਜਿਲਦਸਾਜ਼ੀ ਦੌਰਾਨ ਜੇਕਰ ਕੁਝ ਫਰਮੇਂ ਘੱਟ ਜਾਣ ਤਾਂ ਇਹਨਾਂ ਕੋਲ ਪਹਿਲਾਂ ਤੋਂ ਵਧੀਕ ਪਏ ਅੰਗਾਂ ਨੂੰ ਇਸਤੇਮਾਲ ਕਰ ਲਿਆ ਜਾਂਦਾ ਹੈ।ਕਈ ਵਾਰ ਵਧੀਕ ਅੰਗ ਇੰਨ੍ਹੇ ਹੋ ਜਾਂਦੇ ਹਨ ਕਿ ਪੂਰਾ ਇੱਕ ਪਾਵਨ ਸਰੂਪ ਤਿਆਰ ਹੋ ਸਕਦਾ ਹੈ।ਪਰ ਇਹ ਸਿਰਫ਼ ਦਫ਼ਤਰੀ ਆਰਡਰ ਦੇ ਅਨੁਸਾਰ ਹੀ ਪਾਵਨ ਸਰੂਪ ਤਿਆਰ ਕਰਦੇ ਹਨ, ਵਾਧੂ ਨਹੀਂ ਕਰਦੇ।ਸਿਰਫ਼ ਜਨਵਰੀ-ਫਰਵਰੀ 2020 ਵਿੱਚ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ, ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਅਤੇ ਸੁਪਰਵਾਈਜ਼ਰ ਸ੍ਰ.ਗੁਰਮੁਖ ਸਿੰਘ ਜੀ ਦੇ ਜ਼ੁਬਾਨੀ ਹੁਕਮਾਂ ਨਾਲ ਵਧੀਕ ਪਏ ਅੰਗਾਂ ਵਿੱਚੋਂ 61 ਵੱਡਾ ਆਕਾਰ ਪਾਵਨ ਸਰੂਪ ਤਿਆਰ ਕੀਤੇ ਸਨ।ਮਿਤੀ 31/03/2020 ਨੂੰ ਦਿੱਤੇ ਗਏ ਸ੍ਰ.ਕੁਲਵੰਤ ਸਿੰਘ ਜੀ ਦੇ ਬਿਆਨ ਅਨੁਸਾਰ ਉਹਨਾਂ ਕੋਲ ਜਿਹੜੇ ਫ਼ਰਮੇ ਪਏ ਹਨ, ਉਹਨਾਂ ਵਿੱਚ ਲੜੀਵਾਰ ਦਰਮਿਆਨਾ ਆਕਾਰ ਦੇ 75 ਪਾਵਨ ਸਰੂਪਾਂ ਦੇ ਫ਼ਰਮੇ ਪਏ ਹਨ ਅਤੇ ਦਰਮਿਆਨਾ ਆਕਾਰ ਦੇ 125 ਪਾਵਨ ਸਰੂਪਾਂ ਦੇ ਫ਼ਰਮੇ ਜੋ ਕਿ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਕੋਲੋਂ ਆਏ ਹਨ, ਜੋ ਕਿ ਜਿਲਦਬੰਦੀ ਤੋਂ ਬਿਨਾਂ ਪਏ ਹਨ।

ਮਿਤੀ 04/08/2020 ਦੇ ਬਿਆਨ ਵਿੱਚ ਸ੍ਰ.ਕੁਲਵੰਤ ਸਿੰਘ ਨੇ ਦੱਸਿਆ ਕਿ ਜਿਹੜੇ 61 ਪਾਵਨ ਸਰੂਪ ਵਧੀਕ ਅੰਗਾਂ ਤੋਂ ਤਿਆਰ ਕੀਤੇ ਸਨ, ਉਹਨਾਂ ਦੀ ਐਂਟਰੀ ਇਹਨਾਂ ਨੇ ਆਪਣੇ ਰਿਕਾਰਡ ਵਿੱਚ ਤਾਂ ਦਰਜ ਕੀਤੀ ਹੋਈ ਹੈ ਪਰ ਸਟਾਕ ਲੈਜ਼ਰ ਵਿੱਚ ਨਹੀਂ ਕੀਤੀ ਗਈ ਅਤੇ ਨਾ ਹੀ ਇਹਨਾਂ ਨੂੰ ਰਸੀਦ ਦਿੱਤੀ ਗਈ ਅਤੇ ਨਾਂ ਹੀ ਕੋਈ ਪੇਮੈਂਟ ਹੋਈ ਹੈ।ਇਹਨਾਂ ਪਾਵਨ ਸਰੂਪਾਂ ਉੱਪਰ ਜੋ ਲੜੀ ਨੰਬਰ 4437 ਤੋਂ ਲੈ ਕੇ 4497 ਤੱਕ ਸ੍ਰ.ਕੁਲਵੰਤ ਸਿੰਘ ਜੀ ਨੇ ਲਗਾਏ ਹਨ, ਉਹ ਸ੍ਰ.ਕੰਵਲਜੀਤ ਸਿੰਘ ਦੇ ਜ਼ੁਬਾਨੀ ਕਹਿਣ ਤੇ ਲਗਾਏ ਹਨ।ਜਿਹਨਾਂ ਵਿੱਚੋ ਕਿ ਸ੍ਰ.ਕੰਵਲਜੀਤ ਸਿੰਘ ਨੇ 55 ਪਾਵਨ ਸਰੂਪ ਭੇਟਾ ਸਹਿਤ ਦੇ ਦਿੱਤੇ ਹਨ।

ਪੜਤਾਲ ਕਮੇਟੀ ਦੇ ਇੱਕ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਸ੍ਰ.ਕੰਵਲਜੀਤ ਸਿੰਘ ਨੇ ਦੱਸਿਆ ਕਿ ਮਿਤੀ 31/03/2020 ਤੋਂ ਲੈ ਕੇ 04/08/2020 ਤੱਕ ਇਹਨਾਂ ਨੇ 250 ਪਾਵਨ ਸਰੂਪ ਦਰਮਿਆਨਾ ਆਕਾਰ ਅਤੇ 50 ਲੜੀਵਾਰ ਵੱਡਾ ਆਕਾਰ ਦੀ ਜਿਲਦ ਸਾਜ਼ੀ ਹੈ।ਉਹਨਾਂ ਨੇ ਦੱਸਿਆ ਕਿ ਇਹਨਾਂ 300 ਪਾਵਨ ਸਰੂਪਾਂ ਵਿੱਚੋ ਉਹਨਾਂ ਨੂੰ 200 ਪਾਵਨ ਸਰੂਪਾਂ ਦੀ ਰਸੀਦ ਅਤੇ ਪੇਮੈਂਟ ਪ੍ਰਾਪਤ ਹੋਈ ਹੈ ਅਤੇ ਇਹਨਾਂ ਕੋਲ ਹਾਲ ਨੰਬਰ 3 ਵਿੱਚ 695 ਪਾਵਨ ਸਰੂਪ ਲੜੀਵਾਰ ਵੱਡਾ ਆਕਾਰ, 100 ਦਰਮਿਆਨਾ ਆਕਾਰ ਅਤੇ 125 ਵਧੀਕ ਅੰਗਾਂ ਤੋਂ ਬਣਾਏ

ਹੋਏ ਪਾਵਨ ਸਰੂਪ ਬਿਰਾਜਮਾਨ ਹਨ।125 ਪਾਵਨ ਸਰੂਪ ਜੋ ਵਧੀਕ ਅੰਗਾਂ ਤੋਂ ਬਣਾਏ ਹਨ, ਉਹਨਾਂ ਦਾ ਕੋਈ ਲਿਖਤੀ ਆਰਡਰ ਇਹਨਾਂ ਨੂੰ ਨਹੀਂ ਮਿਲਿਆ, ਇਹ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਦੇ ਆਦੇਸ਼ 'ਤੇ ਬਣਾਏ ਹਨ ਅਤੇ ਇਕੱਠੇ ਪਏ ਹਨ, ਇਹਨਾਂ ਪਾਵਨ ਸਰੂਪਾਂ ਦੀ ਜਿਲਦਬੰਦੀ ਨਹੀਂ ਹੋਈ ਹੈ।ਸ੍ਰ.ਗੁਰਬਚਨ ਸਿੰਘ ਦੇ ਕਹਿਣ 'ਤੇ ਵੀ ਇਹ ਜਿਲਦਬੰਦੀ ਇਹਨਾਂ ਨੇ ਨਹੀਂ ਕੀਤੀ ਕਿਉਂਕਿ ਜ਼ੁਬਾਨੀ ਆਰਡਰ ਤੇ ਪਹਿਲਾਂ ਵੀ 61 ਪਾਵਨ ਸਰੂਪ ਜਿਲਦਬੰਦੀ ਕਰਵਾਏ ਸਨ।ਉਹਨਾਂ 61 ਪਾਵਨ ਸਰੂਪਾਂ ਦੀ ਪੇਮੈਂਟ ਸ੍ਰ.ਕੁਲਵੰਤ ਸਿੰਘ ਨੂੰ ਅੱਜ ਤੱਕ ਵੀ ਨਹੀਂ ਮਿਲੀ।ਇਸ ਲਈ ਇਹਨਾਂ ਨੇ 125 ਪਾਵਨ ਸਰੂਪਾਂ ਦਾ ਜ਼ੁਬਾਨੀ ਆਰਡਰ ਤਿਆਰ (ਜਿਲਦਬੰਦੀ) ਕਰਨ ਤੋਂ ਮਨ੍ਹਾਂ ਕਰ ਦਿੱਤਾ।ਮੀਤ ਸਕੱਤਰ ਜੀ ਨੇ ਸ੍ਰ.ਕੁਲਵੰਤ ਸਿੰਘ ਨੂੰ ਇਹ ਵੀ ਦੱਸਿਆ ਕਿ ਸ੍ਰ.ਕੰਵਲਜੀਤ ਸਿੰਘ ਦੇ ਰਿਕਾਰਡ ਵਿੱਚ ਪਾਵਨ ਸਰੂਪਾਂ ਦੀ ਗਿਣਤੀ, ਜੋ ਕਿ ਘੱਟ ਹੈ, ਨੂੰ ਪੂਰਾ ਕਰਨ ਲਈ, ਇਹ ਪਾਵਨ ਸਰੂਪ (125) ਵਧੀਕ ਅੰਗਾਂ ਤੋਂ ਤਿਆਰ ਕਰਵਾਏ ਜਾ ਰਹੇ ਹਨ।

ਪੜਤਾਲ ਕਮੇਟੀ ਦੇ ਇੱਕ ਪ੍ਰਸ਼ਨ ਵਿੱਚ ਉਹਨਾਂ ਕੋਲ ਪਏ ਵਧੀਕ ਅੰਗ, ਜਿਹਨਾਂ ਵਿੱਚ 75 ਪਾਵਨ ਸਰੂਪ ਹਨ, ਉਹਨਾਂ ਦੀ ਇਸ ਲਈ ਜਿਲਦਬੰਦੀ ਨਹੀਂ ਕੀਤੀ ਜਾ ਰਹੀ ਕਿ ਉਹਨਾਂ ਵਿੱਚ 15 ਸੰਪੂਰਨ ਪਾਵਨ ਸਰੂਪਾਂ ਨੂੰ ਛੱਡ ਕੇ ਬਾਕੀ ਅੰਗਾਂ ਵਿਚ ਲਗ੍ਹਾਂ ਮਾਤਰਾ ਅਤੇ ਹੋਰ ਗਲਤੀਆਂ ਹਨ, ਇਸ ਲਈ ਉਹਨਾਂ 75 ਬਚਦੇ ਪਾਵਨ ਸਰੂਪਾਂ ਨੂੰ ਜਿਲਦਬੰਦੀ ਕਰਨ 'ਤੇ ਰੋਕ ਲਗਾ ਦਿੱਤੀ ਗਈ ਹੈ।

ਉਹਨਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਕਿ 61 ਪਾਵਨ ਸਰੂਪ ਜੋ ਵਧੀਕ ਅੰਗਾਂ ਤੋਂ ਤਿਆਰ ਹੋਏ ਸਨ, ਉਹ ਕਿੱਥੇ ਭੇਜੇ ਗਏ ਸਨ, ਸ੍ਰ.ਕੁਲਵੰਤ ਸਿੰਘ ਨੇ ਤਾਂ ਉਹਨਾਂ 61 ਪਾਵਨ ਸਰੂਪਾਂ ਨੂੰ ਗ੍ਰੰਥੀ ਸਿੰਘਾਂ ਕੋਲ ਦਰਸ਼ਨ ਵਿਚਾਰ ਲਈ ਭੇਜ ਦਿੱਤਾ ਸੀ।ਸ੍ਰ.ਕੰਵਲਜੀਤ ਸਿੰਘ ਨੇ 61 ਪਾਵਨ ਸਰੂਪਾਂ ਦੇ ਬਣਦੇ ਸਮਾਨ ਦੇ 10,000 ਰੁਪਏ ਸ੍ਰ.ਕੁਲਵੰਤ ਸਿੰਘ ਨੂੰ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਲੈਣ ਤੋਂ ਇੰਨਕਾਰ ਕਰ ਦਿੱਤਾ।ਸ੍ਰ.ਕੰਵਲਜੀਤ ਸਿੰਘ ਨੇ ਇਹ ਕੋਸ਼ਿਸ ਇਸ ਲਈ ਕੀਤੀ ਤਾਂ ਜੋ ਸ੍ਰ.ਕੁਲਵੰਤ ਸਿੰਘ ਜਿਲਦਬੰਦੀ ਦਾ ਸਮਾਨ ਬਾਹਰੋਂ ਖਰੀਦ ਸਕਣ, ਕਿਉਂਕਿ ਇਸਦੀ ਕੋਈ ਵੀ ਰਸੀਦ ਕੱਟੀ ਨਹੀਂ ਜਾਣੀ ਸੀ ਤੇ ਨਾ ਹੀ ਪੇਮੈਂਟ ਹੋਣੀ ਸੀ।

ਇਹ ਕਹਿੰਦੇ ਹਨ ਕਿ ਇਹਨਾਂ ਨੇ ਤਕਰੀਬਨ ਸਾਰੀਆਂ ਐਂਟਰੀਆਂ ਆਪਣੇ ਰਜਿਸਟਰ ਵਿੱਚ ਕੀਤੀਆਂ ਹਨ।ਦਰਸ਼ਨ ਵਿਚਾਰ ਤੋਂ ਬਾਅਦ ਜਿਹੜੇ ਅੰਗ ਬਦਲਣੇ ਪੈਂਦੇ ਹਨ, ਉਹਨਾਂ ਨੂੰ ਵਧੀਕ ਪਏ ਅੰਗਾਂ ਤੋਂ ਹੀ ਬਦਲ ਲਿਆ ਜਾਂਦਾ ਹੈ।50 ਪਾਵਨ ਸਰੂਪ ਦਰਸ਼ਨ ਵਿਚਾਰ ਲਈ ਮਿਤੀ

06/04/2020 ਨੂੰ ਭੇਜੇ ਗਏ ਪਰ ਸ੍ਰ.ਕੰਵਲਜੀਤ ਸਿੰਘ ਨੇ ਇਹਨਾਂ ਦੀ ਸਟੋਰ ਰਸੀਦ ਮਿਤੀ 25/03/2020 ਦੀ ਕੱਟੀ ਹੋਈ ਹੈ ਅਤੇ ਇਸ ਦੀ ਐਂਟਰੀ ਵੀ ਸਾਲ 2019-20 ਦੇ ਸਟੋਰ ਲੈਜ਼ਰ ਵਿਚ ਕੀਤੀ ਹੋਈ ਹੈ।

ਸ੍ਰ.ਕੁਲਵੰਤ ਸਿੰਘ ਨੇ ਦੱਸਿਆ ਕਿ ਪੇਮੈਂਟ ਲੈਣ ਲਈ ਜਿਹੜੇ ਕਾਗ਼ਜ਼ ਉਹ ਦਫਤਰ ਲੈ ਕੇ ਜਾਂਦੇ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਜਿਲਦਬੰਦੀ ਦੇ ਬਿੱਲ

2. ਸਟੋਰ ਰਸੀਦ

3. ਆਗਿਆ ਪੱਤਰ ਦੀ ਕਾਪੀ

4. ਬਾਈਂਡ ਅਤੇ ਅਨਬਾਈਂਡ ਲੈਜ਼ਰ, ਜਿਸ ਵਿਚ ਸੀ.ਜੀ.ਐਲ. ਦੀ ਐਂਟਰੀ ਹੋਵੇ

ਦਫਤਰ ਦੇ ਆਗਿਆ ਪੱਤਰ ਤੇ ਕਿੰਨੇ ਪਾਵਨ ਸਰੂਪ ਸਟੋਰ ਵਿਚ ਗਏ, ਕਿੰਨੇ ਬਕਾਇਆ ਹਨ, ਅਕਾਊਂਟਸ ਕਲਰਕ ਦੀ ਬਾਈਂਡ ਅਤੇ ਅਨਬਾਈਂਡ ਲੈਜ਼ਰ ਦੀ ਐਂਟਰੀ ਨੂੰ ਚੈੱਕ ਕਰਨ ਤੋਂ ਬਾਅਦ ਪਾਵਨ ਸਰੂਪਾਂ ਦੀ ਪੇਮੈਂਟ ਇਹਨਾਂ ਨੂੰ ਮਿਲਦੀ ਹੈ।ਜਿਹੜੀ 200 ਪਾਵਨ ਸਰੂਪਾਂ ਦੀ ਐਂਟਰੀ ਸਾਲ 2013-14 ਦੀ ਲੈਜ਼ਰ ਇਹਨਾਂ ਦੇ ਰਿਕਾਰਡ ਵਿੱਚ ਨਹੀਂ ਹੋਈ ਅਤੇ ਬਾਅਦ ਵਿੱਚ ਹੋਈ, ਇਸ ਬਾਰੇ ਸ੍ਰ.ਕੁਲਵੰਤ ਸਿੰਘ ਨੂੰ ਕੋਈ ਜਾਣਕਾਰੀ ਨਹੀਂ ਹੈ।

ਅਖੀਰ ਦੇ ਵਿੱਚ ਮਿਤੀ 14/08/2020 ਨੂੰ ਸ੍ਰ.ਕੁਲਵੰਤ ਸਿੰਘ ਨੇ ਬਿਆਨ ਦਿੱਤਾ ਹੈ ਕਿ ਸ੍ਰ.ਗੁਰਬਚਨ ਸਿੰਘ ਮੀਤ ਸਕੱਤਰ ਦੀ ਸੇਵਾ ਮੁਕਤੀ ਤੋਂ ਪਹਿਲਾਂ-ਪਹਿਲਾਂ, ਉਹਨਾਂ ਦੇ ਹਿਸਾਬ ਕਿਤਾਬ ਵਿੱਚ ਕੁਝ ਪਾਵਨ ਸਰੂਪਾਂ ਦੀ ਗਿਣਤੀ ਦਾ ਵਾਧਾ ਘਾਟਾ ਪੂਰਾ ਕਰਨ ਲਈ, ਸ੍ਰ.ਕੁਲਵੰਤ ਸਿੰਘ ਕੋਲੋਂ ਇੱਕ ਹੱਥ ਲਿਖਤ ਚਿੱਠੀ ਉੱਪਰ ਦਸਤਖਤ ਕਰਵਾਏ ਜੋ ਕਿ ਗਲਤ ਹਨ।ਦਸਤਾਵੇਜ਼ ਨੰ: ਗ/01 ਜੋ 150 ਪਾਵਨ ਸਰੂਪਾਂ ਦਾ ਜ਼ਿਕਰ ਹੈ ਉਸਦੀ ਸਟੋਰ ਰਸੀਦ ਸਾਲ 2019 ਵਿਚ ਕੱਟ ਲਈ ਗਈ ਹੈ।

ਜਿਸ ਵਿੱਚ ਉਹ 125 ਪਾਵਨ ਸਰੂਪ ਜੋ ਕਿ ਵਧੀਕ ਅੰਗਾਂ ਤੋਂ ਤਿਆਰ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਉਹਨਾਂ ਨੂੰ ਤਿਆਰ ਕਰਵਾ ਕੇ ਪਲੰਘਾਂ ਉਪਰ ਬਿਰਾਜਮਾਨ ਕਰਵਾ ਦੇਣ ਅਤੇ ਸਟੋਰ ਵਿੱਚ ਪਾਵਨ ਸਰੂਪਾਂ ਦੀ ਗਿਣਤੀ ਨੂੰ ਪੂਰਾ ਕੀਤਾ ਜਾ ਸਕੇ।ਸ੍ਰ.ਕੁਲਵੰਤ ਸਿੰਘ ਦੇ ਖਾਤੇ ਵਿਚ ਜੋ 2000 ਪਾਵਨ ਸਰੂਪ ਸਨ, ਉਹਨਾਂ ਵਿੱਚੋਂ 250 ਪਾਵਨ ਸਰੂਪ ਬਾਕੀ ਰਹਿੰਦੇ ਸੀ ਅਤੇ ਬਾਕੀ ਸਾਰੇ ਉਹ ਅੱਗੇ ਦੇ ਚੁੱਕੇ ਸਨ।

ਸ੍ਰ.ਗੁਰਬਚਨ ਸਿੰਘ ਚਾਹੁੰਦੇ ਸਨ ਕਿ ਇਹਨਾਂ 250 ਪਾਵਨ ਸਰੂਪਾਂ ਵਿੱਚੋ ਸ੍ਰ.ਕੁਲਵੰਤ ਸਿੰਘ 125 ਪਾਵਨ ਸਰੂਪ, ਸ੍ਰ.ਕੰਵਲਜੀਤ ਸਿੰਘ ਦਾ ਸਟਾਕ ਪੂਰਾ ਕਰਨ ਲਈ ਦੇ ਦੇਣ ਅਤੇ ਸ੍ਰ.ਗੁਰਬਚਨ ਸਿੰਘ ਨੇ ਕੰਪਿਊਟਰ ਵਿਚੋਂ ਪ੍ਰਿੰਟ ਕੱਢ ਕੇ ਉਸ ਉਪਰ ਸ੍ਰ.ਕੁਲਵੰਤ ਸਿੰਘ ਦੀ ਲਿਖਾਈ ਵਿੱਚ ਆਪਣੇ ਲੈਟਰ ਪੈਡ ਉੱਪਰ ਦਸਤਖਤ ਕਰਵਾਏ ਅਤੇ 250 ਪਾਵਨ ਸਰੂਪਾਂ ਤੋਂ ਇਲਾਵਾ ਜੋ ਸ੍ਰ.ਕੁਲਵੰਤ ਸਿੰਘ ਕੋਲ ਹਾਲ ਨੰ: 3 ਵਿੱਚ 125 ਹੋਰ ਪਾਵਨ ਸਰੂਪ ਪਏ ਹਨ, ਉਹ ਵਧੀਕ ਅੰਗਾਂ ਤੋ ਤਿਆਰ ਕੀਤੇ ਗਏ ਹਨ।ਇਹਨਾਂ ਕੋਲ 2000 ਪਾਵਨ ਸਰੂਪਾਂ ਦਾ ਕੰਮ ਪਹਿਲਾਂ ਤੋਂ ਚੱਲ ਰਿਹਾ ਹੈ ਇਸ ਲਈ 125 ਪਾਵਨ ਸਰੂਪ ਵੀ ਹਾਲ ਨੰ: 3 ਵਿਚ ਰੱਖੇ ਗਏ, ਤਾਂ ਕਿ ਕਿਸੇ ਹੋਰ ਅਧਿਕਾਰੀ ਜਾਂ ਪੜਤਾਲ ਕਮੇਟੀ ਨੂੰ ਇਸ ਬਾਰੇ ਕੁਝ ਪਤਾ ਨਾ ਲੱਗੇ ਕਿ ਪਾਵਨ ਸਰੂਪ ਕਦੋਂ ਅਤੇ ਕਿੱਥੋਂ ਆਏ ਅਤੇ ਇਹ ਸਾਰੇ ਪਾਵਨ ਸਰੂਪ 2000 ਦੀ ਗਿਣਤੀ ਨੂੰ ਪੂਰਾ ਕਰ ਸਕਣ।ਸ੍ਰ.ਗੁਰਬਚਨ ਸਿੰਘ ਜੀ ਨੇ ਬਹੁਤ ਹੀ ਹੁਸ਼ਿਆਰੀ ਨਾਲ ਇਹ ਸਭ ਕੁੱਝ ਕੀਤਾ, ਜਦੋਂ ਸ੍ਰ.ਕੰਵਲਜੀਤ ਸਿੰਘ ਨੇ ਸੇਵਾ ਮੁਕਤ ਹੋਣਾ ਸੀ, ਉਸ ਸਮੇਂ ਹਾਲ ਨੰਬਰ 3 ਦੀ ਚੈਕਿੰਗ ਕੀਤੀ ਗਈ ਅਤੇ ਗਿਣਤੀ ਸ੍ਰ.ਕੁਲਵੰਤ ਸਿੰਘ ਨੇ ਕਰ ਕੇ ਦਿੱਤੀ।

ਸ੍ਰ.ਗੁਰਬਚਨ ਸਿੰਘ ਨੇ ਸ੍ਰ.ਕੁਲਵੰਤ ਸਿੰਘ ਨੂੰ ਫੋਨ ਤੇ ਕਿਹਾ ਕਿ "ਤੂੰ ਚਿੰਤਾਂ ਨਾ ਕਰ, ਇਹ ਪਾਵਨ ਸਰੂਪ ਜਲਦੀ ਬਣਾ ਕੇ ਦੇ ਤੇ ਮੈਂ, ਡਾ.ਰੂਪ ਸਿੰਘ, ਸ੍ਰ.ਮਨਜੀਤ ਸਿੰਘ ਤੇ ਸ੍ਰ.ਸੁਖਦੇਵ ਸਿੰਘ ਭੂਰਾ ਨਾਲ ਗੱਲ ਕਰ ਲਈ ਹੈ ਤੇ ਲਿਖ ਕੇ ਨਾ ਦੇਵੀਂ ਕਿ ਪਾਵਨ ਸਰੂਪ ਤੇਰੇ ਸਟਾਕ ਦੇ ਨਹੀਂ ਹਨ।ਸ੍ਰ.ਪ੍ਰਤਾਪ ਸਿੰਘ ਸਕੱਤਰ ਵੀ ਤੈਨੂੰ ਕੁਝ ਨਹੀਂ ਕਹਿਣਗੇ"।ਦਸਤਾਵੇਜ਼ ਨੰ: ਗ/3(ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ.51) ਜੋ ਅਪ੍ਰੈਲ 2020 ਵਿਚ ਲਿਖਵਾਇਆ ਹੈ ਤਾਂ ਕਿ ਆਪਣੇ ਕਾਗਜ਼ ਪੂਰੇ ਕਰ ਸਕਣ।ਜਦੋਂ ਸ੍ਰ.ਕੁਲਵੰਤ ਸਿੰਘ ਨੇ ਉੱਪਰ ਪਈ ਮਿਤੀ ਦੇਖੀ ਤਾਂ ਉਹਨਾਂ ਨੂੰ ਲੱਗਿਆ ਕਿ ਇਹ ਸਰਾਸਰ ਧੋਖਾ ਹੈ।ਕਿਉਂਕਿ ਉਸ ਉੱਪਰ 2019 ਦੀ ਮਿਤੀ ਪਈ ਹੋਈ ਸੀ।ਉਹਨਾਂ ਨੇ ਇਹ ਚਿੱਠੀ ਸ੍ਰ.ਗੁਰਮੁੱਖ ਸਿੰਘ ਦੇ ਕਹਿਣ ਤੇ ਦਸਤਖਤ ਕਰ ਦਿੱਤੀ ਸੀ ਕਿਉਂਕਿ ਉਹਨਾਂ ਨੇ ਕਿਹਾ ਸੀ ਕਿ ਅਸੀਂ ਪਾਵਨ ਸਰੂਪ ਵਧੇਰੇ ਅੰਗਾਂ ਤੋਂ ਤਿਆਰ ਕਰਨ ਲਈ ਆਫਿਸ ਆਰਡਰ ਲੈਣੇ ਹਨ।ਦਸਤਾਵੇਜ਼ ਗ/3 ਨੂੰ ਦੇਖਣ ਤੇ ਉਹਨਾਂ ਨੂੰ ਪਤਾ ਲੱਗਿਆ ਕਿ ਇੰਚਾਰਜ ਪਬਲੀਕੇਸ਼ਨ ਨੇ ਜੋ ਲਿਖਿਆ ਹੈ ਉਹ ਮਿਤੀ 08/11/2019 ਦਾ ਤੇ ਥੱਲੇ ਆਗਿਆ ਹੈ।ਉਹ 09/11/2019 ਦੀ ਹੈ, ਉਹ ਇੱਕ ਹੀ ਲਿਖਾਈ ਵਿੱਚ ਹੈ।

## 7.9 (ਘ) ਬਿਆਨ ਕਰਤਾ:- ਸ੍ਰ.ਕੁਲਦੀਪ ਸਿੰਘ ਰੋਡੇ (ਫਲਾਇੰਗ ਇੰਚਾਰਜ)

ਸ੍ਰ.ਕੁਲਦੀਪ ਸਿੰਘ ਜੀ 1995 ਵਿੱਚ ਬਤੌਰ ਕਲਰਕ ਐੱਸ.ਜੀ.ਪੀ.ਸੀ. ਵਿੱਚ ਭਰਤੀ ਹੋਏ ਸਨ, ਅਤੇ ਕਈ ਪੋਸਟਾਂ 'ਤੇ ਕੰਮ ਕਰਨ ਤੋਂ ਬਾਅਦ 2014 ਵਿੱਚ ਇਹ ਫਲਾਇੰਗ ਵਿੱਚ ਬਤੌਰ ਇੰਚਾਰਜ ਆਏ।ਜਦ ਮਿਤੀ 19/05/2016 ਦੀ ਘਟਣਾ ਵਾਪਰੀ, ਉਸ ਦਿਨ ਇਹ ਫਲਾਇੰਗ ਦੇ ਇੰਚਾਰਜ ਸਨ।ਇਸ ਦਿਨ ਸ਼ਾਇਦ ਇਹ ਅੰਮ੍ਰਿਤਸਰ ਵਿਚ ਨਾ ਹੋਣ ਕਰਕੇ ਮੌਕੇ ਤੇ ਨਹੀਂ ਗਏ ਸਨ।ਇਸ ਘਟਨਾ ਬਾਰੇ ਉਸ ਦਿਨ ਇਹਨਾਂ ਦੀ ਗੱਲ ਸ੍ਰ.ਮਨਜੀਤ ਸਿੰਘ, ਡਾ.ਰੂਪ ਸਿੰਘ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਹੋਈ, ਜਿਸ ਤੋਂ ਇਹਨਾਂ ਨੂੰ ਇਹ ਜਾਣਕਾਰੀ ਮਿਲੀ ਕੇ ਮੀਤ ਸਕੱਤਰ ਸ੍ਰ.ਸਕੱਤਰ ਸਿੰਘ ਸਭ ਤੋਂ ਪਹਿਲਾ ਘਟਨਾ ਸਥਾਨ ਤੇ ਪਹੁੰਚੇ ਸਨ, ਉਸ ਉਪਰੰਤ ਮੁੱਖ ਸਕੱਤਰ ਸ੍ਰ.ਹਰਚਰਨ ਸਿੰਘ, ਡਾ.ਰੂਪ ਸਿੰਘ, ਸ੍ਰ.ਮਨਜੀਤ ਸਿੰਘ, ਸ੍ਰ.ਸੁਖਦੇਵ ਸਿੰਘ ਭੌਰ, ਸ੍ਰ.ਪ੍ਰਤਾਪ ਸਿੰਘ ਅਤੇ ਹੋਰ ਅਧਿਕਾਰੀ ਮੌਕੇ ਤੇ ਪਹੁੰਚੇ।

ਦਸਤਾਵੇਜ਼ ਘ/1 (ਬਿਆਨ ਬੁੱਕ ਭਾਗ 1 ਪੰਨਾ ਨੰ: 55) ਸ੍ਰ.ਕੁਲਦੀਪ ਸਿੰਘ ਰੋਡੇ ਨੇ ਸ੍ਰ.ਜਰਨੈਲ ਸਿੰਘ ਅਤੇ ਸ੍ਰ.ਸਿਮਰਨਜੀਤ ਸਿੰਘ ਨੂੰ 32 ਸਵਾਲਾਂ ਦੀ ਇੱਕ ਪ੍ਰਸ਼ਨੋਤਰੀ ਬਣਾ ਕੇ ਦਿੱਤੀ ਸੀ, ਜੋ ਪੜਤਾਲ ਦੌਰਾਨ ਪਤਾ ਕਰਕੇ ਇਹਨਾਂ ਸਵਾਲਾਂ ਦੇ ਜਵਾਬ ਫਲਾਇੰਗ ਇੰਸਪੈਕਟਰਾਂ ਨੇ ਉਹਨਾਂ ਨੂੰ ਲਿਆ ਕੇ ਦੇਣੇ ਸਨ।ਪਰ ਜਦ ਉਹਨਾਂ ਨੂੰ ਰਿਪੋਰਟ ਪ੍ਰਾਪਤ ਹੋਈ ਤਾਂ ਉਹਨਾਂ ਨੇ ਇਹ ਕਹਿ ਕੇ ਰਿਪੋਰਟ ਮੋੜ ਦਿੱਤੀ ਕਿ ਉਸ ਰਿਪੋਰਟ ਵਿੱਚ ਉਹਨਾਂ ਵੱਲੋਂ ਪੁੱਛੇ ਗਏ 32 ਸਵਾਲਾਂ ਦੇ ਜਵਾਬ ਨਹੀਂ ਸਨ।ਇਸ ਤੇ ਸ੍ਰ.ਜਰਨੈਲ ਸਿੰਘ ਅਤੇ ਸ੍ਰ.ਸਿਮਰਨਜੀਤ ਸਿੰਘ ਨੇ ਉਹਨਾਂ ਨੂੰ ਕਿਹਾ ਕਿ ਇਹਨਾਂ 32 ਸਵਾਲਾਂ ਦੇ ਨਾਲ ਤਾਂ ਸਾਰੇ ਹੀ ਮਰ ਜਾਣਗੇ।ਜਦ ਮਿਤੀ 10/07/2020 ਨੂੰ ਫਲਾਇੰਗ ਦਾ ਇੰਚਾਰਜ ਹੋਣ ਦੇ ਨਾਤੇ ਜਦੋਂ ਇਹ ਰਿਪੋਰਟ ਸ੍ਰ.ਕੁਲਦੀਪ ਸਿੰਘ ਜੀ ਦੇ ਸਾਹਮਣੇ ਆਈ ਤਾਂ ਪੜਨ ਉਪਰੰਤ ਇਹਨਾਂ ਨੇ ਉਸਤੇ ਦਸਤਖਤ ਨਹੀਂ ਕੀਤੇ ਕਿਉਂਕਿ ਇਹਨਾਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਜਵਾਬ ਉਸ ਵਿੱਚ ਨਹੀਂ ਸਨ।ਇਸਦਾ ਸਪੱਸ਼ਟ ਉੱਤਰ ਦੋਨੋਂ ਹੀ ਫਲਾਇੰਗ ਇੰਸਪੈਕਰ ਨਾ ਦੇ ਸਕੇ।ਜਿਸ ਤੋਂ ਇਹ ਪਤਾ ਲਗਿਆ ਕਿ ਸਚਾਈ ਨੂੰ ਛੁਪਾਇਆ ਜਾ ਰਿਹਾ ਹੈ ਅਤੇ ਪਬਲੀਕੇਸ਼ਨ ਦੇ ਅਧਿਕਾਰੀ ਅਤੇ ਕਰਮਚਾਰੀ ਸੱਚ ਬੋਲਣ ਤੋਂ ਪਿੱਛੇ ਹਟ ਰਹੇ ਸਨ।ਸਾਰੀ ਰਿਪੋਰਟ ਬਿਆਨਾਂ ਸਮੇਤ ਪੜ੍ਹਨ ਉਪਰੰਤ, ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਕੋਈ ਵੀ ਰਿਕਾਰਡ ਨਹੀਂ ਪੇਸ਼ ਕੀਤਾ ਗਿਆ, ਜਿਸ ਤੋਂ ਇਹ ਪਤਾ ਲੱਗ ਸਕਦਾ ਕਿ ਮਿਤੀ 19/05/2016 ਨੂੰ ਕਿੰਨੇ ਪਾਵਨ ਸਰੂਪ ਅੱਗ ਅਤੇ ਪਾਣੀ ਨਾਲ ਨੁਕਸਾਨੇ ਗਏ ਸਨ ਅਤੇ ਉਹ ਕਿਹੜੇ-ਕਿਹੜੇ ਆਕਾਰ ਦੇ ਸਨ।

## 7.10 (ਛ) ਬਿਆਨ ਕਰਤਾ : – ਸ੍ਰ.ਹਰਚਰਨ ਸਿੰਘ, ਸਾਬਕਾ ਮੁੱਖ ਸਕੱਤਰ।

ਸ੍ਰ.ਹਰਚਰਨ ਸਿੰਘ ਜੀ ਨੇ ਬਿਆਨ ਕੀਤਾ ਕਿ ਉਹ ਅਗਸਤ 2015 ਨੂੰ ਬਤੌਰ ਮੁੱਖ ਸਕੱਤਰ ਨਿਯੁਕਤ ਹੋਏ ਸਨ ਅਤੇ ਮਿਤੀ 31/07/2017 ਨੂੰ ਸੇਵਾ ਮੁਕਤ ਹੋ ਗਏ ਸਨ।ਪਾਵਨ ਸਰੂਪ ਅਤੇ ਗੁਟਕਾ ਸਾਹਿਬ ਦੀ ਛਪਾਈ ਦੇ ਬਾਰੇ ਜਦੋਂ ਉਹਨਾਂ ਨੂੰ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇਸਦੇ ਕਾਗ਼ਜ਼ ਦੀ ਖਰੀਦ ਦੀ ਮਨਜੂਰੀ ਉਹ ਹੀ ਕਰਦੇ ਸਨ ਅਤੇ ਇਸ ਕਾਗਜ਼ ਦੀ ਕੀਮਤ ਦੇ ਟੈਂਡਰ, ਪਬਲੀਕੇਸ਼ਨ ਡਿਪਾਰਟਮੈਂਟ ਵੱਖਰੇ ਵੱਖਰੇ ਵਿਕ੍ਰੇਤਾਵਾਂ ਤੋਂ ਮੰਗਵਾਉਂਦਾ ਸੀ।ਕਈ ਵਾਰ ਉਹ ਆਪ ਇਹਨਾਂ ਵਿਕ੍ਰੇਤਾਵਾਂ ਕੋਲ ਜਾ ਕੇ ਰੇਟ ਤੈਅ ਕਰਦੇ ਸਨ।ਪਾਵਨ ਸਰੂਪਾਂ ਬਾਰੇ ਉਹਨਾਂ ਕੋਲੋਂ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਪਾਵਨ ਸਰੂਪਾਂ ਦੀ ਪ੍ਰਿੰਟਿੰਗ ਅਤੇ ਪਬਲੀਕੇਸ਼ਨ ਦਾ ਇੱਕ ਵਖਰਾ ਵਿਭਾਗ ਹੈ।ਉਹਨਾਂ ਦੇ ਕਾਰਜਕਾਲ ਦੌਰਾਨ ਉਹਨਾਂ ਨੇ ਪਬਲੀਕੇਸ਼ਨ ਅਤੇ ਪ੍ਰਿੰਟਿੰਗ ਪ੍ਰੈੱਸ ਵਿੱਚ ਕਰੀਬ 3-4 ਵਾਰ ਦੌਰਾ ਕੀਤਾ।ਪੇਪਰ, ਸਿਆਹੀ ਆਦਿ ਦਾ ਸਟਾਕ ਦਾ ਸਾਰਾ ਪ੍ਰਬੰਧ ਪਬਲੀਕੇਸ਼ਨ ਅਤੇ ਪ੍ਰਿੰਟਿੰਗ ਦਾ ਹੀ ਹੈ, ਜੋ ਆਡੀਟਰ, ਇੰਟਰਨਲ ਆਡੀਟਰ ਅਤੇ ਨਿਯੁਕਤ ਸੀ.ਏ. ਵੱਲੋਂ ਚੈੱਕ ਕਰਨਾ ਬਣਦਾ ਹੈ।

ਜਦ ਉਹਨਾਂ ਨੂੰ ਮਿਤੀ 19/05/2016 ਦੀ ਅਗਨੀ ਘਟਨਾ, ਜੋ ਗੁ.ਰਾਮਸਰ ਸਾਹਿਬ ਵਿੱਚ ਵਾਪਰੀ ਸੀ, ਬਾਰੇ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ, ***"ਜਦ ਮੈਨੂੰ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਮੈਂ, ਪ੍ਰਧਾਨ ਸ੍ਰ.ਅਵਤਾਰ ਸਿੰਘ ਮੱਕੜ ਅਤੇ ਹੋਰ ਐਗਜ਼ੀਕਿਊਟਿਵ ਮੈਂਬਰ ਜਿਵੇਂ ਕਿ ਸ੍ਰ.ਰਾਜਿੰਦਰ ਸਿੰਘ ਮਹਿਤਾ, ਸ੍ਰ.ਸੁਖਦੇਵ ਸਿੰਘ ਭੌਰ ਅਤੇ ਹੋਰ ਕੁੱਝ ਹੋਰ ਮੈਂਬਰਾਂ ਦੇ ਨਾਲ ਮੌਕੇ ਤੇ ਪਹੁੰਚਿਆ।ਸਾਨੂੰ ਦੱਸਿਆ ਗਿਆ ਕਿ ਅੱਗ ਲੱਗਣ ਦਾ ਕਾਰਨ, ਏ.ਸੀ. ਵਿਚ ਹੋਇਆ ਸ਼ਾਰਟ ਸਰਕਟ ਸੀ ਅਤੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ 14 ਪਾਵਨ ਸਰੂਪ ਨੁਕਸਾਨੇ ਗਏ ਜਿਹਨਾਂ ਵਿੱਚੋਂ ਕੁੱਝ ਅਗਨ ਭੇਂਟ ਹੋ ਗਏ ਸਨ ਅਤੇ ਕੁੱਝ ਫਾਇਰ ਇੰਜਣ ਦੇ ਪਾਣੀ ਨਾਲ ਨੁਕਸਾਨੇ ਗਏ ਸਨ।"*** ਉਹਨਾਂ ਨੇ ਇਹ ਵੀ ਦੱਸਿਆ ਕਿ ਇੱਕ ਕਮੇਟੀ ਬਣਾਈ ਗਈ, ਤਰੀਕੇ ਅਤੇ ਸਾਧਨ ਸੁਝਾਉਣ ਲਈ, ਤਾਂ ਜੋ ਅਜਿਹੀ ਘਟਨਾ ਦੁਬਾਰਾ ਨਾ ਘਟ ਸਕੇ।ਜਦ ਉਹਨਾਂ ਨੂੰ ਪੁੱਛਿਆ ਗਿਆ ਕਿ ਇਸ ਘਟਨਾ ਨੂੰ ਲੁਕਾਉਣ ਦੀ ਕੋਸ਼ਿਸ਼ ਕਿਉਂ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਇਸ ਘਟਨਾ ਬਾਰੇ ਪ੍ਰੈੱਸ ਵਿਚ ਖਬਰ ਛਾਪੀ ਗਈ ਸੀ।ਉਹਨਾਂ ਨੇ ਇਹ ਵੀ ਦੱਸਿਆ ਕਿ ਇਸ ਘਟਨਾ ਬਾਰੇ ਪ੍ਰਧਾਨ ਐੱਸ.ਜੀ.ਪੀ.ਸੀ. ਨੇ ਇਹ ਸਲਾਹ ਦਿੱਤੀ ਕਿ, ਕਿਉਂਕਿ ਇਹ ਮਸਲਾ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਇਸ ਲਈ ਉਸ ਪਾਵਨ ਅਸਥਾਨ ਤੇ ਪੁਲਿਸ ਨੂੰ ਨਹੀਂ ਜਾਣ ਦੇਣਾ ਚਾਹੀਦਾ।ਐੱਫ.ਆਈ.ਆਰ.

ਕਰਾਉਣ ਬਾਰੇ ਪ੍ਰਧਾਨ ਸਾਹਿਬ ਜੀ ਨੇ ਇਹ ਕਿਹਾ ਕਿ ਇਹ ਸਾਡਾ ਅੰਦਰੂਨੀ ਮਸਲਾ ਹੈ ਅਤੇ ਅਗਨੀ ਸ਼ਾਰਟ ਸਰਕਟ ਕਾਰਨ ਹੋਈ ਹੈ ਇਸ ਕਰਕੇ ਐਫ.ਆਈ.ਆਰ. ਕਰਾਉਣ ਦੀ ਲੋੜ ਨਹੀਂ ਸਮਝੀ ਗਈ।ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਜੋ ਪਾਵਨ ਸਰੂਪ ਮਿਤੀ 19/05/16 ਨੂੰ ਨੁਕਸਾਨੇ ਗਏ ਸਨ, ਉਹਨਾਂ ਦੀ ਐਂਟਰੀ ਗੋਇੰਦਵਾਲ ਸਾਹਿਬ ਦੇ ਰਜਿਸਟਰ ਵਿਚ ਕਿਉਂ ਨਹੀਂ ਹੈ।

ਉਹਨਾਂ ਨੇ ਅੱਗੇ ਇਹ ਕਿਹਾ ਕਿ ਪਬਲੀਕੇਸ਼ਨ ਵਿਭਾਗ ਦੇ ਲੇਜ਼ਰ ਅਤੇ ਰਿਕਾਰਡ ਦੀ ਦੇਖ ਰੇਖ ਕਰਨ ਦਾ ਕਾਰਜ ਰਿਕਾਰਡ ਕੀਪਰ ਅਤੇ ਅਕਾਊਂਟੈਂਟ ਦਾ ਹੈ।ਜਿਸਦੀ ਪੜਤਾਲ ਕਰਨ ਦਾ ਕੰਮ ਆਡੀਟਰ ਅਤੇ ਇੰਟਰਨਲ ਆਡੀਟਰ ਦਾ ਹੈ।ਇਸਤੋਂ ਇਲਾਵਾ ਇੰਟਰਨਲ ਆਡੀਟਰ ਦਾ ਕੰਮ ਖਰੀਦ ਦੀ ਪੜਤਾਲ, ਖਪਤ, ਵੇਸਟੇਜ਼ ਅਤੇ ਉਹਨਾਂ ਦਾ ਸਹੀ ਰਿਕਾਰਡ ਰੱਖਣਾ ਵੀ ਹੈ ਅਤੇ ਕੁਲ ਸਟਾਕ ਦੀ ਚੈਕਿੰਗ ਕਰਨਾ ਵੀ ਇੰਟਰਨਲ ਆਡੀਟਰ ਦਾ ਕੰਮ ਹੈ ਜਦ ਕਿ ਹਰ ਵਿੱਤੀ ਸਾਲ ਦੇ ਅੰਤ ਵਿੱਚ ਚੈੱਕ ਕਰਨਾ ਸੀ.ਏ. ਦਾ ਕੰਮ ਹੁੰਦਾ ਹੈ।

### 7.11 (ਚ) ਬਿਆਨ ਕਰਤਾ: – ਸ੍ਰ.ਹਰਜਿੰਦਰ ਸਿੰਘ ਮੌਜੂਦਾ ਸੇਵਾਦਾਰ ਪਬਲਿਕੇਸ਼ਨ ਵਿਭਾਗ

ਸ੍ਰ.ਹਰਜਿੰਦਰ ਸਿੰਘ ਨੇ 7ਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ।ਉਹਨਾਂ ਦੇ ਮੁਤਾਬਿਕ ਸ੍ਰ.ਸੁਖਵੰਤ ਸਿੰਘ ਤੇ ਸ੍ਰ.ਕੰਵਲਜੀਤ ਸਿੰਘ ਦੇ ਨਾਮ ਉੱਤੇ ਸਾਲ 2012-13 ਵਿੱਚ ਲਿਟਰੇਚਰ ਦੇ ਖਰਚ ਪਏ ਸੀ।ਉਹਨਾਂ ਨੇ ਇਹ ਵੀ ਦੱਸਿਆ ਕਿ ਗੁਟਕੇ ਅਤੇ ਸੈਂਚੀਆਂ ਬਾਹਰ ਜਾਂਦੀਆਂ ਹਨ ਅਤੇ ਉਹਨਾ ਨੂੰ ਸ਼ੱਕ ਹੈ ਕਿ ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਤੇ ਸ੍ਰ.ਜਸਪ੍ਰੀਤ ਸਿੰਘ ਵੀ ਇਹਨਾਂ ਦੇ ਨਾਲ ਰਲੇ ਹੋਏ ਹਨ।ਉਹਨਾਂ ਦਾ ਇਹ ਮੰਨਣਾ ਹੈ ਕਿ ਇਹ ਸਭ ਕੁਝ ਸ੍ਰ.ਕੰਵਲਜੀਤ ਸਿੰਘ ਦੀ ਲਾਪਰਵਾਹੀ ਕਰਕੇ ਹੀ ਹੋਇਆ।

### 7.12 (ਛ) ਬਿਆਨ ਕਰਤਾ: – ਸ੍ਰ.ਹਰਪ੍ਰੀਤ ਸਿੰਘ, ਕਲਰਕ ਪਬਲੀਕੇਸ਼ਨ

ਬਿਆਨ ਕਰਤਾ ਸ੍ਰ.ਹਰਪ੍ਰੀਤ ਸਿੰਘ (ਕਲਰਕ) ਅਨੁਸਾਰ ਜਦੋਂ ਪਾਵਨ ਸਰੂਪ ਬਾਈਂਡ ਹੋ ਕੇ ਆਉਂਦੇ ਹਨ ਤੇ ਅਸੀਂ ਉਹਨਾਂ ਪਾਵਨ ਸਰੂਪਾਂ ਦੀ ਰਸੀਦ ਕਟਦੇ ਹਾਂ ਤੇ ਪਾਵਨ ਸਰੂਪ ਲੜੀ ਨੰਬਰ ਅਨੁਸਾਰ ਲਗਾਏ ਜਾਂਦੇ ਹਨ।ਉਨਾਂ ਕਿਹਾ ਕਿ ਮੈਂ ਹਾਲ ਨੰ: 5 ਨੰਬਰ ਵਿੱਚ ਸੀ.ਜੀ.ਐਲ ਦੇ ਨਾਲ ਹੈਲਪਰ ਵਜੋਂ ਕੰਮ ਕਰਦਾ ਸੀ ਤੇ ਉਸ ਤੋਂ ਬਾਅਦ ਪ੍ਰੋਮੋਸ਼ਨ ਹੋਣ ਦੇ ਬਾਅਦ ਕਲਰਕ ਦੀ ਪੋਸਟ ਤੇ ਆ ਗਿਆ।ਉਹਨਾਂ ਦੱਸਿਆ ਕਿ ਉਸ ਨੂੰ ਸ੍ਰ.ਗੁਰਬਚਨ ਸਿੰਘ ਜੀ ਨੇ ਬੁਲਾ ਕੇ ਦੱਸਿਆ ਕਿ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ ਸੇਵਾ ਮੁਕਤ ਹੋ ਰਹੇ ਹਨ ਅਤੇ ਤੁਸੀਂ ਪਾਵਨ

ਸਰੂਪਾਂ ਦਾ ਚਾਰਜ ਲੈ ਲਓ।ਸ੍ਰ.ਗੁਰਮੁਖ ਸਿੰਘ ਵੱਲੋਂ ਸਟਾਕ ਚੈੱਕ ਕਰਨ ਤੇ ਪਤਾ ਲੱਗਾ ਕਿ ਸ੍ਰ.ਕੰਵਲਜੀਤ ਸਿੰਘ ਦਾ ਸਟਾਕ ਮੇਲ ਨਹੀਂ ਖਾਂਦਾ।ਇਸ ਲਈ ਸ੍ਰ.ਹਰਪ੍ਰੀਤ ਸਿੰਘ ਨੇ ਚਾਰਜ ਤੋਂ ਮਨਾ ਕਰ ਦਿੱਤਾ।ਪਰ ਸ੍ਰ.ਗੁਰਬਚਨ ਸਿੰਘ ਨੇ ਕਿਹਾ ਕਿ ਤੁਹਾਨੂੰ ਚਾਰਜ ਲੈਣਾ ਪੈਣਾ ਹੈ।ਉਸ ਤੋਂ ਬਾਅਦ ਲਾਕਡਾਊਨ ਹੋ ਗਿਆ ਜਿਸਦੇ ਦੌਰਾਨ ਸ੍ਰ.ਹਰਪ੍ਰੀਤ ਸਿੰਘ ਨੂੰ ਸ੍ਰ.ਗੁਰਬਚਨ ਸਿੰਘ ਦਾ ਫੋਨ ਆਇਆ ਤੇ ਹਾਜ਼ਰ ਹੋਣ ਨੂੰ ਕਿਹਾ ਤੇ ਉਨਾਂ ਨੂੰ ਸ੍ਰ.ਸੁਰਜੀਤ ਸਿੰਘ ਨੇ ਕਿਹਾ ਕਿ ਫਿਜ਼ੀਕਲ ਸਟਾਕ ਦਾ ਚਾਰਜ ਦੇ ਦਿੰਦੇ ਹਾਂ।ਗਿਣਤੀ ਕਰਨ ਤੇ ਪਤਾ ਲੱਗਿਆ ਕਿ ਲੈਜ਼ਰ ਵਿੱਚ 125 ਪਾਵਨ ਸਰੂਪ ਘੱਟ ਸਨ, ਜਦ ਕਿ ਪਹਿਲਾਂ ਘੱਟ ਪਾਵਨ ਸਰੂਪਾਂ ਦੀ ਗਿਣਤੀ 175 ਸੀ।ਇਸ ਫ਼ਰਕ ਦੀ ਜਾਣਕਾਰੀ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਨੂੰ ਵੀ ਦਿੱਤੀ ਗਈ।ਫਿਰ ਪਤਾ ਲੱਗਾ ਕਿ ਸ੍ਰ.ਕੰਵਲਜੀਤ ਸਿੰਘ ਨੇ 50 ਪਾਵਨ ਸਰੂਪ ਤਿਆਰ ਕਰਵਾ ਕੇ ਸਟੋਰ ਵਿਚ ਰਖਵਾ ਦਿੱਤੇ ਤੇ ਸਟੋਰ ਰਸੀਦ ਨਹੀਂ ਕੱਟੀ।ਉਹਨਾਂ ਦੱਸਿਆ ਕਿ 3 ਸਟੋਰ ਰਸੀਦਾਂ ਲਾਕਡਾਊਨ ਦੇ ਸਮੇਂ ਦੀਆਂ ਕੱਟੀਆਂ ਹਨ ਜਿਨ੍ਹਾਂ ਦੇ ਨੰਬਰ ਬਾਅਦ ਵਿਚ ਲਗਾਏ ਹਨ ਅਤੇ ਸ੍ਰ.ਹਰਪ੍ਰੀਤ ਸਿੰਘ ਨੇ ਚਾਰਜ ਲੈਣ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਇਹ 50 ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ ਨੇ ਬਿਨਾਂ ਕਿਸੇ ਦੀ ਆਗਿਆ ਤੋਂ ਬਿਰਾਜਮਾਨ ਕਰਵਾਏ ਸੀ।ਬਾਅਦ ਵਿਚ ਇੰਨਾਂ ਪਾਵਨ ਸਰੂਪਾਂ ਦੀ ਐਂਟਰੀ ਰਸੀਦ ਨੰ: 1426 ਮਿਤੀ 05/03/2020 ਨੂੰ ਕਰ ਦਿੱਤੀ ਗਈ।

**7.13 (ਜ) ਬਿਆਨ ਕਰਤਾ: –ਸ੍ਰ.ਸੁਖਦੇਵ ਸਿੰਘ ਭੂਰਾ (ਐਡੀ. ਸਕੱਤਰ)**

ਸ੍ਰ.ਸੁਖਦੇਵ ਸਿੰਘ ਜੀ ਐਸ.ਜੀ.ਪੀ.ਸੀ. ਵਿਚ 33.5 ਸਾਲਾਂ ਤੋਂ ਸੇਵਾ ਨਿਭਾ ਰਹੇ ਹਨ।ਮਿਤੀ 19/05/2016 ਨੂੰ ਡਾ.ਰੂਪ ਸਿੰਘ ਜੀ ਦੇ ਇਤਲਾਹ ਦੇਣ ਤੇ ਤਕਰੀਬਨ 08 ਤੋਂ 8.30 ਵਜੇ, ਉਹਨਾਂ ਦੇ ਨਾਲ ਹੀ ਘਟਨਾ ਸਥਾਨ ਤੇ ਪਹੁੰਚੇ ਸਨ।ਉਸ ਸਮੇਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਮੌਜੂਦਗੀ ਅਤੇ ਤਕਰੀਬਨ 70 ਤੇ ਕਰੀਬ ਸਰੀਰ ਉੱਥੇ ਸਨ।ਮੌਕੇ ਤੇ ਪਹੁੰਚੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ, ਜਿਨ੍ਹਾਂ ਵਿੱਚ ਸ੍ਰ.ਹਰਚਰਨ ਸਿੰਘ (ਮੁੱਖ ਸਕੱਤਰ), ਡਾ: ਰੂਪ ਸਿੰਘ, ਸ੍ਰ.ਮਨਜੀਤ ਸਿੰਘ, ਮੀਤ ਸਕੱਤਰ, ਵੀ ਉੱਥੇ ਸਨ।ਸ੍ਰ.ਸੁਖਦੇਵ ਸਿੰਘ ਜੀ ਦੇ ਮੁਤਾਬਿਕ ਜੋ ਪਲੰਘ ਏ.ਸੀ. ਦੀ ਕੋਲ ਸੀ, ਉਸਦੇ ਕੁਝ ਪਾਵਨ ਸਰੂਪ ਅਗਨ ਭੇਂਟ ਹੋਏ ਸਨ ਅਤੇ ਕੁੱਝ ਪਾਣੀ ਨਾਲ ਭਿੱਜ ਚੁੱਕੇ ਸਨ।ਗਿਣਤੀ ਵਿਚ 14 ਪਾਵਨ ਸਰੂਪ, ਗੋਇੰਦਵਾਲ਼ ਸਾਹਿਬ ਲਿਜਾਏ ਗਏ ਅਤੇ ਜਿਹਨਾਂ ਗੱਡੀਆਂ ਵਿੱਚ ਲਿਜਾਇਆ ਗਿਆ, ਉਹਨਾਂ ਵਿੱਚੋ ਇੱਕ ਗੱਡੀ ਵਿੱਚ ਸ੍ਰ.ਸੁਖਦੇਵ ਸਿੰਘ ਵੀ ਸਨ।ਗੋਇੰਦਵਾਲ ਸਾਹਿਬ ਜਾਣ ਵਾਲੀਆਂ ਗੱਡੀਆਂ ਵਿੱਚ ਇਕ ਬੱਸ ਅਤੇ ਪੁਲਿਸ ਵਾਲੀ ਗੱਡੀ ਸੀ।ਬੱਸ ਦੇ ਵਿਚ 14 ਪਾਵਨ ਸਰੂਪ ਸਨ ਜੋ ਅਗਨ ਭੇਂਟ ਕਰਨ ਵਾਸਤੇ ਗੋਇੰਦਵਾਲ਼

ਸਾਹਿਬ ਲਿਜਾਏ ਗਏ।15 ਤੋਂ 16 ਸਰੀਰ ਬੱਸ ਵਿਚ ਸਨ ਜੋ ਕਿ ਪਬਲੀਕੇਸ਼ਨ ਵਿਭਾਗ ਦੇ ਕਰਮਚਾਰੀ ਸਨ, 12 ਤੋਂ 14 ਉਹਨਾਂ ਦੀਆਂ 3 ਇਨੋਵਾ ਗੱਡੀਆਂ ਵਿੱਚ ਸਨ।ਕੇਵਲ ਮੁੱਖ ਅਧਿਕਾਰੀ ਹੀ ਬਾਬਾ ਜੀ ਕੋਲ ਕਮਰੇ ਵਿੱਚ ਗਏ, ਬਾਕੀ ਸਾਰੇ ਗ੍ਰੰਥੀ ਪਾਵਨ ਸਰੂਪਾਂ ਦੀ ਸੇਵਾ ਨਿਭਾਅ ਰਹੇ ਸਨ।ਉਹਨਾਂ ਦੀ ਕੋਈ ਐਸੀ ਗੱਲ ਬਾਬਾ ਨਰਿੰਦਰ ਸਿੰਘ ਜੀ ਨਾਲ ਨਹੀਂ ਹੋਈ ਜਿਸ ਵਿੱਚ ਇਹ ਕਿਹਾ ਗਿਆ ਹੋਵੇ ਕਿ ਇਹਨਾਂ ਪਾਵਨ ਸਰੂਪਾਂ ਦੀ ਗੱਲ ਨੂੰ ਦਬਾਇਆ ਜਾਵੇ ਅਤੇ ਰਜਿਸਟਰ ਵਿੱਚ ਐਂਟਰੀ ਨਾ ਕੀਤੀ ਜਾਵੇ।ਉਹਨਾਂ ਕਿਹਾ ਕਿ ਉਹਨਾਂ ਦੀ ਡਿਊਟੀ ਨਹੀਂ ਸੀ ਪਾਵਨ ਸਰੂਪਾਂ ਦੇ ਨਾਲ ਜਾਣ ਦੀ ਪਰ ਉਹ ਆਪਣਾ ਫਰਜ਼ ਸਮਝ ਕੇ ਗੁਰੂ ਮਹਾਰਾਜ ਜੀ ਦੇ ਸਤਿਕਾਰ ਲਈ ਉੱਥੇ ਗਏ ਸਨ।

## 7.14 (ਝ) ਬਿਆਨ ਕਰਤਾ:- ਸ੍ਰ.ਸਿਮਰਨਜੀਤ ਸਿੰਘ (ਸੁਪਰਵਾਈਜ਼ਰ)

ਇਹ ਸਾਲ 2012 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਸੁਪਰਵਾਈਜ਼ਰ ਭਰਤੀ ਹੋਏ ਸਨ।ਮਿਤੀ 19/05/2016 ਦੀ ਘਟਨਾ ਦੀ ਪੜਤਾਲ ਕਮੇਟੀ ਵਿੱਚ ਇਹ ਸ੍ਰ.ਜਰਨੈਲ ਸਿੰਘ ਦੇ ਸਹਿਯੋਗੀ ਸਨ।ਇਹਨਾਂ ਦੇ ਇੰਚਾਰਜ ਸ੍ਰ.ਕੁਲਦੀਪ ਸਿੰਘ ਰੋਡੇ ਸਨ।ਪੜਤਾਲ ਆਰੰਭ ਕਰਦਿਆਂ ਇਹਨਾਂ ਨੇ ਸ੍ਰ.ਕੰਵਲਜੀਤ ਸਿੰਘ ਨੂੰ ਦਫਤਰ ਬੁਲਾਇਆ ਅਤੇ 10-15 ਦਿਨਾਂ ਬਾਅਦ ਇਹ ਮੌਕੇ ਤੇ ਗਏ।ਸਾਲ 2016 ਦੀ ਘਟਨਾ ਬਾਰੇ ਇਹਨਾਂ ਨੇ ਦੱਸਿਆ ਕਿ ਇਹ ਸਾਲ 2016 ਵਿੱਚ ਐਸ.ਜੀ.ਪੀ.ਸੀ ਦੇ ਗੇਟ ‘ਤੇ ਸੇਵਾਦਾਰ ਸਨ।

## 7.15 (ਞ) ਬਿਆਨ ਕਰਤਾ:- ਸ੍ਰ.ਪਰਮਜੀਤ ਸਿੰਘ

ਇਹ ਮਿਤੀ 31/03/2017 ਨੂੰ ਮੀਤ-ਸਕੱਤਰ ਦੀ ਪੋਸਟ ਤੋਂ ਸੇਵਾ ਮੁਕਤ ਹੋਏ।ਮਿਤੀ 19/05/2016 ਨੂੰ ਅਗਨ ਘਟਨਾ ਵਾਪਰੀ ਸੀ, ਉਸ ਬਾਰੇ ਉਹਨਾਂ ਨੂੰ ਸੁਪ੍ਰਿਟੈਂਡੈਂਟ ਜੀ ਨੇ ਫੋਨ ਤੇ ਜਾਣਕਾਰੀ ਦਿੱਤੀ ਸੀ।ਸੁਪ੍ਰਿਟੈਂਡੈਂਟ ਜੀ ਨੇ ਉਹਨਾਂ ਨੂੰ ਫੋਨ ਤੇ ਦੱਸਿਆ ਕਿ ਘਟਨਾ ਵਾਲੇ ਅਸਥਾਨ ਤੇ ਸਾਰੇ ਅਧਿਕਾਰੀ ਆ ਚੁੱਕੇ ਹਨ।ਜਦ ਉਹ 8 ਵਜੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਹੁੰਚੇ ਤਾਂ ਉੱਥੇ ਫਾਇਰ ਇੰਜਨ ਆ ਚੁੱਕੀ ਸੀ।ਜਦੋਂ ਉਹ ਪਹੁੰਚੇ ਤਾਂ ਮੁੱਖ ਸਕੱਤਰ ਸ੍ਰ.ਹਰਚਰਨ ਸਿੰਘ, ਸ੍ਰ.ਸੁਖਦੇਵ ਸਿੰਘ ਭੂਰਾ, ਸਕੱਤਰ ਸ੍ਰ.ਮਨਜੀਤ ਸਿੰਘ, ਮੀਤ ਸਕੱਤਰ ਸ੍ਰ.ਸਕੱਤਰ ਸਿੰਘ, ਮੈਨੇਜਰ ਦਰਬਾਰ ਸਾਹਿਬ, ਅਮਲਾ ਦਾ ਸਟਾਫ, ਪਬਲੀਕੇਸ਼ਨ ਵਿਭਾਗ, ਬਹੁਤ ਸਾਰੀ ਸੰਗਤ ਅਤੇ ਪ੍ਰੈੱਸ ਵੀ ਉੱਥੇ ਮੌਜੂਦ ਸੀ।ਉਹਨਾਂ ਨੂੰ ਮੁੱਖ ਸਕੱਤਰ ਸਾਹਿਬ ਨੇ ਜਾਣਕਾਰੀ ਦਿੱਤੀ ਕਿ 5 ਪਾਵਨ ਸਰੂਪ ਸ਼ਾਰਟ ਸਰਕਟ ਨਾਲ ਨੁਕਸਾਨੇ ਗਏ ਸਨ।ਇੱਕ -ਡੇਢ

ਪਲੰਘ ਸਾਹਿਬ ਜੋ ਅਗਨੀ ਨਾਲ ਨੁਕਸਾਨੇ ਗਏ ਸਨ, ਉਹ ਉੱਥੇ ਹੀ ਪਏ ਸਨ ਅਤੇ ਬਾਕੀ ਸਾਰੇ ਪਾਵਨ ਸਰੂਪ ਦੂਸਰੇ ਹਾਲ ਵਿਚ ਲਿਜਾ ਚੁੱਕੇ ਗਏ ਸਨ।ਉਹਨਾਂ ਮੁਤਾਬਿਕ ਉਹਨਾਂ ਦੇ ਆਉਣ ਤੋਂ ਪਹਿਲਾਂ, ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲਿਜਾ ਚੁੱਕੇ ਸਨ।ਉਹਨਾਂ ਨੇ ਬਤੌਰ ਪੀ.ਏ. ਆਪਣੀਆਂ ਸੇਵਾਵਾਂ ਦੱਸਦਿਆਂ ਕਿਹਾ ਕਿ ਪ੍ਰਧਾਨ ਜੀ ਦੇ ਕੋਲ ਜੋ ਪ੍ਰਵਾਨਗੀ ਵਾਸਤੇ ਪੱਤਰ ਆਉਂਦੇ, ਉਹ ਪੱਤਰ ਉਹ ਪ੍ਰਧਾਨ ਜੀ ਨੂੰ ਪੜ੍ਹ ਕੇ ਸੁਣਾਉਂਦੇ, ਜਿਸਨੂੰ ਪ੍ਰਧਾਨ ਜੀ ਅਸੂਲਾਂ ਅਨੁਸਾਰ ਪ੍ਰਵਾਨਗੀ ਦਿੰਦੇ।ਪ੍ਰਧਾਨ ਜੀ ਦੇ ਇਹਨਾਂ ਆਦੇਸ਼ਾਂ ਨੂੰ ਲਾਗੂ ਕਰਵਾਉਣਾ, ਸ੍ਰ.ਪਰਮਜੀਤ ਸਿੰਘ ਦਾ ਕੰਮ ਸੀ।ਪੁੱਛਣ ਤੇ ਉਹਨਾਂ ਨੇ ਸਹਿਮਤੀ ਦਿੱਤੀ ਕਿ ਐਸ.ਜੀ.ਪੀ.ਸੀ. ਰਾਹੀਂ ਸਾਲ 2015-2016 ਵਿੱਚ ਇੱਕ ਮਤਾ ਪਾਸ ਹੋਇਆ ਸੀ ਜਿਸ ਅਨੁਸਾਰ ਪਾਵਨ ਸਰੂਪਾਂ ਦੇ ਬਿਰਾਜਮਾਨ ਹੋਣ ਵਾਲੇ ਅਸਥਾਨਾਂ ਤੇ ਸੀ.ਸੀ.ਟੀ.ਵੀ. ਕੈਮਰੇ ਲੱਗਣੇ ਅਤੇ ਰਾਤ ਨੂੰ ਇੱਕ ਸੇਵਾਦਾਰ ਹੋਣਾ ਲਾਜ਼ਮੀ ਸੀ ਤੇ ਐਸਾ ਇੱਕ ਆਦੇਸ਼ ਸਾਲ 2018 ਵਿੱਚ ਸਿੰਘ ਸਾਹਿਬਾਨਾਂ ਨੇ ਵੀ ਦਿੱਤਾ ਸੀ।ਪਰ ਉਹਨਾਂ ਕਿਹਾ ਕਿ ਸਾਲ 2016 ਵਿੱਚ ਪਬਲੀਕੇਸ਼ਨ ਵਿਭਾਗ ਵਿੱਚ ਕੈਮਰੇ ਸਨ ਜਾਂ ਨਹੀਂ, ਇਸ ਬਾਰੇ ਉਹਨਾਂ ਨੂੰ ਨਹੀਂ ਪਤਾ।ਉਹਨਾਂ ਕਿਹਾ ਕਿ ਉਹ ਮਿਤੀ 05/05/2016 ਨੂੰ ਹੀ ਪੀ.ਏ. ਦੀ ਪੋਸਟ 'ਤੇ ਆਏ ਸਨ ਤੇ ਅਗਨ ਘਟਨਾ ਮਿਤੀ 19/05/2016 ਨੂੰ ਵਾਪਰੀ, ਇਸ ਲਈ ਉਹਨਾਂ ਨੂੰ ਸੈਟਿੰਗ ਵਿਚ ਸਮ੍ਹਾਂ ਲੱਗ ਗਿਆ ਸੀ ਕਿਉਂਕਿ ਉਹਨਾਂ ਦਾ ਕੰਮ 35 ਸਾਲਾਂ ਤੋਂ ਫੀਲਡ ਦਾ ਸੀ।ਉਹਨਾਂ ਨੇ ਇਹ ਮੰਨਿਆ ਕਿ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਪਬਲੀਕੇਸ਼ਨ ਵਿਭਾਗ ਵਿਚ ਜਿੱਥੇ ਪਾਵਨ ਸਰੂਪ ਤਿਆਰ ਹੋਕੇ ਬਿਰਾਜਮਾਨ ਕੀਤੇ ਜਾਂਦੇ ਹਨ, ਉੱਥੇ ਸੀ.ਸੀ.ਟੀ.ਵੀ. ਕੈਮਰੇ ਅਤੇ ਰਾਤ ਨੂੰ ਸੇਵਾਦਾਰ ਦਾ ਹੋਣਾ ਲਾਜ਼ਮੀ ਹਨ।ਉਹਨਾਂ ਮੰਨਿਆ ਕਿ ਹਰ ਵਿਭਾਗ ਵਿੱਚ ਇੰਚਾਰਜ ਹੁੰਦਾ ਹੈ ਜਿਸਦਾ ਫਰਜ਼ ਹੁੰਦਾ ਹੈ ਕਿ ਉਹ ਆਪਣੇ ਲੈਜ਼ਰ ਨੂੰ ਪੂਰਾ ਰੱਖੇ ਤੇ ਫਿਜ਼ੀਕਲ ਚੈਕਿੰਗ ਕਰਕੇ, ਵਾਧ-ਘਾਟ ਬਾਰੇ ਆਪਣੇ ਅਧਿਕਾਰੀਆਂ ਨੂੰ ਜਾਣਕਾਰੀ ਦੇਵੇ।ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਬਹਿਬਲ ਕਲਾਂ ਅਤੇ ਬਰਗਾੜੀ ਕਾਂਡ ਤੋਂ ਬਾਅਦ ਸਰਕਾਰ ਵੱਲੋਂ ਐਸਾ ਕੋਈ ਆਡਰ ਨਿਕਲਿਆ ਹੋਵੇ ਕਿ ਪਾਵਨ ਸਰੂਪਾਂ ਦੇ ਪਿੱਛੇ ਵਿਸ਼ੇਸ਼ ਨੰਬਰ ਲਗਾਏ ਜਾਣ ਜਿਸ ਦੁਆਰਾ ਪਾਵਨ ਸਰੂਪਾਂ ਦੀ ਬਣਤਰ ਦੀ ਤਰੀਕ ਅਤੇ ਉਹਨਾਂ ਦੀ ਪਹੁੰਚ ਬਾਰੇ ਪਤਾ ਲਗਾਇਆ ਜਾ ਸਕੇ।

ਉਹਨਾਂ ਦੱਸਿਆ ਕਿ ਮਿਤੀ 19/05/2016 ਤੋਂ ਬਾਅਦ ਉਹਨਾਂ ਵੱਲੋਂ ਜਾਂ ਪ੍ਰਧਾਨ ਸਾਹਿਬ ਵੱਲੋਂ ਕਦੇ ਕੋਈ ਆਰਡਰ ਨਹੀਂ ਕੀਤਾ ਗਿਆ ਕਿ 14 ਪਾਵਨ ਸਰੂਪ ਜੋ ਨੁਕਸਾਨੇ ਗਏ ਸਨ, ਉਹਨਾਂ

ਦੇ ਨੰਬਰ ਟਰੇਸ ਕੀਤੇ ਜਾਣ ਕਿਉਂਕਿ ਇਹ ਕੰਮ ਇੰਚਾਰਜ, ਮੀਤ ਸਕੱਤਰ, ਐਡੀਸ਼ਨਲ ਸਕੱਤਰ ਅਤੇ ਸਕੱਤਰ ਦਾ ਹੈ।ਅਤੇ ਉਹਨਾਂ ਦਾ ਕੰਮ ਰੋਜਾਨਾ ਦੀ ਡਾਕ, ਬਦਲੀਆਂ ਅਤੇ ਸਰਕਾਰੀ ਕਾਗਜ ਪੱਤਰ ਜੋ ਸੰਸਥਾ ਨਾਲ ਸਬੰਧਿਤ ਹੈ, ਤਕ ਹੀ ਸੀਮਿਤ ਹੈ।

ਉਹਨਾਂ ਨੇ ਦਸਤਾਵੇਜ਼ ਨੰ: ਵ/1 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ.82) ਦੇਖ ਕੇ ਮੰਨਿਆ ਕਿ ਸ੍ਰ.ਬਾਜ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਦੀਆਂ ਕਮੀਆਂ ਅਤੇ ਉਹਨਾਂ 'ਤੇ ਲੱਗੇ ਜੁਰਮਾਨੇ ਨੂੰ ਮੁੱਖ ਰੱਖਦਿਆਂ ਉਹਨਾਂ ਦੀ ਬਦਲੀ ਹੋਣੀ ਚਾਹੀਦੀ ਸੀ ਅਤੇ ਸਟੋਰ ਮਿਲਾਨ ਕਰ ਲੈਣਾ ਚਾਹੀਦਾ ਸੀ ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਜਿਲਦਸਾਜ਼ ਵਧੇਰੇ ਅੰਗਾਂ ਚੋਂ ਪਾਵਨ ਸਰੂਪ ਤਿਆਰ ਕਰਕੇ ਵੇਚ ਰਹੇ ਹਨ।ਉਹਨਾਂ ਇਹ ਕਿਹਾ ਕਿ ਮੌਜੂਦਾ ਸੀ.ਏ. ਦੇ ਆਉਂਣ ਨਾਲ ਸੰਸਥਾ ਦਾ ਨੁਕਸਾਨ ਹੋਇਆ ਹੈ।ਉਹਨਾਂ ਇਹ ਵੀ ਕਿਹਾ ਕਿ ਸੀ.ਏ. ਦੇ ਮੁਲਾਜ਼ਿਮ ਤਨਖਾਹਾਂ ਐਸ.ਜੀ.ਪੀ.ਸੀ. ਤੋਂ ਲੈਂਦੇ ਹਨ ਤੇ ਠੇਕੇਦਾਰੀ ਦੀ ਮੋਟੀ ਰਕਮ ਸੀ.ਏ. ਆਪ ਲੈਂਦਾ ਹੈ।

**7.16 <u>(ਟ) ਬਿਆਨ ਕਰਤਾ: – ਸ੍ਰ.ਨਰਿੰਦਰ ਸਿੰਘ ਸੁਪਰਵਾਈਜ਼ਰ</u>**

ਸ੍ਰ.ਨਰਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਪਬਲੀਕੇਸ਼ਨ ਵਿਚ ਸਾਲ 2017 ਵਿਚ ਬਤੌਰ ਸੁਪਰਵਾਈਜ਼ਰ ਦੀ ਡਿਊਟੀ ਨਿਭਾਈ।ਉਹ ਸਾਲ 1997 ਤੋਂ ਮਈ 2017 ਤੱਕ ਪ੍ਰੈੱਸ ਵਿੱਚ ਰਹੇ।ਉਹਨਾਂ ਨੂੰ ਪ੍ਰੈੱਸ ਤੋਂ ਆਰਡਰ ਰਾਹੀਂ ਪਬਲੀਕੇਸ਼ਨ ਵਿਖੇ ਆਰਡਰ ਪਾ ਕੇ ਭੇਜਿਆ ਗਿਆ।ਉਹਨਾਂ ਦੀ ਜਦ ਪਬਲੀਕੇਸ਼ਨ ਵਿਭਾਗ ਵਿਚ ਬਦਲੀ ਹੋ ਚੁੱਕੀ ਸੀ, ਉਦੋਂ ਸ੍ਰ.ਪਰਮਿੰਦਰ ਸਿੰਘ ਇੰਚਾਰਜ ਸਨ ਜਿਨ੍ਹਾਂ ਦੀ ਹੁਣ ਬਦਲੀ ਹੋ ਚੁੱਕੀ ਹੈ।

ਉਹਨਾਂ ਦੱਸਿਆ ਕਿ ਤਿੰਨ ਬੰਦੇ ਕਾਗਜ ਖਰੀਦ ਕਰਨ ਵਿਚ ਸਨ, ਸ੍ਰੀ ਨਾਰਾਇਣ ਸਿੰਘ ਮੈਨੇਜਰ ਅਤੇ ਸਟੋਰ ਕੀਪਰ।ਉਹਨਾਂ ਨੇ ਇਹ ਵੀ ਦੱਸਿਆ ਕਿ ਜਦੋਂ ਜਿਲਜ਼ਸਾਜ਼ਾ ਨੂੰ ਪ੍ਰਿੰਟਿੰਗ ਪ੍ਰੈੱਸ ਤੋਂ ਫਰਮੇ ਚੁਕਾਏ ਜਾਂਦੇ ਹਨ, ਤਦ ਫਰਮਿਆਂ ਦੇ ਨਾਲ ਤਕਰੀਬਨ 10–20 ਅੰਗ ਵਧੇਰੇ ਦਿੱਤੇ ਜਾਂਦੇ ਹਨ।

ਪਬਲੀਕੇਸ਼ਨ ਵਿਭਾਗ ਵਿਚ ਬਤੌਰ ਸੁਪਰਵਾਈਜ਼ਰ, ਉਹਨਾਂ ਨੇ ਆਪਣੀਆਂ ਸੇਵਾਵਾਂ ਦੱਸਦੇ ਹੋਏ ਕਿਹਾ ਕਿ ਸਾਫ ਸਫਾਈ, ਚੰਦੋਆ ਸਾਹਿਬ ਤੇ ਪੜਦਿਆਂ ਦੀ ਸੇਵਾ ਕਰਵਾਉਣਾ, ਜਦੋਂ ਕੋਈ ਇੰਚਾਰਜ ਉੱਥੇ ਨਾ ਹੋਵੇ ਤਾਂ ਸੁਪਰਵਾਈਜ਼ਰ ਨੂੰ ਉਸ ਜਗ੍ਹਾ ਕੰਮ ਕਰਨਾ, ਸ੍ਰ.ਕੰਵਲਜੀਤ ਸਿੰਘ

ਦੇ ਨਾਲ ਜੋ ਮੰਗਾਂ ਬਾਹਰਲੇ ਗੁਰਦੁਆਰਾ ਸਾਹਿਬਾਨਾਂ ਤੋਂ ਆਉਦੀਆਂ, ਉਹਨਾਂ ਦੀਆਂ ਲਿਸਟਾਂ ਬਣਾ ਕੇ ਸਕੱਤਰ ਸਾਹਿਬ ਤੋਂ ਆਗਿਆ ਕਰਵਾਉਣੀ, ਉਹਨਾਂ ਦੀਆਂ ਸੇਵਾਵਾਂ ਵਿਚ ਸ਼ਾਮਿਲ ਸਨ।

ਇੱਕ ਦਿਨ ਉਹਨਾਂ ਨੂੰ ਸਾਫ-ਸਫਾਈ ਕਰਦਿਆਂ ਇੱਕ ਬੈਗ ਦੇ ਵਿੱਚ ਇਕ ਡੁੱਚ ਮਿਲਿਆ ਤੇ ਉਹਨਾਂ ਨੇ ਉਸ ਬਾਰੇ ਸ੍ਰ.ਕੰਵਲਜੀਤ ਸਿੰਘ ਨੂੰ ਪੁੱਛਿਆ ਤੇ ਉਸ ਨੇ ਕਿਹਾ ਕਿ ਇਹ ਝਗੜੇ ਵਾਲਾ ਡੁੱਚ ਹੈ।ਫਿਰ ਉਹਨਾਂ ਨੇ ਕੋਰਟ-ਕਚਿਹਰੀ ਤੇ ਦਫਤਰੀ ਕਾਰਵਾਈ ਕਰਵਾ ਕੇ ਫੈਸਲੇ ਤੋਂ ਬਾਅਦ ਇਹ ਖਰਚ ਪਾਇਆ।ਸਾਲ 2013 ਵਿਚ ਹੀ ਇਸ ਡੁੱਚ ਦੇ ਪੈਸੇ ਜਮ੍ਹਾਂ ਹੋ ਚੁੱਕੇ ਸਨ।ਅਤੇ ਸਾਲ 2017-18 ਵਿਚ ਉਸ ਦੀ ਐਂਟਰੀ ਲੈਜ਼ਰ ਵਿੱਚ ਹੋਈ।ਉਹਨਾਂ ਦੱਸਿਆ ਕਿ ਉਹਨਾਂ ਦੀ ਡੇਢ ਸਾਲ ਦੀ ਸਰਵਿਸ ਵਿੱਚ ਲਿਖਤ ਤੌਰ ਤੇ ਉਹਨਾਂ ਕੋਲ ਕੁਝ ਨਹੀਂ ਸੀ ਪਰ ਉਹ ਇੰਚਾਰਜ਼ ਦੀ ਸੇਵਾ ਨਿਭਾਉਂਦੇ ਰਹੇ।

ਉਹਨਾਂ ਕਿਹਾ ਕਿ ਸਟਾਕ ਚੈੱਕ ਕਰਨ ਦੀ ਜਿੰਮੇਵਾਰੀ ਸੀ.ਜੀ.ਐਲ ਦੀ ਅਤੇ ਸਟੋਰ ਕੀਪਰ ਦੀ ਹੁੰਦੀ ਹੈ, ਸੁਪਰਵਾਈਜ਼ਰ ਦੀ ਨਹੀਂ ਹੁੰਦੀ।ਉਹਨਾਂ ਨੇ ਕਦੇ ਵੀ ਫਿਜ਼ੀਕਲ ਸਟਾਕ ਚੈੱਕ ਕਰਕੇ ਰਿਪੋਰਟ ਨਹੀਂ ਬਣਾਈ ਅਤੇ ਨਾ ਹੀ ਕਿਤੇ ਸਾਈਨ ਕੀਤੇ।ਉਹਨਾਂ ਨੇ ਕਦੇ ਵੀ ਮੌਕੇ ਦਾ ਜ਼ਾਇਜਾ ਲੈ ਕੇ ਕਿਤੇ ਦਰਜ ਨਹੀਂ ਕੀਤਾ ਕਿ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਅਤੇ ਸ੍ਰ.ਕੁਲਵੰਤ ਸਿੰਘ ਨੇ ਗੁਟਕਾ ਸਾਹਿਬ, ਸੈਂਚੀਆਂ, ਸ਼ਬਦਾਰਥ, ਵਧੇਰੇ ਅੰਗਾਂ ਤੋਂ ਬਣਾਏ ਹੋਣ ਜਾਂ ਕਿੰਨਾ ਸਟਾਕ ਜਿਲਦਸਾਜ਼ਾਂ ਕੋਲ ਆਰਡਰ ਤੇ ਬਣਿਆ ਹੈ।

ਉਹਨਾਂ ਦੱਸਿਆ ਕਿ ਸਾਲ 2012-13 ਦਾ ਆਡਿਟ ਉਹਨਾਂ ਦੇ ਹੁੰਦਿਆਂ ਹੋਇਆ ਪਰ ਉਹਨਾਂ ਕੋਲ ਚੈੱਕ ਕਰਨ ਦੀ ਅਥਾਰਿਟੀ ਨਹੀਂ ਸੀ।ਸ੍ਰ.ਗੁਰਬਚਨ ਸਿੰਘ ਜੀ ਮੀਤ ਸਕੱਤਰ ਨਾਲ ਗੱਲ ਕਰਕੇ ਉਹਨਾਂ ਨੇ ਸ੍ਰ.ਮਨਿੰਦਰ ਸਿੰਘ ਦੀ ਬਦਲੀ ਕਰਵਾ ਕੇ ਪਬਲੀਕੇਸ਼ਨ ਵਿਚ ਲਿਆਂਦਾ ਕਿਉਂਕਿ ਆਡਿਟ ਹੋ ਰਿਹਾ ਸੀ ਤੇ ਸ੍ਰ.ਕੰਵਲਜੀਤ ਸਿੰਘ ਨੂੰ ਆਡਿਟ ਬਾਰੇ ਕੋਈ ਜਾਣਕਾਰੀ ਨਹੀਂ ਸੀ ਤੇ ਉਹਨਾਂ ਦੇ ਕਹਿਣ ਤੇ ਸ੍ਰ.ਮਨਿੰਦਰ ਸਿੰਘ ਸਾਲ 2012-13 ਤੋਂ ਲੈ ਕੇ ਹੁਣ ਤੱਕ ਆਡਿਟ ਕਰਵਾ ਰਹੇ ਹਨ।

ਉਹਨਾਂ ਦੱਸਿਆ ਕਿ ਸੁਪਰਵਾਈਜ਼ਰ ਦੇ ਦਸਤਖਤ ਸਟੋਰ ਰਸੀਦ ਅਤੇ ਠੇਕੇਦਾਰਾਂ ਦੇ ਬਿੱਲ ਤੇ ਹੁੰਦੇ ਹਨ ਪਰ ਬਿੱਲ ਅਤੇ ਡੁੱਚ ਤੇ ਸਾਈਨ ਨਹੀਂ ਹੁੰਦੇ।ਸਾਲ 2017-18 ਦੇ ਪਾਵਨ ਸਰੂਪਾਂ ਦੀ ਬਿੱਲ ਬੁੱਕ ਮਿਤੀ 31/03/2018 ਨੂੰ ਬਿੱਲ ਨੰ: 28087 ਮਿਤੀ 30/12/2017 ਨੂੰ ਚੈੱਕ ਕਰਨ

‘ਤੇ ਉਹਨਾਂ ਨੂੰ ਪਤਾ ਲੱਗਾ ਕਿ ਉਸ ਬਿੱਲ ਦੀ ਭੇਟਾ ਜਮ੍ਹਾਂ ਨਹੀਂ ਹੋਈ ਸੀ।ਉਹਨਾਂ ਨੇ ਇਸ ਪੇਮੈਂਟ ਬਾਰੇ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ ਸਿੰਘ ਨੂੰ ਪੁੱਛਿਆ ਤਾਂ ਉਹਨਾਂ ਨੇ ਕੋਈ ਸਹੀ ਜਵਾਬ ਨਹੀਂ ਦਿੱਤਾ।ਉਸ ਤੋਂ ਉਪਰੰਤ ਉਹਨਾਂ ਨੇ ਲਖਨਊ ਗੱਲ ਕੀਤੀ ਜਿਸਤੋਂ ਉਹਨਾਂ ਨੂੰ ਪਤਾ ਲੱਗਾ ਕਿ ਸ੍ਰ.ਬਾਜ ਸਿੰਘ ਇਹ ਪੇਮੈਂਟ ਉਥੋਂ ਨਗਦ ਲੈ ਕੇ ਆਇਆ ਹੈ।

ਸੀ.ਜੀ.ਐਲ. ਆਪਣੀ ਮਰਜ਼ੀ ਨਾਲ ਕੰਮ ਕਰਦੇ ਹਨ ਅਤੇ ਸੁਪਰਵਾਈਜ਼ਰ ਦੇ ਰਿਮਾਰਕਸ ਨਹੀਂ ਪੈਣ ਦਿੰਦੇ ਜੋ ਕਿ ਪੈਣੇ ਚਾਹੀਦੇ ਹਨ।ਜਦ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ ਸਿੰਘ ਨੇ ਉਹਨਾਂ ਦੇ ਕਹਿਣ ਉਪਰੰਤ ਵੀ ਪੈਸੇ ਜਮ੍ਹਾਂ ਨਹੀਂ ਕਰਵਾਏ ਤਾਂ ਉਹਨਾਂ ਨੇ ਦਫਤਰ ਲਿਖ ਕੇ ਦੇ ਦਿੱਤਾ ਕਿ ਦਫਤਰ ਦੇ ਜੋ ਪਿਛਲੇ ਸਾਲ 2014 ਦੇ ਪੈਸੇ ਜਮ੍ਹਾਂ ਰਹਿੰਦੇ ਹਨ, ਉਹ ਪੈਸੇ ਵੀ ਉਹਨਾਂ ਪਾਸੋਂ ਜਮ੍ਹਾਂ ਕਰਵਾਏ ਜਾਣ।

## 7.17 (ਠ) ਬਿਆਨ ਕਰਤਾ ਡਾ. ਰੂਪ ਸਿੰਘ, ਮੁੱਖ ਸਕੱਤਰ

ਮਿਤੀ 19/05/2016 ਨੂੰ ਇਹ ਆਪਣੀ ਸੇਵਾ ਨਿਭਾਅ ਰਹੇ ਸਨ ਜਦੋਂ ਕਿ ਸ੍ਰ.ਦੀਪਇੰਦਰ ਸਿੰਘ ਤੋਂ ਇਹਨਾਂ ਨੂੰ ਪਤਾ ਚੱਲਿਆ ਤੇ ਇਹ ਸ੍ਰ.ਸੁਖਦੇਵ ਸਿੰਘ ਵਧੀਕ ਸਕੱਤਰ ਨਾਲ 8:30 ਵਜੇ ਦੇ ਕਰੀਬ ਘਟਨਾ ਸਥਾਨ ਤੇ ਪਹੁੰਚੇ।ਇਹਨਾਂ ਨੂੰ ਇਹ ਪਤਾ ਨਹੀਂ ਹੈ ਕਿ ਕਿੰਨੇ ਪਾਵਨ ਸਰੂਪ ਅੱਗ ਨਾਲ ਨੁਕਸਾਨੇ ਗਏ ਹਨ ਤੇ ਕਿੰਨੇ ਪਾਣੀ ਨਾਲ, ਪਰ ਪ੍ਰਧਾਨ ਸਾਹਿਬ ਵੱਲੋਂ ਪ੍ਰੈੱਸ ਨੂੰ ਇਹ ਦੱਸਿਆ ਜਾ ਰਿਹਾ ਸੀ ਕਿ 5 ਪਾਵਨ ਸਰੂਪ ਅਗਨੀ ਭੇਟ ਹੋਏ ਹਨ ਤੇ 9 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਹਨ।ਇਨਾਂ ਨੇ ਆਪਣੇ ਬਿਆਨ ਵਿਚ ਮੰਨਿਆ ਕਿ ਸ੍ਰੀ ਗੋਇੰਦਵਾਲ ਸਾਹਿਬ ਨਹੀਂ ਗਏ।ਇਸ ਘਟਨਾ ਤੋਂ ਬਾਅਦ ਇਕ ਸਬ-ਕਮੇਟੀ ਬਣਾਈ ਸੀ।ਜਿਸ ਵਿਚ ਪਾਵਨ ਸਰੂਪਾਂ ਦੀ ਸਾਂਭ-ਸਭਾਈ, ਜਿਲਦਬੰਦੀ ਕਰਵਾਉਣ ਦੀਆਂ ਨਵੀਆਂ ਤਜਵੀਜਾਂ ਤੇ ਵਿਚਾਰ ਵਟਾਂਦਰੇ ਹੋਏ।ਇਸ ਤੇ ਕਿੰਨਾ ਅਮਲ ਹੋਇਆ ਇਹ ਦਫਤਰੀ ਫਾਈਲਾਂ ਤੋਂ ਹੀ ਪਤਾ ਲੱਗ ਸਕਦਾ ਹੈ।ਨੁਕਸਾਨੇ ਹੋਏ ਪਾਵਨ ਸਰੂਪਾਂ ਦਾ ਵੇਰਵਾ ਰੱਖਣਾ ਤੇ ਰਾਈਟ ਆਫ ਕਰਨਾ ਇਹ ਸਾਰੀਆਂ ਜਿੰਮੇਵਾਰੀਆਂ ਮੁੱਖ ਸਕੱਤਰ ਸਾਹਿਬ ਦੀਆਂ ਹੁੰਦੀਆਂ ਹਨ।ਇਨ੍ਹਾਂ ਨੂੰ ਪਸ਼ਚਾਤਾਪ ਦੇ ਪਾਠ ਕਰਵਾਉਣੇ ਚਾਹੁੰਦੇ ਸਨ।ਪਬਲੀਕੇਸ਼ਨ ਵਿਭਾਗ ਨੂੰ ਲੇਜ਼ਰਾਂ ਵਿਚ ਇਹਨਾਂ ਦੇ ਨੰਬਰ ਦਰਜ ਕਰਣੇ ਚਾਹੁੰਦੇ ਸਨ ਤੇ ਅਡਿਟ ਵਾਲਿਆਂ ਨੂੰ ਇਸ ਦੀ ਚੈਕਿੰਗ ਕਰਨੀ ਹੁੰਦੀ ਸੀ।

ਇਹਨਾਂ ਨੂੰ ਪੁਛਿਆ ਕਿ ਬਾਜ਼ ਸਿੰਘ ਜੋ ਪਾਵਨ ਸਰੂਪਾਂ ਦੀਆਂ ਗੱਡੀਆਂ ਦੇ ਨਾਲ ਜਾਂਦਾ ਸੀ, ਉਸ ‘ਤੇ ਭੇਟਾ ਨਾ ਜਮ੍ਹਾਂ ਕਰਾਉਣ ਦਾ ਇਲਜ਼ਾਮ ਹੋਣ ਦੇ ਬਾਵਜੂਦ ਵੀ ਉਸਨੂੰ ਉਸਦੀ ਪੋਸਟ ਤੋਂ

ਕਿਉਂ ਨਹੀਂ ਹਟਾਇਆ ਗਿਆ, ਇਸਤੇ ਡਾ. ਰੂਪ ਸਿੰਘ ਨੇ ਜਵਾਬ ਦਿੱਤਾ ਕਿ ਬਾਜ਼ ਸਿੰਘ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਗੱਡੀਆਂ ਨਾਲ ਜਾਂਦਾ ਸੀ, ਉਸਨੂੰ ਉੱਸ ਪੋਸਟ ਤੋਂ ਭੇਟਾਵਾਂ ਨਾ ਜਮ੍ਹਾਂ ਕਰਾਉਣ ਦੇ ਦੋਸ਼ ਤੋਂ ਬਾਅਦ ਵੀ ਹਟਾਇਆ ਨਹੀਂ ਗਿਆ, ਇਸਦਾ ਕਾਰਨ ਡਾ. ਰੂਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ, ਪ੍ਰਬੰਧ ਸਕੀਮ, ਨਿਯਮ ਉਪਨਿਯਮ ਦੇ ਅਧਾਰ ਪੁਰ ਸੇਵਾਦਾਰ ਤੋਂ ਲੈਕੇ ਕਿਸੇ ਵੀ ਅਧਿਕਾਰੀ /ਕਰਮਚਾਰੀ ਦੀ ਨਿਯੁਕਤੀ ਤਬਦੀਲੀ ਕਰਨ ਦੇ ਅਧਿਕਾਰ ਕੇਵਲ ਪ੍ਰਧਾਨ ਸਾਹਿਬ ਪਾਸ ਹੁੰਦੇ ਹਨ। ਸਿਰਫ਼ ਸਫਾਈ ਸੇਵਾਦਾਰ ਦੀ ਤਬਦੀਲੀ ਦਫਤਰ ਸਕੱਤਰ ਕਰ ਸਕਦੇ ਹਨ।

ਕੰਵਲਜੀਤ ਸਿੰਘ ਦੇ ਆਪਣੀ ਡਿਊਟੀ ਪੂਰੀ ਨਾ ਕਰਨ ਦੇ ਬਾਵਜੂਦ ਵੀ ਉਸਨੂੰ ਇੱਕ ਅਹਿਮ ਪੋਸਟ ਤੇ 19 ਸਾਲਾਂ ਤੱਕ ਕਯੋਂ ਰਖਿਆ ਗਿਆ, ਪੁੱਛੇ ਜਾਣ ਤੇ ਇਹਨਾਂ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ, ਪ੍ਰਬੰਧ ਸਕੀਮ, ਨਿਯਮ ਉਪਨਿਯਮ ਦੇ ਅਧਾਰ ਪੁਰ ਸੇਵਾਦਾਰ ਤੋਂ ਲੈਕੇ ਕਿਸੇ ਵੀ ਅਧਿਕਾਰੀ /ਕਰਮਚਾਰੀ ਦੀ ਨਿਯੁਕਤੀ ਤਬਦੀਲੀ ਕਰਨ ਦੇ ਅਧਿਕਾਰ ਕੇਵਲ ਪ੍ਰਧਾਨ ਸਾਹਿਬ ਪਾਸ ਹੁੰਦੇ ਹਨ। ਸਿਰਫ਼ ਸਫਾਈ ਸੇਵਾਦਾਰ ਦੀ ਤਬਦੀਲੀ ਦਫਤਰ ਸਕੱਤਰ ਕਰ ਸਕਦੇ ਹਨ।

ਸਾਲ 2018 ਵਿੱਚ ਕਰਾਏ ਗਏ ਆਡਿਟ ਵਿੱਚ ਜੋ ਸੀ.ਏ. ਨੇ ਅਬ ਜੈ ਕਸ਼ਨ ਲਏ ਸਨ, ਉੱਸ ਬਾਰੇ ਇਹਨਾਂ ਨੇ ਕਿਹਾ ਕਿ ਲੇਖ ਸ਼ਾਖਾ ਜਾਣ ਆਡਿਟ ਵਿਭਾਗ ਵੱਲੋਂ ਇਹ ਆਂਬਜਕਸ਼ਨ ਇਹਨਾਂ ਦੇ ਨੋਟਿਸ ਵਿੱਚ ਨਹੀਂ ਲਿਆਂਦੇ ਗਏ।

ਆਡਿਟ ਹਰ ਸਾਲ ਕਿਉ ਨਹੀਂ ਕਰਾਇਆ ਜਾਂਦਾ ਰਿਹਾ, ਇਸਦਾ ਕਾਰਨ ਡਾ. ਰੂਪ ਸਿੰਘ ਨੇ ਦੱਸਿਆ ਕਿ ਵੱਖ ਵੱਖ ਸੀ.ਏ. ਵੱਲੋਂ ਲੱਗੇ ਪਿਛਲੇ ਇਤਰਾਜ਼ਾਂ ਨੂੰ ਦਰੁਸਤ ਕਰਾਉਣ ਉਪਰੰਤ ਹੀ ਅਗਲੇ ਆਡਿਟ ਕਰਵਾਏ ਜਾਂਦੇ ਸਨ।

ਇਹ ਪੁੱਛੇ ਜਾਣ ਤੇ ਕਿ ਪਾਵਨ ਸਰੂਪਾਂ ਦੀ ਛਪਾਈ ਲਈ ਖਰੀਦੇ ਪੇਪਰ ਵਿੱਚ ਹਜ਼ਾਰ ਪਾਵਨ ਸਰੂਪਾਂ ਪਿੱਛੇ ਇੱਕ ਫਰਮ ਲਈ 16 % ਵੇਸਟੇਜ਼ ਪਾਂ ਕੇ ਖਰੀਦਿਆ ਜਾਂਦਾ ਹੈ, ਉਹਨਾਂ ਨੇ ਕਿਹਾ ਕਿ ਤਕਨੀਕੀ ਜਾਣਕਾਰੀ ਸੰਬੰਧਿਤ ਵਿਭਾਗ ਦਾ ਮੈਨੇਜਰ ਜਾਂ ਤਕਨੀਕੀ ਕਰਮਚਾਰੀ ਹੀ ਦੱਸ ਸਕਦੇ ਹਨ। ਵੇਸਤਿਸ ਦੇ ਫਰਮੀ ਨਾਲ ਵੱਧ ਪਾਵਨ ਸਰੂਪ ਬਣਾਏ ਅਤੇ ਵੇਚੇ ਜਾਂਦੇ ਹਨ, ਇਹ ਪੁੱਛਣ ਤੇ ਉਹਨਾਂ ਦਾ ਜਵਾਬ ਸੀ ਤਕਨੀਕੀ ਜਾਣਕਾਰੀ ਸੰਬੰਧਿਤ ਵਿਭਾਗ ਦਾ ਮੈਨੇਜਰ ਜਾਂ

ਤਕਨੀਕੀ ਕਰਮਚਾਰੀ ਹੀ ਦੱਸ ਸਕਦੇ ਹਨ।ਇਹੀ ਜਵਾਬ ਉਹਨਾਂ ਨੇ ਜਿਲਦ ਸਾਜ਼ਾ ਕੋਲ ਪਏ ਤਕਰੀਬਨ 10,00,000 ਫਰਮਿਆਂ ਬਾਰੇ ਪੁੱਛਣ ਤੇ ਦਿੱਤਾ।

ਵਧੀਕ ਦਰਮਿਆਨ ਵਿੱਚੋਂ ਬਿਨਾਂ ਲਿਖਤੀ ਆਰਡਰ ਤੋਂ ਬਣਾਏ ਗਏ 125 ਪਾਵਨ ਸਰੂਪ ਜੋ ਹਾਲ ਨੰਬਰ 3 ਵਿੱਚ ਪਏ ਹਨ, ਉਸਦੀ ਜਾਣਕਾਰੀ ਸਬੰਧੀ ਵੀ ਇਹਨਾਂ ਨੇ ਨਾ ਕਰਦਿਆਂ, ਸਬੰਧਿਤ ਵਿਭਾਗ ਦੇ ਕਰਮਚਾਰੀਆਂ ਕੋਲੋਂ ਜਾਣਕਾਰੀ ਲੈਣ ਲਈ ਹੀ ਕਿਹਾ।

ਅੰਤ ਵਿੱਚ ਵਾਰਤਾਲਾਪ ਖਤਮ ਕਰਦਿਆਂ ਉਹਨਾਂ ਨੇ ਇਹ ਸਪਸ਼ਟ ਕੀਤਾ ਕਿ ਇਸ ਸੰਸਥਾ ਵਿੱਚ ਲਗਭਗ 21,000 ਦੇ ਕਰੀਬ ਕਰਮਚਾਰੀ ਕਾਰਜਸ਼ੀਲ ਹਨ, ਅਤੇ ਹਰੇਕ ਆਪੋ ਆਪਣੇ ਵਿਭਾਗ ਦਾ ਕੰਮ ਕਾਰ ਦੇਖਦਾ ਹੈ। ਹਰ ਵਿਭਾਗ ਦਾ ਇੰਚਾਰਜ ਆਪੋ ਆਪਣੇ ਦਫਤਰ ਨਾਲ ਸਬੰਧਿਤ ਕੰਮ ਦੀ ਦੇਖਰੇਖ ਆਪ ਖੁਦ ਕਰਕੇ, ਸਕੱਤਰ ਜਾਂ ਮੁੱਖ ਸਕੱਤਰ ਨੂੰ ਮਾਰਕ ਕਰ ਦਿੰਦਾ ਹੈ, ਜਿਹਨਾਂ ਪੁਰ ਰੁਟੀਨ ਅਨੁਸਾਰ ਕਾਰਵਾਈ ਕੀਤੀ ਜਾਣੀ ਹੁੰਦੀ ਹੈ। ਨਿੱਜੀ ਰੂਪ ਵਿਚ ਸਕੱਤਰ ਜਾਂ ਮੁੱਖ ਸਕੱਤਰ ਹਰੇਕ ਵਿਭਾਗ ਵਿਖੇ ਨਹੀਂ ਜਾ ਸਕਦਾ।

**7.18 (ਡ) ਬਿਆਨ ਕਰਤਾ: -ਸ੍ਰ.ਸਤਿੰਦਰ ਸਿੰਘ ਕੋਹਲੀ**

**ਪੜਤਾਲ ਕਮਿਸ਼ਨ ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ 18-08-2020 ਨੂੰ ਚੰਡੀਗੜ੍ਹ ਮਿਲਣ ਗਈ ਅਤੇ ਉਹਨਾਂ ਦਾ ਬਿਆਨ ਹੇਠ ਲਿਖੇ ਅਨੁਸਾਰ ਹੈ:-**

*"ਮੇਰੀ 2010 ਵਿੱਚ ਓਪਾਇੰਟਮੈਂਟ ਹੋਈ ਸੀ, ਬਤੌਰ ਆਡੀਟਰ, ਮੇਰੀ ਕੁਆਲੀਫਿਕੇਸ਼ਨ ਬੀ.ਕਾਮ. (ਆਨਰਸ) ਸੀ.ਏ. ਹੈ।ਸ਼੍ਰੋਮਣੀ ਗੁ.ਪ੍ਰ.ਕਮੇਟੀ ਨੇ ਇੱਕ ਐਡਵਰਟਾਈਜ਼ਮੈਂਟ ਕੱਢਿਆ ਸੀ ਅਤੇ ਕਮੇਟੀ ਨੇ ਮੈਨੂੰ ਓਪਾਇੰਟ ਕੀਤਾ ਸੀ।ਦੋ ਜਾਂ ਤਿੰਨ ਵਾਰ ਐਕਟੈਂਸ਼ਨ ਹੋ ਚੁੱਕੀ ਹੈ।ਹਰ ਮਹੀਨੇ ਸਾਡੇ ਮੁਲਾਜਮ ਆਡਿਟ ਕਰਨ ਜਾਂਦੇ ਸਨ ਜੋ ਪ੍ਰੈੱਸ ਹੈ , ਇੰਟਰਨਲ ਕੰਟਰੋਲ, ਇੰਟਰਨਲ ਆਡਿਟ ਦਾ ਪਾਰਟ ਹੁੰਦਾ ਹੈ।ਉਸ ਤੋਂ ਉਪਰੰਤ ਟੈਂਡਰਿੰਗ ਪ੍ਰੋਸੈੱਸ ਫੌਲੋ ਕੀਤਾ ਜਾਂਦਾ ਹੈ।*

*ਬਿੱਲਾਂ ਦੇ ਵੈਰੀਫਿਕੇਸ਼ਨ ਦਾ ਕੰਮ ਹੁੰਦਾ ਸੀ ਜਿਹੜੇ ਜਿਲਦਸਾਜ਼ਾਂ ਦੇ ਜਾਂ ਹੋਰ ਬਿੱਲ, ਲੈਜ਼ਰਸ ਦੇ ਨਾਲ ਉਸਦਾ ਮਿਲਾਨ ਕੀਤਾ ਜਾਂਦਾ ਸੀ।*

*ਪਾਵਨ ਸਰੂਪਾਂ ਦੀ ਅਸੀਂ ਕਦੇ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ ਕਿਉਂਕਿ ਮਰਿਆਦਾ*

ਅਨੁਸਾਰ ਉਹਨਾਂ ਨੇ ਸਾਨੂੰ ਕਦੇ ਕਿਹਾ ਹੀ ਨਹੀਂ ਅਤੇ ਜਿੰਮੇਵਾਰੀ ਮੈਨੇਜਮੈਂਟ ਦੀ ਹੈ।ਅਸੀਂ ਕੋਈ ਵੀ` ਫਿਜੀਕਲ ਵੈਰੀਫਿਕੇਸ਼ਨ ਕਦੇ ਨਹੀਂ ਕੀਤੀ ।ਪਹਿਲਾਂ ਕਰਦੇ ਸੀ ਪਰ ਮੈਨੂੰ ਨਹੀਂ ਪਤਾ ਕਦੋਂ ਤੱਕ ਕੀਤੀ ਹੈ।ਮੈਨੂੰ ਕਦੇ ਵੀ ਇੰਟਰਨਲ ਹਦਾਇਤਾਂ (ਇੰਨਸਟ੍ਰੱਕਸ਼ਨਸ) ਦੀ ਕਾਪੀ ਨਹੀਂ ਆਉਂਦੀ।ਅਸੀਂ ਜਦ ਮੰਗਵਾਉਂਦੇ ਹਾਂ,ਤਾਂ ਹੀ ਪ੍ਰੋਵਾਈਡ ਕੀਤੀ ਜਾਂਦੀ ਹੈ।

ਆਫਸੈੱਟ ਪ੍ਰਿੰਟਿੰਗ ਪ੍ਰੈੱਸ ਦਾ ਅਕਾਊਂਟ ਡਿਪਾਰਟਮੈਂਟ ਵੱਖਰਾ ਹੈ ਤੇ ਸ਼੍ਰੋਮਣੀ ਗੁ.ਪ੍ਰ.ਕਮੇਟੀ ਦਾ ਵੱਖਰਾ ਹੈ।ਇਹਨਾਂ ਦੀ ਬੈਲੈਂਸ ਸ਼ੀਟ ਕਲੱਬਡ ਹੁੰਦੀ ਹੈ।ਪ੍ਰਿੰਟਿੰਗ ਪ੍ਰੈੱਸ ਦਾ ਬਜ਼ਟ ਅਲੱਗ ਬਣਦਾ ਹੈ ਤੇ ਉਸਦਾ ਵਾਧਾ-ਘਾਟਾ ਵੀ  ਅਲੱਗ ਹੁੰਦਾ ਹੈ।ਇੰਟਰਨਲ ਕੰਟਰੋਲ ਪ੍ਰਿੰਟਿੰਗ ਪ੍ਰੈੱਸ ਤੇ ਇੰਟਰਲ ਕੰਟਰੋਲ ਸ਼੍ਰੋਮਣੀ ਗੁ.ਪ੍ਰ.ਕਮੇਟੀ ਦਾ ਅਲੱਗ ਹੈ।

ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਸ੍ਰ.ਅਮਰਜੀਤ ਸਿੰਘ ਦੇ ਨਾਲ ਫੋਨ ਤੇ ਗੱਲ ਕੀਤੀ, 'ਤੇ ਉਹਨਾਂ ਨੇ ਕਿਹਾ ਪਬਲੀਕੇਸ਼ਨ ਦੇ ਸਟੋਰ ਲੈਜ਼ਰ ਭੇਜੇ ਜਾਣਗੇ:- ਸਾਲ 2013-14 ਤੋਂ ਸਾਲ 2019-20 ਤੱਕ।

ਸੈਕਸ਼ਨ-85 ਦੇ ਵਿੱਚ ਪ੍ਰਿੰਟਿੰਗ ਪ੍ਰੈੱਸ ਇਨਕਲੂਡਡ ਨਹੀਂ ਹਨ।ਸੈਕਸ਼ਨ-85 ਦੇ ਗੁਰਦੁਆਰੇ ਸਰਕਾਰ ਦੁਆਰਾ ਨੋਟੀਫਾਈਡ ਸ਼੍ਰੋਮਣੀ ਗੁ.ਪ੍ਰ.ਕਮੇਟੀ ਸੈਕਸ਼ਨ 85 ਅਤੇ ਸੈਕਸ਼ਨ 87 ਗੁਰਦੁਆਰਿਆਂ ਦੀ ਕੰਟਰੋਲਿੰਗ ਯੂਨਿਟ ਹੈ।ਸ਼੍ਰੋਮਣੀ ਗੁ.ਪ੍ਰ. ਕਮੇਟੀ ਦਾ ਸਿੱਧਾ ਕੰਟਰੋਲ ਹੁੰਦਾ ਹੈ।

ਹਰ ਮਹੀਨੇ ਸਾਡੇ ਲੜਕੇ ਜਾਂਦੇ ਬਿੱਲ ਪੈਮੈਂਟਾ ਦਾ ਟਾਈਮ ਚੈੱਕ ਹੁੰਦਾ ਹੈ।ਪ੍ਰੈੱਸ ਦੀ ਚੈਕਿੰਗ, ਪਬਲੀਕੇਸ਼ਨ ਵਿਭਾਗ ਦੇ ਟਾਈਮ ਬਿੱਲ ਪਾਵਨ ਸਰੂਪ ਦੇ ਲੈਜ਼ਰ ਚੈੱਕ ਕਰਦੇ ਸੀ,ਟੈਲੀ ਵਿੱਚ ਚੜਾਉਂਦੇ ਸੀ, ਮੈਂ ਡਾਇਰੈਕਟਲੀ ਰਿਪੋਟਿੰਗ ਪ੍ਰਧਾਨ ਜੀ ਨੂੰ ਕਰਦਾ ਸੀ।ਤੇ ਥਰੂ ਸੈਕਟਰੀ ਸਾਹਿਬ ਭੇਜਦਾ ਸੀ।2011 ਤੋਂ ਲੈ ਕੇ 2019-2020 ਤੱਕ ਕੇਵਲ ਇੱਕ ਹੀ ਰਿਪੋਰਟ ਪੇਸ਼ ਕੀਤੀ ਗਈ, ਜਿਸਦੀ ਮਿਤੀ 17-06-2016 ਹੈ।

ਪ੍ਰ:-ਇਸ ਰਿਪੋਰਟ ਵਿੱਚ ਇਹ ਲਿਖਿਆ ਕਿ "ਚੈਕਿੰਗ ਕਰਕੇ" - ਇਸ ਵਿੱਚ ਚੈਕਿੰਗ ਦਾ ਮਤਲਬ ਹੈ ?

*ਉਤਰ:- ਇਹ ਰਿਪੋਰਟ 4 ਸਾਲ ਪਹਿਲਾਂ ਦਿੱਤੀ ਗਈ ਤੇ ਮੈਨੂੰ ਇਸ ਬਾਰੇ ਨਹੀਂ ਪਤਾ।ਸ੍.ਅਮਰਜੀਤ ਸਿੰਘ ਨੂੰ ਫੋਨ ਕੀਤਾ ਗਿਆ ਜਿਹਨਾਂ ਨੇ ਇਹ ਸਪੱਸ਼ਟ ਕੀਤਾ ਇਹ ਗਿਣਤੀ ਟੈਲੀ ਨਾਲ ਮੇਲ ਨਹੀਂ ਖਾ ਰਹੀਆਂ ਸਨ।*

*ਕਲੋਜ਼ਿੰਗ ਬੈਲੈਂਸ ਤੇ ਸਟੋਰ ਲੈਜ਼ਰ ਅਸੀਂ ਚੈੱਕ ਨਹੀਂ ਕਰਦੇ ਅਤੇ ਨਾ ਹੀ ਬਦਲਦੇ ਹਾਂ।*

*ਮੈਨੂੰ 2015-16 ਵਿੱਚ ਜੋ ਫਿਜ਼ੀਕਲ ਵੈਰੀਫਿਕੇਸ਼ਨ ਹੋਈ ਸੀ ਉਹ ਦਿਖਾਈ ਗਈ ਮੈਂ ਰਿਪੋਰਟ ਠੀਕ ਤਰ੍ਹਾਂ ਦੇਖ ਕੇ ਹੀ ਇਸ 'ਤੇ ਕੁਮੈਂਟ ਕਰ ਪਾਵਾਂਗਾ।ਲੈਜ਼ਰਜ਼ ਦੇ ਵਿੱਚ ਬਿੱਲਜ਼ ਚੈੱਕ ਕਰਕੇ ਟਿਕ ਕਰਦੇ ਹਾਂ ।ਫਾਈਨਲ ਬੈਲੈਂਸ ਤੇ ਅਸੀਂ ਸਾਈਨ ਨਹੀਂ ਕਰਦੇ।*

*ਪ੍ਰ:- ਸੈਕਟਰੀ ਆਡੀਟਰ ਦੀ ਰਿਪੋਰਟ ਦੇ ਅਨੁਸਾਰ 2013-14 ਦੇ ਬੈਲੈਂਸ ਬਦਲ ਦਿੱਤੇ ਗਏ, ਜਿਸ ਨਾਲ 2015-16 ਦੇ ਫਿਜ਼ਿਕਲ ਵੈਰੀਫਿਕੇਸ਼ਨ ਦੀ ਰਿਪੋਰਟ, ਜੋ ਕਿ ਕਮੇਟੀ ਵੱਲੋਂ ਖੁਦ ਕੀਤੀ ਗਈ, ਫਰਕ ਆ ਗਿਆ ਤੇ ਜਿਸਦਾ ਫਰਕ 2019-20 ਦੇ ਕਲੋਜ਼ਿੰਗ ਬੈਲੈਂਸ ਤੇ ਵੀ ਪਵੇਗਾ।ਤੁਸੀ ਇਸ ਗੱਲ ਨਾਲ ਸਹਿਮਤ ਹੋ ਜਾਂ ਨਹੀਂ?*

*ਉਤਰ:- ਫਰਕ ਪੈਣਾ ਤਾਂ ਚਾਹੀਦਾ ਹੈ।ਮੈਂ ਪੂਰੀ ਤਰ੍ਹਾਂ ਵੈਰੀਫਾਈ ਕਰਕੇ ਹੀ ਦੱਸ ਸਕਾਂਗਾ।*

*(ਪੜਤਾਲ ਕਮੇਟੀ ਨਾਲ ਲਿਆਂਦੇ ਸਾਰੇ ਰਿਕਾਰਡਜ਼ ਆਪਣੇ ਨਾਲ ਲਿਆਂਦੇ ਹਨ ਤੇ ਉਹ ਸੀ.ਏ.ਕੋਹਲੀ ਸਾਹਿਬ ਨੂੰ ਪੂਰਾ ਸਹਿਯੋਗ ਕਰਨ ਲਈ ਤਿਆਰ ਹਨ।)*

*ਕੱਲ ਮੈਂ ਪੜਤਾਲ ਕਮੇਟੀ ਨੂੰ ਮਹਾਰਾਜ ਨੂੰ ਹਾਜ਼ਰ-ਨਾਜ਼ਰ ਜਾਣ ਕੇ ਪ੍ਰਾਮਿਸ ਕਰਦਾ ਹਾਂ ਕਿ ਮੈਂ ਕੱਲ੍ਹ ਅੰਮ੍ਰਿਤਸਰ ਆ ਕੇ, ਆਪਣੇ ਇੰਪਲਾਇਜ਼ ਦੇ ਨਾਲ ਮਿਲ ਕੇ ਕਮੇਟੀ ਦਾ ਸਹਿਯੋਗ ਕਰਾਂਗਾ।ਮੈਂ ਕੱਲ੍ਹ ਅਕਾਲ ਤਖਤ ਸੈਕਟਰੀਏਟ 10.30 ਜਥ 11.00 ਵਜੇ ਤੱਕ ਪਹੁੰਚ ਜਾਵਾਂਗਾ।*

**ਸ੍ਰ.ਸਤਿੰਦਰ ਸਿੰਘ ਕੋਹਲੀ ਸਪੁੱਤਰ ਸ.ਇਕਬਾਲ ਸਿੰਘ ਕੋਹਲੀ, ਪਤਾ 48/ਸੈਕਟਰ 11 ਏ, ਚੰਡੀਗੜ੍ਹ ਆਪਣੇ ਸਹਾਇਕ ਸ. ਅਮਰਜੀਤ ਸਿੰਘ ਸਪੁੱਤਰ ਸ. ਜਸਬੀਰ ਸਿੰਘ ਉਮਰ 43 ਸਾਲ, ਆਡਿਟ ਮੈਨੇਜਰ ਐਸ.ਐਸ.ਕੋਹਲੀ ਐਂਡ ਐਸੋਸੀਏਟਸ ਦੇ ਨਾਲ ਪੜਤਾਲ ਕਮਿਸ਼ਨ ਅੱਗੇ 20-08-2020 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਦੇ ਦਫਤਰ ਵਿੱਚ ਪੇਸ਼ ਹੋਏ।**

ਪੜਤਾਲ ਕਮਿਸ਼ਨ ਵੱਲੋਂ ਪੁੱਛੇ ਗਏ ਪ੍ਰਸ਼ਨ ਅਤੇ ਸ੍ਰ.ਐਸ.ਐਸ.ਕੋਹਲੀ ਅਤੇ ਉਹਨਾਂ ਦੇ ਸਹਾਇਕ ਵੱਲੋਂ ਦਿੱਤੇ ਗਏ ਜਵਾਬਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

*"ਪ੍ਰਸ਼ਨ: ਪਬਲੀਕੇਸ਼ਨ ਵਿਭਾਗ ਵਿੱਚ ਕਿਹੜੇ-ਕਿਹੜੇ ਇੰਟਰਨਲ ਕੰਟਰੋਲ ਪ੍ਰੋਸੀਜ਼ਰ ਫਾਲੋਅ ਹੁੰਦੇ ਹਨ।*

*ਸ.ਅਮਰਜੀਤ ਸਿੰਘ ਪਾਸੋਂ ਜਵਾਬ: ਸਭ ਤੋਂ ਪਹਿਲਾ ਗੋਲਡਨ ਆਫਸੈਟ ਪ੍ਰੈੱਸ ਤੋਂ ਪੇਪਰ ਪਰਚੇਜ਼ਿੰਗ ਹੁੰਦੀ ਹੈ।ਜਿਹੜਾ ਵੀ ਆਰਡਰ ਪਬਲੀਕੇਸ਼ਨ ਵਿਭਾਗ ਤੋਂ ਆਉਂਦਾ ਹੈ, ਚਾਹੇ ਉਹ ਪਾਵਨ ਸਰੂਪ ਹੋਣ ਚਾਹੇ ਕੋਈ ਲਿਟਰੇਚਰ, ਗੁਟਕਾ ਸਾਹਿਬ, ਪਾਵਨ ਬਾਣੀ ਦੀਆਂ ਸੈਂਚੀਆਂ, ਧਾਰਮਿਕ ਪੁਸਤਕਾਂ, ਸ਼ਬਦਾਰਥ ਆਦਿ।ਮੰਗ ਦੇ ਹਿਸਾਬ ਨਾਲ ਪ੍ਰਿੰਟਿੰਗ ਕਰਵਾਈ ਜਾਂਦੀ ਹੈ।ਪ੍ਰਿੰਟਿੰਗ ਹੋਣ ਤੋਂ ਬਾਅਦ ਜਿਲਦਸਾਜ਼ਾਂ ਕੋਲ ਬਾਈਡਿੰਗ ਕਰਨ ਲਈ ਭੇਜਿਆ ਜਾਂਦਾ ਹੈ।ਉਸ ਤੋਂ ਬਾਅਦ ਪਾਵਨ ਸਰੂਪਾਂ ਜਾਂ ਲਿਟਰੇਚਰ ਨੂੰ ਪਬਲੀਕੇਸ਼ਨ ਵਿਭਾਗ ਵਿਚ ਸਟੋਰ ਲੈਜ਼ਰ ਵਿਚ ਜਮ੍ਹਾਂ ਕਰ ਲਿਆ ਜਾਂਦਾ ਹੈ।ਸੰਗਤਾਂ ਨੂੰ ਦੇਣ ਲੱਗਿਆਂ ਉਸ ਦਾ ਬਿੱਲ ਜਾਂ ਕੈਸ਼ ਮੀਮੋ ਕੱਟਿਆ ਜਾਂਦਾ ਹੈ।ਜੇਕਰ ਇਹ ਭੇਟਾ ਰਹਿਤ ਹੋਵੇ ਤਾਂ ਸਕੱਤਰ ਸਾਹਿਬ ਦੀ ਆਗਿਆ ਤੇ ਹੋਰ ਸਬੰਧਿਤ ਦਸਤਾਵੇਜ਼ ਨਾਲ ਨੱਥੀ ਹੁੰਦੇ ਹਨ ਅਤੇ ਧਰਮ ਪ੍ਰਚਾਰ ਕਮੇਟੀ ਇਸ ਦੀ ਭਰਪਾਈ ਟ੍ਰਸੱਟ ਬ੍ਰਾਂਚ ਪਾਸ ਜਮ੍ਹਾਂ ਕਰਵਾ ਦਿੰਦੀ ਹੈ।ਸਾਡਾ ਮੇਨ ਕੰਮ ਪਰੀ ਆਡਿਟ ਦਾ ਹੈ।ਜਿਸ ਐਕਸਪੈਂਡੀਚਰ ਦੇ ਬਿੱਲ ਆਉਂਦੇ ਹਨ ਉਹ ਆਈ.ਏ ਐਸ.ਜੀ.ਪੀ.ਸੀ ਤੋਂ ਬਾਅਦ ਅਸੀਂ ਚੈੱਕ ਕਰਦੇ ਹਾਂ ਜੇਕਰ ਕੋਈ ਕਮੀ ਪੇਸ਼ੀ ਹੁੰਦੀ ਹੈ ਤਾਂ ਉਸ ਤੇ ਇਤਰਾਜ਼ ਲਗਾਉਂਦੇ ਹਾਂ ਅਤੇ ਇਤਰਾਜ ਕਲੀਅਰ ਹੋਣ ਤੋਂ ਬਾਅਦ ਹੀ ਬਿੱਲ ਪਾਸ ਕੀਤੇ ਜਾਂਦੇ ਹਨ।ਸਾਡੇ ਕੋਲ ਜਦੋ ਬਿੱਲ ਆਉਂਦੇ ਹਨ ਸਟਾਕ ਲੇਜ਼ਰ ਨਾਲ ਮਿਲਾਇਆ ਜਾਂਦਾ ਹੈ ਜੇਕਰ ਸਟਾਕ ਲੇਜ਼ਰ ਨਾ ਆਇਆ ਹੋਵੇ ਤਾਂ ਸਟੋਰ ਰਸੀਦ ਨਾਲ ਮਿਲਾਨ ਕਰ ਲਿਆ ਜਾਂਦਾ ਹੈ ਤੇ ਇਹ ਕਿਹਾ ਜਾਂਦਾ ਹੈ ਕਿ ਉਨਾਂ ਦੇ ਅਧਿਕਾਰੀ ਉੱਥੇ ਜਾ ਕੇ ਸਟਾਂਕ ਲੇਜ਼ਰ ਚੈਕ ਕਰਨਗੇ।ਇਹ ਪ੍ਰੀਕਿਰਿਆ 99 ਪ੍ਰਤੀਸ਼ਤ ਇਸੇ ਤਰਾਂ ਫਾਲੋ ਹੁੰਦੀ ਹੈ ਜੇਕਰ ਇਕ ਅੱਧਾ ਪ੍ਰਤੀਸ਼ਤ ਰਹਿ ਵੀ ਜਾਏ ਤਾਂ ਬਾਅਦ ਵਿਚ ਫਾਲੋ ਕਰ ਲਿਆ ਜਾਂਦਾ ਹੈ।*

*ਪ੍ਰਸ਼ਨ : ਪਾਵਨ ਸਰੂਪਾਂ ਲਈ ਪੇਪਰ ਖਰੀਦਣ ਵਾਸਤੇ ਕੁਟੇਸ਼ਨਾਂ ਸਿੱਧਾ ਮਿੱਲ ਤੋਂ ਜਾਂ ਡੀਲਰ ਤੋਂ ਜਾਂ ਏਜੰਟ ਤੋਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ?*

ਉੱਤਰ : ਜਿਹੜਾ ਪਹਿਲਾ ਪਰਸੀਜ਼ਰ ਸੀ ਕਿ ਲੋਕਲ ਏਜੰਟ ਤੋਂ ਕੁਟੇਸ਼ਨਾਂ ਲਈਆਂ ਜਾਂਦੀਆਂ ਸਨ ਪਰ ਅਸੀਂ ਇਸਤੇ ਇਤਰਾਜ਼ ਕਰਦੇ ਸੀ। ਪਿਛਲੇ ਕੁਝ ਸਾਲਾਂ ਤੋਂ ਪਰਚੇਜ਼ ਕਮੇਟੀ ਬਣਾ ਕੇ ਪੂਰੇ ਭਾਰਤ ਵਿਚੋਂ ਡੀਲਰਾਂ ਤੋਂ ਕੁਟੇਸ਼ਨਾਂ ਮੰਗਵਾਈਆਂ ਜਾਂਦੀਆਂ ਹਨ।ਸਾਰੀਆਂ ਕਲਕੁਲੇਸ਼ਨ ਕਰਕੇ ਪੇਪਰ ਦਾ ਟੈਂਡਰ ਕਰਵਾਇਆ ਗਿਆ ਪਰ ਸਿਆਹੀ ਦਾ ਟੈਂਡਰ ਨਹੀਂ ਹੋਇਆ ਸੀ।ਅਸੀਂ ਈ-ਟੈਂਡਰਿੰਗ ਸ਼ੁਰੂ ਕੀਤੀ।ਇਹ ਟੈਂਡਿਰਿੰਗ ਟੀ.ਸੀ.ਆਈ ਐਲ ਵੱਲੋਂ ਸੁਰੱਖਿਅਤ ਹੈ।ਇਸਦਾ ਰਿਕਾਰਡ ਪਰਚੇਜ਼ ਵਿਭਾਗ ਤੋਂ ਮਿਲ ਸਕਦਾ ਹੈ।ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਪੇਪਰ ਸਿੱਧਾ ਮਿੱਲ ਤੋਂ ਮਿਲੇ ਪਰ ਸਾਨੂੰ ਏਜੰਟ ਦੇ ਰਾਹੀਂ ਹੀ ਮਿਲ ਪਾਉਂਦਾ ਹੈ। ਪਿਛਲੇ ਸਾਲ ਸਬ ਕਮੇਟੀ ਬਣਾ ਕੇ ਟੈਂਡਰਾਂ ਰਾਹੀਂ ਇਸ ਪੇਪਰ ਦੀ ਖਰੀਦ ਕੀਤੀ ਗਈ।ਕੰਪਨੀ ਦਾ ਨਾਮ ਸਾਨੂੰ ਯਾਦ ਨਹੀਂ।

ਪ੍ਰਸ਼ਨ : ਜਦੋ ਪਾਵਨ ਸਰੂਪ ਪ੍ਰਿੰਟ ਹੋ ਕੇ ਜਿਲਦਸਾਜ਼ਾਂ ਨੂੰ ਜਾਂਦੇ ਹਨ ਇਸਦਾ ਕੋਈ ਰਿਕਾਰਡ ਰੱਖਿਆ ਜਾਂਦਾ ਹੈ?

ਉੱਤਰ : ਸਟੋਰ ਕੀਪਰ ਅਨਬਾਈਂਡ ਸਟੋਰ ਲੈਜ਼ਰ ਮੇਨਟੇਨ ਕਰਦਾ ਹੈ।ਜੋ ਪ੍ਰਿੰਟਿੰਗ ਪੈਸ ਤੋਂ ਪ੍ਰਿੰਟ ਹੋਣ ਤੋ ਬਾਅਦ ਪਾਵਨ ਸਰੂਪ ਬਾਈਂਡਰ ਤੱਕ ਪਹੁੰਚਦੇ ਹਨ ਉਨ੍ਹਾਂ ਕੋਲ ਸਬ ਰਜਿਸਟਰ ਵਿਚ ਐਂਟਰੀ ਜਿਲਦਸਾਜ਼ਾਂ ਵੱਲੋਂ ਕੀਤੀ ਜਾਂਦੀ ਹੈ ਪਰ ਅਸੀਂ ਕਦੇ ਇਹ ਰਜਿਸਟਰ ਚੈੱਕ ਨਹੀਂ ਕੀਤੇ।

ਪ੍ਰਸ਼ਨ: ਕਦੀ ਇਸ ਤਰ੍ਹਾਂ ਹੋਇਆ ਹੈ ਕਿ ਸਟੋਰ ਰਸੀਦ ਬਾਅਦ ਵਿਚ ਕੱਟੀ ਗਈ ਹੋਵੇ ਤੇ ਜਿਲਦਸਾਜ਼ਾਂ ਦਾ ਬਿੱਲ ਪਹਿਲਾਂ ਪਾਸ ਹੋ ਗਿਆ ਹੋਵੇ।ਦੂਸਰਾ ਪਾਵਨ ਸਰੂਪ ਪਹਿਲਾਂ ਇਸ਼ੂ ਹੋ ਗਏ ਹੋਣ ਅਤੇ ਲੈਜ਼ਰ ਵਿਚ ਬਾਅਦ ਵਿਚ ਚੜਿਆ ਗਿਆ ਹੋਵੇ।

ਉੱਤਰ : ਇਸ ਤਰ੍ਹਾਂ ਹੋ ਸਕਦਾ ਹੈ ਕਿ ਜਿਲਦਾਸਾਜ ਨੇ ਪਹਿਲਾਂ 10 ਪਾਵਨ ਸਰੂਪ ਜਮ੍ਹਾ ਕਰਵਾਏ ਹੋਣ, ਫੇਰ 15 ਪਰ ਸਟੋਰ ਰਸੀਦ ਇਕੱਠੀ 50 ਜਾਂ 100 ਦਾ ਅਲਾਟ ਪੂਰਾ ਹੋਣ ਤੇ ਹੀ ਕੱਟੀ ਜਾਂਦੀ ਹੈ।

ਪ੍ਰਸ਼ਨ : ਸਟੋਰ ਰਸੀਦ ਕਦੋਂ ਕੱਟਣੀ ਚਾਹੀਦੀ ਹੈ ਜਦੋਂ ਪਾਵਨ ਸਰੂਪ ਸਟੋਰ ਵਿਚ ਫਿਜੀਕਲ ਰਸੀਵ ਹੋ ਜਾਣ ਜਾਂ ਫਿਰ ਜਦੋਂ ਪੂਰਾ ਅਲਾਟ ਰਿਸੀਵ ਹੋ ਗਿਆ ਹੋਵੇ।

ਉੱਤਰ : ਕੋਹਲੀ ਸਾਹਿਬ ਨੇ ਕਿਹਾ ਕਿ ਜਦੋਂ ਪਾਵਨ ਸਰੂਪ ਜਿੰਨੀ ਵੀ ਗਿਣਤੀ ਵਿਚ ਸਟੋਰ ਵਿਚ ਜਮਾਂ ਹੋ ਜਾਣ ਉਦੋਂ ਹੀ ਰਸੀਦ ਕੱਟੀ ਜਾਣੀ ਚਾਹੀਦੀ ਹੈ।ਮੇਰੇ ਨੋਟਿਸ ਵਿਚ ਕਦੇ ਨਹੀਂ ਆਇਆ ਪਰ ਸ.ਅਮਰਜੀਤ ਸਿੰਘ ਨੇ ਨੋਟਿਸ ਕੀਤਾ ਹੈ ਕਿ ਇਸ ਤਰ੍ਹਾਂ ਪਾਵਨ ਸਰੂਪ ਸਟੋਰ ਵਿਚ ਹਾਲੇ ਨਹੀਂ ਆਉਂਦੇ ਪਰ ਬਿੱਲ ਕੱਟੇ ਜਾਂਦੇ ਹਨ।ਸਾਡੇ ਕੋਲ ਇਸ ਨੂੰ ਵੈਰੀਫਾਈ ਕਰਨ ਦਾ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਸਾਡਾ ਕੋਈ ਕਰਮਚਾਰੀ ਉਥੇ ਮੌਜੂਦ ਹੈ।

ਪ੍ਰਸ਼ਨ : ਜੇਕਰ ਜਿਲਦਸਾਜ਼ ਦੇ ਬਿੱਲ ਉੱਪਰ ਪਾਵਨ ਸਰੂਪ ਦਾ ਲੜੀ ਨੰ: ਹੋਵੇ ਅਤੇ ਜੋ ਬਿੱਲ ਕੱਟਿਆ ਜਾ ਰਿਹਾ ਹੈ ਉੱਥੇ ਲੜੀ ਨੰ: ਦਰਜ ਹੋਵੇ ਤਾਂ ਵੈਰੀਫਾਈ ਕੀਤਾ ਜਾ ਸਕਦਾ ਹੈ।

ਉੱਤਰ : ਜੇਕਰ ਬਿੱਲ ਤੇ ਲੜੀ ਨੰ: ਹੋਵੇ ਤਾਂ ਇਸ ਦਾ ਮਿਲਾਨ ਕੀਤਾ ਜਾ ਸਕਦਾ ਹੈ।

ਪ੍ਰਸ਼ਨ : ਜੇਕਰ ਇਹ ਸੰਭਵ ਹੈ ਤਾਂ ਕੀ ਆਪ ਨੇ ਕਦੇ ਸਬੰਧਿਤ ਵਿਭਾਗ ਹਦਾਇਤਾਂ ਦਿੱਤੀਆਂ ਹਨ ਕਿ ਲੜੀ ਨੰਬਰਾਂ ਰਿਕਾਰਡ ਰੱਖਣਾ ਅਤੇ ਮਿਲਾਨ ਕਰਨਾ ਅਤਿ ਜਰੂਰੀ ਹੈ ਕਿਉਂਕਿ ਇਹ ਪਾਵਨ ਸਰੂਪਾਂ ਦੇ ਸਤਿਕਾਰ ਦਾ ਮਾਮਲਾ ਹੈ ਅਤੇ ਇਸ ਵਿਚ ਅਣਗਿਹਲੀ ਨਹੀਂ ਵਰਤੀ ਜਾ ਸਕਦੀ।

ਉੱਤਰ : ਮੇਰਾ ਕੰਮ ਪ੍ਰੀ ਆਡਿਟ ਦਾ ਹੈ ਇਸ ਵਿਚ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਭਾਗ ਹਨ।ਮੈਂ ਵਿਸ਼ੇਸ਼ ਤੌਰ ਤੇ ਇਸ ਤਰੀਕੇ ਤੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਮੈਨੇਜਮੈਂਟ ਨੇ ਗੌਰ ਕੀਤਾ ਅਤੇ ਮੇਰਾ ਕੰਮ ਕੇਵਲ ਫਾਂਇਨਾਂਸ ਦਾ ਹੈ ਨਾ ਕਿ ਐਸੀਆਂ ਗੱਲਾਂ ਤੇ ਗੌਰ ਕਰਨ ਦਾ।ਜਦੋਂ ਵੀ ਅਸੀਂ ਫਿਜੀਕਲ ਵੈਰੀਫਿਕੇਸ਼ਨ ਲਈ ਜਾਂਦੇ ਹਾਂ ਸਾਨੂੰ ਮੌਕੇ ਦਾ ਇੰਚਾਰਜ਼/ਸੁਪਰਵਾਈਜ਼ਰ ਕਹਿੰਦਾ ਹੈ ਕਿਹਾ ਜਾਂਦਾ ਹੈ ਕਿ ਤੁਸੀ ਲਿਖਤੀ ਆਰਡਰ ਲਿਆਓ।ਸਾਲ 2015 ਵਿਚ ਇਨ੍ਹਾਂ ਨੈ ਫਿਜੀਕਲ ਵੈਰੀਫਿਕੇਸ਼ਨ ਕੀਤੀ ਪਰ ਸਾਨੂੰ ਸ਼ਾਮਿਲ ਨਹੀਂ ਕੀਤਾ ਗਿਆ ਤੇ ਨਾ ਹੀ ਸਾਨੂੰ ਦੱਸਿਆ ਗਿਆ ਤੇ ਨਾ ਹੀ ਕੋਈ ਰਿਪੋਰਟ ਵੀ ਭੇਜੀ ਗਈ।ਇਸ ਸੰਬੰਧੀ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਨਹੀਂ ਕੀਤੀ ਕਿਉਂਕਿ ਇਹ ਫਾਂਇਨਾਸ ਮਸਲਾ ਨਹੀਂ ਸੀ ਸਗੋਂ ਧਾਰਮਿਕ ਸੀ। ਸਰਕਾਰੀ ਆਡੀਟਰ ਨੇ ਵੀ ਕਦੇ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ।

ਪ੍ਰਸ਼ਨ : ਮੈਨੇਜ਼ਮੈਂਟ ਨੇ ਇੰਟਰਨਲ ਆਡਿਟ ਕਰਨ ਵਾਸਤੇ ਆਪਣੇ ਇੰਟਰਨਲ ਆਡੀਟਰ ਰੱਖੇ ਨੇ ਅਤੇ ਆਪ ਨੂੰ ਰੱਖਿਆ ਹੋਇਆ ਹੈ ਤਾਂ ਕਿ ਆਪ ਸਹੀ ਆਡਿਟ ਕਰਕੇ ਸਰਕਾਰੀ ਆਡੀਟਰ ਨੂੰ ਪੇਸ਼ ਕਰੋ ਅਤੇ ਉਹ ਉਸਨੂੰ ਚੈੱਕ ਕਰਕੇ ਸਰਕਾਰ ਤੱਕ ਭੇਜਣ।

ਉੱਤਰ : ਐਸਾ ਨਹੀਂ ਹੈ, ਸਰਕਾਰੀ ਆਡੀਟਰ ਆਪਣੇ ਪੱਧਰ ਤੇ ਚੈਕਿੰਗ ਕਰਦੇ ਹਨ। ਜਿੱਥੇ ਵੀ ਕਿਤੇ ਕੋਈ

ਸ਼ੱਕ ਹੁੰਦਾ ਹੈ ਉਹ ਸਾਨੂੰ ਪੁੱਛ ਸਕਦੇ ਹਨ ਪਰ ਅੱਜ ਤੱਕ ਕਦੇ ਕਿਸੇ ਨੇ ਕੁਝ ਪੁੱਛਿਆ ਨਹੀਂ ਹੈ।

ਪ੍ਰਸ਼ਨ : ਸਟੋਰ ਰਸੀਦ ਨੰ: 583 ਮਿਤੀ 20-08-2015 ਆਪ ਜੀ ਦੇ ਟੈਲੀ ਸਾਫ਼ਟਵੇਅਰ ਵਿਚ ਦਰਜ ਹੈ ਅਤੇ ਕਿਸ ਨਾਮ ਤੇ ਹੈ?

ਉੱਤਰ : ਇਹ ਰਸੀਦ 20-08-2015 ਦੀ ਜ਼ਮ੍ਹਾਂ ਕੀਤੀ ਰਸੀਦ ਹੈ ਅਤੇ ਪਾਵਨ ਸਰੂਪ ਦਰਮਿਆਨਾ ਪਦਛੇਦ ਸਾਈਜ਼ 57 ਨਗ, ਪਾਵਨ ਸਰੂਪ ਵੱਡਾ ਪਦਛੇਦ 19 ਨਗ। ਇਹ ਕਿਸ ਪਾਸੋਂ ਆਇਆ ਹੈ ਜਾਣਕਾਰੀ ਨਹੀਂ , ਅੰਦਾਜ਼ਾਂ ਹੈ ਕਿ ਸਸਪੈਂਸ ਖਾਤੇ ਦਾ ਹੋ ਸਕਦਾ ਹੈ।

ਪ੍ਰਸ਼ਨ : ਕੀ ਸਟਾਕ ਵਿਚ ਸਸਪੈਂਸ ਖਾਤਾ ਹੋ ਸਕਦਾ ਹੈ।

ਉਤਰ : ਸਟਾਕ ਵਿਚ ਸਸਪੈਂਸ ਖਾਤਾ ਨਹੀਂ ਹੋ ਸਕਦਾ ।

ਪ੍ਰਸ਼ਨ : ਕੀ ਰਸੀਦ ਨੰ: 583 ਤੇ ਕੋਈ ਲਿਖਤ ਇਤਰਾਜ਼ ਲਗਾਇਆ ਹੈ?

ਉੱਤਰ : ਨਹੀਂ ਕਿਸੇ ਤਰਾਂ ਦਾ ਕੋਈ ਇਤਰਾਜ਼ ਨਹੀਂ ਲਗਾਇਆ ਗਿਆ ਹੈ। ਉਸ ਨਾਲ ਕੋਈ ਆਗਿਆ ਪੱਤਰ ਲੱਗਿਆ ਹੋਵੇਗਾ। ਇਸ ਕਰਕੇ ਅਸੀਂ ਇਤਰਾਜ਼ ਨਹੀਂ ਲਗਾਇਆ।

ਪ੍ਰਸ਼ਨ : ਜੇਕਰ ਕਿਸੇ ਉੱਚ ਅਧਿਕਾਰੀ ਦਾ ਅਪਰੂਵਲ ਲੱਗਿਆ ਹੋਵੇ ਤਾਂ ਕੀ ਤੁਸੀਂ ਸਟਾਕ ਦੇ ਸਸਪੈਂਸ ਅਕਾਊਂਟ ਨੂੰ ਆਡਿਟ ਵਿਚ ਮਾਨਤਾ ਦਿੱਤੀ ਜਾ ਸਕਦੀ ਹੈ?

ਉੱਤਰ : ਸਾਡੇ ਵੱਲੋਂ ਇਸ ਤਰਾਂ ਦੇ ਅਕਾਊਂਟ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ।ਸਾਰੇ ਹੀ ਸਟੋਰਾਂ ਦੇ ਸਟਾਕ ਨੂੰ ਅਸੀਂ ਟੈਲੀ ਵਿਚ ਨਹੀਂ ਪਾਉਂਦੇ ਕੇਵਲ ਸ੍ਰੀ ਦਰਬਾਰ ਸਾਹਿਬ ਦਾ ਲੰਗਰ, ਇਮਾਰਤੀ ਸਟੋਰ, ਜਨਰਲ ਸਟੋਰ ਅਤੇ ਪਬਲੀਕੇਸ਼ਨ ਦਾ ਸਟੋਰ ਟੈਲੀ ਵਿਚ ਪਾਇਆ ਜਾਂਦਾ ਹੈ। ਇਹ ਅਸੀਂ ਸੇਵਾ ਦੇ ਤੌਰ ਤੇ ਕਰ ਰਹੇ ਹਾਂ ਸਾਡੇ ਕੰਟਰੈਕਟ ਵਿਚ

*ਸ਼ਾਮਲ ਨਹੀਂ।ਪਬਲੀਕੇਸ਼ਨ ਦੀਆਂ ਮੈਨੁਅਲ ਲੈਜ਼ਰ ਵਿਚ ਕਾਫੀ ਕਟਿੰਗ ਅਤੇ ਗਲਤੀਆਂ ਸਨ, ਉਸ ਨੂੰ ਮਿਲਾਨ ਵਿਚ ਬੜੀ ਮੁਸ਼ਕਲ ਆਉਂਦੀ ਸੀ।ਅਸੀਂ ਇਨ੍ਹਾਂ ਦੀਆਂ ਕੈਸ਼ ਮੀਮੋ ਦੇ ਬਿੱਲ ਤੋਂ ਡਾਟਾ ਲੈ ਕੇ ਟੈਲੀ ਵਿਚ ਐਂਟਰੀ ਕਰ ਦਿੱਤੀ।*

*ਪ੍ਰਸ਼ਨ : ਤੁਸੀਂ ਬਿੱਲ ਦੀ ਐਂਟਰੀ ਡੁੱਚ ਤੋਂ ਕਰਦੇ ਹੋ ਜਾਂ ਬਿੱਲ ਤੋਂ।ਇਨਾਂ ਵਿਚ ਕੋਈ ਅੰਤਰ ਹੈ।*

*ਉੱਤਰ : ਬਿੱਲ ਤੋ ਕਰਦੇ ਹਾਂ।ਡੁੱਚ ਜਦੋ ਸ਼ੋ ਰੂਮ ਤੋਂ ਪਾਵਨ ਸਰੂਪ ਬਾਹਰ ਜਾਂਦੇ ਹਨ ਤਾਂ ਪਹਿਲਾਂ ਡੁੱਚ ਦੀ ਪਰਚੀ ਕੱਟੀ ਜਾਂਦੀ ਹੈ।ਜਦੋਂ 100 ਰਸੀਦਾ ਦਾ ਡੁੱਚ ਪੂਰਾ ਹੋ ਜਾਂਦਾ ਹੈ ਉਸਦਾ ਇਕ ਬਿੱਲ ਕੱਟਿਆ ਜਾਂਦਾ ਹੈ ਅਤੇ ਸਾਰਾ ਕੈਸ਼ ਟ੍ਰਸੱਟ ਬ੍ਰਾਂਚ ਦੀ ਪੱਕੀ ਰਸੀਦ ਕਟਵਾ ਕੇ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ।*

*ਪ੍ਰਸ਼ਨ : ਕੀ ਤੁਸੀਂ ਕਦੇ ਡੁੱਚ ਅਤੇ ਉਹਨਾਂ ਨਾਲ ਸਬੰਧਿਤ ਬਿੱਲਾਂ ਦਾ ਮਿਲਾਨ ਕੀਤਾ ਹੈ।ਇਕ ਡੁੱਚ ਵਿਚ ਕਈ ਪ੍ਰਕਾਰ ਦੇ ਸਰੂਪਾਂ ਦੀਆਂ ਰਸੀਦਾ ਵੱਖਰੀਆਂ-ਵੱਖਰੀਆਂ ਕੱਟੀਆਂ ਜਾਂਦੀਆਂ ਹਨ, ਜਿਵੇਂ ਵੱਡੇ ਆਕਾਰ, ਦਰਮਿਆਨਾਂ ਅਕਾਰ, ਲੜੀਵਾਰ ਅਤੇ ਪਦਛੇਦ।ਬਹੁਤ ਸਮੇਂ ਇਹਨਾਂ ਦੀ ਭੇਟਾ ਵੱਖਰੀ-ਵੱਖਰੀ ਸੀ, ਪਰ ਹੁਣ ਲਗਭਗ ਇਕੋ ਤਰ੍ਹਾਂ ਦੀ ਹੈ ਤੇ ਉਹ ਡੁੱਚ ਸਟਾਕ ਰਜਿਸਟਰ ਵਿਚ ਐਂਟਰੀ ਕਰਨ ਲੱਗਿਆ ਇਕੋ ਹੀ ਅਕਾਰ ਵਿਚ ਦਰਜ ਕਰ ਦਿੱਤਾ ਜਾਂਦਾ ਹੈ ਕੀ ਇਹ ਸਹੀ ਹੈ?*

*ਉੱਤਰ : ਅਸੀਂ 100 ਡੁੱਚ ਦੀ ਕੁਲ ਰਕਮ ਨਾਲ ਟੈਲੀ ਕਰਦੇ ਹਾਂ।ਸਿੰਗਲ ਸਿੰਗਲ ਆਈਟਮ ਚੈਕ ਨਹੀਂ ਕਰਦੇ ਅਤੇ ਨਾ ਹੀ ਇਹ ਇਨਸਾਨੀ ਤੌਰ ਤੇ ਸੰਭਵ ਹੈ।ਸਾਡੇ ਕੋਲ ਤਾਂ ਲੋਕ ਖੜੇ ਰਹਿੰਦੇ ਹਨ ਸਾਡੇ ਕੋਲ ਸਮਾਂ ਨਹੀਂ ਹੁੰਦਾ।ਮੈਂ ਇਕ ਇਕ ਐਂਟਰੀ ਚੈਕ ਨਹੀਂ ਕਰ ਸਕਦਾ ਕਿਉਂਕਿ ਇੰਨੀ ਬਰੀਕੀ ਵਿਚ ਨਹੀਂ ਜਾ ਸਕਦਾ।ਮੇਰਾ ਆਡਿਟ ਚਾਰਜ 3500 ਤੋਂ 4000 ਰੁਪਏ ਪ੍ਰਤੀ ਗੁਰਦੁਆਰਾ ਪ੍ਰਤੀ ਮਹੀਨਾ ਹੈ ਅਤੇ ਸਕੂਲਾ/ਕਾਲਜ਼ਾਂ ਤੋਂ 2100 ਤੋਂ 3100 ਰੁਪਏ ਚਾਰਜ ਕਰਦਾ ਹਾਂ।ਮੈਂ ਮਹੀਨੇ ਵਿਚ ਚਾਰ ਤੋਂ ਪੰਜ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਉਂਦਾ ਹਾਂ। ਮੇਰੇ ਅੰਡਰ 77 ਗੁਰਦੁਆਰੇ ਆਉਂਦੇ ਹਨ ਅਤੇ 80-85 ਵਿਦਿਅਕ ਅਦਾਰੇ ਹਨ।ਮੈਂ ਆਪਣੀ ਟੈਲੀ ਨਾਲ ਚੈਕ ਕੀਤਾ ਹੈ ਕਿ ਡੁੱਚ ਦੇ ਵੱਖਰੇ-ਵੱਖਰੇ ਵੇਰਵੇ ਮੇਰੇ ਟੈਲੀ ਵਿਚ ਨਹੀਂ ਹਨ ਜਦਕਿ ਡੁੱਚ ਨੰ: 30 ਵਿਚ ਵੱਖਰੇ-ਵੱਖਰੇ ਪਾਵਨ ਸਰੂਪ ਦੇ*

*ਅਕਾਰ ਦਰਜ ਹਨ।ਇਸ ਕਾਰਨ ਸਾਡਾ ਟੈਲੀ ਦਾ ਬੈਂਲੇਸ ਐਕਚੁਅਲ ਬੈਂਲੇਸ ਨਾਲ ਮੇਲ ਨਹੀਂ ਖਾਦਾਂ।*

*ਪ੍ਰਸ਼ਨ : ਸਾਲ 2013-14 ਦਾ ਡਾਟਾ ਕਿਸ ਸਾਲ ਵਿਚ ਐਂਟਰ ਕੀਤਾ ਗਿਆ ਹੈ?*

*ਉੱਤਰ : ਇਹ ਡਾਟਾ ਨਾਲ-ਦੀ-ਨਾਲ ਐਂਟਰ ਕੀਤਾ ਜਾਂਦਾ ਰਿਹਾ, ਜਦੋ ਮੈਂ ਪ੍ਰੈੱਸ ਵਿਚ ਜਾਦਾ ਸੀ ਤਾਂ ਉੱਥੇ ਹੀ ਪਬਲੀਕੇਸ਼ਨ ਦਾ ਡਾਟਾ ਮੰਗਵਾ ਕੇ ਐਂਟਰ ਕਰਦਾ ਸੀ।ਜੇ ਕੋਈ ਡਾਟਾ ਜਾਂ ਵਾਊਚਰ ਰਹਿ ਗਿਆ ਹੋਵੇ ਤਾਂ ਉਹ ਮਹੀਨੇ ਦੋ ਮਹੀਨੇ ਬਾਅਦ ਐਂਟਰ ਕਰ ਲੈਂਦੇ ਸੀ।*

*ਪ੍ਰਸ਼ਨ : ਪਬਲੀਕੇਸ਼ਨ ਤੇ ਪ੍ਰਿੰਟਿੰਗ -ਪ੍ਰੈੱਸ  ਵਿਚ ਕਿੰਨੀ ਦੂਰੀ ਹੈ?*

*ਉੱਤਰ:- ਕੋਈ ਦੂਰੀ ਨਹੀਂ ਹੈ ।ਆਹਮਣੇ ਸਾਹਮਣੇ ਹਨ।ਕੰਪਿਊਟਰ ਪ੍ਰੈੱਸ ਵਿਚ ਹੀ ਲੱਗਿਆ ਹੋਇਆ ਸੀ ਜਿਸ ਵਿਚ ਟੈਲੀ ਲੋਡਡ ਹੈ।ਇਸ ਲਈ ਮੈਂ ਪ੍ਰੈੱਸ ਵਿਚ ਕਦੇ ਕਦੇ ਜਾ ਕੇ ਡਾਟਾ ਐਂਟਰ ਕਰਦਾ ਸੀ।*

*ਪ੍ਰਸ਼ਨ : ਜਦੋਂ ਤੁਸੀ ਟੈਲੀ ਵਿਚ ਐਂਟਰ ਕਰਦੇ ਸੀ ਤਾਂ ਡੁੱਚ ਵਿਚ ਕਿਹੜੇ ਅਕਾਰ ਦੇ ਕਿੰਨੇ ਪਾਵਨ ਸਰੂਪ ਹਨ, ਦਾ ਧਿਆਨ ਰੱਖਦੇ ਸੀ?*

*ਉੱਤਰ : ਅਸੀਂ ਟੈਲੀ ਵਿਚ ਡਾਟਾ ਆਪਣੀ ਸਹੂਲਤ ਵਾਸਤੇ ਪਾਉਂਦੇ ਸੀ, ਉਹ ਆਮ ਨਹੀਂ ਸੀ, ਉਦੋਂ ਅਸੀਂ ਪਬਲੀਕੇਸ਼ਨ ਤੋਂ ਕੇਵਲ ਬਿੱਲ ਹੀ ਮੰਗਾਉਂਦੇ ਸੀ ਕਿ ਉਹ ਕਿਹੜੇ ਅਕਾਰ ਦੇ ਪਾਵਨ ਸਰੂਪਾਂ ਦੇ ਬਿੱਲ ਸੀ।ਅਸੀਂ ਕਦੇ ਵੀ ਡੁੱਚ ਨਹੀਂ ਮੰਗਾਏ ਜਿਸ ਦੇ ਵਿਚ ਵੱਖਰੇ ਵੱਖਰੇ ਪਾਵਨ ਸਰੂਪਾਂ ਦਾ ਵੇਰਵਾ ਸੀ ਜੋ ਅਸੀਂ ਕਦੇ ਵੀ ਧਿਆਨ ਨਹੀਂ ਦਿੱਤਾ।*

*ਪ੍ਰਸ਼ਨ : ਦਸਤਾਵੇਜ਼ ਨੰ: 01 ਸਾਲ 2014-15 ਪੰਨਾ ਨੰਬਰ 56 ਦਿਖਾਇਆ ਗਿਆ ਤੇ ਪੁੱਛਿਆ ਗਿਆ ਕਿ ਕੱਚੀ ਪੈਸਿੰਲ ਨਾਲ ਕੱਢੇ ਹੋਏ ਬਕਾਏ ਤਸਦੀਕ ਕੀਤੇ ਜਾਂ ਸਕਦੇ ਹਨ।*

*ਉੱਤਰ : ਅਸੀਂ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸਾਲ 2016 ਦੌਰਾਨ ਦਿੱਤੀ ਰਿਪੋਰਟ ਵਿਚ ਸਾਰੀਆਂ ਗਲਤੀਆਂ ਦਾ ਵੇਰਵਾ ਲਿਖਤ ਰੂਪ ਵਿਚ ਦਿੱਤਾ ਗਿਆ ਸੀ  ਕਿ ਟੈਲੀ ਦਾ ਬੈਂਲੇਸ ਮੈਚ ਨਹੀਂ ਕਰਦਾ ਤੇ ਨੈਗੇਟਿਵ ਬੈਂਲੇਸ ਆਉਂਦੇ ਹਨ ।ਜੇਕਰ ਉਦੋਂ ਉਸ ਤੇ ਐਕਸ਼ਨ ਲਿਆ ਜਾਂਦਾ ਤੇ ਪੜਤਾਲ ਕਰਵਾਈ ਜਾਂਦੀ ਤਾਂ ਇਹ ਸਾਰੀਆਂ ਗਲਤੀਆਂ ਨਾ ਹੁੰਦੀਆਂ ।*

ਪ੍ਰਸ਼ਨ : ਜਿਹੜੀ ਰਿਪੋਰਟ ਤੁਸੀਂ ਪ੍ਰਧਾਨ ਸਾਹਿਬ ਨੂੰ ਦਿੱਤੀ ਹੈ ਜੇਕਰ ਉਸ ਤੇ ਐਕਸ਼ਨ ਹੋ ਜਾਦਾ ਤੇ ਉਹ ਗਲਤੀਆਂ ਰੋਕੀਆਂ ਜਾ ਸਕਦੀਆਂ ਸਨ ਪਰ ਤੁਸੀਂ ਕੀ ਉਹ ਗਲਤੀਆਂ ਰੋਕੀਆਂ।

ਉੱਤਰ : ਅਸੀਂ ਕੱਚੀ ਪੈਂਸਲ ਨਾਲ ਲੈਜ਼ਰਾਂ ਤੇ ਐਂਟਰੀਆਂ ਚੈੱਕ ਕੀਤੀਆਂ ਅਤੇ ਹਰੀ ਸਿਆਹੀ ਨਾਲ ਮਾਰਕ ਵੀ ਕੀਤਾ। ਲੈਜ਼ਰ ਪੇਸ਼ ਕਰਨ ਤੇ ਕੋਹਲੀ ਸਾਹਿਬ ਨੇ ਕਿਹਾ ਕਿ ਹਰੀ ਸਿਆਹੀ ਦੇ ਮਾਰਕ ਸਿਰਫ਼ ਸਾਡੇ ਹੀ ਨਹੀਂ ਹਨ, ਇਹ ਕਿਸੇ ਹੋਰ ਦੇ ਵੀ ਹੋ ਸਕਦੇ ਹਨ।ਅਤੇ ਇਹ ਵੀ ਹੋ ਸਕਦਾ ਹੈ ਕਿ ਜਦੋਂ ਅਸੀਂ ਦੇਖੇ ਹੋਣ ਉਸ ਵੇਲੇ ਇਹ ਮਾਰਕ ਨਾ ਹੋਣ ਸਗੋਂ ਬਾਅਦ ਵਿਚ ਕੀਤੇ ਹੋਣ।

ਪ੍ਰਸ਼ਨ : ਜਦੋਂ ਤੁਹਾਨੂੰ ਐਸਾ ਲੱਗਿਆ ਕਿ ਇਹ ਹਰੀ ਸਿਆਹੀ ਵਾਲੇ ਟਿੱਕ ਕਿਸੇ ਹੋਰ ਨੇ ਕੀਤੇ ਹਨ ਇਹ ਬਹੁਤ ਵੱਡੀ ਗਲਤੀ ਹੈ।ਕੀ ਤੁਸੀਂ ਇਸ ਸੰਬੰਧੀ ਕੋਈ ਕਾਰਵਾਈ ਕੀਤੀ।

ਉੱਤਰ : ਅਸੀਂ ਪਿੱਛੇ ਜਾ ਕੇ ਨਹੀਂ ਦੇਖਿਆ ਕਿਉਂ ਕਿ ਇਸ ਰਿਕਾਰਡ ਦੀ ਐਂਟਰੀ ਕਰ ਚੁੱਕੇ ਸੀ।ਮੇਰਾ ਕੰਮ ਆਡਿਟ ਕਰਨਾ ਹੈ ਰਿਕਾਰਡ ਰੱਖਣਾ ਨਹੀਂ।

ਪ੍ਰਸ਼ਨ : ਜੇਕਰ ਤੁਹਾਡਾ ਕੰਮ ਆਡਿਟ ਕਰਨਾ ਹੈ ਰਿਕਾਰਡ ਰੱਖਣਾ ਨਹੀਂ ਪਰ ਜੇਕਰ ਸੰਸਥਾਂ ਦਾ ਰਿਕਾਰਡ ਸਹੀ ਨਾ ਰਖਿਆ ਜਾਵੇ ਤਾਂ ਆਪ ਦੀ ਕੋਈ ਜਿੰਮੇਵਾਰੀ ਬਣਦੀ ਹੈ।

ਉੱਤਰ : ਇਸ ਸੰਬੰਧੀ ਇਤਰਾਜ਼ ਅਸੀਂ 2016 ਦੀ ਰਿਪੋਰਟ ਵਿਚ ਦੇ ਚੁੱਕੇ ਹਾਂ ਜਿਸ ਤੇ ਕੋਈ ਕਾਰਵਾਈ ਨਹੀਂ ਹੋਈ।

ਪ੍ਰਸ਼ਨ : 2016 ਦੇ ਵਿੱਚ ਆਪ ਜੀ ਨੇ ਇਤਰਾਜ਼ ਲਗਾਏ ਪਰ ਫਿਰ ਵੀ ਉਸੇ ਤਰ੍ਹਾਂ ਹੀ ਚਲਦਾ ਰਿਹਾ ਉਸ ਪ੍ਰੀ ਆਡਿਟ ਨੂੰ ਤੁਸੀਂ ਕਿਉਂ ਨਹੀਂ ਰੋਕਿਆ ਅਤੇ ਇਹ ਗਲਤੀਆਂ ਨਿਰੰਤਰ ਜਾਰੀ ਕਿਉਂ ਰਹੀਆਂ।

ਉੱਤਰ : ਜੋ ਪ੍ਰੀ ਆਡਿਟ ਹੁੰਦਾ ਸੀ ਉਹ ਪੇਪਰ ਦੇ ਬਿੱਲਾਂ ਦਾ ਜਾਂ ਸਿਆਹੀ ਦੇ ਬਿੱਲਾਂ ਦਾ ਆਡਿਟ ਹੁੰਦਾ ਸੀ।ਪੇਪਰ ਦਾ ਟੈਂਡਰ ਹੁੰਦਾ ਸੀ ਜਿਸ ਹਿਸਾਬ ਨਾਲ ਰੇਟ ਆਉਂਦੇ ਸਨ।ਸਿਆਹੀ ਦਾ ਟੈਂਡਰ ਜਾਂ ਕੁਟੇਸ਼ਨ ਦੋਨੋਂ ਹੀ ਹੁੰਦੇ ਸਨ।ਜਦੋਂ ਵੀ ਇਹਨਾਂ ਬਿੱਲਾਂ ਵਿਚ ਕੋਈ ਗਲਤੀ ਜਾਂ ਇਤਰਾਜ਼ ਹੁੰਦਾ ਸੀ ਤਾਂ ਉਸਦੀ ਰਿਪੋਰਟ ਦਿੱਤੀ ਜਾਂਦੀ ਸੀ। ਮੈਂ

*ਪਬਲੀਕੇਸ਼ਨ ਵਿਭਾਗ ਦੀ 2016 ਤੋਂ ਬਾਅਦ ਕੋਈ ਰਿਪੋਰਟ ਨਹੀਂ ਦਿੱਤੀ ਕਿਉਂਕਿ ਸਾਨੂੰ ਇਸ ਦਾ ਕੋਈ ਜਵਾਬ ਨਹੀਂ ਆਇਆ ਅਤੇ ਨਾ ਹੀ ਅਸੀਂ ਇਸ ਸੰਬੰਧੀ ਯਾਦ ਪੱਤਰ ਭੇਜਿਆ।*

*ਦਸਤਾਵੇਜ਼ ਨੰ: 02 ਏ ਤੋਂ ਲੈ ਕੇ 2 ਜੀ ਤੱਕ ਸੱਤ ਪੰਨੇ ਆਫਿਸ ਨੋਟ ਮਿਤੀ 10-06-2020 ਤੇ ਮਿਤੀ 24-06-2019 ਪੇਸ਼ ਕਰ ਰਿਹਾ ਹਾਂ ਜੋ ਕਿ ਪੇਪਰ ਖਰੀਦ ਵਿਚ ਹੋਈਆਂ ਤਰੁੱਟੀਆਂ ਸੰਬੰਧੀ ਹੈ।ਜੋ ਕਿ ਸਕੱਤਰ ਸਾਹਿਬ ਖਰੀਦ ਵਿਭਾਗ ਅਤੇ ਮੀਤ ਸਕੱਤਰ ਪ੍ਰੈੱਸਾਂ ਨੂੰ ਭੇਜਿਆ ਗਿਆ ਹੈ।ਪਹਿਲਾ ਦਸਤਾਵੇਜ਼ ਨੰ: 02 ਏ ਆਫਿਸ ਨੋਟ ਸਾਡਾ ਹੈ ਅਤੇ ਅਖਰੀਲਾ ਦਸਤਾਵੇਜ਼ ਨੰ: 2 ਜੀ ਸਾਡੇ ਵੱਲੋਂ ਕੀਤੀ ਰਿਪੋਰਟ ਹੈ।*

*ਪ੍ਰਸ਼ਨ : ਕੀ ਸਾਰੇ ਫਾਂਇਨਾਸ ਖਾਤਿਆ ਦਾ ਕੰਪਿਊਟਰੀਕਰਨ ਤੁਹਾਡੇ ਅਧਿਕਾਰ ਖੇਤਰ ਵਿਚ ਆਉਂਦਾ ਹੈ?*

*ਉਤਰ : ਹਾਂ ਜੀ ।*

*ਪ੍ਰਸ਼ਨ : ਕੀ ਤੁਹਾਨੂੰ ਮਿਤੀ 19-05-2016 ਦੀ ਅਗਨ ਭੇਟ ਘਟਨਾ ਬਾਰੇ ਕੋਈ ਜਾਣਕਾਰੀ ਹੈ ?*

*ਉੱਤਰ : ਮੈਂ ਇਸ ਘਟਨਾ ਸੰਬੰਧੀ ਆ ਕੇ ਮੌਕਾ ਨਹੀਂ ਵੇਖਿਆ ਤੇ ਨਾ ਹੀ ਮੈਨੂੰ ਕੋਈ ਅੰਦਾਜਾਂ ਹੈ ਕਿ ਕਿੰਨੇ ਪਾਵਨ ਸਰੂਪ ਅਗਨ ਭੇਟ ਹੋਏ।ਮੈਨੂੰ ਇਸ ਸੰਬੰਧੀ ਕੋਈ ਜਾਣਕਾਰੀ ਨਹੀਂ ।ਸ. ਅਮਰਜੀਤ ਸਿੰਘ ਨੇ ਕਿਹਾ ਕਿ ਮੈਨੂੰ ਜਾਣਕਾਰੀ ਸੀ ਪਰ ਮੈਂ ਮੌਕਾ ਵੇਖਣ ਨਹੀ ਗਿਆ।*

*ਪ੍ਰਸ਼ਨ : ਕੀ ਤੁਸੀ ਟੈਲੀ ਵਿਚ ਸਟੋਰ ਲੈਜ਼ਰ ਮੇਨਟੇਨ ਕਰਦੇ ਹੋ ਕੀ ਉਸ ਵਿਚ ਤੁਸੀਂ ਦੱਸ ਸਕਦੇ ਹੋ ਕਿ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ।*

*ਉੱਤਰ : ਨਹੀਂ ਜੀ ਸਾਨੂੰ ਇਸ ਸੰਬੰਧੀ ਕਿਸੇ ਨੇ ਰਿਪੋਰਟ ਨਹੀਂ ਕੀਤੀ।*

*ਪ੍ਰਸ਼ਨ : ਕੀ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਰਾਈਟ ਆਫ ਐਂਟਰੀ ਸਟੋਰ ਲੈਜ਼ਰ ਵਿਚ ਹੋਣੀ ਚਾਹੀਦੀ ਸੀ?*

ਉੱਤਰ : ਇਹ ਸਬਜੈਕਟਿਵ ਮੈਟਰ ਹੈ। ਕਿਉਕਿ ਸਾਨੂੰ ਕਿਸੇ ਨੇ ਰਿਪੋਰਟ ਹੀ ਨਹੀ ਕੀਤੀ।ਜੇ ਇਸ ਤਰ੍ਹਾਂ ਹੋਇਆ ਤਾਂ ਸਟੋਰ ਇੰਚਾਰਜ਼ ਨੂੰ ਇਹ ਐਂਟਰੀ ਕਰਨੀ ਚਾਹੀਦੀ ਸੀ।ਮੈਨੂੰ ਲਗਦਾ ਹੈ ਕਿ ਮੈਂ ਉਸ ਸਮੇਂ ਬਾਹਰ ਗਿਆ ਹੋਇਆ ਸੀ।ਮੈਨੂੰ ਇਸ ਘਟਨਾ ਬਾਰੇ ਪਤਾ ਲੱਗ ਗਿਆ ਸੀ, ਪਰ ਕਿੰਨੇ ਦਿਨਾਂ ਬਾਅਦ ਲੱਗਿਆ ਯਾਦ ਨਹੀਂ।ਇਹ ਮੇਰੇ ਦਾਇਰੇ ਅੰਦਰ ਨਹੀਂ ਹੈ, ਇਹ ਸੰਸਥਾਂ ਦੇ ਉੱਚ ਅਧਿਕਾਰੀਆਂ ਦਾ ਕੰਮ ਹੈ।

ਪ੍ਰਸ਼ਨ : ਕੀ ਤੁਹਾਨੂੰ ਰਸੀਦ ਨੰਬਰ 583 ਬਾਰੇ ਜਾਣਕਾਰੀ ਸੀ ?

ਉੱਤਰ : ਅਸੀਂ ਇਸਦੀ ਸਸਪੈਂਸ ਖਾਤੇ ਵਾਲੀ ਐਂਟਰੀ ਟੈਲੀ ਵਿਚ ਪਾਈ ਹੈ।ਪਰ ਇਹ ਐਂਟਰੀ ਸਸਪੈਂਸ ਅਕਾਊਂਟ ਵਿਚ ਹੋਣੀ ਚਾਹੀਦੀ ਸੀ, ਕਿਉਂਕਿ ਫਿਜੀਕਲ ਵੈਰੀਫਿਕੇਸ਼ਨ ਦਾ ਅੰਤਰ ਸੀ ਤਾਂ ਸਸਪੈਂਸ ਅਕਾਊਂਟ ਵਿਚ ਕਰ ਦਿੱਤਾ ਐਸੀ ਐਂਟਰੀ ਸਟਾਕ ਰਜਿਸਟਰ ਵਿਚ ਹੋਣੀ ਚਾਹੀਦੀ ਸੀ।

ਪ੍ਰਸ਼ਨ : ਜੇ ਅੱਜ ਦੀ ਤਰੀਕ ਵਿਚ 18-08-2015 ਦੇ ਲੈਜ਼ਰ ਬੈਂਲੇਸ ਬਦਲ ਗਏ ਹਨ ਕਿਉਂਕਿ ਸਰਕਾਰੀ ਆਡਿਟ 2013-14 ਤੇ 2014-15 ਦਾ ਸਾਲ 2018-19 ਵਿਚ ਹੋਇਆ ਹੈ, ਤਾਂ ਉਸ ਤਰੀਕ ਨੂੰ (18-08-20) ਨੂੰ ਲੈਜ਼ਰ ਬੈਂਲੇਸ ਮੰਨਿਆ ਜਾਵੇ ਜਾਂ ਫਿਜੀਕਲ ਬੈਂਲੇਸ ਮੰਨਿਆ ਜਾਵੇ।

ਉੱਤਰ : ਮੇਰਾ ਕਹਿਣਾ ਹੈ ਕਿ ਜੋ ਜਦੋਂ ਫਿਜੀਕਲ ਵੈਰੀਫਿਕੇਸ਼ਨ ਹੁੰਦੀ ਹੈ ਤਾਂ ਉਸਦੀ ਰਿਪੋਰਟ ਬਣਦੀ ਹੈ ਅਤੇ ਰਿਪੋਰਟ ਅੰਤ੍ਰਿੰਗ ਕਮੇਟੀ ਤੋਂ ਪਾਸ ਹੋਣੀ ਚਾਹੀਦੀ ਹੈ ਅਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਨਾਲ ਹੀ ਲੈਜ਼ਰ ਬੈਂਲੇਸ ਬਦਲੇ ਜਾ ਸਕਦੇ ਹਨ।ਅਸੂਲਨ ਜਦੋਂ ਫਿਜੀਕਲ ਵੈਰੀਫਿਕੇਸ਼ਨ ਹੁੰਦੀ ਹੈ ਉਹ ਹੀ ਬੈਂਲੇਸ ਅੱਗੇ ਚੁੱਕਿਆ ਜਾਣਾ ਚਾਹੀਦਾ ਹੈ। ਇਸ ਲਈ ਜੋ ਫਿਜੀਕਲ ਬੈਂਲੇਸ ਮੌਜੂਦ ਪਾਇਆ ਗਿਆ ਉਹੀ ਸਹੀ ਬੈਂਲੇਸ ਮੰਨਿਆ ਜਾਵੇਗਾ। ਨੱਥੀ ਦਸਤਾਵੇਜ਼ ਨੰ: 03 ਦੇ ਪੰਜ ਪੇਜ਼ ਹਨ ਏ ਤੋਂ ਈ ਤੱਕ ਅਤੇ ਇਹ ਜੋ ਫਿਜੀਕਲ ਵੈਰੀਫਿਕੇਸ਼ਨ ਹੋਈ ਹੈ ਇਸ ਤੋਂ ਸ਼ੁਰੂਆਤ ਹੋਣੀ ਚਾਹੀਦੀ ਹੈ।ਜੇਕਰ ਇਹ ਰਿਪੋਰਟ ਸਾਨੂੰ ਉਸ ਵੇਲੇ ਦਿੰਦੇ ਜਾਂ ਫਿਜੀਕਲ ਵੈਰੀਫਿਕੇਸ਼ਨ ਵਿਚ ਸਾਨੂੰ ਸ਼ਾਮਲ ਕਰਦੇ ਤਾਂ ਅਸੀਂ ਰਿਕਾਰਡ ਦੇ ਮਿਲਾਨ ਵਿਚ ਸਹਾਇਤਾ ਕਰ ਸਕਦੇ ਸੀ।

ਪ੍ਰਸ਼ਨ : ਪ੍ਰੈੱਸ ਵੱਲੋਂ ਪਾਵਨ ਸਰੂਪਾਂ ਦਾ ਜੋ ਬਿੱਲ ਕੱਟਿਆ ਜਾਂਦਾ ਹੈ ਉਸ ਵਿਚ ਜੋ ਪੇਪਰ ਦੀ

*ਮਾਤਰਾ ਹੁੰਦੀ ਹੈ ਉਹ ਅੰਦਾਜ਼ਨ ਹੁੰਦੀ ਜਾਂ ਜਿੰਨੀ ਵਰਤੋਂ ਹੁੰਦੀ ਹੈ ਉਨੀ ਹੀ ਹੁੰਦੀ ਹੈ ?*

*ਉੱਤਰ : ਕਿਉਕਿ ਇਹ ਪ੍ਰੈੱਸ ਤੇ ਸ਼੍ਰੋਮਣੀ ਕਮੇਟੀ ਦਾ ਇੰਟਰਨਲ ਮਸਲਾ ਹੈ ਇਸ ਲਈ ਅਸੀਂ ਇਸ ਤੇ  ਜਿਆਦਾ ਤਵੱਜੋ ਨਹੀਂ ਦਿੰਦੇ ।*

*ਪ੍ਰਸ਼ਨ : ਪੜਤਾਲ ਕਮਿਸ਼ਨ ਵੱਲੋਂ ਦਸਤਾਵੇਜ਼ ਨੰ: 4 ਦਿਖਾਇਆ ਗਿਆ ਜੋ ਕਿ ਪੇਪਰ ਲੈਜ਼ਰ 2014-15 ਦਾ ਸੀ, ਇਸ ਵਿਚ ਪੰਨਾ ਨੰਬਰ 19 ਤੇ ਜੋ ਵੇਸਟੇਜ਼ ਜਮ੍ਹਾਂ ਹੋਈ ਹੈ ਉਹ ਬਿੱਲ ਵਿਚੋਂ ਜਿਹੜਾ ਬਿੱਲ ਪ੍ਰੈੱਸ ਵੱਲੋਂ ਦਿੱਤਾ ਗਿਆ ਹੈ ਉਸ ਵਿਚ ਉਨੀ ਵੇਸਟੇਜ਼ ਘਟਾਈ ਜਾਣੀ ਚਾਹੀਦੀ ਹੈ ਜਾਂ ਨਹੀਂ ?*

*ਉੱਤਰ : ਕੋਹਲੀ ਸਾਹਿਬ ਨੇ ਕਿਹਾ ਕਿ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ।ਮੈਂ ਇਸ ਸੰਬੰਧੀ ਪੂਰਾ ਰਿਕਾਰਡ ਦੇਖਿਆ ਹੈ ਪਰ ਮੈਂ ਕੁਝ ਨਹੀਂ ਕਹਿ ਸਕਦਾ ।*

*ਪ੍ਰਸ਼ਨ : ਐਸ.ਜੀ.ਪੀ.ਸੀ ਦੇ ਅਦਾਰਾ ਐਕਟ ਅਨੁਸਾਰ ਚਲਦਾ ਹੈ ਅਤੇ ਪ੍ਰੈੱਸ ਦਾ ਅਦਾਰਾ ਫੈਕਟਰੀ ਐਕਟ 1948 ਦੇ ਅਧੀਨ ਹੈ ਅਤੇ ਲੇਬਰ ਐਕਟ ਦੇ ਅਧੀਨ ਆਉਂਦਾ ਹੈ, ਕੀ ਇਹ ਗੱਲ ਠੀਕ ਹੈ?*

*ਉੱਤਰ : ਹਾਂ ਜੀ ਇਹ ਗੱਲ ਠੀਕ ਹੈ।ਪ੍ਰੈੱਸ ਦਾ ਸਾਰਾ ਬਜ਼ਟ ਐਸ.ਜੀ.ਪੀ.ਸੀ ਦੇ ਬਜ਼ਟ ਵਿਚ ਹੀ ਆਉਂਦਾ ਹੈ।*

*ਪ੍ਰੈੱਸ ਦੀ ਆਮਦਨ ਐਸ.ਜੀ.ਪੀ.ਸੀ. ਦੇ ਬਜ਼ਟ ਵਿਚ ਕੋਲੈਬ ਹੋ ਜਾਂਦੀ ਹੈ।ਐਸ.ਜੀ.ਪੀ.ਸੀ. ਦੇ ਐਕਟ ਦੇ ਅਧੀਨ ਹੀ ਇਹ ਪ੍ਰੈੱਸ ਦਾ ਬਜ਼ਟ ਰਹੇਗਾ।*

*ਪ੍ਰਸ਼ਨ : ਆਪ ਜੀ ਨੇ ਹੁਣ ਤੱਕ ਸਾਰੇ ਬਜ਼ਟ ਨੂੰ ਆਨ ਲਾਈਨ ਨਹੀਂ ਕੀਤਾ ਜੇ ਇਹ ਸਮੇਂ ਸਿਰ ਹੋ ਜਾਂਦਾ ਤਾਂ ਰਿਕਾਰਡ ਵਿਚ ਇਸ ਤਰਾਂ ਦੀਆਂ ਸਮੱਸਿਆਵਾਂ ਨਾ ਹੁੰਦੀਆਂ।*

*ਉੱਤਰ : ਸਾਲ 2010 ਵਿਚ Deloitte ਕੰਪਨੀ ਨੂੰ ਆਨ ਲਾਈਨ ਦਾ ਕੰਮ ਦਿੱਤਾ ਗਿਆ।ਉਹ ਆਨ ਲਾਈਨ ਕੰਮ ਦਾ ਪੈਕੇਜ਼ ਬਣਾ ਕੇ ਦੇਣਾ ਸੀ।ਉਨਾਂ ਦੀ ਅੱਜ ਤੱਕ ਫਾਈਨਲ ਰਿਪੋਰਟ ਨਹੀਂ ਆਈ Interim ਰਿਪੋਰਟ ਸ਼ਾਇਦ ਆਈ ਹੋਵੇ ਪਰ ਉਹ ਕੰਮ ਵਿਚਾਲੇ ਛੱਡ ਕੇ ਚਲੇ ਗਏ।ਅਸੀਂ ਉਨਾਂ ਦੇ ਡਿਵੈਲਪ ਸਿਸਟਮ ਤੇ ਹੀ ਕੰਮ ਕਰਨਾ ਸੀ, ਜੋ ਅਜੇ ਤੱਕ ਪੈਡਿੰਗ ਹੈ ।*

*I reiterate that the main responsibility of keeping & recording stock of "Pawan Saroop" & other publication is that of the "Custodian" which in that case is the Printing & Publication Department of SGPC. The people who are directly holding it as custodians."*

**7.19 (ਢ) ਬਿਆਨ ਕਰਤਾ: -ਟੀਮ ਅਕਾਊਟੈਂਟ**

| | | |
|---|---|---|
| 1. ਸ੍ਰ.ਸਤਿੰਦਰ ਸਿੰਘ | 3. ਸ੍ਰ.ਗੋਪਾਲ ਸਿੰਘ | 5. ਸ੍ਰ.ਪੰਜਾਬ ਸਿੰਘ |
| 2. ਸ੍ਰ.ਇੰਦਰਪਾਲ ਸਿੰਘ | 4. ਸ੍ਰ.ਜਤਿੰਦਰਪਾਲ ਸਿੰਘ | 6. ਸ੍ਰ.ਅਮਰਜੀਤ ਸਿੰਘ |

ਉਪਰੋਕਤ ਟੀਮ ਜੋ ਦੋ ਦਿਨ੍ਹਾਂ ਤੋਂ ਪਾਵਨ ਸਰੂਪਾਂ ਦੀ ਸਟੋਰ ਲੈਜ਼ਰ, ਬਿੱਲ ਬੁੱਕ, ਰਸੀਦਾਂ ਅਤੇ ਉਹਨਾਂ ਦੀਆਂ ਪੇਮੈਂਟ ਜੋ-ਜੋ ਬਿੱਲ ਬੁੱਕ ਅਤੇ ਸਟੋਰ ਰਸੀਦਾਂ ਦੀ ਪੋਸਟਿੰਗ ਲੈਜ਼ਰ ਵਿੱਚ ਸਾਲ 2013-14 ਅਤੇ ਸਾਲ 2019-20 ਵਿੱਚ ਹੋਈ ਹੈ, ਉਹਨਾਂ ਸਭਨਾਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਵਿੱਚ ਸਾਰੀਆਂ ਐਂਟਰੀਆਂ ਠੀਕ ਪਾਈਆਂ ਗਈਆਂ ਹਨ ਅਤੇ ਜੋ ਵੀ ਸ਼ੁਰੂਆਤੀ ਅਤੇ ਅੰਤ ਤੀਕ ਬਕਾਇਆ ਸਟੋਰ ਲੈਜ਼ਰਾਂ ਵਿੱਚ ਆ ਰਿਹਾ ਹੈ ਉਹ ਹਰ ਸਾਲ ਦੇ ਉਹਨਾਂ ਦੇ ਡਾਟੇ ਨਾਲ ਮੇਲ ਖਾਂਦਾ ਹੈ।

ਸਾਲ 2015 ਤੱਕ ਜੋ ਸਰਕਾਰੀ ਆਡਿਟ ਹੋਇਆ ਜਿਸ ਨਾਲ ਕਿ ਪਾਵਨ ਸਰੂਪਾਂ ਦੇ ਸਟਾਕ ਦੀਆਂ ਬੈਲੈਂਸ ਸ਼ੀਟਾਂ ਲੱਗੀਆਂ ਹੋਈਆਂ ਹਨ, ਉਸ ਉੱਪਰ ਪਬਲੀਕੇਸ਼ਨ ਦੇ ਅਧਿਕਾਰੀਆਂ, ਸੁਪਰਵਾਈਜ਼ਰ, ਇੰਚਾਰਜ ਅਤੇ ਕਲਰਕ ਦੇ ਦਸਤਖਤ ਹੁੰਦੇ ਹਨ, ਉਸਤੋਂ ਬਾਅਦ ਅਕਾਊਂਟਸ ਵਾਲੇ ਆਪਣੀ ਜਰਨਲ ਲੈਜ਼ਰ ਨਾਲ ਮਿਲਾਣ ਕਰਨ ਤੋਂ ਬਾਅਦ ਬੈਲੈਂਸ ਚੈੱਕ ਕਰਕੇ ਆਪਣੇ ਦਸਤਖਤ ਕਰਦੇ ਹਨ, ਪਰ ਇਹ ਫਿਜ਼ੀਕਲ ਤਸਦੀਕ ਨਹੀਂ ਕਰਦੇ।

ਮਿਤੀ 31/03/2016 ਵਿਚ ਪਾਵਨ ਸਰੂਪ ਲੜੀਵਾਰ ਦਰਮਿਆਨਾ ਸਾਈਜ਼ ਮੌਜੂਦ ਨਹੀਂ ਸਨ ਪਰ ਸੰਬੰਧਤ ਕਰਮਚਾਰੀਆਂ ਵੱਲੋਂ 31 ਪਾਵਨ ਸਰੂਪ ਇਸ਼ੂ ਕੀਤੇ ਗਏ ਹਨ।ਸਾਲ 2016-17 ਦਾ ਆਡਿਟ ਕਾਰਵਾਈ ਅਧੀਨ ਹੈ।ਸਾਲ 2017-18 ਵਿੱਚ ਵੀ 09 ਪਾਵਨ ਸਰੂਪ ਹੋਰ ਇਸ਼ੂ ਕੀਤੇ ਗਏ ਹਨ, ਜਿਸ ਤਰ੍ਹਾਂ ਕੁਲ 40 ਪਾਵਨ ਸਰੂਪ ਹੋ ਜਾਂਦੇ ਹਨ, ਜੋ ਰਿਕਾਰਡ ਤੋਂ ਵੱਧ ਹਨ।ਪਾਵਨ ਸਰੂਪਾਂ ਦਾ ਵੇਰਵਾ ਮਿਤੀ 31/03/2020 ਤੱਕ:

ਪਾਵਨ ਸਰੂਪ ਦਰਮਿਆਨਾ ਪਦਛੇਦ -345

ਪਾਵਨ ਸਰੂਪ ਵੱਡਾ ਪਦਛੇਦ -68

ਪਾਵਨ ਸਰੂਪ ਵੱਡਾ ਲੜੀਵਾਰ -22

ਪਾਵਨ ਸਰੂਪ ਦਰਮਿਆਨਾ ਲੜੀਵਾਰ -40

ਉਪਰੋਕਤ ਰਿਕਾਰਡ ਉਹਨਾਂ ਦੀਆ ਲੈਜ਼ਰਾਂ ਨਾਲ ਮੇਲ ਖਾਂਦਾ ਹੈ ਅਤੇ ਮੌਜੂਦਾ ਸਥਿਤੀ ਪਬਲੀਕੇਸ਼ਨ ਵਿਭਾਗ ਹੀ ਦੱਸ ਸਕਦਾ ਹੈ।

ਪੜਤਾਲ ਕਮੇਟੀ ਦੇ ਇਹ ਰਾਏ ਮੰਗਣ 'ਤੇ ਕਿ ਇਹਨਾਂ ਘਟੇ ਹੋਏ 267 ਪਾਵਨ ਸਰੂਪਾਂ ਨੂੰ ਕਿਵੇਂ ਲੱਭਿਆ ਜਾ ਸਕਦਾ ਹੈ, ਉਪਰੋਕਤ ਅਕਾਊਂਟੈਂਟ ਟੀਮ ਨੇ ਦੱਸਿਆ ਕਿ ਇਥੇ ਕਈ ਕ੍ਰਿਸ਼ਮੇ ਹੁੰਦੇ ਰਹਿੰਦੇ ਹਨ, ਜਾਂ ਅਕਾਲ ਪੁਰਖ ਜਾਣਦਾ ਹੈ ਜਾਂ ਪਬਲੀਕੇਸ਼ਨ ਵਿਭਾਗ ਵਾਲੇ ਬੰਦੇ ਦੱਸ ਸਕਦੇ ਹਨ।ਅਸੀਂ ਦੁਨਿਆਵੀ ਬੰਦੇ ਰਾਏ ਨਹੀਂ ਦੇ ਸਕਦੇ।

**7.20 <u>(ਣ) ਬਿਆਨ ਕਰਤਾ: -ਸ੍ਰ.ਸਤਿੰਦਰ ਸਿੰਘ ਮੀਤ ਸਕੱਤਰ ਫਾਇਨਾਂਸ</u>**

ਸਾਲ 2009 ਤੋਂ ਸਾਲ 2014 ਤੱਕ ਸ੍ਰ.ਸਤਿੰਦਰ ਸਿੰਘ ਨੇ ਸੀ.ਏ. ਕੋਹਲੀ ਐਂਡ ਐਸੋਸੀਏਟ ਜੋ ਕਿ ਐਸ.ਜੀ.ਪੀ.ਸੀ ਦਾ ਇੰਟਰਨਲ ਆਡੀਟਰ ਹੈ, ਨਾਲ ਕੰਮ ਕੀਤਾ ਅਤੇ ਉਸ ਤੋਂ ਬਾਅਦ ਸਾਲ 2014 ਵਿੱਚ ਸ੍ਰ.ਅਵਤਾਰ ਸਿੰਘ ਮੱਕੜ ਦੇ ਪੀ.ਏ ਦੇ ਤੌਰ 'ਤੇ ਕੰਮ ਕੀਤਾ ਤੇ ਫਿਰ ਸਾਲ 2016 ਤੋਂ ਮੀਤ ਸਕੱਤਰ ਦੇ ਅਹੁਦੇ ਤੇ ਹਨ।

ਸਾਲ 19/05/2016 ਦੀ ਘਟਨਾ ਬਾਰੇ ਸ੍ਰ.ਸਤਿੰਦਰ ਸਿੰਘ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਗਏ ਸਨ ਪਰ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ ਸਨ, ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਹਿਸਾਬ ਨਾਲ ਇਹ ਕੰਮ ਪਬਲੀਕੇਸ਼ਨ ਵਿਭਾਗ ਦਾ ਹੈ।

ਸਾਲ 2009-14 ਤੱਕ ਸ੍ਰ.ਸਤਿੰਦਰ ਸਿੰਘ ਨੇ ਸੀ.ਏ ਕੋਹਲੀ ਐਂਡ ਐਸੋਸੀਏਟ ਨਾਲ ਕੰਮ ਕੀਤਾ ਪਰ ਤਨਖਾਹ ਐਸ.ਜੀ.ਪੀ.ਸੀ ਤੋਂ ਕਲੇਮ ਕਰਦੇ ਰਹੇ।ਉਨ੍ਹਾਂ ਦੀ ਇਹ ਡਿਊਟੀ ਪ੍ਰਧਾਨ ਸਾਹਿਬ ਨੇ ਲਗਾਈ ਸੀ।ਸ੍ਰ.ਸਤਿੰਦਰ ਸਿੰਘ ਨੇ ਦੱਸਿਆ ਕਿ ਸੀ.ਏ. ਕੋਲ ਰਹਿੰਦਿਆਂ ਉਹ ਲੈਜ਼ਰ ਚੈੱਕ ਨਹੀਂ ਕਰਦੇ ਸਨ ਬੱਸ ਬਿੱਲ ਚੈੱਕ ਕਰਦੇ ਸਨ।

ਸਾਲ 2011-12 ਤੋਂ ਸਾਲ 2015-16 ਤੱਕ ਦੀ ਬੈਲੈਂਸ ਸ਼ੀਟ ਸ੍ਰ.ਸਤਿੰਦਰ ਸਿੰਘ ਹੋਰਾਂ ਨੇ ਦਸਤਖ਼ਤ ਕੀਤੀ ਹੋਈ ਹੈ ਪਰ ਉਹਨਾਂ ਨੇ ਕਦੇ ਵੀ ਸਟਾਕ ਲੈਜ਼ਰ ਚੈੱਕ ਨਹੀਂ ਕੀਤਾ ਅਤੇ ਨਾ

ਹੀ ਕਦੇ ਸਟੈਚੁਟਰੀ ਆਡੀਟਰ ਨੇ ਇਹਨਾਂ ਨੂੰ ਕਿਹਾ ਹੈ ਕਿ ਫਿਜ਼ੀਕਲ ਸਟਾਕ ਚੈੱਕ ਕਰਨਾ ਜ਼ਰੂਰੀ ਹੈ ਤੇ ਨਾ ਹੀ ਇਹਨਾਂ ਨੇ ਕਦੇ ਆਪ ਫਿਜ਼ੀਕਲ ਸਟਾਕ ਚੈਕਿੰਗ ਕੀਤੀ ਜਾਂ ਕਰਵਾਈ ਹੈ।

ਸ੍ਰ.ਸਤਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਕੋਲ ਸਾਲ 2016 ਤੋਂ ਲੈ ਕੇ ਹੁਣ ਤੱਕ ਇੰਟਰਨਲ ਆਡੀਟਰ ਦੀ ਫਾਇਨਾਂਸ ਡਿਪਾਰਮੈਂਟ ਨਾਲ ਸਬੰਧਿਤ ਰਿਪੋਰਟ ਨਹੀਂ ਆਈ, ਜਿਸ ਦੇ ਮੁਖੀ ਉਹ ਆਪ ਹਨ।ਪਬਲੀਕੇਸ਼ਨ ਵਿਭਾਗ ਅਤੇ ਪ੍ਰੈੱਸ ਦੀ ਵੀ ਕੋਈ ਇੰਟਰਨਲ ਆਡਿਟ ਦੀ ਰਿਪੋਰਟ ਉਨ੍ਹਾਂ ਕੋਲ ਨਹੀਂ  ਆਈ।ਉਹਨਾਂ ਦੇ ਹਿਸਾਬ ਨਾਲ ਇਹ ਰਿਪੋਰਟ ਪਬਲੀਕੇਸ਼ਨ ਮੀਤ ਸਕੱਤਰ ਪਾਸ ਜਾਵੇਗੀ।ਪਰ ਪੜਤਾਲ ਕਮੇਟੀ ਦੇ ਵਾਰ-ਵਾਰ ਮੰਗਣ ਦੇ ਬਾਵਜੂਦ ਵੀ ਨਾ ਹੀ ਰਿਪੋਰਟ ਮੀਤ ਸਕੱਤਰ ਪਾਸੋਂ, ਨਾ ਸੀ.ਏ. ਕੋਹਲੀ ਐਂਡ ਐਸੋਸੀਏਟ ਵੱਲੋਂ ਪ੍ਰਾਪਤ ਹੋਈ।

ਸਾਲ 2013-14 ਵਿਚ 200 ਪਾਵਨ ਸਰੂਪਾਂ ਦੀ ਐਂਟਰੀ ਲੈਜ਼ਰ ਵਿੱਚ ਨਹੀਂ ਸੀ, ਇਸ ਦਾ ਪਤਾ ਉਹਨਾਂ ਨੂੰ ਉਦੋਂ ਲੱਗਿਆ ਜਦੋਂ ਸਾਲ 2018 ਵਿੱਚ ਸਰਕਾਰੀ ਆਡਿਟ ਦੌਰਾਨ ਉਕਤ ਐਂਟਰੀ ਬਾਰੇ ਇਤਰਾਜ਼ ਲਗਾਇਆ ਗਿਆ।ਪੜਤਾਲ ਕਮੇਟੀ ਦੇ ਪੁੱਛਣ ਤੇ ਸ੍ਰ.ਸਤਿੰਦਰ ਸਿੰਘ ਨੇ ਇਹ ਦੱਸਿਆ ਕਿ ਇਹ ਐਂਟਰੀ ਸਾਲ 2013-14 ਵਿੱਚ ਹੀ ਹੋਣੀ ਚਾਹੀਦੀ ਸੀ ਅਤੇ ਸਾਲ 2018 ਵਿੱਚ ਫਿਜ਼ੀਕਲ ਵੈਰੀਫਿਕੇਸ਼ਨ ਹੋਣੀ ਚਾਹੀਦੀ ਸੀ।ਪਰ ਸਾਲ 2013-14 ਵਾਲੀ ਐਂਟਰੀ ਦਾ ਵਾਸਤਵਿਕ ਤਸਦੀਕ ਸਾਲ 2018 ਵਿੱਚ ਵੀ ਹੋ ਸਕਦੀ ਹੈ।ਸ੍ਰ.ਸਤਿੰਦਰ ਸਿੰਘ ਨੂੰ ਦਸਤਾਵੇਜ਼ ਦੇਖਿਆ ਗਿਆ ਜਿਸ ਵਿੱਚ ਸਰਕਾਰੀ ਆਡਿਟਰ ਨੇ ਕਿਹਾ ਸੀ ਕਿ ਉਹਨਾਂ ਨੇ ਵਾਸਤਵਿਕ ਤਸਦੀਕ ਵਾਸਤੇ ਮੈਨੇਜਮੈਂਟ ਨੂੰ ਹਦਾਇਤ ਦਿੱਤੀ ਸੀ ਪਰ ਇਸ ਆਦੇਸ਼ ਨੂੰ ਮੈਨੇਜਮੈਂਟ ਵੱਲੋਂ "ਇਸ ਦਾ ਕੋਈ ਫਾਇਦਾ ਨਹੀਂ" ਕਹਿਕੇ ਟਾਲ ਦਿੱਤਾ ਗਿਆ।ਪਰ ਸ੍ਰ.ਸਤਿੰਦਰ ਸਿੰਘ ਨੇ ਕਿਹਾ ਕਿ ਮੈਨੂੰ ਅਜਿਹਾ ਕੁਝ ਨਹੀਂ ਕਿਹਾ, ਸੀ.ਏ. ਨੂੰ ਪੁੱਛੋ ਉਹਨਾਂ ਨੇ ਕਿਸ ਨੂੰ ਕਿਹਾ।ਉਹਨਾਂ ਨੇ ਕਿਹਾ ਕਿ ਬਾਅਦ ਵਿੱਚ ਬੈਲੈਂਸ ਸ਼ੀਟ ਚੈੱਕ ਕਰਦਿਆਂ 2013-14 ਦੀ 200 ਪਾਵਨ ਸਰੂਪਾਂ ਦੇ ਸਟਾਕ ਦੀ ਐਂਟਰੀ ਚੈੱਕ ਨਹੀਂ ਕੀਤੀ ਅਤੇ ਸਾਰੀਆਂ ਐਂਟਰੀਆਂ ਕੋਈ ਵੀ ਚੈੱਕ ਨਹੀਂ ਕਰਦਾ।ਕਿਉਂਕਿ ਸਾਰੀਆਂ ਐਂਟਰੀਆਂ ਚੈੱਕ ਕਰਨੀਆਂ ਬਹੁਤ ਮੁਸ਼ਕਿਲ ਹਨ ਅਤੇ ਨਾ ਹੀ ਉਹਨਾਂ ਨੇ ਦੇਖਿਆ ਕਿ ਜੋ ਆਡਿਟ ਨੇ ਓਬਜੈਕਸ਼ਨ ਲਗਾਏ ਸੀ, ਉਹ ਠੀਕ ਹੋ ਗਏ ਜਾਂ ਨਹੀਂ।ਉਸ ਉਪਰੰਤ ਪੜਤਾਲ ਕਮੇਟੀ ਨੇ ਪੀ.ਏ. ਅਤੇ ਜਥੇਦਾਰ ਸਾਹਿਬ ਨੂੰ ਬੁਲਾ ਕੇ ਸ੍ਰ.ਸਤਿੰਦਰ ਸਿੰਘ ਦੇ ਕਹਿਣ ਮੁਤਾਬਿਕ 6 ਬੰਦਿਆਂ ਦੀ ਡਿਊਟੀ ਲਗਾਈ ਕੇ ਉਹ ਪੜਤਾਲ ਕਮੇਟੀ ਦੀ ਮਦਦ ਕਰਨਗੇ।

## 7.21 (ਤ) ਬਿਆਨ ਕਰਤਾ: ਸ੍ਰ.ਅਮਰੀਕ ਸਿੰਘ (ਐੱਸ.ਐੱਚ.ਓ.)

ਸ੍ਰ.ਅਮਰੀਕ ਸਿੰਘ ਬਤੌਰ ਐੱਸ.ਐੱਚ.ਓ. ਡਿਊਟੀ ਨਿਭਾ ਰਹੇ ਸਨ, ਉਹਨਾਂ ਦੇ ਕਹਿਣ ਮੁਤਾਬਿਕ ਤਕਰੀਬਨ 7 ਵਜੇ ਉਹਨਾਂ ਦੇ ਮੁਨਸ਼ੀ ਦੇ ਫੋਨ ਆਉਣ 'ਤੇ ਉਹਨਾਂ ਨੂੰ ਪਤਾ ਲੱਗਿਆ ਕਿ ਗੁ.ਸ੍ਰੀ ਰਾਮਸਰ ਸਾਹਿਬ ਵਿਖੇ ਅੱਗ ਲੱਗ ਗਈ ਸੀ।ਪਤਾ ਲੱਗਣ 'ਤੇ ਤਕਰੀਬਨ 5-7 ਮਿੰਟਾਂ ਵਿੱਚ ਉਹ ਮੌਕੇ ਤੇ ਪਹੁੰਚੇ।ਉਹਨਾਂ ਦੇ ਪਹੁੰਚਣ ਵੇਲੇ ਫਾਇਰ ਬ੍ਰਿਗੇਡ ਆਪਣਾ ਕੰਮ ਕਰ ਰਹੀ ਸੀ।

ਸ੍ਰ.ਅਮਰੀਕ ਸਿੰਘ ਜੀ ਦੇ ਦੱਸਣ ਅਨੁਸਾਰ ਏ.ਸੀ. ਵਾਲੇ ਪਲੰਘ ਤੇ ਪਏ ਹੋਏ ਪਾਵਨ ਸਰੂਪ 50% ਅੱਗ ਨਾਲ ਨੁਕਸਾਨੇ ਗਏ ਸਨ।ਉੱਥੇ ਹੋਰ ਵੀ ਪਾਵਨ ਸਰੂਪ ਪਲੰਘਾਂ ਤੇ ਸਨ, ਪਰ ਧੂੰਆਂ ਬਹੁਤ ਹੋਣ ਕਰਕੇ, ਉਹਨਾਂ ਦੀ ਗਿਣਤੀ ਦੱਸੀ ਨਹੀਂ ਜਾ ਸਕਦੀ।ਸ੍ਰ.ਅਮਰੀਕ ਸਿੰਘ ਜੀ ਨੇ ਕਿਹਾ ਕਿ ਉਹਨਾਂ ਤੋਂ ਪਹਿਲਾਂ ਏ.ਐੱਸ.ਆਈ. ਸ੍ਰ.ਕਰਨਜੀਤ ਸਿੰਘ ਘਟਨਾ ਸਥਾਨ ਤੇ ਪਹੁੰਚੇ ਸਨ ਅਤੇ ਕੁਝ ਸਮੇਂ ਬਾਅਦ, ਡੀ.ਐੱਸ.ਪੀ. ਸ੍ਰ.ਪ੍ਰਭਜੋਤ ਸਿੰਘ ਜੀ ਮੌਕੇ ਤੇ ਪਹੁੰਚੇ ਸਨ।2 ਗ੍ਰੰਥੀ ਸਿੰਘ ਜਿਹਨਾਂ ਦਾ ਨਾਮ ਸ੍ਰ.ਸਕੱਤਰ ਸਿੰਘ ਅਤੇ ਸ੍ਰ.ਹਰਭਜਨ ਸਿੰਘ ਹੈ, ਉਹਨਾਂ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਫਾਇਰ ਬ੍ਰਿਗੇਡ ਅਤੇ ਪੁਲਿਸ ਨੂੰ ਇਤਲਾਹ ਉਹਨਾਂ ਨੇ ਕੀਤੀ ਸੀ।ਇਸ ਤੋਂ ਬਾਅਦ ਸਕੱਤਰ ਸਾਹਿਬਾਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਆਦੇਸ਼ ਦਿੱਤੇ ਕਿ ਸਾਰੇ ਪੁਲਿਸ ਅਧਿਕਾਰੀ ਮਰਿਯਾਦਾ ਨੂੰ ਕਾਇਮ ਰੱਖਦਿਆਂ ਹੋਇਆਂ ਸੰਗਤ ਨੂੰ ਕੰਟਰੋਲ ਕਰਨ ਵਿੱਚ ਸਹਾਇਤਾ ਕਰੋ, ਤਾਂ ਜੋ ਸੰਗਤ ਭਾਵੁਕ ਹੋ ਕੇ ਭੜਕ ਨਾ ਜਾਵੇ ਅਤੇ ਅਣ-ਸੁਖਾਵਾਂ ਮਹੌਲ ਨਾ ਬਣ ਜਾਵੇ ਤਾਂ ਜੋ ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਨਿਰਵਿਘਨਤਾ ਸਹਿਤ ਲੈ ਕੇ ਜਾ ਸਕਣ।ਪੁਲਿਸ ਉੱਚ ਅਧਿਕਾਰੀਆਂ ਨੇ ਆਪਣੇ ਆਪਣੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਕਿਹਾ ਕਿ ਸੁਰੱਖਿਆ ਸੰਬੰਧੀ ਸੇਵਾ ਉਹਨਾਂ ਨੂੰ ਦੱਸੀ ਜਾਵੇ।ਦਫਤਰ ਨੇ ਜ਼ਿਲਾ ਤਰਨਤਾਰਨ ਦੇ ਕੰਟਰੋਲ ਰੂਮ ਨੂੰ ਵੀ ਇਤਲਾਹ ਦਿੱਤੀ ਕਿ ਜਦੋਂ ਸ੍ਰੀ ਗੋਇੰਦਵਾਲ ਸਾਹਿਬ ਪਾਵਨ ਸਰੂਪ ਲਿਜਾਏ ਜਾਣ,ਤਾਂ ਉਹਨਾਂ ਨੂੰ ਪੂਰੀ ਪ੍ਰੋਟੈਕਸ਼ਨ ਅਤੇ ਸੇਫ ਲਾਂਘਾ ਮਿਲੇ।

ਮੌਕੇ ਤੇ ਮੌਜੂਦ ਏ.ਐੱਸ.ਪੀ. ਸਾਹਿਬ ਨੇ ਸ੍ਰ.ਅਮਰੀਕ ਸਿੰਘ ਜੀ ਦੀ ਡਿਊਟੀ ਪਾਵਨ ਸਰੂਪਾਂ ਦੇ ਨਾਲ ਜਾਣ ਵਾਸਤੇ ਲਗਾ ਦਿੱਤੀ ਅਤੇ ਕਿਹਾ ਕਿ ਜਦੋਂ ਪਾਵਨ ਸਰੂਪ ਗੱਡੀਆਂ ਵਿਚ ਬਿਰਾਜਮਾਨ ਹੋ ਜਾਣਗੇ ਤਾਂ ਉਹਨਾਂ ਨੂੰ ਦੱਸਿਆ ਜਾਵੇਗਾ।ਥੋੜੀ ਦੇਰ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ

ਅਧਿਕਾਰੀਆਂ ਨੂੰ ਪੁੱਛਣ 'ਤੇ ਕਿ ਕਦੋਂ ਪਾਵਨ ਸਰੂਪਾਂ ਨੂੰ ਲੈ ਕੇ ਤੁਰਨਾ ਹੈ, ਤਾਂ ਜਵਾਬ ਮਿਲਿਆ ਕਿ ਗੱਡੀਆਂ ਚਾਟੀਵਿੰਡ ਪਹੁੰਚ ਗਈਆਂ ਹਨ।ਫਿਰ ਉਹ ਆਪ, ਏ.ਐੱਸ.ਆਈ. ਸ੍ਰ.ਕਰਨਜੀਤ ਸਿੰਘ ਅਤੇ ਬਾਕੀ ਦੀ ਹੋਰ ਫੋਰਸ ਨੰਗੇ ਪੈਰੀ ਹੀ ਗੱਡੀਆਂ ਲੈ ਕੇ ਤੁਰ ਪਏ, ਥੋੜੇ ਸਮੇਂ ਬਾਅਦ ਇਤਲਾਹ ਮਿਲੀ, ਜਦੋਂ ਪੁਲਿਸ ਕਰਮੀ ਬਾਬਾ ਨੌਧ ਸਿੰਘ ਜੀ ਦੀ ਸਮਾਧ ਦੇ ਕੋਲ ਸਨ, ਕਿ ਤਰਨਤਾਰਨ ਸਾਹਿਬ ਦੀ ਫੋਰਸ ਨੇ ਗੱਡੀਆਂ ਨੂੰ ਰਸੀਵ ਕਰ ਲਿਆ ਹੈ ਅਤੇ ਉਹ ਪਾਇਲਟ ਸਮੇਤ ਸ੍ਰੀ ਗੋਇੰਦਵਾਲ਼ ਸਾਹਿਬ ਪਹੁੰਚ ਗਏ ਹਨ।ਸ੍ਰ.ਅਮਰੀਕ ਸਿੰਘ ਜੀ ਨੇ ਆਪਣੀਆਂ ਗੱਡੀਆਂ ਵਾਪਿਸ ਮੋੜ ਲਈਆਂ ਅਤੇ ਸ੍ਰ.ਪ੍ਰਭਜੋਤ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨੂੰ ਕਿਹਾ ਕਿ ਤੁਸੀਂ ਪੁਲਿਸ ਸ਼ਿਕਾਇਤ ਜਾਂ ਐੱਫ.ਆਈ.ਆਰ. ਕਰੋ ਜਿਸ ਤੇ ਉੱਚ ਅਧਿਕਾਰੀਆਂ ਦਾ ਇਹ ਕਹਿਣਾ ਸੀ ਕਿ ਇਹ ਇੱਕ ਧਾਰਮਿਕ ਮਸਲਾ ਹੈ ਜੋ ਉਹ ਧਾਰਮਿਕ ਤੌਰ ਤੇ ਹੀ ਸੁਲਝਾਉਣਗੇ, ਪੁਲਿਸ ਦੀ ਦਖਲ-ਅੰਦਾਜ਼ੀ ਦੀ ਲੋੜ ਨਹੀਂ ਹੈ।

ਸ੍ਰ.ਅਮਰੀਕ ਸਿੰਘ ਨੇ ਆਪਣੇ ਤੌਰ ਤੇ ਫਾਇਰ ਬ੍ਰਿਗੇਡ ਨੂੰ ਪੱਤਰ ਨੰਬਰ 520-556 ਮਿਤੀ 19/05/2016 ਤ/3 (ਬਿਆਨ ਬੁੱਕ ਨੰ 1, ਪੰਨਾ ਨੰ 150) ਲਿਖ ਕੇ ਅੱਗ ਲੱਗਣ ਦਾ ਕਾਰਣ ਪੁੱਛਿਆ ਤਾਂ ਜੋ ਅਗਲੀ ਕਾਰਵਾਈ ਕੀਤੀ ਜਾ ਸਕੇ ਪਰ ਸ੍ਰ.ਪਰਮਦੀਪ ਸਿੰਘ ਸਪੁੱਤਰ ਸ੍ਰ.ਕਾਕਾ ਸਿੰਘ, ਪਬਲੀਕੇਸ਼ਨ ਵਿਭਾਗ, ਨੇ ਉਹਨਾਂ ਨੂੰ ਕਿਹਾ ਕਿ ਇਸ ਸੰਬੰਧੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਖੁਦ ਮੌਕਾ ਦੇਖਣ ਆਏ ਸਨ ਤੇ ਉਹਨਾਂ ਨੇ ਘਟਨਾ ਸਥੱਲ ਦੀ ਆਪ ਮੌਕੇ-ਵਾਰਦਾਤ ਦੀ ਕਾਰਵਾਈ ਕੀਤੀ ਹੈ, ਤੁਹਾਡੀ ਦਖਲਅੰਦਾਜ਼ੀ ਦੀ ਕੋਈ ਲੋੜ ਨਹੀਂ।ਇਸ ਲਈ ਉਹਨਾਂ ਨੇ ਦਸਤਾਵੇਜ਼ ਤ/3 ਦਾ ਜਵਾਬ ਲੈਣ ਲਈ ਜ਼ੋਰ ਨਹੀਂ ਪਾਇਆ।ਅਵਤਾਰ ਸਿੰਘ ਮੱਕੜ ਜੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਲਈ ਮਿਤੀ 19/05/2016 ਨੂੰ ਆਏ, ਜਾਂਚ ਕੀਤੀ ਅਤੇ ਸ੍ਰ.ਅਮਰੀਕ ਸਿੰਘ ਅਤੇ ਸ੍ਰ.ਪ੍ਰਭਜੋਤ ਸਿੰਘ ਨੂੰ ਵੀ ਮਿਲੇ ਤੇ ਅੱਗ ਲੱਗਣ ਦਾ ਕਾਰਣ ਪੁੱਛਿਆ ਅਤੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਪੁੱਛੀ।ਉਹਨਾਂ ਨੂੰ ਇਕ ਪੱਤਰ ਤ/4 (ਬਿਆਨ ਬੁੱਕ ਨੰ 1, ਪੰਨਾ ਨੰ 151) ਪ੍ਰਾਪਤ ਹੋਇਆ ਜਿਸ ਵਿੱਚ ਸ੍ਰ.ਬਲਬੀਰ ਸਿੰਘ, ਸ੍ਰ.ਅਮਰੀਕ ਸਿੰਘ (ਸਿੱਖ ਯੂਥ ਫੈਡਰੇਸ਼ਨ, ਭਿੰਡਰਾਂ ਵਾਲਾ) ਤੇ ਹੋਰ ਵੀ 8-10 ਮੈਂਬਰਾਂ ਦੇ ਨਾਂ ਅਤੇ ਦਸਤਖ਼ਤ ਹੇਠਾਂ ਕੀਤੇ ਹੋਏ ਸਨ।ਪੱਤਰ ਵਿਚ, ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਸੀ ਉਹਨਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਣ ਦੀ ਮੰਗ ਕੀਤੀ ਗਈ ਸੀ।ਪੱਤਰ ਦੇਣ ਵਾਲੇ ਨੇ ਕਿਹਾ ਕਿ ਉਹਨਾਂ ਨੇ ਇਹ ਪੱਤਰ ਸ਼੍ਰੋਮਣੀ ਕਮੇਟੀ ਨੂੰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਕਮੇਟੀ ਵੱਲੋਂ ਇਹ ਲੈਣ ਲਈ ਇਨਕਾਰ ਕੀਤਾ ਗਿਆ ਹੈ।ਇਸ ਪੱਤਰ ਦੇ ਅਧਾਰ 'ਤੇ ਇਕ ਰਿਪੋਰਟ ਨੰਬਰ 550 ਮਿਤੀ

24/08/2016 ਤਿਆਰ ਕਰਕੇ ਕਮਿਸ਼ਨਰ ਪੁਲਿਸ ਨੂੰ ਦਿੱਤੀ ਗਈ ਤ/5 (ਬਿਆਨ ਬੁੱਕ ਨੰ 1, ਪੰਨਾ ਨੰ 152), ਜਿਸ ਵਿੱਚ ਅੱਗ ਲੱਗਣ ਦਾ ਕਾਰਣ ਸ਼ਾਰਟ ਸਰਕਟ ਅਤੇ ਸ੍ਰ.ਪਰਮਦੀਪ ਸਿੰਘ ਇੰਚਾਰਜ ਦੇ ਬਿਆਨ ਅਨੁਸਾਰ 5 ਪਾਵਨ ਸਰੂਪ ਅਗਨ ਭੇਂਟ ਹੋਣ ਦਾ ਜ਼ਿਕਰ ਕੀਤਾ ਅਤੇ ਕਮਿਸ਼ਨਰ ਸਾਹਿਬ ਦੇ ਹੁਕਮ ਲਈ ਪੇਸ਼ ਕੀਤੀ।ਇਸ ਸਾਰੇ ਸਮੇਂ ਦੌਰਾਨ ਸ੍ਰ.ਅਮਰੀਕ ਸਿੰਘ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਰੱਖਿਆ ਪਰ ਉਹਨਾਂ ਵੱਲੋਂ ਕੋਈ ਵੀ ਦਿਲਚਸਪੀ ਜਾਂ ਪੱਤਰਾਂ ਦਾ ਜਵਾਬ ਦੇਣ ਦੀ ਖੇਚਲ ਨਹੀਂ ਕੀਤੀ।ਉਹਨਾਂ ਵੱਲੋਂ ਭੇਜੇ ਗਏ ਇੱਕ ਪੱਤਰ ਦਾ ਜਵਾਬ ਸ੍ਰ.ਪਰਮਦੀਪ ਸਿੰਘ ਇੰਚਾਰਜ ਵੱਲੋਂ ਆਇਆ ਜਿਸ ਵਿੱਚ ਉਹਨਾਂ ਨੇ 5 ਪਾਵਨ ਸਰੂਪ ਅਗਨ ਭੇਂਟ ਹੋ ਜਾਣ ਬਾਰੇ ਜ਼ਿਕਰ ਕੀਤਾ।ਸ੍ਰ.ਅਮਰੀਕ ਸਿੰਘ ਜੀ ਦੇ ਅੰਦਾਜ਼ੇ ਮੁਤਾਬਿਕ ਪਾਵਨ ਸਰੂਪ ਕੇਵਲ 5 ਨਹੀਂ ਸਨ ਅਤੇ ਨਾਂ ਹੀ 14 ਸਨ ਕਿਉਂਕਿ 13 ਤੋਂ 14 ਸਿੰਘ ਨੁਕਸਾਨੇ ਗਏ ਪਾਵਨ ਸਰੂਪ ਲੈ ਕੇ ਜਾ ਰਹੇ ਸਨ।ਉਹਨਾਂ ਕਿਹਾ ਕਿ ਉਹ ਸਹੀ ਗਿਣਤੀ ਤਾਂ ਨਹੀਂ ਦੱਸ ਸਕਦੇ ਪਰ ਅੰਦਾਜ਼ਨ 50-60 ਪਾਵਨ ਸਰੂਪ ਹੋ ਸਕਦੇ ਹਨ।

**7.22 <u>(ਥ) ਬਿਆਨ ਕਰਤਾ: ਸ੍ਰ.ਸਕੱਤਰ ਸਿੰਘ (ਗ੍ਰੰਥੀ ਸਿੰਘ, ਉਮਰ 61 ਸਾਲ)</u>**

ਸ੍ਰ. ਸਕੱਤਰ ਸਿੰਘ ਜੀ ਸਾਲ 2017 ਵਿਚ ਐਸ.ਜੀ.ਪੀ.ਸੀ. ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਉਹਨਾਂ ਦੇ ਦੱਸਣ ਅਨੁਸਾਰ ਮਿਤੀ 19/05/2016 ਦੀ ਘਟਨਾ ਉਹਨਾਂ ਦੇ ਅੱਖਾਂ ਸਾਹਮਣੇ ਵਾਪਰੀ ਜੋ ਉਹਨਾਂ ਨੂੰ ਅੱਜ ਵੀ ਯਾਦ ਹੈ। ਪਰ ਉਹ ਘਟਨਾ ਦਾ ਸਮਾਂ ਠੀਕ ਨਹੀਂ ਦੱਸ ਪਾਏ ਕਿਉਂਕ ਸਮਾਂ ਬਹੁਤ ਹੋ ਚੁੱਕਿਆ ਹੈ ਇਸ ਲਈ ਉਹਨਾਂ ਨੂੰ ਚੇਤੇ ਨਹੀਂ। ਉਨ੍ਹਾਂ ਨੇ ਤੀਸਰੀ ਮੰਜ਼ਿਲ ਤੋਂ ਧੂੰਆਂ ਨਿਕਲਦਾ ਦੇਖਿਆ ਅਤੇ ਸ੍ਰ.ਗਗਨਜੋਤ ਸਿੰਘ ਅਤੇ ਇਕ ਹੋਰ ਸ੍ਰ.ਪ੍ਰੇਮੀ ਸਿੰਘ ਨਾਲ, ਫਾਇਰ ਬ੍ਰਿਗੇਡ ਨੂੰ ਇੱਤਲਾਹ ਕਰਨ ਅਤੇ 100 ਨੰਬਰ ਤੇ ਫੋਨ ਕਰਕੇ ਇਤਲਾਹ ਦੇਣ ਤੋਂ ਲੈ ਕੇ, ਪਾਵਨ ਸਰੂਪਾਂ ਦੇ ਵਸਤਰ ਬਦਲਣ ਅਤੇ ਦੂਸਰੇ ਕਮਰਿਆਂ ਵਿਚ ਬਿਰਾਜਮਾਨ ਕਰਾਉਂਣ ਤੱਕ ਦੀ ਸੇਵਾ ਵੀ ਨਿਭਾਈ। ਸਕੱਤਰ ਸ੍ਰ. ਮਨਜੀਤ ਸਿੰਘ ਦੇ ਕਹਿਣ ਤੇ ਅੰਦਰਲੇ ਦਰਵਾਜੇ ਦਾ ਸ਼ੀਸ਼ਾ ਤੋੜਿਆ ਗਿਆ ਤੇ ਪਾਣੀ ਨਾਲ ਅੱਗ ਬੁਝਾਈ ਗਈ।ਪਾਵਨ ਸਰੂਪਾਂ ਦੀ ਸੇਵਾ ਸੰਭਾਲ ਤੋਂ ਬਾਦ ਦੀ ਕਾਰਵਾਈ ਦਾ ਉਹਨਾਂ ਨੂੰ ਨਹੀਂ ਪਤਾ ਕਿਉਂਕਿ ਉਹ ਥੱਲੇ ਚਲੇ ਗਏ ਸਨ। ਥ/1 (ਬਿਆਨ ਬੁੱਕ ਨੰ 1, ਪੰਨਾ ਨੰ 160) ਮੌਕੇ ਵਾਰਦਾਤ ਦੇ ਬਿਆਨ ਤੇ ਉਹਨਾਂ ਨੇ ਆਪਣੇ ਦਸਤਖਤ ਮੰਨੇ ਹਨ ਪਰ ਲਿਖਾਈ ਨਹੀਂ।

ਫਾਇਰ ਬ੍ਰਿਗੇਡ ਦੀ ਰਿਪੋਰਟ ਥ/2 (ਬਿਆਨ ਬੁੱਕ ਨੰ 1, ਪੰਨਾ ਨੰ 161) ਉਹਨਾਂ ਨੂੰ ਦਿਖਾਈ ਗਈ ਕਿਉਂਕਿ ਰਿਪੋਰਟ ਤੇ ਉਹਨਾਂ ਦਾ ਨਾਮ ਦਰਜ ਸੀ। ਉਹਨਾਂ ਨੇ ਮੰਨਿਆ ਕਿ ਮਿਤੀ 19/05/2016 ਨੂੰ ਫਾਇਰ ਬ੍ਰਿਗੇਡ ਨੂੰ ਉਹਨਾਂ ਨੇ ਹੀ ਇਤਲਾਹ ਕੀਤੀ ਸੀ। ਰਿਪੋਰਟ ਵਿਚ ਬਿਰਧ ਪਾਵਨ ਸਰੂਪਾਂ ਦਾ ਜ਼ਿਕਰ ਹੈ ਇਸ ਲਈ ਉਹਨਾਂ ਨੂੰ ਉਸ ਬਾਰੇ ਸਪਸ਼ਟ ਪ੍ਰਸ਼ਨ ਕੀਤਾ ਗਿਆ ਜਿਸ ਤੇ ਸ੍ਰ.ਸਕੱਤਰ ਸਿੰਘ ਨੇ ਕਿਹਾ ਕਿ ਇਹ ਫਾਇਰ ਬ੍ਰਿਗੇਡ ਦੀ ਲਿਖਣ ਵਿਚ ਗਲਤੀ ਹੋ ਸਕਦੀ ਹੈ ਕਿਉਂਕਿ ਉਸ ਹਾਲ ਵਿਚ ਨਵੇਂ ਪਾਵਨ ਸਰੂਪ ਤਿਆਰ ਕਰਕੇ ਬਿਰਾਜਮਾਨ ਕੀਤੇ ਜਾਂਦੇ ਹਨ। ਅੱਗ ਬੁਝਾਉਂਣ ਤੋਂ ਬਾਅਦ ਉਹਨਾਂ ਦੇ ਨਾਲ ਸ੍ਰ.ਗਗਨਜੋਤ ਸਿੰਘ ਅਤੇ ਹੋਰ ਸਿੰਘ ਫੇਰ ਉੱਪਰ ਹਾਲ ਵਿਚ ਆ ਗਏ ਤੇ ਸਫਾਈ ਅਤੇ ਸੇਵਾ ਸੰਭਾਲ ਕੀਤੀ।

ਅੱਗ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਹੋ ਚੁੱਕੀ ਸੀ, ਉਹਨਾਂ ਨੇ ਕੇਵਲ ਪਾਣੀ ਨਾਲ ਨੁਕਸਾਨੇ ਪਾਵਨ ਸਰੂਪ, ਜਿਹਨਾਂ ਵਿੱਚੋਂ 4-5 ਪਾਵਨ ਸਰੂਪਾਂ ਦੀ ਸੰਭਾਲ ਉਹਨਾਂ ਨੇ ਆਪਣੇ ਹੱਥੀਂ ਕੀਤੀ ਸੀ। ਉਹਨਾਂ ਨੇ ਆਪ ਸਕੱਤਰ ਸ੍ਰ. ਮਨਜੀਤ ਸਿੰਘ ਨੂੰ ਕਿਹਾ ਸੀ ਤੇ ਸ੍ਰ. ਮਨਜੀਤ ਸਿੰਘ ਨੇ ਵੀ ਇਹ ਆਦੇਸ਼ ਕੀਤੇ ਸਨ ਕਿ ਪ੍ਰੈਸ ਅਤੇ ਬਾਹਰਲੇ ਕਿਸੇ ਬੰਦੇ ਨੂੰ ਉੱਪਰ ਨਾ ਜਾਣ ਦਤਾ ਜਾਵੇ। ਉਹਨਾਂ ਕਿਹਾ ਕਿ ਉਹਨਾਂ ਨੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਇਸ ਲਈ ਨਹੀਂ ਕੀਤੀ ਕਿਉਂਕਿ ਪਬਲੀਕੇਸ਼ਨ ਵਿਭਾਗ ਅਲੱਗ ਹੈ। ਉਹਨਾਂ ਨੇ ਆਪਣੇ ਬਿਆਨ ਵਿੱਚ ਕਿਹਾ ਕਿ 3-4 ਦਿਨ ਬਾਅਦ ਜਦੋਂ ਐੱਸ.ਐੱਚ.ਓ. ਅਮਰੀਕ ਸਿੰਘ ਜੀ ਬਿਆਨ ਲੈਣ ਆਏ ਤਾਂ ਸਕੱਤਰ ਸਿੰਘ ਜੀ ਦੇ ਦੱਸਣ ਤੇ ਕਿ ਗਗਨਜੋਤ ਸਿੰਘ ਜੀ ਨੇ ਵੀ ਉਹਨਾਂ ਨਾਲ ਸੇਵਾ ਨਿਭਾਈ ਸੀ, ਉਹਨਾਂ ਦੇ ਅਤੇ ਗਗਨਜੋਤ ਸਿੰਘ ਦੇ ਬਿਆਨ ਐੱਸ.ਐੱਚ.ਓ ਨੂੰ ਦਿੱਤੇ ਗਏ। ਉਹ ਇਹ ਵੀ ਮੰਨ ਗਏ ਕਿ ਸ੍ਰ. ਗਗਨਜੋਤ ਸਿੰਘ ਤੋਂ ਉਹਨਾਂ ਨੇ ਕਹਿ ਕੇ 14 ਪਾਵਨ ਸਰੂਪਾਂ ਦੇ ਕਾਗਜ਼ ਤੇ ਦਸਤਖਤ ਕਰਏ ਸੀ ਜਿਸ ਕਰਕੇ ਸ੍ਰ. ਗਗਨਜੋਤ ਸਿੰਘ ਉਹਨਾਂ ਨਾਲ ਕੁਝ ਦਿਨ ਨਰਾਜ਼ ਰਹੇ।

### 7.23 (ਦ) ਬਿਆਨ ਕਰਤਾ :- ਸ੍ਰ.ਉਂਧਮ ਸਿੰਘ ਪਰੂਫ ਰੀਡਰ

ਸ੍ਰ.ਉਧਮ ਸਿੰਘ ਬਤੌਰ ਪਰੂਫ ਰੀਡਰ ਫਰਵਰੀ 2006 ਤੋਂ ਪ੍ਰੈੱਸ ਵਿਭਾਗ ਵਿਚ ਕੰਮ ਕਰ ਰਹੇ ਹਨ।ਉਹ ਬਿੱਲਾਂ ਦੇ ਐਸਟੀਮੇਟ ਬਣਾ ਕੇ ਦਿੰਦੇ ਹਨ।ਉਹ ਪੋਸਟਗ੍ਰੈਜੂਏਟ ਹਨ, ਐਮ.ਏ. ਹਿਸਟਰੀ ਅਤੇ ਐਮ.ਏ. ਪੰਜਾਬੀ ਵਿੱਚ ਕੀਤੀ ਹੈ, ਅਤੇ ਪ੍ਰਿੰਟਿੰਗ ਟੈਕਨਾਲੋਜੀ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਿਪਲੋਮਾ ਕੀਤਾ ਹੋਇਆ ਹੈ।

ਜਦੋਂ ਕਿਸੇ ਆਰਡਰ ਦੀ ਪ੍ਰਿੰਟਿੰਗ ਹੋ ਜਾਂਦੀ ਹੈ, ਬਿੱਲ ਦੇ ਐਸਟੀਮੇਟ ਬਣਾਉਂਦੇ ਹੋਏ ਉਹ ਇਹ ਚੈੱਕ ਕਰਦੇ ਹਨ ਅਤੇ ਐਸਟੀਮੇਟ ਤਿਆਰ ਕਰਦੇ ਹਨ ਕਿ ਕਿੰਨੀਆਂ ਪਲੇਟਾਂ ਲੱਗੀਆਂ ਤੇ ਪ੍ਰਿੰਟਿੰਗ ਉੱਪਰ ਕਿੰਨਾ ਕਾਗਜ਼ ਲੱਗਿਆ।ਇਸ ਉਪਰੰਤ ਅਕਾਊਂਟੈਂਟ ਸ੍ਰ.ਗੁਰਦੀਪ ਸਿੰਘ ਨੂੰ ਭੇਜਦੇ ਹਨ।ਉਸ ਉਪਰੰਤ ਫਾਈਨਲ ਬਿੱਲ ਬਣਾ ਕੇ ਪਬਲੀਕੇਸ਼ਨ ਦੇ ਇੰਚਾਰਜ ਕੋਲ ਭੇਜਦੇ ਹਨ।ਉਹ ਐਸਟੀਮੇਟ ਇੱਕ ਵੱਖਰੀ ਕਿਤਾਬ ਵਿੱਚ ਬਣਾਉਂਦੇ ਹਨ, ਜੋ ਉਹ ਬਿਆਨ ਵਾਲੇ ਦਿਨ ਨਹੀਂ ਲੈ ਕੇ ਆਏ ਸਨ।

ਉਹਨਾਂ ਦੱਸਿਆ ਕਿ ਪਾਵਨ ਸਰੂਪਾਂ ਦੀ ਜਿਹੜੀ ਵੀ ਡਿਮਾਂਡ ਪ੍ਰੈੱਸ ਵਿਚ ਆਉਂਦੀ ਹੈ, ਜਿਵੇਂ ਕਿ 5000 ਪਾਵਨ ਸਰੂਪਾਂ ਦੀ ਡਿਮਾਂਡ ਆਈ ਸੀ, ਜਿੰਨਾਂ ਵਿੱਚੋਂ 2000 ਪਾਵਨ ਸਰੂਪਾਂ ਦੀ ਖਰੀਦ ਅਤੇ ਛਪਾਈ ਹੋਣ ਉਪਰੰਤ ਬਾਈਂਡਿੰਗ/ਜ਼ਿਲਦਸਾਜ਼ ਠੇਕੇਦਾਰਾਂ ਤੱਕ ਪਹੁੰਚਦਿਆਂ, ਉਹਨਾਂ 2000 ਪਾਵਨ ਸਰੂਪਾਂ ਦੇ ਬਿੱਲ ਵਿੱਚ, ਪੇਪਰ ਦੀ ਖਰੀਦ ਸਮੇਤ ਵੇਸਟੇਜ਼ ਪਾ ਕੇ ਕਲੇਮ ਕੀਤੇ ਜਾਂਦੇ ਹਨ।

ਜੋ ਵੇਸਟੇਜ਼ ਦੀ ਮਾਤਰਾ, ਖਰੀਦ ਅਤੇ ਕਲੇਮ ਕਰਦਿਆਂ ਅਨੁਮਾਨਿਤ ਕੀਤੀ ਜਾਂਦੀ ਹੈ, ਉਹ ਸ੍ਰ.ਉਧਮ ਸਿੰਘ ਅਤੇ ਸ੍ਰੀ ਨਾਰਾਇਣ ਸਿੰਘ ਆਗਿਆ ਅਨੁਸਾਰ, ਅਪਰੂਵਡ ਵੇਸਟੇਜ਼ ਅਨੁਸਾਰ ਖਰੀਦਦੇ ਹਨ ਅਤੇ ਕਲੇਮ ਕਰਦੇ ਹਨ।ਉਹਨਾਂ ਨੇ ਦਸਤਾਵੇਜ਼ ਦ/1 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 164) ਦਾ ਹਵਾਲਾ ਦਿੰਦਿਆਂ, ਇਹ ਬਿਆਨ ਕੀਤਾ।ਜੋ ਦ/1 ਆਫਿਸ ਨੋਟ ਮਿਤੀ 08/09/98 ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਪਰੂਵਡ ਵੇਸਟੇਜ਼ ਦੀ ਸੂਚੀ ਹੈ।

ਉਹਨਾਂ ਨੂੰ ਜਦ ਗੋਲਡਨ ਆਫਸੈੱਟ ਪ੍ਰੈੱਸ ਵੱਲੋਂ ਪਾਵਨ ਸਰੂਪਾਂ ਦੇ ਬਿੱਲ ਦੇ ਵੇਰਵੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਪਹਿਲਾਂ ਜਿੰਨੀਆਂ ਪਲੇਟਾਂ ਬਦਲੀਆਂ ਜਾਂਦੀਆਂ ਹਨ, ਉਸਦੇ ਹਿਸਾਬ ਨਾਲ ਐਸ.ਜੀ.ਪੀ.ਸੀ ਵੱਲੋਂ ਸੈੱਟ ਕੀਤੇ ਰੇਟ ਅਨੁਸਾਰ, ਉਸਨੂੰ ਪਲੇਟਾਂ ਦੇ ਸਾਈਜ਼ ਮੁਤਾਬਿਕ ਚਾਰਜ ਕਰਦੇ ਹਨ।ਉਸ ਉਪਰੰਤ ਮੈਟਰ ਦੀ ਛਪਾਈ ਦਾ ਰੇਟ ਜੋ ਕਿ 250 ਰੁ: ਪ੍ਰਤੀ ਰੰਗ ਪ੍ਰਮਾਣਿਤ ਕੀਤੀ ਹੋਈ ਹੈ ਉਸਨੂੰ ਪਾਵਨ ਸਰੂਪਾਂ ਦੇ ਆਰਡਰ ਦੇ ਅਨੁਸਾਰ ਚਾਰਜ ਕਰਦੇ ਹਨ।ਜਿੰਨਾਂ ਪੇਪਰ ਪਾਵਨ ਸਰੂਪਾਂ ਦੀ ਪ੍ਰਿੰਟਿੰਗ ਲਈ ਵਰਤਿਆ ਗਿਆ, ਉਸ ਤੇ ਜਿਸ ਰੇਟ ਤੇ ਉਹਨਾਂ ਨੂੰ ਪੇਪਰ ਆਇਆ ਹੈ, ਉਸਨੂੰ ਲਗਭਗ 40% ਵਧਾ ਕੇ ਬਿੱਲ ਵਿਚ ਦਰਜ ਕੀਤਾ ਜਾਂਦਾ ਹੈ।ਲੈਮੀਨੇਸ਼ਨ ਦੇ ਚਾਰਜ, ਜੋ ਕਿ ਸਾਲ 2019 ਵਿਚ 2 ਰੁਪਏ ਪ੍ਰਤੀ

ਪਾਵਨ ਸਰੂਪ ਹੁੰਦੇ ਸਨ, ਉਹ ਵੀ ਨਾਲ ਲਗਾਏ ਜਾਂਦੇ ਹਨ।ਉਹਨਾਂ ਦੱਸਿਆ ਕਿ ਸਾਲ 2018 ਤੱਕ ਇਹ ਰੇਟ 1.50 ਰੁ: ਪ੍ਰਤੀ ਪਾਵਨ ਸਰੂਪ ਹੁੰਦਾ ਸੀ ਪਰ ਸਾਲ 2019 ਵਿਚ ਮਸ਼ੀਨ ਬਦਲਣ ਉਪਰੰਤ ਇਹ ਰੇਟ ਵਧਾ ਕੇ 2 ਰੁਪਏ ਪ੍ਰਤੀ ਪਾਵਨ ਸਰੂਪ ਲਿਆ ਜਾਂਦਾ ਹੈ।ਗੋਲਡਨ ਆਫਸੈੱਟ ਪ੍ਰੈੱਸ ਦੇ ਛਪਾਈ ਦੇ ਰੇਟਾਂ ਦੇ ਵੇਰਵੇ ਲਈ ਉਹਨਾਂ ਨੇ ਦਸਤਾਵੇਜ਼ ਦ/3 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 166) ਪੇਸ਼ ਕੀਤਾ।

**7.24 (ਧ) ਬਿਆਨ ਕਰਤਾ: ਸ੍ਰ.ਅਮਰਜੀਤ ਸਿੰਘ (ਰਿਪੋਰਟ ਕਰਤਾ)**

ਸ੍ਰ.ਅਮਰਜੀਤ ਸਿੰਘ ਸਪੁੱਤਰ ਸ੍ਰ.ਜਸਬੀਰ ਸਿੰਘ ਵਾਸੀ House No. 09, Gali No. 02, Dilbagh Nagar, Taran Tarn Road, Amritsar. ਦਾ ਪੜਤਾਲੀ ਕਮਿਸ਼ਨ ਨੂੰ ਦਿੱਤਾ ਗਿਆ ਬਿਆਨ ਹੇਠ ਲਿਖੇ ਅਨੁਸਾਰ ਹੈ:-

*"ਸਾਡਾ ਟੈਂਡਰ ਸਾਲ 2010-2011 ਵਿੱਚ ਸੁਰੂ ਹੋਇਆ ਸੀ।ਜਿਹੜਾ ਟੈਂਡਰ ਸਾਲ 2011 ਵਿੱਚ ਸੁਰੂ ਹੋਇਆ, ਜਿਸ ਵਿੱਚ ਸੈਕਸ਼ਨ 85 ਸਾਰੇ ਗੁਰਦੁਆਰੇ ਸਾਹਿਬਾਨ ਐਸ.ਜੀ.ਪੀ.ਸੀ, ਧਰਮ ਪ੍ਰਚਾਰ ਕਮੇਟੀ ਅਤੇ ਪ੍ਰੈੱਸਾਂ ਦਾ ਪਰੀ-ਆਡਿਟ ਦਾ ਕੰਮ ਅਲਾਟ ਕੀਤਾ ਗਿਆ ਸੀ।ਇਹ ਟੈਂਡਰ ਤਿੰਨ ਸਾਲ ਦਾ ਸੀ, ਉਸਤੋਂ ਬਾਅਦ ਰੀਨਿਊ ਹੋਇਆ।ਮੈ ਕੱਲ ਸਾਰੇ ਟੈਂਡਰ ਦੀਆਂ ਕਾਪੀਆਂ ਪੜਤਾਲ ਕਮੇਟੀ ਨੂੰ ਦੇਣ ਦਾ ਵਚਨਬੱਧ ਹਾਂ।*

*ਅੰਤ੍ਰਿੰਗ ਕਮੇਟੀ ਵਿੱਚ ਪ੍ਰਧਾਨ ਸਾਹਿਬ ਦੇ ਜਰੀਏ ਰੀਨਿਊ ਹੋਇਆ ਸੀ।ਟੈਂਡਰ ਦੇ ਅਨੁਸਾਰ ਸਾਡੇ ਕੰਮ ਪਰੀ-ਆਡਿਟ ਅਤੇ ਸਾਰੇ ਅਦਾਰੇ ਕੰਪਿਊਟਰਾਈਜਡ ਕਰਨਾ, ਜਿਸ ਵਿੱਚ ਕੈਸ਼ ਬੁਕ, ਲੈਜ਼ਰਜ਼ ਸੀ।ਆਨ ਲਾਈਨ ਕਰਨਾ, ਪਹਿਲੇ ਮਤੇ ਵਿੱਚ ਸੀ ਪਰ ਸਾਇਦ ਅੱਗੇ ਵਾਲਿਆਂ ਮਤਿਆਂ ਵਿੱਚ ਨਹੀਂ ਸੀ।*

*ਸਾਡੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-*

1. *ਸੈਕਸ਼ਨ 85 ਦੇ ਗੁਰਦੁਆਰਾ ਸਾਹਿਬਾਨ ਐਸ.ਜੀ.ਪੀ.ਸੀ ਧਰਮ ਪ੍ਰਚਾਰ ਕਮੇਟੀ ਦੇ ਸਾਰੀ ਖਰੀਦ (ਪ੍ਰਚੇਜ਼) ਐਕਸਪੈਂਸਿਸ਼ ਸਾਡੀ ਬਰਾਂਚ ਤੋਂ ਪ੍ਰੀਆਡਿਟ ਹੁੰਦੇ ਹਨ।*
2. *ਸੈਕਸਨ 85 ਦੇ ਸਾਰੇ ਗੁਰਦੁਆਰਾ ਸਾਹਿਬਾਨਾਂ ਦੀਆਂ ਕੈਸ਼ ਬੁੱਕਸ, ਟੀ.ਵੀ. ਰਜਿਸਟਰਜ਼ ਤੇ ਉਸ ਨਾਲ ਸਬੰਧਿਤ ਸਾਰੀਆਂ ਰਸੀਦਾਂ, ਡਾਕੂਮੈਂਟ, ਚਾਹੇ ਉਹ ਕੜਾਹ*

ਪ੍ਰਸ਼ਾਦਿ ਦੀਆਂ ਹੋਣ ਜਾਂ ਗੋਲਕ  ਰਜਿਸਟਰ ਜਾਂ ਖਜਾਨਾਂ ਰਜਿਸਟਰ।

3. Trial balance on monthly basis ਜਦੋਂ ਗੁਰਦੁਆਰੇ ਸਾਹਿਬਾਨਾਂ ਐਸ.ਜੀ.ਪੀ.ਸੀ ਤੇ ਧਰਮ ਪ੍ਰਚਾਰ ਕਮੇਟੀ ਤੇ ਪ੍ਰੈਸਾਂ ਦਾ ਟਰਾਇਲ ਬੈਲੇਂਸ ਜਦੋਂ ਵੀ ਫਾਈਨਲ ਕੀਤਾ ਜਾਂਦਾ ਤਾਂ (ਮੈਨੇਜਮੈਂਟ ਵੱਲੋਂ), ਉਸ ਨੂੰ ਅਸੀਂ ਆਪਣੇ ਕੰਪਿਊਟਰ ਵਿੱਚ ਕੀਤੇ ਕੰਮ ਨਾਲ compare ਕਰ ਲੈਂਦੇ ਹਾਂ।ਜੇ ਕਿਸੇ ਐਂਟਰੀ ਦੀ ਗਲਤੀ ਹੁੰਦੀ ਤਾਂ ਉਸ ਦੀ rectification ਕਰਾ ਦਿੰਦੇ ਹਾਂ।

4. ਬੀ.ਆਰ.ਐਸ ਬੈਂਕ ਦਾ ਮਿਲਾਨ ਵੀ ਕਿਤਾਬਾਂ ਨਾਲ ਕੀਤਾ ਜਾਂਦਾ ਹੈ ਅਤੇ ਇਸ ਦੀ ਰਿਪੋਰਟ ਹੈਡ ਆੱਫਿਸ ਐਸ.ਜੀ.ਪੀ.ਸੀ ਵਿੱਚ ਦੇ ਦਿੱਤੀ ਜਾਂਦੀ ਹੈ।ਇਹਨਾਂ ਰਿਪੋਰਟਾਂ ਦੀਆਂ ਸਾਲ 2019-2020 ਦੀਆਂ ਕਾਪੀਆਂ ਪੜਤਾਲ ਕਮੇਟੀ ਨੂੰ ਦੇ ਦੇਵਾਂਗਾ।ਕਿਉਂਕਿ ਮੈਂ ਐਸ.ਐਸ ਕੋਹਲੀ ਦਾ employee ਹਾਂ, ਮੈਂ ਉਹਨਾਂ ਦੀ approval ਲੈ ਕੇ ਡਾਕੂਮੈਂਟਸ ਦੇ ਦੇਵਾਂਗਾ।

5. TDS ਦੀਆਂ returns (quarterly)/ monthly payments, ਸਾਡੀ ਬਰਾਂਚ ਤੋਂ ਹੀ ਹੁੰਦੀ ਹੈ।ਇਸ ਤੋਂ ਇਲਾਵਾ ਸਾਡੀ ਟੀ.ਡੀ.ਐਸ recovery notices/interest clearances ਸਾਡੇ ਵੱਲੋਂ ਲਈਆਂ ਜਾਂਦੀਆਂ ਹਨ।

6. ਹਰ ਸਾਲ ਦੇ ਸਾਲ ਸੈਕਸਨ 85 ਦੇ ਗੁਰਦੁਆਰੇ ਐਸ.ਜੀ.ਪੀ.ਸੀ ਧਰਮ ਪ੍ਰਚਾਰ ਦੇ ਐਫ.ਡੀ.ਆਰ ਤੇ ਅੱਗੇ ਵਿਆਜ ਦੇ ਟੀ.ਡੀ.ਐਸ ਨੂੰ exempt ਕਰਵਾਇਆ ਜਾਂਦਾ ਹੈ।

ਪਬਲੀਕੇਸ਼ਨ ਦੇ ਪ੍ਰੈੱਸ ਦੇ ਜਿੰਨੇ ਵੀ ਬਿੱਲ ਹੁੰਦੇ ਹਨ (ਪਰਚੇਜ਼ ਅਤੇ ਐਕਸਪੈਂਸਿਸ) ਦੇ, ਉਹ ਸਾਡੇ  ਵੱਲੋਂ ਪਾਸ ਕੀਤਾ ਜਾਂਦਾ ਹੈ।Golden offset press ਵੱਲੋਂ raise ਕੀਤੇ ਬਿੱਲ ਵੀ ਸਾਡੇ ਕੋਲ ਗੁਰਦੁਆਰੇ ਵੱਲੋਂ ਚੈੱਕ ਕਰਨ ਲਈ ਆਉਂਦੇ ਹਨ।10 ਤੋਂ 12 employee ਐਸ.ਜੀ.ਪੀ.ਸੀ ਦੇ ਆੱਫਿਸ ਸਾਡੀ ਬਰਾਂਚ ਵਿੱਚ ਹੁੰਦੇ ਹਨ, ਜਿੰਨਾਂ ਦੀ ਲਿਸਟ ਮੈਂ ਕੱਲ੍ਹ ਦੇ ਦੇਵਾਂਗਾ ।ਉਹਨਾਂ ਸਾਰਿਆਂ ਦੇ ਨਾਮ ਮੈਨੂੰ ਯਾਦ ਨਹੀਂ।

ਅਸੀ ਆਨ ਆਈਨ ਦਾ ਕੰਮ ਨਹੀਂ ਕੀਤਾ ਧ/1 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 180) advertisement ਵਿੱਚ internal audit ਦਾ ਕੰਮ ਲਿਖਿਆ ਹੈ, ਜਿਸ ਦੇ ਬੇਸ ਤੇ

*ਸਾਨੂੰ appoint ਕੀਤਾ ਸੀ।ਜਿਹੜਾ ਮਤਾ ਪਾਸ ਹੋਇਆ ਸੀ, ਉਸ ਅਨੁਸਾਰ ਅਸੀਂ ਆਪਣਾ ਕੰਮ ਬਾਖੂਬੀ ਨਿਭਾ ਰਹੇ ਹਾਂ।*

*S.S Kohli & Associates ਇੱਕ proprietory firm ਹੈ।*

*ਐਸ.ਐਸ ਕੋਹਲੀ ਜੀ ਕੰਮ ਅਨੁਸਾਰ ਇੱਥੇ ਆੱਫਿਸ ਵਿੱਚ ਆ ਜਾਂਦੇ ਹਨ।ਇਸ ਮਹੀਨੇ ਉਹ ਇੱਥੇ ਆੱਫਿਸ ਵਿੱਚ ਨਹੀਂ ਆਏ।*

*ਐਸ.ਜੀ.ਪੀ.ਸੀ ਦੀ ਪ੍ਰਬੰਧ ਸਕੀਮ ਦੀ ਮੈਨੂੰ ਜਾਣਕਾਰੀ ਹੈ, ਪਰ ਮੈਨੂੰ ਯਾਦ ਨਹੀਂ ਹੈ।ਮੈਂ ਦੇਖੀ ਜਰੂਰ ਹੈ।ਮੈਂ ਕਾਫੀ ਪਹਿਲਾਂ ਪੜੀ ਹੈ।ਪ੍ਰਬੰਧ ਸਕੀਮ ਪਬਲੀਕੇਸ਼ਨ ਲਈ ਵੀ ਸਾਇਦ ਲਾਗੂ ਹੋਵੇਗੀ, ਕੋਈ ਵੱਖਰੀ ਨਹੀਂ ਹੈ।ਅਸੀਂ ਐਸ.ਜੀ.ਪੀ.ਸੀ ਦੇ Employee ਨਹੀਂ ਹਾਂ।ਸਾਨੂੰ ਸੈਲਰੀ ਐਸ.ਐਸ.ਕੋਹਲੀ ਸਾਹਿਬ ਦਿੰਦੇ ਹਨ।ਇਸ ਤੋਂ ਇਲਾਵਾ ਸਲਾਨਾ ਬਜ਼ਟ ਵੀ ਸਾਡੇ ਵੱਲੋਂ ਤਿਆਰ ਕਰਕੇ ਚੈੱਕ ਕਰਦੇ ਹਾਂ।*

*ਪ੍ਰਸ਼ਨ: ਪਬਲੀਕੇਸ਼ਨ ਵਿਭਾਗ ਵਿੱਚ ਕਿਹੜੀਆਂ ਕਿਹੜੀਆਂ ਇੰਮਪਰੂਵਮੈਂਟਸ, ਆਪ ਜੀ ਨੇ ਲਿਖਿਤ ਰੂਪ ਵਿੱਚ ਕਰਵਾਈਆਂ ਹਨ।*

*ਉੱਤਰ: ਪ੍ਰੈਸਾਂ ਦਾ ਕੰਮ ਕੰਪਿਊਟਰਾਈਜਡ ਕਰਵਾਇਆ ਭਾਵ ਟੈਲੀ ਵਿੱਚ ਵਿੱਚ ਐਂਟਰੀਜ਼ ਕਰਵਾਈਆਂ।*

*ਸਟੋਰ ਲੈਜ਼ਰ ਦੀ ਐਂਟਰੀ, ਅਸੀਂ ਟੈਲੀ ਵਿੱਚ ਨਹੀ ਕਰਦੇ।ਉਹ ਕੰਪਿਊਟਰਾਈਜਡ ਨਹੀਂ ਹਨ।ਪਬਲੀਕੇਸ਼ਨ ਦੇ ਸਟੋਰ ਲੈਜ਼ਰ ਵੀ ਅਸੀਂ ਟੈਲੀ ਵਿੱਚ ਤਿਆਰ ਕੀਤੇ, ਜੋ ਬਾਕੀ ਗੁਰਦੁਆਰੇ ਸਾਹਿਬਾਨ ਜਾਂ ਐਸ.ਜੀ.ਪੀ.ਸੀ ਦੇ ਅਸੀਂ ਨਹੀ ਕਰਦੇ।ਸਾਲ 2015-2016 ਵਿੱਚ ਸਟੋਰ ਲੈਜ਼ਰ ਅਸੀਂ ਟੈਲੀ ਵਿੱਚ ਪਾਉਣਾ ਸੁਰੂ ਕੀਤਾ ਅਤੇ 2013-2014 ਦਾ ਡਾਟਾ ਹੁਣ ਤੱਕ ਦਾ ਡਾਟਾ ਟੈਲੀ ਵਿੱਚ ਅਪਡੇਟ ਹੈ।ਜੋ ਮੈਂ ਕੱਲ ਦੇ ਦੇਵਾਂਗਾ।*

*ਪਬਲੀਕੇਸ਼ਨ ਵਿਭਾਗ ਦੇ ਸਟੋਰ ਦੀ ਅਸੀਂ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ।ਜਦ ਸਾਨੂੰ ਪਤਾ ਲੱਗ ਗਿਆ ਕਿ ਬੈਲੇਂਸਜ ਨੈਗੀਟਿਵ ਆ ਰਿਹਾ ਹੈ ਅਸੀ ਤਾਂ ਵੀ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ।*

ਜਦੋਂ ਸਾਡੇ ਵੱਲੋਂ ਪਬਲੀਕੇਸ਼ਨ ਵਿਭਾਗ ਦੇ ਸਟੋਰ ਲੈਜ਼ਰ ਦਾ ਕੰਮ ਟੈਲੀ ਵਿੱਚ ਕੀਤਾ ਗਿਆ, ਉਸ ਤੋਂ ਬਾਅਦ ਜਦ ਇਹਨਾਂ ਦੀਆਂ ਲੈਜ਼ਰਾਂ ਦੇ ਨਾਲ ਟੈਲੀ ਦੇ ਡਾਟੇ ਨੂੰ ਮਿਲਾਇਆ ਗਿਆ ਤਾਂ ਇਹ ਪਾਇਆ ਗਿਆ ਕਿ ਇਹ ਬੈਲੇਂਸਜ ਮੇਲ ਨਹੀਂ ਖਾ ਰਹੇ ਸਨ।ਜਿਸ ਬਾਬਤ ਅਸੀਂ ਪ੍ਰਧਾਨ ਸਾਹਿਬ ਨੂੰ ਰਿਪੋਰਟ ਦਿੱਤੀ ਸੀ, ਜੋ ਕਿ (EX) 2 ਹੈ।2011-2012 ਤੋਂ ਹੁਣ ਤੱਕ ਅਸੀਂ ਕੇਵਲ (EX) 2 ਰਿਪੋਰਟ ਹੀ ਪਬਲੀਕੇਸ਼ਨ ਵਿਭਾਗ ਨੂੰ ਦਿੱਤੀ ਹੈ।ਇਸ ਰਿਪੋਰਟ ਦੀ ਮਿਤੀ 17-06-2016 ਹੈ।ਜਿਸ ਤੇ ਕੋਈ ਸਟੈਂਪ ਨਹੀਂ ਲੱਗੀ ਕਿਉਂਕਿ internal reports ਤੇ ਅਸੀ ਸਟੈਂਪ ਨਹੀਂ ਲਗਾਉਂਦੇ।

ਪ੍ਰਸ਼ਨ: (EX) 2 ਵਿੱਚ ਲਿਖਿਆ ਹੈ ਕਿ ਕਈ ਵਾਰ ਲਿਟਲੇਚਰ ਜਾਂ ਪਾਵਨ ਸਰੂਪ ਦੇਣ ਵਾਲੇ ਵਾਊਚਰ ਦੇ ਨਾਲ ਆਗਿਆ ਅਟੈਚ ਨਹੀਂ ਹੁੰਦੀ।ਇਸ ਦੀ ਤੁਸੀਂ ਕੋਈ ਰਿਪੋਰਟ ਦਿੱਤੀ ਹੈ ਕਿ ਇਸ ਵਾਊਚਰ ਦੇ ਨਾਲ ਰਿਪੋਰਟ ਨਹੀਂ ਹੈ ?

ਉੱਤਰ:- ਅਸੀਂ ਕੋਈ detailed reports ਨਾ ਬਣਾਈ, ਨਾ ਦਿੱਤੀ ਹੈ।

ਪ੍ਰਸ਼ਨ: ਤੁਸੀਂ ਕਦੇ ਪਬਲੀਕੇਸਨ ਦੀ ਸਟੋਰ ਲੈਜ਼ਰ ਦੇਖੀ ਜਾਂ ਚੈਕ ਕੀਤੀ ਹੈ?

ਉੱਤਰ: ਬਹੁਤ ਪਹਿਲਾਂ ਦੇਖੀ ਸੀ, ਮੈਨੂ ਯਾਦ ਨਹੀਂ।ਵੱਖੋ ਵੱਖਰੇ employees ਵੱਖੋ ਵੱਖਰੇ ਕੰਮ ਕਰਦੇ ਹਨ।ਕੌਣ ਕਿਹੜਾ ਕੰਮ ਕਰਦਾ ਹੈ, ਮੈਂ ਕੱਲ ਦੇਖਕੇ ਦੱਸ ਦੇਵਾਂਗਾ।ਜਿੰਨੀਆਂ ਵੀ ਪੈਮੈਂਟ ਆਉਂਦੀਆਂ ਹਨ ਜਿਲਦਸਾਜ਼ਾਂ ਨੂੰ ਦੇਣ ਵਾਲੀਆਂ, ਉਹ ਅਸੀਂ ਬਾਈਂਡ ਲੈਜ਼ਰ ਵਿੱਚ ਚੈਕ ਕਰਦੇ ਹਾਂ ਕਿ ਐਂਟਰੀ ਹੋਈ ਜਾਂ ਨਹੀਂ ਅਤੇ ਉਸ ਨੂੰ ਮਾਰਕ ਵੀ ਕਰਦੇ ਹਾਂ।ਮੈਂ ਅਨ ਬਾਈਂਡ ਲੈਜ਼ਰ ਚੈੱਕ ਨਹੀਂ ਕੀਤੀ ਜਿੱਥੇ ਗਰੀਨ ਇੰਕ ਦਾ ਟਿੱਕ ਲੱਗਿਆ ਹੈ, ਉਸ ਦਾ ਮਤਲਬ ਇਹ ਹੈ ਕਿ ਸਾਡੇ ਵੱਲੋ ਐਂਟਰੀ ਚੈੱਕ ਕੀਤੀ ਗਈ ਹੈ।

ਗਰੀਨ ਇੰਕ ਵਿੱਚ ਕੀਤੀ ਟਿਕ ਦਾ ਮਤਲਬ ਹੈ, ਹੋ ਸਕਦਾ ਹੈ ਕਿ ਸਾਡੀ ਟੀਮ ਉੱਥੇ ਹੋਵੇ ਤੇ ਉਹਨਾਂ ਨੇ ਫਿਜ਼ੀਕਲ ਰਿਪੋਰਟ ਦੇਖੀ ਹੋਵੇ, ਤਾਂ ਵੱਲੋਂ ਟਿੱਕ ਕੀਤੀ ਹੋਵੇ।

*ਸਾਲ 2013-2014 ਦੀ ਅਨ ਬਾਈਂਡ ਲੈਜ਼ਰ ਦਿਖਾਈ ਗਈ ਹੈ, ਜਿੱਥੇ ਸਾਰੀਆਂ ਐਂਟਰੀਆਂ ਤੇ ਗਰੀਨ ਇੰਕ ਵਿੱਚ ਟਿੱਕ ਹੈ। ਹੋ ਸਕਦਾ ਹੈ ਜਦੋਂ ਅਸੀਂ ਕੰਪਿਊਟਰਾਈਜ਼ਡ ਕੀਤਾ ਕਿ ਟੈਲੀ ਨਾਲ ਐਂਟਰੀ ਮਿਲਾਨ ਕਰਕੇ ਟਿੱਕ ਲਗਾ ਦਿੱਤਾ ਹੋਵੇ।*

*ਪ੍ਰਸਨ: ਕੀ ਤੁਸੀਂ ਕਦੇ ਪੈਨਸਿਲ ਐਂਟਰੀ ਤੇ ਗਰੀਨ ਟਿੱਕ ਕੀਤਾ ਹੈ।*

*ਉੱਤਰ: ਹਾਂ ਕੀਤਾ ਹੈ। ਕਿਉਂਕਿ ਇਹਨਾਂ ਦੇ ਬੈਲੈਂਸ ਕਦੇ ਵੀ ਫਾਈਨਲ ਨਹੀਂ ਹੁੰਦੇ, ਇਸ ਲਈ ਅਸੀਂ ਉਹਨਾਂ ਦੇ ਬੈਲੈਂਸਜ਼ ਤੇ ਟਿੱਕ ਕੀਤਾ ਹੈ। ਗਰੀਨ ਇੰਕ ਦੇ ਨਾਲ ਅਸੀਂ ਕਈ ਵਾਰ ਬੈਲੇਂਸਜ਼ ਲਿੱਖ ਵੀ ਦਿੰਦੇ ਹਾਂ। ਉਸਤੋਂ ਬਾਅਦ ਵੀ ਉਹ ਬੈਲੇਂਸਜ਼ ਬਦਲ ਦਿੰਦੇ ਹਾਂ।*

*statutory auditors ਦੇ audited reports ਅਤੇ ਉਹਨਾਂ ਵੱਲੋਂ ਲਗਾਏ objection ਸਾਡੇ ਕੋਲ ਆਉਂਦੇ ਹਨ, ਅਸਿਸਟੈਂਸ ਵਾਸਤੇ। ਕੋਈ written request ਨਹੀਂ ਹੁੰਦੀ, ਕੇਵਲ verbal request ਹੀ ਹੁੰਦੀ ਹੈ।Statutory auditors, internal reports ਦੀ ਮੰਗ ਕਰਦੇ ਹਨ ਤਾਂ ਅਸੀਂ ਉਹਨਾਂ ਨੂੰ ਇੱਕ ਚਿੱਠੀ ਦਿੰਦੇ ਹਾਂ (EX) 3 ਜਿਸ ਵਿੱਚ ਇਹ ਲਿਖਿਆ ਹੈ ਰਿਪੋਰਟ ਦੀ ਲੋੜ ਨਹੀਂ ਹੈ ਕਿਉਂਕਿ ਸਾਰੀਆਂ ਪੇਮੈਂਟਸ ਪਹਿਲਾਂ ਹੀ ਪ੍ਰੀ-ਆਡਿਟ ਕਰ ਲੈਂਦੇ ਹਾਂ ਤੇ ਆਪਣੇ objection vouchers ਤੇ ਰਿਪੋਰਟ ਦਿੰਦੇ ਹਾਂ।*

*2013-2014 ਦੀ statutory audit report ਵਿੱਚ ਜੋ objection ਲਗਾਇਆ ਸੀ, ਮੈਂ ਉਹ ਨਹੀਂ ਦੇਖੀ, ਨਾ ਹੀ ਮੈਨੂੰ ਇਸਦੀ ਕੋਈ ਜਾਣਕਾਰੀ ਨਹੀਂ ਹੈ।*

*ਪ੍ਰਸ਼ਨ: 200 ਪਾਵਨ ਸਰੂਪਾਂ ਦੀ ਐਂਟਰੀ 2013-2014 ਦੇ ਲੈਜ਼ਰ ਵਿੱਚ ਨਹੀਂ ਹੈ, ਇਸਦੇ ਬਾਵਜੂਦ ਇਸਦੀ ਪੇਮੈਂਟ ਜਿਲਦਸਾਜ਼ਾਂ ਨੂੰ ਕੀਤੀ ਗਈ। ਇਸਦਾ ਵਿਸ਼ੇਸ਼ ਕਾਰਨ?*

*ਉੱਤਰ: ਮੇਰੇ ਕੋਲ ਇਸਦਾ ਕੋਈ ਕਾਰਨ ਨਹੀਂ ਹੈ।*

*ਸਾਲ 2015-2016 ਵਿੱਚ ਸਸਪੈਂਸ ਖਾਤੇ ਵਿੱਚ ਇੱਕ ਐਂਟਰੀ ਪਈ ਹੈ, ਮੈਨੂੰ ਇਸਦੀ ਜਾਣਕਾਰੀ ਨਹੀਂ ਹੈ।*

*ਮਿਤੀ 18/08/2015 ਦਾ ਲੈਜ਼ਰ ਬੈਲੇਂਸ ਸਾਰੇ ਆਕਾਰਾਂ ਦਾ (ਵੱਡਾ ਅਕਾਰ, ਦਰਮਿਆਨਾਂ, ਲੜੀਵਾਰ ਦਰਮਿਆਨਾਂ, ਲੜੀਵਾਰ ਵੱਡਾ) ਸਾਈਨਡ ਕਾਪੀ, ਮੈਂ ਕੱਲ ਤੱਕ ਆਪਜੀ ਨੂੰ ਦੇ ਦੇਵਾਂਗਾ।*

*ਪ੍ਰਸ਼ਨ: ਸਾਲ 2013-2014 ਵਿੱਚ ਆਡਿਟਰ ਨੇ ਮਿਸਿੰਗ ਐਂਟਰੀ objection ਲਗਾ ਕੇ ਸਾਲ 2018 ਵਿੱਚ ਕੱਢੀ ਸੀ ਉਸਦੀ ਐਂਟਰੀ ਸਾਲ 2018 ਵਿੱਚ ਹੋਣੀ ਚਾਹੀਦੀ ਹੈ ਜਾਂ ਸਾਲ 2013-2014 ਵਿੱਚ।*

*ਜੇ ਸਾਲ 2013-2014 ਦੀਆਂ ਬੁੱਕਾਂ ਆਡਿਟ ਦੇ ਸਮੇਂ ਤੱਕ ਬੰਦ ਨਹੀਂ ਕੀਤੀਆਂ ਗਈਆਂ ਤਾਂ ਸਾਲ 2013-2014 ਵਿੱਚ ਕੀਤੀ ਜਾ ਸਕਦੀ ਹੈ।*

*ਪ੍ਰਸ਼ਨ: ਜੇ ਆਡਿਟ ਦੇ ਸਮੇਂ ਤੱਕ, ਜੋ ਕਿ ਸਾਲ 2018 ਵਿੱਚ ਹੋਇਆ ਤੇ ਲੈਜ਼ਰ ਦੀ ਓਪਨਿੰਗ ਸਾਲ 2018 ਤੱਕ ਰੱਖੀ ਜਾ ਸਕਦੀ ਹੈ, ਐਂਟਰੀ ਦੀ adjustment ਵਾਸਤੇ, ਜਦ ਕਿ ਹਰ ਬਿੱਲ ਤੇ ਹਰ transaction ਤੇ ਪ੍ਰੀਆਡਿਟ ਹੋ ਰਿਹਾ ਹੈ।ਕੀ ਇਹ ਰਿਸਕ ਨਹੀਂ ਹੈ? ਕੀ ਗਲਤ ਕੰਮ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਨਹੀਂ ਹੈ?*

*ਉੱਤਰ: ਹਰ ਸਾਲ, ਹਰ ਬਿੱਲ ਨਾਲ ਤੇ ਹਰ ਐਂਟਰੀ ਨਾਲ ਹੋਣਾ ਚਾਹੀਦਾ ਹੈ।ਇਸ ਤਰ੍ਹਾਂ ਨਾਂ ਹੋਣ ਕਾਰਨ ਗਲਤ ਕੰਮ ਕਰਨ ਵਾਲਾ ਐਂਟਰੀ ਨੂੰ manipulate ਕਰ ਸਕਦਾ ਹੈ।*

*ਸਾਨੂੰ ਇੱਥੇ ਇੱਕ ਦਫਤਰ ਦਿੱਤਾ ਹੈ, ਪ੍ਰਧਾਨ ਜੀ ਦੇ ਦਫਤਰ ਕੋਲ, ਸ੍ਰ.ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜੋ ਵੀ ਟਿੱਕ ਕਰਦਾ ਹੈ ਅਸੀਂ ਆਪਸ ਵਿੱਚ ਡਿਸਕਸ ਨਹੀਂ ਕਰਦੇ।ਇਸ ਆੱਫਿਸ ਵਿੱਚ ਮੈਂ head ਕਰਦਾ ਹਾਂ।*

*ਸਾਡੇ ਰਜਿਸਟਰਜ/ਲੈਜ਼ਰਜ਼ ਨੂੰ ਮੇਰੇ ਤੋਂ ਬਿਨ੍ਹਾਂ ਕੋਈ ਬਦਲ ਨਹੀਂ ਸਕਦਾ ਪਰ ਆਪਣੀ ਮਰਜੀ ਨਾਲ ਬਦਲ ਲੈਂਦੇ ਹਨ ਤਾਂ ਅਸੀਂ ਕੁਝ ਨਹੀਂ ਕਰ ਸਕਦੇ।ਕਈ ਵਾਰ ਰਿਪੋਰਟਸ ਦੀ ਰਸੀਵਿੰਗ ਸਾਨੂੰ ਮਿਲਦੀ ਹੈ ਤੇ ਕਦੇ ਨਹੀਂ ਵੀ ਮਿਲਦੀ।*

*(EX) 2 ਚਿੱਠੀ ਮੈਂ ਖੁਦ ਸਾਲ 2016 ਵਿੱਚ ਪ੍ਰਧਾਨ ਸਾਹਿਬ ਨੂੰ ਦੇ ਕੇ ਆਇਆ ਪਰ ਮੈਨੂੰ ਇਸ ਦੀ ਰਸੀਵਿੰਗ ਨਹੀਂ ਮਿਲੀ।ਇਸ ਦੀ ਕਾਪੀ ਮੈਂ ਨਾ ਸੀ.ਜੀ.ਐਲ ਨੂੰ ਦਿੱਤੀ ਤੇ ਨਾ ਪਬਲੀਕੇਸ਼ਨ ਦੇ ਮੀਤ ਸਕੱਤਰ ਨੂੰ ਦਿੱਤੀ।ਜਿਹੜੀਆਂ ਰਿਪੋਰਟਸ ਪ੍ਰਧਾਨ ਸਾਹਿਬ ਨੂੰ ਮਾਰਕ ਹੁੰਦੀਆਂ ਹਨ, ਉਹ ਅਸੀਂ ਸਬੰਧਿਤ ਵਿਭਾਗਾਂ ਨੂੰ ਨਹੀਂ ਦਿੰਦੇ।*

*ਜਿਹੜੇ 212 ਪਾਵਨ ਸਰੂਪ ਪਬਲੀਕੇਸ਼ਨ ਵਿਭਾਗ ਵਿੱਚ ਘੱਟ ਪਾਏ ਗਏ, ਉਹ 267 ਕਿਵੇਂ ਹੋਏ ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।*

*ਸਾਲ 2016 ਵਿੱਚ ਮਿਤੀ 19/05/2016 ਨੂੰ ਜੋ ਸ਼ਾਰਟ ਸਰਕਟ ਹੋਇਆ ਤੇ ਪਾਵਨ ਸਰੂਪ ਸੰਸਕਾਰੇ ਗਏ ਤੇ ਪਾਣੀ ਨਾਲ ਨੁਕਸਾਨੇ ਗਏ, ਇਸਦਾ ਸਾਨੂੰ ਪਤਾ ਹੈ, ਪਰ ਅਸੀਂ ਕੋਈ ਫਿਜ਼ੀਕਲ ਚੈਕਿੰਗ ਨਹੀਂ ਕੀਤੀ ਕਿ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ।*

*ਮੈਂ ਮਿਤੀ 19/05/2016 ਨੂੰ ਘਟਨਾ ਵਾਲੀ ਜਗ੍ਹਾ ਤੇ ਨਹੀਂ ਗਿਆ।ਇਸ ਘਟਨਾ ਤੋਂ ਬਾਅਦ ਮੈਂ ਦੇਖ ਕੇ ਦੱਸ ਸਕਦਾ ਹਾਂ ਕਿ ਸਾਡੀ ਟੀਮ ਗੁ:ਰਾਮਸਰ ਕਦੋਂ ਗਈ।ਮੈਂ ਟੈਲੀ ਦਾ ਡਾਟਾ ਦੇਖਕੇ ਦੱਸ ਸਕਦਾ ਹਾਂ ਕਿ ਮਿਤੀ 19/05/2016 ਨੂੰ ਘਟਨਾ ਤੋ ਪਹਿਲਾਂ ਕਿੰਨਾ ਫਿਜੀਕਲ ਸਟਾੱਕ ਸੀ।ਮੈਂ ਟੈਲੀ ਵਿੱਚ ਕੋਈ cut off date ਪਾਵਾਂਗਾ ਤਾਂ ਮੈਨੂੰ ਪਤਾ ਲੱਗ ਜਾਵੇਗਾ ਫਿਜੀਕਲ ਸਟਾੱਕ ਕਿੰਨਾ ਸੀ।ਇਸ ਤਰ੍ਹਾਂ ਮਿਤੀ 25/05/2016 ਨੂੰ ਦੇਖਕੇ ਦੱਸ ਸਕਦਾ ਹਾਂ ਕਿ ਕਿੰਨੇ ਪਾਵਨ ਸਰੂਪ ਸਨ।*

*ਅਸੀ ਪਾਵਨ ਸਰੂਪਾਂ ਨੂੰ ਗਿਣਤੀ ਦਰਜ ਕਰਨ ਵਾਸਤੇ ਲੈਜ਼ਰਾਂ ਵਿੱਚ ਪਾਉਂਦੇ ਹਾਂ ਤਾਂ ਅਸੀਂ ਕਦੇ ਵੀ ਪਾਵਨ ਸਰੂਪਾਂ ਦੇ ਕਿਹੜੇ ਲਾਟ ਦੇ ਹਨ ਤੇ ਉਹਨਾਂ ਦੇ ਕੋਈ ਸੀਰੀਅਲ ਨੰਬਰ ਨਹੀਂ ਪਾਉਂਦੇ।*

*ਮੈਂ ਆਪਜੀ ਨੂੰ ਸਾਲ 2013-2014 ਤੋ ਹੁਣ ਤੱਕ ਕਿੰਨੇ ਪਾਵਨ ਸਰੂਪ ਪ੍ਰਿਟਿੰਗ ਪ੍ਰੈੱਸ ਵਿੱਚ ਪ੍ਰਿੰਟ ਹੋਏ, ਦੇਖ ਕੇ ਦੱਸ ਸਕਦਾ ਹਾਂ।*

*ਮੈਂ ਇਹ ਨਹੀਂ ਦੱਸ ਸਕਦਾ ਕਿ ਪ੍ਰਿਟਿੰਗ ਪ੍ਰੈੱਸ ਨੂੰ ਓਪਨਿੰਗ ਆਰਡਰ ਕਿਤਨਾ ਆਇਆ ਹੈ, ਹੁਣ ਤੱਕ ਟੈਲੀ ਵਿੱਚ ਸਾਡੇ ਕੋਲ ਪ੍ਰੈੱਸ ਦਾ ਡਾਟਾ ਨਹੀਂ ਹੈ।*

*ਆਪ ਜੀ ਨੂੰ ਜਿਹੜਾ purchasing committee ਪਾਵਨ ਸਰੂਪ ਦੇ ਪੇਪਰ ਨੂੰ ਖਰੀਦ ਦੀ ਹੈ।ਕਿੰਨੇ ਬਿੱਲ, ਉਸਦਾ ਸਾਲ, ਮਹੀਨਾ, ਦਿਨ ਤੇ ਅਮਾਊਂਟ ਦੱਸ ਸਕਾਂਗਾ।*

*ਟੈਲੀ ਦੇ ਵਿੱਚ ਅਸੀਂ ਬਿੱਲ ਨੰਬਰ ਨਹੀਂ ਪਾਉਂਦੇ, ਜਿਸਦਾ ਅਮਾਊਂਟ ਅਸੀਂ ਪੇਅ ਕਰਦੇ ਹਾਂ।ਜੇ ਆਪਜੀ ਨੂੰ ਚਾਹੀਦਾ ਹੈ ਤਾਂ ਬਣਾ ਦੇਵਾਂਗਾ।*

*ਮੈਂ ਆਡਿਟ ਬਣਾਕੇ ਦੇਵਾਂਗਾ ਕਿ ਕਿੰਨਾ ਪੇਪਰ, ਉਸ ਲਾਟ ਦੇ ਪੇਪਰ ਦਾ ਕੈਸ਼ ਪੇਅ ਕੀਤਾ ਹੈ ਤੇ ਬਾਈਂਡਰ ਵੱਲੋਂ ਉਸ ਲਾਟ ਦੇ ਸਟੋਰ ਤੱਕ ਪਹੁੰਚਾਉਣ ਦਾ ਕਿਤਨਾ ਪੇਅ ਕੀਤਾ ਹੈ ਤੇ ਬਾਈਂਡਰ ਨੂੰ ਬਾਈਡਿੰਗ ਨੂੰ ਕਿਤਨਾ ਪੇਅ ਕੀਤਾ ਹੈ।*

*ਸਾਲ 2014-2015 ਦੀ ਪ੍ਰੈੱਸ ਦੀ ਪੇਪਰ ਲੈਜ਼ਰ ਦੇ ਪੰਨਾ ਨੰਬਰ 19 ਦਿਖਾਇਆ ਗਿਆ ਤੇ ਪੁੱਛਿਆ ਗਿਆ ਕਿ ਜੋ ਐਂਟਰੀ 50 ਰਿਮ (wastage) ਜੋ ਜਮ੍ਹਾਂ ਕੀਤੀ ਗਈ ਹੈ, ਉਹ ਬਿੱਲ ਵਿੱਚੋਂ ਮਾਈਨਸ ਹੋਣੀ ਚਾਹੀਦੀ ਸੀ ਜਾਂ ਨਹੀਂ?*

*ਜੋ ਬਿੱਲ Golden offset ਵੱਲੋਂ ਐਸ.ਜੀ.ਪੀ.ਸੀ ਨੂੰ raise ਕੀਤਾ ਹੈ, ਉਸ ਬਾਬਤ ਉਪਰੋਕਤ ਪ੍ਰਸ਼ਨ ਪੁੱਛਿਆ ਗਿਆ।*

*ਮੈਂ ਦੇਖਕੇ ਹੀ ਦੱਸ ਪਾਵਾਂਗਾ ਕਿ ਉਹਨਾਂ ਦਾ ਕੀ ਸਿਸਟਮ ਹੈ।(EX) 4*

*ਪ੍ਰਸ਼ਨ: ਪ੍ਰਿੰਟਿੰਗ ਪ੍ਰੈਸ ਦੇ ਪਬਲੀਕੇਸ਼ਨ ਨੇ ਕਿੰਨਾ wastage ਵੇਚਿਆ, ਕਦੋਂ ਤੇ ਕਿੰਨੀ ਰਕਮ ਵਿੱਚ?*

*ਪ੍ਰਸ਼ਨ: ਧਰਮ ਪ੍ਰਚਾਰ ਕਮੇਟੀ ਵਿੱਚ ਕਿੰਨੇ ਪਾਵਨ ਸਰੂਪ ਭੇਟਾ ਰਹਿਤ ਤੇ ਕਿੰਨੇ ਅਮਾਂਊਟ ਦਾ compensation ਦਿੱਤਾ ਹੈ ਤੇ ਕਦੋ?*

*ਉਪਰੋਕਤ ਪ੍ਰਸ਼ਨਾਂ ਦੇ ਉੱਤਰ ਤੇ ਜਾਣਕਾਰੀ ਮੈਂ ਕੱਲ ਆਪਜੀ ਨੂੰ ਦੇ ਦੇਵਾਂਗਾ।"*

## 7.25 (ਨ) ਬਿਆਨ ਕਰਤਾ: ਸ੍ਰ.ਅਮਰਜੀਤ ਸਿੰਘ ਜੀ (ਸੇਵਾਦਾਰ ਸ੍ਰੀ ਗੋਇੰਦਵਾਲ ਸਾਹਿਬ)

ਸ੍ਰ.ਅਮਰਜੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸ੍ਰੀ ਗੋਇੰਦਵਾਲ ਸਾਹਿਬ ਦੇ ਸੇਵਾਦਾਰ ਹਨ।ਉਹ 19/05/2016 ਦੀ ਅਗਨੀ ਘਟਨਾ ਦੇ ਸਮੇਂ ਵੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੇਵਾਦਾਰ ਸਨ।ਉਹਨਾਂ ਨੇ 19/05/2016 ਘਟਨਾ ਦੀ ਇਕ ਰਿਪੋਰਟ ਪੜਤਾਲ ਕਮਿਸ਼ਨ ਨੂੰ ਪੇਸ਼ ਕੀਤੀ।ਇਹ ਰਿਪੋਰਟ ਉਹਨਾਂ ਨੇ ਅੰਗੀਠਾ ਸਾਹਿਬ ਗੋਇੰਦਵਾਲ ਸਾਹਿਬ ਦੇ ਉਸ ਵੇਲੇ ਦੇ ਮੌਕੇ ਦੇ ਸੇਵਾਦਾਰਾਂ ਨਾਲ, ਜਿਹਨਾਂ ਨੇ ਸੇਵਾ ਕੀਤੀ ਸੀ, ਬੜੀ ਗੰਭੀਰਤਾ ਨਾਲ ਵਿਚਾਰ ਕਰਕੇ ਤਿਆਰ ਕੀਤੀ।ਉਹਨਾਂ ਮੌਕੇ ਦੇ ਸੇਵਾਦਾਰਾਂ ਨਾਲ ਉਸ ਸਮੇਂ ਦਾ ਜ਼ਿਕਰ ਕਰਕੇ ਜੋ ਕਿ 19/05/2016 ਨੂੰ ਪਾਵਨ ਸਰੂਪ ਐਸ.ਜੀ.ਪੀ.ਸੀ ਦੀ ਗੱਡੀ ਨੰ: ਪੀ.ਬੀ.02 ਬੀ.ਜੇ 9600 ਜਿਸ ਨਾਲ ਐਸ.ਜੀ.ਪੀ.ਸੀ ਦੇ ਅਧਿਕਾਰੀ ਅਤੇ ਕਰਮਚਾਰੀ ਪਾਵਨ ਸਰੂਪ ਲੈ ਕੇ ਆਏ ਸਨ, ਵਿਚਾਰ ਕਰਨ ਉਪਰੰਤ, ਰਿਪੋਰਟ ਦਸਤਾਵੇਜ਼ ਨ/1(ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 186) ਤਿਆਰ ਕੀਤੀ।

ਉਹਨਾਂ ਦੱਸਿਆ ਕਿ ਉਸ ਮੌਕੇ ਤੇ ਸੰਤ ਬਾਬਾ ਨਰਿੰਦਰ ਸਿੰਘ ਜੀ, ਗੁ:ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਭੂ ਸਿਮਰਨ ਕੇਂਦਰ ਛੋਟੀ ਜਵੱਦੀ, ਲੁਧਿਆਣਾ ਦੇ ਆਪ ਸਰੀਰਕ ਤੌਰ ਤੇ ਮੌਜੂਦ ਸਨ।ਜਿਨ੍ਹਾਂ ਦਾ ਅਕਾਲ ਚਲਾਣਾ ਮਿਤੀ 18/05/2018 ਨੂੰ ਹੋ ਗਿਆ।

ਰਿਪੋਰਟ ਨ/1 ਵਿੱਚ ਸ੍ਰ.ਅਮਰਜੀਤ ਸਿੰਘ ਨੇ ਇਹ ਸਪੱਸ਼ਟ ਕੀਤਾ ਕਿ ਜੋ ਵੀ ਬਿਰਧ ਪਾਵਨ ਸਰੂਪ ਲੈ ਕੇ 19/05/2016 ਨੂੰ ਐਸ.ਜੀ.ਪੀ.ਸੀ ਦੇ ਅਧਿਕਾਰੀਆਂ ਨੇ ਸੰਤ ਬਾਬਾ ਨਰਿੰਦਰ ਸਿੰਘ ਜੀ ਨਾਲ ਬੰਦ ਕਮਰੇ ਵਿੱਚ ਮੀਟਿੰਗ ਕੀਤੀ, ਜਿਸ ਦਾ ਜ਼ਿਕਰ ਰਿਪੋਰਟ ਵਿਚ ਕੀਤਾ ਹੈ ਜਿਸ ਵਿੱਚ ਉਹਨਾਂ ਨੇ ਸਪੱਸ਼ਟ ਕੀਤਾ ਕਿ ਜੋ ਵੀ ਬਿਰਧ ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲੈ ਕੇ ਆਏ ਜਾਂਦੇ ਹਨ, ਉਸ ਦਾ ਰਿਕਾਰਡ ਰੱਖਿਆ ਜਾਂਦਾ ਹੈ।

ਰਿਪੋਰਟ ਅਨੁਸਾਰ 19/05/2016 ਨੂੰ ਐਸ.ਜੀ.ਪੀ.ਸੀ ਦੇ ਅਧਿਕਾਰੀ ਅਤੇ ਮੁਲਾਜ਼ਿਮ 14 ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲੈ ਕੇ ਆਏ ਸਨ।ਕੁਝ ਭਾਈ ਸਾਹਿਬ ਨੂੰ ਮਿਲਣ ਚਲੇ ਗਏ ਤੇ ਬਾਕੀ ਬੱਸ ਵਿਚੋਂ ਪਾਵਨ ਸਰੂਪ ਉਤਾਰਨ ਦੀ ਸੇਵਾ ਵਿੱਚ ਲੱਗ ਪਏ।ਜੋ ਮੁਲਾਜ਼ਿਮ ਭਾਈ ਸਾਹਿਬ ਨੂੰ ਮਿਲਣ ਕਮਰੇ ਵਿੱਚ ਗਏ, ਉਹ ਨਵੇਂ ਮੁਲਾਜ਼ਮ ਸਨ ਅਤੇ ਜਿਹੜੇ ਪਾਵਨ ਸਰੂਪ ਉਤਾਰਨ ਦੀ ਸੇਵਾ ਨਿਭਾ ਰਹੇ ਸਨ, ਉਹ ਅਕਸਰ ਪਾਵਨ ਸਰੂਪ ਲੈ ਕੇ ਆਉਂਦੇ ਸਨ।ਜਿਹੜੇ ਮੁਲਾਜ਼ਮ ਪਾਵਨ ਸਰੂਪ ਉਤਾਰਨ ਦੀ ਸੇਵਾ ਨਿਭਾ ਰਹੇ ਸਨ ਉਹਨਾਂ ਨੂੰ ਜਦ ਪਾਵਨ ਸਰੂਪਾਂ ਦੀ ਐਂਟਰੀ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਨੇ ਕਿਹਾ ਕਿ ਅਜੇ ਹੋਰ ਪਾਵਨ ਸਰੂਪਾਂ ਦੀ ਸੇਵਾ ਆਉਣੀ ਬਾਕੀ ਹੈ, ਇਕੱਠੀ ਹੀ ਗਿਣਤੀ ਦੱਸ ਕੇ ਇੰਦਰਾਜ ਕਰਵਾ ਦੇਣਗੇ।ਕਿਉਂਕਿ ਇਹ ਸੇਵਾਦਾਰ ਪਹਿਲਾਂ ਵੀ ਪਾਵਨ ਸਰੂਪ ਲੈ ਕੇ ਆਉਂਦੇ ਸਨ, ਇਸ ਲਈ ਉਹਨਾਂ ਸੇਵਾਦਾਰਾਂ ਨੇ ਰਜਿਸਟਰ ਵਿਚ ਐਂਟਰੀ ਨਹੀਂ ਕੀਤੀ।31/05/2016 ਨੂੰ ਦੁਬਾਰਾ ਐਸ.ਜੀ.ਪੀ.ਸੀ ਦੀ ਗੱਡੀ ਨੰ:ਪੀ.ਬੀ.02 ਬੀ.ਜੇ 9600, ਪਾਵਨ ਸਰੂਪ ਲੈ ਕੇ ਆਈ ਅਤੇ ਉਸ ਦਿਨ ਲਿਆਂਦੇ ਪਾਵਨ ਸਰੂਪਾਂ ਦਾ ਇੰਦਰਾਜ ਕਰਕੇ ਚਲੇ ਗਏ।ਸ੍ਰੀ ਗੋਇੰਦਵਾਲ ਸਾਹਿਬ ਦੇ ਸੇਵਾਦਾਰਾਂ ਨੇ ਸੋਚਿਆ ਕਿ 19/05/2016 ਨੂੰ ਲਿਆਂਦੇ ਪਾਵਨ ਸਰੂਪਾਂ ਦੀ ਟੋਟਲ ਗਿਣਤੀ ਕਰਕੇ ਐਂਟਰੀ ਕਰ ਦਿੱਤੀ ਗਈ।

ਸ੍ਰੀ ਗੋਇੰਦਵਾਲ ਸਾਹਿਬ ਦੇ ਸੇਵਾਦਾਰਾਂ ਨੇ ਆਪਣੀ ਯਾਦ ਵਾਸਤੇ ਵੇਰਵਾ ਆਪਣੇ ਕੋਲ ਰੱਖ ਲਿਆ ਤੇ 12/06/2016 ਨੂੰ ਬਾਕੀ ਪਾਵਨ ਸਰੂਪਾਂ ਅਤੇ ਗੁਟਕੇ ਸਾਹਿਬਾਂ ਦੇ ਨਾਲ, ਪਾਵਨ ਸਰੂਪ ਅਗਨ ਭੇਂਟ ਕਰ ਦਿੱਤੇ।ਉਹਨਾਂ ਨੇ ਅੱਗੇ ਦੱਸਿਆ ਕਿ ਉਸ ਸਮੇਂ ਦੇ ਸੇਵਾਦਾਰ ਹੁਣ ਨਹੀਂ

ਰਹੇ ਅਤੇ ਬਾਬਾ ਜੀ ਵੀ ਅਕਾਲ ਚਲਾਣਾ ਕਰ ਗਏ, ਇਸ ਲਈ ਉਹਨਾਂ ਨੇ, ਜਿੰਨੀ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਸਨ ਉਤਨੀ ਪ੍ਰਾਪਤ ਕਰਕੇ, ਓਣ.1 ਰਿਪੋਰਟ ਰਾਹੀਂ ਸਾਂਝੀ ਕੀਤੀ ਹੈ।

**7.26 <u>(ਪ) ਬਿਆਨ ਕਰਤਾ: ਸ੍ਰ.ਸਕੱਤਰ ਸਿੰਘ ਜੀ (ਮੀਤ ਸਕੱਤਰ)</u>**

ਸ੍ਰ.ਸਕੱਤਰ ਸਿੰਘ ਮਿਤੀ 19/05/2016 ਨੂੰ ਜਿਸ ਦਿਨ ਘਟਨਾ ਵਾਪਰੀ, ਉਸ ਦਿਨ ਬਤੌਰ ਮੀਤ ਸਕੱਤਰ ਇਮਾਰਤੀ ਵਿਭਾਗ ਅਤੇ ਫਲਾਇੰਗ ਡਿਪਾਰਟਮੈਂਟ ਵਿਚ ਸੇਵਾ ਨਿਭਾਅ ਰਹੇ ਸਨ।ਉਹਨਾਂ ਕਿਹਾ ਕਿ ਉਹਨਾਂ ਨੇ ਪਬਲੀਕੇਸ਼ਨ ਵਿਭਾਗ ਵਿਚ ਕਦੇ ਸੇਵਾ ਨਹੀਂ ਨਿਭਾਈ ਤੇ ਨਾ ਹੀ ਪ੍ਰਿਟਿੰਗ ਪ੍ਰੈੱਸ ਵਿੱਚ।ਮਿਤੀ 19/05/2016 ਨੂੰ ਡਾ. ਰੂਪ ਸਿੰਘ ਜੀ ਦੀ ਇਤਲਾਹ ਦੇਣ ਤੇ ਉਹ ਘਟਨਾ ਅਸਥਾਨ ‘ਤੇ ਤਕਰੀਬਨ 7:15 ਪਹੁੰਚੇ।ਇਹਨਾਂ ਦੇ ਪਹੁੰਚਣ ਤੋਂ ਪਹਿਲਾਂ ਸ੍ਰ.ਦੀਪਇੰਦਰ ਸਿੰਘ ਉੱਥੇ ਮੌਜੂਦ ਸਨ ਅਤੇ ਫਾਇਰ ਬ੍ਰਿਗੇਡ ਵੀ ਮੌਜੂਦ ਸੀ।ਸ੍ਰ.ਸਕੱਤਰ ਸਿੰਘ ਅਨੁਸਾਰ ਏ.ਸੀ. ਦੇ ਨਾਲ ਵਾਲਾ ਪਲੰਘ ਪੂਰਾ ਨੁਕਸਾਨਿਆ ਗਿਆ ਸੀ ਅਤੇ ਪਾਣੀ ਦੀ ਵਾਛੜ ਨਾਲ 35-40 ਪਾਵਨ ਸਰੂਪ ਨੁਕਸਾਨੇ ਗਏ ਸਨ।ਇਹਨਾਂ ਦੇ ਹਿਸਾਬ ਨਾਲ ਅਗਨੀ ਨਾਲ ਨੁਕਸਾਨੇ ਹੋਏ ਪਾਵਨ ਸਰੂਪਾਂ ਦੀ ਗਿਣਤੀ 4-5 ਸੀ।ਸ੍ਰ.ਸਕੱਤਰ ਸਿੰਘ ਨੇ ਇਹ ਵੀ ਕਿਹਾ ਕਿ ਉਹਨਾਂ ਨੇ ਉਸ ਸਮੇਂ ਕੇਸਕੀ ਬੰਨੀ ਹੋਈ ਸੀ ਤੇ ਦਸਤਾਰ ਨਹੀਂ ਸਜਾਈ ਸੀ, ਇਸ ਕਰਕੇ ਇਹ ਪਾਵਨ ਸਰੂਪਾਂ ਦੀ ਸੇਵਾ ਤੋਂ ਵਾਂਝੇ ਰਹਿ ਗਏ ਅਤੇ ਜਦੋਂ ਤੱਕ ਉਹ ਦਸਤਾਰ ਸਜਾ ਕੇ ਵਾਪਿਸ ਆਏ ਤਾਂ ਪਾਵਨ ਸਰੂਪ ਸ੍ਰੀ ਗੋਇੰਦਵਾਲ਼ ਸਾਹਿਬ ਲਿਜਾਏ ਜਾ ਚੁੱਕੇ ਸਨ।ਉੱਚ ਅਧਿਕਾਰੀ ਅਤੇ ਹੋਰ ਸਟਾਫ ਵੀ ਉੱਥੇ ਪਹੁੰਚੇ।ਅੰਤ੍ਰਿੰਗ ਕਮੇਟੀ ਦੇ ਸਾਰੇ ਮੈਂਬਰਾਂ ਸਮੇਤ ਪ੍ਰਧਾਨ ਸ੍ਰ.ਅਵਤਾਰ ਸਿੰਘ ਉੱਥੇ ਦਰਸ਼ਨ ਕਰਕੇ ਆਏ।ਦੂਸਰੇ ਸਿੰਘਾਂ ਦੇ ਦੱਸਣ ਮੁਤਾਬਿਕ 5 ਪਾਵਨ ਸਰੂਪ ਅਗਨੀ ਨਾਲ ਨੁਕਸਾਨੇ ਗਏ ਅਤੇ 9 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਸਨ।ਪਰ ਉਹਨਾਂ ਦੇ ਆਪਣੇ ਅੰਦਾਜ਼ੇ ਅਨੁਸਾਰ 35-40 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਸਨ ।ਉਹਨਾਂ ਨੂੰ ਪੁੱਛਣ ‘ਤੇ ਕਿ ਅਸਲ ਗਿਣਤੀ ਕੋਈ ਕਿਉਂ ਨਹੀਂ ਦੱਸ ਰਿਹਾ ਤੇ ਕਿਸੇ ਮਤੇ ਵਿਚ ਲੜੀ ਨੰਬਰ ਕਿਉਂ ਨਹੀਂ ਦਰਜ ਕੀਤਾ ਗਿਆ, ਉਹਨਾਂ ਕਿਹਾ ਉਹ ਨਹੀਂ ਦੱਸ ਸਕਦੇ ਕਿ ਐਸਾ ਕਿਉਂ ਕੀਤਾ ਗਿਆ ਕਿਉਂਕਿ ਉਹ ਨਹੀਂ ਜਾਣਦੇ ਕਿ ਕਿਸੇ ਦੇ ਮਨ ਵਿਚ ਕੀ ਹੈ।ਉਹਨਾਂ ਨੇ ਪੁੱਛਣ ‘ਤੇ ਦੱਸਿਆ ਕਿ ਮੌਕੇ ‘ਤੇ ਕੋਈ ਪੰਚਨਾਮਾ ਤਿਆਰ ਨਹੀਂ ਹੋਇਆ।ਅੰਤ ਵਿੱਚ ਸ੍ਰ.ਸਕੱਤਰ ਸਿੰਘ ਜੀ ਦੇ ਦੱਸਣ ਅਨੁਸਾਰ ਫਾਇਰ ਰਿਪੋਰਟ ਇਹਨਾਂ ਨੂੰ ਦਿਖਾਈ ਗਈ ਪਰ ਇਹਨਾਂ ਨੇ ਐਸੀ

ਕੋਈ ਫਾਇਰ ਰਿਪੋਰਟ ਫਾਇਰ ਬ੍ਰਿਗੇਡ ਨੂੰ ਨਹੀਂ ਦਿੱਤੀ ਅਤੇ ਨਾਂ ਹੀ ਇਹਨਾਂ ਕੋਲੋਂ ਪਬਲੀਕੇਸ਼ਨ ਡੀਪਾਰਟਮੈਂਟ ਦੇ ਮੀਤ ਸਕੱਤਰ/ਐਡ. ਸਕੱਤਰ ਸਾਹਿਬ ਨੇ ਕੋਈ ਰਾਏ ਪੁੱਛੀ ।

## 7.27 (ਫ) ਬਿਆਨ ਕਰਤਾ: ਸ੍ਰ.ਗੁਰਮੁਖ ਸਿੰਘ

ਸ੍ਰ.ਗੁਰਮੁਖ ਸਿੰਘ ਜੀ ਦੇ ਬਿਆਨ ਅਨੁਸਾਰ ਉਹ ਬਤੌਰ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ ਵਿੱਚ ਕੰਮ ਕਰ ਰਹੇ ਹਨ।ਸ੍ਰ.ਕਸ਼ਮੀਰ ਸਿੰਘ ਪਬਲੀਕੇਸ਼ਨ ਵਿਭਾਗ ਦੇ ਠੇਕੇਦਾਰਾਂ ਦੇ ਬਿੱਲ, ਸਟੋਰ ਰਸੀਦ ਜੋ ਬਿੱਲ ਦੇ ਨਾਲ ਲੱਗਦੀ ਹੈ ਅਤੇ ਚਲਾਨ 'ਤੇ ਗੁਰਮੁਖ ਸਿੰਘ ਦਸਤਖਤ ਕਰਦੇ ਹਨ।ਪੜਤਾਲ ਕਮੇਟੀ ਵੱਲੋਂ ਪੁੱਛਣ 'ਤੇ ਕਿ ਤੁਸੀਂ ਕਦੀ ਲੈਜ਼ਰ ਦੇਖੀਆਂ ਹਨ ਤਾਂ ਉਹਨਾਂ ਨੇ ਕਿਹਾ ਕਿ ਲੈਜ਼ਰ ਦੀ ਐਂਟਰੀ ਦੇਖਣ ਤੋਂ ਬਾਅਦ ਵੀ ਕੁੱਛ ਨਹੀਂ ਹੁੰਦਾ।ਇਹਨਾਂ ਨੇ ਦਸਵੇਂ ਮਹੀਨੇ 2019 ਨੂੰ ਲਿਖ ਕੇ ਦਿੱਤਾ ਕਿ ਪ੍ਰੀ ਆਡਿਟ ਕਰਾ ਕੇ ਸ੍ਰ.ਕੰਵਲਜੀਤ ਸਿੰਘ ਕੋਲੋਂ ਚਾਰਜ ਸ੍ਰ.ਹਰਪ੍ਰੀਤ ਸਿੰਘ ਨੂੰ ਦਿੱਤਾ ਜਾਵੇ ਅਤੇ ਸ੍ਰ.ਕੁਲਦੀਪ ਸਿੰਘ ਵੱਲੋਂ ਚਾਰਜ ਸ੍ਰ.ਮਨਿੰਦਰ ਸਿੰਘ ਨੂੰ ਦਿੱਤਾ ਜਾਵੇ।ਦਫਤਰ ਵੱਲੋਂ ਗੁਰੂਦਵਾਰਾ ਇੰਸਪੈਕਟਰ ਸ੍ਰ.ਸੁਰਜੀਤ ਸਿੰਘ, ਸ੍ਰ.ਸਰਬਜੀਤ ਸਿੰਘ ਅਤੇ ਅਕਾਊਂਟੈਂਟ ਸ੍ਰ.ਪੰਜਾਬ ਸਿੰਘ ਦੀ ਡਿਊਟੀ ਲਗਾਈ ਗਈ, ਜਿਸ ਵਿੱਚ ਸਿਰਫ਼ ਸ੍ਰ.ਪੰਜਾਬ ਸਿੰਘ ਸ਼ਾਮਿਲ ਨਹੀਂ ਹੋਇਆ ਬਾਕੀ ਦੋਨੋਂ ਆਏ ਸਨ।

ਉਹਨਾਂ ਦੇ ਬਿਆਨ ਅਨੁਸਾਰ ਸ੍ਰ.ਕੰਵਲਜੀਤ ਸਿੰਘ ਜੀ ਨੇ ਕਿਹਾ ਕਿ 40 ਪਾਵਨ ਸਰੂਪ ਦਰਮਿਆਨਾ ਆਕਾਰ ਲੜੀਵਾਰ ਜੋ ਸਟਾਕ ਲੈਜ਼ਰ ਵਿੱਚ ਨੈਗੇਟਿਵ ਆ ਰਹੇ ਹਨ, ਉਹਨਾਂ ਨੂੰ ਜਮ੍ਹਾਂ-ਖਰਚ (ਐਡਜਸਟ) ਕਰਵਾ ਦਿਓ।ਇਸ ਉਪਰੰਤ ਸ੍ਰ.ਗੁਰਮੁਖ ਸਿੰਘ ਜੀ ਨੇ ਕਿਹਾ ਕਿ ਰਸੀਦ ਬੁੱਕ ਅਤੇ ਡੁੱਚਾਂ ਨਾਲ ਮਿਲਾ ਕੇ ਜੇਕਰ ਐਡਜਸਟ ਹੋ ਸਕਦੇ ਹਨ ਤੇ ਜਮ੍ਹਾ-ਖਰਚ ਵਿੱਚ ਪਾ ਦੇਣੇ ਚਾਹੀਦੇ ਹਨ।

ਮਿਤੀ 07/08/2020 ਨੂੰ ਸ੍ਰ.ਗੁਰਮੁਖ ਸਿੰਘ ਨੇ ਕਿਹਾ ਕਿ ਪਬਲੀਕੇਸ਼ਨ ਵਿਭਾਗ ਵਿੱਚ ਇੱਕ ਹੋਰ ਸੁਪਰਵਾਈਜ਼ਰ ਹੈ, ਜੋ ਰੋਜ਼ ਲੈਜ਼ਰ ਚੈੱਕ ਕਰਦਾ ਹੈ ਅਤੇ ਬਿੱਲ 'ਤੇ ਸ੍ਰ.ਗੁਰਮੁਖ ਸਿੰਘ ਜੀ ਦੇ ਦਸਤਖਤ ਕਰਾਉਂਦਾ ਹੈ।ਸ੍ਰ.ਗੁਰਮੁਖ ਸਿੰਘ ਨੂੰ ਲੈਜ਼ਰ ਵਿੱਚ ਹੋਈਆਂ ਪੈਂਸਿਲ ਦੀਆਂ ਐਂਟਰੀਆਂ ਜਾਂ ਗਲਤੀਆਂ ਬਾਰੇ ਕੁਝ ਨਹੀਂ ਪਤਾ ਕਿਉਂਕਿ ਉਹਨਾਂ ਨੇ ਕਦੀ ਵੀ ਲੈਜ਼ਰ ਨਹੀਂ ਦੇਖੀਆਂ।

ਜਦੋਂ ਉਹਨਾਂ ਨੂੰ ਪੜਤਾਲ ਕਮੇਟੀ ਵੱਲੋਂ 61 ਪਾਵਨ ਸਰੂਪਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ

ਨੇ ਕਿਹਾ ਕਿ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਦਾ ਲਿਖਤੀ ਆਰਡਰ ਸੀ ਕਿ ਵਧੀਕ ਫਰਮੇ ਚੈੱਕ ਕਰਕੇ ਕੱਢ ਕੇ ਰੱਖ ਦਿੱਤੇ ਜਾਣ।ਇਹ ਆਰਡਰ ਸ੍ਰ.ਕੁਲਵੰਤ ਸਿੰਘ ਜਿਲਦਸਾਜ਼ ਵੱਲੋਂ ਲਿਖਤੀ ਚਿੱਠੀ 'ਤੇ ਹੋਇਆ ਸੀ, ਜਿਸ ਵਿਚ ਜਿਲਦਸਾਜ਼ ਨੇ ਕਿਹਾ ਸੀ ਕਿ ਉਹਨਾਂ ਕੋਲ ਵੱਡੇ ਆਕਾਰ ਦੇ ਵਧੀਕ ਅੰਗ ਬਿਰਾਜਮਾਨ ਹਨ।

ਸ੍ਰ.ਗੁਰਮੁਖ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਲੱਗਦਾ ਹੈ ਕਿ ਜਿਲਦ ਸਾਜ਼ ਨੇ ਉਪਰੋਕਤ ਚਿੱਠੀ, ਜੋ ਦਸਤਾਵੇਜ਼ ਫ/8 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 225) ਨੱਥੀ ਹੈ, ਫਰਵਰੀ 2020 ਵਿੱਚ ਲਿੱਖ ਕੇ ਦਿੱਤੀ ਹੈ।ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਦਾ ਇਹ ਆਰਡਰ ਸਿਰਫ਼ ਫਰਮੇ ਚੈੱਕ ਕਰਾਉਣ ਦਾ ਸੀ, ਜਿਲਦਬੰਦੀ ਦਾ ਨਹੀਂ ਸੀ।

ਸ੍ਰ.ਗੁਰਮੁਖ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਇਸ ਬਾਰੇ ਨਹੀਂ ਪਤਾ ਕਿ ਸ੍ਰ.ਗੁਰਬਚਨ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਨੇ ਇਹ 61 ਪਾਵਨ ਸਰੂਪ ਜ਼ੁਬਾਨੀ ਆਦੇਸ਼ ਤੇ ਸ੍ਰ.ਕੁਲਵੰਤ ਸਿੰਘ ਕੋਲੋਂ ਤਿਆਰ ਕਰਵਾਏ ਹਨ ਅਤੇ ਨਾਂ ਹੀ ਇਹਨਾਂ ਨੂੰ ਇਸ ਬਾਰੇ ਕੋਈ ਖਬਰ ਹੈ ਕਿ ਸ੍ਰ.ਕੰਵਲਜੀਤ ਸਿੰਘ ਨੇ ਸ੍ਰ.ਕੁਲਵੰਤ ਸਿੰਘ ਨੂੰ 10,000 ਰੁਪਏ ਕਿਉ ਦਿੱਤੇ।ਇਹਨਾਂ ਦੇ ਬਿਆਨ ਅਨੁਸਾਰ, ਸ੍ਰ.ਗੁਰਬਚਨ ਸਿੰਘ ਦੇ ਕਹਿਣ 'ਤੇ ਸ੍ਰ.ਕੁਲਵੰਤ ਸਿੰਘ ਜਿਲਦਸਾਜ਼ ਨੇ ਸ੍ਰ.ਕੰਵਲਜੀਤ ਸਿੰਘ ਨੂੰ ਪੈਸੇ ਮੁੜਵਾ ਦਿੱਤੇ।

ਸ੍ਰ.ਗੁਰਮੁਖ ਸਿੰਘ ਨੂੰ ਇਹਨਾਂ 61 ਪਾਵਨ ਸਰੂਪਾਂ ਬਾਰੇ ਉਦੋਂ ਪਤਾ ਲੱਗਿਆ, ਜਦੋਂ ਇਹ ਵਿੱਕ ਗਏ ਸਨ ਅਤੇ ਸ੍ਰ.ਕੰਵਲਜੀਤ ਸਿੰਘ ਦੇ ਦਰਾਜ ਵਿੱਚ ਇਹਨਾਂ ਦੀਆਂ ਵਸੂਲੀਆਂ ਪਈਆਂ ਸਨ।ਫਿਰ ਇਹਨਾਂ ਨੇ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਦੇ ਨੋਟਿਸ ਵਿਚ ਇਸ ਗੱਲ ਨੂੰ ਲਿਆਂਦਾ ਅਤੇ ਮੀਤ ਸਕੱਤਰ ਨੇ ਸ੍ਰ.ਕੰਵਲਜੀਤ ਸਿੰਘ ਤੋਂ ਲਿਖਵਾਇਆ ਕਿ ਪੜਤਾਲ ਕਮੇਟੀ ਜੋ ਫੈਂਸਲਾ ਕਰੇਗੀ ਉਹ ਉਸਨੂੰ ਮਨਜ਼ੂਰ ਹੋਵੇਗਾ।

ਸ੍ਰ.ਗੁਰਮੁਖ ਸਿੰਘ ਜੀ ਨੇ ਦੱਸਿਆ ਕਿ 61 ਪਾਵਨ ਸਰੂਪ ਜੋ ਵਧੀਕ ਅੰਗਾਂ ਤੋਂ ਤਿਆਰ ਕੀਤੇ ਗਏ ਸਨ, ਉਹਨਾਂ ਦੇ ਸੀਰੀਅਲ ਨੰਬਰ 4437 ਤੋਂ 4497 ਸ੍ਰ.ਕੰਵਲਜੀਤ ਸਿੰਘ ਨੇ ਆਪਣੀ ਤਰਫੋਂ ਪਾ ਦਿੱਤੇ ਸਨ ਅਤੇ ਵੱਖ ਵੱਖ ਗੁਰਦੁਆਰਾ ਸਾਹਿਬ ਵਿੱਚ ਸੰਗਤਾਂ ਨੂੰ ਭੇਂਟ ਕਰ ਦਿੱਤੇ ਸਨ।

ਸ੍ਰ.ਗੁਰਮੁਖ ਸਿੰਘ ਦੇ ਬਿਆਨ ਅਨੁਸਾਰ ਠੇਕੇਦਾਰ ਨੇ ਲਿੱਖ ਕੇ ਦਿੱਤਾ ਹੈ ਕਿ ਉਸ ਕੋਲੋਂ 61

ਪਾਵਨ ਸਰੂਪ ਤਿਆਰ ਕਰਵਾਏ ਗਏ ਪਰ ਉਹਨਾਂ ਦੀ ਪੇਮੈਂਟ ਨਹੀਂ ਹੋਈ, ਐਸਾ ਕਿਤੇ ਵੀ ਜ਼ਿਕਰ ਨਹੀਂ ਕੀਤਾ।ਜਦ ਪਾਵਨ ਸਰੂਪਾਂ ਦਾ ਆਰਡਰ ਆਉਂਦਾ ਹੈ ਤਾਂ ਉਸ ਉੱਪਰ ਸਕੱਤਰ, ਮੀਤ ਸਕੱਤਰ ਅਤੇ ਸੁਪਰਵਾਈਜ਼ਰ ਦੇ ਦਸਤਖਤ ਹੁੰਦੇ ਹਨ।

ਸਟੋਰ ਰਸੀਦ ਉੱਪਰ ਸ੍ਰ.ਗੁਰਮੁਖ ਸਿੰਘ ਜੀ ਦੇ ਦਸਤਖਤ ਹੁੰਦੇ ਹਨ ਅਤੇ ਸੀ.ਜੀ.ਐਲ. ਦੇ। ਸ੍ਰ.ਗੁਰਮੁਖ ਸਿੰਘ ਨੇ ਕਦੇ ਵੀ ਦਸਤਖਤ ਕਰਦੇ ਸਮੇਂ ਸਟਾਕ ਦੀ ਫਿਜ਼ੀਕਲ ਤਸਦੀਕ ਨਹੀਂ ਕੀਤੀ ਕਿਉਂਕਿ ਸ੍ਰ.ਕੰਵਲਜੀਤ ਸਿੰਘ ਇਹਨਾਂ ਨੂੰ ਭਰੋਸੇਮੰਦ ਬੰਦਾ ਜਾਪਦਾ ਹੈ।

ਸ੍ਰ.ਗੁਰਮੁਖ ਸਿੰਘ ਨੇ ਇਹ ਵੀ ਕਿਹਾ ਕਿ ਇਹਨਾਂ ਨੂੰ 125 ਪਾਵਨ ਸਰੂਪ, ਜੋ ਵਧੇਰੇ ਅੰਗਾਂ ਤੋਂ ਤਿਆਰ ਹੋਏ ਹਨ, ਉੱਸ ਬਾਰੇ ਕੋਈ ਜਾਣਕਾਰੀ ਨਹੀਂ ਹੈ।ਸ੍ਰ.ਗੁਰਮੁਖ ਸਿੰਘ ਜੀ ਦੇ ਬਿਆਨ ਅਨੁਸਾਰ ਇਹਨਾਂ ਨੂੰ 50 ਪਾਵਨ ਸਰੂਪਾਂ ਦੀ ਗਿਣਤੀ ਬਾਰੇ, ਕਿ ਇਹ ਲੈਜ਼ਰ ਵਿਚ ਕਿਸ ਤਰ੍ਹਾਂ ਪਾਏ ਗਏ, ਨਹੀਂ ਪਤਾ।ਸ੍ਰ.ਮਨਿੰਦਰ ਸਿੰਘ ਦੇ ਚਾਰਜ ਲੈਣ ਵੇਲੇ, ਗੁ. ਇੰਸਪੈਕਟਰ ਸ੍ਰ.ਸੁਰਜੀਤ ਸਿੰਘ ਦੀ ਡਿਊਟੀ ਲੱਗੀ ਸੀ ਪਰ ਉਦੋਂ ਆਡਿਟ ਮੁਕੰਮਲ ਨਹੀਂ ਸੀ ਹੋਇਆ, ਉਦੋਂ ਤੱਕ ਸਾਲ 2015-16 ਤੱਕ ਦਾ ਹੀ ਆਡਿਟ ਹੋਇਆ ਸੀ।ਇੰਸਪੈਕਟਰ ਸ੍ਰ.ਸੁਰਜੀਤ ਸਿੰਘ ਜੀ ਨੇ ਆਪਣੀ ਡਿਊਟੀ ਦੌਰਾਨ ਇਹ ਮੰਗ ਕੀਤੀ ਸੀ ਕਿ ਸਾਲ 2016-17 ਦਾ ਪ੍ਰੀ-ਆਡਿਟ ਕਰਾਇਆ ਜਾਵੇ ਅਤੇ ਇਸਤੋਂ ਬਾਅਦ ਉਹਨਾਂ ਦੀ ਡਿਊਟੀ ਸ੍ਰ.ਸਰਬਜੀਤ ਸਿੰਘ ਅਤੇ ਸ੍ਰ.ਪੰਜਾਬ ਸਿੰਘ ਦੇ ਨਾਲ ਲਗਾਈ ਗਈ।ਇਸਤੋਂ ਉਪਰੰਤ ਚਾਰਜ ਦਿੱਤਾ ਗਿਆ, ਚਾਰਜ ਲੈਣ ਸਮੇਂ ਸ੍ਰ.ਪੰਜਾਬ ਸਿੰਘ ਗੈਰ ਹਾਜ਼ਰ ਸਨ ਬਾਕੀ ਸਬ ਆ ਗਏ।ਸ੍ਰ.ਸੁਰਜੀਤ ਸਿੰਘ ਅਤੇ ਸ੍ਰ.ਸਰਬਜੀਤ ਸਿੰਘ ਨੇ ਲੈਜ਼ਰਾਂ ਤੇ ਬਿੱਲ ਬੁਕਾ ਦੀਆਂ ਲਿਸਟਾਂ ਬਣਾ ਕੇ, ਕਲਰਕ ਸ੍ਰ.ਹਰਪ੍ਰੀਤ ਸਿੰਘ ਨੂੰ ਸੌਂਪ ਦਿੱਤੀਆਂ।ਇਸ ਤੋਂ ਬਾਅਦ, ਸ੍ਰ.ਮਨਿੰਦਰ ਸਿੰਘ ਜੀ ਨੇ ਇਹ ਮਸਲਾ ਉਠਾਇਆ ਕਿ ਪਾਵਨ ਸਰੂਪਾਂ ਦੀ ਗਿਣਤੀ ਵਿੱਚ 50 ਪਾਵਨ ਸਰੂਪਾਂ ਦਾ ਫ਼ਰਕ ਹੈ।ਸ੍ਰ.ਸਰਬਜੀਤ ਸਿੰਘ ਨੇ ਕਿਹਾ ਕਿ ਕੋਈ ਫ਼ਰਕ ਨਹੀਂ ਹੈ, ਅਗਲੇ ਦਿਨ ਸਵੇਰੇ ਸ੍ਰ.ਹਰਪ੍ਰੀਤ ਸਿੰਘ ਜੀ ਸ੍ਰ.ਗੁਰਮੁਖ ਸਿੰਘ ਜੀ ਦੇ ਨਾਲ ਸ੍ਰ.ਗੁਰਬਚਨ ਸਿੰਘ ਜੀ ਕੋਲ ਗਏ ਅਤੇ ਸ੍ਰ.ਗੁਰਬਚਨ ਸਿੰਘ ਜੀ ਨੇ 50 ਪਾਵਨ ਸਰੂਪਾਂ ਦੀ ਰਸੀਦ ਕਟਵਾਈ।ਇੱਥੇ ਵਰਣਨਯੋਗ ਹੈ ਕਿ ਸ੍ਰ.ਹਰਪ੍ਰੀਤ ਸਿੰਘ ਨੇ ਚਾਰਜ ਨਹੀਂ ਲਿੱਤਾ।ਇਸਤੋਂ ਬਾਅਦ ਚਾਰਜ ਸ੍ਰ.ਮਨਿੰਦਰ ਸਿੰਘ ਨੂੰ ਦਿੱਤਾ ਗਿਆ।

ਸ੍ਰ.ਕੰਵਲਜੀਤ ਸਿੰਘ ਜੀ ਨੇ ਇੱਕ ਆਫਿਸ ਨੋਟ ਸ੍ਰ.ਕਸ਼ਮੀਰ ਸਿੰਘ (ਸ਼ੈਲ ਸੁਪਰਵਾਈਜ਼ਰ) ਤੋਂ ਲਿਖਵਾਇਆ, ਜਿਸ ਵਿੱਚ ਉਹਨਾਂ ਨੇ ਮਿਤੀ 19/06/2015 ਦੀ ਅਗਨੀ ਘਟਣਾ ਬਾਰੇ ਜ਼ਿਕਰ

ਕੀਤਾ।ਜਿਸ ਵਿੱਚ ਉਹਨਾਂ ਦੇ ਲਿਖਣ ਅਨੁਸਾਰ, 20 ਪਾਵਨ ਸਰੂਪ ਵੱਡਾ ਆਕਾਰ ਅਤੇ 60 ਪਾਵਨ ਸਰੂਪ ਦਰਮਿਆਨਾ ਆਕਾਰ ਦੱਸਿਆ ਸੀ, ਅਤੇ ਇਸ ਚਿੱਠੀ ਤੇ ਸ੍ਰ.ਕੰਵਲਜੀਤ ਸਿੰਘ ਜੀ ਦੇ ਦਸਤਖਤ ਨਹੀਂ ਸਨ।ਜਦੋਂ ਸ੍ਰ.ਗੁਰਮੁਖ ਸਿੰਘ ਨੇ ਸ੍ਰ.ਕੰਵਲਜੀਤ ਸਿੰਘ ਨੂੰ ਦਸਤਖਤ ਕਰਨ ਲਈ ਕਿਹਾ ਤਾਂ ਉਹਨਾਂ ਨੇ ਕਿਹਾ ਕਿ ਇਹ ਚਿੱਠੀ ਹੱਲੇ ਨਹੀਂ ਭੇਜਣੀ ਕਿਉਂਕਿ, ਕੇਵਲ ਦਰਮਿਆਨਾ ਆਕਾਰ ਦੇ ਪਾਵਨ ਸਰੂਪ ਹੀ ਘਟਦੇ ਹਨ, ਉਹਨਾਂ ਦੇ ਪੂਰੇ ਹੋਣ ‘ਤੇ ਦੁਬਾਰਾ ਆਫਿਸ ਨੋਟ ਲਿਖਣਾ ਹੈ।ਇਸਤੋਂ ਬਾਅਦ ਸ੍ਰ.ਕੰਵਲਜੀਤ ਸਿੰਘ ਨੇ ਸ੍ਰ.ਸਰਵਨ ਸਿੰਘ (ਹੈਲਪਰ) ਤੋਂ ਇੱਕ ਹੋਰ ਆਫਿਸ ਨੋਟ ਲਿਖਵਾਇਆ ਜਿਸ ਵਿੱਚ ਉਸਨੇ 80 ਦਰਮਿਆਨਾ ਪਾਵਨ ਸਰੂਪਾਂ ਦਾ ਜ਼ਿਕਰ ਤਾਂ ਕੀਤਾ, ਪਰ ਅਗਨੀ ਘਟਣਾ ਦਾ ਜ਼ਿਕਰ ਨਹੀਂ ਕੀਤਾ।ਚਿੱਠੀ ਦਾ ਬਾਕੀ ਹਿੱਸਾ ਸੇਮ ਸੀ ਪਰ ਘਟਣਾ ਦੀ ਮਿਤੀ 19/06/2015 ਅਤੇ ਪਾਵਨ ਸਰੂਪਾਂ ਦੀ ਗਿਣਤੀ ਦਾ ਫ਼ਰਕ ਦੇਖਣ ਨੂੰ ਮਿਲਿਆ।

ਸ੍ਰ.ਗੁਰਬਚਨ ਸਿੰਘ ਜੀ ਨੇ ਸ਼ੱਕ ਪੈਣ ‘ਤੇ ਆਪਣੇ ਚਾਰਜ ਲੈਣ ਦੇ ਦੌਰਾਨ, ਸ੍ਰ.ਗੁਰਮੁਖ ਸਿੰਘ, ਸ੍ਰ.ਹਰਪ੍ਰੀਤ ਸਿੰਘ, ਸ੍ਰ.ਮਨਿੰਦਰ ਸਿੰਘ, ਇੰਸਪੈਕਟਰਾਂ ਅਤੇ ਗ੍ਰੰਥੀ ਸਿੰਘਾਂ ਨੂੰ ਨਾਲ ਲੈ ਕੇ, ਰੁਮਾਲਾ ਸਾਹਿਬ ਖੋਲ ਕੇ, ਪਾਵਨ ਸਰੂਪਾਂ ਦੇ ਦਰਸ਼ਨ ਕਰਕੇ ਗਿਣਤੀ ਕਰਨ ਨੂੰ ਕਿਹਾ।ਦਰਸ਼ਨ ਕਰਨ ਉਪਰੰਤ 6 ਪਾਵਨ ਸਰੂਪ ਬਿਰਧ ਨਿਕਲੇ, ਜਿਹਨਾਂ ਦੀ ਜਿਲਦਬੰਦੀ ਦੁਬਾਰਾ ਹੋਈ ਸੀ।ਉਹਨਾਂ ਵਿੱਚੋਂ 2 ਸੀਲ ਮੋਹਰ ਵਾਲੇ ਸਨ, ਜਿਹਨਾਂ ਤੇ ਪਾਬੰਦੀ ਲੱਗੀ ਹੋਈ ਸੀ।ਸੀਰੀਅਲ ਨੰਬਰ 4001-4006 ਤੱਕ ਸਨ, ਇਹਨਾਂ ਨੂੰ ਸ੍ਰ.ਗੁਰਮੁਖ ਸਿੰਘ ਹੋਰਾਂ ਨੇ ਗਿਣਤੀ ਵਿਚ ਨਹੀਂ ਲਿਆ।ਇਸ ਬਾਰੇ ਠੇਕੇਦਾਰ ਸ੍ਰ.ਕੁਲਵੰਤ ਸਿੰਘ ਨੂੰ ਪੁੱਛਿਆ ਗਿਆ, ਉਹਨਾਂ ਨੇ ਕਿਹਾ ਕਿ ਉਹਨਾਂ ਨੇ ਇਹ ਪਾਵਨ ਸਰੂਪ ਤਿਆਰ ਨਹੀਂ ਕੀਤੇ, ਪਰ ਜਦੋਂ ਫਲਾਇੰਗ ਰਾਹੀਂ ਪੜਤਾਲ ਹੋਈ, ਤਾਂ ਉਸ ਸਮੇਂ ਠੇਕੇਦਾਰ ਸ੍ਰ.ਕੁਲਵੰਤ ਸਿੰਘ ਨੇ ਉਹਨਾਂ ਨੂੰ ਆਪਣੇ ਆਫਿੱਸ ਨੋਟ ਉੱਤੇ ਲਿਖ ਕੇ ਦਿੱਤਾ ਕਿ ਇਹ 6 ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ ਜੀ ਨੇ ਬਿਰਧ ਪਾਵਨ ਸਰੂਪਾਂ ਵਿੱਚੋ ਲਿਆ ਕੇ ਤਿਆਰ ਕਰਵਾਏ, ਕੁੱਲ 13 ਪਾਵਨ ਸਰੂਪ ਬਿਰਧ ਸਨ ਜਿਹੜੇ ਕਿ ਹਾਲ ਨੰਬਰ 2 ਵਿੱਚ ਬਿਰਾਜਮਾਨ ਸਨ ਅਤੇ ਉੱਥੇ ਸਕੱਤਰ ਸਾਹਿਬ ਦੀ ਹਾਜ਼ਰੀ ਵਿੱਚ ਸਨ।

ਸ੍ਰ.ਗੁਰਮੁਖ ਸਿੰਘ ਜੀ ਨੇ ਆਪਣੇ ਬਿਆਨ ਵਿੱਚ ਪੁਸ਼ਟੀ ਕੀਤੀ ਕਿ ਇੱਕ ਦਿਨ ਉਹਨਾਂ ਨੇ ਸ੍ਰ.ਕੁਲਵੰਤ ਸਿੰਘ ਜੀ ਨੂੰ ਅਗਨ ਭੇਂਟ ਹੋਏ 80 ਪਾਵਨ ਸਰੂਪਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕੀਤਾ ਤਾਂ ਉਹਨਾ ਨੇ ਦੱਸਿਆ ਕਿ ਜੋ ਪਲੰਘ ਸਾਹਿਬ ਏ.ਸੀ. ਦੇ ਨਜ਼ਦੀਕ ਸੀ, ਉਹ ਹੀ ਅਗਨੀ ਭੇਂਟ ਹੋਇਆ ਹੈ ਅਤੇ ਪਾਣੀ ਨਾਲ ਨੁਕਸਾਨੇ ਗਏ 6-7 ਪਾਵਨ ਸਰੂਪ ਹਨ ਜਿਹਨਾਂ

ਦੀ ਬਾਈਂਡਿੰਗ ਦੁਬਾਰਾ ਹੋ ਚੁੱਕੀ ਹੈ।ਪੜਤਾਲ ਕਮੇਟੀ ਵੱਲੋਂ ਸ੍ਰ.ਗੁਰਮੁਖ ਸਿੰਘ ਜੀ ਨੂੰ ਪੁੱਛਿਆ ਗਿਆ ਕਿ ਇੱਕ ਪਲੰਘ ਉਪਰ ਕਿੰਨੇ ਪਾਵਨ ਸਰੂਪ ਬਿਰਾਜਮਾਨ ਹੁੰਦੇ ਹਨ, ਤਾਂ ਉਹਨਾਂ ਨੇ ਆਪਣੇ ਉੱਤਰ ਵਿਚ ਦੱਸਿਆ ਕਿ 20-21 ਦਰਮਿਆਨਾ ਆਕਾਰ ਦੇ ਪਾਵਨ ਸਰੂਪ ਬਿਰਾਜਮਾਨ ਹੁੰਦੇ ਹਨ।

ਦਸਤਾਵੇਜ਼ ਨੰਬਰ ਐੱਫ/8 ਨੱਥੀ ਹੈ, ਜੋ ਪੜਤਾਲ ਕਮੇਟੀ ਨੇ ਸ੍ਰ.ਗੁਰਮੁਖ ਸਿੰਘ ਨੂੰ ਦਿਖਾਈ, ਉਹ ਸ੍ਰ.ਗੁਰਬਚਨ ਸਿੰਘ ਨੇ ਮਿਤੀ 08/11/2019 ਨੂੰ ਮਾਰਕ ਕੀਤੀ ਸੀ।ਇਸਦਾ ਜਵਾਬ ਸ੍ਰ.ਗੁਰਮੁਖ ਸਿੰਘ ਨੇ ਮਿਤੀ 09/11/2019 ਨੂੰ ਮੀਤ ਸਕੱਤਰ ਨੂੰ ਦਿੱਤਾ।

ਪੜਤਾਲ ਕਮੇਟੀ ਦੇ ਪੁੱਛਣ ‘ਤੇ ਸ੍ਰ.ਗੁਰਮੁਖ ਸਿੰਘ ਜੀ ਨੇ ਕਿਹਾ ਕਿ ਸ੍ਰ.ਕੁਲਵੰਤ ਸਿੰਘ ਅਤੇ ਠੇਕੇਦਾਰ ਸ੍ਰ.ਜਸਪ੍ਰੀਤ ਸਿੰਘ ਨੇ ਇਸ ਚਿੱਠੀ ਤੇ ਕੋਈ ਤਰੀਕ ਨਹੀਂ ਪਾਈ, ਅਤੇ ਐਸਾ ਕਹਿਣਾ ਗਲਤ ਹੈ ਕਿ ਅਜਿਹਾ ਕਰਨ ਲਈ (ਤਰੀਕ ਨਾ ਪਾਉਣ ਲਈ) ਉਹਨਾਂ ਨੂੰ ਸ੍ਰ.ਗੁਰਮੁਖ ਸਿੰਘ ਜੀ ਨੇ ਕਿਹਾ।ਸ੍ਰ.ਗੁਰਮੁਖ ਸਿੰਘ ਜੀ ਦੇ ਬਿਆਨ ਅਨੁਸਾਰ ਠੇਕੇਦਾਰਾਂ ਦਾ ਇਹ ਵੀ ਕਹਿਣਾ ਗਲਤ ਹੈ ਕੀ ਇਹ ਚਿੱਠੀ ਸਾਲ 2020 ਦੇ ਫਰਵਰੀ ਜਾਂ ਮਾਰਚ ਦੀ ਹੈ, ਕਿਉਂਕਿ ਠੇਕੇਦਾਰ ਪ੍ਰਾਈਵੇਟ ਹਨ, ਇਹ ਕੁੱਝ ਵੀ ਬੋਲ ਸਕਦੇ ਹਨ ਪਰ ਗੁਰਮੁਖ ਸਿੰਘ ਜੀ ਐੱਸ.ਜੀ.ਪੀ.ਸੀ. ਦੇ ਮੁਲਾਜ਼ਮ ਹਨ, ਇਹਨਾਂ ਨੇ ਝੂਠ ਬੋਲ ਕੇ ਕੀ ਲੈਣਾ।

**7.28 <u>(ਬ) ਬਿਆਨ ਕਰਤਾ:- ਸ੍ਰ.ਜੋਗਿੰਦਰ ਸਿੰਘ, ਪ੍ਰੈੱਸ ਮੈਨੇਜਰ</u>**

ਇਹਨਾਂ ਨੇ ਸਾਲ 1996 ਤੋਂ ਸਾਲ 1999 ਤਕ ਬਤੌਰ ਪ੍ਰੈੱਸ ਮੈਨੇਜਰ ਸੇਵਾ ਨਿਭਾਈ।ਪਾਵਨ ਸਰੂਪਾਂ ਉੱਤੇ ਸ਼੍ਰੋ.ਗੁ.ਪ੍ਰ.ਕਮੇਟੀ ਦਾ ਲੋਗੋ ਲਗਾਉਣ ਦਾ ਕੰਮ 1998 ਵਿਚ ਸ਼ੁਰੂ ਹੋਇਆ, ਐਸਾ ਇਹਨਾਂ ਨੇ ਦੱਸਿਆ।ਇਹ ਲੋਗੋ ਪਹਿਲੇ 5000 ਦੇ ਲਾਟ ਤੇ ਛਾਪਿਆ ਗਿਆ ਅਤੇ ਉਸ ਤੇ ਇਤਰਾਜ਼ ਦਰਜ਼ ਹੋਣ ਤੇ ਇਹ ਲੋਗੋ ਛਾਪਣਾਂ ਬੰਦ ਕਰ ਦਿੱਤਾ ਗਿਆ।ਉਹਨਾਂ ਨੇ ਇਹ ਦੱਸਿਆ ਕਿ ਮੈਨੂੰ ਲੱਗਦਾ ਹੈ ਕਿ 267 ਪਾਵਨ ਸਰੂਪ ਨਾ ਤਾਂ ਗੁੰਮ ਹੋਏ ਹਨ ਨਾ ਹੀ ਚੋਰੀ ਹੋਏ ਹਨ ਬਲਕਿ ਇਹ ਪਾਵਨ ਸਰੂਪ ਪੂਰੀ ਮਰਿਯਾਦਾ ਸਹਿਤ ਭੇਜੇ ਗਏ ਹਨ।ਇਹ ਹੋ ਸਕਦਾ ਹੈ ਕਿ ਸੰਗਤਾਂ ਪਾਸੋਂ ਮਾਇਆ ਪ੍ਰਾਪਤ ਕਰ ਲਈ ਹੋਵੇ ਰਸੀਦਾਂ ਨਾ ਕੱਟੀਆਂ ਗਈਆਂ ਹੋਣ।ਕਈ ਵਾਰ ਇਹ ਵੀ ਹੁੰਦਾ ਹੈ ਕਿ ਪ੍ਰਾਈਵੇਟ ਸੈਕਟਰ ਵਾਲੇ ਬਿਨ੍ਹਾਂ ਮਰਿਆਦਾ ਤੋਂ ਪਾਵਨ ਸਰੂਪਾਂ ਨੂੰ ਬੱਸ ਜਾਂ ਟ੍ਰੇਨ ਵਿੱਚ ਵੀ ਲੈ ਕੇ ਜਾਂਦੇ ਹਨ।ਇਹਨਾਂ ਦੇ ਨੋਟਿਸ ਵਿਚ ਇਹ ਵੀ ਆਇਆ ਹੈ ਕਿ ਪੇਪਰ ਕੇਰਲਾ ਤੋਂ ਮੰਗਵਾਉਣ ਕਰਕੇ ਬਰਸਾਤਾਂ ਦੇ ਦਿਨਾਂ ਵਿਚ ਇਨ੍ਹਾਂ ਵਿਚ ਸਿੱਲ ਆ ਜਾਂਦੀ ਹੈ।ਇਸ

ਗੱਲ ਦਾ ਇਤਰਾਜ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਵੀ ਕੀਤਾ ਸੀ। ਪਰ ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਸ੍ਰ.ਜੋਗਿੰਦਰ ਸਿੰਘ ਨੇ ਸਮਝਾਇਆ ਕਿ ਤੁਹਾਨੂੰ ਟੈੱਕਨੀਕਲ ਗੱਲ ਦਾ ਨਹੀਂ ਪਤਾ। ਇਹ ਪ੍ਰਕਿਰਿਆ ਇਸ ਤਰ੍ਹਾਂ ਹੀ ਹੁੰਦੀ ਹੈ। ਪੇਪਰ ਨੂੰ ਪ੍ਰਿੰਟ ਲਾਇਕ ਬਣਾਉਣ ਵਾਸਤੇ ਇਸਨੂੰ ਸਟੋਰ ਕਰਨਾ ਪੈਂਦਾ ਹੈ।

### 7.29 (ਭ) ਬਿਆਨ ਕਰਤਾ: ਭਾਈ ਜੋਗਾ ਸਿੰਘ (ਸੇਵਾਦਾਰ)

ਭਾਈ ਜੋਗਾ ਸਿੰਘ ਅਨੁਸਾਰ ਉਹ ਸਾਲ 1996 ਤੋਂ ਲੈ ਕੇ ਸਾਲ 2012 ਤੱਕ ਜਿਲਦਬੰਦੀ ਵਿਭਾਗ ਵਿੱਚ ਰਿਹਾ ਹੈ ਅਤੇ ਫਿਰ ਦੁਬਾਰਾ ਸਾਲ 2017 ਵਿੱਚ ਪਬਲੀਕੇਸ਼ਨ ਵਿਭਾਗ ਵਿੱਚ ਬਤੌਰ ਸੇਵਾਦਾਰ ਲੱਗਿਆ ਸੀ। ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਅੱਜ ਤੱਕ ਮਿਤੀ 19/05/2016 ਦੀ ਘਟਨਾ ਬਾਰੇ ਕੁੱਝ ਵੀ ਨਹੀਂ ਪਤਾ। ਇੱਸ ਘਟਨਾ ਬਾਰੇ ਉਹਨਾਂ ਨੂੰ 6 ਮਹੀਨੇ ਬਾਅਦ ਪਤਾ ਲੱਗਾ ਕਿ ਇੱਥੇ ਇੱਕ ਘਟਨਾ ਵਿੱਚ ਪਾਵਨ ਸਰੂਪ ਨੁਕਸਾਨੇ ਗਏ ਸਨ ਪਰ ਉਹਨਾਂ ਨੇ ਪੜਤਾਲ ਕਮੇਟੀ ਦੇ ਪੁੱਛਣ ਤੇ ਇਹ ਦੱਸਿਆ ਕਿ ਇਸ ਘਟਨਾ ਦਾ ਉਹਨਾਂ ਨੂੰ ਕੋਈ ਵੀ ਇਲਮ ਨਹੀਂ ਹੈ ਅਤੇ ਨਾ ਹੀ ਉਹਨਾਂ ਨੇ ਇਸ ਘਟਨਾ ਬਾਰੇ ਪਤਾ ਲਗਾਉਣ ਦੀ ਕੋਸ਼ਿਸ ਕੀਤੀ ਸੀ।

### 7.30 (ਮ) ਬਿਆਨ ਕਰਤਾ:- ਭਾਈ ਜਗਤਾਰ ਸਿੰਘ ਗ੍ਰੰਥੀ

ਭਾਈ ਜਗਤਾਰ ਸਿੰਘ ਗੁਰਦੁਆਰਾ ਸਿੰਘ ਸ਼ਹੀਦਾਂ ਵਿਚ ਅਖੰਡ ਪਾਠੀ ਹਨ। ਉਹਨਾਂ ਅਨੁਸਾਰ ਉਹ ਮਿਤੀ 19/05/2016 ਨੂੰ ਘਟਨਾ ਅਸਥਾਨ ਤੇ ਮੌਜੂਦ ਸਨ ਅਤੇ ਇਹਨਾਂ ਨੇ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਵਿਚ ਹੱਥ ਵਟਾਇਆ। ਇਨ੍ਹਾਂ ਨੇ ਦੱਸਿਆ ਕਿ ਏ.ਸੀ ਦੇ ਨਾਲ ਵਾਲਾ ਪਲੰਘ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਸੀ ਅਤੇ ਉਸ ਉੱਪਰ ਬਿਰਾਜਮਾਨ ਪਾਵਨ ਸਰੂਪ ਵੀ ਨੁਕਸਾਨੇ ਗਏ ਸਨ ਅਤੇ ਬਾਕੀ ਦੇ 4-5 ਪਲੰਘ ਜੋ ਲਾਗੇ ਪਏ ਸਨ, ਉਨ੍ਹਾਂ ਉੱਪਰ ਬਿਰਾਜਮਾਨ ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਸਨ ਤੇ ਇਨ੍ਹਾਂ ਪਾਵਨ ਸਰੂਪਾਂ ਨੂੰ ਦੂਸਰੇ ਹਾਲ ਵਿਚ ਬਿਰਾਜਮਾਨ ਕਰ ਦਿੱਤਾ ਗਿਆ। ਉਹਨਾਂ ਨੇ ਕਿਹਾ ਕਿ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ।

### 7.31 (ਯ) ਬਿਆਨ ਕਰਤਾ: – ਸ੍ਰ.ਜਸਪ੍ਰੀਤ ਸਿੰਘ, ਜਿਲਦਸਾਜ਼

ਸ੍ਰ.ਜਸਪ੍ਰੀਤ ਸਿੰਘ ਅਕੂਤਬਰ 1998 ਤੋਂ ਜਿਲਦਸਾਜ਼ ਦੀ ਸੇਵਾ ਨਿਭਾ ਰਹੇ ਹਨ।ਜਿਲਦਬੰਦੀ ਦੇ ਬਿੱਲ ਪਬਲਿਕੇਸ਼ਨ ਵਿਭਾਗ, ਸਟੋਰ ਕੀਪਰ ਅਤੇ ਕਲਰਕ, ਗੁਰਮਤਿ ਲਿਟਰੇਚਰ ਤੋਂ ਪਾਸ ਕਰਾਉਂਦੇ ਹਨ।ਜਿਲਦਸਾਜ਼ਾਂ ਕੋਲ ਪਾਵਨ ਸਰੂਪ ਦੇ ਵੱਖਰੇ-ਵੱਖਰੇ ਅੰਗ ਜਦੋਂ ਵੀ ਪ੍ਰਿੰਟਿੰਗ ਪ੍ਰੈੱਸ ਵਿੱਚ ਤਿਆਰ ਹੁੰਦੇ ਹਨ, ਉਸੇ ਤਰਤੀਬ ਨਾਲ ਉਹਨਾਂ ਕੋਲ ਆਉਂਦੇ ਹਨ ਤੇ ਉਹ ਇਹਨਾਂ ਦੀ ਰਸੀਦ ਕਿਸੇ ਵੀ ਰਜਿਸਟਰ ਵਿੱਚ ਨਹੀਂ ਲਿਖਦੇ ਤੇ ਨਾ ਹੀ ਉਹਨਾਂ ਦੀ ਗਿਣਤੀ, ਗਿਣ ਕੇ ਲਈ ਜਾਂਦੀ ਹੈ।ਛਪਾਈ ਲਈ ਤੇ ਜਿਲਦਬੰਦੀ ਲਈ, ਦਫਤਰੀ ਆਰਡਰ ਦੀ ਕਾਪੀ ਆਉਂਦੀ ਹੈ।ਛਪਾਈ ਲਈ ਡੇਢ ਤੋਂ ਦੋ ਮਹੀਨੇ ਲੱਗਦੇ ਹਨ।ਉਸ ਤੋਂ ਬਾਅਦ ਕਿੰਨੇ ਪਾਵਨ ਸਰੂਪਾਂ ਦੀ ਜਿਲਦਬੰਦੀ ਕਰਨੀ ਹੈ, ਉਹ ਦਫਤਰੀ ਆਰਡਰ ਆਉਣ 'ਤੇ ਹੀ ਕੀਤੀ ਜਾਂਦੀ ਹੈ।

ਉੱਚ ਅਧਿਕਾਰੀਆਂ ਵੱਲੋਂ ਕਈ ਵਾਰ ਜ਼ਰੂਰੀ ਕਾਲ ਆਉਣ ‘ਤੇ ਬਿਨਾਂ ਆਰਡਰ ਤੋਂ ਵੀ ਜਿਲਦਬੰਦੀ ਕੀਤੀ ਜਾਂਦੀ ਹੈ,ਜਦੋਂ ਰੇਟ ਦੀ ਪ੍ਰਵਾਨਗੀ ਨਾ ਹੋਈ ਹੋਵੇ।ਕਿੰਨੀ ਗਿਣਤੀ ਵਿੱਚ ਚਿੱਠੀਆ ਦੇ ਅਧਾਰ ‘ਤੇ ਜਾਂ ਦਫਤਰੀ ਆਰਡਰ ਤੋਂ ਬਿਨਾਂ ਜਿਲਦਬੰਦੀ ਹੁੰਦੀ ਹੈ, ਉਸਦਾ ਉਹਨਾਂ ਕੋਲ ਕੋਈ ਗਿਣਿਆ-ਮਿਣਿਆ ਹਿਸਾਬ ਨਹੀਂ ਹੈ।ਪਾਵਨ ਸਰੂਪ ਜਦੋਂ ਦਰਸ਼ਨ ਵਿਚਾਰ ਹੋਣ ਤੋਂ ਬਾਅਦ ਆਉਂਦੇ ਹਨ ਉਹਨਾਂ ਵਿੱਚੋਂ ਅੰਗ ਬਦਲਣ ਵਾਲੇ ਪਾਵਨ ਸਰੂਪਾਂ ਦੀ ਗਿਣਤੀ ਤਕਰੀਬਨ 4 ਤੋਂ 5 ਹਰੇਕ 50 ਪਾਵਨ ਸਰੂਪਾਂ ਪਿੱਛੇ ਹੈ।ਜਦੋਂ ਪਾਵਨ ਸਰੂਪ ਦਰਸ਼ਨ ਵੀਚਾਰ ਲਈ ਜਾਂਦੇ ਹਨ ਤਾਂ ਸ੍ਰ.ਕੰਵਲਜੀਤ ਸਿੰਘ, ਕਲਰਕ ਗੁਰਮਤਿ ਲਿਟੇਰਚਰ ਜਾਂ ਜਿੰਮੇਵਾਰ ਗ੍ਰੰਥੀ ਸਿੰਘ ਦੇ ਸਾਈਨ ਹੀ ਹੁੰਦੇ ਹਨ।ਹਰ ਆਰਡਰ 1 ਤੋਂ ਹੀ ਹੁੰਦਾ ਹੈ, ਜਿਸ ਤਰ੍ਹਾਂ 2000 ਦੇ ਆਰਡਰ ਲਈ 1 ਤੋਂ 1000 ਤੱਕ ਇੱਕ ਠੇਕੇਦਾਰ ਨੂੰ ਫੇਰ 1001 ਤੋਂ 2000 ਦੂਜੇ ਠੇਕੇਦਾਰ ਨੂੰ ਦਿੱਤਾ ਜਾਂਦਾ ਹੈ।ਸਾਂਭ ਸੰਭਾਲ ਲਈ ਕੋਈ ਵੀ ਵਿਸ਼ੇਸ਼ ਪੁਖਤਾ ਪ੍ਰਬੰਧ ਵਿਭਾਗ ਵੱਲੋਂ ਨਹੀਂ ਹੁੰਦਾ ਅਤੇ ਠੇਕੇਦਾਰ ਕੋਲੋਂ ਰੈਕ ਨਾ ਹੋਣ ਕਾਰਨ ਜੋ ਹਾਰਡਬੋਰਡ ਜਿਲਦ ਵਾਸਤੇ ਮਿਲਦਾ ਹੈ, ਉਹਨਾਂ ਉੱਪਰ ਰੁਮਾਲੇ ਵਿਛਾ ਕੇ ਹੀ ਉਹ ਪਾਵਨ ਸਰੂਪ ਦੀ ਜਿਲਦਸਾਜ਼ੀ ਦਾ ਕੰਮ ਕਰਦੇ ਹਨ।ਜਿਲਦਸਾਜ਼ਾਂ ਦੀ ਜਿੰਮੇਵਾਰੀ ‘ਤੇ ਪਾਵਨ ਸਰੂਪ, ਗ੍ਰੰਥੀ ਸਿੰਘਾਂ ਪਾਸ ਪਹੁੰਚਦੇ ਹਨ।ਜੇ ਕਦੇ ਦਰਸ਼ਨ ਵਿਚਾਰ ਵਾਲਾ ਗ੍ਰੰਥੀ ਸਿੰਘ ਦਸਤਖਤ ਕਰਨ ਲਈ ਮੌਜੂਦ ਨਾ ਹੋਵੇ ਤਾਂ ਸ੍ਰ.ਕੰਵਲਜੀਤ ਸਿੰਘ ਦਸਤਖਤ ਕਰਕੇ ਦਰਸ਼ਨ ਵਿਚਾਰ ਲਈ ਪਾਵਨ ਸਰੂਪ ਗ੍ਰੰਥੀ ਸਿੰਘਾਂ ਨੂੰ ਦਿੰਦਾ ਹੈ।ਪਿਛਲੇ ਇੱਕ ਸਾਲ ਤੋਂ ਵਸੂਲੀ ਦਾ ਜ਼ਿਆਦਾ ਕੰਮ ਸ੍ਰ.ਕੰਵਲਜੀਤ ਸਿੰਘ ਹੀ ਕਰ ਰਹੇ ਹਨ ਅਤੇ ਦਰਸ਼ਨ ਵਿਚਾਰ ਉਪਰੰਤ ਪਾਵਨ ਸਰੂਪ ਗਿਣ ਕੇ ਸ਼ੋਅਰੂਮ, 03 ਨੰਬਰ ਹਾਲ, 05 ਨੰਬਰ ਹਾਲ ਵਿੱਚ

ਬਿਰਾਜਮਾਨ ਇਨ੍ਹਾਂ ਦੇ ਕਹਿਣ 'ਤੇ ਹੀ ਕਰਵਾਏ ਜਾਂਦਾ ਹੈ। ਠੇਕੇਦਾਰਾਂ ਨੂੰ 1000 ਅੰਗਾਂ ਪਿੱਛੇ 30 ਅੰਗ ਲੱਗਭਗ ਵੱਧ ਆਉਂਦੇ ਹਨ। ਪਰ ਇਹ ਅੰਗਾਂ ਦੀ ਗਿਣਤੀ ਘੱਟ-ਵੱਧ ਹੁੰਦੀ ਹੈ ਇਨ੍ਹਾਂ ਵਧੀਕ ਅੰਗਾਂ ਨੂੰ ਬਿਰਧ ਪਾਵਨ ਸਰੂਪਾਂ ਦੀ ਦਰੁਸਤੀ ਜਾਂ ਜਿਲਦਬੰਦੀ ਸਮੇਂ ਦਰੁਸਤੀ ਕਰਨ ਵਿੱਚ ਇਸਤੇਮਾਲ ਕਰ ਲਿਆ ਜਾਂਦਾ ਹੈ। ਵਾਧੂ ਅੰਗਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਸਾਲ 2009 ਵਿੱਚ ਇੱਕ ਪਾਵਨ ਸਰੂਪ ਦੀ ਵੇਲ ਦਾ ਡਿਜ਼ਾਇਨ ਬਦਲਿਆ ਗਿਆ ਸੀ, ਪਰ ਉਹ ਪੁਰਾਣੀ ਵੇਲ ਦੇ ਅੰਗ ਅਜੇ ਤੱਕ ਸ੍ਰ.ਜਸਪ੍ਰੀਤ ਸਿੰਘ ਕੋਲ ਬਿਰਾਜਮਾਨ ਹਨ। ਜੂਨ 2020 ਵਿੱਚ ਸ੍ਰ.ਜਸਪ੍ਰੀਤ ਸਿੰਘ ਨੇ ਸ੍ਰ.ਗੁਰਬਚਨ ਸਿੰਘ ਨੂੰ ਲਿੱਖ ਕੇ ਦਿੱਤਾ ਸੀ ਕਿ ਉਹਨਾਂ ਕੋਲ ਵਧੀਕ ਅੰਗ ਪਏ ਹਨ, ਪਰ ਉਹਨਾਂ ਨੂੰ ਇਸ ਚਿੱਠੀ ਦਾ ਕੋਈ ਵੀ ਉੱਤਰ ਨਹੀਂ ਮਿਲਿਆ। ਉਹਨਾਂ ਨੇ ਇਹ ਵੀ ਕਿਹਾ ਕਿ ਉਹਨਾਂ ਨੂੰ ਕਦੇ ਵੀ ਵਧੀਕ ਅੰਗਾਂ ਤੋਂ ਪਾਵਨ ਸਰੂਪ ਤਿਆਰ ਕਰਨ ਲਈ ਨਹੀਂ ਕਿਹਾ ਗਿਆ। ਪਰ 125 ਪਾਵਨ ਸਰੂਪ ਜੋ ਸ੍ਰ.ਗੁਰਬਚਨ ਸਿੰਘ ਅਤੇ ਸ੍ਰ.ਗੁਰਮੁੱਖ ਸਿੰਘ ਦੇ ਜੁਬਾਨੀ ਆਰਡਰ ਅਨੁਸਾਰ ਸ੍ਰ.ਕੁਲਵੰਤ ਸਿੰਘ ਠੇਕੇਦਾਰ ਨੇ ਤਿਆਰ ਕੀਤੇ। ਉਹਨਾਂ ਵਾਸਤੇ ਕੁਝ ਫਰਮੇ ਸ੍ਰ.ਜਸਪ੍ਰੀਤ ਸਿੰਘ ਕੋਲੋ ਵੀ ਲਏ ਗਏ। ਇਹ 125 ਪਾਵਨ ਸਰੂਪ ਸਟੋਰ ਵਿੱਚੋਂ ਘਟ ਗਏ 267 ਪਾਵਨ ਸਰੂਪਾਂ ਨੂੰ ਪੂਰਾ ਕਰਨ ਲਈ, ਵਧੀਕ ਅੰਗਾਂ ਤੋਂ ਤਿਆਰ ਕੀਤੇ ਗਏ ਸਨ ਅਤੇ ਇਸ ਦਾ ਰਿਕਾਰਡ ਕਿਤੇ ਵੀ ਦਰਜ ਨਹੀਂ ਹੈ। ਇਸ ਤੋਂ ਪਹਿਲਾ 61 ਪਾਵਨ ਸਰੂਪ ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਦੇ ਕਹਿਣ ਤੇ ਵਧੀਕ ਅੰਗਾਂ ਵਿੱਚੋਂ ਸ੍ਰ.ਕੰਵਲਜੀਤ ਸਿੰਘ ਦਾ ਸਟਾਕ ਪੂਰਾ ਕਰਨ ਲਈ ਤਿਆਰ ਕੀਤੇ ਗਏ ਸਨ। ਉਹਨਾਂ ਨੇ ਇਹ ਵੀ ਦੱਸਿਆ ਕਿ ਜਦੋਂ ਪਾਵਨ ਸਰੂਪ ਸਟੋਰ ਵਿੱਚ ਭੇਜੇ ਜਾਂਦੇ ਹਨ ਉਦੋਂ ਕੋਈ ਵਸੂਲੀ ਨਹੀਂ ਲਈ ਜਾਂਦੀ, ਜਦੋਂ ਬਿੱਲ ਦਿੰਦੇ ਹਨ, ਉਦੋਂ ਹੀ ਰਸੀਦ ਕੱਟੀ ਜਾਂਦੀ ਹੈ।

ਅਕਾਊਂਟਸ ਵਿਭਾਗ ਤੋਂ ਪੇਮੈਂਟ ਲੈਣ ਲਈ ਸਟੋਰ ਰਸੀਦ ਜੋ ਸੀ.ਜੀ.ਐਲ. ਕੱਟ ਕੇ ਦਿੰਦਾਂ ਹੈ, ਸਟੋਰ ਲੈਜ਼ਰ (ਬਾਈਂਡ ਅਤੇ ਅਣਬਾਈਂਡ) ਜਿਸ ਵਿੱਚ ਬਿੱਲ ਦੀ ਐਂਟਰੀ ਹੁੰਦੀ ਹੈ, ਇਹ ਸੱਭ ਬਿਲ ਦੇ ਨਾਲ ਲਗਦਾ ਹੈ ਅਤੇ ਇੱਕ ਆਰਡਰ ਦੀ ਕਾਪੀ ਵੀ ਹੁੰਦੀ ਹੈ। ਜਿਸ ਉਪਰ ਸੀ.ਜੀ.ਐਲ. ਰਿਪੋਰਟ ਕਰ ਦਿੰਦਾ ਹੈ ਕਿ ਪਾਵਨ ਸਰੂਪ ਬਣ ਗਏ ਹਨ ਅਤੇ ਕਿੰਨਾ ਬਕਾਇਆ ਹੈ। ਜਦੋਂ ਪੜਤਾਲ ਕਮਿਸ਼ਨ ਵੱਲੋਂ ਇਹਨਾਂ ਤੋਂ 200 ਪਾਵਨ ਸਰੂਪਾਂ ਦੀ ਐਂਟਰੀ ਬਾਰੇ ਪੁੱਛਿਆ ਗਿਆ ਕਿ ਅਜਿਹਾ ਹੋ ਸਕਦਾ ਹੈ ਕਿ ਸਟੋਰ ਲੈਜ਼ਰ ਵਿੱਚ ਐਂਟਰੀ ਹੋਈ ਨਾ ਹੋਵੇ ਅਤੇ ਜਿਲਦਸਾਜ਼ ਨੂੰ ਪੇਮੈਂਟ ਕਰ ਦਿੱਤੀ ਗਈ ਹੋਵੇ? ਤਾਂ ਇਹਨਾਂ ਨੇ ਕਿਹਾ ਕਿ ਨਹੀਂ ਅਜਿਹਾ ਕਿਵੇਂ ਹੋ ਸਕਦਾ ਹੈ ਕਿਉਕਿ ਜਦੋਂ ਇਹ ਅਕਾਊਂਟਸ ਬ੍ਰਾਂਚ ਕੋਲ ਆਪਣਾ ਬਿਲ ਲੈ ਕੇ ਜਾਂਦੇ ਹਨ ਤਾਂ

ਉਹ ਬਾਈਂਡ ਅਤੇ ਅਣਬਾਈਂਡ, ਦੋਵੇਂ ਸਟੋਰ ਲੈਜ਼ਰਾਂ ਨੂੰ ਮਿਲਾ ਕੇ ਦਸਤਖਤ ਕਰਕੇ ਹੀ ਬਿੱਲ ਪਾਸ ਕਰਦੇ ਹਨ।

ਜਿਸਦਸਾਜ਼ ਸ੍ਰ.ਜਸਪ੍ਰੀਤ ਸਿੰਘ ਨੇ ਇਹ ਵੀ ਦੱਸਿਆ ਕਿ ਇਹਨਾਂ ਕੋਲ ਪ੍ਰੈੱਸ ਵਿੱਚੋ ਅੰਗ ਛਪ ਕੇ ਦਫਤਰੀ ਆਰਡਰ ਆਉਣ ਤੋਂ ਪਹਿਲਾ ਹੀ ਆ ਜਾਂਦੇ ਹਨ ਤੇ ਇਹ ਅੰਗਾਂ ਦੀ ਮੌਜੂਦਗੀ ਅਨੁਸਾਰ ਉਹਨਾਂ ਨੂੰ ਇੱਕਠਾ ਕਰਕੇ ਯੂਨਿਟ ਬਣਾ ਜਰੂਰ ਲੈਂਦੇ ਹਨ ਪਰ ਲਿਖਤ ਆਰਡਰ ਬਿਨ੍ਹਾਂ ਬਾਈਂਡਿੰਗ ਨਹੀਂ ਕਰਦੇ।

ਸ੍ਰ.ਜਸਪ੍ਰੀਤ ਬੁੱਕ ਬਾਈਂਡਰ ਫਰਮ ਦੇ ਪ੍ਰੋਪਰਾਈਟਰ ਸ੍ਰ.ਜਸਪ੍ਰੀਤ ਸਿੰਘ ਹਨ ਅਤੇ ਪ੍ਰੀਤ ਬੁੱਕ ਬਾਈਂਡਰ (ਜਿੰਨਾ ਦਾ ਠੇਕਾ 2-3 ਸਾਲ ਪਹਿਲਾਂ ਖਤਮ ਹੋ ਚੁੱਕਾ ਹੈ) ਦੇ ਪ੍ਰੋਪਰਾਈਟਰ ਸ੍ਰ.ਬਲਪ੍ਰੀਤ ਸਿੰਘ ਇਹਨਾਂ ਦੇ ਭਰਾ ਹਨ ਅਤੇ ਇਹ ਦੋਨੋਂ ਰਜਿਸਟਰਡ ਫਰਮਾਂ ਨਹੀਂ ਹਨ।ਸ੍ਰ.ਜਸਪ੍ਰੀਤ ਸਿੰਘ ਦੇ ਬਿਆਨ ਅਨਸੁਾਰ ਜੋ ਵੀ ਗੁ: ਸ੍ਰੀ ਰਾਮਸਰ ਸਾਹਿਬ ਵਿਖੇ ਠੇਕੇਦਾਰ ਜੋ ਸ਼੍ਰੋਮਣੀ ਕਮੇਟੀ ਪਾਸ ਕੰਮ ਕਰ ਰਹੇ ਹਨ, ਉਹਨਾਂ ਵਿੱਚੋ ਕਿਸੇ ਦੀ ਵੀ ਫਰਮ ਰਜਿਸਟਰਡ ਨਹੀਂ ਹੈ।ਸ੍ਰੀ  ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਜਿਲਦਬੰਦੀ ਦਾ ਰੇਟ, ਭਾਵੇਂ ਉਹ ਛੋਟਾ ਪਾਵਨ ਸਰੂਪ ਹੋਵੇ ਜਾਂ ਵੱਡਾ, ਠੇਕੇਦਾਰਾਂ ਨੂੰ 86/-ਰੁਪਏ ਪ੍ਰਤੀ ਪਾਵਨ ਸਰੂਪ ਦੇ ਹਿਸਾਬ ਨਾਲ ਹੀ ਮਿਲਦਾ ਹੈ।ਸ੍ਰ.ਜਸਪ੍ਰੀਤ ਸਿੰਘ ਦੇ ਅਨੁਸਾਰ ਸਾਰੇ ਖਰਚ ਕੱਢ ਕੇ ਉਹਨਾਂ ਦੀ ਹਰ ਮਹੀਨੇ ਦੀ ਆਮਦਨ 20 ਤੋਂ 25 ਹਜ਼ਾਰ ਰੁਪਏ ਹੁੰਦੀ ਹੈ।

ਸ੍ਰ.ਜਸਪ੍ਰੀਤ ਸਿੰਘ ਨੇ ਇਹ ਵੀ ਦੱਸਿਆ ਕਿ ਇਹਨਾਂ ਨੇ ਕਿਸੇ ਵੀ ਸੰਸਥਾ, ਵਿਅਕਤੀ ਜਾਂ ਪਬਲੀਕੇਸ਼ਨ ਜਾਂ ਬਾਹਰਲੀਆਂ ਪ੍ਰੈੱਸਾਂ ਜਾਂ ਦੁਕਾਨਾਂ ‘ਤੇ ਵਧੀਕ ਅੰਗਾਂ ਤੋਂ ਗੁਰਮਤਿ ਲਿਟ੍ਰੇਚਰ, ਗੁਟਕੇ, ਸੈਂਚੀਆਂ, ਸਬਦਾਰਥ ਜਾਂ ਪਾਵਨ ਸਰੂਪ ਨੂੰ ਇਕੱਤਰਤ ਕਰਕੇ ਉਹਨਾਂ ਦੀ ਜਿਲਦ ਬੰਦ ਕੇ ਕਦੀ ਵੀ ਭੇਟਾ ਸਹਿਤ ਜਾਂ ਭੇਟਾ ਰਹਿਤ ਨਹੀਂ ਦਿੱਤਾ।ਉਹਨਾਂ ਨੇ ਦੱਸਿਆ ਕਿ ਵਧੀਕ ਅੰਗਾਂ ਤੋਂ ਕਦੇ ਕਦੇ ਪੁਸਤਕਾਂ, ਗੁਟਕੇ, ਸੈਂਚੀਆਂ, ਸਬਦਾਰਥ ਆਦਿ ਬਣਾਉਦੇ ਹਨ ਪਰ ਪਾਵਨ ਸਰੂਪ ਇਹਨਾਂ ਨੇ ਕਦੀ ਵੀ ਵਧੇਰੇ ਅੰਗਾਂ ਤੋਂ ਨਹੀਂ ਬਣਾਇਆ।

ਜਿੰਨਾਂ ਵੀ ਪੇਪਰ ਦੀ ਵੇਸਟਿੰਗ, ਕਿਨਾਰਿਆਂ ਦੀ ਕਟਿੰਗ ਜਾਂ ਹੋਰ ਪੇਪਰ, ਗੱਤਾ ਚਾਹੇ ਲਿਟ੍ਰੇਚਰ ਦਾ ਪੇਪਰ ਹੁੰਦਾ ਹੈ, ਉਸਨੂੰ ਪਬਲੀਕੇਸ਼ਨ ਆਪ ਵਿਕਰੀ ਕਰਦਾ ਹੈ ਜਿਸਦਾ ਠੇਕੇਦਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ।ਇਸ ਤੋਂ ਇਲਾਵਾ ਰੱਦੀ ਵਾਲੇ ਕਮਰੇ ਵਿਚ ਵੀ ਬਾਇੰਡ ਕੀਤੀਆ ਪੁਸਤਕਾਂ ਪਈਆਂ ਹਨ।ਮਿਕਸ ਰੱਦੀ ਗੋਲਡਨ ਆਫਸੈੱਟ ਪੈੱਸ ਹੀ ਸਾਂਭਦੀ ਹੈ ਕੋਲ ਕੋਈ ਵੀ

ਰਿਕਾਰਡ ਨਹੀਂ ਹੁੰਦਾ।ਜੋ ਪਾਵਨ ਸਰੂਪਾਂ ਦੇ ਵਧੀਕ ਅੰਗ ਹਨ ਉਹ ਪਹਿਲਾਂ ਗੋਇੰਦਵਾਲ ਸਾਹਿਬ ਜਾਂਦੇ ਸਨ ਪਰ ਪਿਛਲੇ ਦੋ ਤਿੰਨ ਸਾਲਾਂ ਤੋਂ ਇਹਨਾਂ ਕੋਲ ਹੀ ਪਏ ਹਨ।ਸਾਡੇ ਕੋਲ ਜਿਹੜੇ ਵੱਧੋਂ ਅੰਗ ਪਏ ਹਨ ਉਹਨਾਂ ਦੀ ਗਿਣਤੀ ਇਸ ਪ੍ਰਕਾਰ ਹੈ :-

ਮਿਤੀ 25/07/2020 ਦੇ ਅਨੁਸਾਰ ਕੁਲ ਅੰਗ 4,71,816, ਨਵੇਂ ਅੰਗ 2,72,528, ਵੱਡੇ ਆਕਾਰ 46,408, ਦਰਮਿਆਨਾ ਆਕਾਰ 2,26,120 ਹਨ।ਸ੍ਰ.ਜਸਪ੍ਰੀਤ ਸਿੰਘ ਕੋਲ 1000 ਵੱਡਾ ਆਕਾਰ ਤੇ 1000 ਦਰਮਿਆਨਾ ਆਕਾਰ ਜਿਨਾਂ ਵਿੱਚੋਂ 50 ਪਾਵਨ ਸਰੂਪ ਬਾਇੰਡ ਕਰ ਕੇ ਹਾਲ ਨੰਬਰ 4 ਵਿਚ ਪਏ ਹਨ ਤੇ 1950 ਫਰਮੇ ਸ੍ਰ.ਜਸਪ੍ਰੀਤ ਸਿੰਘ ਕੋਲ ਹਨ।ਹਾਲ ਨੰਬਰ 4 ਵਿਚ 3 ਬਿਰਧ ਪਾਵਨ ਸਰੂਪ ਵੱਡਾ ਆਕਾਰ ਵੀ ਹਨ ਜਿਨਾਂ ਦੀ ਜਿਲਦਬੰਦੀ ਨਹੀਂ ਕੀਤੀ ਗਈ।

ਸ੍ਰ.ਜਸਪ੍ਰੀਤ ਸਿੰਘ ਨੂੰ ਆਡਰ ਨੰਬਰ 4184, ਮਿਤੀ 05/03/2009 ਨੂੰ ਬਲੈਕ ਲਿਸਟ ਕੀਤਾ ਗਿਆ ਸੀ।ਇਸ ਦੇ ਮੁੱਖ ਕਾਰਣ ਇਹਨਾਂ ਦੇ ਇੱਕ ਕਰਮਚਾਰੀ ਵੱਲੋਂ ਨਸ਼ੀਲੀ ਦਵਾਈ ਦਾ ਸੇਵਨ ਕਰਕੇ ਹਾਲ ਨੰਬਰ 2 ਵਿਚ ਜਾਣਾ ਸੀ।ਇਸ ਤਰਾਂ ਸ੍ਰੋ.ਗੁ.ਪ੍ਰ ਕਮੇਟੀ ਮਰਿਯਾਦਾ ਉਲੰਘਣ ਤੇ ਕਾਨੂਨਾਂ ਦੀ ਕੁਤਾਹੀ ਕਰਨ ਦੇ ਹੁਕਮ ਆਏ ਸਨ, ਜਿਹੜਾ ਬਾਦ ਵਿਚ ਪ੍ਰਧਾਨ ਮੱਕੜ ਸਾਹਿਬ ਨੇ ਇੱਕ ਮੌਕਾ ਹੋਰ ਦਿੰਦਿਆ ਤੇ ਇਹਨਾਂ ਦੁਆਰਾ ਲਿਖਤੀ ਮੁਆਫੀ ਤੇ ਮਾਫ ਕਰ ਦਿੱਤਾ ਸੀ।ਉਸ ਤੋਂ ਬਾਅਦ ਕਦੇ ਵੀ ਸ੍ਰ.ਜਸਪ੍ਰੀਤ ਸਿੰਘ ਦੇ ਕਰਮਚਾਰੀਆਂ ਵੱਲੋਂ ਕੋਈ ਵੀ ਕੁਤਾਹੀ ਨਹੀਂ ਹੋਈ ਤੇ ਇਸ ਤੋਂ ਇਲਾਵਾ ਸ੍ਰ.ਜਸਪ੍ਰੀਤ ਸਿੰਘ ਉੱਤੇ ਕੋਈ ਇਲਜ਼ਾਮ ਨਹੀਂ ਹੈ।

ਮਿਤੀ 16/08/2020 ਨੂੰ ਸ੍ਰ.ਜਸਪ੍ਰੀਤ ਸਿੰਘ ਨੂੰ ਦਸਤਾਵੇਜ਼ ਯ/4 (ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ. 251) ਦਿਖਾਇਆ ਗਿਆ ਜਿਸ ਨੂੰ ਦੇਖਦਿਆਂ ਉਹਨਾਂ ਕਿਹਾ ਕਿ ਉੱਸ ਪੱਤਰ ‘ਤੇ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਨੇ ਉਹਨਾਂ ਦੇ ਦਸਤਖਤ ਉਦੋਂ ਕਰਵਾਏ ਸਨ, ਜਦੋਂ 267 ਪਾਵਨ ਸਰੂਪਾਂ ਦਾ ਘਟਨਾਕ੍ਰਮ ਵਾਪਰਿਆ ਸੀ ਅਤੇ ਘਾਟੇ ਦੀ ਪੂਰਤੀ ਕਰਨ ਵਾਸਤੇ ਇਸ ਪੱਤਰ ‘ਤੇ ਸ੍ਰ.ਜਸਪ੍ਰੀਤ ਸਿੰਘ ਦੇ ਦਸਤਖਤ ਕਰਵਾਏ ਗਏ।ਇਸ ਪੱਤਰ ‘ਤੇ ਪਾਈ ਗਈ ਮਿਤੀ 09/11/2019 ਜੋ ਕਿ ਸ੍ਰ.ਗੁਰਮੁੱਖ ਸਿੰਘ ਜੀ ਵੱਲੋਂ ਪਾਈ ਗਈ ਹੈ, ਬਿਲਕੁੱਲ ਗਲਤ ਹੈ।ਕਿਉਂਕਿ ਇਹ ਪੱਤਰ ਸ੍ਰ.ਕੰਵਲਜੀਤ ਸਿੰਘ ਦੇ ਰਿਟਾਇਰ ਹੋਣ ਤੋਂ ਬਾਅਦ ਭਾਵ ਮਿਤੀ 31/05/2020 ਤੋਂ ਬਾਅਦ ਦੀ ਹੈ।ਇਸ ਪੱਤਰ ‘ਤੇ ਸ੍ਰ.ਗੁਰਬਚਨ ਸਿੰਘ ਜੀ ਨੇ ਜੋ ਆਗਿਆ ਦਿੱਤੀ ਹੈ ਉਸਦੀ ਮਿਤੀ 09/11/2019 ਦੀ ਪਾਈ ਗਈ ਹੈ, ਜੋ ਕੀ ਬਿਲਕੁਲ ਗਲਤ ਹੈ।

ਇਹ ਪੱਤਰ 125 ਪਾਵਨ ਸਰੂਪਾਂ ਦੇ ਢਾਂਚੇ ਤਿਆਰ ਹੋਣ ਤੋਂ ਪਹਿਲਾਂ ਦਾ ਹੈ। ਜੋ 125 ਪਾਵਨ ਸਰੂਪਾਂ ਦੇ ਢਾਂਚੇ ਬਣਾਏ ਗਏ ਹਨ, ਦਰਮਿਆਨਾ ਆਕਾਰ ਪਦ-ਛੇਦ ਦੇ ਹਨ, ਜੋ ਕਿ ਹਾਲ ਨੰ: 03 ਕੁਲਵੰਤ ਸਿੰਘ ਠੇਕੇਦਾਰ ਦੇ ਹਾਲ ਵਿੱਚ ਹੁਣ ਵੀ ਢਾਂਚਿਆਂ ਦੇ ਰੂਪ ਵਿੱਚ ਮੌਜੂਦ ਹਨ। ਜਿੰਨ੍ਹਾਂ ਨੂੰ ਸ੍ਰ.ਕੰਵਲਜੀਤ ਸਿੰਘ ਦੇ ਘਟਦੇ 267 ਪਾਵਨ ਸਰੂਪਾਂ ਵਿੱਚ ਨਹੀਂ ਪਾਇਆ ਜਾ ਸਕਿਆ। ਕਿਉਂਕਿ ਇਸ ਤੋਂ ਤੁਰੰਤ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੜਤਾਲ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੇ ਦਿੱਤੀ ਅਤੇ ਸਿੰਘ ਸਾਹਿਬ ਨੇ 14/07/2020 ਨੂੰ ਸਾਰਾ ਪਬਲੀਕੇਸ਼ਨ ਵਿਭਾਗ ਸੀਲ ਕਰਵਾ ਦਿੱਤਾ ਸੀ। ਇਸ ਤੋਂ ਪਹਿਲਾਂ ਸ੍ਰ.ਗੁਰਦਿਆਲ ਸਿੰਘ, ਫਲਾਇੰਗ ਵਿਭਾਗ ਵੱਲੋਂ ਪਬਲੀਕੇਸ਼ਨ ਵਿਭਾਗ ਦੀ ਇੰਸਪੈਕਸ਼ਨ ਕੀਤੀ ਗਈ। ਜਿਸ ਵਿੱਚ  ਜਿਲਦਸਾਜ਼ਾਂ ਦੇ ਹਾਲ ਵੀ ਚੈੱਕ ਕੀਤੇ ਗਏ ਸਨ ਅਤੇ ਫਿਜ਼ੀਕਲ ਸਟਾਕ ਵੀ ਚੈੱਕ ਕੀਤਾ ਅਤੇ ਇਸ ਦੀ ਗਿਣਤੀ ਦਾ ਰਿਕਾਰਡ ਫਲਾਇੰਗ ਵਿਭਾਗ ਪਾਸ ਹੈ। ਤਕਰੀਬਨ ਦੋ ਵਾਰ ਇਸ ਤਰ੍ਹਾਂ ਦੀਆਂ ਪੜਤਾਲਾਂ 125 ਪਾਵਨ ਸਰੂਪ ਤਿਆਰ ਹੋਣ ਤੋਂ ਬਾਅਦ ਹੋ ਚੁੱਕੀਆਂ ਹਨ। ਸ੍ਰ.ਜਸਪ੍ਰੀਤ ਸਿੰਘ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਫਲਾਇੰਗ ਵਿਭਾਗ ਨੇ ਇਹਨਾਂ 125 ਪਾਵਨ ਸਰੂਪਾਂ ਬਾਰੇ ਕੁੱਝ ਲਿਖਿਆ ਹੈ ਜਾਂ ਨਹੀਂ ਪਰ ਇਹਨਾਂ ਦੀ ਹਾਲੇ ਤੱਕ ਜਿਲਦਬੰਦੀ ਨਹੀਂ ਹੋਈ। ਸ੍ਰ.ਗੁਰਮੁੱਖ ਸਿੰਘ, ਸੁਪਰਵਾਈਜ਼ਰ ਅਤੇ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਦੇ ਕਹਿਣ ‘ਤੇ ਭਾਈ ਕੁਲਵੰਤ ਸਿੰਘ ਜਿਲਦਸਾਜ਼ ਨੇ 125 ਪਾਵਨ ਸਰੂਪਾਂ ਦੇ ਲੋੜੀਂਦੇ ਅੰਗ ਸ੍ਰ.ਜਸਪ੍ਰੀਤ ਸਿੰਘ ਕੋਲੋਂ ਵੀ ਪ੍ਰਾਪਤ ਕੀਤੇ।

**7.32 (ਰ) ਬਿਆਨ ਕਰਤਾ: - ਸ੍ਰ.ਜਤਿੰਦਰਪਾਲ ਸਿੰਘ ਅਕਾਊਟੈਂਟ (ਆਡਿਟ ਬ੍ਰਾਂਚ ਸ਼੍ਰੋ.ਗੁ.ਪ੍ਰ.ਕਮੇਟੀ)**

ਇਹ ਦਸੰਬਰ 2014 ਤੋਂ ਆਡਿਟ ਬ੍ਰਾਂਚ ਵਿੱਚ ਕੰਮ ਕਰ ਰਹੇ ਹਨ। ਇਹਨਾਂ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 115 ਅਨੁਸਾਰ ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ, ਪ੍ਰਿਟਿੰਗ ਪ੍ਰੈੱਸ, ਧਾਰਾ 85 ਅਤੇ 87 ਅਧੀਨ ਆਉਂਦੇ ਗੁਰਦੁਆਰਾ ਸਾਹਿਬਾਨ ਦੇ ਸਰਕਾਰੀ ਆਡਿਟ ਲਈ ਸੀ.ਏ. ਦਾ ਨਿਯੁਕਤੀ ਪੈਨਲ ਪ੍ਰਵਾਨ ਕਰਨ ਦੇ ਅਧਿਕਾਰ ਪੰਜਾਬ ਸਰਕਾਰ ਪਾਸ ਹੁੰਦੇ ਹਨ ਅਤੇ ਇਹ ਕਾਰਜ ਪੰਜਾਬ ਸਰਕਾਰ, ਗੁਰਦੁਆਰਾ ਚੋਣ ਕਮਿਸ਼ਨ ਨਾਲ ਮਿਲ ਕੇ ਕਰਦੀ ਹੈ। ਪੰਜਾਬ ਸਰਕਾਰ ਵੱਲੋਂ ਨਵੰਬਰ 2017 ਵਿੱਚ ਸਾਲ 2012-13 ਤੋਂ ਸਾਲ 2016-17 ਤੱਕ ਦੇ ਆਡਿਟ ਲਈ ਪੈਨਲ ਨੂੰ ਪ੍ਰਵਾਨਗੀ ਦਿੰਦੇ ਹੋਏ ਕੰਮ ਦੀ ਵੰਡ ਕਰਨ ਦੇ

ਅਧਿਕਾਰ ਮਾਣਯੋਗ ਪ੍ਰਧਾਨ ਸਾਹਿਬ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸੌਂਪੇ ਗਏ ਸਨ।ਪ੍ਰਧਾਨ ਸਾਹਿਬ ਅਤੇ ਮੀਤ ਸਕੱਤਰ ਆਡਿਟ ਵੱਲੋਂ ਬਣਾਈ ਤਜਵੀਜ਼ ਦੇ ਅਧਾਰਪੁਰ ਇਹ ਆਡਿਟ ਦੇ ਕੰਮ ਦੀ ਵੰਡ ਕੀਤੀ ਗਈ।ਜਿਸ ਵਿੱਚ ਇੱਕ ਸੰਸਥਾ ਦੇ ਇੱਕ ਸਾਲ ਨੂੰ ਕੇਵਲ ਇੱਕ ਹੀ ਸੀ.ਏ. ਆਡਿਟ ਕਰੇ ਅਤੇ ਅਗਲੇ ਸਾਲ ਕਿਸੇ ਦੂਸਰੇ ਸੀ.ਏ. ਕੋਲੋਂ ਪ੍ਰਵਾਨਿਤ ਪੈਨਲ ਵਿੱਚੋ ਆਡਿਟ ਕਰਵਾਈ ਜਾਵੇ, ਤਾਂ ਜੋ ਪਾਰਦਰਸ਼ਿਤਾ ਬਣੀ ਰਹੇ।

ਪੜਤਾਲ ਕਮਿਸ਼ਨ ਦੇ ਪੁੱਛਣ ‘ਤੇ ਇਹਨਾਂ ਨੇ ਦੱਸਿਆ ਕਿ ਆਡਿਟ ਬ੍ਰਾਂਚ ਦੇ ਸਹਾਇਕ ਅਕਾਊਂਟੈਂਟਾ ਨੇ ਇੱਕ ਦੋ ਵਾਰ ਜ਼ਰੂਰਤ ਪੈਣ ‘ਤੇ ਪਾਵਨ ਸਰੂਪ ਦੇ ਲੈਜ਼ਰ ਮੰਗਵਾਏ ਅਤੇ ਉਹ ਰੁਟੀਨਵਾਈਜ਼ ਚੈੱਕ ਵੀ ਕਰਦੇ ਰਹੇ।ਇਸ ਉਪਰੰਤ ਜੋ ਵੀ ਤਰੁੱਟੀਆਂ ਹੁੰਦੀਆਂ ਰਹੀਆਂ, ਉਸ ਸੰਬੰਧੀ ਇਹਨਾਂ ਨੂੰ ਜ਼ੁਬਾਨੀ ਰਿਪੋਰਟ ਕਰਦੇ ਰਹੇ।ਪਰ ਇਹਨਾਂ ਨੇ ਕਦੀ ਉਸ ‘ਤੇ ਦਸਤਖਤ ਨਹੀਂ ਕੀਤੇ ਅਤੇ ਨਾਂ ਹੀ ਕੋਈ ਟਿੱਪਣੀ ਜਾਂ ਰਿਪੋਰਟ ਕੀਤੀ ਹੈ।ਸਾਲ 2013-14 ਤੋਂ ਸਾਲ 2015-16 ਤੱਕ ਕਿਸੇ ਵੀ ਆਡੀਟਰ ਨੇ ਸਟੋਰ ਲੈਜ਼ਰ ਤੇ ਟੀਕਾ-ਟਿੱਪਣੀ ਨਹੀਂ ਕੀਤੀ।ਸਾਲ 2013-14 ਦੇ ਆਡਿਟ ਦੌਰਾਨ ਇਹ ਨੋਟਿਸ ਵਿੱਚ ਆਇਆ ਕਿ ਸਟੋਰ ਲੈਜ਼ਰ ਅਨੁਸਾਰ ਪਾਵਨ ਸਰੂਪ ਦਰਮਿਆਨਾ ਆਕਾਰ 107 ਹਨ ਪ੍ਰੰਤੂ ਆਡਿਟ ਬ੍ਰਾਚ ਵੱਲੋਂ ਤਿਆਰ ਕੀਤੇ ਵੇਰਵੇ ਅਨੁਸਾਰ ਇਹਨਾਂ ਦੀ ਗਿਣਤੀ 307 ਬਣ ਰਹੀ ਸੀ।ਗੰਭੀਰਤਾ ਨਾਲ ਚੈਕਿੰਗ ਕਰਨ ‘ਤੇ ਇਹਨਾਂ ਨੂੰ ਪਤਾ ਲੱਗਿਆ ਕਿ ਮਿਤੀ 29/01/2014 ਦੀ ਐਂਟਰੀ ਬਾਬਤ 200 ਪਾਵਨ ਸਰੂਪ ਦਰਜ ਨਹੀਂ ਕੀਤੇ ਗਏ।ਜਿਸ ਨੂੰ ਸ੍ਰ.ਜੁਝਾਰ ਸਿੰਘ, ਸਹਾਇਕ ਅਕਾਉਟੈਂਟ ਵੱਲੋਂ ਅਤੇ ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਪਾਸੋਂ, ਸ੍ਰ.ਗੋਪਾਲ ਸਿੰਘ ਅਕਾਉਟੈਂਟ ਟਰੱਸਟ ਅਤੇ ਸ੍ਰ.ਜਤਿੰਦਰਪਾਲ ਸਿੰਘ ਦੀ ਹਾਜ਼ਰੀ ਵਿੱਚ ਦਰੁੱਸਤ ਕੀਤਾ ਗਿਆ।ਕਿਸੇ ਵੀ ਆਡੀਟਰ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਫਿਜੀਕਲ ਚੈਕਿੰਗ ਹੋਣੀ ਚਾਹੀਦੀ ਹੈ।ਜਦਕਿ ਸੀ.ਏ. ਦੀ ਸਾਲ 2015-16 ਦੀ ਰਿਪੋਰਟ ਵਿੱਚ ਆਮ ਸਟਾਕ ਦੀ ਫਿਜ਼ੀਕਲ ਵੈਰੀਫਿਕੇਸ਼ਨ ਬਾਰੇ ਜ਼ਿਕਰ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਜ਼ੀਕਲ ਵੈਰੀਫਿਕੇਸ਼ਨ ਸੰਬੰਧੀ ਕਿਤੇ ਵੀ ਕੋਈ ਜ਼ਿਕਰ ਨਹੀਂ ਹੈ।ਜੋ ਕਿ ਹੋਣਾ ਚਾਹੀਦਾ ਸੀ।ਸਰਕਾਰੀ ਆਡੀਟਰ ਨੇ ਕਦੀ ਵੀ ਸ੍ਰ.ਜਤਿੰਦਰਪਾਲ ਸਿੰਘ ਅਜਿਹਾ ਨਹੀਂ ਕਿਹਾ ਕਿ ਤੁਸੀਂ ਫਿਜੀਕਲ ਵੈਰੀਫਿਕੇਸ਼ਨ 31 ਮਾਰਚ ਨੂੰ ਕਰ ਕੇ ਰੱਖਿਆ ਕਰੋ ਤਾਂ ਜੋ ਬੈਲੈਂਸ ਸ਼ੀਟ ਦੇ ਨਾਲ ਜੋ ਲਿਸਟਾਂ ਨੱਥੀ ਹੁੰਦੀਆਂ ਹਨ ਉਹਨਾਂ ਦੇ ਬਕਾਇਆ ਦਾ ਮਿਲਾਣ ਮੌਜੂਦਾ ਸਟਾਕ ਨਾਲ ਹੋ ਸਕੇ।

7.33 **(ਲ) ਬਿਆਨ ਕਰਤਾ:- ਸ੍ਰ.ਜਰਨੈਲ ਸਿੰਘ ਕਲਰਕ**

ਸ੍ਰ.ਜਰਨੈਲ ਸਿੰਘ 03/07/1995 ਨੂੰ ਬਤੌਰ ਕਲਰਕ ਐੱਸ.ਜੀ.ਪੀ.ਸੀ. ਵਿੱਚ ਭਰਤੀ ਹੋਇਆ ਸੀ। ਮਿਤੀ 19/05/2016 ਦੀ ਜਦ ਘਟਣਾ ਵਾਪਰੀ, ਉਹਨਾਂ ਨੇ ਇਸਦੀ ਪੜਤਾਲ ਕੀਤੀ ਸੀ, ਸੁਪਰਵਾਈਜ਼ਰ ਹੋਣ ਦੇ ਨਾਤੇ ਇਹ ਪੜਤਾਲ ਉਹਨਾਂ ਨੂੰ ਦਿੱਤੀ ਗਈ ਸੀ, ਇਹਨਾਂ ਦੇ ਇੰਚਾਰਜ ਸ੍ਰ.ਕੁਲਦੀਪ ਸਿੰਘ ਰੋਡੇ ਸਨ। ਇਸ ਪੜਤਾਲ ਵਿੱਚ ਸ੍ਰ.ਸਿਮਰਨਜੀਤ ਸਿੰਘ ਇਹਨਾਂ ਦੇ ਸਹਿਯੋਗੀ ਸਨ, ਪੜਤਾਲ ਉਪਰੰਤ ਇਹਨਾਂ ਨੇ ਫਲਾਇੰਗ ਰਿਪੋਰਟ ਦਸਤਾਵੇਜ਼ ਲ/1 (ਬਿਆਨ ਬੁੱਕ ਭਾਗ 2 ਪੰਨਾ ਨੰ 274) ਪੇਸ਼ ਕੀਤੀ। ਉਹਨਾਂ ਨੇ ਦੱਸਿਆ ਕਿ ਪੜਤਾਲ ਕਰਦੇ ਸਮੇਂ ਇਹ ਦੋਨੋਂ ਹਮੇਸ਼ਾਂ ਇਕੱਠੇ ਹੀ ਰਹਿੰਦੇ ਸਨ। ਐਸਾ ਕਦੀ ਨਹੀਂ ਹੋਇਆ ਕਿ ਸ੍ਰ.ਜਰਨੈਲ ਸਿੰਘ ਇਕੱਲੇ ਪੜਤਾਲ ਕਰਕੇ ਆ ਗਏ ਹੋਣ। ਪੜਤਾਲ ਦੌਰਾਨ ਇਹ ਇੱਕ ਜਾਂ ਦੋ ਵਾਰ ਪਬਲੀਕ੍ਰੇਸ਼ਨ ਵਿਭਾਗ ਵਿਚ ਗਏ ਸਨ । ਪੜਤਾਲ ਦੌਰਾਨ ਉਹ ਮੌਕੇ 'ਤੇ ਸਾਲ 2020 ਵਿੱਚ ਜਦ ਗਏ ਤਾਂ ਪ੍ਰਬੰਧਕਾਂ ਦੇ ਅਨੁਸਾਰ ਉੱਥੇ ਚਾਰ ਪਲੰਘ ਹਾਲ ਨੰਬਰ 3 ਵਿੱਚ ਮੌਜੂਦ ਸਨ। ਵਾਰਦਾਤ ਦੇ ਬਾਰੇ ਇਹਨਾਂ ਨੂੰ ਪਬਲੀਕੇਸ਼ਨ ਵਿਭਾਗ ਦੇ ਸ੍ਰ.ਗੁਰਮੁਖ ਸਿੰਘ, ਸ੍ਰ.ਕੰਵਲਜੀਤ ਸਿੰਘ ਅਤੇ ਜਿਲਦ ਸਾਜ਼ ਸ੍ਰ.ਕੁਲਵੰਤ ਸਿੰਘ ਨੇ ਜਾਣੂ ਕਰਵਾਇਆ, ਜਿਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਏ.ਸੀ. ਸੀ ਜਾਂ ਨਹੀ। ਘਟਨਾ ਸਾਲ 2016 ਦੀ ਸੀ ਅਤੇ ਪੜਤਾਲ ਸਾਲ 2020 ਵਿੱਚ ਹੋ ਰਹੀ ਸੀ, ਇਸ ਕਾਰਨ ਕੋਈ ਸਹੀ ਢੰਗ ਨਾਲ ਦੱਸ ਨਹੀਂ ਪਾ ਰਿਹਾ ਸੀ। ਸ੍ਰ.ਕੰਵਲਜੀਤ ਸਿੰਘ ਦੇ ਅਨੁਸਾਰ ਉੱਥੇ 4 ਪਲੰਘ ਪਏ ਸਨ ਅਤੇ ਇਕ ਪਲੰਘ 'ਤੇ 20-21 ਪਾਵਨ ਸਰੂਪ ਬਿਰਾਜਮਾਨ ਹੋ ਸਕਦੇ ਸਨ, ਉੱਸ ਮੁਤਾਬਿਕ 80 ਪਾਵਨ ਸਰੂਪ ਨੁਕਸਾਨੇ ਗਏ ਸਨ। ਉਹਨਾਂ ਨੇ ਉੱਸ ਸਮੇਂ ਦੇ ਇੰਚਾਰਜ ਸ੍ਰ.ਪਰਮਦੀਪ ਸਿੰਘ, ਠੇਕੇਦਾਰ ਸ੍ਰ.ਕੁਲਵੰਤ ਸਿੰਘ ਅਤੇ ਤਕਰੀਬਨ ਸਾਰੇ ਗ੍ਰੰਥੀ ਸਿੰਘਾਂ ਨੂੰ ਪੁੱਛਿਆ। ਪਾਵਨ ਸਰੂਪਾਂ ਦੀ ਗਿਣਤੀ ਬਾਰੇ ਸਹੀ ਜਾਣਕਾਰੀ, ਪਬਲੀਕੇਸ਼ਨ ਵਿਭਾਗ ਦੇ ਕਿਸੇ ਵੀ ਅਧਿਕਾਰੀ ਜਾਂ ਮੁਲਾਜ਼ਮ ਨੇ ਨਹੀਂ ਦਿੱਤੀ ਜਦਕਿ ਉਹ ਮਿਤੀ 19/05/2016 ਨੂੰ ਡਿਊਟੀ ਤੇ ਸਨ। ਪੜਤਾਲ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੋ ਸਕੀ ਕਿਉਂਕਿ ਮੀਡੀਆ ਦੇ ਵਿੱਚ ਬਹੁਤ ਜ਼ਿਆਦਾ ਚਰਚਾ ਹੋਣ ਕਾਰਨ, ਐੱਸ.ਜੀ.ਪੀ.ਸੀ. ਨੇ ਇਹ ਪੜਤਾਲ ਸਿੰਘ ਸਾਹਿਬ ਜੀ ਨੂੰ ਸੌਂਪ ਦਿੱਤੀ। ਦਫਤਰ ਵਾਲਿਆਂ ਦੇ ਕਹਿਣ 'ਤੇ ਸ੍ਰ.ਜਰਨੈਲ ਸਿੰਘ ਨੇ ਪੜਤਾਲ ਵਿੱਚ ਹੀ ਛੱਡ ਦਿੱਤੀ, ਜਿਸਦੀ ਸਾਰੀ ਰਿਪੋਰਟ ਟਰੱਸਟ ਵਿਭਾਗ ਵਿਚ ਹੋਵੇਗੀ।

ਫਲਾਇੰਗ ਦੀ ਰਿਪੋਰਟ ਦਿਖਾਉਂਦੇ ਹੋਏ ਉਹਨਾਂ ਨੇ ਇੱਕ ਆਫਿਸ ਨੋਟ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਮਿਤੀ 24/02/2020 ਨੂੰ ਦਿੱਤਾ, ਜਿਸ ਵਿਚ ਸ੍ਰ.ਕੰਵਲਜੀਤ ਸਿੰਘ ਨੇ ਇਹ ਲਿਖਿਆ ਸੀ ਕਿ ਮਿਤੀ 19/05/2016 ਨੂੰ ਜੋ 80 ਪਾਵਨ ਸਰੂਪ ਨੁਕਸਾਨੇ ਗਏ ਸਨ, ਉਹ ਖਰਚੇ ਵਿੱਚ ਪਵਾਏ ਜਾਣ।

## 7.34 (ਵ) ਬਿਆਨ ਕਰਤਾ: ਸ੍ਰ.ਜਰਨੈਲ ਸਿੰਘ (ਡਰਾਈਵਰ ਐੱਸ.ਜੀ.ਪੀ.ਸੀ)

ਮਿਤੀ 19/05/2016 ਨੂੰ ਸ੍ਰ.ਜਰਨੈਲ ਸਿੰਘ ਡਰਾਈਵਰ, ਟਰਾਂਸਪੋਰਟ ਇੰਚਾਰਜ ਸ੍ਰ.ਨਿਰਮਲ ਸਿੰਘ ਦੇ ਆਦੇਸ਼ ਅਨੁਸਾਰ, ਬੱਸ ਨੰਬਰ ਪੀ.ਬੀ. 02 ਬੀ.ਜੇ. 9600 ਗੁਰਦਾਸ ਹਾਲ ਤੋਂ ਗੁਰਦੁਵਾਰਾ ਸ੍ਰੀ ਰਾਮਸਰ ਸਾਹਿਬ ਲੈਕੇ ਆਏ।ਰਾਮਸਰ ਪਹੁੰਚਦਿਆਂ ਹੀਂ ਉਹਨਾਂ ਨੇ ਤੇਲ ਪਾਣੀ ਚੈੱਕ ਕੀਤਾ ਅਤੇ ਡੀਜ਼ਲ ਥੋੜ੍ਹਾ ਹੋਣ ‘ਤੇ ਉਹਨਾਂ ਨੇ ਇਹ ਸੋਚਿਆ ਕਿ ਡੀਜ਼ਲ ਬੱਸ ਵਾਪਿਸ ਲੈਕੇ ਆਉਂਦੇ ਹੋਏ ਪਵਾ ਲੈਣਗੇ ਕਿਉਂਕਿ ਜਾਣ ਵੇਲੇ ਬੱਸ ਵਿਚ ਪਾਵਨ ਸਰੂਪ ਬਿਰਾਜਮਾਨ ਹੋਣਗੇ।ਬੱਸ ਦੇ ਵਿੱਚ ਬਿਰਾਜਮਾਨ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਇਹ ਪਤਾ ਹੈ ਕਿ ਰਾਮਸਰ ਸਾਹਿਬ ਵਿੱਚ ਕੋਈ ਸੰਗਤਾਂ ਦਾ ਇਕੱਠ ਸੀ ਜਾਂ ਕੋਈ ਟਾਸਕ ਫੋਰਸ ਉੱਥੇ ਲੱਗੀ ਸੀ।

ਉਹਨਾਂ ਦੇ ਮੁਤਾਬਿਕ ਜਿਸ ਬੱਸ ਵਿਚ ਪਾਵਨ ਸਰੂਪ ਜਾਂਦੇ ਹਨ, ਉੱਸ ਵਿੱਚ ਘਟ ਤੋਂ ਘਟ 5 ਸਿੰਘ ਹੁੰਦੇ ਹਨ, ਪਰ ਉਹਨਾਂ ਨੇ ਆਪਣੀ ਬੱਸ ਵਿੱਚ ਕਿੰਨੇ ਜਾਣੇ ਗਏ, ਇਹ ਗਿਣਤੀ ਨਹੀਂ ਕੀਤੀ।ਉਹਨਾਂ ਦੀ ਜਿੰਮੇਵਾਰੀ ਸਿਰਫ਼ ਬੱਸ ਚਲਾਉਣ ਦੀ ਹੈ।ਉਹਨਾਂ ਨੇ ਬੱਸ ਵਿਚੋਂ ਪਾਵਨ ਸਰੂਪ ਉਤਾਰਨ ਦੀ ਸੇਵਾ ਨਿਭਾਉਣੀ ਜ਼ਰੂਰੀ ਨਹੀਂ ਸਮਝੀ ਕਿਉਂਕਿ ਇਸ ਕੰਮ ਵਾਸਤੇ ਸੇਵਾਦਾਰ ਮੌਜੂਦ ਸਨ, ਅਤੇ ਉਹ ਆਪ ਦਰਸ਼ਨ ਕਰਨ ਲਈ ਚਲੇ ਗਏ।15-20 ਮਿੰਟ ਬਾਅਦ ਜੱਦ ਉਹ ਵਾਪਿਸ ਆਏ, ਤਾਂ ਬੱਸ ਵਿਚੋਂ ਪਾਵਨ ਸਰੂਪ ਲਿਜਾਏ ਜਾ ਚੁੱਕੇ ਸਨ।ਉਸ ਉਪਰੰਤ ਇੱਕ ਗ੍ਰੰਥੀ ਸਿੰਘ ਨੇ ਉਹਨਾਂ ਨੂੰ ਅੰਮ੍ਰਿਤਸਰ ਵਾਪਿਸ ਚੱਲਣ ਦੀ ਹਦਾਇਤ ਦਿੱਤੀ, ਜਿਸ ਗ੍ਰੰਥੀ ਦਾ ਨਾਮ ਉਹ ਨਹੀਂ ਜਾਣਦੇ, ਅਤੇ ਵਾਪਸੀ ਤੇ ਗਿਲਕੋ ਫਿਲਿੰਗ ਸਟੇਸ਼ਨ ਤੇ ਇਹਨਾਂ ਨੇ ਡੀਜ਼ਲ ਭਰਵਾਇਆ ਜਿਸਦੀ ਪਰਚੀ ਨੰਬਰ 52116 ਹੈ।ਉੱਸ ਪਰਚੀ ਦੇ ਉੱਪਰ ਸ੍ਰ.ਜਰਨੈਲ ਸਿੰਘ ਦੇ ਦਸਤਖਤ ਤੋਂ ਇਲਾਵਾ ਸ੍ਰ.ਹੀਰਾ ਸਿੰਘ ਗ੍ਰੰਥੀ ਦੇ ਦਸਤਖਤ ਹਨ, ਜਿਹਨਾਂ ਨੂੰ ਉਹ ਨਹੀਂ ਜਾਣਦੇ।ਇਹ ਬਿਆਨ ਸ੍ਰ.ਜਰਨੈਲ ਸਿੰਘ ਨੇ ਗ੍ਰੰਥੀ ਸ੍ਰ.ਹੀਰਾ ਸਿੰਘ ਦੇ ਸਾਹਮਣੇ ਦਿੱਤਾ ਅਤੇ ਕਿਹਾ ਕਿ ਉਹਨਾਂ ਨੂੰ ਨਹੀਂ ਪਤਾ ਕਿ ਜਿਸ ਸ੍ਰ.ਹੀਰਾ ਸਿੰਘ ਨੇ ਇਸ ਪਰਚੀ ਦੇ ਉਪਰ

ਦਸਤਖਤ ਕੀਤੇ, ਉਹ ਉਹੀ ਹੀਰਾ ਸਿੰਘ ਹਨ ਜੋ ਇਹਨਾਂ ਦੇ ਸਾਹਮਣੇ ਬੈਠੇ ਹਨ। ਉਹਨਾਂ ਅੱਗੇ ਦੱਸਿਆ ਕਿ ਉਹ ਉਸ ਹੀਰਾ ਸਿੰਘ ਨੂੰ ਬਹੁਤ ਪਹਿਲਾ ਤੋਂ ਜਾਣਦੇ ਹਨ, ਅਤੇ ਜੱਦ ਵੀ ਸ੍ਰੀ ਰਾਮਸਰ ਸਾਹਿਬ ਜਾਂਦੇ ਹਨ, ਉਹਨਾਂ ਨਾਲ ਚਾਹ-ਪਾਣੀ ਪੀਂਦੇ ਹਨ।

ਪਰ ਉਹ ਇਹ ਨਹੀਂ ਜਾਣਦੇ ਕਿ ਮਿਤੀ 19/05/2016 ਨੂੰ ਇਹ ਸ੍ਰ.ਹੀਰਾ ਸਿੰਘ ਉਹਨਾਂ ਦੇ ਨਾਲ ਬੱਸ ਵਿਚ ਸ੍ਰੀ ਗੋਇੰਦਵਾਲ ਸਾਹਿਬ ਗਏ ਸਨ ਜਾਂ ਨਹੀਂ। ਉਹਨਾਂ ਨੇ ਇਹ ਵੀ ਨਹੀਂ ਦੇਖਿਆ ਕਿ ਡੀਜ਼ਲ ਦੀ ਪਰਚੀ ਤੇ ਦਸਤਖਤ ਕਿਸਨੇ ਕੀਤੇ ਸਨ। ਉਹਨਾਂ ਨੇ ਕੇਵਲ ਪਰਚੀ ਪਿੱਛੇ ਗ੍ਰੰਥੀ ਸਿੰਘ ਨੂੰ ਫੜਾ ਕੇ ਦਸਤਖਤ ਕਰਨ ਲਈ ਬੇਨਤੀ ਕੀਤੀ ਪਰ ਉਹ ਇਹ ਨਹੀਂ ਜਾਣਦੇ ਕਿ ਪਰਚੀ ਤੇ ਦਸਤਖਤ ਕਿਸਨੇ ਕੀਤੇ।

### 7.35 (ੜ) ਬਿਆਨ ਕਰਤਾ: ਭਾਈ ਹੀਰਾ ਸਿੰਘ (ਗ੍ਰੰਥੀ)

ਭਾਈ ਹੀਰਾ ਸਿੰਘ ਜੀ ਨੇ ਆਪਣੇ ਬਿਆਨ ਵਿੱਚ ਦੱਸਿਆ ਹੈ ਕਿ ਉਹ ਇੱਕ ਮਹੀਨੇ ਵਿੱਚ ਤਕਰੀਬਨ 100 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰ ਲੈਂਦੇ ਸਨ ਅਤੇ ਮਈ 2016 ਮਹੀਨੇ ਦੀ 18 ਤਰੀਕ ਤੱਕ, 61 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰ ਚੁੱਕੇ ਸਨ। ਉਹਨਾਂ ਦਿਨਾਂ ਵਿੱਚ ਸ੍ਰ.ਕੰਵਲਜੀਤ ਸਿੰਘ ਇੰਚਾਰਜ ਸਨ। ਸ੍ਰ.ਕੰਵਲਜੀਤ ਸਿੰਘ ਹੀ ਜਿਲਦ ਸਾਜ਼ਾਂ ਤੋਂ ਪਾਵਨ ਸਰੂਪਾਂ ਦੀ ਗਿਣਤੀ ਲੈਂਦੇ ਸਨ ਅਤੇ ਅੱਗੋਂ ਗ੍ਰੰਥੀ ਸਾਹਿਬਾਨਾਂ ਨੂੰ ਦਿੰਦੇ ਸਨ। ਉਸ ਸਮੇਂ ਹੀਰਾ ਸਿੰਘ ਕੋਲ 2 ਕੋਡ ਸਨ। ਇਸੇ ਤਰ੍ਹਾਂ ਦੇ ਕੋਡ ਹਰ ਗ੍ਰੰਥੀ ਕੋਲ ਹੁੰਦੇ ਸਨ। ਐਂਟਰੀ ਸ੍ਰ.ਬਲਬੀਰ ਸਿੰਘ ਅਤੇ ਸ੍ਰ.ਦਲਬੀਰ ਸਿੰਘ ਸਟੋਰ ਕੀਪਰ ਕਰਦੇ ਸਨ।

ਇਹ ਤਕਰੀਬਨ 100 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਇੱਕ ਮਹੀਨੇ ਦੇ ਵਿੱਚ ਕਰ ਲੈਂਦੇ ਸਨ। ਮਿਤੀ 18/05/2016 ਤੱਕ ਮਈ ਦੇ ਮਹੀਨੇ 61 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰ ਚੁੱਕੇ ਸਨ। 19/05/2016 ਨੂੰ ਕਰੀਬ 5-7 ਵਜੇ ਸਵੇਰੇ ਹਾਲ ਨੰਬਰ 3 ਵਿੱਚ ਏ.ਸੀ. ਦੇ ਸ਼ਾਰਟ ਸਰਕਟ ਕਾਰਨ, ਪਰਦਿਆਂ ਨੂੰ ਪਲੰਘ ਨੂੰ ਅਤੇ ਕੁੱਝ ਪਾਵਨ ਸਰੂਪਾਂ ਨੂੰ ਸੇਕ ਪਹੁੰਚਿਆ, ਇਹ ਉਹ ਹਾਲ ਹੈ, ਜਿੱਥੇ ਪਾਵਨ ਸਰੂਪ ਦਰਸ਼ਨ ਵਿਚਾਰ ਕਰਨ ਉਪਰੰਤ ਬਿਰਾਜਮਾਨ ਕੀਤੇ ਜਾਂਦੇ ਹਨ। ਇਹਨਾਂ ਦਾ ਪਿੰਡ ਰਾਮਸਰ ਤੋਂ 35 ਕਿਲੋਮੀਟਰ ਦੂਰ ਹੋਣ ਕਰਨ , ਇਹ ਦਫਤਰ ਦੇ ਟਾਈਮ 9.15 ਸਵੇਰੇ ਪਹੁੰਚੇ ਅਤੇ ਦੇਖਿਆ ਕਿ ਫਾਇਰ ਬ੍ਰਿਗੇਡ ਅੱਗ ਭੁਜਾ ਕੇ ਜਾ ਚੁੱਕੀ ਸੀ। ਉੱਥੇ ਉਪਸਥਿਤ ਉੱਚ ਅਧਿਕਾਰੀਆਂ ਦੇ ਉਹਨਾਂ ਨੇ ਨਾਮ ਦੱਸੇ ਜਿੰਨਾ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

1.ਸ੍ਰ.ਹਰਚਰਨ ਸਿੰਘ, ਮੁੱਖ ਸਕੱਤਰ

2. ਡਾ. ਰੂਪ ਸਿੰਘ

3. ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ

ਅਤੇ ਹੋਰ ਪਬਲੀਕੇਸਨ ਵਿਭਾਗ ਦੇ ਗ੍ਰੰਥੀ ਵੀ ਮੌਜੂਦ ਸਨ ਜਿਨ੍ਹਾਂ ਵਿੱਚ

4. ਸ੍ਰ.ਕੁਲਵੰਤ ਸਿੰਘ

5 ਸ੍ਰ.ਉਂਕਾਰ ਸਿੰਘ

6. ਸ੍ਰ.ਬਲਬੀਰ ਸਿੰਘ

7.ਸ੍ਰ.ਗੁਰਜੀਤ ਸਿੰਘ

8. ਸ੍ਰ.ਸਤਵੰਤ ਸਿੰਘ.

9. ਸ੍ਰ.ਅਮਰਜੀਤ ਸਿੰਘ

10. ਸ੍ਰ.ਭੁਪਿੰਦਰ ਸਿੰਘ

11. ਸ੍ਰ.ਹੀਰਾ ਸਿੰਘ

12. ਸ੍ਰ.ਗੁਰਜਿੰਦਰ ਸਿੰਘ

13. ਸ੍ਰ.ਮਨਦੀਪ ਸਿੰਘ

14. ਸ੍ਰ.ਤੇਜਿੰਦਰ ਸਿੰਘ

15. ਸ੍ਰ.ਖੁਸ਼ਵੰਤ ਸਿੰਘ

16. ਸ੍ਰ.ਜਸਵਿੰਦਰ ਸਿੰਘ

17. ਸ੍ਰ.ਮਨੀ ਸਿੰਘ

18. ਸ੍ਰ.ਬਲਜੀਤ ਸਿੰਘ

19. ਸ੍ਰ.ਰਜਿੰਦਰ ਸਿੰਘ

20. ਸ੍ਰ.ਦਲੇਰ ਸਿੰਘ

ਪਹਿਲਾਂ ਤਾਂ ਕੁਝ ਸਮੇਂ ਤੱਕ ਉੱਚ ਅਧਿਕਾਰੀਆਂ ਨੇ ਕਿਸੇ ਨੂੰ ਉੱਪਰ ਨਹੀਂ ਜਾਣ ਦਿੱਤਾ,ਪਰ ਬਾਅਦ ਵਿੱਚ ਕੁਝ ਗ੍ਰੰਥੀ ਸਿੰਘਾਂ ਨੇ ਉੱਪਰ ਜਾ ਕੇ ਪਾਵਨ ਸਰੂਪਾਂ ਨੂੰ ਸਾਫ ਰੁਮਾਲਿਆਂ ਵਿੱਚ ਸੰਭਾਲ ਕੇ ਬੱਸ ਵਿਚ ਬਿਰਾਜਮਾਨ ਕਰਨ ਦਾ ਆਦੇਸ਼ ਦਿੱਤਾ।ਹਾਲ ਨੰਬਰ 3 ਵਿੱਚ ਜਾ ਕੇ ਇਹਨਾਂ ਨੇ ਜਿਹੜੇ ਪਾਵਨ ਸਰੂਪ ਸੇਕ ਨਾਲ ਅਤੇ ਪਾਣੀ ਨਾਲ ਨੁਕਸਾਨੇ ਗਏ ਸਨ, ਉਹਨਾਂ ਨੂੰ ਸਾਫ ਰੁਮਾਲਿਆਂ ਵਿੱਚ ਸੰਭਾਲ ਕੇ ਹਾਲ ਨੰਬਰ 3 ਦੇ ਮੂਹਰੇ, ਜਿੱਥੇ ਗ੍ਰੰਥੀ ਸਿੰਘ ਦਰਸ਼ਨ

ਵਿਚਾਰ ਕਰਦੇ ਹਨ, ਉੱਥੇ ਬਿਰਾਜਮਾਨ ਕਰ ਦਿੱਤਾ।ਉੱਥੇ ਕੁਝ 10-12 ਪਾਵਨ ਸਰੂਪ ਸਨ ਜਿਹੜੇ ਪ੍ਰਕਾਸ਼ ਕਰਨ ਯੋਗ ਨਹੀਂ ਸਨ।ਇਹਨਾਂ ਪਾਵਨ ਸਰੂਪਾਂ ਦੇ ਭਿੱਜੇ ਰੁਮਾਲੇ ਉਤਾਰ ਕੇ ਪੀਹੜੇ ਸਾਹਿਬ ‘ਤੇ ਬਿਰਾਜਮਾਨ ਕਰਕੇ ਦਰਸ਼ਨ ਕੀਤੇ ਅਤੇ ਸਾਫ ਰੁਮਾਲਿਆਂ ਵਿੱਚ ਸੰਭਾਲ ਦਿੱਤਾ।ਐਸਾ ਕੋਈ ਵੀ ਪਾਵਨ ਸਰੂਪ ਨਹੀਂ ਸੀ ਜਿਹੜਾ ਪੂਰੀ ਤਰ੍ਹਾਂ ਨਾਲ ਅਗਨ ਭੇਂਟ ਹੋ ਗਿਆ ਹੋਵੇ।ਕਿਸੇ ਦੇ ਕਿਨਾਰਿਆਂ ਨੂੰ ਸੇਕ ਲ਼ੱਗਾ ਸੀ ਪਰ ਪਾਣੀ ਦਾ ਪ੍ਰਭਾਵ ਜ਼ਿਆਦਾ ਹੋਣ ਕਰਕੇ, ਇਹ ਪ੍ਰਕਾਸ਼ ਕਰਨ ਯੋਗ ਨਹੀਂ ਸਨ ਇਹਨਾਂ ਨੁਕਸਾਨੇ ਗਏ ਪਾਵਨ ਸਰੂਪਾਂ ਨੂੰ ਬੱਸ ਵਿਚ ਬਿਰਾਜਮਾਨ ਕਰਨ ਉਪਰੰਤ, ਇਹ ਹਾਲ ਨੰਬਰ 3 ਵਿੱਚ ਆ ਕੇ ਬਾਕੀ ਗ੍ਰੰਥੀ ਸਿੰਘਾਂ ਦੇ ਨਾਲ, ਹਾਲ ਦੀ ਸਫਾਈ ਕਰਨ ਵਿੱਚ ਲੱਗ ਪਏ।ਬੱਸ ਦੇ ਵਿੱਚ ਪਾਵਨ ਸਰੂਪ ਕੌਣ ਲੈਕੇ ਗਿਆ ਅਤੇ ਕਿਹੜੇ ਗ੍ਰੰਥੀ ਸਿੰਘ ਨਾਲ ਗਏ, ਇਸ ਬਾਰੇ ਇਹਨਾਂ ਨੂੰ ਜਾਣਕਾਰੀ ਨਹੀਂ ਹੈ।ਇੱਕ ਪਲੰਘ ਸਾਹਿਬ, ਜੋ ਕਿ ਅੱਗ ਨਾਲ ਨੁਕਸਾਨਿਆ ਗਿਆ ਸੀ, ਉਸਨੂੰ ਇੱਕ ਪਾਸੇ ਰੱਖ ਦਿੱਤਾ ਅਤੇ ਸਾਰੇ ਗ੍ਰੰਥੀ ਉੱਸ ਟਾਈਮ ਉੱਥੇ ਸਨ, ਜਿਹਨਾਂ ਨੇ 3 ਨੰਬਰ ਹਾਲ ਸਾਫ ਕੀਤਾ ਅਤੇ ਪਲੰਘ ਨੂੰ ਚੁੱਕ ਕੇ ਪਾਸੇ ਰੱਖ ਦਿੱਤਾ।ਬਾਕੀ ਦੇ ਪਾਵਨ ਸਰੂਪਾਂ ਦਾ ਇਹਨਾਂ ਨੂੰ ਕੋਈ ਇਲਮ ਨਹੀਂ ਕਿਉਂਕਿ ਸਮਾਂ ਬਹੁਤ ਬੀਤ ਗਿਆ ਹੈ।ਏ.ਸੀ. ਦੇ ਅੱਗ ਲੱਗਣ ‘ਤੇ ਇਹਨਾਂ ਨੂੰ ਹੈਰਾਨਗੀ ਹੋਈ ਕਿਉਂਕਿ ਅੱਗ ਪਲੰਘ ਸਾਹਿਬ ਤੱਕ ਕਿਵੇਂ ਪਹੁੰਚ ਗਈ, ਜਦਕਿ ਏ.ਸੀ. ਬਾਰੀ ਦੇ ਵਿੱਚ ਲੱਗਿਆ ਹੋਇਆ ਸੀ ਅਤੇ ਏ.ਸੀ. ਦਾ ਫਰੇਮ ਜੋ ਲੱਕੜ ਦਾ ਸੀ, ਉਹ ਵੀ ਪੂਰੀ ਤਰ੍ਹਾਂ ਨਾਲ ਨਹੀਂ ਸੀ ਸੜਿਆ।ਐਸਾ ਕਹਿਣਾ ਗਲਤ ਹੈ ਕਿ ਜਿਸ ਪਲੰਘ ਤੋਂ ਇਹਨਾਂ ਨੇ ਪਾਵਨ ਸਰੂਪ ਚੁੱਕੇ ਸਨ, ਉਹ ਪਲੰਘ ਅੱਗ ਨਾਲ ਜਲ ਚੁੱਕਾ ਹੋਵੇ।

ਗ੍ਰੰਥੀ ਸਿੰਘਾਂ ਨੇ ਹਾਲ ਨੰਬਰ 3 ਵਿੱਚ ਪਾਣੀ ਦਾ ਪਾਈਪ ਲਗਾ ਕੇ ਸਫਾਈ ਕਰ ਦਿੱਤੀ ਸੀ।ਇਹਨਾਂ ਨੇ 3-4 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕੀਤੇ, ਜਿਸ ਕਾਰਨ ਉਹਨਾਂ ਦੇ ਹੱਥ ਤੇ ਕਾਲਖ ਲੱਗ ਗਈ।

ਪਾਵਨ ਸਰੂਪ ਦਰਸ਼ਨ ਵਿਚਾਰ ਕਰਨ ਉਪਰੰਤ ਸਾਫ ਰੁਮਾਲਿਆਂ ਵਿੱਚ ਲਪੇਟ ਕੇ ਅਲਮਾਰੀ ਵਿੱਚ ਬਿਰਾਜਮਾਨ ਕਰ ਦਿੱਤੇ।10 ਵਜੇ ਤੋਂ ਲੈ ਕੇ 11 ਵਜੇ ਤੱਕ ਗ੍ਰੰਥੀ ਸਿੰਘਾਂ ਨੇ ਦਰਸ਼ਨ ਵਿਚਾਰ ਕੀਤੇ।ਜਿਹੜੇ ਪਾਵਨ ਸਰੂਪਾਂ ਦੀ ਉਸ ਜਗ੍ਹਾ ਤੇ ਸੇਵਾ ਸੰਭਾਲ ਹੋਈ ਸੀ, ਉਹਨਾਂ ਦੇ ਆਕਾਰਾਂ ਦੀ ਸ੍ਰ.ਹੀਰਾ ਸਿੰਘ ਜੀ ਨੂੰ ਕੋਈ ਜਾਣਕਾਰੀ ਨਹੀਂ ਹੈ।

ਇਹਨਾਂ ਨੇ ਪਾਵਨ ਸਰੂਪਾਂ ਨੂੰ ਸੇਵਾ ਸੰਭਾਲ ਉਪਰੰਤ ਗੱਡੀ ਵਿੱਚ ਬਿਰਾਜਮਾਨ ਕਰਨ ਲਈ ਲਈ ਕੇ ਗਏ ਸਨ, ਜਿਸ ਵਿੱਚ 3-4 ਰੈਕ ਸਨ।ਇਹਨਾਂ ਨੇ ਸਿਰਫ਼ 1 ਹੀ ਪਾਵਨ ਸਰੂਪ ਦੀ ਸੇਵਾ ਕੀਤੀ ਜੀ ਇਹਨਾਂ ਨੇ ਗੱਡੀ ਵਿੱਚ ਖੜੇ ਸਿੰਘ ਨੂੰ ਸੌਂਪ ਦਿੱਤਾ ਅਤੇ ਉਸਨੇ ਅੱਗੋਂ ਕਿਸੇ ਰੈਕ ਵਿੱਚ ਬਿਰਾਜਮਾਨ ਕਰ ਦਿੱਤਾ।ਤਕਰੀਬਨ 20-22 ਸਿੰਘਾਂ ਦੀ ਡਿਊਟੀ ਲਗਾਈ ਗਈ ਸੀ।ਪਾਵਨ ਸਰੂਪਾਂ ਦੀ ਸਾਂਭ ਸੰਭਾਲ ਲਈ।ਉਸ ਜਗ੍ਹਾ ਤੇ ਦੁਰਘਟਨਾ ਦੇ ਟਾਈਮ 9.00 ਵਜੇ ਦੇ ਕਰੀਬ ਕਾਫੀ ਸੰਗਤ ਸੀ, ਪਰ ਕਿਸੇ ਨੂੰ ਵੀ ਉਪਰ ਨਹੀਂ ਸੀ ਜਾਣ ਦਿੱਤਾ ਅਤੇ ਨਾਂ ਹੀ ਕਿਸੇ ਨੂੰ ਬੱਸ ਵਿੱਚ ਪਏ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਦਿੱਤੇ ਗਏ ਸਨ ਕਿਉਂਕਿ ਉਸ ਜਗ੍ਹਾ ਤੇ ਟਾਸਕ ਫੋਰਸ ਲੱਗੀ ਹੋਈ ਸੀ।।

## 7.36 (ਓਓ) ਬਿਆਨ ਕਰਤਾ: ਸ.ਬਲਬੀਰ ਸਿੰਘ (ਗ੍ਰੰਥੀ)

ਸ੍ਰ.ਬਲਬੀਰ ਸਿੰਘ ਜੀ ਦਰਸ਼ਨ ਵਿਚਾਰ ਦੀ ਸੇਵਾ ਸਾਲ 2004 ਤੋਂ ਨਿਭਾਉਂਦੇ ਆ ਰਹੇ ਹਨ ਅਤੇ ਇੱਕ ਦਿਨ ਵਿੱਚ ਤਕਰੀਬਨ 5 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰਦੇ ਹਨ।ਇਹਨਾਂ ਨੇ ਦੱਸਿਆ ਕਿ ਤਕਰੀਬਨ 12 ਸਿੰਘ ਹਨ ਜੋ ਰੋਜ਼ ਦਰਸ਼ਨ ਵਿਚਾਰ ਕਰਦੇ ਹਨ ਅਤੇ ਇੱਕ ਪਾਵਨ ਸਰੂਪ ਨੂੰ ਦੋ ਵਾਰੀ ਚੈੱਕ ਕੀਤਾ ਜਾਂਦਾ ਹੈ।ਪਹਿਲੀ ਵਾਰ ਚੈੱਕ ਕਰਨ ਤੋਂ ਬਾਅਦ ਪਾਵਨ ਸਰੂਪ ਠੇਕੇਦਾਰ ਕੋਲ ਜਾਂਦੇ ਹਨ, ਉਹ ਕੱਢੀ ਗਈ ਉਣਤਾਈ ਨੂੰ ਠੀਕ ਕਰਦੇ ਹਨ ਅਤੇ ਪਾਵਨ ਸਰੂਪ ਫਿਰ ਦੂਸਰੀ ਵਾਰ ਚੈੱਕ ਕੀਤਾ ਜਾਂਦਾ ਹੈ ਫਿਰ ਕੋਈ ਉਣਤਾਈਹੋਵੇ ਤਾਂ ਕੱਢੀ ਜਾਂਦੀ ਹੈ, ਅਤੇ ਫਿਰ ਗ੍ਰੰਥੀ ਸਿੰਘ ਕੋਲ ਆਉਂਦਾ ਹੈ, ਉਸਤੋਂ ਬਾਅਦ ਹੀ ਸਟੋਰ ਇੰਚਾਰਜ ਕੋਲ ਜਾਂਦਾ ਹੈ।

ਸ੍ਰ.ਬਲਬੀਰ ਸਿੰਘ ਜੀ ਨੇ ਕਿਹਾ ਕਿ ਉਹ ਮਿਤੀ 19/05/2016 ਨੂੰ ਡਿਊਟੀ ਤੇ ਹਾਜ਼ਰ ਸਨ, ਪਰ ਉਹਨਾਂ ਨੂੰ ਹਾਲ ਨੰਬਰ 3 ਵਿੱਚ ਨਹੀਂ ਜਾਣ ਦਿੱਤਾ ਗਿਆ।ਉਹਨਾਂ ਦੱਸਿਆ ਜਿਹੜੇ ਪਾਵਨ ਸਰੂਪ ਉਹਨਾਂ ਨੇ ਦਰਸ਼ਨ ਵਿਚਾਰ ਕੀਤੇ, ਉਹ ਭਿੱਜੇ ਪਾਵਨ ਸਰੂਪ ਸਨ ਜਿਹਨਾਂ ਦੀਆਂ ਕੇਵਲ ਜਿਲਦਾਂ ਨੂੰ ਸੇਕ ਲੱਗਾ ਸੀ।ਦੁਪਹਿਰ 1.00 ਵਜੇ ਤੋਂ ਬਾਅਦ ਇਹਨਾਂ ਨੂੰ ਉੱਪਰ ਹਾਲ ਵਿਚ ਜਾਣ ਦਿੱਤਾ ਗਿਆ।ਇਹਨਾਂ ਨੇ ਬੱਸ ਵਿੱਚ ਪਾਵਨ ਸਰੂਪ ਰੱਖਣ ਦੀ ਸੇਵਾ ਨਹੀਂ ਕੀਤੀ ਅਤੇ ਤਕਰੀਬਨ 4 ਤੋਂ 5 ਪਾਵਨ ਸਰੂਪ ਚੈੱਕ ਕੀਤੇ।ਕੁਝ ਪਾਵਨ ਸਰੂਪ ਐਸੇ ਵੀ ਸਨ ਜਿਹਨਾਂ ਨੂੰ ਸੁਕਾ ਕੇ ਜਾਂ ਜਿਲਦਾਂ ਬਦਲ ਕੇ ਵੀ ਵਰਤਿਆ ਜਾ ਸਕਦਾ ਸੀ।ਤਕਰੀਬਨ 6-7 ਗ੍ਰੰਥੀ ਸਿੰਘ ਦਰਸ਼ਨ ਵਿਚਾਰ ਕਰ ਰਹੇ ਸਨ।ਪਾਵਨ ਸਰੂਪ ਵੱਡੇ ਆਕਾਰ ਦੇ ਵੀ ਹੋ ਸਕਦੇ ਹਨ, ਪਰ ਇਹਨਾਂ ਨੇ ਦਰਸ਼ਨ ਵਿਚਾਰ ਸਿਰਫ਼ ਦਰਮਿਆਨਾ ਆਕਾਰ ਪਾਵਨ ਸਰੂਪਾਂ ਦਾ ਕੀਤਾ।ਉੱਥੇ

ਕੋਈ ਰਾਖ ਨਹੀਂ ਸੀ ਪਰ ਕਾਲਾਪਨ ਸੀ।ਕੇਵਲ 1-2 ਪਲੰਘਾਂ ਨੂੰ ਹੀ ਸੇਕ ਲੱਗਿਆ ਹੋਇਆ ਸੀ ਅਤੇ ਸਿਰਫ਼ ਏ.ਸੀ. ਵਾਲੀ ਕੰਧ ਹੀ ਕਾਲੀ ਹੋਈ ਸੀ।ਪਾਵਨ ਸਰੂਪਾਂ ਤੋਂ ਬਗੈਰ ਉੱਥੇ ਕੋਈ ਅਜਿਹੀ ਚੀਜ਼ ਨਹੀਂ ਸੀ ਜੋ ਕਿ ਸੜ ਚੁੱਕੀ ਹੋਵੇ।ਸੇਵਾ ਕਰਦਿਆਂ ਹੱਥਾਂ ਨੂੰ ਕਾਲਖ ਨਹੀਂ ਸੀ ਲਗਦੀ ਕਿਉਂਕਿ ਪੂਰਨ ਰੂਪ ਵਿੱਚ ਨੁਕਸਾਨੇ ਹੋਏ ਪਾਵਨ ਸਰੂਪ ਪਹਿਲਾਂ ਹੀ ਉੱਥੋਂ ਲਿਜਾਏ ਜਾ ਚੁੱਕੇ ਹਨ।

ਸ੍ਰ.ਬਲਬੀਰ ਸਿੰਘ ਮੁਤਾਬਿਕ, ਇੱਕ ਪਲੰਘ ਤੇ ਵੱਡੇ ਆਕਾਰ ਦੇ 14 ਅਤੇ ਦਰਮਿਆਨਾ ਆਕਾਰ ਦੇ 18 ਦੇ ਕਰੀਬ ਪਾਵਨ ਸਰੂਪ ਬਿਰਾਜਮਾਨ ਕੀਤੇ ਜਾ ਸਕਦੇ ਹਨ।ਸਾਰੇ ਪਾਵਨ ਸਰੂਪਾਂ ਦੇ ਜਾਣ ਤੋਂ ਬਾਅਦ ਹੀ ਇਹਨਾਂ ਸਾਰਿਆਂ ਨੂੰ ਕਮਰਿਆਂ ਵਿੱਚ ਜਾਣ ਦਿੱਤਾ ਗਿਆ।ਸ੍ਰ.ਬਲਬੀਰ ਸਿੰਘ ਹੋਰਾਂ ਨੇ ਸੁਝਾਅ ਦਿੱਤਾ ਕਿ ਭਿੱਜੇ ਹੋਏ ਪਾਵਨ ਸਰੂਪਾਂ ਦਾ ਅੰਗ ਫੁੱਲ ਜਾਂਦਾ ਹੈ,ਇਹਨਾਂ ਉੱਪਰ ਭਾਰ ਪਾਇਆ ਜਾਵੇ ਪਰ ਇਹਨਾਂ ਨੂੰ ਨਹੀਂ ਪਤਾ ਕਿ ਅਜਿਹੀ ਕੋਈ ਕਾਰਵਾਈ ਕੀਤੀ ਗਈ ਜਾਂ ਨਹੀਂ।ਗਿੱਲੇ ਪਾਵਨ ਸਰੂਪਾਂ ਦਾ ਕੀ ਕੀਤਾ ਗਿਆ ਇਸ ਬਾਰੇ ਇਹਨਾਂ ਨੂੰ ਨਹੀਂ ਪਤਾ ਪਰ ਅਗਨ ਭੇਂਟ ਹੋਏ ਪਾਵਨ ਸਰੂਪ ਉਹਨਾਂ ਦੇ ਉੱਥੋਂ ਜਾਣ ਤੋਂ ਪਹਿਲਾਂ ਹੀ ਉੱਥੋਂ ਲਿਜਾਏ ਜਾ ਚੁੱਕੇ ਸਨ।ਉਹਨਾਂ ਕੋਲ ਜਿਲਦਬੰਦੀ ਤੋਂ ਬਾਅਦ ਭਿੱਜੇ ਹੋਏ ਪਾਵਨ ਸਰੂਪਾਂ ਵਿੱਚੋਂ ਕੋਈ ਪਾਵਨ ਸਰੂਪ ਨਹੀਂ ਆਇਆ।ਬੱਸ ਵਿੱਚ ਕਿੰਨੇ ਪਾਵਨ ਸਰੂਪ ਲਿਜਾਏ ਗਏ ਇਸ ਬਾਰੇ ਉਹਨਾਂ ਨੂੰ ਜਾਣਕਾਰੀ ਨਹੀਂ ਹੈ।ਇਸ ਘਟਨਾ ਨਾਲ ਇਹਨਾਂ ਦੇ ਮਨ ਨੂੰ ਬਹੁਤ ਠੇਸ ਪਹੁੰਚੀ ਸੀ ਅਤੇ ਇਹ ਨੇ 3 ਦਿਨ ਤੱਕ ਭੁੱਖਣ-ਭਾਣੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਅਤੇ ਗੁ:ਸ਼ਹੀਦਾਂ ਸਾਹਿਬ ‘ਤੇ ਅਰਦਾਸ ਬੇਨਤੀ ਕੀਤੀ।ਇਹਨਾਂ ਦਾ ਕਹਿਣਾ ਹੈ ਕਿ ਇਹ ਦਰਸ਼ਨ ਵਿਚਾਰ ਤੋਂ ਬਾਅਦ ਆਪਣੀ ਕਾਪੀ ਵਿੱਚ ਵੀ ਲਿਖਦੇ ਹਨ ਅਤੇ ਸ਼ਾਮ ਨੂੰ ਲੈਜ਼ਰ ਵਿੱਚ ਵੀ ਲਿਖਦੇ ਹਨ।ਇਹਨਾਂ ਨੇ ਮਿਤੀ 19/05/2016 ਨੂੰ 4 ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕੀਤੇ।ਦਰਸ਼ਨ ਵਿਚਾਰ ਉਪਰੰਤ ਪਾਵਨ ਸਰੂਪਾਂ ਨੂੰ ਸਟੋਰ ਵਿੱਚ ਬਿਰਾਜਮਾਨ ਕਰ ਦਿੱਤਾ।ਉਹਨਾਂ ਨੇ ਦੱਸਿਆ ਕਿ ਦਰਸ਼ਨ ਵਿਚਾਰ ਉਪਰੰਤ ਪਾਵਨ ਸਰੂਪਾਂ ਦੇ ਡਿਜ਼ੀਟਲ ਨੰਬਰ ਉਹ ਆਪਣੀ ਪ੍ਰਸਨਲ ਕਾਪੀ ਵਿੱਚ ਦਰਜ ਕਰ ਲੈਂਦੇ ਹਨ।ਉਸ ਦਿਨ ਕਿਸੇ ਨੇ ਵੀ ਵੱਡੇ ਆਕਾਰ ਦੇ ਪਾਵਨ ਸਰੂਪ ਦੇ ਦਰਸ਼ਨ ਵਿਚਾਰ ਨਹੀਂ ਦਿੱਤੇ ।

## 7.37 (ੳਅ) ਬਿਆਨ ਕਰਤਾ: ਸ੍ਰ.ਜੁਝਾਰ ਸਿੰਘ

ਸ੍ਰ.ਜੁਝਾਰ ਸਿੰਘ 1987 ਤੋਂ ਬਤੌਰ ਕਲਰਕ ਭਰਤੀ ਹੋਏ।ਪਹਿਲਾਂ ਉਹਨਾਂ ਨੇ 12 ਸਾਲ ਸ੍ਰੀ ਦਰਬਾਰ ਸਾਹਿਬ ਸੇਵਾ ਕੀਤੀ ਫਿਰ 10 ਸਾਲ ਅਕਾਊਂਟਸ ਵਿੱਚ ਕੰਮ ਕੀਤਾ।ਉਹਨਾਂ ਨੇ ਸ੍ਰ.ਰਣਜੀਤ ਸਿੰਘ ਮੀਤ ਸਕੱਤਰ ਦੇ ਨਾਲ ਬਤੌਰ ਸਹਾਇਕ ਸੁਪਰਵਾਈਜ਼ਰ ਪ੍ਰਚੇਜ਼ ਵਿੱਚ ਭਰਤੀ ਹੋਇਆ।2 ਸਾਲ ਉੱਥੇ ਸੇਵਾ ਨਿਭਾਈ ਫਿਰ ਫਲਾਇੰਗ ਵਿੱਚ ਸੇਵਾ ਨਿਭਾਈ।ਫਿਰ ਪ੍ਰਧਾਨ ਸਾਹਿਬ ਦੇ ਆਰਡਰ ਅਨੁਸਾਰ ਬਤੌਰ ਸੁਪਰਵਾਈਜ਼ਰ 3-4 ਮਹੀਨੇ ਸੇਵਾ ਨਿਭਾਈ।ਫਿਰ ਸਹਾਇਕ ਅਕਾਊਂਟ ਵਿੱਚ ਬਤੌਰ ਧਰਮ ਪ੍ਰਚਾਰ ਇੱਕ ਸਾਲ ਸੇਵਾ ਨਿਭਾਈ।

ਉਹਨਾਂ ਨੇ ਦੱਸਿਆ ਕਿ ਸਾਲ 2016 ਵਿੱਚ ਜਦੋਂ ਉਹ ਆਡਿਟ ਬ੍ਰਾਂਚ ਵਿੱਚ ਆਏ ਤਾਂ ਸਾਲ 2011-12 ਦਾ ਆਡਿਟ ਖੜਾ ਸੀ ਤੇ ਕੋਈ ਵੀ ਉਸਨੂੰ ਸੰਭਾਲਣ ਵਾਲਾ ਨਹੀਂ ਸੀ।ਉਹਨਾਂ ਲਈ ਕੰਮ ਸਿੱਖਣਾ ਵੀ ਅਸੰਭਵ ਸੀ।ਜਦ ਉਹਨਾਂ ਨੂੰ ਸਾਲ 2011-12 ਦੇ ਆਡਿਟ ਵਿੱਚ ਸੰਤੁਸ਼ਟੀ ਨਾ ਆਈ ਤਾਂ ਉਹਨਾਂ ਨੇ ਸਾਲ 2006 ਤੋਂ ਕਾਗਜ਼ ਦੇਖਣੇ ਸ਼ੁਰੂ ਕਰ ਦਿੱਤੇ।ਆਡਿਟ ਬ੍ਰਾਂਚ ਵਿੱਚ 7-8 ਸੇਵਾਦਾਰ ਸੀ ਪਰ ਉਹਨਾਂ ਨੂੰ ਆਡਿਟ ਦਾ ਕੰਮ ਨਹੀਂ ਆਉਂਦਾ ਸੀ।ਫਿਰ ਸ੍ਰ.ਜੁਝਾਰ ਸਿੰਘ ਨੇ ਪਿਛਲੇ ਰਿਕਾਰਡ ਦੇਖ ਕੇ ਬੈਲੈਂਸ ਸ਼ੀਟਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।ਉਸ ਤੋਂ ਬਾਅਦ ਸਾਲ 2011-12, 2012-13, 2013-14 ਸਾਰੀਆਂ ਬੈਲੈਂਸ ਸ਼ੀਟਾਂ ਤਿਆਰ ਕੀਤੀਆਂ, ਜਿਸ ਨੂੰ ਚੈੱਕ ਮੀਤ ਸਕੱਤਰ ਸ੍ਰ.ਸਤਿੰਦਰ ਸਿੰਘ ਅਤੇ ਸ੍ਰ.ਜੇ.ਪੀ ਸਿੰਘ ਕਰਦੇ ਸੀ।ਸ੍ਰ.ਜੁਝਾਰ ਸਿੰਘ ਨੇ ਦੱਸਿਆ ਕਿ ਉਹ ਮੇਰੇ ਤੋਂ ਆਡਿਟ ਲੈ ਕੇ ਵਾਧਾ-ਘਾਟਾ ਠੀਕ ਕਰ ਦਿੰਦੇ ਸੀ ਅਤੇ ਜਦੋਂ ਸ੍ਰ.ਜੁਝਾਰ ਸਿੰਘ ਕੋਈ ਇਤਰਾਜ਼ ਲਾਉਂਦਾ ਤਾਂ ਸ੍ਰ.ਜੇ.ਪੀ ਸਿੰਘ, ਸ੍ਰ.ਇੰਦਰਪਾਲ ਸਿੰਘ ਅਤੇ ਮੀਤ ਸਕੱਤਰ ਕਹਿੰਦੇ ਤੇਰੇ ਕਹਿਣ ਤੇ ਅਸੀਂ ਬੈਲੈਂਸ ਸ਼ੀਟ ਨਹੀਂ ਬਣਾਉਂਦੇ ਕਿਉਂਕਿ ਉਸ ਉੱਤੇ ਸ੍ਰ.ਜੁਝਾਰ ਸਿੰਘ ਦੇ ਦਸਤਖਤ ਨਹੀਂ ਹੁੰਦੇ ਸੀ।ਫਿਰ ਉਹਨਾਂ ਦੀ ਤਬਦੀਲੀ ਬਿਨ੍ਹਾਂ ਦੱਸੇ ਟਰੱਸਟ ਬ੍ਰਾਂਚ ਵਿੱਚ ਜੂਨ 2019 ਵਿੱਚ ਕਰ ਦਿੱਤੀ ਗਈ।ਆਡਿਟ ਬ੍ਰਾਂਚ ਵਿੱਚ ਕੰਮ ਕਰਨ ਦੇ ਦੌਰਾਨ ਉਹਨਾਂ ਨੇ ਸ੍ਰ.ਬਾਜ ਸਿੰਘ ਦੇ ਆਡਿਟ ਨੂੰ ਦੇਖਦਿਆਂ ਵਸੂਲਣ ਵਾਲੇ ਖਾਤੇ ਵਿੱਚ ਸਾਲ 2013-14, 2014-15 ਅਤੇ ਇੱਕ ਸਾਲ ਹੋਰ ਦੇ 9,82,700/-ਰੁਪਏ ਸ੍ਰ.ਬਾਜ ਸਿੰਘ ਦੇ ਨਾਲ ਕੱਢੀ ਜੋ ਫਲਾਇੰਗ ਪੜਤਾਲ ਲਈ ਭੇਜੀ ਅਤੇ ਉਸ ਪੜਤਾਲ ਵਿੱਚ ਸ੍ਰ.ਜੁਝਾਰ ਸਿੰਘ ਵੀ ਸ਼ਾਮਲ ਸੀ।ਇਹ ਪੜਤਾਲ ਸ੍ਰ.ਮਹਿੰਦਰ ਸਿੰਘ ਆਲੀ ਦੇ ਕਹਿਣ ‘ਤੇ ਹੋਈ ਅਤੇ ਇਸਦੇ ਮੈਂਬਰ ਸ੍ਰ.ਜਰਨੈਲ ਸਿੰਘ, ਸ੍ਰ.ਜਗਰੂਪ ਸਿੰਘ ਅਤੇ ਸ੍ਰ.ਜੁਝਾਰ ਸਿੰਘ ਸੀ।

ਇਸ ਪੜਤਾਲ ਵਿੱਚ ਬਹੁਤ ਹੀ ਦੋਸ਼ ਸਾਹਮਣੇ ਆਏ, ਜੋ ਇਸ ਪ੍ਰਕਾਰ ਹਨ:-

1. ਸ੍ਰ.ਬਾਜ਼ ਸਿੰਘ ਤੇ ਗਬਨ ਦਾ ਦੋਸ਼
2. ਸ੍ਰ.ਕੰਵਲਜੀਤ ਸਿੰਘ ਤੇ ਹਿਸਾਬ ਕਿਤਾਬ ਨੂੰ ਸਹੀ ਨਾ ਰੱਖਣ ਦਾ ਦੋਸ਼
3. ਚੀਫ ਅਕਾਊਂਟੈਂਟ ਸ੍ਰ.ਇੰਦਰਪਾਲ ਸਿੰਘ ਅਤੇ ਅਕਾਊਂਟੈਂਟ ਸ੍ਰ.ਗੋਪਾਲ ਸਿੰਘ ਤੇ ਹਿਸਾਬ ਕਿਤਾਬ ਸਹੀ ਤਰੀਕੇ ਨਾਲ ਮਿਲਾਨ ਨਾ ਕਰਨ ਦਾ ਦੋਸ਼ ਪਾਇਆ ਗਿਆ ਸੀ।

ਇਹਨਾਂ ਵੱਲੋਂ ਦਿੱਤੀ ਗਈ ਰਿਪੋਰਟ ਤਕਰੀਬਨ 8 ਪੰਨਿਆਂ ਦੀ ਸੀ।

ਸ੍ਰ.ਬਾਜ਼ ਸਿੰਘ ਕੋਲੋਂ ਲੈਣ ਵਾਲਾ ਪੈਸਾ ਉਸਦੇ ਪੀ.ਐਫ. ਵਿੱਚੋਂ ਕੱਟਿਆ ਗਿਆ ਅਤੇ ਕੁਝ ਨਕਦ ਵੀ ਜਮ੍ਹਾਂ ਕਰਵਾ ਲਏ ਗਏ।

ਸ੍ਰ.ਜੁਝਾਰ ਸਿੰਘ ਨੇ ਦੱਸਿਆ ਕਿ ਦੋ ਬ੍ਰਾਚਾਂ ਅਜਿਹੀਆਂ ਹਨ ਜੋ ਫਲਾਇੰਗ ਅਤੇ ਖ੍ਰੀਦ ਦੀ, ਜਿੱਥੇ ਸੱਚੇ ਤੇ ਇਮਾਨਦਾਰ ਵਿਅਕਤੀ ਲਗਾਏ ਜਾਣ ਤਾਂ ਕਰੋੜਾਂ ਰੁਪਏ ਬਚ ਸਕਣ।ਇੱਥੇ ਸੰਸਥਾ ਵਿੱਚ ਸੀ.ਏ. ਕੋਹਲੀ ਦੀ ਬਹੁਤ ਜਿਆਦਾ ਦਖਲ-ਅੰਦਾਜ਼ੀ ਹੈ ਜਿਸ ਉੱਤੇ ਸੰਸਥਾ ਨੂੰ ਧਿਆਨ ਦੇਣਾ ਚਾਹੀਦਾ ਹੈ।

ਉਹਨਾਂ ਨੇ ਸਾਲ 2012-13 ਤੋਂ ਸਟੋਰ ਲੈਜ਼ਰ ਚੈੱਕ ਕੀਤੇ ਹਨ ਅਤੇ ਆਡਿਟ ਕਰਕੇ ਬੈਲੈਂਸ ਸ਼ੀਟਾਂ ਕੱਢੀਆਂ ਹਨ ਤੇ ਸ੍ਰ.ਕੰਵਲਜੀਤ ਸਿੰਘ ਦਾ ਹਿਸਾਬ ਕਿਤਾਬ ਰੱਖਣ ਦਾ ਤਰੀਕਾ ਬਹੁਤ ਹੀ ਕਮਜ਼ੋਰ ਸੀ, ਜੋ ਰਿਕਾਰਡ (ਸਟੋਰ ਰਜਿਸਟਰ) ਨੂੰ ਟੈਲੀ ਕਰਾਉਣ, ਉਸ ਤੇ ਨਿਕਲੀ ਦਫਤਰੀ ਅਕਾਊਂਟ ਪਾਵਨ ਸਰੂਪਾਂ ਦਾ ਆਪਣੇ ਲੈਜ਼ਰ ਵਿੱਚ ਲਿਜਾ ਕੇ ਦਰੁੱਸਤ ਕਰਦਾ ਰਿਹਾ।ਇਸ ਕਾਰਨ ਇਹਨਾਂ ਲੈਜ਼ਰਾਂ ‘ਤੇ ਓਵਰ ਰਾਈਟਿੰਗ ਹੈ ਅਤੇ ਪੈਂਸਿੱਲ ਨਾਲ ਲਿਖੀਆਂ ਰਕਮਾਂ ਇੱਕ ਦੂਜੇ ਨਾਲ ਮਿਲਾਨ ਨਹੀਂ ਕਰਦੀਆਂ।ਇਸ ਲਈ ਓਪਨਿੰਗ ਅਤੇ ਕਲੋਜ਼ਿੰਗ ਬੈਲੈਂਸ ਵਿੱਚ ਤਬਦੀਲੀਆਂ ਹਨ, ਜਿਸਦੀ ਇੰਚਾਰਜ ਮੀਤ ਸਕੱਤਰ ਅਤੇ ਆਡਿਟ ਬ੍ਰਾਂਚ ਨੂੰ ਸਹੀ ਤਰੀਕੇ ਨਾਲ ਵਾਚਣ ਦੀ ਲੋੜ ਸੀ।

**7.38 <u>(ਓਇ) ਬਿਆਨ ਕਰਤਾ :- ਭਾਈ ਦਲਬੀਰ ਸਿੰਘ (ਸਹਾਇਕ ਗ੍ਰੰਥੀ)</u>**

ਭਾਈ ਦਲਬੀਰ ਸਿੰਘ ਅਕਤੂਬਰ 2000 ਵਿੱਚ ਬਤੌਰ ਸਹਾਇਕ ਗ੍ਰੰਥੀ ਭਰਤੀ ਹੋਇਆ ਸੀ ਅਤੇ ਇਸ ਵੇਲੇ ਉਹ ਹੈਲਪਰ ਦੀ ਡਿਊਟੀ ਤੇ ਹੈ।

ਭਾਈ ਦਲਬੀਰ ਸਿੰਘ ਨੇ ਦੱਸਿਆ ਕਿ ਉਹ ਸਾਲ 2012 ਤੋਂ ਇਸ ਸ਼ੋਅ ਰੂਮ ਵਿੱਚ ਹੈ ਅਤੇ ਇੱਥੇ ਹੀ ਡਿਊਟੀ ਕਰਦਾ ਹੈ।ਜਦੋਂ ਵੀ ਉਸਨੂੰ ਸ਼ੋਅ ਰੂਮ ਦੇ ਵਿੱਚ ਪਾਵਨ ਸਰੂਪਾਂ ਦੀ ਲੋੜ ਹੁੰਦੀ ਹੈ, ਉਹ ਮੌਜੂਦਾ ਸੁਪਰਵਾਈਜ਼ਰ ਜਾਂ ਇੰਚਾਰਜ ਤੋਂ ਬੇਨਤੀ ਕਰ ਕੇ ਲੈ ਲੈਂਦਾ ਹੈ।ਸਾਲ 2012 ਤੋਂ ਲੈ ਕੇ ਅੱਜ ਤੱਕ ਉਸਨੇ ਕਦੇ ਵੀ ਲਿਖਤੀ ਰੂਪ ਵਿੱਚ ਸੁਪਰਵਾਈਜ਼ਰ ਜਾਂ ਇੰਚਾਰਜ ਨੂੰ ਲਿਖ ਕੇ ਨਹੀਂ ਦਿੱਤਾ ਕਿ ਉਸਨੂੰ ਕਿੰਨੇ ਪਾਵਨ ਸਰੂਪ ਚਾਹੀਦੇ ਹਨ ਅਤੇ ਨਾ ਹੀ ਉਨ੍ਹਾਂ ਨੇ ਉਸ ਕੋਲੋਂ ਕਦੀ ਕੋਈ ਐਂਟਰੀ ਕਿਸੇ ਵੀ ਲੈਜ਼ਰ ਤੇ ਪਵਾਈ ਹੈ,ਜਦੋਂ ਪਾਵਨ ਸਰੂਪ ਉਹ ਉਸਨੂੰ ਦਿੰਦੇ ਸਨ।

ਸਾਲ 2012 ਵਿੱਚ ਜਦੋਂ ਭਾਈ ਦਲਬੀਰ ਸਿੰਘ ਨੂੰ ਸ਼ੋਅ ਰੂਮ ਵਿੱਚ ਨਿਯੁਕਤ ਕੀਤਾ ਉਸ ਸਮੇਂ ਉਸ ਤੋਂ ਸੀਨੀਅਰ ਕਲਰਕ ਸ੍ਰ.ਸੁਖਦੇਵ ਸਿੰਘ ਸਨ।ਉਹ ਪਾਵਨ ਸਰੂਪ ਲੈਂਦੇ ‘ਤੇ ਦਿੰਦੇ ਸਨ, ਅਤੇ ਭਾਈ ਦਲਬੀਰ ਸਿੰਘ ਉਨ੍ਹਾਂ ਨਾਲ ਸਹਾਇਕ ਗ੍ਰੰਥੀ ਸੀ।ਸਾਲ 2015 ਵਿੱਚ, ਸਤਵੇਂ ਮਹੀਨੇ ਉਹ ਹੈਲਪਰ ਦੀ ਪੋਸਟ ‘ਤੇ ਆ ਗਿਆ।ਸਤੰਬਰ 2016 ਨੂੰ ਸ੍ਰ.ਸੁਖਦੇਵ ਸਿੰਘ ਜੀ ਰਿਟਾਇਰ ਹੋਏ, ਉਸ ਸਮੇਂ ਤੋਂ ਬਾਅਦ ਇਹ ਸ਼ੋਅ ਰੂਮ ਦਾ ਪ੍ਰਬੰਧ ਭਾਈ ਦਲਬੀਰ ਸਿੰਘ ਕੋਲ ਆ ਗਿਆ।ਕਿਉਂਕਿ ਸ੍ਰ.ਸੁਖਦੇਵ ਸਿੰਘ ਜੀ ਰਿਟਾਇਰ ਹੋ ਗਏ ਸਨ, ਇਸ ਕਰਕੇ ਸ਼ੋਅ ਰੂਮ ਦੀ ਸੇਵਾ ਭਾਈ ਦਲਬੀਰ ਸਿੰਘ ਨੂੰ ਪ੍ਰਾਪਤ ਹੋਈ।ਸਾਲ 2017-18 ਦੇ ਆਰਡਰ ਬੁੱਕ ਜਨਰਲ, ਐੱਸ.ਜੀ.ਪੀ.ਸੀ. ਪੰਨਾ ਨੰਬਰ 11 ਤੇ ਪਬਲੀਕੇਸ਼ਨ ਵਿਭਾਗ ਵਿੱਚ ਸ੍ਰ.ਦਲਬੀਰ ਸਿੰਘ ਸਪੁੱਤਰ ਲਾਲ ਸਿੰਘ ਦਾ ਜ਼ਿਕਰ ਸੀਰੀਅਲ ਨੰਬਰ 291 ਹੈ ਜੋ ਕਿ ਮਿਤੀ 01/04/2019 ਦੀ ਲਿਖਤ ਹੈ।ਜਿਸ ਵਿੱਚ ਉਹਨਾਂ ਦੀ ਤਨਖਾਹ 5250-31200-16375-625 ਕੁੱਲ 17,000 ਰੁਪਏ ਹੈ।ਉਹਨਾਂ ਨੂੰ ਸਹਾਇਕ ਗ੍ਰੰਥੀ ਤੋਂ ਹੈਲਪਰ ਦੀ ਡਿਊਟੀ ਤੇ ਬਦਲ ਦਿੱਤਾ ਗਿਆ।ਭਾਈ ਦਲਬੀਰ ਸਿੰਘ ਦੇ ਆਰਡਰ ਤੇ ਲਿਖਿਆ ਹੈ ਕਿ ਸਹਾਇਕ ਗ੍ਰੰਥੀ ਦਾ ਦਰਜਾ ਹੈਲਪਰ ਜਿੰਨਾ ਹੀ ਹੈ।ਇਕੱਲਾ ਸਿੰਘ ਕਦੇ ਵੀ ਉੱਪਰੋਂ ਪਾਵਨ ਸਰੂਪ ਥੱਲ੍ਹੇ ਨਹੀਂ ਲਿਆ ਸਕਦਾ ਅਤੇ ਉਹਨਾਂ ਨੇ ਸਾਲ 2012 ਤੋਂ ਕਦੀ ਵੀ ਪਾਵਨ ਸਰੂਪ ਨਹੀਂ ਲਿਆਂਦਾ।

ਭਾਈ ਦਲਬੀਰ ਸਿੰਘ ਨੇ ਦੱਸਿਆ ਕਿ ਪਬਲੀਕੇਸ਼ਨ ਵਿਭਾਗ ਵਿੱਚ ਸਾਲ 2012 ਤੋਂ ਲੈ ਕੇ ਹੁਣ ਤੱਕ ਕੋਈ ਵੀ ਸੀ.ਸੀ.ਟੀ.ਵੀ ਕੈਮਰਾ ਨਹੀਂ ਲੱਗਿਆ ਹੈ, ਜਿੱਥੇ ਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਬਿਰਾਜਮਾਨ ਹਨ।ਹਾਲ ਨੰਬਰ 3, ਹਾਲ ਨੰਬਰ 5 ਵਿੱਚ ਜਿੱਥੇ ਪਾਵਨ ਸਰੂਪ ਗ੍ਰੰਥੀ ਸਿੰਘਾਂ ਤੋਂ ਦਰਸ਼ਨ ਵਿਚਾਰ ਹੋਣ ਉਪਰੰਤ ਜਮ੍ਹਾਂ ਕੀਤੇ ਜਾਂਦੇ ਹਨ, ਉੱਥੇ ਵੀ ਕੋਈ ਕੈਮਰਾ ਨਹੀਂ ਲੱਗਾ ਹੈ ਅਤੇ ਨਾਂ ਹੀ ਉਹਨਾਂ ਦੇ ਸ਼ੋਅ ਰੂਮ ਵਿੱਚ ਕੋਈ ਕੈਮਰਾ ਹੈ।ਭਾਈ ਦਲਬੀਰ ਸਿੰਘ ਛੁੱਟੀਆਂ ਵਿੱਚ

ਵੀ ਸ਼ੋਅ ਰੂਮ ਦੇ ਵਿੱਚ ਹੁੰਦਾ ਸੀ।ਉਹਨਾਂ ਦੱਸਿਆ ਕਿ ਉਹ ਛੁੱਟੀਆਂ ਬਹੁਤ ਘੱਟ ਲੈਂਦਾ ਹੈ।ਉਹ ਜਦੋਂ ਦਾ ਭਰਤੀ ਹੋਇਆ ਹੈ, ਉਹ ਆਪਣੇ ਸਲਾਨਾ ਸੀ.ਲੀਵ ਵਿੱਚੋਂ 6-7 ਛੁੱਟੀਆਂ ਛੱਡ ਦਿੰਦਾ ਹੈ।ਕਦੇ ਵੱਧ ਵੀ ਛੱਡ ਦਿੰਦਾ ਹੈ।ਛੁੱਟੀਆਂ ਵਿੱਚ ਪਾਵਨ ਸਰੂਪ ਦੇ ਬਿੱਲ ਕੱਟੇ ਹੋਏ ਹੋਣਗੇ।ਜਿਹੜੀਆਂ ਰਸੀਦਾਂ ਪੁਰਾਤਨ ਬਿਰਧ ਪਾਵਨ ਸਰੂਪਾਂ ਦੀ ਜਿਲਦਬੰਦੀ, ਜੋ ਕਿ ਸੰਗਤਾਂ ਵੱਲੋਂ ਆਉਂਦੇ ਹਨ, ਉਨ੍ਹਾਂ ਦੀਆਂ ਰਸੀਦਾਂ ਉਨ੍ਹਾਂ ਕੋਲ ਪਈਆਂ ਹਨ ਜੋ ਕਿ ਸੰਗਤਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ ਜੋ ਕਿ ਰਿਕਾਰਡ ਤੌਰ ‘ਤੇ ਉਹਨਾਂ ਨੇ ਆਪਣੇ ਕੋਲ ਰੱਖੀਆਂ ਹਨ ਤੇ ਕਦੇ ਕਦੇ ਭਾਈ ਦਲਬੀਰ ਸਿੰਘ ਤੇ ਸ੍ਰ.ਬਾਜ਼ ਸਿੰਘ ਜਾਂ ਕੋਈ ਹੋਰ ਸਿੰਘ ਦਫਤਰ ਵਿੱਚ ਜਮ੍ਹਾਂ ਕਰਾ ਦਿੰਦੇ ਸਨ।

ਸਾਲ 2012 ਤੋਂ ਲੈ ਕੇ ਹੁਣ ਤੱਕ ਸੱਚਖੰਡ ਦਾ ਕੋਈ ਵੀ ਰਜਿਸਟਰ ਨਹੀਂ ਲੱਗਿਆ ਜਿੱਥੋਂ ਉਹ ਪਾਵਨ ਸਰੂਪ ਲੈ ਕੇ ਆਉਂਦੇ ਹਨ।ਸ਼ੋਅ ਰੂਮ ਜਿਸਦਾ ਰਜਿਸਟਰ ਜਿਸ ਵਿੱਚ ਪਾਵਨ ਸਰੂਪ ਸੰਗਤਾਂ ਨੂੰ ਦਿੰਦੇ ਹਾਂ, ਉਸਦੇ ਪੇਜ ਨੰਬਰ 46 ਅਤੇ 47 ਤੇ ਸ੍ਰ.ਸੁਰਜੀਤ ਸਿੰਘ ਅਤੇ ਸ੍ਰ.ਸਰਬਜੀਤ ਸਿੰਘ ਗੁ: ਇੰਸਪੈਕਟਰ ਨੇ ਸ਼ੋਅ ਰੂਮ ਦੀ ਫਿਜ਼ੀਕਲ ਇੰਸਪੈਕਸ਼ਨ ਕੀਤੀ, ਉਸ ਵਿੱਚ ਉਨਾਂ ਨੇ ਕਿਤੇ ਵੀ ਮਿਤੀ ਨਹੀਂ ਪਾਈ ਅਤੇ ਨਾ ਹੀ ਉਨ੍ਹਾਂ ਨੇ ਕਿੰਨੇ ਪਾਵਨ ਸਰੂਪ ਸ਼ੋਅ ਰੂਮ ਵਿੱਚ ਪਏ ਹਨ, ਉਨਾਂ ਦਾ ਵੇਰਵਾ ਦਿੱਤਾ ਹੈ, ਕੇਵਲ ਉਨਾਂ ਦੇ ਦਸਤਖਤ ਹਨ, ਉਹ ਵੀ ਬਿਨਾਂ ਤਰੀਕ ਤੋਂ।ਇਸ ਤੋਂ ਇਲਾਵਾ ਕੋਈ ਵੀ ਵੇਰਵਾ ਹੋਰ ਨਹੀਂ ਪਾਇਆ ਗਿਆ ਅਤੇ ਨਾ ਹੀ 100 ਦਾ ਜਦੋਂ ਡੁੱਚ ਪੂਰਾ ਹੋ ਜਾਂਦਾ ਹੈ, ਉਸਦੀ ਐਂਟਰੀ ਜਾਂ ਜ਼ਿਕਰ ਉਹ ਇਸ ਸਟੋਰ ਰਜਿਸਟਰ ਵਿੱਚ ਕਦੇ ਨਹੀਂ ਕਰਦਾ।

ਭਾਈ ਦਲਬੀਰ ਸਿੰਘ ਨੇ ਦੱਸਿਆ ਕਿ ਜੋ ਬਿਰਧ ਪਾਵਨ ਸਰੂਪ ਉਹਨਾਂ ਕੋਲ ਆਉਂਦੇ ਹਨ, ਉਨ੍ਹਾਂ ਦਾ ਰਜਿਸਟਰ ਅਸੀਂ ਮੇਨਟੇਨ ਕੀਤਾ ਹੈ, ਪਰ ਜਦੋਂ ਇਹ ਪਾਵਨ ਸਰੂਪ ਸੇਵਾ ਲਈ ਬਾਹਰ ਜਾਂਦੇ ਹਨ ਸ੍ਰੀ ਗੋਇੰਦਵਾਲ ਸਾਹਿਬ, ਉਹਨਾਂ ਨੇ ਕਦੇ ਵੀ ਉਸਦੀ ਕੋਈ ਐਂਟਰੀ ਨਹੀਂ ਕੀਤੀ।

ਬਿਰਧ ਪਾਵਨ ਸਰੂਪਾਂ ਦੇ ਰਜਿਸਟਰ ਦੀ ਸੇਵਾ ਭਾਈ ਸੁਖਦੇਵ ਸਿੰਘ ਕਲਰਕ (ਜੋ ਕਿ ਸੇਵਾ ਮੁਕਤ ਹੋ ਚੁੱਕੇ ਹਨ)ਨਿਭਾ ਰਹੇ ਸਨ, ਉਸ ਵੇਲੇ ਭਾਈ ਦਲਬੀਰ ਸਿੰਘ ਵੀ ਉਨ੍ਹਾਂ ਦੇ ਨਾਲ ਸੇਵਾ ਨਿਭਾ ਰਿਹਾ ਸੀ।ਭਾਈ ਦਲਬੀਰ ਸਿੰਘ ਓਹੁਨਾਂ ਦਾ ਰਜਿਸਟਰ ਤੇ ਉਹਨਾਂ ਦੀ ਲਿਖਾਈ ਪਛਾਣਦਾ ਸੀ।ਇਸ ਰਜਿਸਟਰ ਵਿਚ 30/07/2016 ਨੂੰ ਬਿਰਧ ਪਾਵਨ ਸਰੂਪ ਗੋਇੰਦਵਾਲ

ਸਾਹਿਬ ਭੇਜੇ ਗਏ, ਜਿਸ ਦੀ ਐਂਟਰੀ ਰਜਿਸਟਰ ਵਿੱਚ ਕੀਤੀ ਗਈ ਪ੍ਰੰਤੂ ਇੱਕ ਐਂਟਰੀ ਸ੍ਰੀ ਗੋਇੰਦਵਾਲ ਸਾਹਿਬ ਦੇ ਬਿਰਧ ਪਾਵਨ ਸਰੂਪਾਂ ਦੇ ਰਜਿਸਟਰ ਮਿਤੀ 31/05/2016 ਨੂੰ 75 ਪਾਵਨ ਸਰੂਪਾਂ ਦੀ ਐਂਟਰੀ ਹੈ ਜੋ ਕਿ ਗੁ:ਰਾਮਸਰ ਸਾਹਿਬ ਤੋਂ ਭੇਜੇ ਗਏ ਸਨ।ਇਨ੍ਹਾਂ ਦਾ ਰਜਿਸਟਰ, ਜੋ ਬਿਰਧ ਪਾਵਨ ਸਰੂਪਾਂ ਦਾ ਹੈ, ਉਸ ਵਿੱਚ ਮਿਤੀ 31/05/2016 ਨੂੰ ਕੋਈ ਵੀ ਐਂਟਰੀ ਨਹੀਂ ਕੀਤੀ ਹੋਈ ਹੈ।ਮਿਤੀ 19/05/2016 ਨੂੰ ਭਾਈ ਦਲਬੀਰ ਸਿੰਘ ਸਵੇਰੇ 9.00 ਵਜੇ ਡਿਊਟੀ ਤੇ ਪਹੁੰਚਿਆ ਸਾਰੇ ਉੱਚ ਅਧਿਕਾਰੀ ਤੇ ਪ੍ਰਧਾਨ ਸਾਹਿਬ ਉੱਥੇ ਸਨ ਅਤੇ ਉਹਨਾਂ ਨੂੰ ਉੱਪਰ ਨਹੀਂ ਜਾਣ ਦਿੱਤਾ ਗਿਆ।ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਯਾਦ ਨਹੀਂ ਆ ਰਿਹਾ ਕਿ ਉਹ 3 ਨੰਬਰ ਹਾਲ ਦੀ ਕਿਹੜੇ ਦਿਨ ਸਫਾਈ ਕੀਤੀ ਪਰ ਕੀਤੀ ਜ਼ਰੂਰ ਸੀ।ਏ.ਸੀ. ਦੇ ਕੋਲ ਜਿਹੜਾ ਪਲੰਘ ਸੀ ਉਸ ਨੂੰ ਸੇਕ ਲੱਗਿਆ ਹੋਇਆ ਜੋ ਕਿ ਬਾਹਰ ਕੱਢਿਆ ਹੋਇਆ ਸੀ।ਨੁਕਸਾਨੇ ਗਏ ਪਾਵਨ ਸਰੂਪਾਂ ਦੀ ਉਸਨੇ ਆਪਣੇ ਹੱਥੀ ਸੇਵਾ ਨਹੀਂ ਕੀਤੀ ਅਤੇ ਨਾ ਹੀ ਉਸਨੇ ਉਹਨਾਂ ਦੇ ਦਰਸ਼ਨ ਕੀਤੇ ਕਿਉਂਕਿ ਭਾਈ ਦਲਬੀਰ ਸਿੰਘ ਹੈਲਪਰ ਸੀ।

ਦਸਤਾਵੇਜ਼ ਓਏ/1 (ਬਿਆਨ ਬੁੱਕ ਭਾਗ 2, ਪੰਨਾ ਨੰ:329) ਅਨੁਸਾਰ ਭਾਈ ਦਲਬੀਰ ਸਿੰਘ ਮੰਨਦਾ ਹੈ ਕਿ ਗ੍ਰੰਥੀ ਅਤੇ ਹੈਲਪਰ ਦਾ ਸਟੇਟਸ ਗ੍ਰੇਡ ਇਕੋ ਜਿਹਾ ਹੈ।ਉਸਨੇ ਮਿਤੀ 19/05/2016 ਨੂੰ ਸਫਾਈ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ ਤੇ ਨਾ ਹੀ ਉਹ ਗੋਇੰਦਵਾਲ ਸਾਹਿਬ ਗਿਆ।

ਜਦੋਂ ਸ੍ਰ.ਕੰਵਲਜੀਤ ਸਿੰਘ ਦੀ ਰਿਟਾਇਰਮੈਂਟ ਤੋਂ ਬਾਅਦ ਸ੍ਰ.ਮਨਿੰਦਰ ਸਿੰਘ ਸੀ.ਜੀ.ਐਲ ਨੂੰ ਚਾਰਜ ਦਿੱਤਾ ਗਿਆ (ਮਿਤੀ 20/03/2020 ਨੂੰ) ਤਾਂ ਵੱਡੇ ਆਕਾਰ ਦੇ ਪਦਛੇਦ ਸੱਤ (7) ਪਾਵਨ ਸਰੂਪ ਸਨ ਅਤੇ ਦਰਮਿਆਨਾ ਆਕਾਰ 27 ਪਦਛੇਦ ਪਾਵਨ ਸਰੂਪ ਸਨ ਅਤੇ ਲੜੀਵਾਰ ਵੱਡੇ ਆਕਾਰ ਦੇ 7 ਪਾਵਨ ਸਰੂਪ ਸਨ।

ਭਾਈ ਦਲਬੀਰ ਸਿੰਘ ਨੇ ਦੱਸਿਆ ਕਿ ਇਹ ਗੱਲ ਸਹੀ ਨਹੀਂ ਹੈ ਕਿ ਉਹ ਪਾਵਨ ਸਰੂਪ ਬਿਨ੍ਹਾਂ ਦੱਸੇ ਸਟੋਰ ਤੋਂ ਸ਼ੋਅ ਰੂਮ ਵਿੱਚ ਲੈ ਕੇ ਜਾਂਦਾ ਰਿਹਾ।ਉਹ ਆਪਣੀ ਮਰਜ਼ੀ ਨਾਲ ਕਦੇ ਵੀ ਬਿਨਾਂ ਦੱਸੇ ਤੋਂ ਪਾਵਨ ਸਰੂਪ ਲੈ ਕੇ ਨਹੀਂ ਸੀ ਜਾਂਦਾ।ਐਸਾ ਨਹੀਂ ਹੋ ਸਕਦਾ ਕਿ ਸ੍ਰ.ਕੰਲਵਜੀਤ ਸਿੰਘ ਨੇ ਉਸਦੇ ਕੋਲੋਂ ਐਂਟਰੀ ਮੰਗੀ ਹੋਵੇ ਤੇ ਭਾਈ ਦਲਬੀਰ ਸਿੰਘ ਨੇ ਨਾ ਦਿੱਤੀ ਹੋਵੇ, ਅਜਿਹਾ ਬਿਲਕੁਲ ਗ਼ਲਤ ਹੈ।ਭਾਈ ਦਲਬੀਰ ਸਿੰਘ ਨੇ ਕਦੇ ਵੀ ਕੱਚੀ ਪਰਚੀ ਵੀ ਨਹੀਂ ਦਿੱਤੀ, ਜਦੋਂ ਸਟੋਰ ਤੋਂ ਸ਼ੋਅ ਰੂਮ ਵਿੱਚ ਪਾਵਨ ਸਰੂਪ ਲੈ ਕੇ ਆਉਂਦਾ ਸੀ।

ਭਾਈ ਦਲਬੀਰ ਸਿੰਘ ਨੇ ਦੱਸਿਆ ਕਿ ਠੇਕੇਦਾਰ ਸਾਹਿਬ ਜਦੋਂ ਕਦੇ ਪਾਵਨ ਸਰੂਪ ਸਿੱਧੇ ਉਹਨਾਂ ਕੋਲ ਸ਼ੋਅ ਰੂਮ ਵਿੱਚ ਲੈ ਕੇ ਆਉਂਦੇ ਸਨ ਉਹ ਸੁਪਰਵਾਈਜ਼ਰ ਨੂੰ ਜਾਣਕਾਰੀ ਦੇ ਦਿੰਦੇ ਸਨ ਤੇ ਪਰਚੀ ਦੇ ਦਿੰਦੇ ਸਨ ਕਿ ਕਿੰਨੇ ਪਾਵਨ ਸਰੂਪ ਬਿਰਾਜਮਾਨ ਕਰਵਾ ਲਏ ਹਨ।ਉਹ ਪਰਚੀਆਂ ਸ੍ਰ.ਕੰਵਲਜੀਤ ਸਿੰਘ ਨੂੰ ਬਾਅਦ ਵਿੱਚ ਦੇ ਦਿੱਤੀਆਂ ਜਾਂਦੀਆਂ ਸਨ।

ਸ੍ਰ.ਜੋਗਾ ਸਿੰਘ ਸੇਵਾਦਾਰ ਪੜਤਾਲ ਕਮਿਸ਼ਨ ਦੇ ਸਾਹਮਣੇ ਆਏ ਅਤੇ ਉਨ੍ਹਾਂ ਨੂੰ ਪੁੱਛਣ ਤੇ, ਉਹਨਾਂ ਨੇ ਦੱਸਿਆ ਕਿ ਜਦੋਂ ਉਹ ਪਾਵਨ ਸਰੂਪ ਸ਼ੋਅ ਰੂਮ ਤੇ ਸਟੋਰ ਤੋਂ ਲੈ ਕੇ ਜਾਂਦੇ ਸੀ ਤਾਂ ਸ੍ਰ.ਦਲਬੀਰ ਸਿੰਘ ਹੈਲਪਰ ਉਹਨਾਂ ਨੂੰ ਕੋਈ ਪਰਚੀ ਨਹੀਂ ਸਨ ਦਿੰਦੇ ਕਿਉਂਕਿ ਸ੍ਰ.ਦਲਬੀਰ ਸਿੰਘ ਦੀ ਪੋਸਟ ਉਹਨਾਂ ਤੋਂ ਉੱਚੀ ਹੈ,ਇਸ ਲਈ ਪਰਚੀ ਉਹ ਮੰਗ ਨਹੀਂ ਸੀ ਸਕਦਾ।

ਸ੍ਰ.ਦਲਬੀਰ ਸਿੰਘ ਨੇ ਕਿਹਾ ਕਿ ਆਪਣੀ ਆਗਿਆ ਨਾਲ ਬਾਹਰ ਜਾਂਦੀਆਂ ਬੱਸਾਂ ਨਾਲ ਸ੍ਰ.ਕੰਵਲਜੀਤ ਸਿੰਘ ਦੀ ਆਗਿਆ ਤੋਂ ਬਗੈਰ ਕਦੇ ਵੀ ਕੋਈ ਪਾਵਨ ਸਰੂਪ ਬੱਸ ਵਿਚ ਨਹੀਂ ਰੱਖਿਆ।ਪਾਵਨ ਸਰੂਪ ਦੇਣ ਦੀ ਆਗਿਆ ਮੀਤ ਸਕੱਤਰ ਕੋਲ ਨਹੀਂ ਹੈ ।ਪਾਵਨ ਸਰੂਪ ਸਕੱਤਰ ਸਾਹਿਬ ਕੇਵਲ ਦੋ ਅਤੇ ਮੁੱਖ ਸਕੱਤਰ ਸਾਹਿਬ ਕੇਵਲ 3 ਪਾਵਨ ਸਰੂਪ ਦੇ ਸਕਦੇ ਹਨ ਅਤੇ ਇਸ ਤੋਂ ਉੱਪਰ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਦੇ ਸਕਦੇ ਹਨ।ਅਜਿਹਾ ਨਹੀਂ ਹੋ ਸਕਦਾ ਕਿ ਦਰਮਿਆਨੇ ਜਾਂ ਵੱਡੇ ਆਕਾਰ ਦੇ ਪਾਵਨ ਸਰੂਪ ਸ਼ੋਅ ਰੂਮ ਤੋਂ ਬਿਨ੍ਹਾਂ ਆਰਡਰਾਂ ਤੋਂ ਉਸ ਕੋਲ ਵਿਕਦੇ ਹੋਣ।

ਉਹਨਾਂ ਕਿਹਾ ਕਿ ਜਿਲਦਸਾਜ਼ਾਂ ਤੋਂ ਜਦੋਂ ਵੀ ਉਹ ਬਿਰਧ ਪਾਵਨ ਸਰੂਪਾਂ ਦੀ ਜਿਲਦਬੰਦੀ ਕਰਵਾਉਂਦੇ ਹਨ ਤੇ ਉਨ੍ਹਾਂ ਤੋਂ ਕਦੇ ਵੀ ਭੇਟਾ ਰਹਿਤ ਨਹੀਂ ਕਰਵਾਉਂਦੇ।ਜਦੋਂ ਦਫ਼ਤਰੀ ਆਗਿਆ ਹੋਵੇ ਤਾਂ ਹੀ ਕਿਸੇ ਪਾਵਨ ਸਰੂਪ ਦੀ ਭੇਟਾ ਰਹਿਤ ਜਿਲਦਬੰਦੀ ਕਰਵਾਈ ਜਾਂਦੀ ਹੈ।

### 7.39 <u>(ਓਸ) ਬਿਆਨ ਕਰਤਾ: ਭਾਈ ਤਜਿੰਦਰ ਸਿੰਘ (ਗ੍ਰੰਥੀ)</u>

ਭਾਈ ਤਜਿੰਦਰ ਸਿੰਘ ਗ੍ਰੰਥੀ ਸਾਲ 2002 ਤੋਂ ਬਤੌਰ ਗ੍ਰੰਥੀ ਪਬਲੀਕੇਸ਼ਨ ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ।ਇਸ ਵਿਭਾਗ ਵਿੱਚ ਇਹਨਾਂ ਦੀ 3 ਵਾਰ ਬਦਲੀ ਹੋਈ ਹੈ।ਇਸ ਵਿਭਾਗ ਵਿੱਚ 10-12 ਗ੍ਰੰਥੀ ਸਿੰਘ ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰਦੇ ਹਨ।ਇਹ ਆਪਣੇ ਹਾਜ਼ਰੀ ਰਜਿਸਟਰ ਵਿੱਚ ਪਾਵਨ ਸਰੂਪਾਂ ਦੀ ਗਿਣਤੀ ਲਿਖਦੇ ਹਨ ਪਰ ਡਿਜ਼ੀਟਲ ਨੰਬਰ ਨਹੀਂ ਦਰਜ ਕਰਦੇ ਜੋ ਕਿ ਇਹ ਆਪਣੀਆਂ ਨਿੱਜੀ ਡਾਇਰੀਆਂ ਵਿੱਚ ਦਰਜ ਕਰਦੇ ਹਨ ਅਤੇ ਇਹ

ਰਿਕਾਰਡ ਨਹੀਂ ਹੈ।ਇਸ ਰਿਕਾਰਡ ਨੂੰ ਦਰਜ ਕਰਨ ਲਈ ਓਹਨਾਂ ਨੂੰ ਕਦੇ ਕਿਸੇ ਇੰਚਾਰਜ ਜਾਂ ਸੁਪਰਵਾਈਜ਼ਰ ਨੇ ਆਦੇਸ਼ ਜਾਂ ਹਦਾਇਤ ਨਹੀਂ ਦਿੱਤੀ ਪਰ ਇਹ ਆਪ ਪਿਛਲੇ ਇੱਕ ਮਹੀਨੇ ਤੋਂ ਇੰਚਾਰਜ ਵਜ਼ੋਂ ਪਾਵਨ ਸਰੂਪਾਂ ਦੇ ਨੰਬਰ ਲਿਖ ਕੇ ਠੇਕੇਦਾਰ ਦੇ ਦਸਤਖਤ ਕਰਵਾਉਂਦੇ ਹਨ।ਬੱਸ ਵਿਚ ਜਾਣ ਵਾਲੇ ਪਾਵਨ ਸਰੂਪਾਂ ਨੂੰ ਲਿਜਾਣ ਤੋਂ ਪਹਿਲਾਂ ਮੌਕੇ ਤੇ ਇੰਚਾਰਜ ਜਾਂ ਕਲਰਕ ਵੱਲੋਂ ਗਿਣਿਆ ਜਾਂਦਾ ਹੈ।ਇੱਕ ਗਿਣਤੀ ਲਿਫਟ ਵਿੱਚ ਅਤੇ ਦੂਸਰੀ ਗਿਣਤੀ ਬੱਸ ਵਿਚ ਕੀਤੀ ਜਾਂਦੀ ਹੈ।ਜਿੱਥੇ ਵੀ ਇਹ ਪਾਵਨ ਸਰੂਪ ਭੇਜੇ ਜਾਂਦੇ ਹਨ, ਉਹਨਾਂ ਦੀ ਵਸੂਲੀ, ਪਹੁੰਚ ਅਤੇ ਭੇਟਾ ਚੈੱਕ ਕਰਨ ਦੀ ਜਿੰਮੇਵਾਰੀ ਵੀ ਨਾਲ ਗਏ ਕਲਰਕ ਜਾਂ ਇੰਚਾਰਜ ਦੀ ਹੁੰਦੀ ਹੈ।61 ਪਾਵਨ ਸਰੂਪਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਹਨਾਂ ਨੇ ਦੱਸਿਆ ਕਿ ਤਕਰੀਬਨ 2 ਫਰਵਰੀ 2020 ਵਾਲੇ ਦਿਨ, ਜੋ ਲੜੀ ਨੰਬਰ 4437 ਤੋਂ ਲੈ ਕੇ 4497 ਤੱਕ ਉਸ ਸਮੇਂ ਦੇ ਇੰਚਾਰਜ ਸ੍ਰ.ਨਰਿੰਦਰ ਸਿੰਘ ਅਤੇ ਮੀਤ-ਸਕੱਤਰ ਸ੍ਰ.ਗੁਰਬਚਨ ਸਿੰਘ ਵੱਲੋਂ ਲਗਾਏ ਗਏ, ਉਹਨਾਂ ਵਿੱਚੋਂ 6 ਪਾਵਨ ਸਰੂਪ (ਲੜੀ ਨੰਬਰ 4457, 4464, 4473, 4477, 4485, ਅਤੇ 4497), ਸੱਚਖੰਡ ਵਿਖੇ ਬਿਰਾਜਮਾਨ ਸਨ।ਇਹਨਾਂ 61 ਪਾਵਨ ਸਰੂਪਾਂ ਦੇ ਲੜੀ ਨੰਬਰਾਂ 'ਚੋਂ ਕੁਝ ਨੰਬਰ ਹੇਠ ਲਿਖੇ ਅਨੁਸਾਰ ਦਰਸ਼ਨ ਵਿਚਾਰ ਕੀਤੇ ਗਏ:

| **ਮਿਤੀ** | **ਲੜੀ ਨੰਬਰ** |
|---|---|
| 20/02/2020 | 4443, 4489 |
| 21/02/2020 | 4449,4496 |
| 22/02/2020 | 4462, 4477 |
| 24/02/2020 | 4446,4450 |
| 25/02/2020 | 4463, 4460 |
| 28/02/2020 | 4487, 4490, 4485 |
| 29/02/2020 | 4455 |

ਉਪਰੋਕਤ ਦਿੱਤੇ ਪਾਵਨ ਸਰੂਪ ਦਰਸ਼ਨ ਵਿਚਾਰ ਵਾਸਤੇ ਆਉਂਦੇ ਹਨ ਪਰ ਸ੍ਰ.ਤੇਜਿੰਦਰ ਸਿਘ ਅਤੇ ਹੋਰਨਾਂ ਗ੍ਰੰਥੀਆਂ ਨੂੰ ਕੋਈ ਸੂਚਨਾ ਨਹੀਂ ਮਿਲਦੀ ਕਿ ਇਹ ਨੰਬਰ ਕਿਸਨੇ ਲਗਾਏ ਹਨ, ਕੌਣ ਇਹਨਾਂ ਨੂੰ ਲਗਾਉਣ ਦਾ ਅਧਿਕਾਰੀ ਹੈ ਅਤੇ ਕਿਹੜੇ ਫਰਮਿਆਂ ਦੇ ਲਾਟ ਦੇ ਇਹ ਨੰਬਰ ਹਨ ।

ਇਸ ਚੀਜ਼ ਦੀ ਜਾਣਕਾਰੀ ਸ੍ਰ.ਤੇਜਿੰਦਰ ਸਿੰਘ ਨੇ ਆਪਣੇ ਉੱਪਰ ਸੁਪਰਵਾਈਜ਼ਰ ਅਤੇ ਸਹਾਇਕ ਸੁਪਰਵਾਈਜ਼ਰ ਨੂੰ ਦੇ ਦਿੱਤੀ ਅਤੇ ਉਹਨਾਂ ਨੇ ਕਿਹਾ ਕਿ ਤੁਸੀਂ ਇਹਨਾਂ ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰੋ। ਇਸ ਤੋਂ ਇਹਨਾਂ ਨੂੰ ਇਹ ਲੱਗਾ ਕਿ ਦਰਸ਼ਨ ਵਿਚਾਰ ਕਰਨ ਦੀ ਆਗਿਆ ਮੀਤ ਸਕੱਤਰ ਪਾਸੋਂ ਲੈ ਲਈ ਗਈ ਹੈ। ਸ੍ਰ.ਤੇਜਿੰਦਰ ਸਿੰਘ ਦੀ ਪਹੁੰਚ ਸਿਰਫ ਇੰਚਾਰਜ ਸੁਪਰਵਾਈਜ਼ਰ ਅਤੇ ਮੀਤ ਸਕੱਤਰ ਤੱਕ ਹੀ ਹੈ ਅਤੇ ਇਹਨਾਂ ਦੇ ਬਿਨ੍ਹਾਂ ਕੋਈ ਸ਼ਿਕਾਇਤ ਉੱਚ ਅਧਿਕਾਰੀਆਂ ਨੂੰ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਇਹ ਵੀ ਦੱਸਿਆ ਕਿ 4437 ਤੋਂ 4497 ਲੜੀ ਨੰਬਰ ਦੇ ਪਾਵਨ ਸਰੂਪ ਜੋ ਕਿ ਦੋ ਰੰਗੀ ਵੇਲ ਵਾਲੇ ਹਨ, ਉਹ ਉਹਨਾਂ ਨੇ ਆਪਣੀ ਡਾਇਰੀ ਵਿਚ ਨੋਟ ਕੀਤੇ ਹਨ ਅਤੇ ਸੁਪਰਵਾਈਜ਼ਰ/ਸਹਾਇਕ ਸੁਪਰਵਾਈਜ਼ਰ ਦੇ ਗਿਆਤ ਵਿੱਚ ਵੀ ਲੈ ਆਉਂਦੇ ਸਨ।

ਉਪਰੋਕਤ 61 ਪਾਵਨ ਸਰੂਪਾਂ ਬਾਰੇ ਉਹਨਾਂ ਨੇ ਦੱਸਿਆ ਕਿ ਇਹਨਾਂ ਨੇ ਗ੍ਰੰਥੀ ਸਿੰਘ ਪਾਸੋਂ ਮੀਤ ਸਕੱਤਰ ਸ੍ਰ.ਰਬਚਨ ਸਿੰਘ ਅਤੇ ਸੁਪਰਵਾਈਜ਼ਰ ਸ੍ਰ.ਨਰਿੰਦਰ ਸਿੰਘ ਵੱਲੋਂ ਕੀਤੇ ਆਦੇਸ਼ ਅਨੁਸਾਰ ਵਧੇਰੇ ਅੰਗਾਂ ਨੂੰ ਤਰਤੀਬ ਵਾਰ ਜੋੜ ਕੇ ਠੇਕੇਦਾਰ ਸ੍ਰ.ਕੁਲਵੰਤ ਸਿੰਘ ਦੇ ਸਪੁਰਦ ਕੀਤੇ, ਇਹ ਕਾਰਜ ਇਹਨਾਂ ਨੇ ਸ੍ਰ.ਕੰਵਲਜੀਤ ਸਿੰਘ, ਸੀ.ਜੀ.ਐਲ. ਦੀ ਹਾਜ਼ਰੀ ਵਿੱਚ ਕੀਤਾ। ਇਹ ਪਹਿਲੀ ਵਾਰ ਹੋਇਆ ਸੀ। ਇਹ 61 ਪਾਵਨ ਸਰੂਪ ਵੱਡੇ ਆਕਾਰ ਦੇ ਸਨ।

ਇਸੇ ਤਰ੍ਹਾਂ ਦੂਸਰੀ ਵਾਰ ਜਦ ਸ੍ਰ.ਗੁਰਮੁੱਖ ਸਿੰਘ ਸੁਪਰਵਾਈਜ਼ਰ ਸਨ, ਉਸ ਵੇਲੇ 125 ਦਰਮਿਆਨੇ ਆਕਾਰ ਪਦਛੇਦ ਪਾਵਨ ਸਰੂਪਾਂ ਦੇ ਅੰਗਾਂ ਨੂੰ ਠੇਕੇਦਾਰ ਸ੍ਰ.ਕੁਲਵੰਤ ਸਿੰਘ ਦੇ ਸਪੁਰਦ ਕੀਤਾ ਗਿਆ ਸੀ, ਇਹ ਪਾਵਨ ਸਰੂਪ ਅੱਜ ਵੀ ਠੇਕੇਦਾਰ ਸ੍ਰ.ਕੁਲਵੰਤ ਸਿੰਘ ਦੇ ਹਾਲ ਵਿਚ ਪਏ ਹਨ। ਇਹਨਾਂ ਪਾਵਨ ਸਰੂਪਾਂ ਦੇ ਕੁਝ ਅੰਗ ਗ੍ਰੰਥੀ ਸਿੰਘਾਂ ਨੇ ਸ੍ਰ.ਜਸਪ੍ਰੀਤ ਸਿੰਘ ਠੇਕੇਦਾਰ ਤੋਂ ਅਤੇ ਕੁਝ ਸ੍ਰ.ਕੁਲਵੰਤ ਸਿੰਘ ਠੇਕੇਦਾਰ ਤੋਂ ਇਕੱਤਰਿਤ ਕੀਤੇ ਸਨ। ਉਹਨਾਂ ਨੇ ਸ੍ਰ.ਗੁਰਮੁੱਖ ਸਿੰਘ ਜੀ ਨੂੰ ਕਿਹਾ ਸੀ ਕਿ ਅਜਿਹੀ ਗਲਤੀ ਤੁਸੀਂ ਪਹਿਲਾਂ ਵੀ ਕੀਤੀ ਸੀ, ਜਦ 61 ਪਾਵਨ ਸਰੂਪ ਗ੍ਰੰਥੀ ਸਿੰਘਾਂ ਪਾਸੋਂ ਇਕੱਤਰਿਤ ਕਰਵਾਏ ਅਤੇ ਹੁਣ ਦੁਬਾਰਾ ਇਹੀ ਗਲਤੀ ਕਰ ਰਹੇ ਹੋ, ਜਿਸਦੀ ਸ਼ਿਕਾਇਤ ਸ੍ਰ.ਗੁਰਮੁੱਖ ਸਿੰਘ ਨੇ ਮੀਤ ਸਕਤੱਰ ਪਾਸ ਕੀਤੀ, ਜਿਸ ਕਾਰਨ ਉਹ ਇਹਨਾਂ ਨਾਲ ਬਹੁਤ ਨਰਾਜ਼ ਹੋਏ।

ਮਿਤੀ 21/08/2020 ਨੂੰ ਸ੍ਰ.ਤੇਜਿੰਦਰ ਸਿੰਘ ਨੇ ਦੱਸਿਆ ਕਿ ਦਰਸ਼ਨ ਵਿਚਾਰ ਕੀਤੇ ਪਾਵਨ ਸਰੂਪਾਂ ਨੂੰ ਗ੍ਰੰਥੀ ਸਿੰਘ ਰੋਜ਼ਾਨਾ ਆਪਣੇ ਰਜਿਸਟਰ ਵਿੱਚ ਦਰਜ ਕਰਦੇ ਹਨ, ਕਈ ਵਾਰ

ਰਜਿਸਟਰ ਵਿੱਚ 2 ਵਾਰ ਦਰਜ ਕੀਤੇ ਹਨ ਕਿਉਂਕਿ ਹਰ ਪਾਵਨ ਸਰੂਪ ਦੇ ਦਰਸ਼ਨ ਵਿਚਾਰ 2 ਵਾਰ ਹੁੰਦੇ ਹਨ।ਪਰ ਜਿਹੜੇ ਪਾਵਨ ਸਰੂਪ ਵਿਦੇਸ਼ ਭੇਜੇ ਜਾਂਦੇ ਹਨ, ਉਹਨਾਂ ਦੇ ਦਰਸ਼ਨ ਵਿਚਾਰ 3 ਵਾਰੀ ਕੀਤੇ ਜਾਂਦੇ ਹਨ।ਇਸ ਕਰਕੇ ਇਹਨਾਂ ਦੀ ਐਂਟਰੀ ਰਜਿਸਟਰ ਵਿੱਚ 3 ਵਾਰ ਮਿਲੇਗੀ।

ਮਿਤੀ 19/05/2016 ਨੂੰ ਇਹ ਛੁੱਟੀ ਤੇ ਸਨ।ਇਹਨਾਂ ਦੇ ਮੁਤਾਬਿਕ ਇਸ ਘਟਨਾ ਵਿੱਚ 10 ਤੋਂ 12 ਪਲੰਘ ਮੌਜੂਦ ਹੋ ਸਕਦੇ ਹਨ ਅਤੇ ਇੱਕ ਪਲੰਘ ਉੱਤੇ 18-21 ਪਾਵਨ ਸਰੂਪ ਦਰਮਿਆਨਾ ਅਤੇ 15 ਪਾਵਨ ਸਰੂਪ ਵੱਡੇ ਬਿਰਾਜਮਾਨ ਹੋ ਸਕਦੇ ਹਨ ।

## 7.40 (ਓਹ) ਬਿਆਨ ਕਰਤਾ: - ਸ੍ਰ.ਗੁਰਪ੍ਰੀਤ ਸਿੰਘ (ਹੈਲਪਰ ਪ੍ਰੈੱਸ)

ਸ੍ਰ.ਗੁਰਪ੍ਰੀਤ ਸਿੰਘ ਨੇ ਬਿਆਨ ਦਿੱਤਾ ਹੈ ਕਿ ਸਾਲ 2007 ਤੋਂ ਲੈ ਕੇ ਸਾਲ 2016 ਤੱਕ ਉਹ ਧਰਮ ਪ੍ਰਚਾਰ ਕਮੇਟੀ ਵਿੱਚ ਬਤੌਰ ਹੈਲਪਰ ਸਨ।2016 ਤੋਂ ਹੁਣ ਤੱਕ ਪ੍ਰੈੱਸ ਵਿੱਚ ਬਤੌਰ ਹੈਲਪਰ ਕੰਮ ਕਰ ਰਹੇ ਹਨ।ਇਹਨਾਂ ਨੇ ਦੱਸਿਆ ਕਿ ਹਰ ਸਾਲ ਸਿਰਫ਼ ਇੱਕ ਵਾਰ ਪੇਪਰ ਖਰੀਦਿਆ ਜਾਂਦਾ ਹੈ, ਜਿਸਦੀ ਮੰਗ ਉਹ ਆਪ ਕਰਦੇ ਹਨ ਅਤੇ ਪ੍ਰੈੱਸ ਨੂੰ ਆਗਿਆ ਕਰਵਾ ਕੇ ਦੇ ਦਿੱਤੀ ਜਾਂਦੀ ਹੈ।ਇਸਤੋਂ ਬਾਅਦ ਪ੍ਰੈੱਸ ਡਿਪਾਰਟਮੈਂਟ ਡਿਮਾਂਡ ਅਨੁਸਾਰ ਕੁਟੇਸ਼ਨਾਂ, ਵੱਖ ਵੱਖ ਫਰਮਾਂ ਤੋਂ ਲੈਂਦੇ ਹਨ ਅਤੇ ਗੁਰਪ੍ਰੀਤ ਸਿੰਘ ਦੀ ਹਾਜ਼ਰੀ ਵਿੱਚ ਇਹ ਕੁਟੇਸ਼ਨਾਂ ਪਾਸ ਕਰਵਾ ਕੇ ਪ੍ਰੈੱਸ ਡਿਪਾਰਟਮੈਂਟ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ।

ਇਹ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਦੇ ਮੈਨੇਜਰ ਵੱਲੋਂ ਜੋ ਆਰਡਰ ਫਰਮ ਨੂੰ ਪ੍ਰਾਪਤ ਹੁੰਦੇ ਹਨ, ਉਹ ਇਹਨਾਂ ਦੇ ਸਾਹਮਣੇ ਹੀ ਉਤਾਰਿਆ ਜਾਂਦਾ ਹੈ।ਜਿਸਨੂੰ ਵਜ਼ਨ ਸਮੇਤ ਗੱਡੀ ਦੇ ਲੋਡ ਦੇ ਨਾਲ ਹੀ ਧਰਮ ਕੰਡੇ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਫਿਰ ਖਾਲੀ ਗੱਡੀ ਦਾ ਵਜ਼ਨ ਕਰਕੇ ਪੇਪਰ ਦਾ ਵਜ਼ਨ ਕੱਢਿਆ ਜਾਂਦਾ ਹੈ।ਇਹ ਸਭ ਸ੍ਰ.ਗੁਰਪ੍ਰੀਤ ਸਿੰਘ ਦੀ ਹਾਜ਼ਰੀ ਵਿੱਚ ਹੁੰਦਾ ਹੈ।

ਇਹਨਾਂ ਨੂੰ ਪੜਤਾਲ ਕਮੇਟੀ ਵੱਲੋਂ ਪੁੱਛੇ ਗਏ ਇਕ ਸਵਾਲ ਵਿੱਚ ਇਹਨਾਂ ਨੇ ਜਵਾਬ ਦਿੱਤਾ ਕਿ ਇਹਨਾਂ ਵੱਲੋਂ ਸਾਲ 2018 ਤੋਂ ਪਹਿਲਾਂ ਲੋਡਿਡ ਤੇ ਅਨਲੋਡਿਡ ਗੱਡੀ ਦਾ ਵਜ਼ਨ ਨਹੀਂ ਸੀ ਕੀਤਾ ਜਾਂਦਾ, ਇਸ ਲਈ ਨੱਥੀ ਬਿੱਲ ਦੇ ਵਿੱਚ ਵਜ਼ਨ ਦਾ ਵੇਰਵਾ ਨਹੀਂ ਹੈ।

ਪਾਵਨ ਸਰੂਪਾਂ ਲਈ ਜੋ ਕਾਗ਼ਜ਼ ਆਰਡਰ ‘ਤੇ ਆਉਂਦਾ ਹੈ, ਉਹ ਪ੍ਰਮਾਣਿਤ ਪੇਪਰ ਨਾਲ ਮੇਲ ਕਰਕੇ ਲਿਆ ਜਾਂਦਾ ਹੈ ਅਤੇ ਇਸਦਾ ਵਜ਼ਨ ਕਦੇ ਗਲਤ ਨਹੀਂ ਹੋ ਸਕਦਾ।

ਸਟੋਰ ਵਿੱਚ ਪੇਪਰ ਜਮ੍ਹਾਂ ਹੋਣ ਤੋਂ ਬਾਅਦ ਰਸੀਦ ਕੱਟ ਕੇ ਪ੍ਰਚੇਜ਼ ਵਿਭਾਗ ਦੇ ਸੁਪਰਵਾਈਜ਼ਰ ਤੋਂ ਤਸਦੀਕ ਕਰਵਾਈ ਜਾਂਦੀ ਹੈ ਕਿ ਪੇਪਰ ਸਟੋਰ ਵਿੱਚ ਜਮ੍ਹਾਂ ਹੋ ਗਿਆ ਹੈ ਜਾਂ ਨਹੀਂ।ਲੋੜ ਅਨੁਸਾਰ ਰਿਮ/ਪੇਪਰ ਦੀ ਸਰਫੇਸ ਕਟਿੰਗ ਵਾਸਤੇ ਕਟਿੰਗ ਮਸ਼ੀਨਮੈਨ ਉਹ ਪੇਪਰ ਬਿਨ੍ਹਾਂ ਲਿਖਾ-ਪੜੀ ਦੇ ਲੈ ਲੈਂਦਾ ਹੈ ਤੇ ਸ੍ਰ.ਗੁਰਪ੍ਰੀਤ ਸਿੰਘ ਸਟੋਰ ਕੀਪਰ ਬਿਨ੍ਹਾਂ ਲਿਖਾ-ਪੜੀ ਤੋਂ ਇਹਨਾਂ ਨੂੰ ਦੇ ਦਿੰਦੇ ਹਨ।ਫਿਰ ਉਹ ਪੇਪਰ ਕਿਨਾਰਿਆਂ ਕੱਟਣ ਤੋਂ ਬਾਅਦ ਮਸ਼ੀਨਮੈਨ ਨੂੰ ਪ੍ਰਿੰਟਿੰਗ ਲਈ ਦਿੰਦਾ ਹੈ।

ਸਾਲ ਵਿੱਚ ਇੱਕ ਵਾਰੀ ਕਟਿੰਗ ਮਸ਼ੀਨਾਂ ਵਿੱਚੋ ਵਾਧੂ ਪੇਪਰ ਜਿਸ ਤਰ੍ਹਾਂ ਕਿਨਾਰਿਆਂ ਸਰਫੇਸ ਕਟਿੰਗ ਅਤੇ ਬਾਕੀ ਦੇ ਵੇਸਟੇਜ਼ ਬੋਰੀਆਂ ਵਿੱਚ ਭਰ ਕੇ ਉਹਨਾਂ ਦਾ ਮੁੱਲ ਪਵਾ ਕੇ ਇੰਸਪੈਕਟਰ ਦੀ ਹਾਜ਼ਰੀ ਵਿੱਚ ਵੇਚਿਆ ਜਾਂਦਾ ਹੈ ਜਿਸਦੇ ਮੁੱਲ ਦਾ ਵੇਰਵਾ ਪ੍ਰਿੰਟਿੰਗ ਪ੍ਰੈੱਸ ਕੋਲ ਜਮ੍ਹਾਂ ਹੁੰਦਾ ਹੈ।ਜਿਸ ਵੀ ਫਰਮ ਨੇ ਇਹ ਵੇਸਟੇਜ਼ ਚੁੱਕਣੀ ਹੁੰਦੀ ਹੈ ਜਾਂ ਲੈ ਕੇ ਜਾਣੀ ਹੁੰਦੀ ਹੈ, ਉਸਦਾ ਸਾਰਾ ਵੇਰਵਾ ਅਕਾਊਂਟੈਂਟ ਕੋਲ ਹੁੰਦਾ ਹੈ।ਜਦੋਂ ਪੇਪਰ ਪ੍ਰਿੰਟ ਹੋਣ ਲਈ ਪ੍ਰੈੱਸ ਤੇ ਚੜਦਾ ਹੈ, ਸਿਆਹੀ ਦੀ ਪਕੜ ਦੇਖਣ ਵਾਸਤੇ ਜਾਂ ਅੱਖਰਾਂ ਦੀ ਪਕੜ ਦੇਖਣ ਵਾਸਤੇ ਜੋ ਵੀ ਵੇਸਟੇਜ਼ ਹੁੰਦੀ ਹੈ, ਉਹ ਵੇਸਟੇਜ਼ ਸ੍ਰੀ ਗੋਇੰਦਵਾਲ਼ ਸਾਹਿਬ ਭੇਜੀ ਜਾਂਦੀ ਹੈ, ਅਤੇ ਇੱਕ ਵਾਰ ਵਿੱਚ ਇੱਕ ਫਰਮੇ ਦੀ ਇੱਕ ਸਲਾਈਡ ‘ਤੇ ਪਹਿਲੀ ਵਾਰ ਵੇਸਟੇਜ਼ ਹੁੰਦੀ ਹੈ।ਉਸ ਉਪਰੰਤ, ਦੂਸਰੇ ਪਾਸੇ ਮਸ਼ੀਨ ਵਿੱਚ ਫਰਮਾਂ ਪਾਇਆ ਜਾਂਦਾ ਹੈ, ਫਿਰ ਵੇਸਟੇਜ ਹੋਣ ਦੇ ਆਸਾਰ ਹਨ।ਇਸ ਤਰਾਂ ਦਾ ਇੱਕ ਵਾਕਿਆ ਸਾਲ 2014-15 ਵਿੱਚ ਹੋਇਆ ਸੀ ਜਦੋਂ ਪ੍ਰਿੰਟ ਕਰਦਿਆਂ ਪਤਾ ਲੱਗਾ ਕਿ ਪੇਪਰ ਵਿੱਚ ਖਰਾਬੀ ਸੀ ਤਾਂ ਪੇਪਰ ਫਰਮ ਨੂੰ ਵਾਪਿਸ ਕੀਤਾ ਗਿਆ ਜਿਸਦੀ ਲਿਖਤ ਦਫਤਰ ਵਿੱਚ ਮੌਜੂਦ ਹੈ।

ਕਦੀ ਕਦੀ ਸਾਲ 2015 ਤੋਂ ਬਾਅਦ, ਜੋ ਪ੍ਰਿੰਟਿੰਗ ਦੌਰਾਨ ਅਤੇ ਬਾਅਦ ਵੇਸਟੇਜ਼ ਨਿਕਲਦੀ ਹੈ, ਉਸਦਾ ਇਹਨਾਂ ਨੇ ਕਦੀ ਲਿਖਤੀ ਰੂਪ ਵਿੱਚ ਰਿਕਾਰਡ ਨਹੀਂ ਰਖਿਆ, ਪਰ ਟੈਲੀਫੋਨ ਰਾਹੀਂ ਫਰਮ ਨੂੰ ਸ਼ਿਕਾਇਤ ਜ਼ਰੂਰ ਕੀਤੀ ਹੈ।ਜੋ ਵੀ ਵੇਸਟੇਜ਼ ਪ੍ਰਿੰਟਿੰਗ ਪ੍ਰੈੱਸ ਤੋਂ ਹਰ ਫਰਮੇ ਨੂੰ ਪ੍ਰਿੰਟ ਕਰਦਿਆਂ ਹੁੰਦੀ ਹੈ, ਉਹਨਾਂ ਨੇ ਨਾ ਕਦੀ ਉਸਦਾ ਵਜ਼ਨ ਕੀਤਾ ਹੈ, ਨਾ ਹੀ ਗਿਣਤੀ ਕੀਤੀ ਹੈ, ਅਤੇ ਇਹ ਸਿੱਧਾ ਸ੍ਰੀ ਗੋਇੰਦਵਾਲ ਸਾਹਿਬ ਭੇਜ ਦਿੰਦੇ ਹਨ।

ਪੜਤਾਲ ਕਮਿਸ਼ਨ ਦੇ ਇਹ ਪ੍ਰਸ਼ਨ ਕਰਨ ਤੇ ਕਿ ਇਹ ਪ੍ਰੈੱਸ ਮਕੈਨਿਕ ਦਾ ਫ਼ਰਜ਼ ਨਹੀਂ ਹੈ, ਕਿ ਜੀ ਵੇਸਟੇਜ ਪ੍ਰਿੰਟਿੰਗ ਦੌਰਾਨ ਨਿਕਲਦੀ ਹੈ, ਉਸਦਾ ਸਹੀ-ਸਹੀ ਅਕਾਊਂਟ ਰੱਖਿਆ ਜਾਵੇ,

ਕਿਉਂਕਿ ਵੇਸਟੇਜ ਪਾ ਕੇ ਹੀ ਪ੍ਰਿੰਟਿੰਗ ਦਾ ਮੁੱਲ ਦਿੱਤਾ ਜਾਂਦਾ ਹੈ।ਇਸਦੇ ਉੱਤਰ ਵਿੱਚ ਸ੍ਰ.ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਐਸਾ ਹੀ ਕਰਨਾ ਚਾਹੀਦਾ ਹੈ, ਕਿਉਂਕਿ ਇਕੱਲੇ-ਇਕੱਲੇ ਅੰਗ ਦਾ ਮੁੱਲ ਦਿੱਤਾ ਅਤੇ ਲਿਆ ਜਾਂਦਾ ਹੈ ਇਸ ਲਈ ਜਿਹੜੀ ਵੀ ਵੇਸਟੇਜ ਹੁੰਦੀ ਹੈ, ਉਸਦਾ ਵੀ ਹਿਸਾਬ ਰੱਖਣਾ ਅਤੀ ਜ਼ਰੂਰੀ ਹੈ।

ਪ੍ਰਿੰਟਿੰਗ ਹੋਣ ਤੋਂ ਬਾਅਦ, ਫਰਮੇ ਸੰਭਾਲ ਕੇ ਰੱਖ ਦਿੰਦੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਰਡਰ ਆਉਣ 'ਤੇ ਮੈਨੇਜਰ ਪ੍ਰਿੰਟਿੰਗ ਪ੍ਰੈੱਸ ਪਰੂਫ ਰੀਡਰ ਦੇ ਪਾਸ ਕਰਨ ਤੋਂ ਬਾਅਦ, ਜਿਲਦ ਸਾਜ਼ਾਂ ਨੂੰ ਦਿੰਦੇ ਹਨ।ਪ੍ਰਿੰਟਿੰਗ ਟੈਕਨੀਸ਼ੀਅਨ ਆਪਣੀ ਮਸ਼ੀਨ ਦੀ ਗਿਣਤੀ ਨੂੰ ਦੇਖ ਕੇ ਹੀ ਰਿਕਾਰਡ ਵਿੱਚ ਦਰਜ ਕਰਕੇ ਅੰਗ ਜਿਲਦ ਸਾਜ਼ਾਂ ਨੂੰ ਦਿੰਦੇ ਹਨ, ਪਰ ਉਸ ਵਿੱਚ ਕਿੰਨੇ ਵਧੇਰੇ ਅੰਗ ਦਿੱਤੇ ਜਾਂਦੇ ਹਨ, ਇਸਦਾ ਕੋਈ ਰਿਕਾਰਡ ਲਿਖਤੀ ਰੂਪ ਵਿੱਚ ਨਹੀਂ ਰੱਖਿਆ ਜਾਂਦਾ।

ਪ੍ਰਿੰਟ ਕਰਦਿਆਂ ਜਿਹੜੇ ਅੰਗ ਪ੍ਰਿੰਟ ਨਹੀਂ ਹੁੰਦੇ, ਉਹ ਵੇਸਟੇਜ ਸਟੋਰ ਦੀ ਰਿੰਮਾਂ ਦੇ ਤੌਰ ਤੇ ਜਾਂ ਵਾਧੂ ਅੰਗਾਂ ਦੇ ਤੌਰ 'ਤੇ ਸਟੋਰ ਵਿੱਚ ਅਤੇ ਲੈਜ਼ਰ ਵਿੱਚ ਜਮਾਂ ਹੋ ਜਾਂਦੀ ਹੈ, ਜਿਹਨਾਂ ਦੀ ਰਕਮ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਜਿਲਦਸਾਜ਼ ਨੂੰ ਫ਼ਰਮੇ ਦੇਣ ਉਪਰੰਤ ਕਲੇਮ ਕਰ ਲੈਂਦਾ ਹਾਂ।

ਇੱਕ ਉਦਾਹਰਨ ਵਜੋਂ ਸ੍ਰ.ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਵੇਸਟੇਜ਼ ਕਲੇਮ ਕਰਨ ਦਾ ਇੱਕੋ ਹੀ ਤਰੀਕਾ ਅਪਣਾਉਂਦੇ ਹਨ, ਜਿਵੇਂ ਕਿ 3000 ਪਾਵਨ ਸਰੂਪਾਂ ਦੇ ਆਰਡਰ ਨੂੰ ਇਹ ਵੇਸਟੇਜ ਪਾ ਕੇ ਉਹਨਾਂ ਨੇ ਫਰਮ ਤੋਂ ਪਰਚੇਜ਼ ਕਮੇਟੀ ਦੇ ਨਾਲ ਪੇਪਰ ਖਰੀਦਣਾ ਹੈ, ਇਹ ਪੂਰੀ ਵੇਸਟੇਜ ਪਾ ਕੇ ਖਰੀਦਦੇ ਹਨ ਅਤੇ ਉਸਦੀ ਪ੍ਰਕਿਰਿਆ ਓਸੇ ਤਰ੍ਹਾਂ ਹੋਣੀ ਹੈ, ਜਿਵੇਂ 2000 ਪਾਵਨ ਸਰੂਪਾਂ ਦੀ ਹੋ ਚੁੱਕੀ ਹੈ।ਅਤੇ ਜੋ ਵੇਸਟੇਜ਼ ਵਿੱਚ ਕਾਗ਼ਜ਼ ਬਚਦਾ ਹੈ ਉਹ ਵੀ ਉਸੇ ਤਰਾਂ ਹੀ ਜਮ੍ਹਾਂ ਹੋਣਾਂ ਹੈ, ਜਿਵੇਂ 2000 ਦਾ ਹੋਣਾਂ ਸੀ।

ਸ੍ਰ.ਗੁਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਇੱਕ ਵਾਰੀ ਮਿਤੀ 05/08/2020 ਨੂੰ ਉਹਨਾਂ ਨੇ ਵਧੇਰੇ ਵੇਸਟੇਜ਼ ਅੰਗਾਂ ਤੋਂ ਗੁਟਕਾ ਸਾਹਿਬ ਰਹਿਰਾਸ, ਅਰਦਾਸ ਅਤੇ ਕੀਰਤਨ ਸੋਹਿਲਾ 4 ਰੰਗੀ ਤਿਆਰ ਕਰਨ ਵਾਸਤੇ ਆਗਿਆ ਮੰਗੀ ਸੀ ਜੋ ਕਿ ਪ੍ਰੈੱਸ ਪਾਸ ਸਟੋਰ ਵਿੱਚ ਪਏ 28'×34' ਦਾ ਕਾਗਜ਼ ਦੇ 16 ਰਿੰਮ ਅਤੇ 100 ਸ਼ੀਟ ਪਏ ਹਨ, ਉਹਨਾਂ ਵਿੱਚੋਂ 17'×27' ਸਾਈਜ਼ ਵਿੱਚ ਕੱਟ

ਕੇ ਛਪਾਈ ਕਰਨ ਦੀ ਆਗਿਆ ਅੱਜ ਤੀਕ ਨਾ ਹੀ ਉਹਨਾਂ ਕੋਲ ਆਈ ਹੈ, ਨਾ ਉਹਨਾਂ ਕੋਲ ਹੈ।

**7.41 <u>(ੳਕ) ਬਿਆਨ ਕਰਤਾ: ਸ੍ਰ.ਸੁਰਜੀਤ ਸਿੰਘ ਅਤੇ ਸ੍ਰ.ਸਰਬਜੀਤ ਸਿੰਘ</u>**

ਸ੍ਰ.ਸੁਰਜੀਤ ਸਿੰਘ ਅਤੇ ਸ੍ਰ.ਸਰਬਜੀਤ ਸਿੰਘ ਦਾ ਮਿਤੀ 20/05/2020 ਦਾ ਬਿਆਨ:-ਇਹਨਾਂ ਨੇ ਦੱਸਿਆ ਕਿ ਜਿਸ ਦਿਨ ਇਹ ਲੋਕ ਸ੍ਰ.ਕੰਵਲਜੀਤ ਸਿੰਘ ਨੂੰ ਚਾਰਜ ਦਵਾਉਣ ਸਮੇਂ ਗਏ ਤਾਂ ਇਹਨਾਂ ਨੇ ਸਟੋਰ ਚੈੱਕ ਕੀਤਾ, ਸ਼ੋਅ ਰੂਮ ਚੈੱਕ ਕੀਤਾ।ਗ੍ਰੰਥੀ ਸਿੰਘ ਜਿੱਥੇ ਦਰਸ਼ਨ ਵਿਚਾਰ ਕਰਦੇ ਹਨ, ਉਹ ਹਾਲ ਚੈੱਕ ਕੀਤਾ, ਹਾਲ ਨੰਬਰ 4 ਤੇ 3 ਵੀ ਚੈੱਕ ਕੀਤੇ, ਕਿੱਥੇ ਪੁਰਾਤਨ ਪਾਵਨ ਸਰੂਪ ਪਏ ਹਨ, ਉਹ ਹਾਲ ਵੀ ਚੈੱਕ ਕੀਤਾ ਅਤੇ ਜਿਲਦਸਾਜ਼ਾਂ ਕੋਲ ਕਿੰਨੇ ਪਾਵਨ ਸਰੂਪਾਂ ਦੀ ਜਿਲਦ ਬੰਦੀ ਹੋ ਚੁੱਕੀ ਹੈ।ਕਿੰਨੇ ਪਾਵਨ ਸਰੂਪਾਂ ਦੇ ਫ਼ਰਮੇ, ਜਿਲਦਸਾਜ਼ਾਂ ਕੋਲ ਪ੍ਰਿੰਟਿੰਗ ਪ੍ਰੈੱਸ ਕੋਲੋਂ ਆਉਣ ਤੋਂ ਬਾਅਦ ਪਏ ਹਨ ਅਤੇ ਉਹਨਾਂ ਵਿੱਚੋਂ ਆਗਿਆ ਅਨੁਸਾਰ ਕਿੰਨੇ ਤਿਆਰ ਹੋ ਚੁੱਕੇ ਹਨ ਅਤੇ ਕਿੰਨੇ ਵਧੇਰੇ ਅੰਗ ਹਾਲ ਵਿੱਚ ਪਏ ਹਨ।ਇਹਨਾਂ ਦੀ ਡਿਊਟੀ ਚਾਰਜ ਦਿਵਾਉਣ ਦੀ ਹੈ।ਇਹ ਪਾਵਨ ਸਰੂਪਾਂ ਅਤੇ ਅੰਗਾਂ ਦਾ ਸਾਰਾ ਵੇਰਵਾ ਇਹ ਕੱਲ ਨੂੰ 12.00 ਵਜੇ ਤੱਕ ਦੇ ਦੇਣਗੇ।

**7.42 <u>(ੳਖ) ਬਿਆਨ ਕਰਤਾ: – ਸ੍ਰ.ਗੁਲਵਿੰਦਰ ਸਿੰਘ (ਗੁ. ਇੰਸਪੈਕਟਰ)</u>**

ਸ੍ਰ.ਗੁਲਵਿੰਦਰ ਸਿੰਘ ਜੀ ਨੇ ਬਿਆਨ ਦਿੱਤਾ ਕਿ ਚਾਰਜ ਲੈਣ/ਦਿਵਾਉਣ ਸਮੇਂ ਜੇਕਰ ਚਾਰਜ ਲੈਣ ਵਾਲੇ ਦੀ ਅਤੇ ਚਾਰਜ ਦੇਣ ਵਾਲੇ ਦੀ, ਦੋਨਾਂ ਦੀ ਸਹਿਮਤੀ ਹੋਵੇ ਅਤੇ ਰਿਪੋਰਟ ਉੱਤੇ ਦਰਜ ਹੋਵੇ ਤਾਂ ਫਿਰ ਇਹ ਨਾ ਹੀ ਸਟਾਕ ਦੀ ਤਸਦੀਕ ਕਰਦੇ ਹਨ ਅਤੇ ਨਾ ਹੀ ਲੈਜ਼ਰ ਦੀ।ਉਹ ਸਿਰਫ ਜੋ ਲਿਸਟ ਦਸਤਾਵੇਜ਼ਾਂ ਵਿੱਚ ਚਾਰਜ ਸਮੇਂ ਹੁੰਦੀ ਹੈ, ਉਹਨੂੰ ਚੈੱਕ ਕਰਕੇ ਦਸਤਖਤ ਕਰ ਦਿੰਦੇ ਹਨ।

**7.43 <u>(ੳਗ) ਬਿਆਨ ਕਰਤਾ: ਸ੍ਰ.ਗੁਰਬਚਨ ਸਿੰਘ ਜੀ (ਮੀਤ ਸਕੱਤਰ ਪਬਲੀਕੇਸ਼ਨ)</u>**

ਸ੍ਰ.ਗੁਰਬਚਨ ਸਿੰਘ ਜੀ ਨੇ ਪੜਤਾਲ ਕਮਿਸ਼ਨ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਲਿਖਿਤ ਰੂਪ ਵਿੱਚ ਪੇਸ਼ ਕੀਤੇ ਜੋ ਕਿ ਦਸਤਾਵੇਜ਼ ੳਗ/1 'ਤੇ ਨੱਥੀ ਹੈ (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 376) ਉਹਨਾਂ ਨੇ ਕਿਹਾ ਕਿ ਜੋ ਉੱਤਰ ਪਹਿਲੇ 1 ਤੋਂ 12 ਤੱਕ ਸਵਾਲ ਹੈ, ਉਹ ਇਹ ਕਿ ਇਨ੍ਹਾਂ ਸਵਾਲਾਂ ਬਾਰੇ ਮੌਕੇ ਦੇ ਹਾਜ਼ਰ ਪਬਲੀਕੇਸ਼ਨ ਵਿਭਾਗ ਦੇ ਅਧਿਕਾਰੀਆਂ ਪਾਸੋਂ ਜਾਣਕਾਰੀ

ਪ੍ਰਾਪਤ ਕੀਤੀ ਜਾ ਸਕਦੀ ਹੈ।ਉਹਨਾਂ ਨੇ ਕਿਹਾ ਕਿ ਉਹ 2013 ਵਿੱਚ ਤਕਰੀਬਨ ਇੱਕ ਸਾਲ ਦੇ ਕਰੀਬ ਪਬਲਿਕੇਸ਼ਨ ਵਿੱਚ ਬਤੌਰ ਇੰਚਾਰਜ ਰਿਹਾ ਬਾਕੀ ਜਿੱਥੇ-ਜਿੱਥੇ ਵੀ ਡਿਊਟੀ ਨਿਭਾਈ ਹੈ, ਉਸਦੀ ਰਿਪੋਰਟ ਉਹ ਸੋਮਵਾਰ ਨੂੰ ਪੜਤਾਲ ਕਮਿਸ਼ਨ ਨੂੰ ਦੇ ਦੇਣਗੇ।

ਮਿਤੀ 27/03/2018 ਬਤੌਰ ਮੀਤ ਸਕੱਤਰ ਪ੍ਰਮੋਟ ਕਰ ਕੇ ਸ੍ਰ.ਗੁਰਬਚਨ ਸਿੰਘ ਜੀ ਨੂੰ ਪਬਲੀਕੇਸ਼ਨ ਵਿਖੇ ਬਤੌਰ ਮੀਤ ਸਕੱਤਰ ਬਣਾਇਆ ਗਿਆ।ਦਫਤਰ ਅਧਿਕਾਰੀ ਡਾ: ਰੂਪ ਸਿੰਘ ਦੇ ਕਹਿਣ ਤੇ ਸ੍ਰ.ਗੁਰਬਚਨ ਸਿੰਘ ਜੀ ਨੂੰ ਪ੍ਰੈੱਸ ਦੀ ਜਿਮ੍ਹੇਵਾਰੀ ਦਿੱਤੀ ਗਈ ਅਤੇ ਉਹਨਾਂ ਨੇ ਪ੍ਰੈੱਸ ਦੀ ਜਿੰਮੇਵਾਰੀ ਵਧੀਆ ਨਿਭਾਈ।

ਸ਼੍ਰੋਮਣੀ ਕਮੇਟੀ ਦੀਆਂ ਚਲਦੀਆਂ ਤਿੰਨ ਪ੍ਰੈੱਸਾਂ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ, ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ ਅਤੇ ਗੋਲਡਨ ਆਫਸੈੱਟ ਪ੍ਰੈੱਸ ਨੂੰ ਮਰਜ ਕਰਕੇ ਪ੍ਰੈੱਸ ਅਤੇ ਪਬਲੀਕੇਸ਼ਨ ਦੇ ਨਾਮ ਹੇਠ ਚਲਾਉਣ ਦਾ ਫੈਸਲਾ ਕੀਤਾ ਗਿਆ ਸੀ।ਜਿਸ ਦਾ ਮਤਾ ਨੰ: 882 ਮਿਤੀ 18/08/2017 ਹੈ ਦਸਤਾਵੇਜ਼ ਨੰ:ਓਗ/2 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 380) 'ਤੇ ਨੱਥੀ ਹੈ।ਸਾਲ 2018 ਵਿਚ ਸਕੂਲਾਂ ਦੀਆਂ ਕਾਪੀਆਂ ਦਾ ਕੰਮ ਲਿਆ, ਜਿਸ ਵਿੱਚ ਮੀਤ ਪ੍ਰਧਾਨ ਸ੍ਰ.ਰਘੂਜੀਤ ਸਿੰਘ ਵਿਰਕ, ਸ੍ਰ.ਅਵਤਾਰ ਸਿੰਘ ਸਕੱਤਰ ਸ੍ਰੋਮਣੀ ਕਮੇਟੀ ਵੱਲੋਂ ਸਕੂਲਾਂ/ਕਾਲਜਾਂ ਦੀਆਂ ਕਾਪੀਆਂ ਦਾ ਕੰਮ ਵੀ ਨਾਲ ਦਿੱਤਾ ਗਿਆ ਸੀ।

ਸ੍ਰ.ਗੁਰਬਚਨ ਸਿੰਘ ਜੀ ਨੇ ਸਿਸਟਮ ਬਾਰੇ ਦੱਸਦਿਆਂ ਇਹ ਕਿਹਾ ਕਿ ਪ੍ਰਵਾਨਗੀ ਆਉਣ ਉਪਰੰਤ ਦਸਤਾਵੇਜ਼ ਨੰ:ਓਗ/3 ਹੈ, (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 382) 'ਤੇ ਨੱਥੀ ਹੈ, ਉਸ ਵਿੱਚ ਜੋ ਉਨ੍ਹਾਂ ਨੇ ਸੁਝਾਅ ਦਿਤਾ ਹੈ, ਉਸ ਦੀ ਪ੍ਰਵਾਨਗੀ ਨੂੰ ਅਮਲ ਵਿੱਚ ਲਿਆਉਣਾ ਮੁੱਖ ਦਫਤਰ ਦੇ ਟਰੱਸਟ ਵਿਭਾਗ ਵੱਲੋਂ ਕਰਵਾਈ ਕੀਤੀ ਜਾਣੀ ਹੁੰਦੀ ਹੈ।

ਉਹਨਾਂ ਨੇ ਇਹ ਵੀ ਕਹਾ ਕਿ ਦਸਤਾਵੇਜ਼ ਨੰ:ਓਗ/2 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 382) ਦੇ ਪੰਜਵੇਂ ਪੁਆਇੰਟ 'ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ।ਸ੍ਰ.ਗੁਰਬਚਨ ਸਿੰਘ ਬਤੌਰ ਮੀਤ ਸਕੱਤਰ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਦੇ ਹਨ ਅਤੇ ਦੋਵੇਂ ਵਿਭਾਗ ਇਹਨਾਂ ਦੀ ਦੇਖ-ਰੇਖ ਦੇ ਦਾਇਰੇ ਵਿੱਚ ਆਉਂਦੇ ਸਨ।।ਇਹਨਾਂ ਦਾ ਜੋ ਵੀ ਕੰਮ ਪਬਲੀਕੇਸ਼ਨ ਵਿਭਾਗ ਵਿਖੇ ਹੁੰਦਾ ਸੀ,ਉਹ ਇਹ ਸੀ ਕਿ ਸੰਬੰਧਤ ਕਲਰਕ, ਸਹਾਇਕ ਸੁਪਰਵਾਈਜ਼ਰ, ਸੁਪਰਵਾਈਜ਼ਰ ਜਾਂ ਇੰਚਾਰਜ ਵੱਲੋਂ ਨੋਟ ਪੁਟ-ਅਪ ਕਰਨ 'ਤੇ ਮੁੱਖ ਦਫਤਰ ਪਾਸੋਂ ਲੋੜੀਂਦੀ ਕਾਰਵਾਈ ਕਰਵਾਈ ਜਾਂਦੀ ਸੀ।ਠੇਕੇਦਾਰਾਂ ਨੂੰ ਇੱਕ ਸਾਲ ਵਿੱਚ ਤਕਰੀਬਨ 40,00,000/-

ਰੁਪਏ ਅੱਖਰੀ ਚਾਲੀ ਲੱਖ ਰੁਪਏ ਦਿੱਤਾ ਜਾਂਦਾ ਹੈ ਅਤੇ ਜੇ ਜਿਲਦਬੰਦੀ ਦਾ ਕੰਮ ਮਤੇ ਅਨੁਸਾਰ ਸਿੱਖ ਮੁਲਾਜ਼ਮ ਨੂੰ ਭਰਤੀ ਕਰਕੇ ਹੁੰਦਾ ਤਾਂ 20,00,000/- ਅੱਖਰੀ ਵੀਹ ਲੱਖ ਰੁਪਏ ਬਚਤ ਹੋ ਸਕਦੀ ਸੀ।

ਦਸਤਾਵੇਜ਼ ਨੰ:ੳਗ/2 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 382) ਦੇ 6 ਨੰ: ਤੇ 8 ਨੰ: ‘ਤੇ ਸਿੱਖ ਬੱਚਿਆਂ ਨੂੰ ਫੰਡ ਦਿੱਤਾ ਜਾਵੇ ਅਤੇ ਸਿੱਖ ਬੱਚਿਆਂ ਨੂੰ ਪ੍ਰੈੱਸ ਵਿੱਚ ਭਰਤੀ ਕੀਤਾ ਜਾਵੇ ਤੇ ਸ੍ਰ.ਗੁਰਬਚਨ ਸਿੰਘ ਨੇ ਇਸ ਨੂੰ ਲਿਆਉਣ ਦੀ ਪੂਰੀ ਕੋਸ਼ਿਸ ਕੀਤੀ ਸੀ ਕਿ ਇਹ ਅਮਲ ਵਿੱਚ ਲਿਆਇਆ ਜਾ ਸਕੇ ਪਰ ਉਥੇ ਅਨਓਫੀਸ਼ਿਅਲ ਯੂਨੀਅਨ ਬਣਨ ਕਾਰਨ ਉਹ ਇਹ ਨਹੀਂ ਕਰ ਪਾਏ।

ਜੋ ਗੈਰ-ਸਿੱਖ ਠੇਕੇਦਾਰਾਂ ਕੋਲ ਹਨ, ਉਹਨਾਂ ‘ਤੇ ਇਹ ਐਕਸ਼ਨ ਨਹੀਂ ਲੈ ਸਕਦੇ ਕਿਉਂਕਿ ਉਹ ਮੁਲਾਜ਼ਮ ਨਹੀਂ ਹਨ।ਸ੍ਰ.ਗੁਰਬਚਨ ਸਿੰਘ ਨੇ ਬਤੌਰ ਮੀਤ ਸਕੱਤਰ ਕਦੇ ਵੀ ਜਿੰਨੇ ਵੀ ਸਟਾਕ ਰਜਿਸਟਰ, ਬਾਈਡਿੰਗ ਅਤੇ ਅਨਬਾਈਡਿੰਗ ਦੀ ਚੈਕਿੰਗ ਨਹੀਂ ਕੀਤੀ।ਕਿਉਂਕਿ ਇਹ ਇੰਚਾਰਜ ਲੈਵਲ ਦਾ ਕੰਮ ਹੈ।ਇਹਨਾਂ ਨੂੰ ਸਰਵਿਸ ਰੂਲ ਬਾਰੇ ਨਹੀਂ ਪਤਾ ਕਿ ਉਸ ਵਿੱਚ (ਮਈਅਰਮੈਂਟ) ਹੋਈ ਕਿ ਨਹੀਂ ਹੋਈ।ਸ੍ਰ.ਗੁਰਬਚਨ ਸਿੰਘ ਨੇ ਕਦੇ ਵੀ ਫਿਜ਼ੀਕਲ ਚੈਕਿੰਗ ਨਹੀਂ ਕੀਤੀ ਪਰ ਇੰਚਾਰਜ ਨੂੰ ਉਹਨਾਂ ਨੇ ਕਿਹਾ ਸੀ ਕਿ ਤੁਸੀਂ ਤਸੱਲੀ ਨਾਲ ਫਿਜ਼ੀਕਲ ਚੈਕਿੰਗ ਕਰੋ ਤੇ ਇਹਨਾਂ ਨੂੰ ਰਿਪੋਰਟ ਕਰੋ।

ਦਸਤਾਵੇਜ਼ ੳਗ/4 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 384) ਅਨੁਸਾਰ ਜੋ ਮਿਤੀ 21/05/2020 ਨੂੰ ਜੋ ਹੈਂਡਿੰਗ ਟੇਕਿੰਗ ਓਵਰ ਸ੍ਰ.ਕੰਵਲਜੀਤ ਸਿੰਘ ਤੇ ਸ੍ਰ.ਮਨਿੰਦਰ ਸਿੰਘ ਵਿਚਕਾਰ ਹੋਇਆ, ਉਸ ਚਾਰਜ ਰਿਪੋਰਟ ‘ਤੇ ਸ੍ਰ.ਗੁਰਬਚਨ ਸਿੰਘ ਨੇ ਸਾਈਨ ਕੀਤੇ ਹਨ, ਪਰ ਉਹਨਾਂ ਨੇ ਫਿਜ਼ੀਕਲੀ ਚੈਕਿੰਗ ਨਹੀਂ ਕੀਤਾ।ਛਪਾਈ ਉਪਰੰਤ ਜੋ ਠੇਕੇਦਾਰਾਂ ਨੂੰ ਕੋਈ ਵੀ ਲਿਟਰੇਚਰ, ਹਰ ਪ੍ਰਕਾਰ ਦੀ ਛਪਾਈ ਦਾ ਦਿੱਤਾ ਜਾਂਦਾ ਸੀ, ਉਸ ਦੀ ਕੋਈ ਵੀ ਵਸੂਲੀ ਨਹੀਂ ਹੁੰਦੀ ਹੈ।

ਇਹ ਪ੍ਰਕ੍ਰਿਆ ਸ਼ੁਰੂ ਕਰਨ ਲਈ ਲੋੜੀਂਦੀ ਸਟੇਸ਼ਨਰੀ ਚਲਾਣ ਫਾਰਮ ਆਦਿ ਛਪਾ ਦਿਤੀ ਗਈ ਸੀ, ਪਰ ਸ਼ੁਰੂ ਹੋਇਆ ਹੈ ਕਿ ਨਹੀਂ ਇਸ ਬਾਰੇ ਇਹਨਾਂ ਨੂੰ ਕੁਝ ਨਹੀਂ ਪਤਾ।ਜਿਲਦਸਾਜ਼ਾਂ ਦੇ ਬਿੱਲ ਇੰਚਾਰਜ ਤੋਂ ਬਾਅਦ ਸਿੱਧਾ ਸਬੰਧਤ ਅਕਾਊਂਟਸ ਡਿਪਾਰਟਮੈਂਟ ਤੋਂ ਚੈੱਕ ਹੋ ਕੇ ਮਿਲਦਾ ਹੈ।

ਦਸਤਾਵੇਜ਼-ਓਗ/5 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 385) ਇੱਕ ਪੱਤਰ ਜੋ ਪੜਤਾਲੀਆ ਕਮੇਟੀ ਵੱਲੋਂ ਸ੍ਰ.ਗੁਰਬਚਨ ਸਿੰਘ ਨੂੰ ਦਿਖਾਇਆ ਗਿਆ ਜਿਸ ਵਿਚ ਜਿਲਦਸਾਜ਼ਾਂ ਦੇ ਦਸਤਖਤ ਅਤੇ ਨੰਬਰ ਹਨ ਅਤੇ ਜਿਸਲਸਾਜ਼ਾਂ ਵੱਲੋਂ ਕੋਈ ਤਰੀਕ ਨਹੀਂ ਪਾਈ ਗਈ।ਪੱਤਰ, ਜਿਸ ਵਿੱਚ ਉਹ ਲਿਖਦੇ ਹਨ, "ਸਾਡੇ ਕੋਲ ਪਾਵਨ ਸਰੂਪਾਂ ਦੇ ਵਾਧੇ ਦੇ ਫਰਮੇ ਪਏ ਹਨ, ਜਿਨ੍ਹਾਂ ਵਿਚੋਂ ਗ੍ਰੰਥੀ ਸਿੰਘਾਂ ਵੱਲੋਂ ਚੈੱਕ ਕਰਵਾ ਕੇ ਜਿੰਨ੍ਹੇ ਪਾਵਨ ਸਰੂਪ ਤਿਆਰ ਹੋ ਸਕਦੇ ਹਨ, ਕਰਵਾ ਲੈਣੇ ਚਾਹੀਦੇ ਹਨ"।ਇਹ ਪੱਤਰ ਦੋਵੇਂ ਜਿਲਦਸਾਜ਼ ਮਿਤੀ 8-11-19 ਨੂੰ ਲੈ ਕੇ ਆਏ, ਜਿਸਨੂੰ ਸ੍ਰ.ਗੁਰਬਚਨ ਸਿੰਘ ਜੀ ਨੇ ਇੰਚਾਰਜ ਸ੍ਰ.ਗੁਰਮੁੱਖ ਸਿੰਘ ਪਬਲੀਕੇਸ਼ਨ ਨੂੰ ਮਾਰਕ ਕੀਤਾ, ਚੈੱਕ ਕਰਨ ਵਾਸਤੇ, ਗ੍ਰੰਥੀ ਸਿੰਘਾਂ ਵਲੋਂ ਆਗਿਆ ਵਿੱਚ ਪੇਸ਼ ਹੈ।" ਉਹਨਾਂ ਨੇ ਕੇਵਲ ਚੈੱਕ ਕਰਨ ਲਈ ਤੇ ਗ੍ਰੰਥੀ ਸਿੰਘਾਂ ਨੂੰ ਆਗਿਆ ਦਿਤੀ।

ਦਸਤਾਵੇਜ਼ ਓਗ/-5 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 385) ਦੇ ਮੁਤਾਬਿਕ ਜੋ ਇਹਨਾਂ ਨੇ ਆਗਿਆ ਵਾਸਤੇ ਇੰਚਾਰਜ ਨੂੰ ਲਿਖਿਆ ਸੀ, ਉਸਦੀ ਕਾਰਵਾਈ ਦੀ ਰਿਪੋਰਟ ਸ੍ਰ.ਗੁਰਬਚਨ ਸਿੰਘ ਕੋਲ ਨਹੀਂ ਆਈ।ਇਨ੍ਹਾਂ ਫਰਮਿਆਂ ਦੇ ਅੰਗਾਂ ਨੂੰ ਚੈੱਕ ਕਰਦਿਆਂ ਅੰਦਾਜ਼ਨ ਕਿਤਨੇ ਦਿਨ ਲੱਗ ਸਕਦੇ ਹਨ, ਇਹ ਇਹਨਾਂ ਨੂੰ ਨਹੀਂ ਪਤਾ/ਤੇ ਇਹਨਾਂ ਨੇ ਇਸ ਦੀ ਰਿਪੋਰਟ ਬਾਅਦ ਵਿਚ ਚੈੱਕ ਨਹੀਂ ਕੀਤੀ ਕਿਉਂਕਿ ਇਹ ਉਹਨਾਂ ਦੇ ਨੋਟਿਸ ਵਿੱਚ ਨਹੀਂ ਲਿਆਂਦਾ ਗਿਆ ਤੇ ਨਾ ਹੀ ਉਹਨਾਂ ਨੇ ਸੁਪਰਵਾਈਜ਼ਰ ਨੂੰ ਪੁੱਛਿਆ।

ਇਹਨਾਂ ਨੇ ਖੁਦ ਜਾ ਕੇ ਬਾਈਂਡਰ ਸ੍ਰ.ਜਸਪ੍ਰੀਤ ਸਿੰਘ ਦੇ ਹਾਲ ਨੰਬਰ 4 ਦੀਆਂ ਫੋਟੋਆਂ ਖਿੱਚੀਆਂ, ਜਿਸ 'ਤੇ ਸ੍ਰ.ਜਸਪ੍ਰੀਤ ਸਿੰਘ ਨੇ ਇਤਰਾਜ਼ ਜਤਾਇਆ।ਦਸਤਾਵੇਜ਼ ਓਗ/-6 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 386) ਦੇ ਅਨੁਸਾਰ ਮੀਤ ਸਕੱਤਰ ਸਾਹਿਬ ਨੇ ਸੁਪਰਵਾਈਜ਼ਰ ਪਬਲੀਕੇਸ਼ਨ, ਇੰਚਾਰਜ ਰਾਹੀਂ, ਸ੍ਰ.ਗੁਰਬਚਨ ਸਿੰਘ ਦਾ ਲਿਖਿਆ ਹੋਇਆ ਨੋਟਿਸ ਜਿਸ 'ਤੇ ਵੀ ਠੇਕੇਦਾਰਾਂ ਨੇ ਇਤਰਾਜ਼ ਜਤਾਇਆ ਜਦ ਕਿ ਇਹਨਾਂ ਨੇ ਪਾਵਨ ਸਰੂਪਾਂ ਦੇ ਅਦਬ ਵਾਸਤੇ ਇਹ ਨੋਟਿਸ ਦਿੱਤਾ ਸੀ।

ਸ੍ਰ.ਗੁਰਬਚਨ ਸਿੰਘ ਕੋਲ ਸ੍ਰ.ਮਨਿੰਦਰ ਸਿੰਘ ਅਤੇ ਸ੍ਰ.ਗੁਰਮੁਖ ਸਿੰਘ ਮਿਤੀ 19/03/2020 ਤੋਂ ਬਾਅਦ ਜੋ ਕਿ ਕਲਰਕ ਅਤੇ ਸੁਪਰਵਾਇਜ਼ਰ ਇੰਚਾਰਜ ਆਏ ਸਨ।ਉਹਨਾਂ ਨੇ ਸ੍ਰ.ਗੁਰਬਚਨ ਸਿੰਘ ਜੀ ਨੂੰ ਦੱਸਿਆ ਕਿ ਸ੍ਰ.ਕੰਵਲਜੀਤ ਸਿੰਘ ਵੱਲੋਂ ਜਿਲਦਸਾਜ਼ ਪਾਸੋਂ 61 ਪਾਵਨ ਸਰੂਪ ਤਿਆਰ ਕਰਵਾਏ ਗਏ ਹਨ।ਜਿਨ੍ਹਾਂ ਵਿਚੋਂ 55 ਪਾਵਨ ਸਰੂਪ ਵੱਖ-ਵੱਖ ਥਾਵਾਂ 'ਤੇ ਵਿੱਕਰੀ ਹੋ

ਗਏ ਅਤੇ ਦਫਤਰ ਵਿੱਚ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਦਸਤਾਵੇਜ਼ ੳਗ/-7 ਏ,(ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 387) ਬਿੱਲ ਨੰ: 29922 ਮਿਤੀ 04/03/2020 ਗੁ: ਰਕਾਬਗੰਜ ਸਾਹਿਬ, ਨਵੀਂ ਦਿੱਲੀ :-30 ਪਾਵਨ ਸਰੂਪ
2. ਦਸਤਾਵੇਜ਼ ੳਗ/-7 ਬੀ (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 388)ਬਿੱਲ ਨੰ: 29927 ਮਿਤੀ 04/03/2020 ਗੁ:ਸ੍ਰੀ ਗੁਰੂ ਸਿੰਘ ਸਭਾ, ਇੰਦੌਰ, ਮੱਧ ਪ੍ਰਦੇਸ ਇਸ ਦੇ 10 ਵਿੱਚੋਂ 4 ਪਾਵਨ ਸਰੂਪ (ਇਹ 55 ਪਾਵਨ ਸਰੂਪਾਂ ਦੇ ਵਿੱਚੋਂ ਹਨ)
3. ਦਸਤਾਵੇਜ਼ ੳਗ/-7 ਸੀ (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 389) ਬਿੱਲ ਨੰ: 29928 ਮਿਤੀ 04/03/2020 ਗੁ: ਸੀਸ ਗੰਜ ਸਾਹਿਬ, ਤਰਾਵਲੀ, ਕਰਨਾਲ, ਹਰਿਆਣਾ 15 ਪਾਵਨ ਸਰੂਪ
4. ਦਸਤਾਵੇਜ਼ ੳਗ/-7 ਡੀ(ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 390) ਬਿਲ ਨੰ: 29930 ਮਿਤੀ 04/03/2020 10 ਵਿਚੋਂ 4 ਪਾਵਨ ਸਰੂਪ ਸ਼ਹੀਦ ਨਗਰ, ਗੁ: ਬੁੱਢਾ ਜੌਹੜ, ਰਾਜਸਥਾਨ।
5. ਦਸਤਾਵੇਜ਼ ੳਗ/-7 ਈ(ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 391) ਬਿਲ ਨੰ: 6888,6889 ਮਿਤੀ 19/30/2020 ਸ਼ੋਅ ਰੂਮ, ਗੁ: ਰਾਮਸਰ ਸਾਹਿਬ ਤੋਂ ਗੁ: ਸਿੰਘ ਸਭਾ ਪਿੰਡ ਲਖਣ ਖੁਰਦ, ਜ਼ਿਲ੍ਹਾ ਗੁਰਦਾਸਪੁਰ ਵਿਖੇ 2 ਪਾਵਨ ਸਰੂਪ

ਸ੍ਰ.ਜਸਪ੍ਰੀਤ ਸਿੰਘ ਠੇਕੇਦਾਰ ਦੇ ਹਾਲ ਨੰ: 4 ਦੀ ਜੋ ਸ੍ਰ.ਗੁਰਬਚਨ ਸਿੰਘ ਜੀ ਨੇ ਚੈਕਿੰਗ ਕੀਤੀ ਸੀ ਜਿਸ ਵਿੱਚ ਉਹਨਾਂ ਨੇ ਪਾਇਆ ਕਿ ਪਾਵਨ ਸਰੂਪਾਂ ਨੂੰ ਜਿਲਦਸਾਜ਼ਾਂ ਨੇ ਅਦਬ ਸਹਿਤ ਨਹੀਂ ਰੱਖਿਆ, ਉਨ੍ਹਾਂ ਫੋਟੋਆਂ ਦੀਆਂ ਦਸਤਾਵੇਜ਼ ੳਗ/-8 ਏ ਤੋਂ ਦਸਤਾਵੇਜ਼ ੳਗ/-8 ਐਫ(ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 392-397) ਤੱਕ ਨੱਥੀ ਹਨ। ਇਨ੍ਹਾਂ ਫੋਟੋਆਂ ਖਿੱਚਣ 'ਤੇ ਵੀ ਸ੍ਰ.ਜਸਪ੍ਰੀਤ ਸਿੰਘ ਜਿਲਦਸਾਜ਼ ਨੇ ਇਤਰਾਜ਼ ਕੀਤਾ ਕਿ ਇਹ ਫੋਟੋਆਂ ਕਿਉਂ ਖਿੱਚੀਆਂ ਗਈਆਂ।

ਪਾਵਨ ਸਰੂਪਾਂ ਦੇ ਬਿੱਲਾਂ 'ਤੇ ਕੇਵਲ ਸੀ.ਜੀ.ਐਲ. ਦੇ ਹੀ ਦਸਤਖਤ ਹੁੰਦੇ ਹਨ ਅਤੇ ਪਾਵਨ ਸਰੂਪਾਂ ਦੇ ਬਿੱਲਾਂ ਉੱਤੇ ਜੋ ਪਾਵਨ ਸਰੂਪਾਂ ਦੇ ਨੰਬਰ ਨਹੀਂ ਲਿਖੇ ਗਏ, ਉਹ ਨੰਬਰ ਹੋ ਸਕਦਾ ਹੈ

ਵਸੂਲੀਆਂ ਉਪਰ ਲਿਖੇ ਗਏ ਹੋਣ।ਇਸਦੀ ਜਾਣਕਾਰੀ ਸਟੋਰ ਕੀਪਰ ਹੀ ਦੇ ਸਕਦਾ ਹੈ।ਵਧੀਕ ਅੰਗਾਂ ਤੋਂ ਤਿਆਰ ਕੀਤੇ 55 ਪਾਵਨ ਸਰੂਪ ਉਹ ਹਨ, ਜਿਸਦੀ ਆਗਿਆ ਸ੍ਰ.ਗੁਰਬਚਨ ਸਿੰਘ ਤੋਂ ਨਹੀਂ ਲਈ ਗਈ ਅਤੇ ਸ੍ਰ.ਕੰਵਲਜੀਤ ਸਿੰਘ ਨੇ ਤਿਆਰ ਕਰਾਕੇ ਨੰਬਰ ਵੀ ਆਪਣੀ ਮਰਜ਼ੀ ਨਾਲ ਪਾਏ ਅਤੇ ਉਨ੍ਹਾਂ ਦੀ ਵਿਕਰੀ ਵੀ ਕਰ ਦਿੱਤੀ।ਇਹਨਾਂ 55 ਪਾਵਨ ਸਰੂਪਾਂ ਦਾ ਸ੍ਰ.ਗੁਰਬਚਨ ਸਿੰਘ ਜੀ ਨੂੰ ਉਸ ਸਮੇਂ ਪਤਾ ਲੱਗਾ ਜਦ ਚਾਰਜ ਸ੍ਰ.ਕੰਵਲਜੀਤ ਸਿੰਘ ਤੋਂ ਸ੍ਰ.ਮਨਿੰਦਰ ਸਿੰਘ ਨੇ ਲਿਆ ਜਿਸ ਬਾਰੇ ਸ੍ਰ.ਗੁਰਬਚਨ ਸਿੰਘ ਜੀ ਨੂੰ ਸ੍ਰ.ਮਨਿੰਦਰ ਸਿੰਘ ਅਤੇ ਸ੍ਰ.ਗੁਰਮੁਖ ਸਿੰਘ ਨੇ ਦੱਸਿਆ।ਉਹਨਾਂ ਨੇ ਇਸ ਬਾਰੇ ਸ੍ਰ.ਕੰਵਲਜੀਤ ਸਿੰਘ ਤੋਂ ਪੁੱਛਿਆ ਕਿ ਇਹ 61 ਪਾਵਨ ਸਰੂਪ ਤੂੰ ਕਿਸ ਦੀ ਆਗਿਆ ਨਾਲ ਤਿਆਰ ਕਰਾਏ ਅਤੇ ਸ੍ਰ.ਗੁਰਬਚਨ ਸਿੰਘ ਜੀ ਦਾ ਦੂਜਾ ਪ੍ਰਸ਼ਨ ਸੀ ਕਿ ਜਿਹੜੇ ਨੰਬਰ ਤੂੰ ਪਾਵਨ ਸਰੂਪਾਂ ‘ਤੇ ਲਗਾਏ ਉਹ ਕਿਸ ਸੀਰੀਜ਼ ਮੁਤਾਬਿਕ ਲਗਾਏ।ਇਨ੍ਹਾਂ ਪਾਵਨ ਸਰੂਪਾਂ ਦੇ ਨੰਬਰ ਜੋ ਸ੍ਰ.ਕੰਵਲਜੀਤ ਸਿੰਘ ਨੇ ਆਪਣੀ ਮਰਜ਼ੀ ਨਾਲ ਲਗਾਏ ਉਨ੍ਹਾਂ ਦੇ ਨੰਬਰ 4437 ਤੋਂ 4497 ਤੱਕ ਹਨ।ਦਸਤਾਵੇਜ਼ ੳਗ/10 (ਐਮ), ਦਸਤਾਵੇਜ਼ ੳਗ/10(ਐਨ), ਦਸਤਾਵੇਜ਼ ੳਗ/ 10 (ੳ) ਵਿਚ 50-50-50 ਦੀਆਂ ਤਿੰਨ ਸਟੋਰ ਰਸੀਦਾਂ ਕੱਟੀਆਂ ਜਿਨ੍ਹਾਂ ਦਾ ਸੀਰੀਅਲ ਨੰਬਰ 1424, 1425 ਤੇ 1426 ਅਤੇ ਮਿਤੀ 28/02/2020, 20/03/2020 ਤੇ 25/03/2020 ਹੈ।ਇਹ ਰਸੀਦਾਂ ਦਰਮਿਆਨਾਂ ਆਕਾਰ ਦੀਆਂ ਸਨ ਅਤੇ ਸਟੋਰ ਲੈਜ਼ਰ ਦੇ ਪੰਨਾ ਨੰ: 111 (ਸਾਲ 2019-20) ਅਤੇ ਪੰਨਾ 4 ‘ਤੇ ਐਂਟਰੀ ਕਰ ਦਿੱਤੀ ਗਈ ਅਤੇ ਸ੍ਰ.ਕੁਲਵੰਤ ਸਿੰਘ ਨੇ ਪੰਨਾ ਨੰ: 111 ‘ਤੇ ਦਸਤਖਤ ਕੀਤੇ ਹਨ ਕਿ ਉਨ੍ਹਾਂ ਨੇ ਪਾਵਨ ਸਰੂਪ ਸਟੋਰ ਵਿੱਚ ਪਹੁੰਚਾ ਦਿੱਤੇ ਹਨ ਤੇ ਉਨ੍ਹਾਂ ਨੂੰ ਸਟੋਰ ਰਸੀਦ ਮਿਲ ਗਈ ਹੈ।ਉਸ ਤੋਂ ਉਪਰੰਤ ਸ੍ਰ.ਕੁਲਵੰਤ ਸਿੰਘ ਜੀ ਨੇ ਆਪਣਾ ਬਿੱਲ ਭੇਜ ਕੇ ਪੇਮੈਂਟ ਅਕਾਊਂਟ ਤੋਂ ਲੈ ਲਈ ਹੈ।ਦਸਤਾਵੇਜ਼ ੳਗ/11 ਜੋ ਕਿ ਸ੍ਰ.ਕੁਲਵੰਤ ਸਿੰਘ ਦਾ ਲਿਖਿਆ ਹੈ, ਉਸ ‘ਤੇ ਕੋਈ ਮਿਤੀ ਨਹੀਂ ਪਾਈ ਗਈ।ਜਿਸ ‘ਤੇ ਇਹ ਲਿਖਿਆ ਹੈ ਕਿ 150 ਪਾਵਨ ਸਰੂਪ ਜਮ੍ਹਾਂ ਕਰ ਲਏ ਗਏ ਹਨ।ਜਿਨ੍ਹਾਂ ਵਿਚੋਂ ਲਗਭਗ 25 ਪਾਵਨ ਸਰੂਪ ਉਹ (ਸ੍ਰ.ਕੰਵਲਜੀਤ ਸਿੰਘ) ਲੈ ਗਏ ਹਨ ਅਤੇ 125 ਪਾਵਨ ਸਰੂਪ ਵਾਰ-ਵਾਰ ਕਹਿਣ ‘ਤੇ ਵੀ ਨਹੀਂ ਲੈ ਕੇ ਗਿਆ।

ਪੜਤਾਲ ਕਮਿਸ਼ਨ ਨੇ ਸ੍ਰ.ਗੁਰਬਚਨ ਸਿੰਘ ਤੋਂ ਪੁੱਛਿਆ ਕਿ ਮਿਤੀ 06/08/2020 ਨੂੰ ਤੁਸੀਂ ਜੋ ਬਿਆਨ ਦਿੱਤਾ ਸੀ ਕਿ ਜੋ 55 ਪਾਵਨ ਸਰੂਪ ਵਧੇਰੇ ਅੰਗਾਂ ਤੋਂ ਬਣੇ ਹਨ, ਉਹਨਾਂ ਦੀ ਵਿਕਰੀ ਹੋਈ ਹੈ ਉਹਨਾਂ ਬਾਰੇ ਸ੍ਰ.ਗੁਰਬਚਨ ਸਿੰਘ ਨੂੰ ਸ੍ਰ.ਗੁਰਮੁਖ ਸਿੰਘ ਅਤੇ ਸ੍ਰ.ਮਨਿੰਦਰ ਸਿੰਘ ਨੇ ਆ

ਕੇ ਦੱਸਿਆ ਸੀ।ਪਰ ਸ੍ਰ.ਗੁਰਮੁਖ ਸਿੰਘ ਜੀ ਦੇ ਬਿਆਨ ਦੇ ਮੁਤਾਬਿਕ ਉਹਨਾਂ ਨੇ ਇਕੱਲਿਆਂ ਹੀ ਆ ਕੇ ਉਹਨਾਂ 55 ਪਾਵਨ ਸਰੂਪਾਂ ਬਾਰੇ ਸ੍ਰ.ਗੁਰਬਚਨ ਸਿੰਘ ਜੀ ਨੂੰ ਜਾਣਕਾਰੀ ਦਿੱਤੀ।

ਸ੍ਰ.ਗੁਰਬਚਨ ਸਿੰਘ ਜੀ ਨੇ ਕਿਹਾ ਕਿ ਸ੍ਰ.ਮਨਿੰਦਰ ਸਿੰਘ ਅਤੇ ਸ੍ਰ.ਗੁਰਮੁਖ ਸਿੰਘ ਦੋਵੇਂ ਇਕੱਲੇ-ਇਕੱਲੇ ਹੀ ਆਏ ਸਨ ਅਤੇ ਦੋਵਾਂ ਨੇ ਹੀ ਉਹਨਾਂ ਨੂੰ 55 ਪਾਵਨ ਸਰੂਪਾਂ ਬਾਰੇ ਜਾਣਕਾਰੀ ਦਿੱਤੀ ਜੋ ਵਿਕਰੀ ਹੋਏ ਸਨ ਅਤੇ ਸ੍ਰ.ਗੁਰਮੁਖ ਸਿੰਘ, ਸਹਾਇਕ ਸੁਪਰਵਾਈਜ਼ਰ ਉਹਨਾਂ ਕੋਲ ਪਹਿਲਾਂ ਦੱਸਣ ਲਈ ਆਏ ਸਨ।ਜਦੋਂ 55 ਪਾਵਨ ਸਰੂਪਾਂ ਬਾਰੇ ਸ੍ਰ.ਕੰਵਲਜੀਤ ਸਿੰਘ ਨੂੰ ਬੁਲਾ ਕੇ ਪੁੱਛਿਆ ਗਿਆ ਕਿ ਤੂੰ 55 ਪਾਵਨ ਸਰੂਪ, ਜੋ ਵਿਕਰੀ ਕੀਤੇ ਹਨ, ਜੋ ਕਿ ਵਧੇਰੇ ਅੰਗਾਂ ਤੋਂ ਤਿਆਰ ਕਰਵਾਏ ਹਨ, ਉਹ ਕਿਸ ਦੀ ਆਗਿਆ ਨਾਲ ਤਿਆਰ ਕਰਵਾਏ ਅਤੇ ਕਿੰਨੇ ਕਰਵਾਏ, ਤੇ ਉਸ ਨੇ ਇਹਨਾਂ ਪਾਵਨ ਸਰੂਪਾਂ ਦੀ ਰਸੀਦ ਕੱਟਣ ਤੋਂ ਵੀ ਇਨਕਾਰ ਕਰ ਦਿੱਤਾ।ਸ੍ਰ.ਗੁਰਬਚਨ ਸਿੰਘ ਨੇ ਕਿਹਾ ਕਿ ਉਹ ਉਸ ਨਾਲ ਨਹੀਂ ਗਏ, ਇਸ ਲਈ ਇਸ ਬਾਰੇ ਉਹ ਕੁਝ ਨਹੀਂ ਕਹਿ ਸਕਦੇ।ਜੋ 61 ਪਾਵਨ ਸਰੂਪ ਵਧੇਰੇ ਅੰਗਾਂ ਤੋਂ ਬਣੇ ਹਨ, ਇਹਨਾਂ ਦਾ ਕੋਈ ਦਫਤਰੀ ਰਿਕਾਰਡ/ਆਰਡਰ ਨਹੀਂ ਸੀ।ਉਪਰੋਕਤ 61 ਪਾਵਨ ਸਰੂਪਾਂ ਦੀ ਰਸੀਦ ਕੱਟੀ ਜਾਣੀ ਚਾਹੀਦੀ ਸੀ ਪਰ ਸ੍ਰ.ਗੁਰਬਚਨ ਸਿੰਘ ਦੇ ਕਹਿਣ ‘ਤੇ ਵੀ ਸ੍ਰ.ਕੰਵਲਜੀਤ ਸਿੰਘ ਨੇ ਰਸੀਦ ਨਹੀਂ ਕੱਟੀ।

ਜੋ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ਼ ਸਿੰਘ ਦੀ ਰਿਕਵਰੀ ਸਾਲ 2018 ਵਿਚ ਹੋਈ ਸੀ, ਮਿਤੀ 23/10/2018 ਦੀ ਜੋ ਰੀਪੋਰਟ ਹੈ, ਉਸ ਸਮੇ ਸ੍ਰ.ਗੁਰਬਚਨ ਸਿੰਘ ਪਬਲੀਕੇਸ਼ਨ ਵਿਭਾਗ ਵਿਚ ਸਨ ਪਰ ਉਹਨਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ।ਕਿਉਂਕਿ ਇਹ ਕੇਸ ਸਾਲ 2013-14 ਤੋਂ ਚੱਲ ਰਿਹਾ ਸੀ ਅਤੇ ਇਹ ਦਫਤਰੀ ਸੀ।ਜੋ ਰਿਪੋਰਟ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ਼ ਸਿੰਘ ਦੀ ਹੈ ਉਸ ਬਾਰੇ ਸ੍ਰ.ਗੁਰਬਚਨ ਸਿੰਘ ਨੂੰ ਕੁਝ ਨਹੀਂ ਪਤਾ ਕਿਉਂਕਿ ਉਹ ਉਸ ਪੜਤਾਲ ਵਿਚ ਸ਼ਾਮਿਲ ਨਹੀਂ ਸਨ ਤੇ ਨਾ ਹੀ ਉਹਨਾਂ ਨੂੰ ਦਫਤਰ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਹਨਾਂ ਦੇ ਨੀਚੇ ਵਾਲੇ ਬੰਦੇ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ਼ ਸਿੰਘ ਦੋਸ਼ੀ ਹਨ।

ਨੱਥੀ ਦਸਤਾਵੇਜ਼ ਨੰ:ਓਗ/5 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 385) ਪਬਲੀਕੇਸ਼ਨ ਵਿਭਾਗ ਦੀ ਰਿਪੋਰਟ ਠੇਕੇਦਾਰ ਸ੍ਰ.ਕੁਲਵੰਤ ਸਿੰਘ ਅਤੇ ਸ੍ਰ.ਜਸਪ੍ਰੀਤ ਸਿੰਘ ਵੱਲੋਂ ਦਿੱਤੀ ਲਿਖਤ ਪੱਤਰ ਹੈ ਜੋ ਸੁਪਰਵਾਈਜ਼ਰ ਪਬਲੀਕੇਸ਼ਨ ਵੱਲੋਂ ਕੀਤੀ ਗਈ ਰਿਪੋਰਟ ਦੇ ਆਧਾਰਪੁਰ ਮਿਤੀ

09/11/2019 ਨੂੰ ਸ੍ਰ.ਗੁਰਬਚਨ ਸਿੰਘ ਵੱਲੋਂ ਕੀਤੀ ਆਗਿਆ ਸਬੰਧੀ, ਕੋਈ ਰਿਪੋਰਟ ਉਹਨਾਂ ਕੋਲ ਪੇਸ਼ ਨਹੀਂ ਹੋਈ।

ਜੋ ਸਾਲ 2018 ਦੀ ਪੜਤਾਲ ਰੀਪੋਰਟ ਹੋਈ ਪ੍ਰਬੰਧ ਸਕੀਮ ਅਨੁਸਾਰ ਤੇ ਸਜ਼ਾ ਹੋਣ ਅਨੁਸਾਰ ਅਤੇ ਇੰਸਪੈਕਟਰਾਂ ਦੀ ਪੜਤਾਲ ਤੋਂ ਬਾਅਦ ਸਟਾਕ ਦੀ ਤਸਦੀਕ ਹੋਣੀ ਜ਼ਰੂਰੀ ਹੈ ਜੋ ਕਿ ਉਹਨਾਂ ਦੇ ਹੁੰਦਿਆਂ ਨਹੀਂ ਹੋਈ ਅਤੇ ਨਾਂ ਹੀ ਉਹਨਾਂ ਨੂੰ ਇਸ ਬਾਰੇ ਕੁਝ ਪਤਾ ਹੈ।ਜੋ ਹਰ ਸਾਲ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਟਾਕ ਹੈ, ਉਸ ਦੀ ਫਿਜ਼ੀਕਲ ਤਸਦੀਕ ਹੋਣੀ ਚਾਹੀਦੀ ਹੈ ਜੋ ਕਿ ਐਸਾ ਨਹੀਂ ਹੋਇਆ।

ਪੜਤਾਲ ਕਮਿਸ਼ਨ ਵੱਲੋਂ ਪ੍ਰਸ਼ਨ ਪੁੱਛਿਆ ਗਿਆ ਕੀ ਕਦੀ ਤੁਹਾਡੇ ਹੁੰਦਿਆਂ ਕੋਈ ਫਿਜ਼ੀਕਲ ਵੈਰੀਫੀਕੇਸ਼ਨ ਹੋਈ?

ਸ੍ਰ.ਗੁਰਬਚਨ ਸਿੰਘ ਨੇ ਉੱਤਰ ਦਿਦਿੰਆਂ ਕਿਹਾ ਕਿ ਓਹਨਾਂ ਦੇ ਹੁੰਦਿਆਂ ਕੋਈ ਫਿਜ਼ੀਕਲ ਵੈਰੀਫਿਕੇਸ਼ਨ ਨਹੀਂ ਹੋਈ।

ਮਿਤੀ 24/12/2019 ਦੇ ਨੋਟ ਵਿੱਚ ਨੱਥੀ ਦਸਤਾਵੇਜ਼ ਨੰ:ਓਗ/12 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 418) ਜਿਸ ਵਿੱਚ ਸੁਪਰਵਾਈਜ਼ਰ ਪਬਲੀਕੇਸ਼ਨ ਵੱਲੋਂ ਮਿਤੀ 03/10/2019 ਨੂੰ ਲਿਖੇ ਨੋਟ ਉਪਰ ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਹੋਏ ਆਦੇਸ਼ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦਾ ਚਾਰਜ਼ ਲੈਣ/ਦੇਣ ਕਰਨ ਲਈ ਆਡਿਟ ਵਿਭਾਗ ਦੇ ਕਿਸੇ ਯੋਗ ਅਧਿਕਾਰੀ ਦੀ ਹਾਜ਼ਰੀ ਵਿੱਚ ਗੁ:ਇੰਸਪੈਕਟਰ ਰਾਹੀਂ ਚਾਰਜ ਦਵਾਉਣ ਲਈ ਲਿਖਿਆ ਗਿਆ ਸੀ।

ਨੱਥੀ ਦਸਤਾਵੇਜ਼ ਨੰ:ਓਗ/13 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 419) ਅਨੁਸਾਰ ਜਿਸ ਤੇ ਸ੍ਰ.ਗੁਰਬਚਨ ਸਿੰਘ ਦੇ ਦਸਤਖਤ ਹਨ ਜੋ ਕਿ ਪਬਲੀਕੇਸ਼ਨ ਇੰਚਾਰਜ ਗੁਰਮੁੱਖ ਸਿੰਘ ਵੱਲੋਂ ਲਿਖਿਆ ਗਿਆ ਹੈ।ਜਿਸ ਤੇ ਸ੍ਰ.ਗੁਰਬਚਨ ਸਿੰਘ ਨੇ ਲਿਖਿਆ ਹੈ ਕਿ ਨੋਟ ਨਾਲ ਸਹਿਮਤੀ ਹੈ, ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ, ਅਤੇ ਇਹ ਸ੍ਰ.ਗੁਰਬਚਨ ਸਿੰਘ ਨੇ ਅੱਗੋਂ ਸਕੱਤਰ ਸ੍ਰ.ਪ੍ਰਤਾਪ ਸਿੰਘ ਨੂੰ ਮਾਰਕ ਕੀਤਾ ਗਿਆ।ਸਕੱਤਰ ਸ੍ਰ.ਪ੍ਰਤਾਪ ਸਿੰਘ ਨੇ ਲਿਖਿਆ ਕਿ ਸਹਿਮਤੀ ਹੈ, ਗੁ:ਇੰਸਪੈਕਟਰ ਰਾਹੀਂ ਚੈਕਿੰਗ ਕਰਵਾ ਲੈਣੀ ਚਾਹੀਦੀ ਹੈ।ਉਪਰੰਤ ਇਹ ਚਿੱਠੀ ਸ੍ਰ.ਮਨਜੀਤ ਸਿੰਘ ਸਕੱਤਰ ਨੂੰ ਮਾਰਕ ਕਰ ਦਿੱਤਾ ਸੀ।ਜਿਸ ਤੇ ਸ੍ਰ.ਮਨਜੀਤ ਸਿੰਘ ਵੱਲੋਂ ਇਹ

ਕੇਸ ਇੰਚਾਰਜ਼ ਟਰੱਸਟ ਅਤੇ ਚੀਫ ਗੁ: ਇੰਸਪੈਕਟਰ ਸੈਕਸ਼ਨ 85 ਨੂੰ ਤੁਰੰਤ ਕਾਰਵਾਈ ਲਈ ਭੇਜਿਆ।

61 ਪਾਵਨ ਸਰੂਪਾਂ ਨੂੰ ਤਿਆਰ ਕਰਨ, ਜੋ ਕਿ ਵਧੇਰੇ ਅੰਗਾਂ ਤੋਂ ਤਿਆਰ ਕੀਤੇ ਗਏ ਸਨ, ਉਸ ਬਾਰੇ ਸ੍ਰ.ਗੁਰਬਚਨ ਸਿੰਘ ਨੇ ਕੋਈ ਲਿਖਤੀ/ਜੁਬਾਨੀ ਆਰਡਰ ਨਹੀਂ ਦਿੱਤਾ।ਜਿਸ ਸਮੇਂ 61 ਪਾਵਨ ਸਰੂਪ ਤਿਆਰ ਹੋ ਗਏ ਸਨ, ਉਸ ਤੋਂ ਬਾਅਦ ਸ੍ਰ.ਗੁਰਬਚਨ ਸਿੰਘ ਨੇ ਜਿਲਦਸਾਜ਼ਾਂ ਨੂੰ ਜ਼ੁਬਾਨੀ ਪੁੱਛਿਆ ਕਿ ਕਿਉਂ ਤੇ ਕਿਵੇਂ ਤਿਆਰ ਕੀਤੇ ਹਨ? ਪਰ ਸ੍ਰ.ਗੁਰਬਚਨ ਸਿੰਘ ਨੇ ਲਿਖਤ ਸ਼ਿਕਾਇਤ ਇਸ ਬਾਰੇ ਦਫਤਰ ਨੂੰ ਨਹੀਂ ਕੀਤੀ ਨਾ ਹੀ ਉਹਨਾਂ ਨੇ ਠੇਕੇਦਾਰ/ਜਿਲਦਸਾਜ਼ਾਂ ਨੂੰ ਲਿਖਤੀ ਕੁਝ ਕਿਹਾ ਪਰ ਜ਼ੁਬਾਨੀ ਜ਼ਰੂਰ ਪੁੱਛਿਆ ਕਿ ਇਹ ਪਾਵਨ ਸਰੂਪ ਕਿਸ ਦੇ ਕਹਿਣ ਤੇ ਅਤੇ ਕਿਉਂ ਕਰਵਾਏ।ਅਤੇ ਨਾਂ ਹੀ ਸ੍ਰ.ਗੁਰਬਚਨ ਸਿੰਘ ਨੇ ਜਿਲਦਸਾਜ਼ਾਂ ਦੀ ਸ਼ਿਕਾਇਤ ਉੱਚ ਅਧਿਕਾਰੀਆਂ ਨੂੰ  ਕੀਤੀ।

ਨੱਥੀ ਦਸਤਾਵੇਜ਼ ਨੰ:ਓਗ/6 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 386) ਸੰਬੰਧੀ ਜੋ ਠੇਕੇਦਾਰਾਂ ਦਾ ਠੇਕਾ ਕੈਂਸਲ ਕਰਨ ਦਾ ਸ੍ਰ.ਗੁਰਬਚਨ ਸਿੰਘ ਨੇ ਚਿੱਠੀ ਵਿੱਚ ਲਿਖਿਆ ਸੀ, ਉਸ ਬਾਰੇ ਉਹਨਾਂ ਨੂੰ ਬਾਅਦ ਵਿੱਚ ਕੋਈ ਰੀਪੋਰਟ ਨਹੀਂ ਆਈ।

ਪ੍ਰਿੰਟਿੰਗ ਪ੍ਰੈੱਸ ਵੀ ਸ੍ਰ.ਗੁਰਬਚਨ ਸਿੰਘ ਦੇ ਅੰਡਰ ਆਉਂਦੀ ਹੈ ਅਤੇ ਉਹ ਬਤੌਰ ਮੀਤ ਸਕੱਤਰ ਪਬਲੀਕੇਸ਼ਨ ਵਿਭਾਗ ਵਿੱਚ ਕੰਮ ਕਰਦੇ ਸੀ।ਹਰ ਚੀਜ਼ ਜੋ ਉਹਨਾਂ ਦੇ ਅਧਿਕਾਰਤ ਖੇਤਰ ਵਿੱਚ ਸੀ, ਉਸ ਨੂੰ ਅਪਰੂਵ ਕਰਕੇ ਅੱਗੇ ਭੇਜਦਾ ਸੀ।ਉਹਨਾਂ ਦੇ ਬਿਆਨ ਅਨੁਸਾਰ ਜਦੋਂ ਦੀ ਉਹਨਾਂ ਨੇ ਪ੍ਰੈੱਸ ਵਿੱਚ ਡਿਊਟੀ ਸੰਭਾਲੀ ਸੀ, ਉਹਨਾਂ ਨੇ ਕਦੇ ਵੀ ਸ੍ਰੀ ਗੋਇੰਦਵਾਲ ਸਾਹਿਬ ਕੋਈ ਕਾਗਜ਼ ਨਹੀਂ ਜਾਣ ਦਿੱਤਾ।ਸ੍ਰ.ਗੁਰਬਚਨ ਸਿੰਘ ਨੇ ਕਿਹਾ ਕਿ ਉਹਨਾਂ ਨੇ ਕਦੇ ਵੀ ਸ੍ਰ.ਕੰਵਲਜੀਤ ਸਿੰਘ ਅਤੇ ਠੇਕੇਦਾਰਾਂ ਨੂੰ ਅਜਿਹਾ ਆਦੇਸ਼ ਨਹੀਂ ਦਿੱਤਾ ਕਿ ਉਹ ਵਧੇਰੇ ਅੰਗਾਂ ਤੋਂ ਪਾਵਨ ਸਰੂਪ ਤਿਆਰ ਕਰਕੇ ਖਾਤਾ ਪੂਰਾ ਕਰ ਲੈਣ।

ਜਦੋਂ ਸ੍ਰ.ਗੁਰਬਚਨ ਸਿੰਘ ਨੂੰ ਪਤਾ ਲੱਗਾ ਕਿ ਠੇਕੇਦਾਰ ਸ੍ਰ.ਕੁਲਵੰਤ ਸਿੰਘ ਉਹਨਾਂ ਦੀ ਰਿਕਾਰਡਿੰਗ ਕਰ ਰਿਹਾ ਹੈ ਜੋ ਕਿ ਵਧੇਰੇ ਅੰਗਾਂ ਤੋਂ ਜੋ ਪਾਵਨ ਸਰੂਪ ਬਣਾ ਰਿਹਾ ਸੀ, ਉਸ ਬਾਰੇ ਉਹਨਾਂ ਦੀ ਲੰਬੀ ਗੱਲਬਾਤ ਕਈ ਵਾਰ ਹੋਈ ਪਰ ਉਸ ਵਿੱਚ ਕਿਤੇ ਵੀ ਸ੍ਰ.ਗੁਰਬਚਨ ਸਿੰਘ ਨੇ ਸ੍ਰ.ਕੁਲਵੰਤ ਸਿੰਘ ਨੂੰ ਇਹ ਨਹੀਂ ਕਿਹਾ ਕਿ ਵਧੇਰੇ ਅੰਗਾਂ ਤੋਂ ਪਾਵਨ ਸਰੂਪ ਬਣਾ

ਲੈ।ਇਹ ਗੱਲ ਉਹਨਾਂ ਨੇ ਸਪੱਸ਼ਟ ਰੂਪ ਵਿਚ ਕਿਤੇ ਵੀ ਨਹੀਂ ਕਹੀ ਅਤੇ ਉਹਨਾਂ ਦੇ ਬਿਆਨ ਅਨੁਸਾਰ ਉਹ ਮੀਤ ਸਕੱਤਰ ਹੋਣ ਦੇ ਨਾਤੇ ਕਦੇ ਵੀ ਐਸਾ ਨਹੀਂ ਕਹਿ ਸਕਦਾ।

ਨੱਥੀ ਦਸਤਾਵੇਜ਼ ਨੰ:ਓਗ/15 (ਰਿਕਾਰਡਿੰਗ) ਜੋ ਕਿ ਸ੍ਰ.ਗੁਰਬਚਨ ਸਿੰਘ ਨੂੰ ਸੁਣਾਈ ਗਈ ਹੈ ਇਹ ਉਹਨਾਂ ਦੀ ਹੀ ਆਵਾਜ਼ ਹੈ ਅਤੇ ਦੂਸਰੀ ਆਵਾਜ਼ ਸ੍ਰ.ਕੁਲਵੰਤ ਸਿੰਘ ਜਿਲਦਸਾਜ਼ ਦੀ ਹੈ।ਠੇਕੇਦਾਰਾਂ ਦੇ ਵੀ ਸ੍ਰ.ਕੰਵਲਜੀਤ ਸਿੰਘ ਨਾਲ ਨਿੱਜੀ ਅਤੇ ਦਫਤਰੀ ਸਬੰਧ ਰਹੇ ਸੀ।ਇਹ ਦਸਤਾਵੇਜ਼ ਨੰ:ਓਗ/15, 8 ਮਿੰਟ 3 ਸੈਕਿੰਟ ਦੀ ਫਾਈਲ ਹੈ, ਜੋ ਕਿ 2:51 ਮਿੰਟ ਦੁਪਿਹਰ ਨੂੰ ਡਾ:ਈਸ਼ਰ ਸਿੰਘ ਜੀ ਦੇ ਫੋਨ ‘ਤੇ ਭੇਜੀ ਗਈ ਹੈ।ਐਤਵਾਰ 26 ਜੁਲਾਈ 2020 ਦੀ ਹੈ, (ਮੋਬਾਇਲ ਨੰ: 98100-08323 ਤੇ ਭੇਜੀ ਗਈ ਸੀ) (ਮੋਬਾਇਲ ਨੰ: 7508441256 ਤੋਂ ਭੇਜੀ ਗਈ)।

ਵਧੇਰੇ ਅੰਗਾਂ ਤੋਂ ਤਿਆਰ ਕਰਨ ਲਈ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ ਸਹਾਇਕ ਸੁਪਰਵਾਈਜ਼ਰ ਨੇ 61 ਪਾਵਨ ਸਰੂਪਾਂ ਦੀ ਜਿਲਦਬੰਦੀ ਕਰਨ ਬਦਲੇ ਆਪਣੇ ਕੋਲੋਂ 10,000/- ਰੁ: ਸ੍ਰ.ਕੁਲਵੰਤ ਸਿੰਘ ਨੂੰ ਦਿੱਤੇ।ਇਹ ਰਕਮ ਬਾਅਦ ਵਿਚ ਕੁਲਵੰਤ ਸਿੰਘ ਨੇ ਕੰਵਲਜੀਤ ਸਿੰਘ ਨੂੰ ਵਾਪਸ ਕਰ ਦਿੱਤੀ ਫਿਰ ਦੋਵੇਂ ਜਿਲਦਸਾਜ਼ ਸ੍ਰ.ਗੁਰਬਚਨ ਸਿੰਘ ਕੋਲ ਆਏ ਅਤੇ ਘਟਦੇ ਪਾਵਨ ਸਰੂਪਾਂ ਨੂੰ ਪੂਰਾ ਕਰਨ ਲਈ ਵਧਦੇ-ਘਟਦੇ ਫਰਮਿਆਂ ਵਿੱਚੋਂ ਪਾਵਨ ਸਰੂਪ ਤਿਆਰ ਕਰਵਾਉਣ ਲਈ ਕਿਹਾ ਜਿਸ ‘ਤੇ ਉਹਨਾਂ ਨੇ ਇਨਕਾਰ ਕਰ ਦਿੱਤਾ।

ਨੱਥੀ ਦਸਤਾਵੇਜ਼ ਨੰ:16 (ਰੀਕਾਰਡਿੰਗ) ਜੋ ਕਿ ਉਹਨਾਂ ਨੇ ਡਾ:ਈਸ਼ਰ ਸਿੰਘ ਜੀ ਪੜਤਾਲ ਕਮਿਸ਼ਨ ਨੂੰ ਭੇਜੀ ਹੈ, ਜਿਸ ਵਿੱਚ 10 ਮਿੰਟ 20 ਸੈਕਿੰਡ ਦੀ ਹੈ, ਜੋ ਕਿ 5:18 ਸ਼ਾਮ ਨੂੰ ਡਾ:ਈਸ਼ਰ ਸਿੰਘ ਜੀ ਦੇ ਮੋਬਾਇਲ ਤੇ ਮਿਤੀ 13/08/2020 ਨੂੰ ਵੀਰਵਾਰ ਨੂੰ ਭੇਜੀ ਹੈ, ਜੋ ਉਹਨਾਂ ਨੇ ਸ੍ਰ.ਗੁਰਮੁੱਖ ਸਿੰਘ ਤੋਂ ਮੰਗਵਾ ਕੇ ਭੇਜਣੀ ਕੀਤੀ।ਜਿਸ ਦਾ ਨੰ: 98884-51593 ਹੈ, ਇਹ ਗੱਲਬਾਤ ਸ੍ਰ.ਗੁਰਬਚਨ ਸਿੰਘ ਦੀ ਅਤੇ ਸੇਵਾਦਾਰ ਸ੍ਰ.ਹਰਜਿੰਦਰ ਸਿੰਘ ਪਬਲੀਕੇਸ਼ਨ ਵਿਭਾਗ ਦੀ ਹੈ।ਉਹਨਾਂ ਨੇ ਸ੍ਰ.ਗੁਰਮੁਖ ਸਿੰਘ ਦੇ ਫੋਨ ਤੋਂ ਕਾਲ ਕਰਕੇ ਖੁਦ ਰਿਕਾਰਡਿੰਗ ਕੀਤੀ।ਇਹ ਤਕਰੀਬਨ 8-10 ਦਿਨਾਂ ਦੀ ਗੱਲ ਹੈ।

ਨੱਥੀ ਦਸਤਾਵੇਜ਼ ਨੰ:ਓਗ/15 ਦੀ ਰੀਕਾਰਡਿੰਗ ਸ੍ਰ.ਕੰਵਲਜੀਤ ਸਿੰਘ ਦੇ ਚਾਰਜ਼ ਲੈਣ ਤੋਂ ਬਾਅਦ ਦੀ ਹੈ।ਚਾਰਜ਼ ਮਿਤੀ 21/05/2020 ਨੂੰ ਹੋਇਆ ਸੀ।

(ਪੜਤਾਲ ਕਮਿਸ਼ਨ ਨੇ ਰਿਕਾਰਡਿੰਗ ੳਗ/15 ਸੰਬੰਧੀ ਗਵਾਹ ਤੋਂ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਤੋਂ ਇਸ ਸੰਬੰਧੀ ਰਿਕਾਰਡਿੰਗ ਸੁਣਾ ਕੇ ਸਪੱਸ਼ਟੀਕਰਨ ਲੈਣਾ ਚਾਹਿਆ)

ਸ੍ਰ.ਗੁਰਬਚਨ ਸਿੰਘ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਡਾ.ਰੂਪ ਸਿੰਘ ਅਤੇ ਸ੍ਰ.ਸੁਖਦੇਵ ਸਿੰਘ ਭੂਰਾ ਨਾਲ ਉਹਨਾਂ ਦੀ ਗੱਲ-ਬਾਤ ਹੋ ਗਈ ਹੈ,ਇਹ ਗੱਲ ਉਹਨਾਂ ਨੇ ਸ੍ਰ.ਕੁਲਵੰਤ ਸਿੰਘ ਨਾਲ ਸ਼ੁਰੂ ਕਰਨ ਸਮੇਂ ਕਿਹਾ।ਸ੍ਰ.ਗੁਰਬਚਨ ਸਿੰਘ ਨੇ ਕਿਹਾ ਕਿ ਦੋਨੋਂ ਜਿਲਦਸਾਜ਼ (ਸ੍ਰ.ਕੁਲਵੰਤ ਸਿੰਘ ਅਤੇ ਸ੍ਰ.ਜਸਪ੍ਰੀਤ ਸਿੰਘ) ਡਾ.ਰੂਪ ਸਿੰਘ ਅਤੇ ਸ੍ਰ.ਮਨਜੀਤ ਸਿੰਘ ਸਕੱਤਰ ਪਾਸ ਵੀ 125 ਪਾਵਨ ਸਰੂਪ ਤਿਆਰ ਹੋਣ ਉਪਰੰਤ ਉਸ ਬਾਰੇ ਜਾਣਕਾਰੀ ਦੇਣ ਗਏ ਸਨ ਜਦੋਂ ਕਿ ਡਾ. ਰੂਪ ਸਿੰਘ ਨੇ ਸ੍ਰ.ਗੁਰਬਚਨ ਸਿੰਘ ਨੂੰ ਬੁਲਾ ਕੇ ਉਹਨਾਂ ਸਾਹਮਣੇ ਕਿਹਾ ਕਿ ਇਹ ਮਸਲਾ ਸਾਡੇ ਨਾਲ ਸੰਬੰਧਤ ਨਹੀਂ ਕਿਉਂਕਿ ਸਕੱਤਰ ਸ੍ਰ.ਮਨਜੀਤ ਸਿੰਘ ਪਬਲੀਕੇਸ਼ਨ ਵਿਭਾਗ ਨਾਲ ਸੰਬੰਧਤ ਨਹੀਂ ਸੀ ਡਾ. ਰੂਪ ਸਿੰਘ ਸਮੁੱਚਾ ਪ੍ਰਬੰਧ ਦੇਖਦੇ ਸਨ ਜਦਕਿ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਦਾ ਕੰਮ ਸ੍ਰ.ਗੁਰਬਚਨ ਸਿੰਘ ਉੱਪਰ, ਐਡੀ:ਸਕੱਤਰ ਸ੍ਰ.ਪ੍ਰਤਾਪ ਸਿੰਘ ਅਤੇ ਸਕੱਤਰ ਸ੍ਰ.ਪਰਮਜੀਤ ਸਿੰਘ ਸਰੋਆ ਦੇਖਦੇ ਸਨ।ਜੇਕਰ ਅਜਿਹੀ ਪਾਵਨ ਸਰੂਪ ਤਿਆਰ ਕਰਨ/ਕਰਾਉਣ ਸਬੰਧੀ ਕੋਈ ਗਲ ਹੁੰਦੀ ਤਾਂ ਸ੍ਰ.ਗੁਰਬਚਨ ਸਿੰਘ ਉੱਚ ਅਧਿਕਾਰੀਆਂ ਦੀ ਜਾਣਕਾਰੀ ਵਿੱਚ ਲਿਆਉਂਦੇ ।

ਪੜਤਾਲ ਕਮਿਸ਼ਨ ਵੱਲੋਂ ਇਸ ਦਾ ਸਪੱਸ਼ਟੀਕਰਨ ਪੁੱਛਿਆ ਗਿਆ ਕਿ ਇਸ ਵਾਰਤਾਲਾਪ ਵਿੱਚ ਸ੍ਰ.ਗੁਰਬਚਨ ਸਿੰਘ ਵੱਲੋਂ ਕਿਹਾ ਗਿਆ ਕਿ "ਕੱਲ੍ਹ ਸ਼ਾਮ ਤੱਕ ਤੁਸੀਂ ਨਿਬੇੜ ਦੇਵੋਗੇ"-ਇਸਦਾ ਕੀ ਮਤਲਬ ਹੈ ?

ਸ੍ਰ.ਗੁਰਬਚਨ ਸਿੰਘ ਜੀ ਨੇ ਉਤਰ ਦਿੰਦਿਆ ਕਿਹਾ ਕਿ ਪੁਰਾਣੇ ਪਾਵਨ ਸਰੂਪਾਂ ਦੇ ਪਤਰੇ (ਫਰਮੇ) ਦੀ ਛਾਂਟੀ ਬਾਰੇ ਕਿਹਾ ਗਿਆ ਸੀ ਕਿ ਤੁਸੀਂ (ਸ੍ਰ.ਕੁਲਵੰਤ ਸਿੰਘ) ਕੱਲ੍ਹ ਸ਼ਾਮ ਤੱਕ ਨਿਬੇੜ ਦੇਵੋਗੇ।ਉਹਨਾਂ ਨੇ ਕਿਹਾ ਕਿ ਉਹ ਪੁਰਾਣੇ ਫਰਮਿਆਂ ਬਾਰੇ ਕਹਿਣਾ ਚਾਹੁੰਦਾ ਸੀ, ਪਰ ਉਹਨਾਂ ਨੇ ਬੋਲਿਆ ਨਹੀਂ ਸੀ, ਪਰ ਕਹਿਣਾ ਉਹੀ ਚਾਹੁੰਦਾ ਸੀ।ਫਰਮਿਆਂ ਦੀਆਂ ਤੁਸੀਂ ਕੱਲ੍ਹ ਸ਼ਾਮ ਤੱਕ ਧਾਕਾਂ ਲਗਵਾ ਲਓ।ਜਿਲਦਬੰਦੀ ਨਹੀਂ ਕਰਨੀ, ਕੇਵਲ ਦਰਮਿਆਨਾ ਪਾਵਨ ਸਰੂਪਾਂ ਦੀਆਂ ਧਾਕਾਂ ਹੀ ਲਗਵਾਉਣੀਆਂ ਹਨ।ਜੋ ਨਵੇਂ ਫਰਮੇਂ ਹੁੰਦੇ ਹਨ ਉਹਨਾਂ ਦੀ ਸਾਨੂੰ ਪੁੱਛਣ ਦੀ ਜਰੂਰਤ ਨਹੀਂ ਪੈਂਦੀ, ਉਹ ਆਪਣੇ ਆਪ ਤਿਆਰ ਕਰਦੇ ਹਨ।ਇਹ ਜੋ 125 ਪਾਵਨ ਸਰੂਪ ਉੱਥੇ ਬਣੇ ਹਨ, ਇਹ ਨਵੇਂ ਅੰਗਾਂ ਵਿੱਚੋਂ ਬਣੇ ਹਨ।ਉਹਨਾਂ ਦੀ ਜਿਲਦਾਂ ਬੰਨ੍ਹੀਆਂ ਹੋਈਆਂ ਹਨ,

ਪਰ ਨੰਬਰ ਨਹੀਂ ਲੱਗੇ।ਉਹ ਦੋ ਰੰਗਾਂ ਵਿੱਚ ਪਏ ਹਨ ਜਿਸ ਨੂੰ ਸ੍ਰ.ਗੁਰਬਚਨ ਸਿੰਘ ਅਤੇ ਸ੍ਰ.ਗੁਰਮੁੱਖ ਸਿੰਘ ਨੇ ਚੈੱਕ ਕੀਤਾ ਸੀ।ਇਹ ਤਕਰੀਬਨ ਅਪ੍ਰੈਲ 2020 ਦੀ ਗੱਲ ਹੈ।

ਪੜਤਾਲ ਕਮਿਸ਼ਨ ਨੇ ਇਹ ਪ੍ਰਸ਼ਨ ਸ੍ਰ.ਗੁਰਬਚਨ ਸਿੰਘ ਤੋਂ ਪੁੱਛਿਆ ਕਿ ਜੋ ਤੁਸੀਂ 125 ਪਾਵਨ ਸਰੂਪਾਂ ਦਾ ਜ਼ਿਕਰ ਕਰ ਰਹੇ ਹੋ, ਇਹ ਉਹੀ ਪਾਵਨ ਸਰੂਪ ਹਨ ਜੋ ਤੁਸੀਂ ਚੌਥੇ ਮਹੀਨੇ ਸ੍ਰ.ਗੁਰਮੁਖ ਸਿੰਘ ਦੇ ਨਾਲ ਚੈੱਕ ਕੀਤੇ।ਜੋ ਰਿਕਾਰਡਿੰਗ ਦਸਤਾਵੇਜ਼ ਨੰ:ਓਗ/15 ਦੀ ਹੈ, ਉਹ ਚਾਰਜ਼ ਲੈਣ ਤੋਂ ਬਾਅਦ ਦੀ ਹੈ।ਚਾਰਜ਼ ਲੈਣ ਤੋਂ ਬਾਅਦ 125 ਪਾਵਨ ਸਰੂਪ ਵਧੇਰੇ ਅੰਗਾਂ ਤੋਂ ਬਣਾਏ ਗਏ ਹਨ।ਕੀ ਤੁਸੀਂ ਉਹਨਾਂ ਬਾਰੇ ਜਾਣਦੇ ਹੋ ਜੋ ਬਿਨ੍ਹਾਂ ਜਿਲਦ ਤੋਂ ਧਾਕਾਂ ਬਣਾ ਕੇ ਰੱਖੀਆਂ ਹਨ?

ਨੱਥੀ ਦਸਤਾਵੇਜ਼ ਨੰ:ਓਗ/10 ਐਮ,ਐਨ,ਓ (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 413 ਤੋਂ 415) ਸ੍ਰ.ਕੁਲਵੰਤ ਸਿੰਘ ਠੇਕੇਦਾਰ ਵੱਲੋਂ ਸਟੋਰ ਰਸੀਦ 1424 ਮਿਤੀ 18/03/2020,1425 ਮਿਤੀ 20/03/2020 ਅਤੇ 1426 ਮਿਤੀ 25/03/2020 ਰਾਹੀਂ ਕੁੱਲ 150 ਪਾਵਨ ਸਰੂਪ ਸਟੋਰ ਲੈਜ਼ਰ ਦੇ ਪੰਨਾ ਨੰ:111 ਸਾਲ 2019-20 ਵਿੱਚ ਦਰਜ਼ ਕਰਵਾ ਕੇ ਇਹਨਾਂ ਦੇ ਬਿੱਲ ਦਫਤਰੋਂ ਵਸੂਲ ਕਰ ਲਏ ਗਏ।ਨੱਥੀ ਦਸਤਾਵੇਜ਼ ਨੰ:17 ਰਾਹੀਂ ਟਰਾਂਸਫਰ ਵਾਊਚਰ ਨੰ:622 ਮਿਤੀ 31/03/2020 ਨੂੰ ਇਸ ਦਾ ਮਿਹਨਤਾਨਾ 9000/-ਰੁ: ਵਸੂਲ ਕਰ ਲਿਆ।

ਜਦੋਂ 150 ਪਾਵਨ ਸਰੂਪਾਂ ਦਾ ਬਿੱਲ ਸ੍ਰ.ਕੁਲਵੰਤ ਸਿੰਘ ਨੇ ਵਸੂਲ ਕੀਤਾ ਉਪਰੰਤ ਉਹਨਾਂ ਦੀ ਲਿਖਤ ਮੁਤਾਬਿਕ ਨੱਥੀ ਦਸਤਾਵੇਜ਼ ਓਗ/11 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰ.417) 125 ਪਾਵਨ ਸਰੂਪ ਜਮ੍ਹਾਂ ਨਹੀਂ ਹੋਏ।ਉਸ ਚਿੱਠੀ ਵਿੱਚ ਲਿਖਿਆ ਗਿਆ ਹੈ ਕਿ ਸ੍ਰ.ਕੰਵਲਜੀਤ ਸਿੰਘ ਨੂੰ ਵਾਰ-ਵਾਰ ਜ਼ੁਬਾਨੀ ਤੇ ਲਿਖਿਤ ਵੀ ਕਿਹਾ ਗਿਆ ਹੈ ਕਿ ਜੋ ਬਾਕੀ ਪਾਵਨ ਸਰੂਪ ਹਨ ਉਹ ਲੈ ਜਾਣ ਦੀ ਖੇਚਲ ਕਰਨੀ।ਸ੍ਰ.ਗੁਰਬਚਨ ਸਿੰਘ ਨੇ ਇਹਨਾਂ ਹੀ 125 ਪਾਵਨ ਸਰੂਪਾਂ ਦਾ ਜ਼ਿਕਰ ਫੋਨ ‘ਤੇ ਸ੍ਰ.ਕੁਲਵੰਤ ਸਿੰਘ ਨਾਲ ਕੀਤਾ ਸੀ।ਸ੍ਰ.ਗੁਰਬਚਨ ਸਿੰਘ ਰਿਕਾਰਡਿੰਗ ਨੰ:ਓਗ/15 ਵਿੱਚ ਉਹ 125 ਪਾਵਨ ਸਰੂਪਾਂ ਦਾ ਜ਼ਿਕਰ ਨਹੀਂ ਕਰ ਰਿਹਾ ਜੋ ਕਿ ਸ੍ਰ.ਕੁਲਵੰਤ ਸਿੰਘ ਕੋਲ ਹਾਲ ਨੰ:3 ਵਿਚ ਬਿਨ੍ਹਾਂ ਜਿਲਦ ਤੋਂ ਬਣੇ ਪਏ ਹਨ।

ਸ੍ਰ.ਗੁਰਬਚਨ ਸਿੰਘ ਜੀ ਨੇ ਕਿਹਾ ਕਿ ਜੇਕਰ ਸ੍ਰ.ਕੰਵਲਜੀਤ ਸਿੰਘ ਨੂੰ ਫਾਇਦਾ ਪਹੁੰਚਾਉਣਾ ਹੁੰਦਾ ਤਾਂ ਉਹ ਉਸ ਖਿਲਾਫ ਕਾਰਵਾਈ ਕਰਨ ਤੋਂ ਪਹਿਲਾਂ ਪਹੁੰਚਾ ਸਕਦੇ ਸੀ ਪਰ ਉਹਨਾਂ ਨੇ ਅਜਿਹਾ

ਨਹੀਂ ਕੀਤਾ ਕਿਉਂਕਿ ਉਹ ਇੱਕ ਜਿੰਮੇਵਾਰ ਆਹੁਦੇ 'ਤੇ ਸੀ ਅਤੇ ਉਹਨਾਂ ਨੇ ਸੰਸਥਾ ਨੂੰ ਜਵਾਬ ਦੇਣਾ ਸੀ।

ਸ੍ਰ.ਗੁਰਬਚਨ ਸਿੰਘ ਦੇ ਲਿਖਤੀ ਤੌਰ 'ਤੇ ਦਫਤਰ ਦੇ ਨੋਟਿਸ ਵਿੱਚ ਲਿਆਉਣ ਤੋਂ ਉਪਰੰਤ ਸ੍ਰ.ਕੰਵਲਜੀਤ ਸਿੰਘ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸ੍ਰ.ਗੁਰਬਚਨ ਸਿੰਘ ਦੇ ਘਰ ਭੇਜਿਆ।ਜਿਸ 'ਤੇ ਉਹਨਾਂ ਨੇ ਇਹ ਸਪੱਸ਼ਟ ਕਹਿ ਦਿੱਤਾ ਕਿ ਹੁਣ ਉਹਨਾਂ ਦੇ ਵੱਸ ਦੀ ਗੱਲ ਨਹੀਂ ਹੈ,ਇਸ ਸਬੰਧੀ ਦਫਤਰ ਨਾਲ ਗੱਲ ਕਰੋ ਕਿਉਂਕਿ ਉਹ ਲਿਖਤੀ ਦੇ ਚੁੱਕੇ ਸਨ।

ਪੜਤਾਲ ਕਮਿਸ਼ਨ ਵੱਲੋਂ ਪੁੱਛਿਆ ਗਿਆ ਕਿ ਜੇ ਤੁਹਾਡੇ ਵੱਸ ਦੀ ਗੱਲ ਹੁੰਦੀ ਤਾਂ ਤੁਸੀਂ ਕਰ ਸਕਦੇ ਸੀ? ਸ੍ਰ.ਗੁਰਬਚਨ ਸਿੰਘ ਨੇ ਕਿਹਾ ਕਿ ਉਹ ਕਦੇ ਵੀ ਸੰਸਥਾ ਦੇ ਹਿੱਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦਿਆਂ ਅਜਿਹਾ ਨਹੀਂ ਕਰ ਸਕਦੇ।ਇਸ ਸੰਬੰਧੀ ਉਹਨਾਂ ਨੂੰ ਜਿਲਦਸਾਜ਼ਾਂ ਨੇ ਕਿਹਾ ਸੀ ਪਰ ਉਹਨਾਂ ਨੇ ਕਿਹਾ ਕਿ ਅਜਿਹਾ ਕਦੇ ਵੀ ਨਹੀਂ ਹੋ ਸਕਦਾ।

**7.44 (ਓਘ) ਬਿਆਨ ਕਰਤਾ: – ਸ੍ਰ.ਕੰਵਲਜੀਤ ਸਿੰਘ (ਸਾਬਕਾ ਸੀ.ਜੀ.ਐਲ.)**

**ਸ੍ਰ.ਕੰਵਲਜੀਤ ਸਿੰਘ ਵਲੋਂ ਡਾ.ਈਸ਼ਰ ਸਿੰਘ ਜੀ ਨੂੰ ਲਿਖਿਆ ਮਿਤੀ 30/07/2020 ਦਾ ਪੱਤਰ:**

*"ਬੇਨਤੀ ਹੈ ਕਿ ਦੋ ਦਿਨ ਪਹਿਲਾ ਹੀ ਸ.ਮਹਿੰਦਰ ਸਿੰਘ ਆਹਲੀ ਪੀ.ਏ ਪ੍ਰਧਾਨ ਸਾਹਿਬ ਸ਼੍ਰੋ:ਗੁ:ਪ੍ਰ:ਕਮੇਟੀ ਵੱਲੋਂ ਅਕਾਲ ਚੈਨਲ ਦੇ ਰਾਹੀਂ ਇੱਕ ਵੀਡੀਓ ਵਾਇਰਲ ਹੋਈ ਹੈ।ਜਿਸ ਵਿਚ ਸਵਾਲਾ ਦੇ ਜਵਾਬ ਦੇਂਦਿਆਂ ਉਨ੍ਹਾਂ ਨੇ ਇਹ ਗੱਲ ਬੜੀ ਦਾਵੇ ਨਾਲ ਬਾਰ-ਬਾਰ ਕੀਤੀ ਹੈ ਕਿ ਸ਼੍ਰੋ:ਗੁ:ਪ੍ਰ:ਕਮੇਟੀ ਨਹੀ ਮੰਨਦੀ ਕਿ 267 ਪਾਵਨ ਸਰੂਪ ਘੱਟ ਹਨ।ਉਹਨਾਂ ਦਾ ਕਹਿਣਾ ਹੈ ਕਿ ਰੀਕਾਰਡ ਮੁਤਾਬਿਕ ਸਾਡੇ ਪਾਵਨ ਸਰੂਪ ਪੂਰੇ ਹਨ।ਇਹ ਗੱਲ ਕੇਵਲ ਕੰਵਲਜੀਤ ਸਿੰਘ ਹੀ ਕਹਿ ਰਿਹਾ ਹੈ ਕਿ ਪਾਵਨ ਸਰੂਪ ਘੱਟ ਹਨ।ਇਹ ਗੱਲ ਕਹਿ ਕੇ ਉਨ੍ਹਾਂ ਨੇ ਮੇਰੀ ਗੱਲ ਤੇ ਮੋਹਰ ਲਗਾ ਦਿੱਤੀ ਹੈ।*

*ਇਹਨਾਂ ਨੇ ਆਪਣੇ ਅਹੁਦਿਆਂ ਦੀ ਪਾਵਰ ਦੇ ਦਬਾ ਕਾਰਨ ਮੇਰੇ ਪਾਸੋਂ ਧੱਕੇ ਨਾਲ ਲਿਖਵਾ ਕੇ ਮੈਨੂੰ ਦੋਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਨ੍ਹਾਂ ਦੇ ਮੂੰਹ ਵਿਚੋਂ ਕੁਦਰਤੀ ਤੌਰ ਤੇ ਨਿਕਲਿਆ ਸੱਚ ਸੰਗਤਾਂ ਦੇ ਸਾਹਮਣੇ ਆ ਗਿਆ।ਮੇਰਾ ਪਹਿਲਾ ਇਸ ਨੇ ਕੱਚਾ ਰੀਕਾਰਡ*

*ਪਰਸਨਲ ਛੋਟੀ ਪਾਕਟ ਡਾਇਰੀ ਤੇ ਪਰਚੀਆਂ ਪੜ੍ਹ ਕੇ ਪਿਛੇ ਖੋਹ ਕੇ ਇਹਨਾਂ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਦੇ ਹਨ ਅਤੇ ਮੈਨੂੰ ਧੱਕੇ ਨਾਲ ਦੋਸ਼ੀ ਬਣਾਉਂਦੇ ਹਨ।*

*ਹੁਣ ਇਹ ਮਹਿੰਦਰ ਸਿੰਘ ਆਹਲੀ ਦੇ ਵੀਡੀਓ ਰੀਕਾਰਡਿੰਗ ਵਿਚੋਂ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪਾਵਨ ਸਰੂਪ ਘੱਟ ਨਹੀ ਹਨ, ਜੇਕਰ ਘੱਟ ਨਹੀ ਤਾਂ ਮੇਰੇ ਫੰਡ ਰੋਕ ਕੇ ਮੈਨੂੰ ਹਰਾਸਮੈਂਟ ਕਿਉਂ ਕੀਤਾ ਜਾ ਰਿਹਾ ਹੈ? ਮੇਰਾ ਰਿਕਾਰਡ ਮਹਿੰਦਰ ਸਿੰਘ ਆਹਲੀ ਜਿਹੜਾ ਖੋਇਆ ਹੈ, ਜਿਸ ਦੇ ਅਧਾਰ ਤੇ ਵੀਡੀਓ ਵਿਚ ਬੋਲ ਰਿਹਾ ਹੈ।ਮੇਰੇ ਵੱਲੋਂ ਦਿਤੇ ਲਿਖਤੀ ਬਿਆਨ ਮਿਤੀ 27/07/2020 ਤੇ ਦਰਸਾਏ ਦੋਸ਼ੀ ਮੁਲਾਜਮ ਨਾਲ ਮਹਿੰਦਰ ਸਿੰਘ ਆਹਲੀ ਨੂੰ ਸ਼ਾਮਲ ਕੀਤਾ ਜਾਵੇ, ਜਿਹੜੇ ਰੀਕਾਰਡ ਦੇ ਅਧਾਰ ਤੇ ਬੋਲ ਰਿਹਾ ਹੈ, ਉਹ ਰੀਕਾਰਡ ਮੈਨੂੰ ਅੱਜ ਤੱਕ ਨਹੀ ਵਿਖਾਇਆ ਗਿਆ।ਮਹਿੰਦਰ ਸਿੰਘ ਆਹਲੀ ਕੋਲੋਂ ਸਾਰਾ ਰੀਕਾਰਡ ਪ੍ਰਾਪਤ ਕਰਕੇ ਹੀ ਸੰਗਤਾਂ ਦੇ ਸਾਹਮਣੇ ਸਾਚ ਲਿਆਂਦਾ ਜਾਵੇ"।*

**ਸ੍ਰ.ਕੰਵਲਜੀਤ ਸਿੰਘ ਵਲੋਂ ਡਾ.ਈਸ਼ਰ ਸਿੰਘ ਜੀ ਨੂੰ ਲਿਖਿਆ ਮਿਤੀ 28/07/2020 ਦਾ ਪੱਤਰ:**

*"ਬੇਨਤੀ ਹੈ ਕਿ ਪਾਵਨ ਸਰੂਪਾਂ ਦੇ ਘੱਟ ਹੋਣ ਬਾਰੇ ਮੈਨੂੰ ਬਾਰ-ਬਾਰ ਪੁਛਿਆ ਜਾ ਰਿਹਾ ਹੈ, ਮੈਨੂੰ ਸ. ਦਲਬੀਰ ਸਿੰਘ ਹੈਲਪਰ ਅਤੇ ਸ. ਗੁਰਬਚਨ ਸਿੰਘ ਮੀਤ ਸਕੱਤਰ ਪਬਲੀਕੇਸ਼ਨ ਵਿਭਾਗ ਤੇ ਪੂਰਾ-ਪੂਰਾ ਸ਼ੱਕ ਹੈ ਕਿ ਇਹ ਪਾਵਨ ਸਰੂਪਾਂ ਦੀ ਹੇਰਾ ਫੇਰੀ ਕਰਦੇ ਰਹੇ।ਪਰ ਦੋਸ਼ ਮੇਰੇ ਸਿਰ ਲਾਇਆ।ਗੁਰੂ ਰਾਮਦਾਸ ਜੀ ਨੂੰ ਹਾਜਰ-ਨਾਜਰ ਜਾਣ ਕਿ ਕਹਿ ਰਿਹਾ ਹਾਂ ਕਿ ਦਾਸ ਗੁਰੂ ਘਰ ਦੇ ਪਾਵਨ ਸਰੂਪ ਕਿਸੇ ਨੂੰ ਇਕ ਵੀ ਨਹੀ ਦਿੱਤਾ ਨਾਂ ਗੁਰੂ ਘਰ ਦਾ ਇਕ ਰੁਪਿਆ ਵੀ ਖਾਦਾ।ਇਹ ਮੈਂ ਦੁਖੀ ਹੋ ਕਿ ਲਿਖਿਆ ਹੈ।*

*ਨੋਟ:- ਇਨ੍ਹਾਂ ਦੋਵਾਂ ਤੋਂ ਸਖਤੀ ਨਾਲ ਪੁੱਛ ਗਿਛ ਕੀਤੀ ਜਾਵੇ ਮੈਨੂੰ ਆਸ ਹੈ ਕਿ ਮੇਰੇ ਨਾਲ ਇੰਨਸਾਫ ਹੋਵੇਗਾ"।*

**ਸ੍ਰ.ਕੰਵਲਜੀਤ ਸਿੰਘ ਵਲੋਂ ਡਾ.ਈਸ਼ਰ ਸਿੰਘ ਜੀ ਨੂੰ ਲਿਖਿਆ ਮਿਤੀ 28/07/2020 ਦਾ ਪੱਤਰ:**

*"ਬੇਨਤੀ ਹੈ ਕਿ ਸਾਲ 2016 ਮਹੀਨਾ ਜਨਵਰੀ ਤੋਂ ਲੈ ਕੇ ਹਰ ਮਹੀਨੇ ਦੀ ਰੀਪੋਰਟ ਆਡਿਟ ਵਾਲੇ ਚੈਕ ਕਰਨ ਆਉਂਦੇ ਸੀ।ਸਾਲ 2020 ਮਹੀਨਾ ਜੁਲਾਈ ਤੱਕ ਦੀਆਂ ਰਿਪੋਰਟਾਂ ਚਾਹੀਦੀਆਂ ਹਨ।ਦਾਸ ਨੂੰ ਦਿਵਾਈਆਂ ਜਾਣ"।*

**ਸ੍ਰ.ਕੰਵਲਜੀਤ ਸਿੰਘ ਵਲੋਂ ਡਾ.ਈਸ਼ਰ ਸਿੰਘ ਜੀ ਨੂੰ ਲਿਖਿਆ ਮਿਤੀ 28/07/2020 ਦਾ ਪੱਤਰ:**

*"ਬੇਨਤੀ ਹੈ ਕਿ ਭਾਈ ਬਾਜ ਸਿੰਘ ਕਲਰਕ ਸਾਲ 2013-14 ਅਤੇ 2014-15 ਵਿਚ ਪਾਵਨ ਸਰੂਪ ਲੈ ਕਿ ਗਿਆ ਸੀ।ਜਿਨ੍ਹਾਂ ਬਿੱਲਾਂ ਦੇ ਰਾਹੀਂ ਲੈ ਕਿ ਗਿਆ ਸੀ ਉਨ੍ਹਾਂ ਦੇ ਬਣਦੀ ਰਕਮ ਜਿਹੜੀ ਦਾ ਵੇਰਵਾ ਅਤੇ ਫਲਾਇੰਗ ਵਿਭਾਗ ਦੀ ਪੜਤਾਲ ਦੀ ਰਿਪੋਰਟ ਦੀ ਕਾਪੀ ਮੈਨੂੰ ਮਿਲਣੀ ਚਾਹੀਦੀ ਹੈ।ਦਾਸ ਸਾਬਤ ਕਰ ਸਕੇ ਕੇ ਪੈਸੇ ਮੈਂ ਜਮ੍ਹਾ ਕਰਵਾ ਜਾਂ ਬਾਜ ਸਿੰਘ ਕਲਰਕ ਨੇ।ਬਾਜ ਸਿੰਘ ਦਾ ਕਹਿਣਾ ਹੈ ਕਿ ਪੈਸੇ ਕੰਵਲਜੀਤ ਸਿੰਘ ਰਾਹੀ ਜਮ੍ਹਾ ਹੋਏ, ਮੇਰੀ ਤਸੱਲੀ ਹੋ ਸਕੇ"।*

**ਸ੍ਰ.ਕੰਵਲਜੀਤ ਸਿੰਘ ਵਲੋਂ ਡਾ.ਈਸ਼ਰ ਸਿੰਘ ਜੀ ਨੂੰ ਲਿਖਿਆ ਮਿਤੀ 28/07/2020 ਦਾ ਪੱਤਰ:**

*"ਸ੍ਰ.ਮਹਿੰਦਰ ਸਿੰਘ ਸਕੱਤਰ ਨੇ ਮੇਰੇ ਕੋਲ ਕੱਚਾ ਰਿਕਾਰਡ ਖੋਹ ਲਿਆ ਸੀ, ਪਾਵਨ ਸਰੂਪਾਂ ਦਾ।ਮੈਨੂੰ ਦਿਵਾਇਆ ਜਾਵੇ ਤਾਂ ਜੋ ਰਿਕਾਰਡ ਪੂਰਾ ਹੋ ਸਕੇ"।*

**ਸ੍ਰ.ਕੰਵਲਜੀਤ ਸਿੰਘ ਵਲੋਂ-ਵੱਖ ਵੱਖ ਤਰੀਕਾਂ ਨੂੰ ਦਿੱਤੇ ਗਏ ਬਿਆਨਾ ਦਾ ਉਤਾਰਾ**

*"ਮੈਂ ਗੁਰੂ ਰਾਮ ਦਾਸ ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਜੋ ਵੀ ਕਹਾਂਗਾ ਸੱਚ ਕਹਾਂਗਾ।*

*ਮੈਂ 2001 ਤੋਂ ਪਬਲੀਕੇਸ਼ਨ ਵਿਭਾਗ ਵਿਚ ਡਿਊਟੀ ਨਿਭਾ ਰਿਹਾ ਸੀ।ਇਸ ਤੋਂ ਪਹਿਲਾਂ ਮੈਂ ਅਕਾਊਂਟ ਬ੍ਰਾਂਚ ਵਿਚ ਸੇਵਾ ਨਿਭਾਈ।ਮੈਂ ਹੈਡਿੰਗ ਅਤੇ ਟੇਕਿੰਗ ਓਵਰ ਮਿਤੀ 21/05/2020 ਨੂੰ ਸ.ਮਨਿੰਦਰ ਸਿੰਘ ਨੂੰ ਦੇਣਾ ਕੀਤਾ।ਉਸ ਵੇਲੇ ਸਾਡਾ ਸੀਨੀਅਰ ਇੰਚਾਰਜ਼ ਸ.ਗੁਰਮੁੱਖ ਸਿੰਘ ਮੌਜੂਦ ਸੀ ਅਤੇ ਸ.ਸੁਰਜੀਤ ਸਿੰਘ ਅਤੇ ਸਰਬਜੀਤ ਸਿੰਘ ਗੁ:ਇੰਸਪੈਕਟਰ ਵੀ ਮੌਜੂਦ ਸਨ।ਜਿਸ ਵੇਲੇ ਮੈਂ ਚਾਰਜ ਦਿੱਤਾ ਉਸ ਚਾਰਜ ਦੀ ਕਾਪੀ ਸਟੋਰ ਲੈਜ਼ਰ ਅਤੇ ਅਨ-ਬਾਈਂਡ ਲੈਜ਼ਰ, ਪਾਵਨ ਸਰੂਪ ਪਬਲੀਕੇਸ਼ਨ ਵਿਭਾਗ ਦੇ ਸਾਲ*

2020-21 ਦੇ ਪਹਿਲੇ ਅੰਗ ਤੇ ਆਫ਼ਿਸ ਨੋਟ, ਜਿਸ ਉੱਤੇ ਮੇਰੇ ਦਸਤਖ਼ਤ ਹਨ ਅਤੇ ਚਾਰਜ ਲੈਣ ਵਾਲੇ ਸ.ਮਨਿੰਦਰ ਸਿੰਘ ਦੇ ਅਤੇ ਦੋਨੋਂ ਇੰਸਪੈਕਟਰ ਸੁਰਜੀਤ ਸਿੰਘ ਅਤੇ ਸਰਬਜੀਤ ਸਿੰਘ ,ਸ.ਗੁਰਮੱਖ ਸਿੰਘ (ਇੰਚਾਰਜ਼), ਮੀਤ ਸਕੱਤਰ ਸ.ਗੁਰਬਚਨ ਸਿੰਘ ਦੇ ਦਸਤਖ਼ਤ ਹਨ, ਜੋ ਥਘ(1) ਹੈ।ਇਸ ਆਫਿਸ ਨੋਟ ਮੁਤਾਬਿਕ, 183 ਪਾਵਨ ਸਰੂਪ ਦਰਮਿਆਨੇ ਅਕਾਰ ਦੇ ਅਤੇ ਪਾਵਨ ਸਰੂਪ ਵੱਡਾ ਅਕਾਰ-24 ਅਤੇ ਪਾਵਨ ਸਰੂਪ ਲੜੀਵਾਰ ਵੱਡਾ ਅਕਾਰ 5, ਕੁੱਲ ਮਿਲਾਕੇ ਚਾਰਜ ਦੇਣ ਲੱਗਿਆ 21/05/2020 ਨੂੰ 212 ਪਾਵਨ ਸਰੂਪ ਸਟੋਰ ਚੋਂ ਘੱਟ ਰਹੇ ਸਨ।ਆਪਣੇ ਉੱਤਰਾਅਧਿਕਾਰੀ ਨੂੰ ਚਾਰਜ ਦੇਣ ਲੱਗਿਆ ਸਾਰੇ ਅਧਿਕਾਰੀਆਂ ਦੇ ਸਾਹਮਣੇ ਮੈਂ ਮੰਨਿਆ ਤੇ ਲਿਖ ਦੇ ਦਿੱਤਾ ਇੰਨ੍ਹਾਂ ਪਾਵਨ ਸਰੂਪਾਂ ਦੀ ਜੋ ਘਾਟ ਹੈ 2016-17 ਤੋਂ ਲੈ ਕੇ 31/03/2020 ਤੱਕ ਇੰਟਰਨਲ ਆਡਿਟ ਦੌਰਾਨ, ਸਟੋਰ ਵਿਚ ਅਤੇ ਵਸੂਲਣਯੋਗ ਰਕਮਾਂ ਦਾ ਜਿੰਮੇਵਾਰ ਹੋਵਾਂਗਾ।ਸਾਰੀਆਂ ਲੈਜ਼ਰਾਂ, ਬਿੱਲ ਬੁੱਕਾਂ ਜਮ੍ਹਾਂ ਕਰਵਾਉਣ ਦਾ ਮੈਂ ਜਿੰਮੇਵਾਰ ਹੋਵਾਂਗਾ ਅਤੇ ਸਟੋਰ ਦੀਆਂ ਰਸੀਦਾਂ 2016-17 ਤੋਂ ਲੈ ਕੇ ਸਬੰਧਿਤ ਨੂੰ ਚਾਰਜ ਦੇ ਦਿੱਤਾ ਹੈ।ਮਿਤੀ 19 ਮਈ 2016 ਨੂੰ ਗੁਰਦੁਆਰਾ ਰਾਮਸਰ ਪਬਲੀਕੇਸ਼ਨ ਹਾਊਸ ਵਿਚ ਹਾਲ ਨੰ: 3 ਵਿਚ ਜਿੱਥੇ ਮਹਾਰਾਜ ਦੇ ਪਾਵਨ ਸਰੂਪ ਬਿਰਾਜਮਾਨ ਸਨ ਅੰਮ੍ਰਿਤ ਵੇਲੇ ਸ਼ਾਰਟ ਸਰਕਟ ਹੋਣ ਕਾਰਨ ਉਸ ਕਮਰੇ ਦੇ ਏ.ਸੀ ਵਿੱਚ ਅੱਗ ਲੱਗ ਗਈ ਤੇ ਕੁਝ ਪਾਵਨ ਸਰੂਪ ਮੌਕੇ ਤੇ ਅਗਨ ਭੇਟ ਹੋਏ ਅਤੇ ਕੁਝ ਫਾਇਰ ਬ੍ਰਿਗੇਡ ਵੱਲੋਂ ਅੱਗ ਬੁਝਾਉਂਦਿਆਂ ਪਾਣੀ ਦੀਆਂ ਬਾਛੜਾਂ ਨਾਲ ਖਰਾਬ ਹੋ ਗਏ।ਇਹ ਲਗਭਗ 80 ਦੇ ਕਰੀਬ ਸਨ।ਜੋ ਪਾਵਨ ਸਰੂਪ ਹੋਰ ਕਿਸੇ ਵੀ ਕਾਰਨ ਘਟੇ ਹਨ ਮੇਰੇ ਸੀਨੀਅਰ ਅਧਿਕਾਰੀ ਡਾ.ਰੂਪ ਸਿੰਘ ਮੁੱਖ ਸਕੱਤਰ, ਸਕੱਤਰ ਸ.ਮਨਜੀਤ ਸਿੰਘ, ਸ.ਪਰਮਜੀਤ ਸਿੰਘ ਵਧੀਕ ਸਕੱਤਰ, ਪ੍ਰਧਾਨ ਸ.ਅਵਤਾਰ ਸਿੰਘ, ਸ.ਸੁਖਦੇਵ ਸਿੰਘ ਭੂਰਾ ਵਧੀਕ ਸਕੱਤਰ, ਸ.ਮਹਿੰਦਰ ਸਿੰਘ ਆਹਲੀ ਪੀ.ਏ ਪ੍ਰਧਾਨ , ਸ.ਗੋਬਿੰਦ ਸਿੰਘ ਲੌਂਗੋਂਵਾਲ ਪ੍ਰਧਾਨ, ਸ.ਗੁਰਬਚਨ ਸਿੰਘ ਮੀਤ ਸਕੱਤਰ, ਭਾਈ ਦਲਬੀਰ ਸਿੰਘ ਹੈਲਪਰ, ਇਹਨਾਂ ਸਾਰਿਆਂ ਦੇ ਰਾਹੀਂ ਕੱਚੀਆਂ ਪਰਚੀਆਂ ਅਤੇ ਛੋਟੀ ਡਾਇਰੀ ਜੋ ਕਿ ਸ.ਮਹਿੰਦਰ ਸਿੰਘ ਕੋਲ ਹੈ, ਉਹਨਾਂ ਰਾਹੀਂ ਮਹਾਰਾਜ ਦੇ ਪਾਵਨ ਸਰੂਪ ਬਿਨਾਂ ਬਿੱਲਾਂ ਤੋਂ ਭੇਜਦੇ ਰਹੇ।

ਪਾਵਨ ਸਰੂਪਾਂ ਦੇ ਲੈਜ਼ਰ ਵਿਚ ਸ.ਸਰਵਣ ਸਿੰਘ ਹੈਲਪਰ, ਸ.ਬਲਵਿੰਦਰ ਸਿੰਘ ਹੈਲਪਰ ਸਟੋਰ ਲੈਜ਼ਰ ਪਾਵਨ ਸਰੂਪਾਂ ਵਿਚ ਐਂਟਰੀਆਂ ਕਰਦੇ ਰਹੇ।ਮੇਰੀ ਸਹਾਇਤਾ ਵਾਸਤੇ ਉਹ ਲੈਜ਼ਰਾਂ ਵਿਚ ਐਂਟਰੀਆਂ ਕਰਦੇ ਹੁੰਦੇ ਸੀ।ਇਹ ਸਾਰੀਆਂ ਲੈਜ਼ਰਾਂ ਪਬਲੀਕੇਸ਼ਨ ਵਿਭਾਗ

ਵਿਚ ਹਨ। ਸਾਲ 2001 ਤੋਂ ਪਬਲੀਕੇਸ਼ਨ ਵਿਭਾਗ ਵਿਖੇ ਡਿਊਟੀ ਨਿਭਾ ਰਿਹਾ ਹਾਂ, ਪਹਿਲਾ ਭਾਈ ਸੁਖਵੰਤ ਸਿੰਘ ਜੀ ਸੀ.ਜੀ.ਐਲ ਲੈਜ਼ਰਾਂ ਮੇਰੇ ਨਾਲ ਲਿਖਣ ਦਾ ਕੰਮ ਕਰਦੇ ਹੁੰਦੇ ਸਨ। ਕਿਉਂਕਿ ਬਾਹਰਲੇ ਦਫ਼ਤਰੀ ਕੰਮ ਦਾਸ ਕਰਦਾ ਹੁੰਦਾ ਸੀ। ਸਾਲ 2001 ਤੋਂ ਲੈ ਕੇ 2012 ਤੱਕ ਭਾਈ ਸੁਖਵੰਤ ਸਿੰਘ ਸੀ.ਜੀ.ਐਲ ਲੈਜ਼ਰਾਂ ਦੀ ਪੋਸਟਿੰਗ ਕਰਦਾ ਹੁੰਦਾ ਸੀ। ਉਸ ਦੀ ਤਬਦੀਲੀ ਧਰਮ ਪ੍ਰਚਾਰ ਵਿਖੇ ਹੋਣ ਕਾਰਨ ਫਿਰ ਦਾਸ ਹੀ ਪੋਸਟਿੰਗ ਦਾ ਕੰਮ ਤਕਰੀਬਨ 1 ਸਾਲ ਕੀਤਾ, ਫਿਰ ਭਾਈ ਜਸਪਿੰਦਰ ਸਿੰਘ ਸੀ.ਜੀ.ਐਲ ਬਤੌਰ ਧਰਮ ਪ੍ਰਚਾਰ ਕਮੇਟੀ ਤੋਂ ਤਬਦੀਲੀ ਹੋਈ ਸੀ, ਹੁਣ ਭਾਈ ਜਸਪਿੰਦਰ ਸਿੰਘ ਸੀ.ਜੀ.ਐਲ ਰਿਟਾਇਰ ਹੋ ਚੁੱਕਾ ਹੈ। ਤਕਰੀਬਨ ਸਾਲ 2011 ਤੋਂ 2013 ਵਿਚ ਇਹ ਭਾਈ ਜਸਪਿੰਦਰ ਸਿੰਘ 20/05/2013 ਤੋਂ ਬਾਅਦ ਪਾਵਨ ਸਰੂਪਾਂ ਦਾ ਕੰਮ ਕਰਦਾ ਰਿਹਾ। ਸ.ਦਲਬੀਰ ਸਿੰਘ ਸਹਾਇਕ ਗ੍ਰੰਥੀ ਕਾਫ਼ੀ ਚਿਰ ਤੋਂ ਪਬਲੀਕੇਸ਼ਨ ਵਿਭਾਗ ਵਿਖੇ ਸੇਵਾ ਕਰਦਾ ਆ ਰਿਹਾ ਹੈ। ਭਾਈ ਦਲਬੀਰ ਸਿੰਘ ਸਹਾਇਕ ਗ੍ਰੰਥੀ ਤੋਂ ਹੈਲਪਰ ਦੀ ਪੋਸਟ ਤੇ ਤਕਰੀਬਨ 5 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਫੁਟਕਲ ਵੱਟਕ ਸ਼ੋਅ-ਰੂਮ ਜਿੱਥੇ ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਜਾਂਦੇ ਹਨ, ਉਸੇ ਅਸਥਾਨ ਤੇ ਹੁਣ ਤੱਕ ਸੇਵਾ ਨਿਭਾ ਰਿਹਾ ਹੈ। ਇਸ ਦੀ ਡਿਊਟੀ ਸੰਗਤਾਂ ਨੂੰ ਪਾਵਨ ਸਰੂਪ ਦੇਣੇ ਅਤੇ ਉਨ੍ਹਾਂ ਵੱਲੋਂ ਪਾਵਨ ਸਰੂਪਾਂ ਦਾ ਮੰਗ ਪੱਤਰ ਤੇ ਬਾਕੀ ਕਾਗਜਾਂ ਦਾ ਰਿਕਾਰਡ ਰੱਖਣਾ ਇਸਦੀ ਜਿੰਮੇਵਾਰੀ ਹੁੰਦੀ ਹੈ। ਮੇਰੇ ਛੁੱਟੀ ਜਾਣ ਤੋਂ ਬਾਅਦ ਵੀ ਪਾਵਨ ਸਰੂਪਾਂ ਵਾਲੀ ਬਿੱਲ ਬੁੱਕ ਵਿਚ ਵੀ ਇਹ ਪਾਵਨ ਸਰੂਪ ਦਾ ਬਿੱਲ ਕੱਟਦਾ ਹੁੰਦਾ ਸੀ ਅਤੇ ਮਲੇਸ਼ੀਆਂ ਭੇਜੇ ਗਏ 170 ਪਾਵਨ ਸਰੂਪਾਂ ਦਾ ਬਿੱਲ ਵੀ ਇਸ ਨੇ ਹੀ ਕੱਟਿਆ ਸੀ। ਇਸ ਤਰ੍ਹਾਂ ਹੋਰ ਵੀ ਬਿੱਲ ਕੱਟਦਾ ਹੁੰਦਾ ਸੀ। ਭਾਈ ਦਲਬੀਰ ਸਿੰਘ ਹੈਲਪਰ ਜਦੋਂ ਸ਼ੋਅ-ਰੂਮ ਵਿਚ ਪਾਵਨ ਸਰੂਪ ਲੈ ਕੇ ਆਉਣੇ ਤਾਂ ਮੈਨੂੰ ਕਹਿਣਾ ਕਿ ਸੰਗਤਾਂ ਥੱਲੇ ਪਾਵਨ ਸਰੂਪ ਲੈਣ ਆਈਆ ਹਨ। ਛੇਤੀ-ਛੇਤੀ ਪਾਵਨ ਸਰੂਪ ਲੈ ਕੇ ਆ ਜਾ, ਜੇ ਸੰਗਤਾਂ ਨੇ ਕੋਈ ਸ਼ਿਕਾਇਤ ਕੀਤੀ ਤਾਂ ਫਿਰ ਮੈਨੂੰ ਨਾ ਕਹਿਣਾ ਕਿ ਕੋਈ ਨੁਕਸਾਨ ਹੋ ਗਿਆ। ਦਾਸ ਫਿਰ ਇਸ ਨੂੰ ਤੀਜੀ ਮੰਜ਼ਿਲ ਅਤੇ ਪੰਜਵੀਂ ਮੰਜ਼ਿਲ ਤੋਂ ਪਾਵਨ ਸਰੂਪ ਕਈ ਵਾਰ ਚਾਲੀ ਪਾਵਨ ਸਰੂਪ ਅਤੇ ਕਈ ਵਾਰ 30 ਜਾਂ 35 ਪਾਵਨ ਸਰੂਪ ਮੰਗਵਾਉਂਦਾ ਹੁੰਦਾ ਸੀ। ਜਿਤਨੇ ਵੀ ਪਾਵਨ ਸਰੂਪ ਲੈ ਕੇ ਆਉਂਦੇ ਸੀ। ਕਦੀ ਵੀ ਕੋਈ ਵਸੂਲੀ ਨਹੀਂ ਦਿੰਦਾ ਸੀ। ਇਹ ਕਹਿੰਦਾ ਸੀ ਸਕੱਤਰ ਸਾਹਿਬ (ਸ.ਗੁਰਬਚਨ ਸਿੰਘ) ਮੀਤ ਸਕੱਤਰ ਨੂੰ ਪੁੱਛ ਲੈ, ਭਾਈ ਜੋਗਾ ਸਿੰਘ ਸੇਵਾਦਾਰ ਨੂੰ ਅਸੀਂ ਥੋੜੇ ਸਮੇਂ ਲਈ ਡਿਊਟੀ ਲਗਾਈ ਕਿ ਪਾਵਨ ਸਰੂਪ ਦੀ ਸੇਵਾ ਸੰਭਾਲ ਕਰ, ਪਰ ਭਾਈ ਦਲਬੀਰ ਸਿੰਘ ਭਾਈ ਜੋਗਾ ਸਿੰਘ ਸੇਵਾਦਾਰ ਨੂੰ ਵੀ ਇਹ ਵਸੂਲੀ ਨਹੀਂ

*ਦਿੰਦਾ ਸੀ, ਕਹਿੰਦਾ ਸੀ ਕਿ ਤੂੰ ਤਾਂ ਇਕ ਸੇਵਾਦਾਰ ਦਾ ਕੰਮ ਕਰਦਾ ਹੈ ਤੈਨੂੰ ਵਸੂਲੀ ਕਿਸ ਲਈ ਦੇਵਾਂ।ਮੈਂ ਦੇਖਿਆ ਕਿ ਭਾਈ ਦਲਬੀਰ ਸਿੰਘ ਹੈਲਪਰ ਇਸਨੂੰ ਆਪਣੀ ਸੀਟ ਨਾਲ ਮੋਹ ਹੈ, ਇਸ ਦੀ ਪਿੱਠ ਪਿੱਛੇ ਮੈਨੂੰ ਪੂਰਾ  ਯਕੀਨ ਹੈ ਕਿ ਮੀਤ ਸਕੱਤਰ ਸ.ਗੁਰਬਚਨ ਸਿੰਘ ਦਾ ਹੱਥ ਹੈ।ਇਸ ਦਾ ਦਫ਼ਤਰ ਦੇ ਉੱਚ ਅਧਿਕਾਰੀਆਂ ਕੋਲ ਆਉਣਾ-ਜਾਣਾ ਹੈ, ਜਿਵੇਂ ਮੁੱਖ ਸਕੱਤਰ ਡਾ.ਰੂਪ ਸਿੰਘ, ਮਨਜੀਤ ਸਿੰਘ ਸਕੱਤਰ ਤੇ ਹੋਰ ਸਕੱਤਰ ਦਫ਼ਤਰ ਜਿਨ੍ਹਾਂ ਨੂੰ ਇਹ ਮਿਲਦਾ ਰਿਹਾ ਹੈ।ਪਾਵਨ ਸਰੂਪ ਵੀ ਇਸੇ ਦਲਬੀਰ ਸਿੰਘ ਕੋਲੋਂ ਹੀ ਸ਼ੋਅ-ਰੂਮ ਵਿਚੋਂ ਲੈ ਕੇ ਜਾਂਦੇ ਰਹੇ, ਜਿਵੇਂ ਕਿ ਕਾਗਜ਼ ਲੈ ਕੇ ਰਸੀਦਾ ਨਾ ਕੱਟਣੀ ਇਸੇ ਤਰ੍ਹਾਂ ਹੀ ਚੋਰ ਮੋਰੀ ਰਾਹੀਂ ਅਫ਼ਸਰਾਂ ਨੂੰ ਖੁਸ਼ ਕਰਦਾ ਰਿਹਾ।ਸ.ਗੁਰਬਚਨ ਸਿੰਘ ਮੀਤ ਸਕੱਤਰ ਨੇ ਭਾਈ ਦਲਬੀਰ ਸਿੰਘ ਹੈਲਪਰ ਕੋਲੋਂ ਜਿਆਦਾ ਫਾਇਦਾ ਲੈਂਦਾ ਰਿਹਾ, ਇਹਨਾਂ ਦੋਨਾਂ ਤੋਂ ਬਗੈਰ ਬ੍ਰਾਂਚ ਵਿਚ ਕੋਈ ਕੰਮ ਨਹੀਂ ਸੀ ਹੁੰਦਾ।ਜੋ ਕੰਮ ਹੁੰਦਾ ਸ.ਗੁਰਬਚਨ ਸਿੰਘ ਮੀਤ ਸਕੱਤਰ ਅਤੇ ਦਲਬੀਰ ਸਿੰਘ ਹੈਲਪਰ ਮੈਨੂੰ ਹੀ ਕਸੂਰਵਾਰ ਮੰਨੇ ਹਨ।*

*ਸਾਡਾ ਦਫ਼ਤਰ ਪਬਲੀਕੇਸ਼ਨ ਵਿਭਾਗ ਦਾ ਰਿਕਾਰਡ ਹਰੀ ਸਿਆਹੀ ਵਾਲੇ ਟਿੱਕ ਮਾਰਕ ਕਰਦੇ ਸਨ, ਹਰੀ ਸਿਆਹੀ ਵਾਲਾ ਟਿੱਕ ਮਾਰਕ ਕੋਹਲੀ ਸਾਹਿਬ ਸੀ.ਏ ਦੇ ਦਫ਼ਤਰ ਵਿਖੇ ਹਰ ਮਹੀਨੇ ਚੈੱਕ ਕਰਦੇ ਸਨ।ਕਦੀ ਵੀ ਵੇਖ ਸਕਦੇ ਸਨ।ਸਟੋਰ ਸੱਚਖੰਡ ਹਾਲ ਨੰ: 3 ਅਤੇ ਹਾਲ ਨੰ: 5 ਜੇਕਰ ਕੋਈ ਫਰਕ ਹੁੰਦਾ ਤਾਂ ਲਿਖ ਕੇ ਲੈ ਜਾਂਦੇ ਤੇ ਰਜਿਸਟਰ ਵਿਚ ਇਹ ਫ਼ਰਕ ਦਰਜ ਨਹੀਂ ਕਰਦੇ ਸਨ।ਜਦੋਂ ਵੀ ਸੀ.ਏ ਦੇ ਬੰਦੇ ਚੈੱਕ ਕਰਦੇ ਸਨ, ਮੈਨੂੰ ਕਦੇ ਨਾਲ ਲੈ ਜਾਂਦੇ ਤੇ ਕਦੇ ਨਾਲ ਨਹੀਂ ਲੈ ਕੇ ਜਾਂਦੇ ਸਨ।*

*ਭਾਈ ਦਲਬੀਰ ਸਿੰਘ ਹੈਲਪਰ ਪਹਿਲਾ ਇਕੱਲਾ ਹੀ ਸ਼ੋ-ਰੂਮ ਵਿਚ ਕੰਮ ਕਰਦਾ ਸੀ, ਫਿਰ ਦੋ ਜਾਂ ਤਿੰਨ ਮਹੀਨੇ ਪਹਿਲਾ ਹੀ ਭਾਈ ਬਲਬੀਰ ਸਿੰਘ ਗ੍ਰੰਥੀ ਨੂੰ ਇੰਚਾਰਜ਼ ਸ.ਗੁਰਮੁੱਖ ਸਿੰਘ ਇਨ੍ਹਾਂ ਦੇ ਨਾਲ ਲਾਇਆ।ਪਰ ਸ਼ੋ-ਰੂਮ ਵਿਚ ਕਲਰਕ ਦੀ ਡਿਊਟੀ ਲਗਾਉਣੀ ਚਾਹੀਦੀ ਸੀ, ਗ੍ਰੰਥੀ ਦੀ ਨਹੀਂ ।ਭਾਈ ਦਲਬੀਰ ਸਿੰਘ ਵੀ ਪਹਿਲਾ ਸਹਾਇਕ ਗ੍ਰੰਥੀ ਦੀ ਡਿਊਟੀ ਨਿਭਾਉਂਦਾ ਸੀ ਫਿਰ ਇਸ ਨੂੰ ਮੌਕੇ ਦੇ ਇੰਚਾਰਜ਼ ਨੇ ਇਸ ਨੂੰ ਸ਼ੋ-ਰੂਮ ਵਿਚ ਲਗਵਾਇਆ।ਇਸ ਨੇ (ਦਲਬੀਰ ਸਿੰਘ) ਆਪ ਲਿਖ ਕੇ ਦਿੱਤਾ ਸੀ ਦਫ਼ਤਰ ਵਿਚ ਕਿ ਮੈਨੂੰ ਸਹਾਇਕ ਗ੍ਰੰਥੀ ਤੋਂ ਹੈਲਪਰ ਦੀ ਡਿਊਟੀ ਤੇ ਤਬਦੀਲ ਕੀਤਾ ਜਾਵੇ।ਲਗਭਗ ਚਾਰ ਸਾਲ ਤੋਂ ਹੈਲਪਰ ਦੀ ਡਿਊਟੀ ਤੇ ਸੇਵਾ ਨਿਭਾ ਰਿਹਾ ਹੈ।ਦਲਬੀਰ ਸਿੰਘ ਹੈਲਪਰ ਦੀ ਡਿਊਟੀ ਸ਼ੋ-ਰੂਮ ਵਿਚ ਪਾਵਨ ਸਰੂਪ ਉੱਪਰ ਹਾਲ ਨੰ: 3 ਅਤੇ ਹਾਲ ਨੰ: 5 ਵਿਚੋਂ ਲੈ ਕੇ ਆਉਣਾ,*

*ਸ਼ੋ-ਰੂਮ ਵਿਚ ਬਿਰਾਜਮਾਨ ਕਰਨੇ।ਪਾਵਨ ਸਰੂਪ ਜਿੱਥੋਂ ਹਾਲ ਨੰ: 3 ਤੇ 5 ਵਾਲਿਆਂ ਨੂੰ ਕੋਈ ਪਹੁੰਚ ਨਹੀਂ ਦੇਂਦਾ ਸੀ।ਨਾ ਕਿਸੇ ਰਜਿਸਟਰ ਵਿਚ ਉੱਪਰ ਦਰਜ ਕਰਦਾ ਸੀ।ਜਦੋਂ ਇਹ ਸ਼ੋ-ਰੂਮ ਵਿਚ ਪਾਵਨ ਸਰੂਪ ਬਿਰਾਜਮਾਨ ਕਰਦਾ ਸੀ ਉਸ ਸਮੇਂ ਸ਼ੋ-ਰੂਮ ਦੇ ਰੱਖੇ ਰਜਿਸਟਰ ਵਿਚ ਦਰਜ ਕਰਦਾ ਸੀ।ਬਾਹਰੋਂ ਆਈਆਂ ਸੰਗਤਾਂ ਤੋਂ ਮੰਗ ਪੱਤਰ, ਜਿੰਨਾਂ ਉੱਤੇ ਇਲਾਕਾ ਪ੍ਰਚਾਰ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਅਤੇ ਮੈਂਬਰ ਸ਼੍ਰੋ.ਗੁ.ਪ੍ਰੰ.ਕਮੇਟੀ ਦੀ ਤਸਦੀਕ ਹੋਣੀ ਜ਼ਰੂਰੀ ਹੈ, ਉਹ ਪੱਤਰ ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਸਕੱਤਰ ਸਾਹਿਬ ਦੀ ਆਗਿਆ ਉਪਰੰਤ ਹੀ ਪਾਵਨ ਸਰੂਪ ਦਿੱਤੇ ਜਾਂਦੇ ਸਨ।ਪਾਵਨ ਸਰੂਪ ਦੀ ਭੇਟਾ ਦੀ ਰਸੀਦ ਕੱਟਣ ਤੇ ਦਿੱਤੇ ਜਾਂਦੇ ਹਨ।ਭੇਟਾ ਤੋਂ ਪ੍ਰਾਪਤ ਰਕਮ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਖਜ਼ਾਨਚੀ ਪਾਸ ਜਮ੍ਹਾਂ ਕਰਵਾ ਦਿੰਦਾ ਸੀ।ਸੰਗਤਾ ਵਾਲਾ ਮੰਗ ਪੱਤਰ ਆਪਣੇ ਪਾਸ ਹੀ ਸ਼ੋ ਰੂਮ ਵਿਚ ਰੱਖ ਲੈਂਦਾ ਸੀ।ਇਹ ਮੰਗ ਪੱਤਰ ਦਫ਼ਤਰ ਵਿਚ ਨਹੀਂ ਦਿੱਤਾ ਜਾਂਦਾ ਸੀ।ਜੋ ਪਬਲੀਕੇਸ਼ਨ ਵਿਭਾਗ ਵਿਚ ਵੱਖ-ਵੱਖ ਗੁਰਦੁਆਰੇ ਸਾਹਿਬ ਤੋਂ ਗੁ: ਸਾਹਿਬ ਚਾਹੇ ਦਫ਼ਾ 85 ਜਾਂ ਦਫ਼ਾ 87 ਦੇ ਹੋਣ ਉਨ੍ਹਾਂ ਦਾ ਮੰਗ ਪੱਤਰ ਪਬਲੀਕੇਸ਼ਨ ਦੇ ਰਿਕਾਰਡ ਕੀਪਰ ਕੋਲ ਜਮ੍ਹਾਂ ਹੋ ਜਾਂਦਾ ਸੀ।ਜਦੋਂ ਮੰਗ ਪੱਤਰ ਪਬਲੀਕੇਸ਼ਨ ਵਿਚ ਆਉਂਦਾ ਸੀ ਤਾਂ ਸੀ.ਜੀ.ਐਲ ਇਕ ਆਫਿਸ ਨੋਟ ਤੇ ਵੇਰਵਾ ਬਣਾ ਕੇ ਇੰਚਾਰਜ਼ ਪਬਲੀਕੇਸ਼ਨ ਪਾਸ ਦੇ ਦਿੰਦਾ ਤੇ ਫਿਰ ਇੰਚਾਰਜ਼ ਮੀਤ ਸਕੱਤਰ ਪਾਸ ਲੈ ਜਾਂਦਾ ਮੀਤ ਸਕੱਤਰ ਸਾਹਿਬ ਕਦੀ ਤਾਂ ਆਪ ਹੀ ਆਗਿਆ ਕਰ ਦੇਂਦੇ ਅਤੇ ਕਦੀ ਦਫ਼ਤਰ ਵੱਲ ਸਕੱਤਰ ਸਾਹਿਬ ਨੂੰ ਆਗਿਆ ਵਾਸਤੇ ਭੇਜ ਦਿੰਦੇ, ਆਗਿਆ ਹੋਣ ਉਪਰੰਤ ਦਫ਼ਤਰ ਦੀ ਟ੍ਰਸੱਟ ਬ੍ਰਾਂਚ ਵਿਚ ਆਰਡਰ ਲਈ ਭੇਜ ਦਿੰਦੇ।ਇਸ ਆਰਡਰ ਵਿਚ ਸਾਰਾ ਵੇਰਵਾ ਹੁੰਦਾ ਹੈ ਕਿ ਇਕ ਕਲਰਕ ਅਤੇ ਇਕ ਗ੍ਰੰਥੀ, ਇੱਕ ਸੇਵਾਦਾਰ ਅਤੇ ਡਰਾਇਵਰ ਗੱਡੀ ਸਮੇਤ ਦਫ਼ਤਰ ਵੱਲੋਂ ਸਟਾਫ਼ ਤਿੰਨ ਮੁਲਾਜਮ ਹੁੰਦੇ ਸਨ। ਹਰ ਆਰਡਰ ਦੇ ਅਨੁਸਾਰ ਇੱਕ ਕਲਰਕ ਸਾਰੀ ਬੱਸ ਵਿਚ ਰੱਖੇ ਜਾਣ ਵਾਲੇ ਪਾਵਨ ਸਰੂਪਾਂ ਦਾ ਚਾਰਜ ਰੱਖਦਾ, ਫਿਰ ਕਲਰਕ ਨੇ ਸਾਰੇ ਬਿੱਲ ਲੈ ਕੇ ਜਾਣਾ, ਕਲਰਕ ਨੇ ਹੀ ਪਾਵਨ ਸਰੂਪਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਦੇਣੇ ਅਤੇ ਉਨ੍ਹਾਂ ਤੋਂ ਬਣਦੀ ਰਕਮ ਪ੍ਰਾਪਤ ਕਰਨੀ ਅਤੇ ਪਹੁੰਚ ਦੀ ਚਿੱਠੀ ਪੱਤਰ ਲੈਣਾ ਕਿ ਆਰਡਰ ਅਨੁਸਾਰ ਪਾਵਨ ਸਰੂਪ ਪ੍ਰਾਪਤ ਕੀਤੇ।*

*ਇਸ ਦੌਰਾਨ ਹੋ ਸਕਦਾ ਹੈ ਕਿ ਕਲਰਕ ਪਾਵਨ ਸਰੂਪ ਸਟੋਰ ਜਾਂ ਸ਼ੋ ਰੂਮ ਵਿੱਚੋਂ ਬੱਸ ਵਿਚ ਰੱਖਦਿਆਂ ਵੱਧ ਪਾਵਨ ਸਰੂਪ ਲੈ ਕੇ ਵੀ ਜਾ ਸਕਦਾ ਹੈ ਅਤੇ ਬਾਹਰ ਸੰਗਤਾਂ ਵਿਚ ਜਾਂ ਲੋੜਵੰਦਾਂ ਨੂੰ ਪਹੁੰਚਾਂ ਸਕਦਾ ਹੈ।*

*ਸ਼ੋ ਰੂਮ ਵਿਚੋਂ ਵੀ ਜਿੱਥੇ ਭਾਈ ਦਲਬੀਰ ਸਿੰਘ ਹੈਲਪਰ ਕੰਮ ਕਰਦਾ ਹੈ ਆਪਣੇ ਅਸਰ ਰਸੂਖ ਨਾਲ ਬਾਹਰੋਂ ਆਈਆਂ ਸੰਗਤਾਂ ਨੂੰ ਪਾਵਨ ਸਰੂਪ ਦੇ ਸਕਦਾ ਹੈ।ਮੇਰੀ ਡਿਊਟੀ ਦੌਰਾਨ ਐਸਾ ਕਦੇ ਨਹੀਂ ਹੋਇਆ, ਪਰ ਪਤਾ ਲੱਗਦਾ ਸੀ ਕਿ ਪਾਵਨ ਸਰੂਪ ਬਿਨਾਂ ਰਿਕਾਰਡ ਤੋਂ ਬਾਹਰ ਲੋੜਵੰਦ ਸੰਗਤਾਂ ਨੂੰ ਮੀਤ ਸਕੱਤਰ ਸਾਹਿਬ ਦੀ ਮਿਲੀ ਭੁਗਤ ਨਾਲ ਚੋਰੀਂਓ ਦੇ ਦਿੰਦੇ ਸੀ।ਮੈਂ ਪਤਾ ਲੱਗਣ ਤੇ ਡਰਦਿਆਂ ਕਦੇ ਗੱਲ ਨਹੀਂ ਕੀਤੀ ਕਿਉਂਕਿ ਭਾਈ ਦਲਬੀਰ ਸਿੰਘ ਅਤੇ ਮੀਤ ਸਕੱਤਰ (ਗੁਰਬਚਨ ਸਿੰਘ) ਆਪਸ ਵਿਚ ਮਿਲੇ ਹੋਏ ਸਨ, ਮੇਰਾ ਨੁਕਸਾਨ ਕਰ ਸਕਦੇ ਸਨ।ਭਾਈ ਗੁਰਬਚਨ ਸਿੰਘ ਮੀਤ ਸਕੱਤਰ, ਮੁੱਖ ਸਕੱਤਰ (ਡਾ.ਰੂਪ ਸਿੰਘ ) ਦਾ ਭਰਾ ਬਣਿਆ ਹੋਇਆ ਸੀ, ਡਾ.ਸਾਹਿਬ ਵੀ ਕਹਿੰਦੇ ਸਨ ਕਿ ਗੁਰਬਚਨ ਸਿੰਘ ਮੀਤ ਸਕੱਤਰ ਮੇਰਾ ਭਰਾ ਹੈ ਅਤੇ ਭਾਈ ਗੁਰਬਚਨ ਸਿੰਘ ਵੀ ਇਹ ਗੱਲ ਕਹਿੰਦੇ ਸਨ ਕਿ ਡਾ.ਰੂਪ ਸਿੰਘ ਵੀ ਮੇਰਾ ਭਰਾ ਹੈ।*

*ਜੋ ਚੋਰ ਮੋਰੀ ਰਾਹੀਂ ਭਾਈ ਦਲਬੀਰ ਸਿੰਘ ਹੈਲਪਰ, ਮੀਤ ਸਕੱਤਰ ਸ.ਗੁਰਬਚਨ ਸਿੰਘ ਨਾਲ ਕੰਮ ਕਰਦਾ ਸੀ, ਉਹ ਪਰਚੀਆਂ ਭਾਈ ਦਲਬੀਰ ਸਿੰਘ ਹੈਲਪਰ ਕੋਲ ਹੁੰਦੀਆਂ, ਸਪੈਸ਼ਲ ਪਾਵਨ ਸਰੂਪ ਜੋ ਉੱਚ ਅਧਿਕਾਰੀਆਂ ਨੇ ਲੈਣੇ ਹੁੰਦੇ ਹਨ, ਮੀਤ ਸਕੱਤਰ(ਸ.ਗੁਰਬਚਨ ਸਿੰਘ) ਰਾਹੀਂ ਪਰਚੀਆਂ ਮੈਨੂੰ ਦਿੱਤੀਆਂ ਜਾਂਦੀਆਂ ਸਨ।ਗੁਰਬਚਨ ਸਿੰਘ ਨੇ ਕਿਹਾ ਕਿ ਪੰਜ ਪਾਵਨ ਸਰੂਪ ਬੱਸ ਵਿਚ ਰੱਖ ਦਿਉ ਅਤੇ ਇਹਨਾਂ ਪਾਵਨ ਸਰੂਪਾਂ ਦੀ ਰਕਮ ਆਉਣ ਤੇ ਹੀ ਹਿਸਾਬ ਕਿਤਾਬ ਪੂਰਾ ਕੀਤਾ ਜਾਵੇਗਾ, ਇਸ ਰਕਮ ਦੀ ਭਰਪਾਈ ਵਾਸਤੇ ਮੈਂ ਕਈ ਵਾਰ ਮੀਤ ਸਕੱਤਰ ਨੂੰ ਕਹਿੰਦਾ ਰਿਹਾ ।ਮੈਨੂੰ ਦਿਲਾਸਾ ਦਿੰਦਾ ਰਿਹਾ ਕਿ ਇਹ ਰਕਮ ਆਪ ਜੀ ਨੂੰ ਮਿਲ ਜਾਵੇਗੀ ਅਤੇ ਬਿੱਲ ਕਟਾ ਦਿਆਂਗਾ।*

*ਇਸੇ ਤਰ੍ਹਾਂ ਕੋਈ ਪੰਦਰਾਂ-ਵੀਹ ਵਾਰ ਪਾਵਨ ਸਰੂਪ ਦੇਂਦੇ ਰਹੇ ਜਿਨ੍ਹਾਂ ਪਾਵਨ ਸਰੂਪਾਂ ਦੀ ਗਿਣਤੀ ਕਈ ਵਾਰ 40 ਵੀ ਹੁੰਦੀ, ਕਈ ਵਾਰ ਘੱਟ ਵੀ ਹੁੰਦੀ, ਇਹਨਾਂ ਕਦੇ ਤਾਂ ਡਾ.ਰੂਪ ਸਿੰਘ, ਸਕੱਤਰ ਮਨਜੀਤ ਸਿੰਘ  ਅਤੇ ਹੋਰ ਐਡੀ.ਸਕੱਤਰ ਸੁਖਦੇਵ ਸਿੰਘ, ਪਰਮਜੀਤ ਸਿੰਘ ਐਡੀਸ਼ਨਲ ਸਕੱਤਰ, ਇਹਨਾਂ ਦੇ ਨਾਮ ਦੀਆਂ ਪਰਚੀਆਂ ਜੋ ਕਿ ਸ.ਮਹਿੰਦਰ ਸਿੰਘ ਆਹਲੀ ਨੇ ਖੋਹ ਲਈਆਂ ਤੇ ਕਿਹਾ ਕਿ ਤੂੰ ਫਿਕਰ ਨਾ ਕਰ ਤੇਰਾ ਘਰ (ਕੋਟਾ) ਪੂਰਾ ਕਰ ਦੇਵਾਂਗੇ।ਇਹ ਗੱਲ ਸ.ਮਹਿੰਦਰ ਸਿੰਘ ਆਹਲੀ ਸਕੱਤਰ ਨੇ ਕਹੀ।*

*ਪੰਜ ਛੇ ਵਾਰ ਮੈਂ ਸ.ਮਹਿੰਦਰ ਸਿੰਘ ਆਹਲੀ ਕੋਲ ਪਾਵਨ ਸਰੂਪਾਂ ਨੂੰ ਪੂਰਾ ਕਰਨ ਵਾਸਤੇ ਗਿਆ,ਉਨ੍ਹਾਂ ਆਖਿਆ ਤੇਰੀ ਰਿਟਾਇਰਮੈਂਟ ਤੋਂ ਪਹਿਲਾਂ ਜੋ ਤੇਰਾ ਰਿਕਾਰਡ ਹੈ, ਉਸ ਨੂੰ ਪੂਰਾ ਕਰ ਦਿਆਂਗੇ ਤੂ ਕਿਹੜੀ ਗੱਲ ਦਾ ਫਿਕਰ ਕਰਦਾ ਹੈ, ਘਬਰਾਹਟ ਵਿਚ ਨਾ ਆਇਆ ਕਰ ਜਦੋਂ ਤੇਰੇ ਫੰਡ ਦੇਵਾਂਗੇ, ਤੈਨੂੰ ਇਹ ਰਕਮ ਵੀ ਨਾਲ ਹੀ ਦੇ ਦਿਵਾਂਗੇ।ਫਿਰ ਮਹਿੰਦਰ ਸਿੰਘ ਆਹਲੀ ਨੇ ਕਿਹਾ ਕਿ ਤੂੰ ਤਾਂ ਰਿਟਾਇਰ ਹੋ ਜਾਣਾ ਹੈ, ਤੂੰ ਆਪਣੇ ਬਣਦੇ ਫੰਡ ਵਿਚੋਂ ਰਕਮ ਜਮ੍ਹਾਂ ਕਰਵਾ ਦੇ ਅਸੀਂ ਤੈਨੂੰ ਨਗਦ ਤੇਰੀ ਰਕਮ ਦੇ ਦੇਵਾਂਗੇ ਤੇਰਾ ਘਰ ਪੂਰਾ ਕਰ ਦੇਵਾਂਗੇ।*

*ਤਕਰੀਬਨ ਸਾਲ 2018 ਵਿਚ ਮੀਤ ਸਕੱਤਰ ਪੋਸਟ ਪੁਰ  ਪ੍ਰੋ.ਗੁਰਬਚਨ ਸਿੰਘ ਆਇਆ ਉਦੋਂ ਤੋਂ ਪਾਵਨ ਸਰੂਪ ਕੱਚੀ ਪਰਚੀ ਤੇ ਉੱਚ ਅਧਿਕਾਰੀਆਂ ਵੱਲੋਂ ਕੰਮ ਜ਼ਿਆਦਾ ਸ਼ੁਰੂ ਹੋਇਆ ।ਕਦੇ ਕਦੇ ਆਪ ਜਾਂਦੇ ਜਾਂ ਇੰਚਾਰਜ਼ ਸਾਹਿਬ ਜੋ ਕਿ ਆਗਿਆ ਭੇਟਾ ਰਹਿਤ ਕਰਵਾ ਲਿਆਉਂਦੇ ਸਨ।ਐਸੀ ਆਗਿਆ ਡਾ.ਰੂਪ ਸਿੰਘ ਮੁੱਖ ਸਕੱਤਰ ਜਾਂ ਮਨਜੀਤ ਸਿੰਘ ਸਕੱਤਰ  ਹੀ ਦੇ ਸਕਦੇ ਹਨ।ਮੀਤ ਸਕੱਤਰ ਸਾਹਿਬ ਦੇ ਆਉਣ ਤੋਂ ਪਹਿਲਾ ਕਰਵਾਉਂਦੇ ਰਹੇ ਸੀ।ਜਿੰਨੀਆਂ ਪਰਚੀਆਂ ਪਾਵਨ ਸਰੂਪ ਬਾਰੇ ਆਉਂਦੀਆਂ ਉਨਾਂ ਵਿਚ ਕਦੀ ਆਗਿਆ ਕੁਝ ਪਾਵਨ ਸਰੂਪਾਂ ਦੀ ਆ ਜਾਂਦੀ, ਬਹੁਤੀਆਂ ਪਰਚੀਆਂ ਦੀ ਆਗਿਆ ਨਹੀਂ ਆਉਂਦੀ ਸੀ।ਜਿਹੜੀਆਂ ਪਰਚੀਆਂ ਰਹਿ ਗਈਆਂ ਹਨ, ਉਨਾਂ ਦੀ ਆਗਿਆ ਨਹੀਂ ਮਿਲੀ।ਇਹ ਪਰਚੀਆਂ ਲਗਭਗ 100 ਪਾਵਨ ਸਰੂਪਾਂ ਦੀਆਂ ਹੋ ਸਕਦੀਆਂ ਹਨ।*

*ਪਾਵਨ ਸਰੂਪਾਂ ਦੀ ਜ਼ਿਲਦਬੰਦੀ ਕੇਵਲ ਦੋ ਜ਼ਿਲਦਸਾਜ਼ ਹਾਲ ਨੰ: 3 ਤੇ ਹਾਲ ਨੰ: 4 ਵਿਚ ਕਰਦੇ ਹਨ, ਜੋ ਕਿ ਮੁਲਾਜ਼ਮ ਨਹੀਂ ਹਨ, ਜੋ ਕਿ ਜਿਲਦਸਾਜ਼ (ਠੇਕੇਦਾਰ) ਜਿਨ੍ਹਾਂ ਦਾ ਨਾਮ ਭਾਈ ਕੁਲਵੰਤ ਸਿੰਘ ਤੇ ਭਾਈ ਜਸਪ੍ਰੀਤ ਸਿੰਘ ਹੈ।ਪਹਿਲਾ ਭਾਈ ਜਸਪ੍ਰੀਤ ਸਿੰਘ ਦੇ ਨਾਲ ਉਨ੍ਹਾਂ ਦਾ ਵੱਡਾ ਭਰਾ ਬਲਪ੍ਰੀਤ ਸਿੰਘ ਜ਼ਿਲਦਸਾਜ਼ (ਠੇਕੇਦਾਰ) ਦਾ ਕੰਮ ਕਰਦੇ ਸਨ, ਜੋ ਕਿ ਹੁਣ ਠੇਕੇਦਾਰੀ ਛੱਡ ਕੇ ਕੈਨੇਡਾ ਚਲੇ ਗਏ।*

*ਦੋ ਸਾਲ ਪਹਿਲਾ ਲੰਗਰ ਬਾਬਾ ਦੀਪ ਸਿੰਘ ਸ਼ਹੀਦ ਜੀ ਵਾਲੇ ਪਾਸ ਤੋਂ ਗੱਡੀ ਸ਼ੋ ਰੂਮ ਵਾਲੇ ਪਾਸੇ ਆ ਜਾਂਦੀ ਸੀ, ਹੁਣ ਜਦੋਂ ਤੋਂ ਕਾਰ ਸੇਵਾ ਵਾਲੇ ਬਾਬਿਆਂ ਨੇ ਸਰੋਵਰ ਅਤੇ ਲੰਗਰ ਵਿਚ ਨਵੀਂ ਬਿਲਡਿੰਗ ਤਿਆਰ ਕੀਤੀ ਹੈ, ਉਸ ਪਾਸੇ ਤੋਂ ਰਸਤਾ ਬੰਦ ਹੋ ਚੁੱਕਾ ਹੈ।*

*ਮੈਨੂੰ ਜ਼ਿਲਦਸਾਜਾਂ ਅਤੇ ਦਲਬੀਰ ਸਿੰਘ ਹੈਲਪਰ, ਮੀਤ ਸਕੱਤਰ ਸ.ਗੁਰਬਚਨ ਸਿੰਘ ਤੇ ਪੂਰਾ-ਪੂਰਾ ਸ਼ੱਕ ਹੈ ਕਿ ਇਹਨਾਂ ਦੀ ਮਿਲੀ ਭੁਗਤ ਨਾਲ ਪਾਵਨ ਸਰੂਪ ਪਬਲੀਕੇਸ਼ਨ ਵਿਭਾਗ ਤੋਂ ਵੀ ਬਾਹਰ ਜਾ ਸਕਦੇ ਹਨ।*

*ਸਾਲ 2013-14 ਦਾ ਸਟੋਰ ਲੈਜ਼ਰ ਪੰਨਾ ਨੰਬਰ 10, ਜਿਸ ਦੇ ਉੱਤੇ 29.01.2014 ਦੀ 200 ਦੀ ਐਂਟਰੀ ਜੋ ਪਈ ਹੋਈ ਹੈ, ਦਿਖਾਇਆ ਗਿਆ ਅਤੇ ਪੁੱਛਿਆ ਗਿਆ ਕਿ ਕਦੋਂ ਅਤੇ ਕਿਸ ਦੇ ਕਹਿਣ ਤੇ ਪਾਈ ਹੈ।ਇਹ ਪੰਨਾ ਸ.ਕੰਵਲਜੀਤ ਸਿੰਘ ਨੂੰ ਦਿਖਾਇਆ ਗਿਆ।*

*ਇਹ ਐਂਟਰੀ ਸਟੋਰ ਲੈਜ਼ਰ ਵਿਚ ਛੁੱਟ ਗਈ ਸੀ ਪਰ ਅਨ ਬਾਈਂਡ ਲੈਜ਼ਰ ਵਿਚ ਪਾ ਦਿੱਤੀ ਗਈ ਸੀ।ਇਹ ਐਂਟਰੀ 2017-18 ਵਿਚ ਹੋਏ ਕਾਨੂੰਨੀ ਆਡਿਟ ਦੇ ਦੌਰਾਨ, ਸਹਾਇਕ ਅਕਾਊਂਟੈਂਟ(ਜੁਝਾਰ ਸਿੰਘ) ਨੇ ਦੱਸਿਆ ਕਿ ਇਹ ਐਂਟਰੀ ਰਹਿ ਗਈ ਹੈ ਅਤੇ ਉਹਨਾਂ ਦੇ ਆਫਿਸ ਵਿਚ, ਉਹਨਾਂ ਦੇ ਸਾਹਮਣੇ ਇਹ ਐਂਟਰੀ ਮੈਂ ਰਜਿਸਟਰ ਵਿਚ ਕੀਤੀ।ਜਿਹੜੀ ਡਿਊਟੀ ਥਘ(2) ਦੇ ਵਿਚ ਪੰਜਾਬ ਸਿੰਘ ਦੀ ਲਗਾਈ, ਉਹ ਸ.ਕੰਵਲਜੀਤ ਸਿੰਘ (ਮੈਨੂੰ) ਦਿਖਾਈ , ਸਾਲ 2015-16 ਵਿਚ 2013-14 ਦੀ ਬਾਈਂਡ ਤੇ ਅਨ-ਬਾਈਂਡ ਲੈਜ਼ਰ ਚੈੱਕ ਕਰਨ ਲਈ ਮੰਗਾਈ ਗਈ।*

*ਮੇਰੇ ਕੋਲੋ ਅਕਾਊਂਟ ਬਰਾਂਚ ਵਿਚੋਂ ਕਦੇ ਕੋਈ ਪੁਰਾਣੀ ਲੈਜ਼ਰ ਨਹੀਂ ਮੰਗਾਈ ਗਈ।ਸਾਨੂੰ ਵੀ 2017-18 ਵਿਚ ਕਾਨੂੰਨੀ ਆਡਿਟ ਦੌਰਾਨ ਪਤਾ ਲੱਗਿਆ ਕਿ ਬਾਈਂਡ ਲੈਜ਼ਰ ਵਿਚ ਐਂਟਰੀ ਨਾ ਹੋਣ ਬਾਰੇ, ਜੁਝਾਰ ਸਿੰਘ ਤੋਂ ਪਤਾ ਲੱਗਿਆ ਤੇ ਅਕਾਊਂਟ ਬਰਾਂਚ ਨੇ ਇਹ 200 ਦੀ ਐਂਟਰੀ ਨਾ ਹੋਣ ਬਾਰੇ ਕਦੇ ਨਹੀਂ ਦੱਸਿਆ।*

*ਸਾਲ 2013-14 ਤੱਕ ਅਕਾਊਂਟ ਬਰਾਂਚ ਵਿਚ ਬਾਈਂਡ ਅਤੇ ਅਨ-ਬਾਈਂਡ ਅਲੱਗ-2 ਲੈਜ਼ਰਾਂ ਹੁੰਦੀਆਂ ਸਨ, ਜੋ ਅਸੀਂ ਦੋਵੇਂ ਲੈਜ਼ਰਾਂ ਭੇਜਦੇ ਸਾਂ।ਸਾਲ 2014-15 ਵਿਚ ਸ.ਗੁਰਬਚਨ ਸਿੰਘ ਇੰਚਾਰਜ਼ ਦੇ ਕਹਿਣ ਤੇ ਦੋਵੇਂ ਲੈਜ਼ਰਾਂ ਇਕੱਠੀਆਂ ਕਰ ਦਿੱਤੀਆਂ ਅਤੇ ਪਾਵਨ ਸਰੂਪਾਂ ਦੀ ਅੱਲਗ ਕਰ ਦਿੱਤੀ।ਫਿਰ ਕਹਿ ਕੇ ਪੰਜਾਬ ਸਿੰਘ ਅਕਾਊਂਟੈਂਟ ਨੇ ਮੈਨੂੰ 200 ਦੀ ਐਂਟਰੀ ਰਹਿ ਜਾਣ ਬਾਰੇ ਦੱਸਿਆ ਸੀ, ਪਰ ਮੈਂ ਐਂਟਰੀ ਕਰਨਾ ਭੁੱਲ ਗਿਆ।ਆਪ ਕਿਹਾ ਕਿ ਮੇਰਾ ਦਿਮਾਗ ਘੱਟ ਚਲਦਾ ਹੈ ਤੇ ਮੈਂ ਚੀਜ਼ਾਂ ਨੂੰ ਭੁੱਲ ਜਾਂਦਾ ਹਾਂ,*

*ਜਿਸ ਕਰਕੇ ਮੇਰਾ ਘਰੇਲੂ ਜ਼ਮੀਨ ਦਾ ਨੁਕਸਾਨ ਹੋ ਗਿਆ।ਆਡਿਟ ਹੋਣ ਤੇ ਜਦ ਮੈਨੂੰ 200 ਦੀ ਐਂਟਰੀ ਪਾਈ ਸੀ।*

*ਸਾਲ 2017-18 ਦੇ ਆਡਿਟ ਦੌਰਾਨ ਜਦ ਮੈਨੂੰ 200 ਦੀ ਐਂਟਰੀ ਰਹਿ ਜਾਣ ਬਾਰੇ ਪਤਾ ਲੱਗਿਆ ਤਾਂ ਮੈਂ ਆਪ ਲੈਜ਼ਰਾਂ ਚੈੱਕ ਕੀਤੀਆਂ ਕਿ ਕੋਈ ਹੋਰ ਐਂਟਰੀ ਰਹਿ ਨਾ ਗਈ ਹੋਵੇ।ਉਸ ਸਮੇਂ ਮੈਨੂੰ ਸਾਲ 2014-15 ਦੇ ਲੈਜ਼ਰ ਪੰਨਾਂ ਨੰਬਰ 73 ਤੇ 150 ਦੀ ਐਂਟਰੀ ਨਾ ਹੋਣ ਬਾਰੇ ਪਤਾ ਲੱਗਿਆ ਜਿਸ ਨੂੰ ਮੈਂ ਆਡਿਟ ਵਾਲਿਆ ਨੂੰ ਦੱਸਿਆ ਤੇ ਉਹਨਾਂ ਦੇ ਸਾਹਮਣੇ ਇਹ 150 ਦੀ ਐਂਟਰੀ ਕੀਤੀ ਸੀ, ਜੋ ਕਿ ਥਘ(3) ਹੈ।ਇਹਨਾਂ ਦੋ ਐਂਟਰੀਆਂ ਦੇ ਇਲਾਵਾ, ਮੈਂ ਹੋਰ ਕੋਈ ਐਂਟਰੀ ਨਹੀਂ ਕੀਤੀ।*

*ਮਿਤੀ 19/05/2016 ਨੂੰ ਪਾਵਨ ਸਰੂਪ ਲੈ ਕੇ ਜਾਣ ਵਿਚ ਸ. ਮਨਜੀਤ ਸਿੰਘ ਸਕੱਤਰ, ਮਹਾਰਾਜ ਦੇ ਪਾਵਨ ਸਰੂਪ ਗੱਡੀ ਵਿਚ ਰੱਖਣ ਉਪਰੰਤ ਗੁ: ਗੋਇੰਦਵਾਲ ਸਾਹਿਬ ਲਿਜਾ ਕੇ ਪਾਵਨ ਸਰੂਪਾਂ ਦਾ ਸਸਕਾਰ ਕੀਤਾ ਅਤੇ ਇਸ ਦਾ ਮੌਕੇ ਦਾ ਗਵਾਹ ਹਾਂ।ਸ਼ਾਮ ਨੂੰ ਅਸੀਂ 7 ਜਾਂ 8 ਵਜੇ ਸ.ਮਨਜੀਤ ਸਿੰਘ ਦੀ ਗੱਡੀ ਵਿਚ ਅਸੀਂ ਵਾਪਸ ਆਏ"।*

**7.45 (ੳੜ) ਬਿਆਨ ਕਰਤਾ:- ਸ੍ਰ.ਬਾਜ ਸਿੰਘ (ਕਲਰਕ)**

ਸ੍ਰ.ਬਾਜ ਸਿੰਘ ਕਲਰਕ ਦਿਸੰਬਰ 1983 ਤੋਂ ਐਸ.ਜੀ.ਪੀ.ਸੀ ਵਿੱਚ ਸੇਵਾ ਨਿਭਾ ਰਹੇ ਹਨ।ਇਹਨਾਂ ਦੀ ਇੱਕ ਦਿਨ ਵੀ ਡਿਊਟੀ ਪਬਲੀਕੇਸ਼ਨ ਵਿਚ ਨਹੀਂ ਲੱਗੀ।ਉਹਨਾਂ ਦੀ ਦਫ਼ਤਰ ਵੱਲੋਂ ਆਰਡਰ ਅਨੁਸਾਰ ਪਾਵਨ ਸਰੂਪ ਬਾਹਰ ਲਿਜਾਣ ਦੀ ਡਿਊਟੀ ਲੱਗਦੀ ਸੀ।ਉਹਨਾਂ ਪਬਲੀਕੇਸ਼ਨ ਦਾ ਰਿਕਾਰਡ ਨਾ ਕਦੇ ਦੇਖਿਆ ਅਤੇ ਨਾ ਹੀ ਸੰਭਾਲਿਆ ਕਿਉਂਕਿ ਇਹ ਉਹਨਾਂ ਦੀ ਡਿਊਟੀ ਹੀ ਨਹੀਂ ਸੀ।

ਜਿਸ ਵੇਲੇ ਉਹਨਾਂ ਦੀ ਡਿਊਟੀ ਪਾਵਨ ਸਰੂਪ ਲਿਜਾਣ ਦੀ ਹੁੰਦੀ, ਉਹ ਉਸਦੀ ਐਂਟਰੀ ਲੈਜ਼ਰਾਂ ਵਿੱਚ ਨਹੀਂ ਕਰਦਾ ਸੀ।ਉਸ ਸਮੇਂ ਬਾਹਰ ਜਾਣ ਲੱਗਿਆਂ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ ਅਤੇ ਸੁਪਰਵਾਈਜ਼ਰ ਉਸਨੂੰ ਬਿੱਲ ਕੱਟ ਕੇ ਦਿੰਦੇ ਸਨ।ਪਾਵਨ ਸਰੂਪ ਉਹ ਜਿੱਥੇ-ਜਿੱਥੇ ਵੀ ਬਿਰਾਜਮਾਨ ਕਰਾਉਂਦੇ ਸਬੰਧਿਤ ਸੰਗਤ ਜਾਂ ਗੁਰਦੁਆਰਾ ਕਮੇਟੀ ਤੋਂ ਉਸਦੀ ਬਣਦੀ ਭੇਟਾ ਲੈ ਕੇ ਸ੍ਰ.ਕੰਵਲਜੀਤ ਸਿੰਘ ਨੂੰ ਲਿਆ ਕੇ ਦੇ ਦਿੰਦੇ ਸਨ।

ਉਸ ਬੱਸ ਦੇ ਵਿੱਚ ਪਾਵਨ ਸਰੂਪ ਨੂੰ ਜਦੋਂ ਲੈ ਕੇ ਜਾਂਦੇ, ਉਸਦੇ ਕੋਲ ਲੈਜ਼ਰ ਜਾਂ ਕੋਈ ਰਜਿਸਟਰ ਨਹੀਂ ਰੱਖਦੇ ਸੀ ਕਿ ਕਿੰਨੇ ਪਾਵਨ ਸਰੂਪ ਉਸਨੇ ਪ੍ਰਾਪਤ ਕੀਤੇ ਹਨ ਜਾਂ ਕਿੰਨੇ ਪਾਵਨ ਸਰੂਪ ਗੁਰਦੁਆਰਿਆਂ ਵਿੱਚ ਪਹੁੰਚੇ, ਕਿਤਨਾ ਬਿੱਲ ਕੱਟਿਆ, ਐਸਾ ਕਿਸੇ ਰਜਿਸਟਰ ਵਿੱਚ ਨਹੀਂ ਲਿਖਿਆ ਜਾਂਦਾ ਸੀ।

ਉਹ ਬਤੌਰ ਕਲਰਕ ਜਾਂਦਾ ਸੀ, ਜੋ ਕੋਈ ਹੋਰ ਕਲਰਕ ਐਸਾ ਰਿਕਾਰਡ ਨਹੀਂ ਰੱਖਦਾ ਸੀ ਅਤੇ ਨਾ ਹੀ ਇਹਨਾਂ ਨੂੰ ਕੋਈ ਐਸਾ ਆਦੇਸ਼ ਸੀ।ਉਹ ਮੌਕੇ ‘ਤੇ ਸਰੂਪ ਦੇਣ ਉਪਰੰਤ ਗੱਡੀ ਦੇ ਡੀਜ਼ਲ ਦਾ ਖਰਚ ਵੀ ਪਾਉਂਦੇ ਸੀ ਉਨਾਂ ਪਰਚੀਆਂ ਤੇ ਉਹ ਸਬੰਧਿਤ ਮੁਲਾਜ਼ਮਾਂ ਦੇ ਦਸਤਖ਼ਤ ਲੈਂਦਾ ਸੀ ਅਤੇ ਇੱਥੇ ਦਫ਼ਤਰ ਵਿੱਚ ਜਮ੍ਹਾਂ ਕਰਵਾਉਂਦੇ ਸੀ।ਜਦੋਂ ਵੀ ਪਾਵਨ ਸਰੂਪ ਗੁਰਦੁਆਰਾ ਸਾਹਿਬਾਨਾਂ ਵਿੱਚ ਦਿੱਤੇ ਜਾਂਦੇ, ਉਨਾਂ ਤੋਂ ਵਸੂਲੀ ਪੱਤਰ ਲੈ ਕੇ, ਸ੍ਰ.ਕੰਵਲਜੀਤ ਸਿੰਘ ਕੋਲ ਜਮ੍ਹਾਂ ਕਰਾ ਦਿੰਦੇ ਸਨ।

ਦਸਤਾਵੇਜ਼ ਨੰ:ੳਡ/1 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 456,457) ਅਨੁਸਾਰ 12 ਐਂਟਰੀਆਂ, 2012 ਤੋਂ ਲੈ ਕੇ 2017 ਤੱਕ ਜਿਨ੍ਹਾਂ ਦੀ ਕੁੱਲ ਰਕਮ 9,82,700 ਰੁਪਏ ਬਣਦੀ ਹੈ।ਇਹ ਰਕਮ ਸ੍ਰ.ਬਾਜ ਸਿੰਘ ਦੇ ਉੱਤੇ ਸਰਕਾਰੀ ਆਡਿਟ ਵੇਲੇ ਪਾਈ ਗਈ ਸੀ।ਇਹਨਾਂ ‘ਤੇ 6 ਪ੍ਰਤੀਸ਼ਤ ਵਿਆਜ਼ 2,82,092 ਰੁਪਏ ਵੀ ਪਾਇਆ ਸੀ।ਹਮੇਸ਼ਾ ਉਹ ਪਾਵਨ ਸਰੂਪਾਂ ਨੂੰ ਦੇਣ ਉਪਰੰਤ ਸ੍ਰ.ਕੰਵਲਜੀਤ ਸਿੰਘ ਨੂੰ ਮਾਇਆ ਅਤੇ ਵਸੂਲੀਆਂ ਪਹੁੰਚਾ ਦਿੰਦਾ ਰਿਹਾ ਹੈ।ਉਹ ਪੜਤਾਲ ਕਮਿਸ਼ਨ ਨੂੰ ਬਿੱਲ ਬੁੱਕ ਨੰ: 281 (01/04/2017 ਤੋਂ 14/02/2018 ਤੱਕ) ਜੋ ਪਾਵਨ ਸਰੂਪਾਂ ਦੀ ਬਿੱਲ ਬੁੱਕ ਹੈ, ਦੇ ਬਿੱਲ ਨੰ: 28087 ਮਿਤੀ 30/12/2017 ਦਾ 80,600 ਰੁਪਏ ਮਾਇਆ ਨਾ ਦੇਣ ਦਾ, ਕੇਵਲ ਬਿੱਲ ਦੀ ਸ਼ਿਕਾਇਤ ਦਸਤਾਵੇਜ਼ ਨੰ: ੳਡ /01(ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 456,457) ਵਿੱਚ ਹੈ, ਜਦ ਕਿ 2017 ਦੇ ਇਸ ਬਿੱਲ ਤੋਂ ਅੱਗੇ ਚਾਰ ਹੋਰ ਬਿੱਲ ਹਨ 28088 ਤੋਂ ਲੈ ਕੇ 28091 ਤੱਕ ਹਨ, ਜਿੰਨਾਂ ਦਾ ਜ਼ਿਕਰ ਦਸਤਾਵੇਜ਼ ਨੰ: ੳਡ /01 ਦੀ ਰਿਪੋਰਟ ਵਿੱਚ ਨਹੀਂ ਹੈ, ਜਿਹਨਾਂ ਦੀ ਰਕਮ 1,79,800 ਰੁਪਏ ਬਣਦੀ ਹੈ।ਜਿਸਦਾ ਜ਼ਿਕਰ ਦਸਤਾਵੇਜ਼ ਨੰ: ੳਡ /01 ਵਿੱਚ ਨਹੀਂ ਹੈ।ਜੇ ਉਹ ਪੈਸਾ ਆਪਣੇ ਕੋਲ ਰੱਖਦਾ ਤਾਂ ਇਨ੍ਹਾਂ ਸਾਰਿਆਂ ਦਾ ਜ਼ਿਕਰ ਆਉਣਾ ਚਾਹੀਦਾ ਸੀ, ਜੋ ਨਹੀਂ ਆਇਆ ।

ਇਸ ਤੋਂ ਸ੍ਰ.ਬਾਜ ਸਿੰਘ ਸਿੱਧ ਕਰਨਾ ਚਾਹੁੰਦਾ ਹਾਂ ਕਿ ਕੇਵਲ ਇੱਕ ਬਿੱਲ 80,600/- ਰੁਪਏ ਦਾ ਹੈ, ਇਹ ਹੀ ਕਿਉਂ ਆਇਆ, ਬਾਕੀ ਕਿਉਂ ਨਹੀਂ ਆਏ।ਸ੍ਰ.ਬਾਜ ਸਿੰਘ ਨੂੰ ਅਜਿਹਾ ਪਤਾ

ਲੱਗਾ ਕਿ ਸ੍ਰ.ਭੁਪਿੰਦਰ ਸਿੰਘ (ਡਰਾਈਵਰ) ਆਪਣੀ ਬੱਸ ਵਿੱਚ ਵਧੇਰੇ ਪਾਵਨ ਸਰੂਪ ਲੈ ਕੇ ਜਾਂਦਾ ਰਿਹਾ ਜਿਸ ਦਾ ਸ੍ਰ.ਕੰਵਲਜੀਤ ਸਿੰਘ ਨੂੰ ਪਤਾ ਹੈ।ਪਰ ਉਸਦੀ ਬੱਸ ਵਿੱਚ ਜਿਸ ਦਾ ਡਰਾਈਵਰ ਸ੍ਰ.ਸਤਨਾਮ ਸਿੰਘ ਸੀ, ਉਸ ਵਿੱਚ ਕਦੇ ਵੀ ਵਧੇਰੇ ਪਾਵਨ ਸਰੂਪ ਨਹੀਂ ਗਏ।

**ਪ੍ਰਸ਼ਨ: ਐਸੇ ਹੋਰ ਵੀ ਡਰਾਈਵਰ ਸਨ ਜੋ ਵਧੇਰੇ ਪਾਵਨ ਸਰੂਪਾਂ ਨੂੰ ਬੱਸ ਵਿਚ ਲੈ ਕੇ ਜਾਂਦੇ ਰਹੇ?**

ਉੱਤਰ: ਸ੍ਰ.ਬਾਜ ਸਿੰਘ ਨੇ ਉੱਤਰ ਦਿੰਦਿਆਂ ਕਿਹਾ ਕਿ ਜੋ ਉਸਨੂੰ ਪਤਾ ਹੈ ਉਹ ਉਹੀ ਦੱਸੇਗਾ, ਜਿਸਦਾ ਉਸਨੂੰ ਨਹੀਂ ਪਤਾ, ਉਹ ਨਹੀਂ ਦੱਸ ਪਾਏਗਾ।

### 7.46 (ਓਚ) ਬਿਆਨ ਕਰਤਾ: – ਸ੍ਰ.ਪ੍ਰੀਤਮ ਸਿੰਘ

ਇਹਨਾਂ ਨੇ ਆਪਣੀ ਸੇਵਾ ਸਾਲ 2006 ਤੋਂ ਸਾਲ 2010 ਤੱਕ ਪ੍ਰੈੱਸ ਵਿਚ ਨਿਭਾਈ।ਇਹਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰੈੱਸ ਵਿਭਾਗ ਵਾਲੇ ਪੇਪਰ ਵੇਸਟੇਜ਼ ਸਮੇਤ ਲੈਂਦੇ ਹਨ ਤੇ ਵੇਸਟੇਜ਼ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਹੈ ਤੇ ਨਾ ਹੀ ਚੈੱਕ ਹੁੰਦਾ ਹੈ।

### 7.47 (ਓਛ) ਬਿਆਨ ਕਰਤਾ: ਸ੍ਰ.ਪਰਮਦੀਪ ਸਿੰਘ (ਇੰਚਾਰਜ਼ ਪਬਲੀਕੇਸ਼ਨ ਵਿਭਾਗ)

ਸ੍ਰ.ਪਰਮਦੀਪ ਸਿੰਘ ਦੇ ਮੁਤਾਬਿਕ, ਇਹਨਾਂ ਦੀ ਭਰਤੀ ਮਿਤੀ 23/11/2015 ਨੂੰ ਬਤੌਰ ਇੰਚਾਰਜ਼ ਪਬਲੀਕੇਸ਼ਨ ਵਿਭਾਗ ਹੋਈ ਅਤੇ ਇੱਕ ਪੂਰਾ ਸਾਲ ਇਸੇ ਵਿਭਾਗ ਵਿੱਚ ਹੀ ਰਹੇ।ਸ੍ਰ.ਦਲਮੇਘ ਸਿੰਘ ਸਕੱਤਰ, ਜਿੰਨਾ ਦੀ ਪ੍ਰਧਾਨ ਸ੍ਰ.ਅਵਤਾਰ ਸਿੰਘ ਮੱਕੜ ਨਾਲ ਬਿਲਕੁਲ ਬਣਦੀ ਨਹੀਂ ਸੀ, ਇਸ ਲਈ ਉਹਨਾਂ ਨੇ ਸ੍ਰ.ਪਰਮਦੀਪ ਸਿੰਘ ਜੀ ਨੂੰ ਪਬਲੀਕੇਸ਼ਨ ਵਿੱਚ ਲਗਾ ਦਿੱਤਾ ਗਿਆ।

ਉਹਨਾਂ ਨੂੰ ਮਿਤੀ 19/05/2016 ਨੂੰ ਫੋਨ ਆਇਆ ਅਤੇ ਘਟਨਾ ਦੀ ਇਤਲਾਹ ਦਿੱਤੀ ਗਈ।ਇਹਨਾਂ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਪਾਣੀ ਨਾਲ ਅੱਗ ਬਝਾ ਚੁੱਕੇ ਸਨ।5 ਸਰੂਪ ਜੋ 50% ਅੱਗ ਦੇ ਸੇਕ ਨਾਲ ਅਤੇ 9 ਪਾਵਨ ਸਰੂਪ ਜੋ ਪਾਣੀ ਨਾਲ ਗਿੱਲੇ ਹੋਏ, ਅਧਿਕਾਰੀਆਂ ਨੇ ਇੱਕ ਪਾਸੇ ਕਰ ਦਿੱਤੇ ਸਨ ਅਤੇ ਬਾਕੀ ਸਭ ਪਾਵਨ ਸਰੂਪ ਠੀਕ ਸਨ, ਜਿਨ੍ਹਾਂ ਦੀ ਗਿਣਤੀ ਤਕਰੀਬਨ 25 ਸੀ।10.30 ਵਜੇ ਸ੍ਰ.ਅਵਤਾਰ ਸਿੰਘ ਮੱਕੜ ਅਤੇ ਬਾਕੀ ਐਗਜ਼ੈਕਟਿਵ ਮੈਂਬਰ ਆਏ ਅਤੇ ਮੀਟਿੰਗ ਕੀਤੀ ਗਈ।ਪ੍ਰਧਾਨ ਜੀ ਨੂੰ ਸ੍ਰ.ਪਰਮਦੀਪ ਸਿੰਘ ਨੇ ਪੁੱਛਿਆ ਕਿ ਉਹਨਾਂ

ਲਾਇਕ ਕੀ ਕੰਮ ਹੈ, ਤਾਂ ਉਹਨਾਂ ਨੇ ਉੱਤਰ ਦਿੱਤਾ ਕਿ ਮੁੱਖ ਸਕੱਤਰ ਜਾਂ ਸਕੱਤਰ ਲੈਵਲ ਦੇ ਬੰਦੇ ਹੀ ਪ੍ਰੈੱਸ ਨਾਲ ਗੱਲ ਕਰਨਗੇ, ਹੋਰ ਕੋਈ ਅਧਿਕਾਰੀ ਇਸ ਬਾਰੇ ਗੱਲ ਨਹੀਂ ਕਰੇਗਾ।ਦਫ਼ਤਰੀ ਆਰਡਰ ਨੰਬਰ 1055 ਮਿਤੀ 19/05/2016 ਜੋ ਮਹਾਰਾਜ ਦੇ ਪਾਵਨ ਸਰੂਪ ਲੈ ਕੇ ਜਾਣ ਲਈ ਕੱਢਿਆ ਗਿਆ ਸੀ, ਉਸ ਉਪਰ ਦਸਤਖਤ ਸ੍ਰ.ਹਰਚਰਨ ਸਿੰਘ ਦੇ ਸਨ।ਉਸ ਅਨੁਸਾਰ ਇੱਕ ਬੱਸ ਅਤੇ 3 ਇਨੋਵਾ ਗੱਡੀਆਂ ਭੇਜੀਆਂ ਗਈਆਂ, ਉਹਨਾਂ ਨੂੰ ਦਫਤਰ ਵਿੱਚ ਬਿਠਾਇਆ ਗਿਆ ਅਤੇ ਕਿਸੇ ਵੀ ਵੀਡੀਉ ਵਾਲੇ ਜਾਂ ਪ੍ਰੈੱਸ ਵਾਲੇ ਨੂੰ ਉਪਰ ਜਾਣ ਤੋਂ ਮਨ੍ਹਾਂ ਕੀਤਾ ਗਿਆ।ਬੱਸ ਦੇ ਵਿੱਚ ਕੌਣ-ਕੌਣ ਗਿਆ, ਇਸ ਬਾਰੇ ਸ੍ਰ.ਪਰਮਦੀਪ ਸਿੰਘ ਨੇ ਕੁਝ ਸਪੱਸ਼ਟ ਨਹੀਂ ਦੱਸਿਆ।ਉਹਨਾਂ ਦੀ ਇੱਕ ਸਾਲ ਦੀ ਡਿਊਟੀ ਦੌਰਾਨ ਕੋਈ ਆਡਿਟ ਵਾਲੇ ਚੈੱਕ ਕਰਨ ਨਹੀਂ ਆਏ, ਇਸ ਸਮੇਂ ਦੌਰਾਨ ਪਾਵਨ ਸਰੂਪਾਂ ਦੀ ਛਪਾਈ ਨਹੀਂ ਹੋਈ, ਸਾਰਾ ਚਾਰਜ ਸਹਾਇਕ ਸੁਪਰਵਾਈਜ਼ਰ ਸ੍ਰ.ਕੰਵਲਜੀਤ ਸਿੰਘ ਕੋਲ ਹੀ ਸੀ।ਡਾ.ਰੂਪ ਸਿੰਘ ਜੀ ਦੋ ਵਾਰ ਵੱਖਰੇ-ਵੱਖਰੇ ਸਮੇਂ ਚੈਕਿੰਗ ਕਰਨ ਆਏ ਸਨ ਪਰ ਮਿਤੀ 19/05/2016 ਦੀ ਘਟਨਾ ਤੋਂ ਬਾਅਦ 5 ਅਗਨ ਭੇਂਟ ਹੋਏ ਪਾਵਨ ਸਰੂਪ, ਜਿਹਨਾਂ ਦੇ ਨੰਬਰ ਨਹੀਂ ਸਨ ਅਤੇ ਜਿਹੜੇ ਪਾਣੀ ਵਿਚ ਨੁਕਸਾਨੇ ਗਏ ਉਹਨਾਂ ਦੇ ਨੰਬਰ ਲਿਖਣ ਬਾਰੇ ਵਿਚਾਰ ਹੀ ਨਹੀਂ ਕੀਤਾ।ਜਿਹੜੇ 14 ਪਾਵਨ ਸਰੂਪ ਸ੍ਰੀ ਗੋਇੰਦਵਾਲ਼ ਸਾਹਿਬ ਭੇਜੇ ਗਏ ਉਹਨਾਂ ਨੂੰ ਰਾਈਟ ਆਫ ਕਰਨ ਵਾਸਤੇ ਸ੍ਰ.ਕੰਵਲਜੀਤ ਸਿੰਘ ਨੂੰ ਕਈ ਵਾਰ ਕਿਹਾ ਗਿਆ ਪਰ ਉਹਨਾਂ ਨੇ ਇਹ ਗੱਲ ਅਣਸੁਣੀ ਕਰ ਦਿੱਤੀ।3-4 ਮਹੀਨੇ ਬੀਤਣ ਤੋਂ ਬਾਅਦ, ਉਹਨਾਂ ਦੀ ਬਦਲੀ ਹੋ ਗਈ।

ਇਸ ਤੋਂ ਉਪਰੰਤ ਪੜਤਾਲ ਕਮਿਸ਼ਨ ਨੇ ਗੁ:ਸ੍ਰੀ ਰਾਮਸਰ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਨੂੰ, ਜੋ ਪਬਲੀਕੇਸ਼ਨ ਵਿਭਾਗ ਵਿੱਚ ਪਾਵਨ ਸਰੂਪਾਂ ਦੇ ਦਰਸ਼ਨ ਵਿਚਾਰ ਕਰਦੇ ਹਨ, ਗਵਾਹੀ ਲਈ ਬੁਲਾਇਆ।ਜਿਹੜੇ ਡਰਾਈਵਰ ਐਸ.ਜੀ.ਪੀ.ਸੀ. ਦੀਆਂ 3 ਇਨੋਵਾ ਅਤੇ ਇੱਕ ਮਿਨੀ ਬੱਸ ਸ੍ਰੀ ਗੋਇੰਦਵਾਲ ਸਾਹਿਬ ਲੈ ਕੇ ਗਏ ਸਨ, ਉਹਨਾਂ ਨੂੰ ਵੀ ਬੁਲਾਇਆ ਗਿਆ।

## 7.48 (ੳਜ) ਬਿਆਨ ਕਰਤਾ :-ਸ੍ਰ.ਪੰਜਾਬ ਸਿੰਘ, ਸਹਾਇਕ ਅਕਾਊਟੈਂਟ, ਆਡਿਟ ਬ੍ਰਾਂਚ, ਸ਼੍ਰੋ.ਗੁ.ਪ੍ਰ. ਕਮੇਟੀ

ਸ੍ਰ.ਪੰਜਾਬ ਸਿੰਘ ਚਾਰਟਡ ਅਕਾਊਟੈਂਟ ਵਜੋਂ ਆਡਿਟ ਬ੍ਰਾਂਚ ਵਿੱਚ ਸੇਵਾ ਨਿਭਾ ਰਿਹਾ ਹੈ।ਪੜਤਾਲ ਕਮਿਸ਼ਨ ਨੇ ਪੁੱਛਿਆ ਕਿ ਜਿਲਦਸਾਜ਼ ਜਦੋਂ ਬਿੱਲ ਦੀ ਪੇਮੈਂਟ ਕਰਵਾਉਣ ਆਉਂਦਾ ਹੈ ਤਾਂ ਬਿੱਲ ਦੇ ਨਾਲ ਕਿਹੜੇ-ਕਿਹੜੇ ਕਾਗਜ਼ ਲੈ ਕੇ ਆਉਂਦਾ ਹੈ।ਸ੍ਰ.ਪੰਜਾਬ ਸਿੰਘ ਨੇ ਉੱਤਰ

ਦਿੰਦਿਆਂ ਕਿਹਾ ਕਿ ਜਿਲਦਸਾਜ਼ ਹੇਠ ਲਿਖੇ ਅਨੁਸਾਰ ਕਾਗਜ਼ ਪੇਮੈਂਟ ਕਰਾਉਣ ਲਈ ਲੈ ਕੇ ਆਉਂਦਾ ਹੈ:-

1. ਜਿਲਦਸਾਜ਼ ਆਪਣੀ ਪੇਮੈਂਟ ਕਰਾਉਣ ਲਈ ਪੱਤ੍ਰਿਕਾ (ਆਗਿਆ ਪੱਤਰ) ਜਿਸ ਵਿੱਚ ਉਸਨੂੰ ਆਰਡਰ ਮਿਲਿਆ ਹੁੰਦਾ ਹੈ, ਜਿਸ ਉੱਤੇ ਸੀ.ਜੀ.ਐਲ ਵੱਲੋਂ ਤਸਦੀਕ ਕੀਤਾ ਹੁੰਦਾ ਹੈ ਕਿ ਕਿੰਨੇ ਸਰੂਪਾਂ ਦਾ ਬਿੱਲ ਲੈ ਲਿਆ ਹੈ ਤੇ ਕਿੰਨਾ ਬਕਾਇਆ ਹੈ।

2. ਬਿੱਲ, ਜੋ ਜਿਲਦਸਾਜ਼ ਵੱਲੋਂ ਤਿਆਰ ਹੁੰਦਾ ਹੈ ਉਸ ਉੱਪਰ ਸਬੰਧਤ ਇੰਚਾਰਜ, ਸਟੋਰ ਕੀਪਰ, ਸੁਪਰਵਾਈਜ਼ਰ ਅਤੇ ਸੀ.ਜੀ.ਐਲ ਵੱਲੋਂ ਤਸਦੀਕ ਕੀਤਾ ਜਾਂਦਾ ਹੈ।

3. ਸਟੋਰ ਰਸੀਦ, ਇਸ ‘ਤੇ ਪਾਏ ਪੰਨਾ ਨੰਬਰ ਅਨੁਸਾਰ, ਜੋ ਕਿ ਅਨਬਾਈਂਡ ਲੈਜ਼ਰ ਦਾ ਪਾਇਆ ਜਾਂਦਾ ਹੈ (ਜੋ ਕਿ ਸਟੋਰ ਰਜਿਸਟਰ ‘ਤੋਂ ਪੈਣਾ ਚਾਹੀਦਾ ਹੈ, ਜਿੱਥੇ ਕਿ ਬਾਈਂਡ ਤੋਂ ਜਿਲਦਬੰਦੀ ਤੋਂ ਬਾਅਦ ਦਰਸ਼ਨ ਵਿਚਾਰ ਹੋਣ ਉਪਰੰਤ ਸਟੋਰ ਤੇ ਲੈਜ਼ਰ ਵਿੱਚ ਚੜ੍ਹਨ ਉਪਰੰਤ ਪੈਂਦਾ ਹੈ।

4. ਚਲਾਨ ਰਸੀਦ, ਜਿਸਦੇ ਉੱਪਰ ਅਨਬਾਈਂਡ ਦਾ ਨੰਬਰ ਪਿਆ ਹੋਇਆ ਹੈ ਐਸਾ ਪਾਉਣਾ ਠੀਕ ਹੈ।ਇਸ ਤੋਂ ਬਾਅਦ ਫਾਈਨਲ ਬਿੱਲ ਤਿਆਰ ਹੁੰਦਾ ਹੈ, ਜੋ ਸਟੋਰ ਕੀਪਰ ਠੇਕੇਦਾਰ ਰਾਹੀਂ ਬਣਾ ਕੇ ਭੇਜਦਾ ਹੈ।

5. ਇਹਨਾਂ ਤੋਂ ਇਲਾਵਾ ਸਟੋਰ ਲੈਜ਼ਰ ਤੇ ਅਨਬਾਈਂਡ ਲੈਜ਼ਰ ਲੈ ਕੇ ਆਉਂਦੇ ਹਨ ਜਦੋਂ ਕਿ ਮਿਤੀ 29/01/2014 ਨੂੰ ਸ੍ਰ.ਬਲਪ੍ਰੀਤ ਸਿੰਘ (ਬਾਈਂਡਰ) ਕੇਵਲ ਅਨਬਾਈਂਡ ਰਜਿਸਟਰ ਲੈ ਕੇ ਆਇਆ ਸੀ ਤੇ ਸ੍ਰ.ਪੰਜਾਬ ਸਿੰਘ ਕੋਲੋਂ ਬਿੱਲ ਕਲੀਅਰ ਕਰਵਾ ਗਿਆ।

ਸਟੋਰ ਰਸੀਦ ਦੇ ਉੱਤੇ ਸੀ.ਜੀ.ਐਲ ਅਤੇ ਸੁਪਰਵਾਈਜ਼ਰ ਦੇ ਦਸਤਖਤ ਹੁੰਦੇ ਹਨ।ਜਿਲਦਸਾਜ਼ ਤੋਂ ਜਦੋਂ ਪਾਵਨ ਸਰੂਪ ਸਟੋਰ ਵਿੱਚ ਆਉਂਦੇ ਹਨ, ਉਸ ਵੇਲੇ ਸਟੋਰ ਕੀਪਰ ਰਸੀਦ ਕੱਟਦਾ ਹੈ।ਸਾਲ 2005-06 ਤੋਂ ਸਾਲ 2012-13 ਤੱਕ ਪੇਮੈਂਟ ਲਈ ਸ੍ਰ.ਪੰਜਾਬ ਸਿੰਘ ਕੋਲ ਬਿੱਲ ਦੇ ਨਾਲ ਜਿਲਦਸਾਜ਼ ਸਟੋਰ ਲੈਜ਼ਰ ਅਤੇ ਅਨਬਾਈਂਡ ਲੈਜ਼ਰ ਦੋਵੇਂ ਲੈ ਕੇ ਆਉਂਦਾ ਸੀ ਪਰ ਸਾਲ 2013-14 ਵਿੱਚ ਇੱਕ ਹੀ ਲੈਜ਼ਰ ਆਈ ਸੀ ਜੋ ਕਿ ਅਨਬਾਈਂਡ ਲੈਜ਼ਰ ਸੀ।ਸਾਲ 2014-15 ਤੋਂ ਸਾਲ 2018-19 ਤੱਕ ਵੀ ਇਹਨਾਂ ਨੇ ਅਕਾਊਂਟਸ ਬ੍ਰਾਂਚ ਵਿੱਚ ਬਿੱਲ ਦੀਆਂ ਪੇਮੈਂਟਾਂ ਕੀਤੀਆਂ ਹਨ।ਉਸ ਸਮੇਂ ਵੀ ਜਿਲਦਸਾਜ਼ ਦੋਨੋਂ ਲੈਜ਼ਰਾਂ (ਅਨਬਾਈਂਡ ਅਤੇ ਸਟੋਰ) ਦੇ ਬਿੱਲ

ਨਾਲ ਲੈ ਕੇ ਆਉਂਦਾ ਸੀ।ਸਾਲ 2013-14 ਵਿੱਚ ਸਟੋਰ ਲੈਜ਼ਰ ਚੈੱਕ ਨਹੀਂ ਹੋਈ ਸੀ ਪੇਮੈਂਟ ਦੇ ਸਮੇਂ, ਉਸ ਸਾਲ ਦੀਆਂ ਸਾਰੀਆਂ ਐਂਟਰੀਆਂ 'ਤੇ ਸਾਲ 2015-16 ਵਿੱਚ ਸਕੱਤਰ ਸ੍ਰ.ਰਣਜੀਤ ਸਿੰਘ ਦੇ ਕਹਿਣ ਅਨੁਸਾਰ, ਬਾਈਂਡ ਅਤੇ ਅਨਬਾਈਂਡ ਦੀਆਂ ਐਂਟਰੀਆਂ ਮਿਲਾ ਕੇ, ਸ੍ਰ.ਪੰਜਾਬ ਸਿੰਘ ਨੇ ਉਸ 'ਤੇ ਦਸਤਖਤ ਕੀਤੇ ਭਾਵੇਂ ਉਹ ਪੇਮੈਂਟਾਂ ਉਹਨਾਂ ਨੇ ਕੀਤੀਆਂ ਸਨ ਜਾਂ ਕਿਸੇ ਹੋਰ ਮੁਲਾਜ਼ਮ ਨੇ।ਸ੍ਰ.ਕੰਵਲਜੀਤ ਸਿੰਘ ਤੋਂ ਕਰਵਾਈ ਫਿਜ਼ੀਕਲ ਵੈਰੀਫਿਕੇਸ਼ਨ ਜੋ ਸ੍ਰ.ਨਿਸ਼ਾਨ ਸਿੰਘ ਨੇ ਕਰਵਾਈ ਸੀ, ਉਸਦੀ ਰਿਪੋਰਟ ਸ੍ਰ.ਸਕੱਤਰ ਸਾਹਿਬ ਨੂੰ ਦੇਣ ਉਪਰੰਤ ਸਕੱਤਰ ਸ੍ਰ.ਰਣਜੀਤ ਸਿੰਘ ਨੇ ਸ੍ਰ.ਪੰਜਾਬ ਸਿੰਘ ਤੋਂ ਸਾਲ 2013-14 ਦੀ ਅਨਬਾਈਂਡ ਲੈਜ਼ਰ ਨੂੰ ਦੇਖ ਕੇ ਸਟੋਰ ਲੈਜ਼ਰ ਵਿੱਚ ਐਂਟਰੀਆਂ ਚੈੱਕ ਕਰਵਾ ਕੇ ਉਸ ਉੱਤੇ ਪੰਜਾਬ ਸਿੰਘ ਦੇ ਦਸਤਖਤ ਕਰਵਾਏ।

ਇਹਨਾਂ ਨੇ ਇਹ ਵੀ ਦੱਸਿਆ ਕਿ ਇਹਨਾਂ ਨੇ ਸ੍ਰ.ਕੰਵਲਜੀਤ ਸਿੰਘ ਨੂੰ ਮੌਖਿਕ ਤੌਰ 'ਤੇ 29/01/2014 ਦੀ ਐਂਟਰੀ ਸਟੋਰ ਲੈਜ਼ਰ ਵਿੱਚ ਨਾ ਪਾਏ ਜਾਣ ਬਾਰੇ, ਉਸਨੂੰ ਐਂਟਰੀ ਕਲੀਅਰ ਕਰਕੇ ਸਟੋਰ ਲੈਜ਼ਰ ਅਤੇ ਅਨਬਾਈਂਡ ਲੈਜ਼ਰ ਨਾਲ ਮਿਲਾਉਂਦਿਆਂ ਹੋਇਆਂ ਇਹਨਾਂ ਨੂੰ ਚੈੱਕ ਕਰਵਾਇਆ ਪ੍ਰੰਤੂ ਸ੍ਰ.ਕੰਵਲਜੀਤ ਸਿੰਘ ਨੇ ਐਸਾ ਨਹੀਂ ਕੀਤਾ।ਦਸਤਾਵੇਜ਼: ਓਜ/2 (ਦੇਖੋ ਬਿਆਨ ਬੁੱਕ ਭਾਗ 2, ਪੰਨਾ ਨੰਬਰ 473) ਜੋ ਪੜਤਾਲ ਕਮਿਸ਼ਨ ਨੇ ਸ੍ਰ.ਪੰਜਾਬ ਸਿੰਘ ਨੂੰ ਦਿਖਾਇਆ, ਉਸ 'ਤੇ ਉਹਨਾਂ ਨੇ ਕਿਹਾ ਕਿ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ, ਕਿਉਂਕਿ ਇਹ ਆਗਿਆ ਇਹਨਾਂ ਕੋਲ ਆਈ ਹੀ ਨਹੀਂ।ਇਸ ਚਿੱਠੀ ਵਿੱਚ 19/09/2015 ਦੇ ਫਿਜ਼ੀਕਲ ਵੈਰੀਫਿਕੇਸ਼ਨ ਦਾ ਜ਼ਿਕਰ ਹੈ ਅਤੇ ਸ੍ਰ.ਪੰਜਾਬ ਸਿੰਘ ਨੇ ਫਿਜ਼ੀਕਲ ਵੈਰੀਫਿਕੇਸ਼ਨ ਨਹੀਂ ਕੀਤੀ।

**7.49 (ਓੜ) ਬਿਆਨ ਕਰਤਾ ਸ੍ਰ.ਮਲਕੀਤ ਸਿੰਘ, ਐਸ.ਜੀ.ਪੀ.ਸੀ ਸੁਪਰਿਟੈਂਡੈਂਟ**

ਸ.ਮਲਕੀਤ ਸਿੰਘ ਜੀ ਬਤੌਰ ਸੁਪਰਿਟੈਂਡੈਂਟ ਸ਼੍ਰੋਮਣੀ ਗੁ.ਪ੍ਰ.ਕਮੇਟੀ ਵਿੱਚ ਸੇਵਾ ਨਿਭਾ ਰਹੇ ਹਨ ਅਤੇ ਉਹਨਾਂ ਨੇ ਦੱਸਿਆ ਕਿ ਜਦੋਂ ਵੀ ਕੋਈ ਪਾਵਨ ਸਰੂਪ ਦੀ ਮੰਗ ਆਉਂਦੀ ਹੈ ਉਹ ਜਰਨਲ ਬ੍ਰਾਂਚ ਵਿੱਚ ਰਸੀਵ ਹੋ ਕੇ ਪਬਲੀਕੇਸ਼ਨ ਵਿਭਾਗ ਵਿੱਚ ਭੇਜੀ ਜਾਂਦੀ ਹੈ।ਫਿਰ ਸਕੱਤਰ ਦੀ ਆਗਿਆ ਨਾਲ ਪਬਲੀਕੇਸ਼ਨ ਇੰਚਾਰਜ ਅਤੇ ਸੁਪਰਵਾਈਜ਼ਰ ਵੱਲੋਂ ਆਫਿਸ ਨੋਟ ਆਉਂਦਾ ਹੈ ਅਤੇ ਉਸ ਆਫਿਸ ਨੋਟ ਨੂੰ ਲਾਗੂ ਕਰਾਉਣ ਦਾ ਕੰਮ ਸ੍ਰ.ਮਲਕੀਤ ਸਿੰਘ ਵੱਲੋਂ ਕੀਤਾ ਜਾਂਦਾ ਹੈ।ਉਹਨਾਂ ਨੇ ਦੱਸਿਆ ਕਿ ਮਿਤੀ 19/05/2016 ਦੀ ਘਟਨਾ ਮੌਕੇ ਸਹਾਇਕ ਸੁਪਰਿਟੈਂਡੈਂਟ ਦੀ ਸੇਵਾ ਨਿਭਾ ਰਹੇ ਸਨ ਪਰ ਉਹ ਘਟਨਾ ਅਸਥਾਨ 'ਤੇ ਨਹੀਂ ਗਏ।ਉਹਨਾਂ ਨੇ ਇਹ ਜਾਣਕਾਰੀ

ਦਿੱਤੀ ਕਿ ਜਦੋਂ ਵੀ ਨਵੇਂ ਪਾਵਨ ਸਰੂਪ ਭੇਜੇ ਜਾਂਦੇ ਹਨ, ਸਾਰੇ ਆਰਡਰ ਗ੍ਰੰਥੀ ਸਿੰਘਾਂ ਦੇ ਨਾਮ 'ਤੇ ਪਾਏ ਜਾਂਦੇ ਹਨ। ਇਕ ਸਾਲ ਦੇ ਆਫਿਸ ਨੋਟ ਰੱਖ ਕੇ ਬਾਕੀ ਖ਼ਤਮ ਕਰ ਦਿੱਤੇ ਜਾਂਦੇ ਹਨ ਅਤੇ ਨਾ-ਹੀ ਇਨ੍ਹਾਂ ਨੂੰ ਡਿਜ਼ੀਟਲ ਰੂਪ ਵਿਚ ਰੱਖਿਆ ਜਾਂਦਾ ਹੈ।

**7.50 (ਓਵ) ਬਿਆਨ ਕਰਤਾ: ਸ੍ਰ.ਰਜਿੰਦਰ ਸਿੰਘ ਮਹਿਤਾ (ਮੈਂਬਰ ਸਬ-ਕਮੇਟੀ)**

ਸ੍ਰ.ਰਜਿੰਦਰ ਸਿੰਘ ਜੀ ਦੇ ਅਨੁਸਾਰ, ਉਹਨਾਂ ਨੇ ਮਿਤੀ 19/05/2016 ਨੂੰ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿੱਚ ਹਿੱਸਾ ਲਿਆ ਸੀ। ਉਸ ਘਟਨਾ ਬਾਰੇ ਉਹਨਾਂ ਨੂੰ ਸਿਰਫ ਇਹ ਪਤਾ ਲੱਗਿਆ ਕਿ ਏ.ਸੀ. ਦੇ ਸ਼ਾਰਟ ਸਰਕਟ ਨਾਲ ਇਹ ਘਟਨਾ ਵਾਪਰੀ, ਜਿਸ ਵਿੱਚ 5 ਪਾਵਨ ਸਰੂਪ ਅਗਨ ਭੇਂਟ ਅਤੇ 9 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਅਤੇ ਜਿਨ੍ਹਾਂ ਪਾਵਨ ਸਰੂਪਾਂ ਦੀਆਂ ਜਿਲਦਾਂ ਖਰਾਬ ਹੋ ਗਈਆਂ ਸਨ, ਉਹਨਾਂ ਨੂੰ ਜਿਲਦਸਾਜ਼ਾਂ ਪਾਸੋਂ ਠੀਕ ਕਰਵਾ ਲਈਆਂ ਸਨ। ਸ੍ਰ.ਰਜਿੰਦਰ ਸਿੰਘ ਗੋਇੰਦਵਾਲ ਸਾਹਿਬ ਨਹੀਂ ਗਏ ਅਤੇ ਇਹਨਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਜਾਣ ਵਾਲੇ ਪਾਵਨ ਸਰੂਪਾਂ ਦੀ ਗਿਣਤੀ ਬਾਰੇ, ਉਹਨਾਂ ਦੇ ਸਸਕਾਰ ਬਾਰੇ ਅਤੇ ਉਹਨਾਂ ਸਬੰਧੀ ਅਖੰਡ ਪਾਠ ਬਾਰੇ ਕੁਝ ਵੀ ਨਹੀਂ ਪਤਾ ਸੀ। ਉਹਨਾਂ ਕਿਹਾ ਕਿ ਇਹ ਸਾਰੀ ਜਾਣਕਾਰੀ ਦਫ਼ਤਰੀ ਪ੍ਰਬੰਧਕਾਂ ਤੋਂ ਹੀ ਪਤਾ ਲੱਗ ਸਕਦੀ ਹੈ। ਉਸ ਵੇਲੇ ਪਬਲੀਕੇਸ਼ਨ ਵਿਭਾਗ ਵਿੱਚ ਤਕਰੀਬਨ 5000 ਪਾਵਨ ਸਰੂਪ ਸੁਸ਼ੋਭਿਤ ਸਨ। ਪਰ ਉਸ ਸਮੇਂ ਅੱਗ ਬੁਝਾਉਣ ਵਾਲੇ ਯੰਤਰ ਉਸ ਬਿਲਡਿੰਗ ਵਿੱਚ ਨਹੀਂ ਸਨ। ਮਿਤੀ 24/05/2016 ਦੇ ਆਫਿਸ ਨੋਟ ਓਵ/2(ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ. 483) ਅਨੁਸਾਰ ਉਸ ਬਿਲਡਿੰਗ ਵਿੱਚ ਫਾਇਰ ਫਾਈਟਿੰਗ ਲਈ ਟੈਂਕ ਬਣਾਏ ਜਾਣ ਤੇ ਯੂ.ਵੀ. ਪ੍ਰੋਟੈਕਟੇਡ ਲਾਈਟਾਂ ਲਗਾਈਆਂ ਜਾਣ। ਇਸ ਤੋਂ ਇਲਾਵਾ ਜਿਲਦਬੰਦੀ ਵਾਲੇ ਵਿਭਾਗਾਂ ਵਿਚ ਵਿਟਰੀਫਾਈਡ ਟਾਈਲਾਂ ਲਗਾਉਣ ਦਾ ਤੇ ਫਾਇਰ ਪਰੂਫ ਵਾਲ ਦਾ ਵੀ ਪ੍ਰਸਤਾਵ ਸੀ। ਪ੍ਰਿੰਟਿੰਗ ਪ੍ਰੈੱਸ ਤੋਂ ਲੈ ਕੇ ਵੱਖਰੀਆਂ ਪੌੜੀਆਂ ਹੋਣੀਆਂ ਲਾਜ਼ਮੀ ਦੱਸੀਆਂ ਗਈਆਂ। ਉਹਨਾਂ ਨੇ ਦੱਸਿਆ ਕਿ ਸ੍ਰ.ਕੰਵਲਜੀਤ ਸਿੰਘ ਉਸ ਪੋਸਟ 'ਤੇ 19 ਸਾਲਾਂ ਤੱਕ ਰਿਹਾ। ਆਪਣੀ ਨੌਕਰੀ ਦੌਰਾਨ ਉਸ ਨੇ ਬਹੁਤ ਗਲਤੀਆਂ ਕੀਤੀਆਂ ਇਸ ਦੇ ਬਾਵਜੂਦ ਉਸਦੀ ਬਦਲੀ ਨਹੀਂ ਹੋਈ ਜਦ ਕਿ 3 ਸਾਲਾਂ ਬਾਅਦ ਬਦਲੀ ਕਰ ਦਿੱਤੀ ਜਾਂਦੀ ਹੈ। ਉਹਨਾਂ ਨੂੰ ਪੁੱਛਿਆ ਗਿਆ ਕਿ ਸੀ.ਸੀ.ਟੀ.ਵੀ. ਬਾਬਤ ਇੱਕ ਮਤਾ ਪਾਸ ਹੋਇਆ ਸੀ, ਫਿਰ ਵੀ ਹੁਣ ਤੱਕ ਕੈਮਰੇ ਕਿਉਂ ਨਹੀਂ ਲਗਾਏ ਗਏ, ਤਾਂ ਉਹਨਾਂ ਨੇ ਜਵਾਬ ਦਿੱਤਾ ਕਿ ਐਸਾ ਕਰਨਾ ਸਹੀ ਨਹੀਂ ਹੈ। ਬਰਗਾੜੀ ਕਾਂਡ ਹੋ ਚੁੱਕਾ ਸੀ ਤੇ ਇਹ ਇੱਕ ਅਹਿਮ ਜਗ੍ਹਾ ਹੈ।

**7.51 (ਓਟ) ਬਿਆਨ ਕਰਤਾ: ਭਾਈ ਗੁਰਪ੍ਰੀਤ ਸਿੰਘ**

ਇਹਨਾਂ ਨੇ ਸਾਲ 2019 ਤੋਂ ਤਕਰੀਬਨ 10 ਮਹੀਨੇ ਜੁਲਾਈ 2020 ਤੱਕ ਗੋਲਡਨ ਆਫਸੈੱਟ ਪ੍ਰੈੱਸ ਵਿਖੇ ਸੇਵਾ ਨਿਭਾਈ।ਇਹ ਸਬੰਧਤ ਪ੍ਰੈੱਸ ਵਾਲਿਆਂ ਤੋਂ ਆਰਡਰ ਦੇ ਅਧਾਰ ਤੇ ਡਿਮਾਂਡ ਲੈ ਕੇ ਕਿੰਨਾ ਕਾਗਜ਼ ਆਦਿ ਮੌਜੂਦ ਹੈ ਜਾਂ ਨਹੀਂ, ਉਸ ਹਿਸਾਬ ਨਾਲ ਸਬੰਧਤ ਡਿਪਾਰਟਮੈਂਟ ਨੂੰ ਦੇ ਦਿੰਦੇ ਸਨ।ਭਾਈ ਸਾਹਿਬ ਦੇ ਅਨੁਸਾਰ ਹਰ ਅਲਾਟ ਵਿੱਚ 50 ਤੋਂ 55 ਅੰਗ ਵਧੇਰੇ ਦਿੰਦੇ ਹਨ ਅਤੇ ਪ੍ਰਿੰਟਿੰਗ ਤੇ ਜਿਲਦਸਾਜ਼ੀ ਤੋਂ ਬਾਅਦ, 30 ਤੋਂ 35 ਵੱਧ ਬਚਦੇ ਹਨ।ਇਹਨਾਂ ਦੇ 10 ਮਹੀਨੇ ਦੇ ਕਾਰਜਕਾਲ ਵਿੱਚ ਜੋ ਫੋਰਮੈਨ ਸ੍ਰੀ ਨਾਰਾਇਣ ਸਿੰਘ ਜੋ ਪ੍ਰਿਟਿੰਗ ਪ੍ਰੈੱਸ ਦੇ ਛਾਪੇ ਦੇ ਰਜਿਸਟਰ ਰੋਜ਼ਾਨਾ ਦੀ ਰਿਪੋਰਟ ਇਹਨਾਂ ਨੇ ਦੇਖੀ ਹੋਈ ਹੈ।ਜਦੋਂ ਵੀ 1000 ਪਾਵਨ ਸਰੂਪਾਂ ਦਾ ਆਰਡਰ ਮੰਨ ਲਓ ਪ੍ਰੈੱਸ ਤੋਂ ਪੂਰਾ ਹੋ ਰਿਹਾ ਹੈ ਤੇ ਕੁਝ-ਕੁਝ ਸਮ੍ਹਿਆਂ ਵਿੱਚ ਕੋਈ-ਕੋਈ ਰਾਗ ਫਰਮਿਆਂ ਵਿੱਚ ਹੁੰਦਾ ਹੈ ਅਤੇ ਇਹਨਾਂ ਦੀ ਪੂਰੀ ਗਿਣਤੀ ਹੋਣ ‘ਤੇ 183 ਫਰਮਿਆਂ ਦੀ ਕੁੱਲ 1000 ਹਨ ਅਤੇ ਕਿਹੜੇ-ਕਿਹੜੇ ਸਮੇਂ ਹੋਏ ਹਨ, ਇਹਨਾਂ ਦਾ ਰਿਕਾਰਡ ਮੇਨਟੇਨ ਨਹੀਂ ਕੀਤਾ ਜਾਂਦਾ, ਕਿਤੇ ਵੀ ਦਰਜ ਨਹੀਂ ਹੈ।

ਹਰ ਰੰਗ ਦਾ 2% ਵਧੇਰੇ ਅੰਗ ਪ੍ਰੈੱਸ ਵੱਲੋਂ ਜਿਲਦਸਾਜ਼ ਨੂੰ ਦਿੱਤੇ ਜਾਂਦੇ ਹਨ।ਜੋ ਇਸ ਸਮੇਂ ਪ੍ਰੈੱਸ ਮਸ਼ੀਨ ਜੋ ਪਾਵਨ ਸਰੂਪਾਂ ਦੀ ਛਪਾਈ ਲਈ ਹੈ, ਜਰਮਨ ਦੀ ਚਾਰ ਰੰਗ ਦੀ ਮਸ਼ੀਨ ਹੈ।ਫਿਰ ਚਾਰ ਰੰਗ ਦੀ ਵੇਲ ਜੋ ਪਾਵਨ ਸਰੂਪਾਂ ਦੇ ਅੰਗਾਂ ਤੇ ਪਾਈ ਜਾਂਦੀ ਹੈ, ਉਸ ਅਨੁਸਾਰ ਅੰਗਾਂ ਦੇ 8% ਵਧੇਰੇ ਅੰਗ ਪ੍ਰਿੰਟਿੰਗ ਪ੍ਰੈੱਸ ਤੋਂ ਜਿਲਦਸਾਜ਼ਾਂ ਨੂੰ ਦਿੱਤੀ ਜਾਂਦੀ ਹੈ ਜੋ ਕਿ ਸ੍ਰ.ਕੁਲਵੰਤ ਸਿੰਘ ਤੇ ਸ੍ਰ.ਜਸਪ੍ਰੀਤ ਸਿੰਘ ਹਨ।

ਇਹਨਾਂ ਨੂੰ ਦਸ ਮਹੀਨਿਆਂ ਵਿੱਚ ਨਾ ਹੀ ਕਿਸੇ ਨੇ ਦੱਸਿਆ ਤੇ ਨਾ ਹੀ ਇਹਨਾਂ ਨੂੰ ਪਤਾ ਲੱਗਿਆ ਕੇ ਵਧੇਰੇ ਅੰਗ ਜੋ ਪ੍ਰਿੰਟਿੰਗ ਪ੍ਰੈੱਸ ਤੋਂ ਪਾਵਨ ਸਰੂਪ, ਸੈਂਚੀਆਂ, ਗੁਟਕੇ ਅਤੇ ਹੋਰ ਲਿਟਰੇਚਰ ਛਾਪ ਕੇ ਬਾਇੰਡ ਕਰਕੇ ਆਉਂਦੇ ਹਨ, ਉਸ ਦਾ ਕੋਈ ਰਿਕਾਰਡ ਨਹੀਂ ਰੱਖਿਆ ਅਤੇ ਨਾ ਹੀ ਬਾਇੰਡਰ ਦਾ ਰਿਕਾਰਡ ਸਾਡੇ ਕੋਲ ਆਉਂਦਾ ਹੈ।ਇਸ ਬਾਰੇ ਇਹਨਾਂ ਨੂੰ ਨਾ ਹੀ ਕਿਸੇ ਉੱਚ ਅਧਿਕਾਰੀ ਨੇ ਪੁੱਛਿਆ ਕਿ ਉਹ ਵੇਸਟ ਪੇਜ ਕਿੱਥੇ ਜਾਂਦੇ ਹਨ।ਨਾ ਹੀ ਕਿਸੇ ਆਡਿਟਰ ਨੇ ਇਨ੍ਹਾਂ ਵਧੇਰੇ ਅੰਗਾਂ ਪ੍ਰਤੀ ਰਿਮਾਰਕ ਦਿੱਤਾ ਹੈ।ਇਹਨਾਂ ਦੇ ਹੁੰਦਿਆਂ ਜਦ ਕਿ 31/03/2020 ਨੂੰ ਸਾਲ 2018-19 ਦਾ ਆਡਿਟ ਹੋਇਆ ਸੀ।

## 7.52 (ਓਠ) ਬਿਆਨ ਕਰਤਾ: -ਸ੍ਰ.ਮਨਜੀਤ ਸਿੰਘ, (ਮੌਜੂਦਾ ਸਕੱਤਰ, ਧਰਮ ਪ੍ਰਚਾਰ ਕਮੇਟੀ)

ਸ੍ਰ.ਮਨਜੀਤ ਸਿੰਘ ਨੇ ਦੱਸਿਆ ਕਿ ਉਹ 1987 ਵਿੱਚ ਬਤੌਰ ਕਲਰਕ ਭਰਤੀ ਹੋਏ ਸਨ, ਜਿਸਤੋਂ ਉਪਰੰਤ ਹੁਣ ਤੱਕ ਕਈ ਪੋਸਟਾਂ ਤੇ ਸੇਵਾ ਨਿਭਾਉਂਦੇ ਹੋਏ, ਇਸ ਵਕਤ ਉਹ ਬਤੌਰ ਸਕੱਤਰ ਧਰਮ ਪ੍ਰਚਾਰ ਕਮੇਟੀ ਵਿੱਚ ਸੇਵਾ ਨਿਭਾ ਰਹੇ ਹਨ।ਮਾਰਚ 2019 ਤੋਂ ਫਰਵਰੀ 2020 ਤੱਕ ਪਬਲੀਕੇਸ਼ਨ ਅਤੇ ਪ੍ਰਿੰਟਿੰਗ ਪ੍ਰੈੱਸ ਇਨ੍ਹਾਂ ਦੇ ਅਧੀਨ ਰਿਹਾ ਹੈ।

ਉਹਨਾਂ ਨੇ ਦੱਸਿਆ ਕਿ ਬਤੌਰ ਸਕੱਤਰ ਉਹਨਾਂ ਨੇ ਕਦੇ ਵੀ ਪਬਲੀਕੇਸ਼ਨ ਵਿਭਾਗ ਦੀ ਕੋਈ ਲੈਜ਼ਰ ਨਹੀਂ ਦੇਖੀ।ਸਾਲ 2015 ਵਿੱਚ ਜਦ ਸ੍ਰ.ਨਿਸ਼ਾਨ ਸਿੰਘ ਨੇ ਬਤੌਰ ਇੰਚਾਰਜ ਮੌਜੂਦਾ ਪਾਵਨ ਸਰੂਪਾਂ ਦੇ ਸਟਾਕ ਦੀ ਤਸਦੀਕ ਦੇ ਨਾਲ ਲੈਜ਼ਰਾਂ ਦਾ ਮਿਲਾਣ ਕੀਤਾ ਤਾਂ ਜੋ ਐਂਟਰੀ ਵਿੱਚ ਕਮੀਆਂ ਆਈਆਂ, ਉਹ ਸ੍ਰ.ਮਨਜੀਤ ਸਿੰਘ ਜੀ ਦੇ ਸਾਹਮਣੇ ਲਿਆਂਦੀਆਂ ਗਈਆਂ।ਇਸ ਸਬੰਧੀ ਉਹਨਾਂ ਨੇ ਦਸਤਾਵੇਜ਼ ਨੰ ਓਠ/1 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰਬਰ 506) ਪੇਸ਼ ਕੀਤਾ ਜੋ ਕਿ ਇੱਕ ਆਫਿਸ ਨੋਟ ਹੈ, ਜਿਸਦੇ ਵਿੱਚ ਸ੍ਰ.ਨਿਸ਼ਾਨ ਸਿੰਘ ਦੇ ਨੋਟਿੰਗ ਦੇ ਅਧਾਰ ‘ਤੇ ਇਹਨਾਂ ਨੇ 163 ਪਾਵਨ ਸਰੂਪਾਂ ਦੀ ਦਰੁੱਸਤੀ ਅਤੇ 76 ਪਾਵਨ ਸਰੂਪ ਜੋ ਵੱਧ ਸਨ, ਸਸਪੈਂਸ ਖਾਤੇ ਪਾਉਣ ਦੀ ਆਗਿਆ ਦਿੱਤੀ ।

ਸ੍ਰ.ਮਨਜੀਤ ਸਿੰਘ ਜੀ ਨੇ ਦੱਸਿਆ ਕਿ ਮਿਤੀ 15/09/2015 ਨੂੰ ਸ੍ਰ.ਨਿਸ਼ਾਨ ਸਿੰਘ ਦੀ ਨੋਟਿੰਗ ਦੇ ਅਧਾਰ ਤੇ, ਪਾਵਨ ਸਰੂਪਾਂ ਦੇ ਮਿਲਾਨ ਵਿਚ ਫਰਕ ਆ ਰਿਹਾ ਸੀ ਤੇ ਉਹ ਸਸਪੈਂਸ ਖਾਤੇ ਜੋ ਸਰੂਪ ਜਮ੍ਹਾਂ ਕਰਾਏ ਸਨ, ਉਸ ‘ਤੇ ਵੀ ਇਤਰਾਜ਼ ਕਰ ਰਹੇ ਸੀ।ਇਸ ਮਿਲਾਨ ਵਿੱਚ ਸ੍ਰ.ਪੰਜਾਬ ਸਿੰਘ ਦੀ ਡਿਊਟੀ ਲਗਾਈ ਸੀ।ਇਹ ਇਤਰਾਜ਼ ਆਡਿਟ ਵਿਭਾਗ ਦਾ ਸੀ ਜੋ ਜ਼ੁਬਾਨੀ ਇਤਰਾਜ਼ ਕਰ ਰਹੇ ਸਨ, ਜਿਸ ਵਾਸਤੇ ਸ੍ਰ.ਪੰਜਾਬ ਸਿੰਘ ਦੀ ਡਿਊਟੀ ਲਗਾਈ ਸੀ।ਮਿਲਾਨ ਸੀ.ਜੀ.ਐਲ. ਅਤੇ ਅਕਾਊਂਟਸ ਵਿਭਾਗ ਨੇ ਮਿਲਕੇ ਕਰਨਾ ਸੀ।ਇਸ ਨੋਟ ਦੇ ਬਾਅਦ ਸ੍ਰ.ਪੰਜਾਬ ਸਿੰਘ ਨੇ ਸ੍ਰ.ਮਨਜੀਤ ਸਿੰਘ ਨੂੰ ਕੋਈ ਰਿਪੋਰਟ ਨਹੀਂ ਕੀਤੀ।ਉਸਤੋਂ ਬਾਅਦ 12ਵੇਂ ਮਹੀਨੇ ਵਿਚ ਸ੍ਰ.ਮਨਜੀਤ ਸਿੰਘ ਦੀ ਬਦਲੀ ਹੋ ਗਈ ਤੇ ਇਹ ਮਿਤੀ 01/01/2016 ਤੋਂ ਚੰਡੀਗੜ੍ਹ ਚਲੇ ਗਏ।ਉਸ ਤੋਂ ਬਾਅਦ ਸਤੰਬਰ 2017 ਵਿੱਚ ਇਹਨਾਂ ਦੀ ਵਾਪਸੀ ਹੋਈ।ਇਸ ਦੌਰਾਨ ਇਹ ਕੁਰੁਕਸ਼ੇਤਰ (ਹਰਿਆਣਾ) ਵੀ ਰਹੇ।

ਉਹਨਾਂ ਨੇ ਪੜਤਾਲ ਕਮਿਸ਼ਨ ਨੂੰ ਦੱਸਿਆ ਕਿ ਮਿਤੀ 19/05/2016 ਨੂੰ ਜੋ ਸ਼ਾਰਟ ਸਰਕਟ ਰਾਹੀਂ ਗੁ: ਸ੍ਰੀ ਰਾਮਸਰ ਸਾਹਿਬ ਵਿੱਚ ਜੋ ਦੁਰਘਟਨਾ ਹੋਈ, ਇਹ ਉਸ ਦਿਨ ਚੰਡੀਗੜ੍ਹ ਤੋਂ

ਮੀਟਿੰਗ ਕਰਕੇ ਅੰਮ੍ਰਿਤਸਰ ਆਏ ਸਨ।ਉਹ ਸਵੇਰੇ ਤਕਰੀਬਨ 8.00 ਵਜੇ, ਗੁ:ਸ੍ਰੀ ਰਾਮਸਰ ਸਾਹਿਬ ਪਹੁੰਚੇ।ਉਹਨਾਂ ਨੂੰ ਸ੍ਰ.ਦੀਪਿੰਦਰ ਸਿੰਘ, ਜੋ ਮੈਨੇਜਰ ਸਨ, ਉਹਨਾਂ ਨੇ ਸ੍ਰ.ਮਨਜੀਤ ਸਿੰਘ ਨੂੰ ਫੋਨ ਰਾਹੀਂ ਜਾਣੂੰ ਕਰਾਇਆ।ਉਸ ਸਮੇਂ ਉਹ ਸਿੱਧਾ ਘਰੋਂ ਗਏ ਸਨ।ਉਹਨਾਂ ਨੇ ਫਾਇਰ ਬ੍ਰਿਗੇਡ ਨਹੀਂ ਬੁਲਾਈ ਨਾ ਹੀ ਪੁਲਿਸ ਨੂੰ ਬੁਲਾਇਆ।ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਨਹੀਂ ਪਤਾ ਕਿ ਕਿਸ ਨੇ ਇਹਨਾਂ ਨੂੰ ਸੂਚਿਤ ਕੀਤਾ ਤੇ ਨਾ ਹੀ ਉਹਨਾਂ ਨੇ ਪਤਾ ਕਰਾਇਆ।ਇਸ ਸੰਸਥਾ ਵਿੱਚ 04 ਸਕੱਤਰਾਂ ਦੀਆਂ ਪੋਸਟਾਂ ਹਨ ਤੇ 01 ਚੀਫ ਸਕੱਤਰ ਦੀ ਪੋਸਟ ਹੈ ਤੇ ਸ੍ਰ.ਮਨਜੀਤ ਸਿੰਘ ਇਹਨਾਂ 04 ਸਕੱਤਰਾਂ ਵਿੱਚੋਂ ਹੈ।ਬਾਕੀ 03 ਸਕੱਤਰਾਂ ਦੇ ਨਾਮ:-

1. ਸ੍ਰ.ਰੂਪ ਸਿੰਘ (ਜਿਹਨਾਂ ਨੇ ਬਾਅਦ ਵਿੱਚ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ ਹੈ।
2. ਸ੍ਰ.ਅਵਤਾਰ ਸਿੰਘ
3. ਤੀਜੇ ਸਕੱਤਰ ਦਾ ਨਾਮ ਇਹਨਾਂ ਨੂੰ ਯਾਦ ਨਹੀਂ ਤੇ ਨਾ ਹੀ ਯਾਦ ਹੈ ਕੋਈ ਇਸ ਪੋਸਟ ਤੇ ਸਨ।

19/05/2016 ਦੀ ਅਗਨ ਘਟਨਾ ਵਾਲੇ ਦਿਨ ਚੀਫ਼ ਸਕੱਤਰ ਸ੍ਰ.ਹਰਚਰਨ ਸਿੰਘ ਸਨ।ਸ੍ਰ.ਮਨਜੀਤ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਸ੍ਰ.ਹਰਚਰਨ ਸਿੰਘ ਤੇ ਹੋਰ ਸਕੱਤਰ ਪਹੁੰਚ ਚੁੱਕੇ ਸਨ।ਇਹ ਸਾਰੇ ਹਾਲ ਨੰ:03 ਵਿੱਚ ਹੀ ਸਨ।ਸ੍ਰ.ਅਵਤਾਰ ਸਿੰਘ ਬਾਅਦ ਵਿੱਚ ਆਏ ਸਨ।ਜਿਸ ਵੇਲੇ ਸ੍ਰ.ਮਨਜੀਤ ਸਿੰਘ ਹਾਲ ਨੰ:03 ਵਿੱਚ ਗਏ, ਉਸ ਵੇਲੇ ਜਿਨ੍ਹਾਂ ਸਰੂਪਾਂ 'ਤੇ ਪਾਣੀ ਦੇ ਛਿੱਟੇ ਸਨ ਜਾਂ ਜਿਹੜੇ ਸੁੱਕੇ ਸਨ, ਉਹਨਾਂ ਨੂੰ ਦੂਸਰੇ ਹਾਲ ਵਿੱਚ, ਉਸੇ ਮੰਜ਼ਿਲ 'ਤੇ ਲਜਾਇਆ ਜਾ ਰਿਹਾ ਸੀ।ਸਕੱਤਰ ਹੋਣ ਨਾਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਸਤਿਕਾਰ ਕਮੇਟੀਆਂ ਜਾਂ ਵਿਰੋਧੀ ਪਾਰਟੀਆਂ ਪ੍ਰੈੱਸ ਨੂੰ ਘੇਰ ਨਾ ਲੈਣ।ਪਬਲੀਕੇਸ਼ਨ ਵਿਭਾਗ ਦੀ ਪ੍ਰੈੱਸ ਬਾਰੇ ਕਹਿ ਰਿਹਾ ਹੈ।

ਉਹਨਾਂ ਨੇ ਦੱਸਿਆ ਕਿ ਤਕਰੀਬਨ ਸ਼੍ਰੋਮਣੀ ਕਮੇਟੀ ਦੇ ਸਾਰੇ ਅਧਿਕਾਰੀ ਅਤੇ ਮੁਲਾਜ਼ਮ ਉਸ ਘਟਨਾ ਸਥਾਨ ਤੇ ਪਹੁੰਚ ਚੁੱਕੇ ਸਨ ਤੇ ਮੁੱਖ ਅਧਿਕਾਰੀ ਹਾਲ ਨੰ:03 ਵਿੱਚ ਸਨ।ਜਿਹੜੇ ਪਾਵਨ ਸਰੂਪ ਏ.ਸੀ. ਦੇ ਸਾਹਮਣੇ ਸਨ (ਪਲੰਘ ਸਾਹਿਬ 'ਤੇ 4 ਜਾਂ 5) ਉਹ ਤਕਰੀਬਨ ਸਾਰੇ ਅਗਨ ਭੇਂਟ ਹੋ ਚੁੱਕੇ ਸਨ।

ਉਹਨਾਂ ਕਿਹਾ ਕਿ ਏ.ਸੀ. ਦੇ ਸ਼ਾਰਟ ਸਰਕਟ ਨਾਲ ਜੋ ਅੱਗ ਲੱਗੀ ਸੀ, ਜਿਹੜੇ ਪਾਵਨ ਸਰੂਪ ਏ.ਸੀ.ਦੇ ਨਾਲ ਪਏ ਸਨ, ਜਿਹਨਾਂ ਤੇ ਫਾਇਰ ਬ੍ਰਿਗੇਡ ਦੇ ਪਾਣੀ ਨਾਲ ਅੱਗ ਨੂੰ ਬੁਝਾਉਂਦੇ ਹੋਏ

ਪਾਣੀ ਦੀ ਬੌਛਾੜ ਨਾਲ ਪਾਵਨ ਸਰੂਪ ਤਕਰੀਬਨ ਭਿੱਝ ਚੁੱਕੇ ਸਨ ਤੇ ਉਹ ਪ੍ਰਕਾਸ਼ ਕਰਨ ਯੋਗ ਨਹੀਂ ਰਹੇ।

ਸ੍ਰ.ਮਨਜੀਤ ਸਿੰਘ ਨੇ ਪੜਤਾਲ ਕਮਿਸ਼ਨ ਨੂੰ ਦੱਸਿਆ ਕਿ ਇਸ ਤਰ੍ਹਾਂ ਪਾਣੀ ਨਾਲ ਪਾਵਨ ਅੰਗ ਸਰੂਪਾਂ ਤੋਂ ਵੱਖਰੇ ਹੋ ਚੁੱਕੇ ਸਨ ਅਤੇ ਨਾ ਜਿਲਦਬੰਦ ਕੀਤੇ ਜਾ ਸਕਦੇ ਸਨ, ਅਜਿਹੇ ਕਰੀਬ 9 ਪਾਵਨ ਸਰੂਪ ਸਨ।ਇਸ ਤੋਂ ਇਲਾਵਾ, ਜਿਹਨਾਂ ਸਰੂਪਾਂ 'ਤੇ ਪਾਣੀ ਦੇ ਛਿੱਟੇ ਪਏ ਸਨ ਤੇ ਜੋ ਸੁੱਕੇ ਸਨ, ਜੋ ਦੂਸਰੇ ਹਾਲ ਵਿੱਚ ਲਜਾਏ ਗਏ, ਉਹਨਾਂ ਨੂੰ ਨਹੀਂ ਪਤਾ ਉਹ ਕਿੰਨੇ ਸਰੂਪ ਸਨ।ਉਹਨਾਂ ਦੀ ਡਿਊਟੀ ਚੰਡੀਗੜ੍ਹ ਹੋਣ ਕਰਕੇ, ਉਹਨਾਂ ਨੇ ਇਸ ਬਾਰੇ ਨਹੀਂ ਪੁੱਛਿਆ ਅਤੇ ਉੱਥੇ ਸਬੰਧਿਤ ਸਕੱਤਰ ਅਤੇ ਅਧਿਕਾਰੀ ਮੌਜੂਦ ਸਨ।ਕਿਸ ਕੋਲ ਕਿਹੜਾ ਵਿਭਾਗ ਸੀ, ਉਹਨਾਂ ਨੂੰ ਯਾਦ ਨਹੀਂ।ਇਹ ਫੈਸਲਾ ਮੌਕੇ 'ਤੇ ਹੋਇਆ ਕਿ ਜਿਹੜੇ ਪਾਵਨ ਸਰੂਪ ਅਗਨ ਭੇਟ ਹੋਏ ਅਤੇ ਜਿਹੜੇ ਪਾਣੀ ਨਾਲ ਨੁਕਸਾਨੇ ਗਏ, ਉਹ ਸ੍ਰੀ ਗੋਇੰਦਵਾਲ ਸਾਹਿਬ, ਅਗਨ ਭੇਂਟ ਵਾਸਤੇ ਭੇਜੇ ਜਾਣ।ਡਿਊਟੀ ਕੇਵਲ ਪਬਲੀਕੇਸ਼ਨ ਵਿਭਾਗ ਦੀ ਲੱਗੀ ਸੀ।ਉਸ ਸਮੇਂ ਕਿਹਾ ਗਿਆ ਸੀ ਕਿ ਜੋ ਸ੍ਰੀ ਗੋਇੰਦਵਾਲ ਸਾਹਿਬ ਜਾਣਾ ਚਾਹੁੰਦੇ ਹਨ, ਉਹ ਜਾਣ।ਕੇਵਲ 4-5 ਅਧਿਕਾਰੀਆਂ ਨੂੰ ਛੱਡ ਕੇ, ਸਾਰੇ ਅਧਿਕਾਰੀ ਨਾਲ ਗਏ ਤੇ ਨਾਲ ਸੰਗਤ ਵੀ ਗਈ।ਇਹਨਾਂ ਵਿੱਚੋਂ ਸ੍ਰ.ਮਨਜੀਤ ਸਿੰਘ ਵੀ ਸੀ।ੳਠ/2 ਦੇਖੋ ਬਿਆਨ ਬੁੱਕ ਭਾਗ 3 ਪੰਨਾ ਨੰ:507, 508) ਫੋਟੋ ਉਹਨਾਂ ਨੂੰ ਦਿਖਾਈ ਗਈ ਹੈ, ਉਹ ਪ੍ਰੈੱਸ ਦੇ ਬਾਹਰ ਦੀ ਹੈ।ਇਹਨਾਂ ਵਿੱਚ ਹੇਠ ਲਿਖੇ ਅਧਿਕਾਰੀ ਮੌਜੂਦ ਸਨ:-

1. ਸ੍ਰ.ਸੁਖਦੇਵ ਸਿੰਘ ਭੂਰਾ (ਐਡੀਸ਼ਨਲ ਸਕੱਤਰ)
2. ਸ੍ਰ.ਸਿਮਰਜੀਤ ਸਿੰਘ ਕੰਗ (ਮੀਤ ਸਕੱਤਰ)
3. ਸ੍ਰ.ਬਲਵਿੰਦਰ ਸਿੰਘ ਜੌੜਾ (ਰਿਟਾਇਰਡ)
4. ਸ੍ਰ.ਬਿਜੈ ਸਿੰਘ (ਸਸਪੈਂਡਿਡ ਐਡੀਸ਼ਨਲ ਸਕੱਤਰ)

ਬਾਕੀ ਸਾਰੇ ਸੇਵਾਦਾਰ ਹੀ ਹਨ ਤੇ ਕੁਝ ਸਿੰਘਾਂ ਦੇ ਚਿਹਰੇ ਸਾਫ ਨਜ਼ਰ ਨਹੀਂ ਆ ਰਹੇ।

ਸ੍ਰ.ਮਨਜੀਤ ਸਿੰਘ ਨੇ ਪੜਤਾਲ ਕਮਿਸ਼ਨ ਨੂੰ ਦੱਸਿਆ ਕਿ ਇੱਕੋ ਹੀ ਬੱਸ ਸੀ, ਜਿਸ ਵਿੱਚ ਮਹਾਰਾਜ ਦੇ ਪਾਵਨ ਸਰੂਪ ਸਨ।ਉਹਨਾਂ ਨੂੰ ਨਹੀਂ ਪਤਾ ਕਿ ਪਬਲੀਕੇਸ਼ਨ ਵਿਭਾਗ ਵਿੱਚ ਕੈਮਰੇ ਲੱਗੇ ਸਨ ਜਾਂ ਨਹੀਂ, ਪਰ ਗੁ:ਸ਼ਹੀਦ ਗੰਜ ਜ਼ਰੂਰ ਲੱਗੇ ਹੋਣਗੇ।ਉਹ 9.30 ਸਵੇਰੇ ਤੋਂ 10.00 ਵਜੇ ਤੱਕ, ਸੰਗਤ ਦੇ ਨਾਲ ਗੁ:ਸ੍ਰੀ ਗੋਇੰਦਵਾਲ ਸਾਹਿਬ ਪਹੁੰਚੇ।

1. ਸ੍ਰ.ਹਰਚਰਨ ਸਿੰਘ ਮੁੱਖ ਸਕੱਤਰ 2. ਸ੍ਰ.ਰੂਪ ਸਿੰਘ ਸਕੱਤਰ 3. ਸ੍ਰ.ਅਵਤਾਰ ਸਿੰਘ ਸਕੱਤਰ

1-2 ਅਧਿਕਾਰੀ ਇੱਥੇ ਰਹਿ ਗਏ ਸਨ, ਮੀਟਿੰਗ ਕਰਾਉਣ ਲਈ ਬਾਕੀ ਸਾਰੇ ਅਧਿਕਾਰੀ ਨਾਲ ਗਏ ਸਨ।ਸ੍ਰ.ਮਨਜੀਤ ਸਿੰਘ ਇਕੱਲਾ ਹੀ ਸਕੱਤਰ, ਸਤਿਕਾਰ ਵਜੋਂ ਬੱਸ ਦੇ ਨਾਲ ਪਹੁੰਚਿਆ, ਬਾਕੀ ਦੋ ਸਕੱਤਰ ਤੇ ਚੀਫ਼ ਸਕੱਤਰ ਨਹੀਂ ਗਏ।

ਇਹ ਗੁ:ਸ੍ਰੀ ਗੋਇੰਦਵਾਲ ਸਾਹਿਬ ਦੇ ਬਾਬਾ ਜੀ, ਜੋ ਉੱਥੇ ਅਗਨ ਭੇਂਟ ਦੀ ਮੁੱਖ ਸੇਵਾ ਨਿਭਾਉਂਦੇ ਹਨ, ਉਹਨਾਂ ਕੋਲ ਗਏ।ਪਬਲੀਕੇਸ਼ਨ ਦੇ ਮੁਲਾਜ਼ਮ ਜਾਂ ਪ੍ਰੇਮੀ ਨਾਲ ਗਏ ਸਨ, ਮਹਾਰਾਜ ਦਾ ਜਾਪ ਜਪਦਿਆਂ, ਵੈਰਾਗ ਵਿੱਚ ਬੱਸ ਵਿੱਚੋਂ ਸਰੂਪ ਕੱਢੇ, ਉੱਥੇ ਜੋ ਹਾਲ ਬਣਿਆ ਹੈ, ਉੱਥੇ ਉਹ ਸਰੂਪ ਬਿਰਜਾਮਾਨ ਕੀਤੇ, ਰੁਮਾਲਿਆਂ ਵਿੱਚ ਇਹਨਾਂ 13-14 ਸਰੂਪਾਂ ਨੂੰ ਸਤਿਕਾਰ ਸਹਿਤ ਬੰਨ ਕੇ, ਬਾਬਾ ਨਰਿੰਦਰ ਸਿੰਘ ਦੇ, ਉਸ ਅਸਥਾਨ ਤੇ, ਅਰਦਾਸ ਕਰਕੇ, ਬਿਰਾਜਮਾਨ ਕੀਤਾ।ਇਹਨਾਂ ਨੇ ਮੌਕੇ ਵਾਰਦਾਤ ਦੀ ਸਾਰੀ ਜਾਣਕਾਰੀ ਬਾਬਾ ਜੀ ਨੂੰ ਦਿੱਤੀ।ਸ੍ਰ.ਮਨਜੀਤ ਸਿੰਘ ਨਾਲ ਸ੍ਰ.ਸੁਖਦੇਵ ਸਿੰਘ ਭੂਰਾ (ਐਡੀਸ਼ਨਲ ਸਕੱਤਰ) ਸ੍ਰ.ਸਿਮਰਜੀਤ ਸਿੰਘ, ਸ੍ਰ.ਪਰਮਦੀਪ ਸਿੰਘ (ਪਬਲੀਕੇਸ਼ਨ ਵਿਭਾਗ ਦਾ ਇੰਚਾਰਜ) ਬਾਕੀ ਹੋਰ ਅਧਿਕਾਰੀ ਨਾਲ ਸਨ।ਜੋ ਘਟਨਾ ਵਾਪਰੀ, ਉਸ ਬਾਰੇ ਬਾਬਾ ਜੀ ਨੂੰ ਜਾਣੂੰ ਕਰਾਇਆ ਗਿਆ ਜਿਸਦਾ ਉਹਨਾਂ ਨੇ ਅਫਸੋਸ ਜ਼ਾਹਿਰ ਕੀਤਾ।ਸ੍ਰ.ਮਨਜੀਤ ਸਿੰਘ ਗੁ:ਬਾਉਲੀ ਸਾਹਿਬ ਮੱਥਾ ਟੇਕ ਕੇ ਵਾਪਸ ਆ ਗਏ ਅਤੇ ਉਹ ਸਤਿਕਾਰ ਵਜੋਂ ਸ੍ਰੀ ਗੋਇੰਦਵਾਲ ਸਾਹਿਬ ਨਾਲ ਗਏ ਕਿਉਂਕਿ ਉਹਨਾਂ ਦੇ ਗੁਰੂ ਸਾਹਿਬ ਦੇ ਪਾਵਨ ਸਰੂਪ ਅਗਨ ਭੇਂਟ ਹੋਏ ਸਨ ਨਾ ਕੇ ਬਤੌਰ ਸਕੱਤਰ ਡਿਊਟੀ ਲਾ ਕੇ ਗਏ ਸੀ।ਬੇਸ਼ੱਕ ਬਰਗਾੜੀ ਦਾ ਕਾਂਡ ਹੋ ਚੁੱਕਾ ਸੀ, ਪਰ ਜੋ ਪਾਵਨ ਸਰੂਪ ਅਗਨ ਭੇਂਟ ਨਾਲ ਜਾਂ ਪਾਣੀ ਦੀ ਬੌਛਾੜ ਨਾਲ, ਉਹਨਾਂ ਦਾ ਸ੍ਰੀ ਗੋਇੰਦਵਾਲ ਸਾਹਿਬ ਅਗਨ ਭੇਂਟ ਹੋਣਾਂ ਬਹੁਤ ਜ਼ਰੂਰੀ ਸੀ।ਉਸਨੂੰ ਉਹ ਲੁਕਾ ਕਿਵੇਂ ਸਕਦੇ ਸਨ ਅਤੇ ਨਾ ਉਹਨਾਂ ਦਾ ਕੋਈ ਐਸਾ ਅੰਦੇਸਾ ਸੀ।ਇਹ ਕਹਿਣਾ ਗਲਤ ਹੈ ਕਿ ਇਸ ਨੂੰ ਲਕਾਉਣ ਲਈ ਸ੍ਰ.ਮਨਜੀਤ ਸਿੰਘ ਨੇ ਐਂਟਰੀ ਨਹੀਂ ਕਰਾਈ।

ਸ੍ਰ.ਮਨਜੀਤ ਸਿੰਘ ਦੀ ਸਤੰਬਰ 2017 ਵਿੱਚ ਵਾਪਸੀ ਹੋਈ ਹੈ ਕੁਰੂਕਸ਼ੇਤਰ ਵਾਪਸ ਆਉਣ ਤੋਂ ਬਾਅਦ, ਕਿਉਂਕਿ ਉਹ ਕੁਰੂਕਸ਼ੇਤਰ ਤੋਂ ਚੰਡੀਗੜ੍ਹ ਤੋਂ ਵਾਪਸ ਆਏ, ਉਹਨਾਂ ਨੇ ਕੋਈ ਜਾਣਕਾਰੀ ਨਹੀਂ ਲਈ।ਇਸ ਤੋਂ ਬਾਅਦ ਵਿੱਚ ਸ੍ਰ.ਕੁਲਦੀਪ ਸਿੰਘ ਰੋਡੇ (ਇੰਚਾਰਜ਼ ਫਲਾਇੰਗ ਵਿਭਾਗ) ਨੇ ਸ੍ਰ.ਮਨਜੀਤ ਸਿੰਘ ਨੂੰ ਸ੍ਰ.ਕੰਵਲਜੀਤ ਸਿੰਘ ਦੀ ਚਲਦੀ ਇੰਨਕੁਆਰੀ ਬਾਰੇ ਦੱਸਿਆ, ਕੇਸ ਦੀ ਗੰਭੀਰਤਾ ਨੂੰ ਸਮਝਦੇ ਹੋਏ, ਸ੍ਰ.ਮਨਜੀਤ ਸਿੰਘ ਇਹਨਾਂ ਨੂੰ ਡਾ.ਰੂਪ ਸਿੰਘ ਦੇ ਕੋਲ ਲੈ ਕੇ ਗਿਆ, ਉਹਨਾਂ ਨੇ ਕਿਹਾ ਸ੍ਰ.ਕੰਵਲਜੀਤ ਸਿੰਘ ਨੂੰ ਸੱਦੋ।ਸ੍ਰ.ਕੁਲਦੀਪ ਸਿੰਘ ਪਹਿਲਾਂ

ਸ੍ਰ.ਕੰਵਲਜੀਤ ਸਿੰਘ ਨੂੰ ਸ੍ਰ.ਮਨਜੀਤ ਸਿੰਘ ਕੋਲ ਲੈ ਕੇ ਆਇਆ, ਫੇਰ ਉਹ ਉਸਨੂੰ ਡਾ.ਰੂਪ ਸਿੰਘ ਕੋਲ ਲੈ ਕੇ ਗਿਆ।ਉੱਥੇ ਸ੍ਰ.ਕੰਵਲਜੀਤ ਸਿੰਘ ਨੇ ਕਿਹਾ ਕਿ ਘੱਟਦੇ ਸਰੂਪਾਂ ਦੀ ਭੇਟਾ ਉਹ ਆਪਣੇ ਫੰਡ ਵਿੱਚੋਂ ਦੇ ਦੇਵਾਂਗਾ, ਅਜੇ ਉਸ ਕੋਲ ਪੈਸੇ ਨਹੀਂ ਸਨ।ਬਾਅਦ ਵਿੱਚ ਇਸ ਕੇਸ ਨੂੰ ਹੋਰ ਹੀ ਰੰਗਤ ਦੇ ਦਿੱਤੀ, ਸ੍ਰ.ਕੰਵਲਜੀਤ ਸਿੰਘ ਨੇ 2019 ਵਿੱਚ ਜਦ ਸ੍ਰ.ਮਨਜੀਤ ਸਿੰਘ ਕੋਲ ਪਬਲੀਕੇਸ਼ਨ ਵਿਭਾਗ ਆਇਆ ਤਾਂ ਉਹਨਾਂ ਕੋਲ ਰਿਕਵਰੀ ਦਾ ਕੇਸ ਆਇਆ ਜਿਸ ਵਿੱਚ ਸ੍ਰ.ਬਾਜ ਸਿੰਘ ਅਤੇ ਸ੍ਰ.ਕੰਵਲਜੀਤ ਨਾਲ ਸੰਬੰਧਤ ਸੀ।ਉਹਨਾਂ ਕਿਹਾ ਕਿ ਸਬੰਧਿਤ ਦਸਤਾਵੇਜ਼ ਸ੍ਰ.ਬਾਜ ਸਿੰਘ ਦੇ ਦਫਤਰ ਵਿੱਚੋਂ ਲਿਆ ਦੇਵਾਂਗਾ।

ਇਸ ਕੇਸ ਵਿੱਚ ਜਦੋਂ ਦੋਨਾਂ ਨੂੰ ਬੁਲਾਇਆ ਤਾਂ, ਦੋਨਾਂ ਨੇ ਗੱਲ ਇੱਕ ਦੂਸਰੇ ਦੇ ਉੱਪਰ ਪਾ ਕੇ ਲਮਕਾਉਂਦੇ ਰਹੇ।ਸ੍ਰ.ਮਨਜੀਤ ਸਿੰਘ ਨੇ 65-35 ਦਾ ਫੈਸਲਾ ਕਰਕੇ, ਦਫਤਰ ਵਿੱਚ ਬਣਦੇ ਪੈਸੇ ਉਹਨਾਂ ਕੋਲੋਂ ਜਮ੍ਹਾਂ ਕਰਾਏ ਤੇ ਨਾਲ ਹੀ ਇਹ ਫੈਸਲਾ ਕੀਤਾ।ਇਸ ਕੇਸ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਜਾਏ ਕਿ ਕੋਈ ਹੋਰ ਪੈਸੇ ਨਾ ਰਹਿੰਦੇ ਹੋਣ।ਇਸ ਤੋਂ ਸ੍ਰ.ਮਨਜੀਤ ਸਿੰਘ ਦੀ ਬਦਲੀ ਹੋ ਗਈ।ਫੇਰ ਸ੍ਰ.ਕੁਲਦੀਪ ਸਿੰਘ ਰੋਡੇ ਨੇ ਉਹਨਾਂ ਨੂੰ ਇਸ ਕੇਸ ਬਾਰੇ ਦੱਸਿਆ।

ਸ੍ਰ.ਮਨਜੀਤ ਸਿੰਘ ਨੇ ਦੱਸਿਆ ਕਿ ਡਾ.ਰੂਪ ਸਿੰਘ ਜੀ 40 ਦਿਨ੍ਹਾਂ ਦੀ ਛੁੱਟੀ ਲਈ ਬਾਹਰ ਗਏ ਹੋਏ ਹਨ।ਉਹਨਾਂ ਦੀ ਜਗ੍ਹਾ ਸ੍ਰ.ਮਹਿੰਦਰ ਸਿੰਘ ਆਹਲੀ, ਉਹਨਾਂ ਦੀ ਪੋਸਟ ਸਕੱਤਰ ਦੀ ਹੈ, ਪਰ ਉਹ ਪ੍ਰਧਾਨ ਜੀ ਦੇ ਨਿੱਜੀ ਸਕੱਤਰ ਵਜੋਂ ਕੰਮ ਕਰ ਰਹੇ ਹਨ।ਇਸ ਵੇਲੇ ਪਬਲੀਕੇਸ਼ਨ ਵਿਭਾਗ ਅਤੇ ਪ੍ਰੈੱਸ ਸ੍ਰ.ਮਹਿੰਦਰ ਸਿੰਘ ਆਹਲੀ, ਸ੍ਰ.ਪ੍ਰਤਾਪ ਸਿੰਘ (ਐਡੀ:ਸਕੱਤਰ) ਤੇ ਸ੍ਰ.ਗੁਰਿੰਦਰ ਸਿੰਘ ਜੀ ਦਏ ਅਧੀਨ ਹਨ।ਇਹਨਾਂ ਤੋਂ ਬਾਅਦ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਜੀ ਨੂੰ ਪਬਲੀਕੇਸ਼ਨ ਤੋਂ ਧਰਮ ਪ੍ਰਚਾਰ ਵਿੱਚ ਲਿਆਂਦਾ ਗਿਆ ਹੈ।

ਜੋ ਦਸਤਾਵੇਜ਼ 3.(ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.509) ਸ੍ਰ.ਮਨਜੀਤ ਸਿੰਘ ਨੂੰ ਦਿਖਾਇਆ ਗਿਆ ਹੈ ਜੋ ਸ੍ਰ.ਕੰਵਲਜੀਤ ਸਿੰਘ ਦੀ ਸ਼ਿਕਾਇਤ ਮਿਤੀ 15/07/2020 ਦੀ ਹੈ, ਜਿਸ ਵਿੱਚ ਜੋ ਇਲਜ਼ਾਮ ਉਹ ਸ੍ਰ.ਮਨਜੀਤ ਸਿੰਘ 'ਤੇ ਲਗਾ ਰਹੇ ਹਨ ਉਹ ਗਲਤ ਹੈ ਕਿਉਂਕਿ ਪਿਛਲੇ 7-8 ਮਹੀਨਿਆਂ ਤੋਂ ਸ੍ਰ.ਮਨਜੀਤ ਸਿੰਘ ਪਬਲੀਕੇਸ਼ਨ ਜਾਂ ਪ੍ਰੈੱਸ ਵਿੱਚ ਗਏ ਹੀ ਨਹੀਂ।

ਇਸ ਦੌਰਾਨ ਸ੍ਰ.ਕੰਵਲਜੀਤ ਸਿੰਘ ਸੇਵਾਮੁਕਤ ਹੋ ਗਏ, ਜਦ ਕਿ ਉਹਨਾਂ ਨੂੰ ਚਾਰਜ ਮਿਤੀ 21/05/2020 ਨੂੰ ਦਿੱਤਾ ਹੈ।ਇਸ ਲਈ ਕਿਸੀ ਰਿਕਾਰਡ ਦੇ ਨਾਲ ਛੇੜ-ਛਾੜ ਕਰਨਾ ਬੇ-ਬੁਨਿਆਦ ਹੈ।

---

ਪੜਤਾਲ ਕਮੇਟੀ ਨੇ ਸ੍ਰ.ਮਨਜੀਤ ਸਿੰਘ ਜੀ ਸਕੱਤਰ ਨੂੰ ਪੁੱਛਿਆ ਕਿ ਸ੍ਰ.ਕੰਵਲਜੀਤ ਸਿੰਘ ਦੇ ਚਾਰਜ ਦੇਣ ਤੋਂ ਪਹਿਲਾ, ਜੋ ਕੱਚੀਆਂ ਪਰਚੀਆਂ ਜਾ ਡਾਇਰੀਆਂ, ਉਹਨਾਂ ਨੇ ਦਿੱਤੀਆਂ ਤਾਂ ਸ੍ਰ.ਮਨਜੀਤ ਸਿੰਘ ਕਿਹਾ ਕਿ ਇਹ ਸ੍ਰ.ਕੰਵਲਜੀਤ ਸਿੰਘ ਨੂੰ ਪੁੱਛਿਆ ਜਾਏ ਕਿ ਇਹ ਪਰਚੀਆਂ ਜਾਂ ਡਾਇਰੀਆਂ ਸ੍ਰ.ਮਨਜੀਤ ਸਿੰਘ ਨੂੰ ਦਿੱਤੀਆਂ ਜਾਂ ਨਹੀਂ।

ਇਸ ਤੇ ਪੜਤਾਲ ਕਮੇਟੀ ਨੇ ਦੋਨ੍ਹਾਂ ਨੂੰ ਆਹਮੋ-ਸਾਹਮਣੇ ਕੀਤਾ ਤੇ ਸ੍ਰ.ਕੰਵਲਜੀਤ ਸਿੰਘ ਨੂੰ ਪੁੱਛਿਆ ਕਿ ਕੱਚੀਆਂ ਪਰਚੀਆਂ ਤੇ ਡਾਇਰੀਆਂ, ਜਿਨ੍ਹਾਂ ਵਿੱਚ ਉੱਚ ਅਧਿਕਾਰੀਆਂ ਦੇ ਆਦੇਸ਼ ਤੇ ਪਾਵਨ ਸਰੂਪ ਭੇਜੇ ਗਏ ਹਨ, ਦੀ ਨੋਟਿੰਗ ਹੈ, (ਤਕਰੀਬਨ 100 ਕੁ ਹਨ) ਉਹ ਪਰਚੀਆਂ ਤੇ ਡਾਇਰੀ ਸ੍ਰ.ਮਨਜੀਤ ਸਿੰਘ ਨੂੰ ਕਦੇ ਵੀ ਨਹੀਂ ਦਿੱਤੀਆਂ।ਸ੍ਰ.ਕੰਵਲਜੀਤ ਸਿੰਘ ਨੇ ਕਿਹਾ ਕਿ ਉਹ ਪਰਚੀਆਂ ਤੇ ਡਾਇਰੀਆਂ  ਉਸਨੇ ਸ੍ਰ.ਮਹਿੰਦਰ ਸਿੰਘ ਆਹਲੀ ਨੂੰ ਦਿੱਤੀਆਂ ਹਨ, ਨਾ ਕਿ ਸ੍ਰ.ਮਨਜੀਤ ਸਿੰਘ ਨੂੰ।ਸ੍ਰ. ਕੰਵਲਜੀਤ ਸਿੰਘ ਨੇ ਕਿਹਾ ਕਿ ਇੰਚਾਰਜ ਸ੍ਰ. ਪਰਮਦੀਪ ਸਿੰਘ ਦਿ ਕਿਹਣ ‘ਤੇ ਕਿ ਸ੍ਰ. ਮਨਜੀਤ ਸਿੰਘ ਦਾ ਫੋਨ ਆਇਆ ਹੈ, ਉਹ ਪਾਵਨ ਸਰੂਪ ਕੱਚੀ ਪਰਚੀ ‘ਤੇ ਭੇਜ ਦਿੰਦਾ ਸੀ ਪਰ ਪਰਮਦੀਪ ਸਿੰਘ ਨੇ ਇਹ ਕਦੀ ਨਹੀਂ ਦੱਸਿਆ ਕਿ ਇਹਨਾਂ ਪਾਵਨ ਸਰੂਪਾਂ ਦਾ ਕੋਈ ਆਰਡਰ ਪਿਆ ਹੈ ਜਾਂ ਨਹੀਂ।

ਇਸ ਤੇ ਪੜਤਾਲ ਕਮਿਸ਼ਨ ਨੇ ਪਤਾ ਕਰਾਇਆ ਕਿ ਸ੍ਰ.ਪਰਮਦੀਪ ਸਿੰਘ ਕਿੱਥੇ ਹਨ।ਸ੍ਰ.ਪਰਮਦੀਪ ਸਿੰਘ ਦਫਤਰ ਦੀ ਬਜਾਏ ਚੰਡੀਗੜ੍ਹ ਮੀਟਿੰਗ ਵਿੱਚ ਗਏ ਹੋਏ ਸਨ।ਉਹਨਾਂ ਨੂੰ ਫੋਨ ਕਰਕੇ ਪੜਤਾਲ ਕਮਿਸ਼ਨ ਨੇ ਸਪੀਕਰ ‘ਤੇ ਗੱਲ ਕੀਤੀ ਤੇ ਉਹਨਾਂ ਨੂੰ ਪੁੱਛਿਆ ਕਿ ਕਿ ਉਹਨਾਂ ਨੇ ਬਤੌਰ ਇੰਚਾਰਜ ਕਦੇ ਵੀ ਸ੍ਰ. ਮਨਜੀਤ ਸਿੰਘ ਦਾ ਕੱਚੀ ਪਰਚੀ ‘ਤੇ ਪਾਵਨ ਸਰੂਪ ਦੇਣ ਬਾਰੇ ਫੋਨ ਆਇਆ ਜਿਸਦਾ ਜਿਕਰ ਤੁਸੀਂ ਸ੍ਰ.ਕੰਵਲਜੀਤ ਸਿੰਘ ਨਾਲ ਕਰਕੇ ਪਾਵਨ ਸਰੂਪ ਦੇਣ ਦਾ ਆਦੇਸ਼ ਕੀਤਾ ਹੋਵੇ।ਸ੍ਰ.ਪਰਮਦੀਪ ਸਿੰਘ ਨੇ ਕਿਹਾ ਕਿ ਉਹਨਾਂ ਦੀ ਇੱਕ ਸਾਲ ਦੀ ਡਿਊਟੀ ਵਿੱਚ ਐਸਾ ਕਦੇ ਨਹੀਂ ਹੋਇਆ।

ਪੜਤਾਲ ਕਮਿਸ਼ਨ ਨੇ ਇਸ ਤੇ ਸ੍ਰ.ਕੰਵਲਜੀਤ ਸਿੰਘ ਦੇ ਦਸਤਖਤ ਕਰਵਾਏ ਕਿਉਂਕਿ ਸ੍ਰ.ਕੰਵਲਜੀਤ ਸਿੰਘ ਦੇ ਸਨਮੁੱਖ ਇਹ ਬਿਆਨ ਹੋਇਆ।

ਪ੍ਰਸ਼ਨ: ਕੀ ਆਪ ਜੀ ਕੋਲ ਪਬਲੀਕੇਸ਼ਨ ਵਿਭਾਗ ਦਾ ਚਾਰਜ ਸਾਲ 2015 ਵਿੱਚ ਸੀ?

ਉਤਰ: ਇਹਨਾਂ ਨੇ ਦੱਸਿਆ ਕਿ ਇਹਨਾਂ ਕੋਲ ਦਫਤਰੀ ਹੋਰ ਕੰਮਾਂ ਦੇ ਨਾਲ ਸਾਲ 2015 ਵਿੱਚ

ਕੁੱਝ ਸਮ੍ਹਾਂ ਵਾਧੂ ਚਾਰਜ ਰਿਹਾ ਹੈ ਪਰ ਦਫਤਰੀ ਆਰਡਰ ਤੋਂ ਪਤਾ ਲੱਗ ਸਕਦਾ ਹੈ ਕਿ ਉਹਨਾਂ ਕੋਲ ਸਮੇਂ-ਸਮੇਂ ਪਬਲੀਕੇਸ਼ਨ ਦਾ ਚਾਰਜ ਤਕਰੀਬਨ 2-3 ਵਾਰ ਰਿਹਾ ਹੈ।ਮਿਤੀ 18/08/2015 ਨੂੰ ਜਦੋਂ ਫਿਜ਼ੀਕਲ ਵੈਰੀਫਿਕੇਸ਼ਨ ਹੋਈ, ਉਸ ਸਮੇਂ ਪਬਲੀਕੇਸ਼ਨ ਦੇ ਸਕੱਤਰ ਉਹ ਆਪ ਸਨ।

ਪ੍ਰਸ਼ਨ: ਕੀ ਆਪ ਜੀ ਨੂੰ ਸ੍ਰ.ਨਿਸ਼ਾਨ ਸਿੰਘ ਨੇ ਫਿਜ਼ੀਕਲ ਵੈਰੀਫਿਕੇਸ਼ਨ ਦੀ ਰਿਪੋਰਟ ਦਿਖਾਈ ਹੈ? ਦਸਤਾਵੇਜ਼ ਨੰ:(ਦੇਖੋ ਬਿਆਨ ਬੁੱਕ ਭਾਗ 3, ਪਨਾ ਨੰ.510) ਜੋ ਆਪ ਜੀ ਨੂੰ ਦਿਖਾਇਆ ਜਾ ਰਿਹਾ ਹੈ ਕੀ ਇਹ ਰਿਪੋਰਟ ਸ੍ਰ.ਨਿਸ਼ਾਨ ਸਿੰਘ ਦੀ ਹੈ?

ਉਤਰ: ਬਿਲਕੁਲ, ਇਹ ਰਿਪੋਰਟ ਸ੍ਰ.ਨਿਸ਼ਾਨ ਸਿੰਘ ਦੀ ਹੈ।

ਪ੍ਰਸ਼ਨ: ਰਿਪੋਰਟ ਵਿੱਚ ਆਪ ਨੂੰ ਕਿਸੇ ਵੀ ਪ੍ਰਕਾਰ ਦੀ ਸ਼ੰਕਾ ਦਾ ਪ੍ਰਸ਼ਨ ਹੈ?

ਉਤਰ: ਇਹਨਾਂ ਨੇ ਇਹ ਰਿਪੋਰਟ 'ਤੇ ਕੋਈ ਸ਼ੰਕਾ ਨਹੀਂ ਜਤਾਈ, ਇਹ ਫਿਜ਼ੀਕਲ ਵੈਰੀਫਿਕੇਸ਼ਨ ਦੀ ਰਿਪੋਰਟ ਹੈ।ਉਸ ਸਮੇਂ ਦੇ ਰਿਕਾਰਡ ਮੁਤਾਬਿਕ ਇਹ ਬਿਲਕੁਲ ਦਰੁੱਸਤ ਸਨ।

ਪ੍ਰਸ਼ਨ: ਕੀ ਸਟਾਕ ਲੈਜ਼ਰ ਵਿੱਚ ਸਸਪੈਂਸ ਅਕਾਊਂਟ ਵਿੱਚ ਐਂਟਰੀ ਕੀਤੀ ਜਾ ਸਕਦੀ ਹੈ ਜੋ ਤੁਹਾਡੇ ਆਦੇਸ਼ ਅਨੁਸਾਰ ਮਿਤੀ 20/08/2015 ਨੂੰ ਲੈਜ਼ਰ ਸਾਲ 2015-16 ਵਿੱਚ ਕੀਤੀ ਗਈ ਦਸਤਾਵੇਜ਼ ਨੰ: (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.511)

ਉੱਤਰ: ਕਿਉਂਕਿ ਉਸ ਸਮੇਂ ਇਹਨਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਪਾਵਨ ਸਰੂਪ ਕਿਸ ਤਰਾਂ ਵਧੇ ਹਨ।ਸ੍ਰ.ਨਿਸ਼ਾਨ ਸਿੰਘ ਨੂੰ ਬਕਾਇਆ ਚੈੱਕ ਕਰਨ ਵਾਸਤੇ ਵੀ ਕਿਹਾ ਗਿਆ ਕਿ ਸਾਰੇ ਬਕਾਏ ਚੈੱਕ ਕੀਤੇ ਜਾਣ।ਇਹਨਾਂ ਦੇ ਮੁਤਾਬਿਕ ਸ੍ਰ.ਨਿਸ਼ਾਨ ਸਿੰਘ ਨੇ ਸਾਲ 2010 ਤੋਂ ਲੈਜ਼ਰ ਬੈਲੈਂਸ ਚੈੱਕ ਕੀਤੇ ਸਨ।ਫਿਰ ਵੀ ਪਤਾ ਨਾ ਲੱਗਣ ਕਰਕੇ ਇਹ ਪਾਵਨ ਸਰੂਪ ਸਸਪੈਂਸ ਖਾਤੇ ਵਿੱਚ ਜਮ੍ਹਾਂ ਕੀਤੇ ਸਨ।ਇਹ ਚੀਫ ਅਕਾਊਟੈਂਟ ਸ਼੍ਰੋ.ਗੁ.ਪ੍ਰ.ਕਮੇਟੀ ਨੂੰ ਇਸ ਬਾਰੇ ਮਿਲਾਨ ਕਰਨ ਵਾਸਤੇ ਕਿਹਾ ਗਿਆ ਸੀ।ਇਹ ਆਰਡਰ ਮੌਖਿਕ ਸੀ।ਮਿਤੀ 15/09/2015 ਨੂੰ ਦੁਬਾਰਾ ਨੋਟ-ਪੁੱਟ ਅਪ ਹੋਣ 'ਤੇ ਪਬਲੀਕੇਸ਼ਨ ਦੁਆਰਾ ਅਪਡੇਟ ਹੋਣ ਤੇ ਚੀਫ ਅਕਾਊਟੈਂਟ ਸ਼੍ਰੋਮਣੀ.ਗੁ.ਪ੍ਰ.ਕਮੇਟੀ ਨੂੰ ਕਿਹਾ ਗਿਆ ਕਿ ਸਬੰਧਤ ਡੀਲਿੰਗ ਹੈੱਡ ਸ੍ਰ.ਪੰਜਾਬ ਸਿੰਘ,ਅਕਾਊਂਟਸ ਕਲਰਕ ਦੀ ਡਿਊਟੀ ਲਗਾ ਕੇ ਮਿਲਾਣ ਕਰਵਾਇਆ ਜਾਵੇ।

ਪ੍ਰਸ਼ਨ: ਕੀ ਆਪ ਜੀ ਨੇ ਉਸ ਟਾਈਮ ਤੇ ਮਿਲਾਨ ਕਰਵਾਇਆ?

ਉੱਤਰ: ਇਹਨਾਂ ਨੇ ਮਿਲਾਨ ਨਹੀਂ ਕਰਵਾਉਣਾ ਸੀ।ਸਬੰਧਤ ਜੋ ਅਕਾਊਂਟਸ ਡਿਪਾਰਟਮੈਂਟ ਹੈ ਓਹਨਾਂ ਨੇ ਮਿਲਾਣ ਕਰਵਾਉਣਾ ਸੀ।ਉਸ ਸਮੇਂ ਸ੍ਰ.ਮਨਜੀਤ ਸਿੰਘ ਦੀ ਤਬਦੀਲੀ ਵੀ ਹੋ ਗਈ ਸੀ, ਪਰ ਸ੍ਰ.ਮਨਜੀਤ ਸਿੰਘ ਨੂੰ ਇਹਨਾਂ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਕਿ ਮਿਲਾਣ ਹੋਇਆ ਜਾਂ ਨਹੀਂ।

ਪ੍ਰਸ਼ਨ: ਮਿਤੀ 15/09/2015 ਨੂੰ ਸ੍ਰ.ਪੰਜਾਬ ਸਿੰਘ ਨੂੰ ਜਿੰਮੇਵਾਰੀ ਸੌਂਪਣ ਤੋਂ ਬਾਅਦ ਆਪ ਕਿੰਨਾ ਚਿਰ ਸਕੱਤਰ ਦੇ ਅਹੁਦੇ 'ਤੇ ਰਹੇ?

ਉੱਤਰ: (ਮਿਤੀ 18/11/2015 ਤੱਕ), ਉਸ ਤੋਂ ਬਾਅਦ 2 ਮਹੀਨੇ 3 ਦਿਨ ਤੱਕ ਇਹ ਵਿਭਾਗ ਇਹਨਾਂ ਦੇ ਕੋਲ ਰਿਹਾ ਹੈ।

ਪ੍ਰਸ਼ਨ: 239 ਪਾਵਨ ਸਰੂਪਾਂ ਦਾ ਮਿਲਾਣ ਕਰਨ ਵਿੱਚ ਆਪ ਜੀ ਨੂੰ ਕਿੰਨੇ ਦਿਨ ਲੱਗੇ?

ਉੱਤਰ: ਜਦੋਂ ਇਹਨਾਂ ਨੇ ਫਰਕ ਲੱਭਣ ਦੀ ਕੋਸ਼ਿਸ਼ ਕੀਤੀ ਤੇ ਸ੍ਰ.ਨਿਸ਼ਾਨ ਸਿੰਘ ਵੱਲੋਂ ਸਾਲ 2010 ਤੋਂ ਲੈ ਕੇ ਬੈਲੈਂਸ ਚੈੱਕ ਕੀਤੇ ਗਏ, ਤਾਂ ਇਹ ਕਹਿ ਨਹੀਂ ਸਕਦੇ ਕਿ ਕਿੰਨੇ ਦਿਨ ਲੱਗੇ ਕਿਉਂਕਿ ਉਹਨਾਂ ਨੇ ਆਪਣੇ ਰੂਟੀਨ ਦਾ ਕੰਮ ਵੀ ਨਾਲ ਕਰਨਾ ਸੀ।

ਪ੍ਰਸ਼ਨ: ਤੁਹਾਡੇ ਹਿਸਾਬ ਨਾਲ ਕੋਈ ਕਾਰਨ ਦੱਸੋ ਕੀ ਸਟੋਰ ਵਿੱਚ ਪਾਵਨ ਸਰੂਪ ਵੱਧ ਕਿਉਂ ਆ ਰਹੇ ਹਨ?

ਉੱਤਰ: ਸ੍ਰ.ਮਨਜੀਤ ਸਿੰਘ ਦੀ ਸੋਚ ਉਸ ਟਾਈਮ ਇਹ ਸੀ ਕਿ ਕੋਈ ਐਂਟਰੀ ਲਿਖਣ ਤੋਂ ਰਹਿ ਗਈ ਹੈ ਤੇ ਇਹ ਹੀ ਇਹਨਾਂ ਦੇ ਅਕਾਊਂਟਸ ਬ੍ਰਾਂਚ ਦਾ ਕਹਿਣਾ ਹੈ।

ਪ੍ਰਸ਼ਨ: ਤੁਹਾਨੂੰ ਕਦੇ ਅਜਿਹਾ ਸ਼ੱਕ ਨਹੀਂ ਹੋਇਆ ਕਿ ਵਧੇਰੇ ਅੰਗਾਂ ਤੋਂ ਥੱਲੜੇ ਕਰਮਚਾਰੀ ਜਿਲਦਸਾਜ਼ਾਂ ਨਾਲ ਮਿਲਕੇ ਪਾਵਨ ਸਰੂਪ ਤਿਆਰ ਕਰਕੇ, ਬਿਨ੍ਹਾਂ ਬਿੱਲ ਕੱਟੇ ਤੇ ਬਿਨ੍ਹਾਂ ਲੈਜ਼ਰ ਵਿੱਚ ਦਰਜ ਕੀਤਿਆਂ ਬਾਹਰੋਂ ਬਾਹਰ ਹੀ ਸੰਗਤਾਂ ਕੋਲ ਮਾਇਆ ਲੈ ਕੇ ਦੇ ਦਿੰਦੇ ਹਨ?

ਉੱਤਰ: ਨਹੀਂ ਇਹਨਾਂ ਨੂੰ ਕਦੇ ਐਦਾਂ ਦਾ ਸ਼ੱਕ ਨਹੀਂ ਹੋਇਆ ਕਿ ਕੋਈ ਅਜਿਹਾ ਵੀ ਕਰ ਸਕਦਾ ਹੈ।

ਪ੍ਰਸ਼ਨ: ਇਹ ਸਰੂਪਾਂ ਦਾ ਜੋ ਸਸਪੈਂਸ ਅਕਾਊਂਟ 76 ਪਾਵਨ ਸਰੂਪਾਂ ਦਾ ਦਰਜ ਕੀਤਾ ਕੀ ਆਪ ਜੀ ਨੇ ਆਪਣੇ ਉੱਚ ਅਧਿਕਾਰੀ ਪ੍ਰਧਾਨ ਸਾਹਿਬ ਜਾਂ ਅੰਤ੍ਰਿੰਗ ਮੈਂਬਰ ਕੋਲ ਇਸਦਾ ਜ਼ਿਕਰ ਕੀਤਾ?

ਉੱਤਰ: ਕਿਉਂਕਿ ਬਿਨ੍ਹਾਂ ਮਿਲਾਨ ਤੋਂ ਕੁਝ ਵੀ ਕਹਿਣਾ ਅਸੰਭਵ ਸੀ। ਇਸ ਲਈ ਪ੍ਰਧਾਨ ਸਾਹਿਬ ਦੇ ਨੋਟਿਸ ਵਿੱਚ ਨਹੀਂ ਸੀ ਲਿਆਂਦਾ, ਪਰ ਸਾਰੇ ਉੱਚ ਅਧਿਕਾਰੀਆਂ ਨੂੰ ਪਤਾ ਸੀ।

ਪ੍ਰਸ਼ਨ: ਕੀ ਤੁਸੀਂ ਅਜਿਹਾ ਆਦੇਸ਼ ਦਿੱਤਾ ਸੀ ਕਿ ਪਾਵਨ ਸਰੂਪ ‘ਤੇ ਜੋ ਡਿਜ਼ੀਟਲ ਨੰਬਰ ਲੱਗੇ ਹੁੰਦੇ ਹਨ ਉਹਨਾਂ ਦੀ ਲਿਸਟ ਬਣਾਈ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਜੋ ਜਿਲਦਸਾਜ਼ਾਂ ਤੋਂ ਲਾਟ ਆ ਰਿਹਾ ਹੈ, ਇਹ ਓਹੀ ਹੈ?

ਉੱਤਰ: ਇਹ ਚੈੱਕ ਕਰਨਾ ਪਬਲੀਕੇਸ਼ਨ ਅਤੇ ਅਕਾਊਂਟਸ ਸੈਕਸ਼ਨ ਦਾ ਕੰਮ ਸੀ ਜਦੋਂ ਉਹਨਾਂ ਨੇ ਮਿਲਾਣ ਕਰਵਾਉਣਾ ਸੀ।

ਪ੍ਰਸ਼ਨ: ਕੀ ਸਟਾਕ ਨੂੰ ਚੈੱਕ ਕਰਨਾ ਅਕਾਊਂਟਸ ਡਿਪਾਰਟਮੈਂਟ ਦਾ ਕੰਮ ਹੈ?

ਉੱਤਰ: ਜਦੋਂ ਕਿਸੇ ਚੀਜ਼ ਦਾ ਪਤਾ ਨਾ ਲੱਗੇ ਅਤੇ ਸਪੈਸ਼ਲ ਡਿਊਟੀ ਲਗਾਈ ਜਾਵੇ ਤਾਂ ਇਸ ਕਰਕੇ ਸਟਾਕ ਦਾ ਮਿਲਾਣ ਕਰਨਾ ਅਕਾਊਂਟਸ ਅਤੇ ਪਬਲੀਕੇਸ਼ਨ ਦੋਹਾਂ ਦੀ ਜਿੰਮੇਵਾਰੀ ਸੀ।

ਪ੍ਰਸ਼ਨ: ਸ਼੍ਰੋ.ਗੁ.ਪ੍ਰ.ਕਮੇਟੀ ਵੱਲੋਂ ਕੀਤੀ ਇਹ ਪ੍ਰਬੰਧ ਸਕੀਮ ਕਿਸ-ਕਿਸ ਵਿਭਾਗ ਤੇ ਲਾਗੂ ਹੁੰਦੀ ਹੈ?

ਉੱਤਰ: ਇਹ ਸ਼੍ਰੋ.ਗੁ.ਪ੍ਰ.ਕਮੇਟੀ ਦੇ ਸਾਰੇ ਅਦਾਰਿਆਂ ਤੇ ਲਾਗੂ ਹੁੰਦੀ ਹੈ ਜਿਵੇਂ ਪ੍ਰੈੱਸ, ਪਬਲੀਕੇਸ਼ਨ, ਇਹ ਸਕੀਮ ਇਹਨਾਂ ਨੇ ਪੜੀ ਹੋਈ ਹੈ ਤੇ ਇਹ ਇਸ ਤੋਂ ਜਾਣੂੰ ਹਨ।

ਪ੍ਰਸ਼ਨ: ਪ੍ਰਬੰਧ ਸਕੀਮ ਦਾ ਪੰਨਾ ਨੰਬਰ 13 ਅਤੇ 16 ਅ ਇਹ ਕਹਿੰਦਾ ਹੈ ਕਿ ਇਸ ਦੀ ਪੜਤਾਲ ਤੋਂ ਇਲਾਵਾ ਸਾਲ ਵਿੱਚ ਇੱਕ ਵਾਰ ਹਿਸਾਬ-ਕਿਤਾਬ ਗੋਦਾਮਾਂ ਆਦਿ ਦੀ ਮੁਕੰਮਲ ਪੜਤਾਲ ਚੀਫ ਗੁ: ਇੰਸਪੈਕਟਰ ਜਾਂ ਕਿਸੇ ਹੋਰ ਕਰਮਚਾਰੀ ਜਿਸ ਨੂੰ ਸਕੱਤਰ ਸਾਹਿਬ ਨੀਯਤ ਕਰੇ, ਆਪਣੀ ਮੌਜੂਦਗੀ ਵਿੱਚ ਕਰੇਗਾ ਅਤੇ ਪੜਤਾਲ ਅਪਾਣੀ ਰਿਪੋਰਟ ਪ੍ਰਬੰਧਕ ਕਮੇਟੀ ਦੇ ਪੜਤਾਲ ਖਤਮ ਕਰਨ ਤੋਂ 2 ਹਫਤਿਆਂ ਦੇ ਅੰਦਰ ਅੰਦਰ ਕਰੇਗਾ। ਇਸ ਬਾਰੇ ਆਪ ਜੀ ਦਾ ਕੀ ਕਹਿਣਾ ਹੈ?

ਉੱਤਰ: ਇਹ ਮਦ ਗੁ: ਸ਼ੈਕਸਨ 85 ਦੇ ਲਈ ਹੈ,ਇਹ ਪ੍ਰੈਸ ਤੇ ਪਬਲੀਕੇਸ਼ਨ ਤੇ ਲਾਗੂ ਨਹੀਂ ਹੁੰਦਾ ।

ਪ੍ਰਸ਼ਨ: ਇਸ ਪ੍ਰਬੰਧ ਸਕੀਮ ਵਿੱਚ ਕਿਤੇ ਪਬਲੀਕੇਸ਼ਨ ਵਿਭਾਗ ਦਾ ਸੁਚਾਰੂ ਪ੍ਰਬੰਧ ਵਰਣਨ ਹੈ ਜਾਂ ਨਹੀਂ? ਉਹਨਾਂ ਦਾ ਪ੍ਰਬੰਧ ਕਿਵੇਂ ਪੜਤਾਲਿਆ ਜਾ ਸਕਦਾ ਹੈ? ਆਪ ਚਾਨਣਾ ਪਾਓ ।

ਉੱਤਰ: ਇਸਦਾ ਪ੍ਰਬੰਧ ਸਕੀਮ ਵਿੱਚ ਕਿਤੇ ਵੀ ਜ਼ਿਕਰ ਨਹੀਂ ਹੈ।ਇਹ ਪੜਤਾਲ ਇਸੇ ਪ੍ਰਬੰਧ ਸਕੀਮ ਵਿੱਚੋਂ ਹੀ ਲੰਘਣੀ ਹੈ।ਜੋ ਪੜਤਾਲ ਪ੍ਰੈੱਸ ਤੇ ਪਬਲੀਕੇਸ਼ਨ ਵਿਭਾਗ ਦੀ ਹੈ, ਉਹ ਇਸੇ ਪ੍ਰਬੰਧ ਸਕੀਮ ਦਾ ਅੰਗ ਹੈ।ਜੋ ਮੈਨੇਜਰ ਪ੍ਰੈੱਸ ਦਾ ਹੁੰਦਾ ਹੈ ਉਹ ਕੁੱਲ ਪਬਲੀਕੇਸ਼ਨ ਵਿਭਾਗ ਦਾ ਇੰਚਾਰਜ ਹੁੰਦਾ ਹੈ।ਮੀਤ ਸਕੱਤਰ ਇਸ ਤੋਂ ਉਪਰਲਾ ਦਰਜਾ ਹੈ।ਜੋ ਦੋਨਾਂ ਵਾਸਤੇ ਸਾਂਝਾ ਹੈ।ਮੀਤ ਸਕੱਤਰ ਕੋਲ ਇਸ ਸਮੇਂ ਦੋ ਵਿਭਾਗ ਹਨ,ਪਬਲੀਕੇਸ਼ਨ ਅਤੇ ਪ੍ਰੈੱਸ।ਪਰ ਸ੍ਰ.ਮਨਜੀਤ ਸਿੰਘ ਦੇ ਖਿਆਲ ਨਾਲ ਇਹ ਵੱਖ-ਵੱਖ ਹੋ ਸਕਦੇ ਹਨ।

ਜੋ ਚੈਕਿੰਗ ਸ੍ਰ.ਨਿਸ਼ਾਨ ਸਿੰਘ ਵੱਲੋਂ ਕੀਤੀ ਗਈ, ਉਹ ਚੈਕਿੰਗ ਸਮੇਂ ਵਿਭਾਗ ਦੇ ਸਕੱਤਰ ਸ੍ਰ.ਮਨਜੀਤ ਸਿੰਘ ਸਨ।ਇਹਨਾਂ ਨੇ ਆਪ ਇੰਚਾਰਜ ਨਾਲ ਖੜ੍ਹ ਕੇ, ਸਟਾਕ ਦੀ ਆਈਟਮ ਵੱਧ ਹੋਣ ਦੇ ਬਾਵਜੂਦ ਵੀ, ਪਾਵਨ ਸਰੂਪ ਸਸਪੈਂਸ ਖਾਤੇ ਜਮ੍ਹਾਂ ਕੀਤੇ ਸਨ।ਇਹੀ ਇਹਨਾਂ ਵਾਸਤੇ ਪੜਤਾਲ ਵਿੱਚ ਚਾਨਣ ਦਾ ਕੰਮ ਕਰ ਰਿਹਾ ਹੈ।

## 7.53 (ਓਡ) ਬਿਆਨ ਕਰਤਾ: ਸ੍ਰੀ ਨਾਰਾਇਣ ਸਿੰਘ (ਫੋਰਮੈਨ ਗੋਲਡਨ ਆਫਸੈੱਟ ਪ੍ਰੈੱਸ)

ਸ੍ਰੀ ਨਾਰਾਇਣ ਸਿੰਘ ਇਸ ਵੇਲੇ ਬਤੌਰ ਫੋਰਮੈਨ ਗੋਲਡਨ ਆਫਸੈੱਟ ਪ੍ਰੈੱਸ ਵਿਚ ਕੰਮ ਕਰ ਰਹੇ ਹਨ।ਇਹਨਾਂ ਨੇ ਮਿਤੀ 20/10/1993 ਵਿੱਚ ਬਤੌਰ ਮਸ਼ੀਨਮੈਨ ਜੁਆਇਨ ਕੀਤਾ ਸੀ।ਉਸ ਤੋਂ ਬਾਅਦ ਇਹਨਾਂ ਨੂੰ 2008 ਵਿੱਚ ਪ੍ਰਮੋਟ ਕਰਕੇ ਫੋਰਮੈਨ ਲਾ ਦਿੱਤਾ ਗਿਆ।ਇਹਨਾਂ ਦਾ ਕੰਮ ਮਸ਼ੀਨਾਂ ਦੀ ਛੋਟੀ ਮੋਟੀ ਰਿਪੇਅਰ ਕਰਨਾ ਅਤੇ ਉਨਾਂ ਦੀ ਦੇਖਭਾਲ ਕਰਨਾ ਹੈ।ਇਸ ਤੋਂ ਇਲਾਵਾ ਇਹ ਮਸ਼ੀਨਾਂ ਤੇ ਕੀ ਕੰਮ ਚੱਲ ਰਿਹਾ ਹੈ, ਇਸਦੀ ਵੀ ਜਾਣਕਾਰੀ ਰੱਖਦਾ ਹਾਂ।ਮਸ਼ੀਨਾਂ ਤੇ ਕੀ ਕੰਮ ਚਲਾਉਣਾ ਹੈ।ਇਹ ਵੀ ਜਿੰਮੇਵਾਰੀ ਨਿਭਾਉਂਦੇ ਹਨ।ਇਹਨਾਂ ਕੋਲ ਸਿੰਗਲ ਕਲਰ PO36 ਸੁਪਰਵੈਰੀਐਂਟ ਡਬਲ ਕਲਰ ਇਹ ਜਰਮਨ ਦੀ ਹੈ।KBA ਯੂਨੀਵਰਸਲ 105 (4 ਕਲਰ) ਇਹ ਵੀ ਜਰਮਨ ਦੀ ਹੈ।2009 ਵਿੱਚ 4 ਕਲਰ ਦੀ ਮਸ਼ੀਨ ਲੱਗ ਗਈ ਸੀ ਅਤੇ 2010 ਤੋਂ ਇਹ ਮਸ਼ੀਨ ਪਾਵਨ ਸਰੂਪਾਂ ਦੀ ਛਪਾਈ ਲਈ ਇਸਤੇਮਾਲ ਕੀਤੀ ਜਾ ਰਹੀ

ਹੈ।ਪਾਵਨ ਸਰੂਪਾਂ ਦੀ ਛਪਾਈ ਲਈ ਇਹ ਬਿਲਟ ਕੰਪਨੀ ਦਾ ਪੇਪਰ ਵਰਤਦੇ ਹਨ।ਇਸ ਤੋਂ ਇਲਾਵਾ ਜੇ.ਕੇ ਕੰਪਨੀ ਦਾ ਪੇਪਰ ਵੀ ਇਸਤੇਮਾਲ ਕੀਤਾ ਜਾਂਦਾ ਹੈ।ਇਹ ਦੋਨੋਂ ਕੰਪਨੀਆਂ ਦੇ ਪੇਪਰ ਏ ਗ੍ਰੇਡ ਮਿੱਲਾਂ ਦੇ ਪੇਪਰ ਹਨ।ਇਹ ਪੇਪਰ ਇਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਰੀਦ ਵਿਭਾਗ ਦਫ਼ਤਰ ਵੱਲੋਂ ਖਰੀਦ ਕੇ ਦਿੱਤਾ ਜਾਂਦਾ ਹੈ ਅਤੇ ਇਹਨਾਂ ਨੂੰ ਪਬਲੀਕੇਸ਼ਨ ਵਿਭਾਗ ਵੱਲੋਂ ਲਿਖਤੀ ਆਰਡਰ ਮਿਲਦਾ ਹੈ, ਜਿਸ ਤੋਂ ਬਾਅਦ ਇਹ ਆਰਡਰ ਦੇ ਅਨੁਸਾਰ ਵੇਸਟੇਜ਼ ਸਮੇਤ ਆਪਣੀ ਖਰੀਦ ਕਰਨ ਵਾਲੇ ਪੇਪਰ ਦੀ ਮਾਤਰਾ ਸਟੋਰ ਕੀਪਰ ਨੂੰ ਦੱਸ ਦਿੰਦੇ ਹਨ।ਵੇਸਟੇਜ਼ ਦੀ ਪ੍ਰਤੀਸ਼ਤ ਮਾਤਰਾ ਇਹਨਾਂ ਨੂੰ ਐਸ.ਜੀ.ਪੀ.ਸੀ ਵੱਲੋਂ ਸਾਲ 1995 ਵਿੱਚ ਲਿਖਤੀ ਰੂਪ ਵਿੱਚ ਦੇ ਦਿੱਤੀ ਗਈ ਸੀ।ਜੋ ਦਸਤਾਵੇਜ਼ ਓਡ/1 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.520) ਹੈ।ਇਸ ਆਫਿਸ ਨੋਟ ਮੁਤਾਬਿਕ ਜਿਵੇਂ 4 ਰੰਗਾ ਲਈ 8 ਪ੍ਰਤੀਸ਼ਤ ਵੇਸਟੇਜ਼, 1000 ਤੱਕ ਦਿੱਤੀ ਗਈ ਹੈ ਅਤੇ ਪੇਪਰ ਦੀ ਅੱਗੇ ਪਿੱਛੇ ਦੀ ਛਪਾਈ ਲਈ ਵੇਸਟੇਜ਼ 16 ਪ੍ਰਤੀਸ਼ਤ ਲੱਗ ਜਾਂਦੀ ਹੈ।ਇਹ ਜੋ ਖਰੀਦ ਦੀ ਮਾਤਰਾ ਦੱਸਦੇ ਹਨ,ਇਸ ਵੇਸਟੇਜ਼ ਸਮੇਤ ਦੱਸਦੇ ਹਨ।ਆਰਡਰ ਮਿਲਣ ਤੋਂ ਲੈ ਕੇ ਜਿਲਦਸਾਜ਼ਾਂ ਨੂੰ ਸਪਲਾਈ ਕਰਨ ਤੱਕ ਸਾਰਾ ਰਿਕਾਰਡ ਰੱਖਦੇ ਹਨ ਤੇ ਪੇਸ਼ ਕਰ ਸਕਦੇ ਹਨ।ਸ੍ਰੀ ਨਾਰਾਇਣ ਸਿੰਘ ਹਿਮਾਚਲ ਤੋਂ ਹਨ।ਇਹਨਾਂ ਦੀ ਉਮਰ 52 ਸਾਲ ਦੀ ਹੈ ਅਤੇ ਜਨਮ ਮਿਤੀ 15/01/1969 ਹੈ ਅਤੇ ਵਿਦਿੱਅਕ ਯੋਗਤਾ ਦਸਵੀਂ ਹੈ।ਇਹਨਾਂ ਨੇ ਸੋਲਨ ਤੋਂ 1987 ਵਿੱਚ ਕੰਮ ਸਿੱਖਿਆ ਉੱਥੇ ਇਹਨਾਂ ਨੇ ਇੱਕ ਸਾਲ ਕੰਮ ਕੀਤਾ ਜਿਸ ਤੋਂ ਬਾਅਦ ਦਿੱਲੀ ਵਿਚ 1988 ਤੋਂ ਲੈ ਕੇ 1993 ਤੱਕ ਕੁਲਦੀਪ ਪ੍ਰਿੰਟਿੰਗ ਪ੍ਰੈੱਸ, ਨਾਰਾਇਣਾ ਵਿਚ ਕੰਮ ਕੀਤਾ।ਉੱਥੇ ਗੁਰੂ ਮਹਾਰਾਜ ਦੀ ਛਪਾਈ ਕੀਤੀ।ਇਹਨਾਂ ਨੇ ਚਾਰ ਸਾਲ ਉੱਥੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਸੇਵਾ ਨਿਭਾਈ।ਸ੍ਰ.ਅਜੀਤ ਸਿੰਘ ਉਸਦੇ ਮਾਲਕ ਸਨ, ਜਿੰਨਾਂ ਦੀ ਮੌਤ ਹੋ ਗਈ ਸੀ।ਉਨਾਂ ਦੇ ਛੋਟੇ ਭਰਾ ਦੀ ਪ੍ਰੈੱਸ ਅਜੇ ਚੱਲ ਰਹੀ ਹੈ।ਸ੍ਰੀ ਨਾਰਾਇਣ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਮੱਲ੍ਹਨੰਗਲ ਜੀ ਮੈਨੇਜਰ ਸ੍ਰ.ਸੁਰਿੰਦਰ ਸਿੰਘ, ਪਰੂਫ਼ ਰੀਡਰ ਗਿਆਨੀ ਹਰਬੰਸ ਸਿੰਘ ਇਹਨਾਂ ਨੂੰ ਇੱਥੇ ਲੈ ਆਏ।ਮਿਤੀ 22/10/1993 ਨੂੰ ਐਸ.ਜੀ.ਪੀ.ਸੀ. ਵਿੱਚ ਬਤੌਰ ਮਸ਼ੀਨਮੈਨ ਜੁਆਇੰਨ ਕੀਤਾ।ਉਸ ਤੋਂ ਬਾਅਦ ਇਹ ਇਸ ਪ੍ਰੈੱਸ ਵਿੱਚ ਕੰਮ ਕਰ ਰਹੇ ਹਨ।ਬਤੌਰ ਮਕੈਨਿਕ ਇਹ ਹੀ ਇੱਥੇ ਮਸ਼ੀਨਾਂ ਨੂੰ ਸੰਭਾਲਦੇ ਹਨ ਅਤੇ ਇਹਨਾਂ ਨੂੰ ਬਤੌਰ ਫੋਰਮੈਨ ਪ੍ਰਮੋਟ ਕਰ ਦਿੱਤਾ।

ਜਦੋਂ ਵੀ ਇਹਨਾਂ ਕੋਲ ਪਾਵਨ ਸਰੂਪਾਂ ਦੀ ਜਾਂ ਕੋਈ ਹੋਰ ਡਿਮਾਂਡ ਆਉਂਦੀ ਹੈ, ਇਹ ਉਸਦੀ ਸਾਰੀ ਕੈਲਕੁਲੇਸ਼ਨ ਕਰ ਕੇ, ਵੇਸਟੇਜ਼ ਪਾ ਕੇ ਸਟੋਰ ਕੀਪਰ ਨੂੰ ਡਿਮਾਂਡ ਦੇ ਦਿੰਦੇ ਹਨ।ਇੱਕ

ਪਾਵਨ ਸਰੂਪ ਨੂੰ ਚਾਹੇ ਕੋਈ ਵੀ ਸਾਇਜ਼ ਹੋਵੇ, ਉਨਾਂ ਦੀ 179 (ਤਤਕਰੇ ਤੋਂ ਬਿਨਾਂ) ਅਤੇ 181 (ਤਤਕਰੇ ਪਾ ਕੇ) ਫਰਮੇ ਲੱਗਦੇ ਹਨ।ਇੱਕ ਫਰਮੇ ਵਿਚ 8 ਅੰਗ ਹੁੰਦੇ ਹਨ।4 ਅੰਗ ਅੱਗੇ ਅਤੇ 4 ਅੰਗ ਪਿੱਛੇ ਹੁੰਦੇ ਹਨ।1000 ਸਰੂਪਾਂ ਨੂੰ 2% ਪ੍ਰਤੀ ਰੰਗ ਵੇਸਟੇਜ਼ ਹੈ।1000 ਤੋਂ 5000 ਲਈ 1.5% ਪ੍ਰਤੀ ਰੰਗ ਵੇਸਟੇਜ਼ ਹੈ ਅਤੇ 5000 ਤੋਂ ਵੱਧ 1% ਪ੍ਰਤੀ ਰੰਗ ਵੇਸਟੇਜ਼ ਹੈ।ਜੋ ਕਿ 05/09/1995 ਨੂੰ ਮੈਨੇਜਰ ਸ੍ਰ.ਜੋਗਿੰਦਰ ਸਿੰਘ ਜੋ ਇਸ ਸਮੇਂ ਸੇਵਾ ਮੁਕਤ ਹਨ ਨੇ ਦਸਤਖ਼ਤ ਕੀਤੇ ਹਨ।ਜਿਸ ਨੂੰ ਸ੍ਰ.ਸੁਰਜੀਤ ਸਿੰਘ ਵਿਰਕ ਨੇ ਪ੍ਰਵਾਨਗੀ ਦਿੱਤੀ।ਮਿਤੀ 22/11/1995 ਨੂੰ ਪ੍ਰਵਾਨਗੀ ਦਿੱਤੀ ਗਈ।ਇਸ ਤੋਂ ਇਲਾਵਾ ਵਧੇਰੇ ਅੰਗਾਂ ਵਾਸਤੇ ਮਤਾ ਨਹੀਂ ਪਾਸ ਹੋਇਆ।ਇਹ ਬਿਆਨ ਲਿਖਦਿਆਂ 1000 ਪਾਵਨ ਸਰੂਪਾਂ ਦੇ ਵੇਰਵੇ ਨੂੰ, ਭਾਈ ਨਾਰਾਇਣ ਸਿੰਘ ਤੋਂ ਲੈ ਰਹੇ ਹਾਂ।

ਇੱਕ ਪਾਵਨ ਸਰੂਪ ਵਿਚ 16 ਪ੍ਰਤੀਸ਼ਤ ਵੇਸਟੇਜ਼ ਹੁੰਦੀ ਹੈ।2 ਰਿਮ ਪਾਵਨ ਸਰੂਪ ਵਾਸਤੇ ਜੋ ਲੱਗਦੇ ਹਨ, ਉਹ 1 ਫਰਮੇ ਲਈ ਲੱਗਦੇ ਹਨ।ਇਸ ਲਈ 1000 ਪਾਵਨ ਸਰੂਪਾਂ ਨੂੰ ਪੂਰਾ ਕਰਨ ਲਈ 362 ਰਿਮ ਲੱਗਦੇ ਹਨ, ਬਿਨਾਂ ਵੇਸਟੇਜ਼ ਤੋਂ ।1000 ਪਾਵਨ ਸਰੂਪ ਲਈ ਚਾਰ ਰੰਗਾਂ ਦੀ ਵੇਸਟੇਜ਼ ਪਾ ਕੇ 419 ਰਿਮ 92 ਸ਼ੀਟਾਂ ਲੱਗਦੀਆਂ ਹਨ।ਵੱਡੇ ਅਕਾਰ ਦਾ ਜੋ ਪਾਵਨ ਸਰੂਪ ਹੈ, ਉਸਦਾ ਸਾਈਜ਼ 28'*34' ਹੈ, ਜਿਸ ਵਿਚ 4 ਪੰਨੇ ਅਤੇ 8 ਅੰਗ ਨਿਕਲਣਗੇ।

ਦਰਮਿਆਨੇ ਸਰੂਪ ਦਾ ਸਾਈਜ਼ 23'*30' ਹੈ, ਇਸਦੇ ਵੀ 4 ਪੰਨੇ ਅਤੇ 8 ਅੰਗ ਹੁੰਦੇ ਹਨ।

ਵੱਡੇ ਆਕਾਰ ਦੇ ਰਿਮ ਦਾ ਵਜ਼ਨ : 24.56 kg

$$\frac{28 \times 34 \times 80\ (gsm)}{3100} \quad (formula)$$

ਵੱਡੇ ਆਕਾਰ ਦੇ ਸਰੂਪ ਦਾ ਵਜ਼ਨ : (28'*34')

$$\frac{24.56 \times 181}{500\ (Sheet)} = 8.89$$

1000 ਸਰੂਪਾਂ ਦਾ ਵਜ਼ਨ : 8 ਟਨ 890 ਕਿਲੋ (ਬਿਨਾਂ ਵੇਸਟੇਜ਼ ਤੋਂ)

ਅਤੇ ਵੇਸਟੇਜ਼ ਸਮੇਤ : 10 ਟਨ 312 ਕਿਲੋ ਬਣਦਾ ਹੈ

1000 ਪਾਵਨ ਸਰੂਪਾਂ ਲਈ ਕੁੱਲ ਵੇਸਟੇਜ਼ ਦਾ ਵਜ਼ਨ 57 ਰਿਮ 90 ਸ਼ੀਟ (1422 ਕਿਲੋ ਵਜ਼ਨ)

ਦਰਮਿਆਨਾ ਆਕਾਰ 23"x30")

$$\frac{23 \times 30 \times 80\ (gsm)}{3100} = 17.80\ kg \quad (formula)$$

17.80 KG 1 ਰਿਮ ਦਾ ਵਜ਼ਨ ਹੈ।

ਬਾਈਂਡਨਰ ਨੂੰ ਹੈੱਡ ਆਫਿਸ ਆਰਡਰ ਕਰਦਾ ਹੈ, ਜਿਲਦਸਾਜ਼ਾਂ ਦੇ ਨਾਮ ਕਿ ਕਿਹੜਾ ਜਿਲਦਸਾਜ਼ ਕਿੰਨੇ ਫਰਮੇ ਚੁੱਕੇਗਾ।ਇਹ ਆਰਡਰ ਮੈਨੇਜਰ ਸਾਹਿਬ ਤੋਂ ਆਉਂਦਾ ਹੈ, ਇਸ ਵਿਚ ਸ੍ਰੀ ਨਾਰਾਇਣ ਸਿੰਘ ਦਾ ਕੋਈ ਰੋਲ ਨਹੀਂ ਹੈ।ਮੈਨੇਜਰ ਇਹਨਾਂ ਨੂੰ ਚਿੱਠੀ ਦਿੰਦਾ ਹੈ ਕਿ ਸ੍ਰ.ਜਸਪ੍ਰੀਤ ਸਿੰਘ ਅਤੇ ਸ੍ਰ.ਕੁਲਵੰਤ ਸਿੰਘ ਠੇਕੇਦਾਰਾਂ ਨੂੰ ਕਿੰਨੇ-ਕਿੰਨੇ ਫਰਮੇ ਚੁਕਵਾਉਣੇ ਹਨ।ਇਹ ਜਿਲਦਾਂ ਨੂੰ ਪ੍ਰਿੰਟ ਕਰਨ ਤੋਂ ਬਾਅਦ ਦੋ ਦਿਨਾਂ ਬਾਅਦ ਪ੍ਰਿੰਟ ਕਰਦੇ ਹਨ,ਕਿਉਂਕਿ ਬਰਸਾਤਾਂ ਦੇ ਮੌਸਮ ਵਿਚ ਕਿਸੇ ਸ਼ੀਟ ਤੇ ਵਲ਼ ਆ ਸਕਦਾ ਹੈ।ਅਲੱਗ-ਅਲੱਗ ਸਮੇਂ ਵਿਚ ਅਲੱਗ-ਅਲੱਗ ਰਾਗਾਂ ਦੇ ਫਰਮੇ ਜਦ ਤਿਆਰ ਹੋ ਜਾਂਦੇ ਹਨ, ਇਹ ਜਿਲਦਸਾਜ਼ਾਂ ਨੂੰ ਆਗਿਆ ਅਨੁਸਾਰ ਦੇ ਦਿੰਦੇ ਹਨ।ਜਦੋਂ ਪੂਰਾ ਲਾਟ ਤਿਆਰ ਹੋ ਜਾਂਦਾ ਹੈ, ਇਹ ਜਿਲਦਸਾਜ਼ਾਂ ਨੂੰ ਦੇਣ ਤੋਂ ਬਾਅਦ, ਬਿੱਲ ਦਫ਼ਤਰ ਨੂੰ, ਵੇਸਟੇਜ਼ ਸਮੇਤ, ਦਿੰਦੇ ਹਨ ਅਤੇ ਵੇਸਟੇਜ ਸਮੇਤ ਹੀ ਪ੍ਰਾਪਤ ਕਰਦੇ ਹਨ।

25-30 ਰਿਮ ਪ੍ਰਿੰਟਿੰਗ ਪ੍ਰੈੱਸ ਵਿਚ ਮਸ਼ੀਨ ਚੱਲਣ ਤੋਂ ਪ੍ਰਿੰਟ ਹੋਣ ਉਪਰੰਤ 57.90 ਸ਼ੀਟ ਬੱਚ ਜਾਂਦੇ ਹਨ।ਉਹ ਬਚੇ ਰਿਮ, ਇਹ ਸਟੋਰ ਵਿਚ ਜਮਾਂ ਕਰਾ ਦਿੰਦੇ ਹਨ, ਜਿਸਦਾ ਰਿਕਾਰਡ ਸਟੋਰ ਕੀਪਰ ਰੱਖਦਾ ਹੈ ਤੇ ਉਹ ਇਹ ਵੀ ਦੱਸ ਸਕਦਾ ਹੈ ਕਿ ਕਿੰਨੇ ਰਿਮ ਕਿਸ ਲਿਟਰੇਚਰ ਨੂੰ ਪ੍ਰਿੰਟ ਕਰਨ ਲਈ ਇਸਤੇਮਾਲ ਕੀਤੇ ਗਏ ਹਨ।ਬਾਈਂਡਰ ਇਹਨਾਂ ਨੂੰ ਕਦੇ ਨਹੀਂ ਦਸਦਾ ਕਿ ਵਧੇਰੇ ਅੰਗ ਉਸ ਕੋਲ ਕਿੰਨੇ ਪਏ ਹਨ ਪਰ ਇਹਨਾਂ ਤੋਂ ਆਗਿਆ ਲੈ ਕੇ ਜ਼ਰੂਰ ਦੱਸਦਾ ਹੈ ਕਿ ਕਿੰਨੇ ਫਰਮੇ ਘੱਟ ਹਨ ਤੇ ਫਿਰ ਇਹਨਾਂ ਨੂੰ ਪ੍ਰਿੰਟ ਕਰਨ ਲਈ ਦੱਸਦਾ ਹੈ।

ਜਿਹੜੇ 1000 ਸਰੂਪ ਵੇਸਟੇਜ਼ ਦੇ ਨਾਲ ਇਹ ਬਾਈਂਡਰਾਂ ਨੂੰ ਦਿੰਦੇ ਹਨ, ਉਹ ਵਧੇਰੇ ਅੰਗਾਂ ਤੋਂ ਬਾਈਂਡਰ ਹੋਰ ਸਰੂਪ ਤਿਆਰ ਕਰ ਸਕਦੇ ਹਨ, ਜਿਨ੍ਹਾਂ ਦੀ ਗਿਣਤੀ ਇਹਨਾਂ ਕੋਲ ਨਹੀਂ

ਆਉਂਦੀ ਪਰ ਕਿਸੇ ਫਰਮੇ ਚੋਂ ਕੋਈ ਅੰਗ ਘੱਟ ਹੋਣ ਤੇ ਇਹਨਾਂ ਤੋਂ ਛਾਪਣ ਦੀ ਆਗਿਆ ਲੈਣ ਜ਼ਰੂਰ ਆਉਂਦੇ ਹਨ।

ਪਹਿਲਾ ਹਰੇਕ ਅੰਗ ਤੇ ਐਸ.ਜੀ.ਪੀ.ਸੀ ਦੀ ਮੋਹਰ ਲੱਗਦੀ ਸੀ ਜੋ ਪਿਛਲੇ 7-8 ਸਾਲਾਂ ਤੋਂ ਲੱਗਣੀ ਬੰਦ ਹੋ ਗਈ ਸੀ।ਜੇ ਸ੍ਰ ਨਾਰਾਇਣ ਸਿੰਘ ਨੂੰ ਬਾਈਂਡਰਾਂ ਕੋਲ ਲੈ ਕੇ ਜਾਇਆ ਜਾਵੇ ਤਾਂ ਉੱਹ ਦੱਸ ਸਕਦੇ ਹਨ ਕਿ ਇਹ ਕਦੋਂ ਤੋਂ ਬੰਦ ਹੋਇਆ ਹੈ ਜਾਂ ਇਹਨਾਂ ਨੂੰ ਥੋੜੀ ਮਿਹਨਤ ਕਰਨੀ ਪਵੇਗੀ ਤਾਂ ਦੱਸ ਪਾਣਗੇ ਕਿ ਇਹ ਮੋਹਰ ਕਦੋਂ ਤੋਂ ਲੱਗਣੀ ਬੰਦ ਹੋਈ ਹੈ।ਜਿੰਨਾਂ ਵੇਸਟੇਜ਼ ਜਿਲਦਸਾਜ਼ਾਂ ਕੋਲ ਹੈ ਉਹਨਾਂ ਨੇ ਨਾ ਹੀ ਕਦੇ ਵਾਪਸ ਕੀਤਾ ਨਾ ਹੀ ਕਦੇ ਦੱਸਿਆ ਕਿ ਕਿੰਨਾ ਵੇਸਟੇਜ਼ ਉਨ੍ਹਾਂ ਕੋਲ ਹੈ।

ਜਿਵੇਂ 1000 ਸਰੂਪ ਦੇ ਆਰਡਰ ਆਉਣ ਤੇ ਸ੍ਰ ਨਾਰਾਇਣ ਸਿੰਘ ਵੇਸਟੇਜ਼ ਸਮੇਤ ਜਦ ਛਾਪਦੇ ਹਨ ਤਾਂ ਇਕੋ ਸਮੇਂ ਵਿਚ ਸਾਰਾ ਸਰੂਪ ਨਹੀਂ ਛੱਪਦਾ, ਇਹ ਅੱਲਗ-ਅਲੱਗ ਸਮੇਂ ਵਿਚ ਇਕ ਅਲਾਟ ਤੇ ਰੈਗੂਲਰ ਪ੍ਰੈੱਸ ਚੱਲੇ ਤਾਂ ਇਕ ਮਹੀਨੇ ਵਿਚ ਪੂਰਾ ਹੋ ਜਾਂਦਾ ਹੈ, ਜੇਕਰ ਉਸ ਪ੍ਰੈੱਸ ‘ਤੇ ਕੋਈ ਹੋਰ ਪ੍ਰਿੰਟਿੰਗ ਨਾ ਹੋ ਰਹੀ ਹੋਵੇ।

ਇਸ ਛਾਪੇ ਦੌਰਾਨ ਵੱਖਰੇ-ਵੱਖਰੇ ਰਾਗ ਕਦੇ ਕਦੇ ਅੱਗੇ-ਪੱਛੇ ਸਮੇਂ ਵਿਚ ਛੱਪਦੇ ਰਹਿੰਦੇ ਹਨ, ਜਿਸਨੂੰ ਸ੍ਰੀ ਨਾਰਾਇਣ ਸਿੰਘ ਅਲੱਗ-ਅਲੱਗ ਜਿਲਦਸਾਜ਼ਾਂ ਨੂੰ ਚੁਕਾਉਂਦੇ ਰਹਿੰਦੇ ਹਨ, ਜਿਸਦਾ ਇਹ ਲਿਖਤ ਰੂਪ ਵਿਚ ਰਿਕਾਰਡ ਨਹੀਂ ਰੱਖਦੇ ਕਿ ਕਿਹੜੇ ਜ਼ਿਲਦਸਾਜ਼ ਨੇ ਕਿੰਨੇ ਫਰਮੇ ਕਿਸ ਸਮੇਂ ਚੁੱਕੇ ਹਨ।ਇਹਨਾਂ ਕੋਲ ਇਕ ਲਿਸਟ ਹੈ ਜਿਸ ਵਿੱਚ ਇਹ ਫਰਮਾਂ ਪ੍ਰਿੰਟ ਹੋਣ ‘ਤੇ ਦਰਜ ਕਰਦੇ ਹਨ।ਐਸਾ ਨਹੀਂ ਹੋ ਸਕਦਾ ਕਿ ਉਸ ਲਾਟ ਦਾ ਫਰਮਾ ਇਹ ਦੁਬਾਰਾ ਛਾਪ ਦੇਣ।ਐਸਾ ਜਰੂਰ ਹੋ ਸਕਦਾ ਹੈ ਕਿ ਕੋਈ ਅੰਗ ਕਿਸੇ ਰਾਗ ਦਾ ਕਿਸੇ ਵੀ ਫਰਮੇ ਚੋਂ ਘੱਟ ਗਿਆ ਹੋਵੇ।ਉਸਦੀ ਮੰਗ ਜ਼ਿਲਦਸਾਜ਼ ਮੈਨੇਜਰ ਤੋਂ ਆਗਿਆ ਲੈ ਕੇ ਦੇਵੇਗਾ ਤੇ ਜਦੋਂ ਦੂਜਾ ਲਾਟ ਪ੍ਰੈੱਸ ਤੇ ਚੜ੍ਹੇ ਕੇਵਲ ਉਸ ਸਮੇਂ ਸ੍ਰੀ ਨਾਰਾਇਣ ਸਿੰਘ ਉਸ ਮੰਗ ਨੂੰ ਛਾਪਣ ਦੀ ਕਿਰਿਆ ਕਰਦੇ ਹਨ।ਇਹ ਕੇਵਲ ਉਸ ਅੰਗ ਨੂੰ ਛਾਪਣ ਵਾਸਤੇ ਪ੍ਰੈੱਸ ਨਹੀਂ ਚਲਾਉਂਦੇ।

ਇਸ ਤਰਾਂ ਕਦੇ ਵੀ ਨਹੀਂ ਹੋਇਆ ਕਿ ਪਾਵਨ ਸਰੂਪਾਂ ਸਬੰਧੀ ਕਿਸੇ ਪ੍ਰਾਈਵੇਟ ਬੰਦੇ ਜਾਂ ਕਿਸੇ ਫਰਮ ਨੇ ਬਾਹਰੋਂ ਪੇਪਰ ਖਰੀਦਿਆ ਹੋਵੇ ਤੇ ਇਹਨਾਂ ਕੋਲੋਂ ਛਪਾਇਆ ਹੋਵੇ।

**7.54 (ਓਢ) ਬਿਆਨ ਕਰਤਾ ਸ੍ਰ.ਸਰਬਜੀਤ ਸਿੰਘ ਵੇਰਕਾ**

ਇਸ ਕੇਸ ਵਿੱਚ ਸ਼ਿਕਾਇਤ ਕਰਤਾ ਪੰਜਾਬ ਮਨੁੱਖੀ ਅਧਿਕਾਰ ਸਗੰਠਨ ਜਿਸਦੇ ਚੇਅਰਮੈਨ ਰਿਟਾਇਰਡ ਹਾਈ ਕੋਰਟ ਜੱਜ ਸ੍ਰ.ਅਜੀਤ ਸਿੰਘ ਬੈਂਸ ਹਨ ਦੇ ਪ੍ਰਿੰਸੀਪਲ ਇਨਵੈਸਟੀਗੇਟਰ ਸ੍ਰ.ਸਰਬਜੀਤ ਸਿੰਘ ਵੇਰਕਾ ਵੱਲੋਂ ਬਿਆਨ ਦਰਜ਼ ਕਰਵਾਏ ਗਏ ਅਤੇ ਸੰਸਥਾ ਵੱਲੋਂ ਕੀਤੀ ਸ਼ਿਕਾਇਤ ਦਸਤਾਵੇਜ਼-ਓਢ/38, (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.596) ਮਿਤੀ 19/05/2016 ਨੂੰ ਅਗਨ ਵਾਕਿਆ ਬਾਰੇ ਪੁਲਿਸ ਕਾਰਵਾਈ ਸੰਬੰਧੀ ਦਸਤਾਵੇਜ਼ ਓਢ/1 ਤੋਂ ਓਢ/9 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.555 ਤੋਂ 564) ਫਾਇਰ ਵਿਭਾਗ ਦੀ ਕਾਰਵਾਈ ਸੰਬੰਧੀ ਦਸਤਾਵੇਜ਼-ਓਢ/10 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.565), ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮਿਤੀ 19/05/2016 ਦੇ ਮਤੇ ਦੀ ਕਾਪੀ ਦਸਤਾਵੇਜ਼-ਓਢ/11(ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.566) ਅਤੇ ਸਬ ਕਮੇਟੀ ਵੱਲੋਂ ਅਗਨ ਵਾਕਿਆ ਬਾਰੇ ਮਿਤੀ 26/05/2016 ਨੂੰ ਪੇਸ਼ ਕੀਤੀ ਰਿਪੋਰਟ ਦੀ ਕਾਪੀ ਦਸਤਾਵੇਜ਼-ਓਢ/12 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.567), ਪਾਵਨ ਸਰੂਪਾਂ ਸਬੰਧੀ ਲੈਜ਼ਰਾਂ ਦੀ ਫੋਟੋ ਕਾਪੀਆਂ ਦਸਤਾਵੇਜ਼-ਓਢ/13 ਤੋਂ ਓਢ/17, (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.571 ਤੋਂ 575) ਸ੍ਰ.ਕਵਲਜੀਤ ਸਿੰਘ ਸਹਾਇਕ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ, ਸ਼੍ਰੋਮਣੀ ਕਮੇਟੀ ਦੀ ਰਿਟਾਇਰਮੈਂਟ ਸਬੰਧੀ ਦਸਤਾਵੇਜ਼ ਓਢ/18 ਤੋਂ ਓਢ/23 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.576 ਤੋਂ 582) ਪਿਛਲੀਆਂ ਤਰੀਕਾਂ ਵਿੱਚ ਪਾਵਨ ਸਰੂਪ ਤਿਆਰ ਕਰਨ ਦੀ ਦਰਖਾਸਤ, ਆਗਿਆ ਦੀ ਕਾਪੀ ਦਸਤਾਵੇਜ਼-ਓਢ/24 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.583), ਸ਼੍ਰੋਮਣੀ ਕਮੇਟੀ ਅਧਿਕਾਰੀ ਸ੍ਰ.ਕਵਲਜੀਤ ਸਿੰਘ ਅਤੇ ਸ੍ਰ.ਬਾਜ ਸਿੰਘ ਦੀ ਭੇਟਾ ਦੇ ਪੈਸੇ ਨਾ ਜਮ੍ਹਾਂ ਕਰਵਾਉਣ ਦੀ ਫੋਨ ਰਿਕਾਰਡਿੰਗ ਦੀ ਸੀ.ਡੀ. ਓਢ/25, 2013-14, 2014-15 ਦੌਰਾਨ ਭੇਟਾ ਦੇ ਪੈਸੇ ਦਫਤਰ ਨਾ ਜਮ੍ਹਾਂ ਕਰਵਾਉਣ ਸੰਬੰਧੀ ਦਸਤਾਵੇਜ਼ ਓਢ/26 ਅਤੇ ਓਢ/27 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.584 ਅਤੇ 585), ਸੀ.ਏ, ਐਸ.ਐਸ. ਕੋਹਲੀ ਐਂਡ ਐਸੋਸੀਏਸ਼ਨ ਵੱਲੋਂ ਇੰਨਟਰਨਲ ਆਡਿਟ ਸੰਬੰਧੀ ਦਿੱਤਾ ਸਰਟੀਫਿਕੇਟ ਦਸਤਾਵੇਜ਼-ਓਢ/28 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.586) ਅਤੇ ਇਸ ਅਧਾਰ ਤੇ ਮੀਤ ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਮੈਨੇਜਰ ਗੁਰਦੁਆਰਾ 85 ਅਤੇ 87 ਨੂੰ ਲਿਖੇ ਪੱਤਰ ਦੀ ਕਾਪੀ ਦਸਤਾਵੇਜ਼-ਓਢ/29 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.587) ਸੀ.ਏ.ਐਸ.ਐਸ. ਕੋਹਲੀ ਐਂਡ ਐਸੋਸੀਏਟਸ ਦੀ ਨਿਯੁਕਤੀ ਸੰਬੰਧੀ ਦਸਤਾਵੇਜ਼ ਓਢ/30 ਤੋਂ ਓਢ/36, (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.588 ਤੋਂ 594)

ਗੁਰਦੁਆਰਾ ਐਕਟ 1925 ਦੀ ਧਾਰਾ 115 ਦੀ ਕਾਪੀ ਦਸਤਾਵੇਜ਼-ਓਢ/37 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.595) ਸ਼੍ਰੋਮਣੀ ਕਮੇਟੀ ਦੇ ਇਸ ਕੇਸ ਸੰਬੰਧੀ ਸਪਸ਼ਟੀਕਰਨ ਦੇ ਪ੍ਰੈੱਸ ਨੋਟ ਦੀ ਕਾਪੀ ਦਸਤਾਵੇਜ਼-ਓਢ/38 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.596 ਤੋਂ 598) ਅਤੇ ਸਬ-ਕਮੇਟੀ ਪੜਤਾਲ ਲਈ ਬਣਾਉਣ ਬਾਰੇ ਦਸਤਾਵੇਜ਼ ਓਢ/39 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.599-600), ਸ੍ਰ.ਕੰਵਲਜੀਤ ਸਿੰਘ ਸਹਾਇਕ ਸੁਪਰਵਾਈਜ਼ਰ (ਰਿਟਾ) ਵੱਲੋਂ ਦਿੱਤੀਆਂ ਦਰਖਾਸਤਾਂ ਦੀ ਕਾਪੀ ਦਸਤਾਵੇਜ਼ ਓਢ/40 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.601-602) ਸ੍ਰ.ਮਹਿੰਦਰ ਸਿੰਘ ਆਹਲੀ ਸਕੱਤਰ ਵੱਲੋਂ ਦਿੱਤੀ ਇੰਟਰਵਿਊ ਦੀ ਸੀ.ਡੀ. ਦਸਤਾਵੇਜ਼-ਓਢ 41 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.603) ਸ੍ਰ.ਸੁਖਦੇਵ ਸਿੰਘ ਭੌਰ ਮੈਂਬਰ ਸ਼੍ਰੋਮਣੀ ਕਮੇਟੀ ਦੇ ਅਖਬਾਰ ਵਿੱਚ ਬਿਆਨ ਦਸਤਾਵੇਜ਼-ਓਢ/42 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.608 ਤੋਂ 615 ਤੱਕ) ਅਤੇ ਸਟੈਚੂਟਰੀ ਆਡੀਟਰਜ਼ ਵੱਲੋਂ ਆਡਿਟ ਦੌਰਾਨ ਰਿਕਾਰਡ ਨਾ ਦੇਣ ਅਤੇ ਕਿਤਾਬਾਂ ਵਿੱਚ ਉਣਤਾਈਆਂ ਬਾਰੇ ਰਿਪੋਰਟਾਂ ਦੀ ਕਾਪੀ ਦਸਤਾਵੇਜ਼ ਓਢ/43 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.616) ਅਤੇ ਓਢ/44 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ.617) ਬਤੌਰ ਸਬੂਤ ਪੇਸ਼ ਕੀਤੀਆਂ।

ਸ੍ਰ.ਸਰਬਜੀਤ ਸਿੰਘ ਵੇਰਕਾ ਵੱਲੋਂ ਬਿਆਨ ਕੀਤਾ ਗਿਆ ਕਿ ਉਹਨਾਂ ਵੱਲੋਂ ਇਸ ਕੇਸ ਬਾਰੇ ਜਾਣਕਾਰੀ ਸ: ਗੱਜਣ ਸਿੰਘ ਰੇਡੀਓ ਰਾਜ ਐਫ.ਐਮ ਵੱਲੋਂ ਪ੍ਰਾਪਤ ਹੋਈ ਸੀ ਅਤੇ ਇਸ ਸੰਬੰਧੀ ਉਹਨਾਂ ਵੱਲੋਂ ਜਾਂਚ ਕਰਨ ਤੇ ਪਤਾ ਲੱਗਾ ਕਿ ਮਿਤੀ 19/05/2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਲੱਗੀ ਅੱਗ ਦੇ ਵਾਕਿਆ ਨੂੰ ਸਿਆਸੀ ਮੁਫਾਦਾਂ ਕਰਕੇ ਨਿਭਾਇਆ ਗਿਆ ਸੀ ਅਤੇ ਇਸ ਵਾਕਿਆ ਵਿੱਚੋਂ 80 ਦੇ ਕਰੀਬ ਪਾਵਨ ਸਰੂਪ ਅੱਗ ਅਤੇ ਪਾਣੀ ਦੀਆਂ ਵਾਛੜਾਂ ਨਾਲ ਨੁਕਸਾਨੇ ਗਏ ਸਨ ਜਿੰਨ੍ਹਾਂ ਦਾ ਸ੍ਰ.ਮਨਜੀਤ ਸਿੰਘ ਐਡੀਸ਼ਨਲ ਸਕੱਤਰ ਅਗਵਾਈ ਹੇਠ ਬਾਉਲੀ ਸਾਹਿਬ, ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਸਸਕਾਰ ਕਰਕੇ ਜਲ ਪ੍ਰਵਾਹ ਕਰ ਦਿੱਤਾ ਗਿਆ ਸੀ ਪਰ ਇਸ ਬਾਰੇ ਕਿਤੇ ਵੀ ਲਿਖਤੀ ਇੰਦਰਾਜ ਨਹੀਂ ਕੀਤਾ ਗਿਆ ਅਤੇ ਨਾਂ ਹੀ ਇਸ ਘਟਨਾ ਬਾਰੇ ਅਖੰਡਪਾਠ ਸਾਹਿਬ ਦੇ ਭੋਗ ਪਾ ਕੇ ਪਛਚਾਤਾਪ ਜਾ ਭੁੱਲਾਂ ਬਖਸ਼ਾਈਆਂ ਗਈਆਂ ਜੋ ਕਿ ਵੱਡੀ ਬੇਅਦਬੀ ਹੈ।ਇਸ ਅਗਨ ਘਟਨਾ ਸਬੰਧੀ ਪੜਤਾਲ ਲਈ ਸ੍ਰ.ਰਘੁਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ ਅਧੀਨ ਕਮੇਟੀ ਦਾ ਗਠਨ ਕੀਤਾ ਗਿਆ ।ਪਰ ਜਾਣ ਬੁੱਝ ਕੇ ਅਗਨ ਭੇਟ ਹੋਏ ਪਾਵਨ ਸਰੂਪਾਂ ਬਾਰੇ ਕੋਈ ਇੰਨਕੁਆਰੀ ਨਹੀਂ ਕੀਤੀ ਗਈ।ਸ੍ਰ.ਸਰਬਜੀਤ ਸਿੰਘ ਵੇਰਕਾ ਨੇ ਇੰਨਾਂ ਸਬੂਤਾਂ ਦੇ ਅਧਾਰ

ਤੇ ਇਹ ਵੀ ਸਾਬਤ ਕੀਤਾ ਕਿ ਪੁਲਿਸ ਵੱਲੋਂ ਵੀ ਮਿਤੀ 19/05/2016 ਦੇ ਅਗਨ ਵਾਕਿਆ ਬਾਰੇ ਕਾਰਵਾਈ ਆਰੰਭ ਕੀਤੀ ਸੀ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਇਸ ਮਾਮਲੇ ਦੀ ਸਿੱਟ ਬਣਾ ਕੇ ਜਾਂਚ ਲਈ ਹੁਕਮ ਕੀਤੇ ਸਨ, ਪਰ ਇਹ ਜਾਂਚ ਨਹੀਂ ਕੀਤੀ ਗਈ ਅਤੇ ਇਹ ਬਿਆਨ ਕੀਤਾ ਗਿਆ ਕਿ ਇਹ ਬਾਦਲ ਪਰਿਵਾਰ ਅਤੇ ਸ੍ਰ.ਸੁਖਬੀਰ ਸਿੰਘ ਬਾਦਲ ਦੀ ਹਦਾਇਤ ਤੇ ਕਾਰਵਾਈ ਨਹੀਂ ਕਰਨ ਦਿੱਤੀ ਗਈ ਜਿੰਨ੍ਹਾਂ ਦੀ ਪੰਜਾਬ ਵਿੱਚ ਉਸ ਸਮੇਂ ਸਰਕਾਰ ਸੀ ਕਿਉਂਕਿ 2017 ਵਿੱਚ ਵਿਧਾਨ ਸਭਾ ਚੋਣਾਂ ਸਨ ਅਤੇ ਅਕਾਲੀ ਸਰਕਾਰ 2015 ਵਿੱਚ ਬੁਰਜ ਜਵਾਰਹ ਸਿੰਘ ਅਤੇ ਬਰਗਾੜੀ ਵਿਖੇ ਹੋਈਆਂ ਬੇਅਦਬੀਆਂ ਕਰਕੇ ਸਿੱਖ ਜੱਥੇਬੰਦੀਆਂ ਦੇ ਨਿਸ਼ਾਨੇ 'ਤੇ ਸਨ।ਸ੍ਰ.ਸਰਬਜੀਤ ਸਿੰਘ ਵੱਲੋਂ ਦਿੱਤੇ ਬਿਆਨ ਅਤੇ ਪੇਸ਼ ਕੀਤੇ ਸਬੂਤ ਇਹ ਸਾਬਤ ਕਰਦੇ ਹਨ ਕਿ ਮਿਤੀ 19/05/2016 ਨੂੰ ਅਗਨ ਭੇਂਟ ਹੋਏ ਪਾਵਨ ਸਰੂਪਾਂ ਅਤੇ ਪਾਣੀ ਨਾਲ ਨੁਕਸਾਨੇ ਸਰੂਪਾਂ ਮਰਿਆਦਾ ਅਨੁਸਾਰ ਕਾਰਵਾਈ ਨਹੀਂ ਕੀਤੀ ਗਈ ਅਤੇ ਇਸ ਲਈ ਬਾਦਲ ਪਰਿਵਾਰ ਦੋਸ਼ੀ ਹੈ, ਪਰ ਉਹਨਾਂ ਨੂੰ ਸਵਾਲ ਪੁੱਛਣ ਤੇ ਦੱਸਿਆ ਕਿ ਉਹਨਾਂ ਇਸ ਸਬੰਧੀ ਸ੍ਰ.ਸੁਖਬੀਰ ਸਿੰਘ ਬਾਦਲ ਦਾ ਪੱਖ ਨਹੀਂ ਜਾਣਿਆ।

ਸ੍ਰ.ਸਰਬਜੀਤ ਸਿੰਘ ਵੇਰਕਾ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਸ੍ਰ.ਕੰਵਲਜੀਤ ਸਿੰਘ ਦੀ ਰਿਟਾਇਰਮੈਂਟ ਦੇ ਸਬੰਧੀ ਦਸਤਾਵੇਜ਼ਾਂ ਦੇ ਅਧਾਰ 'ਤੇ ਇਹ ਬਿਆਨ ਕੀਤਾ ਕਿ 267 ਪਾਵਨ ਸਰੂਪ ਰਿਕਾਰਡ ਮੁਤਾਬਿਕ ਘੱਟ ਸਨ ਅਤੇ ਇਹ ਸਿਫਾਰਿਸ਼ਾਂ ਤੇ ਅਣਅਧਿਕਾਰਤ ਤੌਰ 'ਤੇ ਬਗੈਰ ਰਿਕਾਰਡ ਤੇ ਲਿਆਂਦਿਆਂ ਦਿੱਤੇ ਗਏ ਹਨ ਜੋ ਕਿ ਸੰਗੀਨ ਮਸਲਾ ਹੈ ਅਤੇ ਇਸ ਅਣਗਹਿਲੀ ਕਾਰਨ ਕੋਈ ਵੱਡੀ ਬੇਅਦਬੀ ਦੀ ਘਟਨਾ ਵਾਪਰ ਸਕਦੀ ਹੈ।ਸਵਾਲ ਪੁੱਛਣ 'ਤੇ ਸ੍ਰ.ਸਰਬਜੀਤ ਸਿੰਘ ਵੇਰਕਾ ਨੇ ਮੰਨਿਆ ਕਿ ਭਾਵੇਂ ਉਨ੍ਹਾਂ ਦੀ ਇੰਨਕੁਆਰੀ ਮੁਤਾਬਿਕ 412 ਪਾਵਨ ਸਰੂਪ ਘੱਟ ਸਨ ਪਰ ਉਨ੍ਹਾਂ ਨੇ ਸ੍ਰ.ਕੰਵਲਜੀਤ ਸਿੰਘ ਦੀ ਰਿਟਾਇਰਮੈਂਟ ਦੇ ਦਸਤਾਵੇਜ਼ਾਂ ਨੂੰ ਹੀ ਅਧਾਰ ਬਣਾਇਆ ਸੀ।ਸ੍ਰ.ਸਰਬਜੀਤ ਸਿੰਘ ਵੇਰਕਾ ਨੇ ਆਪਣੇ ਬਿਆਨ ਵਿੱਚ ਸਬੂਤ ਨਾਲ ਇਹ ਸਾਬਤ ਕੀਤਾ ਕਿ ਸੀ.ਏ.ਐਸ.ਐਸ. ਕੋਹਲੀ ਐਸੋਸੀਏਟਸ ਦੀ ਨਿਯੁਕਤੀ ਅਤੇ ਵਾਰ- ਵਾਰ ਸਮ੍ਹੇਂ ਵਿੱਚ ਕੀਤੇ ਵਾਧੇ ਅਤੇ ਐਗਰੀਮੈਂਟ ਮੁਤਾਬਿਕ ਅਕਾਊਂਟਸ ਨੂੰ ਕੰਪਿਊਟਰਾਈਜ਼ਡ ਜਾਂ ਆਨਲਾਈਨ ਨਹੀਂ ਕੀਤਾ ਅਤੇ ਨਾਂ ਹੀ ਇੰਨਟਰਨਲ ਆਡਿਟ ਬਾਰੇ ਕੋਈ ਰਿਪੋਰਟ ਪੇਸ਼ ਕੀਤੀ।ਜੇਕਰ ਇਨ੍ਹਾਂ ਨਿਯਮਾਂ ਮੁਤਾਬਿਕ ਕੰਮ ਕੀਤਾ ਹੁੰਦਾ ਤਾਂ ਇਹ ਘਟਨਾ ਨਹੀਂ ਹੋਣੀ ਸੀ।ਸ੍ਰ.ਸਰਬਜੀਤ ਸਿੰਘ ਵੱਲੋਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਐਸ.ਐਸ.ਕੋਹਲੀ, ਸ੍ਰ.ਸੁਖਬੀਰ ਸਿੰਘ ਬਾਦਲ ਦਾ ਨਜ਼ਦੀਕੀ ਦੋਸਤ ਹੈ ।ਇਸ ਲਈ ਨਿਯਮਾਂ ਦੇ

ਉਲਟ ਉਸਦੀ ਨਿਯੁਕਤੀ ਕੀਤੀ ਗਈ ਅਤੇ ਉਸ ਵੱਲੋਂ ਐਗਰੀਮੈਂਟ ਮੁਤਾਬਿਕ ਕੰਮ ਨਾ ਕਰਨ ਦੇ ਬਾਵਜੂਦ ਉਸਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।ਸ੍ਰ.ਸਰਬਜੀਤ ਸਿੰਘ ਵੇਰਕਾ ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਅਧਿਕਾਰੀ ਵੱਡੀ ਪੱਧਰ ਤੇ ਬੇਨਿਯਮੀਆਂ ਅਤੇ ਘਪਲੇ ਕਰਦੇ ਹਨ ਪਰ ਸਿਆਸੀ ਸਰਪ੍ਰਸਤੀ ਹੋਣ ਕਰਕੇ ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ ਅਤੇ ਸਿੱਖਾਂ ਦੀ ਸਰਵਉੱਚ ਸੰਸਥਾ ਇਹਨਾਂ ਕਰਕੇ ਬਦਨਾਮ ਹੁੰਦੀ ਹੈ।

## 7.55 (ਓਣ) ਬਿਆਨ ਕਰਤਾ ਸ੍ਰ.ਨਿਸ਼ਾਨ ਸਿੰਘ, ਸਾਬਕਾ ਇੰਚਾਰਜ ਪਬਲੀਕੇਸ਼ਨ

ਇਹ ਇਸ ਸਮੇਂ ਬਤੌਰ ਮੀਤ ਸਕੱਤਰ ਡਿਊਟੀ ਨਿਭਾ ਰਹੇ ਹਨ।ਉਹਨਾਂ ਨੇ ਪਬਲੀਕੇਸ਼ਨ ਵਿਭਾਗ ਵਿਖੇ 22/01/2015 ਨੂੰ ਬਤੌਰ ਇੰਚਾਰਜ ਜੁਆਇਨ ਕੀਤਾ ਅਤੇ ਮਿਤੀ 15/11/2015 ਤੱਕ ਤਿੰਨ ਮਹੀਨੇ 23 ਦਿਨ ਰਹੇ।ਇਸ ਸਮੇਂ ਦੌਰਾਨ ਉਹਨਾਂ ਨੇ 18/08/2015 ਨੂੰ ਸ੍ਰ.ਸੁਖਦੇਵ ਸਿੰਘ ਸੁਪਰਵਾਈਜ਼ਰ, ਸ੍ਰ.ਕੰਵਲਜੀਤ ਸਿੰਘ, ਸਹਾਇਕ ਸੁਪਰਵਾਈਜ਼ਰ, ਸ੍ਰ.ਸੁਖਦੇਵ ਸਿੰਘ, ਕਲਰਕ, ਸ਼ੋਅ ਰੂਮ, ਸ੍ਰ.ਜਸਪਿੰਦਰ ਸਿੰਘ, ਸੀ.ਜੀ.ਐਲ ਤੋਂ ਇਲਾਵਾ ਦੋ ਗ੍ਰੰਥੀ ਸਿੰਘਾਂ ਨੂੰ ਲੈ ਕੇ ਮੌਜੂਦਾ ਸਟੋਰ ਚੈੱਕ ਕੀਤਾ ਤਾਂ ਸਟੋਰ ਦੇ ਵਿਚ ਸ੍ਰ.ਕੰਵਲਜੀਤ ਸਿੰਘ, ਸ੍ਰ.ਜਸਪਿੰਦਰ ਸਿੰਘ, ਸੀ.ਜੀ.ਐਲ. ਵੱਲੋਂ ਹਾਲਾਂ ਵਿੱਚ ਬਿਰਾਜਮਾਨ ਪਾਵਨ ਸਰੂਪਾਂ ਦਾ, ਜੋ ਉਸ ਸਮੇਂ ਮੌਜੂਦ ਸਨ, ਦਾ ਵੇਰਵਾ ਤਿਆਰ ਕੀਤਾ ਗਿਆ।ਜਿਸਦਾ ਕੁੱਲ ਜੋੜ 871 ਬਣਿਆ।ਸ੍ਰ.ਕੰਵਲਜੀਤ ਸਿੰਘ ਨੇ ਡਾਕੂਮੈਂਟ ਓਣ/1(ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 663) ਦੇਖ ਕੇ ਇਹ ਮੰਨਿਆ ਕਿ ਸ੍ਰ.ਨਿਸ਼ਾਨ ਸਿੰਘ ਅਤੇ ਸ੍ਰ.ਜਸਪਿੰਦਰ ਸਿੰਘ ਵੱਲੋਂ ਤਿਆਰ ਕੀਤਾ ਦਸਤਾਵੇਜ਼ ਓਣ/1 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 663) ਦਰੁਸਤ ਹੈ।ਲੈਜ਼ਰ ਮੁਤਾਬਿਕ ਕੁਲ ਜੋੜ 835 ਬਣਦਾ ਹੈ।ਜਿਨ੍ਹਾਂ ਵਿਚੋਂ ਸੰਗਤਾਂ ਨੂੰ ਪੰਨਾ ਲੈਜ਼ਰ ਨੰ 72 ਸਾਲ 2015-16 ਪੰਨਾ ਨੰ 55, ਪੰਨਾ ਨੰ 100, ਜੋ ਦਸਤਾਵੇਜ਼ ਓਣ/2, ਓਣ/3 ਅਤੇ ਓਣ/4 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 664-666) ।ਲੈਜ਼ਰ ਦੇ ਪੰਨਾ ਨੰ 90 ਦਸਤਾਵੇਜ਼ ਓਣ/5 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 667) ਮੁਤਾਬਿਕ ਕੁੱਲ ਜੋੜ 835 ਸੀ ਪ੍ਰੰਤੂ ਸੰਗਤਾਂ ਨੂੰ ਭੇਟ ਕੀਤੇ ਜਿੰਨ੍ਹਾ ਦੀ ਕੇਵਲ ਪੋਸਟਿੰਗ ਹੋਣ ਜੋਗੀ ਸੀ, 203 ਨੂੰ ਘਟਾ ਕੇ ਬਾਕੀ ਬੈਲੈਂਸ 632 ਸ੍ਰ.ਕੰਵਲਜੀਤ ਸਿੰਘ ਦਰਜ ਕੀਤਾ ਗਿਆ।ਸ੍ਰ.ਕੰਵਲਜੀਤ ਸਿੰਘ ਨੂੰ ਦੁਬਾਰਾ ਦਸਤਾਵੇਜ਼ ਓਣ/1 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 663) ਦਿਖਾਇਆ ਗਿਆ ਜਿਸਨੂੰ ਉਹਨਾਂ ਨੇ ਠੀਕ ਮੰਨਿਆ।ਇਸ ਤਰ੍ਹਾਂ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਜਸਪਿੰਦਰ ਸਿੰਘ ਵੱਲੋਂ ਮੌਜੂਦਾ ਫਾਰਮੇ ਮੁਤਾਬਿਕ 871 ਵਿਚੋਂ 632 ਘਟਾ ਕੇ

239 ਪਾਵਨ ਸਰੂਪ ਸਟੋਰ ਵਿਚ ਵੱਧ ਪਾਏ ਗਏ, ਜੋ ਲੈਜ਼ਰਾਂ ਵਿਚ ਦਰਜ ਨਹੀਂ ਸਨ।ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਜਸਪਿੰਦਰ ਸਿੰਘ ਦੀ ਲਿਖਤ ਮੁਤਾਬਿਕ ਮੌਜੂਦਾ ਸ੍ਰ.ਸੁਖਦੇਵ ਸਿੰਘ, ਸੁਪਰਵਾਈਜ਼ਰ ਵੱਲੋਂ ਉਕਤ ਵੇਰਵੇ ਮੁਤਾਬਿਕ ਰਿਪੋਰਟ ਕਰਕੇ ਕੇਸ ਸਪੁਰਦ ਕੀਤਾ ਗਿਆ।

ਸ੍ਰ.ਨਿਸ਼ਾਨ ਸਿੰਘ ਨੇ ਸੁਪਰਵਾਈਜ਼ਰ ਦੀ ਰਿਪੋਰਟ ਨੂੰ ਵਾਪਸ ਸੁਪਰਵਾਈਜ਼ਰ ਅਤੇ ਜਿਲਦਸਾਜ਼ ਠੇਕੇਦਾਰ ਪਾਸੋਂ ਪੈਂਡਿੰਗ ਬਿਲਾਂ ਬਾਰੇ ਰਿਪੋਰਟ ਮੰਗੀ ਠੇਕੇਦਾਰ ਵੱਲੋਂ (ਸ੍ਰ.ਜਸਪ੍ਰੀਤ ਸਿੰਘ, ਸ੍ਰ.ਕੁਲਵੰਤ ਸਿੰਘ ਵੱਲੋਂ) ਮਿਤੀ 18/08/2015 ਤੱਕ ਕੋਈ ਪੈਂਡਿੰਗ ਬਿੱਲ ਇਹਨਾਂ ਦਾ ਨਹੀਂ ਇਹ ਲਿਖਤ ਕੀਤੀ ਗਈ।ਜਿਸ ਨੂੰ ਸ੍ਰ.ਕੰਵਲਜੀਤ ਸਿੰਘ ਤੇ ਸ੍ਰ.ਜਸਪਿੰਦਰ ਸਿੰਘ ਨੇ ਤਸਦੀਕ ਕੀਤਾ ਉੱਪਰ ਜੋ ਸਹਾਇਕ ਸੁਪਰਵਾਈਜ਼ਰ ਹਨ ਉਹ ਸ੍ਰ.ਕੁਲਵੰਤ ਸਿੰਘ ਅਤੇ ਸ੍ਰ.ਜਸਪਿੰਦਰ ਸਿੰਘ ਹਨ।ਸੁਪਰਵਾਈਜ਼ਰ ਸ੍ਰ.ਸੁਖਦੇਵ ਸਿੰਘ ਦੀ ਰਿਪੋਰਟ ਮੁਤਾਬਿਕ ਜਿਲਦਸਾਜ਼ ਪਾਸੋਂ ਪੈਂਡਿੰਗ ਬਿਲਾਂ ਦੀ ਰਿਪੋਰਟ ਮੰਗੀ ਸੀ ਦਸਤਾਵੇਜ਼ ੳਣ/6(ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 668) ‘ਤੇ ਸ੍ਰ.ਕੰਵਲਜੀਤ ਸਿੰਘ ਨੇ -X ਮਾਰਕੇ ‘ਤੇ ਆਪਣੇ ਦਸਖਤ ਦੀ ਮੌਜੂਦਗੀ ਨੂੰ ਮੰਨਿਆ ਹੈ।ਉਪਰੰਤ ਸ੍ਰ.ਨਿਸ਼ਾਨ ਸਿੰਘ ਨੇ ਰਿਪੋਰਟ ਦਾ ਵੇਰਵਾ ਦਿੰਦਿਆਂ ਲੈਜ਼ਰ ਕੇਸ ਉਸ ਸਮੇਂ ਦੇ ਸਕੱਤਰ ਸਾਹਿਬ ਸ੍ਰ.ਮਨਜੀਤ ਸਿੰਘ ਜੀ ਦੇ ਅੱਗੇ ਪੇਸ਼ ਕੀਤਾ।ਉਨ੍ਹਾ ਵੱਲੋਂ ਸ੍ਰ.ਕੰਵਲਜੀਤ ਸਿੰਘ ਦੇ ਦੱਸਣ ਮਗਰੋਂ ਕਿ ਸਾਰੇ ਪਾਵਨ ਸਰੂਪਾਂ ਦੀ ਭੇਟਾ ਇਕ ਹੈ ਜਿਸ ਕਰਕੇ ਲੈਜ਼ਰ ਸਾਲ 2013-14 ਵਿਚ ਪੰਨਾ ਨੰ 31 ਦਸਤਾਵੇਜ਼ ੳਣ/7 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 669) ਅਖੀਰਲਾ ਬਕਾਇਆ 237 ਸੀ ਜੋ ਸ੍ਰ.ਨਿਸ਼ਾਨ ਸਿੰਘ ਨੇ ਲੈਜ਼ਰ 2014-15 ਦਸਤਾਵੇਜ਼ ੳਣ/8 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 670) ਪੰਨਾ ਨੰ 64 ਤੇ 237 ਚੁਕਵਾ ਹੀ ਦਸਤਾਵੇਜ਼ ੳਣ/7 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 669) ਤੋਂ ਪਰੰਤੂ ਉਹਨਾਂ ਨੇ ਗਲਤੀ ਨਾਲ 74 ਚੁੱਕ ਲਿਆ ਜਿਸ ਕਰਕੇ 163 ਪਾਵਨ ਸਰੂਪ ਦਾ ਉਹਨਾਂ ਦਾ ਫਰਕ ਜੋ ਕਿ ਘੱਟ ਚੁਕੇ ਸਨ।ਉਹ 237 ਵਿਚੋਂ ਘਟਾਏ ਜਾਣ ਜਿਸ ਦੇ ਅਧਾਰ ‘ਤੇ ਸਕੱਤਰ ਸ੍ਰ.ਮਨਜੀਤ ਸਿੰਘ ਜੀ ਵੱਲੋਂ 163 ਪਾਵਨ ਸਰੂਪ ਗਲਤੀ ਨਾਲ ਘੱਟ ਚੁੱਕੇ ਹਨ ਅਗੇ ਦਿਖਾ ਕੇ ਦਰੁਸਤੀ ਦੀ ਆਗਿਆ ਹੈ।(ਇਹ ਭਾਗ ੳ ਹੈ)

ਭਾਗ ਅ ਵਿਚ 239 ਵਿਚੋਂ 163 ਘਟਾ ਕੇ ਜੋ 76 ਪਾਵਨ ਸਰੂਪ ਵੱਧ ਹਨ, ਦੀ ਸਟੋਰ ਰਸੀਦ ਸਸਪੈਂਸ ਖਾਤੇ ਕੱਟ ਲਈ ਤਾਂ ਜੋ ਕੱਲ ਨੂੰ ਲੋੜ ਪਏ ਤਾਂ ਦਰੁਸਤੀ ਹੋ ਸਕੇ।

ਸਕੱਤਰ ਸ੍ਰ.ਮਨਜੀਤ ਸਿੰਘ ਦੀ ਲਿਖਤ ਮੁਤਾਬਿਕ ਸ੍ਰ.ਕੰਵਲਜੀਤ ਸਿੰਘ ਵੱਲੋਂ ਰਸੀਦ ਨੰ 583 ਦਸਤਾਵੇਜ਼ ਓਣ/9 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 671) ਮਿਤੀ 20/08/2015 ਬਿੱਲ ਬੁੱਕ ਨੰ 6-(01/04/2015) ਰਾਹੀਂ ਸਸਪੈਂਸ ਖਾਤੇ ਪਾਵਨ ਸਰੂਪ ਦਰਮਿਆਨਾ ਆਕਾਰ 57 ਪੰਨਾ ਨੰ 55 ਦਸਤਾਵੇਜ਼ ਓਣ/3 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 665) ਪਾਵਨ ਸਰੂਪ ਵੱਡਾ  ਆਕਾਰ 19 ਪੰਨਾ ਲੈਜ਼ਰ ਨੰ 72 ਕੱਟ ਕੇ ਕੁੱਲ 76 ਪਾਵਨ ਸਰੂਪ ਲੈਜ਼ਰ ਵਿਚ ਜਮ੍ਹਾ ਕੀਤੇ ਗਏ ਜਿਸ ਦੀ ਤਸਦੀਕ ਸ੍ਰ.ਸੁਖਦੇਵ ਸਿੰਘ, ਸੁਪਰਵਾਈਜ਼ਰ ਵੱਲੋਂ ਕੀਤੀ ਗਈ ਜਿਸ ਨੂੰ ਸ੍ਰ.ਕੰਵਲਜੀਤ ਸਿੰਘ ਨੇ ਕਾਊਂਟਰ ਤਹਿਤ ਮੰਨਿਆ ਹੈ।ਸ੍ਰ.ਨਿਸ਼ਾਨ ਸਿੰਘ ਦੇ ਵੇਰਵੇ ਸਹਿਤ ਰਿਪੋਰਟ ਮਿਤੀ 18/08/2015 ਦਸਤਾਵੇਜ਼ ਓਣ/10 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 673) ਨੂੰ ਹੀ ਬਿਆਨ ਮੰਨਿਆ ਜਾਵੇ, ਪੂਰਨ ਤੌਰ ‘ਤੇ।ਇਸ ਉਪਰੋਕਤ ਮਿਤੀ 15/09/2015 ਨੂੰ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਦਲਬੀਰ ਸਿੰਘ, ਹੈਲਪਰ ਵੱਲੋਂ ਫੇਰ ਹਾਲਾਂ ਤੇ ਸ਼ੋ ਰੂਮ ਵਿਚ ਲੈਜ਼ਰਾਂ ਨਾਲ ਸਾਲ 2012-13, 2013-14 ਅਤੇ 2014-15 ਨਾਲ ਮਿਲਾਨ ਕਰਕੇ 49 ਪਾਵਨ ਸਰੂਪ ਵੱਧ ਹਨ ਚਾਲੂ ਸਾਲ ਮਿਲਾਣ ਕਰਨ ਲਈ ਸ੍ਰ.ਪੰਜਾਬ ਸਿੰਘ, ਅਕਾਊਂਟਸ ਕਲਰਕ ਦੀ ਡਿਊਟੀ ਦੀ ਮੰਗ ਕੀਤੀ ਤੇ ਉਸ ਸਮੇਂ ਦੇ ਸੁਪਰਵਾਈਜ਼ਰ ਸ੍ਰ.ਸੁਖਦੇਵ ਸਿੰਘ ਨੂੰ ਰਿਪੋਰਟ ਸ੍ਰ.ਕੰਵਲਜੀਤ ਸਿੰਘ ਨੇ ਮਾਰਕ ਕੀਤੀ ਦਸਤਾਵੇਜ਼ ਓਣ/11 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 674) ਸ੍ਰ.ਸੁਖਦੇਵ ਸਿੰਘ ਵੱਲੋਂ ਚੈੱਕ ਅਤੇ ਮਿਲਾਣ ਕਰਨਾ ਜਰੂਰੀ ਹੈ ਅਤੇ 49 ਵੱਧ ਬਿਰਾਜਮਾਨ ਪਾਵਨ ਸਰੂਪਾਂ ਨੂੰ ਪਹਿਲਾਂ ਦੀ ਤਰ੍ਹਾਂ ਮਿਲਾਣ ਹੋਣ ਤੀਕ ਸਸਪੈਂਸ ਖਾਤੇ ਵਿਚ ਜਮ੍ਹਾ ਕਰ ਲੈਣਾ ਚਾਹੀਦਾ ਹੈ।ਐਸੀ ਰਿਪੋਰਟ ਕਰਦਿਆਂ ਸ੍ਰ.ਨਿਸ਼ਾਨ ਸਿੰਘ ਨੂੰ ਮਾਰਕ ਕੀਤਾ ਗਿਆ।ਮੈਂ ਬਤੌਰ ਇੰਚਾਰਜ ਉਕਤ ਰਿਪੋਰਟ ਅਨੁਸਾਰ 49 ਵੱਧ ਬਿਰਾਜਮਾਨ ਪਾਵਨ ਸਰੂਪਾਂ ਨੂੰ ਸਸਪੈਂਸ ਖਾਤੇ ਜਮ੍ਹਾ ਕਰਨ ਅਤੇ ਸੰਸਥਾ ਦੇ ਹਿੱਤ ਨੂੰ ਮੁਖ ਰੱਖਦੇ ਹੋਏ ਚੈੱਕ ਅਤੇ ਮਿਲਾਣ ਕਰਨ ਲਈ ਸ੍ਰ.ਪੰਜਾਬ ਸਿੰਘ, ਅਕਾਊਂਟਸ ਕਲਰਕ ਦੀ ਡਿਊਟੀ ਲਗਾਉਣ ਸੰਬੰਧੀ ਮਿਤੀ 15/09/2015 ਨੂੰ ਸਕੱਤਰ ਸਾਹਿਬ ਦੇ ਪੇਸ਼ ਕੀਤਾ ਦਸਤਾਵੇਜ਼ ਓਣ/11 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 674) ਅਨੁਸਾਰ.

ਸਕੱਤਰ ਸਾਹਿਬ ਨਾ ਮਿਲਣ ਜਾਂ ਛੁੱਟੀ ਕਾਰਨ ਕੇਸ (ਰਿਪੋਰਟ) ਮਿਤੀ 16/09/2015 ਨੂੰ ਰਿਪੋਰਟ ਸਕੱਤਰ ਸ੍ਰ.ਮਨਜੀਤ ਸਿੰਘ ਦੇ ਪੇਸ਼ ਕੀਤੀ।ਸਕੱਤਰ ਸਾਹਿਬ ਵੱਲੋਂ ਚੀਫ ਅਕਾਊਂਟੈਂਟ ਨੂੰ ਸ੍ਰ.ਪੰਜਾਬ ਸਿੰਘ, ਅਕਾਊਂਟਸ ਕਲਰਕ ਦੀ ਡਿਊਟੀ ਮਿਲਾਣ ਹਿਤ ਨੂੰ ਦੇ ਕੇ ਲਿਖਤੀ ਆਦੇਸ਼ ਕੀਤਾ ਦਸਤਾਵੇਜ਼ ਓਣ/11 (ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 674)  ਸ੍ਰ.ਕੰਵਲਜੀਤ

ਸਿੰਘ ਨੇ ਦਸਤਾਵੇਜ਼ ੳਣ/11 ਨੂੰ ਪੜਤਾਲ ਕਮੇਟੀ ਦੇ ਸਾਹਮਣੇ ਇਸ ਗੱਲ ਨੂੰ ਮੰਨਿਆ ਤੇ ਆਪਣੇ ਦਸਤਖਤ ਮੰਨੇ।ਸ੍ਰ.ਬਾਜ਼ ਸਿੰਘ ਦਾ ਕਹਿਣਾ ਹੈ ਕਿ 15/09/2015 ੳਣ/11 ਨੂੰ ਹੀ ਉਹਨਾਂ ਦਾ ਪੂਰਾ ਬਿਆਨ ਮੰਨਿਆ ਜਾਵੇ।

ਮਿਤੀ 15/09/2015 ਨੂੰ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਦਲਬੀਰ ਸਿੰਘ, ਹੈਲਪਰ ਨੇ ਜੋ ਫਿਜ਼ੀਕਲ ਵੈਰੀਫੀਕੇਸ਼ਨ ਕੀਤੀ ਸੀ ਉਸ ਤੋਂ ਉਪਰੰਤ ਜੋ ਰਿਪੋਰਟ ਪੇਸ਼ ਕੀਤੀ ਸੀ ਉਸ ਵਿੱਚ ਲਿਖਿਆ ਸੀ ਕਿ ਲੈਜ਼ਰ ਬੈਲੈਂਸ 1041 ਹੈ ਤੇ ਹਾਲ/ਸ਼ੋਰੂਮ ਵਿੱਚ ਮੌਜੂਦ ਪਾਵਨ ਸਰੂਪ 1090 ਹਨ।ਕੀ ਤੁਸੀਂ 1041 ਲੈਜ਼ਰ ਬੈਲੈਂਸ ਨੂੰ ਚੈਕ ਕੀਤਾ ਸੀ?

ਸ੍ਰ.ਸੁਖਦੇਵ ਸਿੰਘ ਵੱਲੋਂ ਆਫਿਸ ਨੋਟ ਦਸਤਾਵੇਜ਼ ੳਣ/11 ਚੈੱਕ ਕਰਕੇ ਸ੍ਰ.ਨਿਸ਼ਾਨ ਸਿੰਘ ਨੂੰ ਮਾਰਕ ਕੀਤਾ ਅਤੇ ਉਹਨਾਂ ਨੇ ਵੀ ਆਫਿਸ ਰਿਪੋਰਟ ਮੁਤਾਬਿਕ ਪੜ੍ਹ ਕੇ ਚੈੱਕ ਕਰਕੇ ਸਕੱਤਰ ਸ੍ਰ.ਮਨਜੀਤ ਸਿੰਘ ਦੇ ਸਪੁਰਦ ਕੀਤੀ ਜਿਸ ਤੇ ਸ੍ਰ.ਮਨਜੀਤ ਸਿੰਘ ਜੀ ਨੇ ਸ੍ਰ.ਪੰਜਾਬ ਸਿੰਘ, ਅਕਾਊਂਟਸ ਕਲਰਕ ਦੀ ਡਿਊਟੀ ਲਈ ਚੀਫ ਅਕਾਊਂਟੈਂਟ ਦੇ ਆਦੇਸ਼ ਲਗਾਈ।

ਪੜਤਾਲ ਕਮੇਟੀ ਵੱਲੋਂ ਮਿਤੀ 04/08/2020 ਨੂੰ ਲੈਜ਼ਰ ਚੈੱਕ ਕਰਕੇ ਰਿਪੋਰਟ ਕਰਨ ਬਾਰੇ ਕੀਤੇ ਸਵਾਲ ਅੱਜ ਮਿਤੀ 04/08/2020 ਨੂੰ ਜਦ ਸ੍ਰ.ਨਿਸ਼ਾਨ ਸਿੰਘ ਨੇ ਲੈਜ਼ਰ ਨੂੰ ਦੇਖਿਆ ਤਾਂ ਲੈਜ਼ਰ ਦੀ ਕਟਿੰਗ ਬਹੁਤ ਕੀਤੀ ਹੈ ਅਤੇ ਇਸ ਲਈ ਉਹਨਾਂ ਦੇ ਬਿਆਨ ਨੂੰ ਹੀ ਰਿਪੋਰਟ ਮੰਨ ਲਿਆ ਜਾਵੇ।

ਸ੍ਰ.ਪੰਜਾਬ ਸਿੰਘ ਦੀ ਡਿਊਟੀ ਲੱਗਣ ਉਪਰੰਤ ਉਹਨਾਂ ਨੂੰ ਮਿਲਾਣ ਕਰਨ ਦੀ ਜਾਣਕਾਰੀ ਦਿੱਤੀ ਗਈ ਤੇ ਉਸ ਤੋਂ ਉਪਰੰਤ ਉਨ੍ਹਾਂ ਵੱਲੋਂ ਕੋਈ ਰਿਪੋਰਟ ਪੇਸ਼ ਕੀਤੀ ਗਈ?

ਮਿਤੀ 16/09/2015 ਨੂੰ ਸ੍ਰ.ਨਿਸ਼ਾਨ ਸਿੰਘ ਉਕਤ ਸੰਬੰਧੀ ਉਸ ਸਮੇਂ ਦੇ ਸੁਪਰਵਾਈਜ਼ਰ ਸ੍ਰ.ਸੁਖਦੇਵ ਸਿੰਘ ਕੋਲ ਸ੍ਰ.ਪੰਜਾਬ ਸਿੰਘ ਦੀ ਡਿਊਟੀ ਬਾਰੇ ਜਾਣਕਾਰੀ ਮੰਗੀ ਤਾਂ ਸ੍ਰ.ਸੁਖਦੇਵ ਸਿੰਘ ਨੇ ਕਿਹਾ ਕਿ ਸ੍ਰ.ਮਨਜੀਤ ਸਿੰਘ, ਸਕੱਤਰ ਦੇ ਲਿੱਖਤੀ ਆਦੇਸ਼ ਉਪਰੰਤ ਲਿਖਤੀ ਆਦੇਸ਼ ਅਸਲ ਆਫਿਸ ਨੋਟ ਦਸਤਾਵੇਜ਼ ੳਣ/11 ਸ੍ਰ.ਕੰਵਲਜੀਤ ਸਿੰਘ ਚੀਫ ਅਕਾਊਂਟੈਂਟ ਤੇ ਸ੍ਰ.ਪੰਜਾਬ ਸਿੰਘ ਨੂੰ ਜਾਣਕਾਰੀ ਦੇ ਕੇ ਅਸਲ ਆਫਿਸ ਨੋਟ ਚੀਫ ਅਕਾਊਂਟੈਂਟ ਸ੍ਰ.ਇੰਦਰਪਾਲ ਸਿੰਘ ਨੂੰ ਦੇ ਆਇਆ ।ਇਹ ਗਲ ਪੜਤਾਲ ਕਮੇਟੀ ਦੇ ਸਾਹਮਣੇ ਸ੍ਰ.ਨਿਸ਼ਾਨ ਸਿੰਘ ਦੇ ਹੁੰਦਿਆ ਕੰਵਲਜੀਤ

ਸਿੰਘ ਨੇ ਵੀ ਮੰਨੀ ਹੈ ਅਤੇ ਸ੍ਰ.ਨਿਸ਼ਾਨ ਸਿੰਘ ਦੀ ਰਿਪੋਰਟ ਨੂੰ ਹੀ ਉਹਨਾਂ ਦਾ ਬਿਆਨ ਮੰਨਿਆ ਜਾਵੇ।

ਨੋਟ:- ਲੈਜ਼ਰ ਜੋ ਕਿ ਸ੍ਰ.ਨਿਸ਼ਾਨ ਸਿੰਘ ਨੂੰ ਦਿਖਾਈਆਂ ਗਈਆਂ ਹਨ, 2015-16 ਦੀਆਂ, ਉਸ ਦੇ ਵਿਚ ਇਤਨੀ ਕਟਿੰਗ ਹੈ ਜਿਨ੍ਹਾ ਦੇ ਜੋੜ ਕੱਟੇ ਹਨ ਅਤੇ ਓਵਰ ਰਾਇਟਿੰਗ ਹੈ ਇਸ ਲਈ ਉਹ ਸਮਝ ਤੋਂ ਬਾਹਰ ਹਨ।

1. ਸਾਲ 2015-16 ਵਿੱਚ ਆਪ ਦੀ ਡਿਊਟੀ ਦੇ ਦੋਰਾਨ ਕੀ ਆਪ ਨੇ ਲੈਜ਼ਰਾ ਨੂੰ ਆਪ ਦੇਖਿਆ (ਸਟੋਰ ਲੈਜ਼ਰਾਂ)?

ਸ੍ਰ.ਨਿਸ਼ਾਨ ਸਿੰਘ ਨੇ ਉੱਸ ਦੌਰਾਨ ਉਹਨਾਂ ਲੈਜ਼ਰਾਂ ਦੀ ਚੈਕਿੰਗ ਤੇ ਹਾਲ ਦੀ ਵਾਸਤਵਿਕ ਤਸਦੀਕ ਕੀਤੀ ਸ੍ਰ.ਸੁਖਦੇਵ ਸਿੰਘ, ਸੁਪਰਵਾਈਜ਼ਰ ਸ੍ਰ.ਕੰਵਲਜੀਤ ਸਿੰਘ, ਜਸਪਿੰਦਰ ਸਿੰਘ ,ਸੀ.ਜੀ.ਐਲ, ਸ੍ਰ.ਸੁਖਦੇਵ ਸਿੰਘ, ਕਲਰਕ ਅਤੇ ਦੋ ਗ੍ਰੰਥੀ ਸਿੰਘਾਂ ਨੂੰ ਨਾਲ ਲੈ ਕੇ 18/08/2015 ਨੂੰ ਲੈਜ਼ਰ ਓਤੇ ਹਾਲ ਦੀ ਵਾਸਤਵਿਕ ਤਸਦੀਕ ਕੀਤੀ ਇਸੇ ਤਰ੍ਹਾਂ ਹੀ 15/09/2015 ਨੂੰ ਸ੍ਰ.ਦਲਬੀਰ ਸਿੰਘ ਸ੍ਰ.ਕੰਵਲਜੀਤ ਸਿੰਘ ਤੇ ਸ੍ਰ.ਸੁਖਦੇਵ ਸਿੰਘ ਨੂੰ ਨਾਲ ਲੈ ਕੇ ਲੈਜ਼ਰਾਂ ਅਤੇ ਹਾਲ ਦੀ ਵਾਸਤਵਿਕ ਤਸਦੀਕ ਕੀਤੀ।

2. 2015-16 ਆਪ ਜੀ ਨੇ ਆਪਣੀ ਡਿਊਟੀ ਦੌਰਾਨ ਤੁਸੀਂ ਕਦੇ ਪੈਨਸਲਾਂ (ਕੱਚੀ) ਦੇ ਨਾਲ ਹੋਈਆਂ ਐਂਟਰੀਆਂ ਦਾ ਕਦੀ ਵਿਰੋਧ ਕੀਤਾ?

ਮੌਖਿਕ ਤੌਰ ਤੇ ਸ੍ਰ.ਨਿਸ਼ਾਨ ਸਿੰਘ ਨੇ ਆਪਣੇ ਸਮੇਂ ਵਿੱਚ ਲੈਜ਼ਰਾਂ ਵਿਚ ਪੈੱਨ ਨਾਲ ਐਂਟਰੀਆਂ ਕਰਨ ਦੀ ਹਦਾਇਤ ਕੀਤੀ।ਮਿਤੀ 31/08/2015 ਤੋਂ 10/11/2015 ਤੱਕ ਪੰਨਾ ਨੰ 72 ਤੇ 73 ਦਸਤਾਵੇਜ਼ ਓਣ/12 ਅਤੇ ਓਣ/13(ਦੇਖੋ ਬਿਆਨ ਬੁੱਕ ਭਾਗ 3, ਪੰਨਾਂ ਨੰ. 676 ਅਤੇ 676) ਸ੍ਰ.ਨਿਸ਼ਾਨ ਸਿੰਘ ਨੇ ਆਪ ਪੈੱਨ ਨਾਲ ਚਾਲੂ ਕਰਵਾਈਆਂ ਉੱਪਰ ਸ੍ਰ.ਕੰਵਲਜੀਤ ਸਿੰਘ ਗਲਤੀ ਨਾਲ ਲਿਖਿਆ ਗਿਆ।ਸ੍ਰ.ਨਿਸ਼ਾਨ ਨੇ ਸ੍ਰ.ਸੁਖਦੇਵ ਸਿੰਘ ਨੂੰ ਪੈੱਨ ਨਾਲ ਐਂਟਰੀਆਂ ਕਰਨ ਲਈ ਕਿਹਾ।ਤੇ ਹੋਰ ਕਿਸੇ ਸਮੇਂ ਦੀਆਂ ਪੈਨਸਿਲ ਦੀਆਂ ਐਂਟਰੀਆਂ ਸ੍ਰ.ਨਿਸ਼ਾਨ ਸਿੰਘ ਨੇ ਚੈੱਕ ਨਹੀਂ ਕੀਤੀਆਂ ਪਰ ਆਪਣੇ ਸਮ੍ਹੇ ਉਹਨਾਂ ਨੇ ਪੈੱਨ ਨਾਲ ਐਂਟਰੀਆਂ ਪਵਾਈਆਂ।

3. ਜੋ ਤੁਸੀਂ ਮਿਲਾਨ ਕਰਨ ਉਪਰੰਤ ਰਿਪੋਰਟ ਤਿਆਰ ਕੀਤੀ, ਉਸ ਵਿੱਚ ਪਾਵਨ ਸਰੂਪ ਵੱਡਾ ਆਕਾਰ ਜਾਂ ਦਰਮਿਆਨਾ ਆਕਾਰ ਹੋਣ ਦੇ ਬਾਵਜੂਦ ਤੁਸੀਂ, ਕੇਵਲ ਭੇਟਾ ਇੱਕ ਹੋਣ ਕਾਰਨ, ਇੱਕੋ ਜਿਹਾ ਗਿਣ ਲਿਆ, ਕੀ ਇਹ ਸਹੀ ਹੈ?

ਸ੍ਰ.ਕੰਵਲਜੀਤ ਸਿੰਘ ਤੇ ਸ੍ਰ.ਜਸਪਿੰਦਰ ਸਿੰਘ ਵੱਲੋਂ 18/08/2015 ਨੂੰ ਚੈਕਿੰਗ ਦੌਰਾਨ ਰਿਪੋਰਟ ਤਿਆਰ ਕੀਤੀ ਗਈ ਜੋ ਸੁਪਰਵਾਈਜ਼ਰ ਦੇ ਪੇਸ਼ ਕਰਨ ਉਪਰੰਤ ਸ੍ਰ.ਨਿਸ਼ਾਨ ਸਿੰਘ ਕੋਲ ਪੇਸ਼ ਕੀਤੀ ਗਈ ਤਾਂ ਸਾਰੇ ਪਾਵਨ ਸਰੂਪਾਂ ਦੀ ਭੇਟਾ ਇਕ ਹੋਣ ਕਾਰਨ ਸ੍ਰ.ਕੰਵਲਜੀਤ ਸਿੰਘ ਵੱਲੋਂ ਉਸ ਸਮ੍ਹੇਂ ਵੱਧ ਪਾਏ ਗਏ ਪਾਵਨ ਸਰੂਪਾਂ ਦੇ ਵਿਚੋਂ 163 ਪਾਵਨ ਸਰੂਪ ਜੋ ਜੋੜ ਵਿਚ ਗਲਤੀ ਹੋਣ ਕਾਰਨ ਘੱਟ ਚੁੱਕੇ ਗਏ ਸਨ, ਉਹ ਮੇਰੇ 239 ਸਰੂਪ ਵਿਚੋਂ ਘਟਾ ਕੇ ਦਰੁਸਤੀ ਕੀਤੀ ਜਾਵੇ।163 ਪਾਵਨ ਸਰੂਪ ਦਾ ਮਿਲਾਣ ਪੂਰਾ ਕਰਨ ਵਾਸਤੇ ਸ੍ਰ.ਨਿਸ਼ਾਨ ਸਿੰਘ ਨੇ ਹੀ ਸਿਫਾਰਸ਼ ਕੀਤੀ।

4. ਤੁਸੀ ਜੋ ਪੇਪਰ ਪਾਵਨ ਸਰੂਪ ਵਾਸਤੇ ਵੱਡੇ ਅਤੇ ਛੋਟੇ ਆਕਾਰ ਦੇ ਖ੍ਰੀਦ ਕਰਦੇ ਹੋ, ਕੀ ਉਸ ਦੇ ਰੇਟ ਵਿੱਚ ਕੋਈ ਫਰਕ ਹੈ?

ਜੋ ਉਕਤ ਪਾਵਨ ਸਰੂਪ ਦਾ ਜੋ ਪੇਪਰ ਖ੍ਰੀਦ ਕੀਤਾ ਜਾਂਦਾ ਹੈ ਇਹ ਮੈਨੇਜਰ ਪ੍ਰੈੱਸ/ਅਕਾਊਂਟੈਂਟ ਨੂੰ ਹੀ ਇਸ ਦੀ ਜਾਣਕਾਰੀ ਹੈ।

5. 18/08/2015 ਦੀ ਫਿਜ਼ੀਕਲ ਵੈਰੀਫਿਕੇਸ਼ਨ ਰਿਪੋਰਟ ਅਨੁਸਾਰ ਫਿਜ਼ੀਕਲ ਬੈਲੈਂਸ (ਪਾਵਨ ਸਰੂਪ) ਤੇ ਲੈਜ਼ਰ ਬੈਲੈਂਸ ਅਲੱਗ-ਅਲੱਗ ਵੱਡਾ ਪਾਵਨ ਸਰੂਪ ਅਤੇ ਦਰਮਿਆਣਾ ਪਾਵਨ ਸਰੂਪ ਕਿੰਨੇ-ਕਿੰਨੇ ਸਨ?

ਫਿਜ਼ੀਕਲ ਚੈਕਿੰਗ ਸਮੇ ਪਾਵਨ ਸਰੂਪ ਵੱਡਾ ਆਕਾਰ ਪਦਛੇਦ 37, ਦਰਮਿਆਨਾ 726, ਲੜੀਵਾਰ ਵਡਾ-13 ਅਤੇ ਲੜੀਵਾਰ ਦਰਮਿਆਨਾ 95 ਅਤੇ ਕੁਲ ਜੋੜ 871 ਅਤੇ ਲੈਜ਼ਰ ਅਨੁਸਾਰ ਸੰਗਤਾਂ ਨੂੰ ਭੇਟ ਕੀਤਾ, ਜਿਨ੍ਹਾ ਦੀ ਕੇਵਲ ਪੋਸਟਿੰਗ ਹੋਣ ਯੋਗ ਸੀ, ਨੂੰ ਘਟਾ ਕੇ ਪਾਵਨ ਸਰੂਪ ਵੱਡਾ ਪਦਛੇਦ 8, ਦਰਮਿਆਨਾ 506, ਪਾਵਨ ਸਰੂਪ ਵੱਡਾ 27, ਪਾਵਨ ਸਰੂਪ ਲੜੀਵਾਰ ਦਰਮਿਆਨਾ 91 ਮੁਤਾਬਿਕ ਵੇਰਵਾ ਸੀ ਅਤੇ ਭੇਟਾ ਸੇਮ ਹੋਣ ਕਾਰਨ ਜੋੜ ਇਕੱਠਾ ਕਰਕੇ ਵੱਡੇ ਆਕਾਰ ਦੇ ਜੋੜ ਚੋਂ ਦਰਮਿਆਨਾ ਆਕਾਰ ਦਾ ਜੋੜ ਘਟਾ ਕੇ ਸ੍ਰ.ਕੰਵਲਜੀਤ ਸਿੰਘ ਵੱਲੋਂ ਕਢਿੱਆ ਗਿਆ ਜੋ ਸੁਪਰਵਾਈਜ਼ਰ ਦੀ ਰਿਪੋਰਟ ਉਪਰੰਤ ਸ੍ਰ.ਨਿਸ਼ਾਨ ਸਿੰਘ ਦੀ ਰਿਪੋਰਟ

ਉਪਰੰਤ ਮਾਨਯੋਗ ਸਕੱਤਰ ਸਾਹਿਬ ਵੱਲੋਂ ਦਰੁਸਤੀ ਕੀਤੀ ਗਈ ਅਤੇ ਵੱਧ ਪਾਵਨ ਸਰੂਪ ਸਸਪੈਂਸ ਖਾਤੇ ਜਮ੍ਹਾ ਕਰਨ ਹਿੱਤ ਸ੍ਰ.ਕੰਵਲਜੀਤ ਸਿੰਘ, ਸਹਾਇਕ ਸੁਪਰਵਾਈਜ਼ਰ ਵੱਲੋਂ ਰਸੀਦ ਕੱਟੀ ਗਈ।

ਪ੍ਰਸ਼ਨ. ਆਪਜੀ ਅਗਸਤ 2015 ਵਿੱਚ 3 ਮਹੀਨੇ ਅਤੇ 23 ਦਿਨ ਪਬਲਿਕੇਸ਼ਨ ਵਿਭਾਗ ਵਿੱਚ ਰਹੇ, ਉੱਸ ਸਮੇਂ ਆਪ ਜੀ ਨੇ ਸਟਾਕ ਵਿਚ ਫਿਜ਼ੀਕਲ ਤਸਦੀਕ ਕਰਦਿਆਂ, ਵੱਡੇ ਅਤੇ ਦਰਮਿਆਨੇ ਪਾਵਨ ਸਰੂਪ ਇੱਕੋ ਜਿਹੇ ਕਰਕੇ ਗਿਣਤੀ ਕੀਤੀ, ਇਸ ਬਾਰੇ ਆਪ ਜੀ ਦਾ ਕੀ ਕਹਿਣਾ ਹੈ?

ਉੱਤਰ. ਉਹਨਾਂ ਅਨੁਸਾਰ, ਉਸ ਸਮੇਂ ਪ੍ਰਫਾਰਮਾ ਜੋ ਜਸਪਿੰਦਰ ਸਿੰਘ, ਸੀ.ਜੀ.ਐਲ. ਨੇ ਤਿਆਰ ਕੀਤਾ ਅਤੇ ਸੁਪਰਵਾਈਜ਼ਰ ਵੱਲੋਂ ਪੇਸ਼ ਕੀਤਾ ਗਿਆ ਸੀ, ਉਹਨਾਂ ਨੇ ਆਪਣੀ ਸੋਚ ਅਨੁਸਾਰ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਹੈ, ਪਾਵਨ ਸਰੂਪ ਇੱਕ ਹੈ, ਭੇਟਾ ਇੱਕ ਹੈ, ਸਤਿਕਾਰ ਇੱਕ ਹੈ।ਸੋ ਉਹ ਸਾਰੇ ਪਾਵਨ ਸਰੂਪਾਂ ਨੂੰ ਇੱਕ ਹੀ ਸਮਝਦੇ ਸਨ, ਉੱਸ ਸਮੇਂ ਦੇ ਪਬਲੀਕੇਸ਼ਨ ਵਿਭਾਗ ਦੇ ਪ੍ਰਬੰਧਕਾਂ ਵੱਲੋਂ ਲੈਜ਼ਰ ਵਿੱਚ ਇਸਦਾ ਖਾਤਾ ਵੀ ਇੱਕ ਹੀ ਹੋਣਾ ਚਾਹੀਦਾ ਸੀ, ਜੋ ਉੱਸ ਸਮੇਂ ਦੇ ਪ੍ਰਬੰਧਕਾਂ ਨੇ ਨਹੀਂ ਕੀਤਾ, ਜਿਸ ਕਰਕੇ ਇਹ ਸਾਰੀਆਂ ਮੁਸ਼ਕਿਲਾਂ ਆਈਆਂ ਹਨ।ਜਿਸ ਸਮੇਂ ਖਾਤੇ ਵੰਡ ਹੋਈ ਸੀ, ਉੱਸ ਸਮੇਂ ਭੇਟਾ ਇੱਕ ਨਹੀਂ ਸੀ, ਸਾਰੇ ਪਾਵਨ ਸਰੂਪਾਂ ਦੀ ਭੇਟਾ ਅਲੱਗ-ਅਲੱਗ ਸੀ।ਮੌਕੇ ਦੇ ਸਿਆਣੇ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਇੱਕ, ਭੇਟਾ ਇੱਕ ਕਰ ਦਿੱਤੀ ਗਈ ਸੀ।ਇਸਲਈ ਖਾਤਾ ਲੈਜ਼ਰ ਵਿੱਚ ਇੱਕ ਹੀ ਕਰਨਾ ਬਣਦਾ ਸੀ, ਜੋ ਕਿ ਨਹੀਂ ਕੀਤਾ ਗਿਆ।ਇਸ ਤਰਾਂ ਸਤਿਕਾਰ ਨੂੰ ਮੁੱਖ ਰਖਦਿਆਂ ਹੋਇਆ, ਉਹਨਾਂ ਨੇ ਪਾਵਨ ਸਰੂਪਾਂ (ਜੋਂ ਕਿ ਹਾਲ ਨੰਬਰ 5,3,3 ਏ ਅਤੇ ਸ਼ੋ ਰੂਮ ਵਿਚ ਬਿਰਾਜਮਾਨ ਸਨ) ਦੀ ਗਿਣਤੀ ਚੈੱਕ ਕਰਕੇ, ਉਸ ਸਮੇਂ ਦੀਆਂ ਲੈਜ਼ਰਾਂ ਦਾ ਜੋੜ ਚੈੱਕ ਕਰਕੇ, ਠੇਕੇਦਾਰਾਂ ਦਾ ਕੋਈ ਬਕਾਇਆ ਬਿੱਲ ਪੈਂਡਿੰਗ ਨਹੀਂ ਹੈ, ਇਸ ਦੀ ਲਿਖ਼ਤੀ ਰਿਪੋਰਟ ਲੈਕੇ, ਜੋ ਪਾਵਨ ਸਰੂਪ ਵਧੇ ਹੋਏ ਸਨ, ਉਹ ਸਟੋਰ ਲੈਜ਼ਰ ਵਿੱਚ ਰਸੀਦ ਕਟਾ ਕੇ(ਰਸੀਦ ਨੰਬਰ 583, ਮਿਤੀ 20/08/2015) 76 ਪਾਵਨ ਸਰੂਪ ਲੈਜ਼ਰ ਵਿਚ ਦਰਜ ਕਰਵਾ ਦਿੱਤੇ।ਉਹਨਾਂ ਅਨੁਸਾਰ, ਉਹ ਹੁਣ ਵੀ ਪਾਵਨ ਸਰੂਪਾਂ ਦਾ ਸਤਿਕਾਰ ਇੱਕ ਹੀ ਮੰਨਦੇ ਹਨ, ਅਤੇ ਮੰਨਦੇ ਰਹਿਣਗੇ।ਉਹਨਾਂ ਨੇ ਕਿਹਾ ਕਿ ਜਿਸ ਸਮੇਂ ਭੇਟਾ ਇੱਕ ਕੀਤੀ ਗਈ ਸੀ, ਉੱਸ ਸਮੇਂ ਦੇ ਮੌਜੂਦਾ ਅਧਿਕਾਰੀਆਂ ਵੱਲੋਂ ਜਾਣਕਾਰੀ ਲੈਕੇ ਮਤਾ ਪ੍ਰਾਪਤ ਕਰ ਲਿਆ ਜਾਵੇ।

6. ਪ੍ਰਸ਼ਨ. ਆਪ ਜੀ ਨੇ ਮਤਾ ਦੇਖ ਕੇ, ਵਿਚਾਰ ਕੇ, ਇਹ ਮਤਾ ਮੁਤਾਬਿਕ ਲੈਜਰ ਵਿੱਚ ਚਾੜ੍ਹਿਆ ਹੈ?

ਉੱਤਰ. ਉਹਨਾਂ ਨੇ ਕਿਹਾ ਕਿ ਪਿਛਲੇ 2-3 ਸਾਲਾਂ ਤੋਂ ਚੱਲ ਰਹੇ ਰੂਟੀਨ ਅਨੁਸਾਰ, ਹਰ ਤਰ੍ਹਾਂ ਦੇ ਪਾਵਨ ਸਰੂਪ ਸੰਗਤਾਂ ਨੂੰ ਇੱਕੋ ਜਿਹੀ ਭੇਟਾ ਵਿੱਚ ਦਿੱਤੇ ਜਾ ਰਹੇ ਸਨ।ਇਸੇ ਮੁਤਾਬਿਕ, ਉਹਨਾਂ ਨੇ ਵੱਡੇ-ਛੋਟੇ ਪਾਵਨ ਸਰੂਪ, ਵੱਡੇ ਆਕਾਰ ਪਾਵਨ ਸਰੂਪਾਂ ਵਿੱਚੋਂ ਛੋਟੇ ਪਾਵਨ ਸਰੂਪ ਘਟਾ ਕੇ ਚੜਾ ਦਿੱਤਾ।

7. ਪ੍ਰਸ਼ਨ. ਐਸਾ ਮਤਾ ਵੀ ਹੋਇਆ ਹੈ ਕਿ ਸਟਾਕ ਵਿਚ ਪਾਵਨ ਸਰੂਪ ਵੱਡਾ ਆਕਾਰ ਅਤੇ ਛੋਟੇ ਪਾਵਨ ਸਰੂਪਾਂ ਨੂੰ ਇੱਕੋ ਜਿਹਾ ਗਿਣਿਆ ਜਾ ਸਕਦਾ ਹੈ?

ਉੱਤਰ. ਉਹਨਾਂ ਅਨੁਸਾਰ ਪਾਵਨ ਸਰੂਪਾਂ ਦਾ ਸਤਿਕਾਰ ਇੱਕ, ਭੇਟਾ ਇੱਕ ਹੋਣ ਨੂੰ ਮੱਦੇਨਜਰ ਰਖਦਿਆਂ, ਸਬੰਧਿਤ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਵੇਰਵੇ ਅਨੁਸਾਰ, ਫਿਜ਼ੀਕਲ ਚੈਕਿੰਗ ਕਰਕੇ, ਵੱਡੇ ਜੋੜ ਵਿੱਚੋਂ ਛੋਟਾ ਜੋੜ ਘਟਾ ਕੇ, ਬਾਕੀ ਬਚੇ ਪਾਵਨ ਸਰੂਪ ਲੈਜ਼ਰਾਂ ਵਿੱਚ ਦਰਜ ਕਰਕੇ, ਮਿਲਾਣ ਕਰਨ ਲਈ, ਸਮੇਂ ਸਮੇਂ ਆਫਿਸ ਨੋਟ ਪੁੱਟ ਕੀਤੇ, ਜਿਸ ਪੁਰ ਮੌਜੂਦਾ ਸਮੇਂ ਦੇ ਸਕੱਤਰ ਸਾਹਿਬਾਨ ਵੱਲੋਂ, ਅਕਾਊਂਟਸ ਸੈਕਸ਼ਨ ਦੇ ਅਧਿਕਾਰੀਆਂ ਦੀ, ਜਿਹਨਾਂ ਦੀ ਮਿਲਾਣ ਕਰਨ ਦੀ ਡਿਊਟੀ ਵੀ ਬਣਦੀ ਹੈ, ਡਿਊਟੀ ਲਗਾਈ ਗਈ।ਪਰ ਅਕਾਊਂਟਸ ਸੈਕਸ਼ਨ ਵੱਲੋਂ ਕੋਈ ਬੰਦਾ ਗਿਆ ਜਾਂ ਨਹੀਂ, ਇਸਦੀ ਜਾਣਕਾਰੀ ਸ੍ਰ.ਨਿਸ਼ਾਨ ਸਿੰਘ ਜੀ ਨੂੰ ਨਹੀਂ ਸੀ।ਇਸਤੋਂ ਬਾਅਦ ਸ੍ਰ.ਨਿਸ਼ਾਨ ਸਿੰਘ ਦਾ ਤਬਾਦਲਾ ਹੋ ਗਿਆ।ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 848, ਮਿਤੀ 15/01/2013 ਰਾਹੀਂ, ਚਾਰੇ ਤਰ੍ਹਾਂ ਦੇ ਪਾਵਨ ਸਰੂਪਾਂ ਦੀ ਇੱਕੋ ਹੀ ਦਰਸ਼ਨੀ ਭੇਟਾ ਇੱਕ ਸਾਰ ਨੀਯਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ।ਇਸ ਮਤੇ ਵਿੱਚ ਇਹ ਨਹੀਂ ਲਿਖਿਆ ਕਿ ਚਾਰੋ ਪਾਵਨ ਸਰੂਪਾਂ ਨੂੰ ਇੱਕੋ ਜਿਹਾ ਸਮਝਦਿਆਂ, ਵੱਡੇ ਪਾਵਨ ਸਰੂਪਾਂ ਵਿੱਚੋ ਛੋਟੇ ਘਟਾ ਸਕਦੇ ਹਾਂ।ਉੱਸ ਸਮੇਂ ਸ੍ਰ.ਰਣਜੀਤ ਸਿੰਘ ਐਡੀਸ਼ਨਲ ਸਕੱਤਰ ਸਨ ਅਤੇ ਪਬਲੀਕੇਸ਼ਨ ਵਿਭਾਗ ਦੇ ਸਕੱਤਰ ਸ੍ਰ.ਮਨਜੀਤ ਸਿੰਘ ਜੀ ਸਨ।ਸ੍ਰ.ਨਿਸ਼ਾਨ ਸਿੰਘ ਨੇ ਕਿਹਾ ਕਿ ਉਹਨਾਂ ਦੇ ਬਿਆਨ 04/08/2020 ਵਾਲੇ ਬਿਆਨ ਨਾਲ ਸ਼ਾਮਲ ਕਰ ਲਏ ਜਾਣ।

ਮਿਤੀ 18/08/2015 ਨੂੰ ਵਾਸਤਵਿਕ ਤਸਦੀਕ 871 ਪਾਵਨ ਸਰੂਪ ਲੈਜ਼ਰ ਬੈਲੇਂਸ ਸੰਗਤਾਂ ਨੂੰ ਭੇਟਾ ਸਹਿਤ ਦਿੱਤੇ ਸਨ, ਜਿਹਨਾਂ ਦੀ ਕੇਵਲ ਪੋਸਟਿੰਗ ਹੋਣ ਜੋਗ ਸੀ, ਨੂੰ ਗਿਣਾ ਕੇ ਸਟਾਕ ਲੈਜ਼ਰ 632 ਬਣਦਾ ਸੀ।

8. ਪ੍ਰਸ਼ਨ. ਜੋ ਲੈਜ਼ਰ ਪੜਤਾਲ ਕਮੇਟੀ ਨੂੰ ਸਬਮਿਟ ਕੀਤੇ ਗਏ ਹਨ, ਉਹਨਾਂ ਮੁਤਾਬਿਕ 18/08/2015 ਦਾ ਲੈਜ਼ਰ ਬੈਲੇਂਸ ਵੱਡਾ ਆਕਾਰ, ਦਰਮਿਆਨਾ (ਲੜੀਵਾਰ) ਦੇ ਕੀ ਆ ਰਹੇ ਹਨ?

ਉੱਤਰ. ਸ੍ਰ.ਨਿਸ਼ਾਨ ਸਿੰਘ ਨੇ ਕਿਹਾ ਕਿ ਉਹਨਾਂ ਦੇ ਸਮੇਂ ਦੌਰਾਨ, ਮਿਤੀ 18/08/2015 ਨੂੰ ਲੈਜ਼ਰ ਅਨੁਸਾਰ, ਸ਼ੋ ਰੂਮ ਵਿਚ ਪਏ ਬਿਰਾਜਮਾਨ ਪਾਵਨ ਸਰੂਪ ਘਟਾ ਕੇ ਕ੍ਰਮਵਾਰ ਪਾਵਨ ਸਰੂਪ ਲੜੀਵਾਰ–:

ਵੱਡਾ ਲੜੀਵਾਰ : 27

ਅਤੇ ਦਰਮਿਆਨਾ ਲੜੀਵਾਰ:91

9. ਪ੍ਰਸ਼ਨ. ਪੜਤਾਲ ਕਮੇਟੀ ਜੋ ਲੈਜ਼ਰ ਉਹਨਾਂ ਨੂੰ ਸਬਮਿਟ ਹੋਈਆਂ ਹਨ, ਉਹਨਾਂ ਮੁਤਾਬਿਕ 18/08/2015 ਦੇ ਲੈਜ਼ਰ ਬੈਲੈਂਸ ਪੁੱਛਿਆ ਹੈ, ਨਾ ਕਿ ਜਿਸ ਸਮੇਂ ਨਿਸ਼ਾਨ ਸਿੰਘ ਉੱਥੇ ਉੱਸ ਵਿਭਾਗ ਵਿਚ ਸੀ, ਉੱਸ ਸਮੇਂ ਦੇ ਜ਼ਿਕਰ ਬਾਰੇ ਨਹੀਂ ਪੁੱਛਿਆ?

ਉੱਤਰ. ਪਾਵਨ ਸਰੂਪ ਵੱਡਾ ਆਕਾਰ ਲੈਜ਼ਰ 2015-16 ਪੰਨਾ ਨੰਬਰ 72 ਮੁਤਾਬਿਕ, 18/08/2015 ਨੂੰ ਬਕਾਇਆ 59 ਅਤੇ ਸਾਲ 2013-14 ਪੰਨਾ 31 ਤੋਂ ਸਕੱਤਰ ਸਾਹਿਬ ਦੀ ਆਗਿਆ ਲੈਕੇ ਦਰੁਸਤ ਕੀਤੇ ਅਤੇ ਜਮ੍ਹਾਂ ਕੀਤੇ।163 ਜਮ੍ਹਾ ਕਰਕੇ ਅਤੇ ਮਿਤੀ 20/08/2015 ਨੂੰ ਰਸੀਦ ਨੰਬਰ 583 ਰਾਹੀਂ, ਸਸਪੈਂਸ ਖਾਤੇ 19 ਜਮ੍ਹਾ ਕਰਕੇ ਟੋਟਲ ਮਿਤੀ 20/08/2015 ਤੱਕ 241 ਬਣਦਾ ਸੀ।ਸ੍ਰ.ਨਿਸ਼ਾਨ ਸਿੰਘ ਨੇ ਕਿਹਾ ਕਿ ਉਹਨਾਂ ਦੀ ਤਬਦੀਲੀ ਤੋਂ ਬਾਅਦ ਲੈਜ਼ਰ ਵਿੱਚ ਬਹੁਤ ਕਟਿੰਗ ਕੀਤੀ ਗਈ ਸੀ ਅਤੇ ਜੋੜਾਂ ਵਿੱਚ ਫਰਕ ਪਾਇਆ ਗਿਆ ਸੀ।ਜਿਸ ਬਾਰੇ ਸਬੰਧਿਤ ਅਧਿਕਾਰੀਆਂ ਤੋਂ ਜਾਣਕਾਰੀ ਲੈਣੀ ਚਾਹੀਦੀ ਹੈ, ਜਿਹਨਾਂ ਨੇ ਕਟਿੰਗ ਕੀਤੀ ਹੈ।ਇਸ ਸਮੇਂ ਪੜਤਾਲ ਕਮੇਟੀ ਨੇ ਜੋ ਲੈਜ਼ਰ 2015-16 ਪੰਨਾ ਨੰਬਰ 72 ਦਿਖਾਈ ਹੈ, ਉੱਸ ਪਰ ਕਟਿੰਗ ਕਰਕੇ 391 ਤੇ ਮਿਤੀ 18/08/2015 ਨੂੰ ਹੀ ਘਟਾ ਕੇ, 5 ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਹਨ, ਜੋ ਕਿ ਬਾਅਦ ਵਿੱਚ ਜੋੜ ਲਗਾਇਆ ਹੈ, 391 ਹੈ ਪਰ ਜੋ ਨਿਸ਼ਾਨ ਸਿੰਘ ਦੇ ਸਮੇਂ ਦਾ ਹੈ, ਉਹ 59 ਹੈ।

ਲੈਜ਼ਰ 2015-16 ਪੰਨਾ ਨੰਬਰ 55 ਪਾਵਨ ਸਰੂਪ ਦਰਮਿਆਨਾ ਆਕਾਰ ਮਿਤੀ 13/08/2015 ਨੂੰ 647 ਅਤੇ ਵਿਚਲੇ ਸਮੇਂ ਕੋਈ ਐਂਟਰੀ ਨਾ ਹੋਣ ਕਰਕੇ, ਮਿਤੀ 20/08/2015 ਨੂੰ ਰਸੀਦ

ਨੰਬਰ 583 ਸਕੱਤਰ ਸਾਹਿਬ ਦੀ ਆਗਿਆ ਉਪਰੰਤ ਸਸਪੈਂਸ ਖਾਤੇ ਵਿੱਚ 57 ਜਮ੍ਹਾ ਕਰਕੇ 704 ਬਣਦਾ ਹੈ, ਪ੍ਰੰਤੂ ਉਸ ਸਮੇਂ ਜੋ ਲੈਜ਼ਰ ਦਿਖਾਇਆ ਜਾ ਰਿਹਾ ਹੈ, ਜਿਸ ਵਿਚ ਕਟਿੰਗ ਹੋਈ ਹੈ।ਜੋ 2015-16 ਦਾ ਲੈਜ਼ਰ ਪੇਜ ਨੰਬਰ 55 ਹੈ, ਉਸ ਬਾਰੇ ਸ੍ਰ.ਨਿਸ਼ਾਨ ਸਿੰਘ ਨੂੰ ਕੁੱਝ ਨਹੀਂ ਪਤਾ, ਕਿਉਂਕਿ ਉਸਦੀ ਕਟਿੰਗ, ਉਹਨਾਂ ਦੇ ਤਬਾਦਲੇ ਤੋਂ ਬਾਅਦ ਹੋਈ ਹੈ।

ਪੰਨਾ ਨੰਬਰ 55 'ਤੇ ਇਸ ਸਮੇਂ 23/07/2015 ਨੂੰ ਬਾਕੀ 722 ਸ਼ੋਅ ਹੋ ਰਹੀ ਹੈ ਅਤੇ ਮਿਤੀ 20/08/2015 ਨੂੰ ਕੱਚੀ ਪੈਂਸਲ ਨਾਲ 949 ਸ਼ੋਅ ਹੋ ਰਹੀ ਹੈ, ਇਸ ਬਾਰੇ ਸ੍ਰ.ਨਿਸ਼ਾਨ ਸਿੰਘ ਨੂੰ ਕੋਈ ਜਾਣਕਾਰੀ ਨਹੀ।

ਪੜਤਾਲ ਕਮੇਟੀ ਦਾ ਪ੍ਰਸ਼ਨ ਹੈ ਕਿ ਇਸ ਸਮੇਂ ਆਪ ਜੀ ਐੱਸ.ਜੀ.ਪੀ.ਸੀ. ਦੇ ਮੀਤ ਸਕੱਤਰ ਦੇ ਅਹੁਦੇ 'ਤੇ ਹੋ ਅਤੇ ਪੜਤਾਲ ਕਮੇਟੀ ਇਸ ਪੜਤਾਲ ਨੂੰ ਇੱਕ ਮਹੀਨੇ ਵਿੱਚ ਪੂਰਾ ਕਰਨ ਵਿੱਚ ਨਿਯਮਬੱਦ ਹੈ।ਪੜਤਾਲ ਕਮੇਟੀ ਮੌਕੇ ਦੇ ਅਹੁਦੇਦਾਰਾਂ ਤੋਂ ਸਹਿਯੋਗ ਚਾਹੁੰਦੀ ਹੈ, ਤਾਂ ਜੋ 267 ਪਾਵਨ ਸਰੂਪਾਂ ਦਾ ਮਸਲਾ ਹੱਲ ਹੋ ਸਕੇ ਅਤੇ ਇਸ ਵਾਸਤੇ ਅਸੀਂ ਰੱਲ ਮਿਲ ਕੇ ਲੈਜ਼ਰਾਂ ਰਾਹੀਂ ਅਤੇ ਸਟਾਕ ਰਾਹੀਂ ਪਾਵਨ ਸਰੂਪ ਲੱਭ ਸਕਦੇ ਹਾਂ।ਪੜਤਾਲ ਕਮੇਟੀ ਸ੍ਰ.ਨਿਸ਼ਾਨ ਸਿੰਘ, ਮੀਤ ਸਕੱਤਰ ਨੂੰ ਬੇਨਤੀ ਕਰਦੀ ਹੈ ਕਿ ਕਿਰਪਾ ਕਰਕੇ ਆਪਣਾ ਸਹਿਯੋਗ ਦੇਣ।ਸ੍ਰ.ਨਿਸ਼ਾਨ ਸਿੰਘ ਅਨੁਸਾਰ, ਉਹ ਗੁਰੂ ਮਹਾਰਾਜ ਨੂੰ ਹਾਜ਼ਰ ਨਾਜ਼ਰ ਜਾਣ ਕੇ ਪੜਤਾਲ ਕਮੇਟੀ ਨੂੰ ਆਪਣੀ ਸਮਝ ਮੁਤਾਬਿਕ ਪੂਰਾ ਸਹਿਯੋਗ ਦੇਣ ਲਈ ਤਿਆਰ ਹਨ।

## 8. ਪੜਤਾਲ ਕਮਿਸ਼ਨ ਦੇ ਜਾਂਚ ਕਰਨ ਦਾ ਤਰੀਕਾ

**8.1** ਪੜਤਾਲ ਕਮਿਸ਼ਨ ਨੇ 267 ਪਾਵਨ ਸਰੂਪਾਂ ਦੀ ਪੜਤਾਲ ਨੂੰ ਕਰਦਿਆਂ ਸਭ ਤੋਂ ਪਹਿਲਾਂ ਮਿਤੀ 20/05/2020 ਨੂੰ ਜੋ ਹੈਂਡਿੰਗ ਅਤੇ ਟੇਕਿੰਗ ਓਵਰ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐੱਲ. ਨੇ ਸ੍ਰ.ਮਨਿੰਦਰ ਸਿੰਘ, ਕਲਰਕ ਨੂੰ ਕੀਤੀ।ਉਹ ਲੈਜ਼ਰ ਨੂੰ ਚੈੱਕ ਜਦੋਂ ਕਰਨ ਲੱਗੇ, ਤਾਂ ਕੁਝ ਸਵਾਲ ਉਥੋਂ ਦੇ ਇੰਚਾਰਜ ਸ੍ਰ.ਗੁਰਮੁਖ ਸਿੰਘ ਅਤੇ ਮੌਜੂਦਾ ਕਲਰਕ ਸ੍ਰ.ਮਨਿੰਦਰ ਸਿੰਘ(ਜਿਸਨੇ ਚਾਰਜ ਲਿਆ ਸੀ) ਨੂੰ ਪੁੱਛਣੇ ਕੀਤੇ, ਇਹ ਸਮਝਣ ਅਤੇ ਜਾਨਣ ਵਾਸਤੇ ਕਿ ਪਬਲੀਕੇਸ਼ਨ ਵਿਭਾਗ ਵਿੱਚ ਕਿਸ-ਕਿਸ ਰਾਸਤੇ ਥਾਈਂ ਦੀ ਪਾਵਨ ਸਰੂਪ ਬਾਹਰ ਜਾ ਸਕਦੇ ਹਨ, (ਬਾਹਰ ਜਾਣ ਵਾਲੇ) ਪਾਵਣ  ਸਰੂਪਾਂ ਦਾ ਕਿਵੇਂ ਇੰਦਰਾਜ਼ ਕੀਤਾ ਜਾਂਦਾ ਹੈ, ਜਿਸ ਸਟੋਰ ਵਿੱਚ ਪਾਵਨ ਸਰੂਪ ਜਮ੍ਹਾਂ ਕੀਤੇ ਜਾਂਦੇ ਹਨ, ਉੱਥੇ ਇਹਨਾਂ ਦੀ ਕੀ ਪ੍ਰਕਿਰਿਆ ਹੈ (ਦਰਜ ਕਰਾਉਣ ਅਤੇ ਭੇਟਾ ਸਹਿਤ ਦੇਣ ਦੀ)।ਪੁੱਛਣ 'ਤੇ ਇਹ ਪਤਾ ਲੱਗਾ ਕਿ ਸਟੋਰ ਤੋਂ 2 ਤਰੀਕੇ ਨਾਲ ਪਾਵਨ ਸਰੂਪ ਸੰਗਤਾਂ ਨੂੰ ਅਤੇ ਗੁਰਦੁਆਰਾ ਸਾਹਿਬਾਨਾਂ ਨੂੰ ਦਿੱਤੇ ਜਾਂਦੇ ਹਨ।ਇੱਕ ਤਰੀਕਾ ਸਟੋਰ ਤੋਂ ਸ਼ੋਅ ਰੂਮ ਰਾਹੀਂ ਅਤੇ ਦੂਸਰਾ ਤਰੀਕਾ ਸਟੋਰ ਤੋਂ ਸਿੱਧੇ ਸੈਕਸ਼ਨ 85 ਅਤੇ ਸੈਕਸ਼ਨ 87 ਦੇ ਗੁਰਦੁਆਰਾ ਸਾਹਿਬਾਨਾਂ ਅਤੇ ਹੋਰ ਗੁਰਦੁਆਰਾ ਸਾਹਿਬਾਨ ਨੂੰ ਜਿਆਦਾ ਗਿਣਤੀ ਦੇ ਵਿੱਚ ਭੇਜੇ ਜਾਂਦੇ ਹਨ।ਪੜਤਾਲ ਕਮਿਸ਼ਨ ਇਹ ਪਤਾ ਲਗਾਉਣਾ ਚਾਹੁੰਦਾ ਸੀ, ਜੇਕਰ ਪਾਵਨ ਸਰੂਪਾਂ ਦੀ ਇਹ ਪ੍ਰੀਕਿਰਿਆ ਸੱਚੇ ਅਤੇ ਸੁੱਚੇ, ਇਮਾਨਦਾਰ ਤਰੀਕੇ ਨਾਲ ਪਬਲੀਕੇਸ਼ਨ ਵਿਭਾਗ ਵਿੱਚ ਨਿਭਾਈ ਜਾਂਦੀ ਹੈ ਤਾਂ ਲੈਜ਼ਰਾਂ ਦੀ ਐਂਟਰੀ ਵਿੱਚ ਕੋਈ ਗਲਤੀ ਹੋ ਸਕਦੀ ਹੈ, ਤਾਂ ਲੈਜ਼ਰ ਚੈੱਕ ਕੀਤੇ ਜਾਣੇ ਚਾਹੀਦੇ ਹਨ।ਜੇਕਰ ਹੋਰ ਕੋਈ ਗਲਤ ਤਰੀਕੇ ਨਾਲ ਪਾਵਨ ਸਰੂਪਾਂ ਦਾ ਨਿਕਾਸ ਹੋ ਰਿਹਾ ਹੈ ਤਾਂ ਉਸਦੀ ਬਾਰੀਕੀ ਨਾਲ ਜਾਂਚ ਕਰਨ ਦੀ ਲੋੜ ਹੈ ਕਿ ਪੜਤਾਲ ਉਹਨਾਂ-ਉਹਨਾਂ ਥਾਵਾਂ ਜਾਂ ਤਰੀਕਿਆਂ ਦੀ ਕਰਨੀ ਚਾਹੀਦੀ ਹੈ ਜਿਨ੍ਹਾਂ ਰਾਹੀਂ ਪਾਵਨ ਸਰੂਪ ਪਬਲੀਕੇਸ਼ਨ ਵਿਭਾਗ ਤੋਂ ਬਾਹਰ ਦਿੱਤੇ ਜਾਂਦੇ ਰਹੇ।ਇਹ ਦੋ ਮੁੱਦਿਆਂ 'ਤੇ ਪੜਤਾਲ ਕਮਿਸ਼ਨ ਨੇ ਆਪਣੀ ਪੜਤਾਲ ਆਰੰਭ ਕਰ ਦਿੱਤੀ।

**8.2** ਪੜਤਾਲ ਕਮਿਸ਼ਨ ਨੂੰ ਪਬਲੀਕੇਸ਼ਨ ਵਿਭਾਗ, ਪ੍ਰਿੰਟਿੰਗ ਵਿਭਾਗ, ਐੱਸ.ਜੀ.ਪੀ.ਸੀ. ਦੇ ਐਡਮਿੰਨਸਟ੍ਰੇਟਿਵ ਵਿਭਾਗ ਦੀ ਕਿਰਿਆ ਅਤੇ ਪ੍ਰਕਿਰਿਆ ਬਾਰੇ ਬਿਲਕੁਲ ਜਾਣਕਾਰੀ ਨਹੀਂ ਸੀ ਅਤੇ ਪੜਤਾਲ ਕਮਿਸ਼ਨ ਵਾਸਤੇ ਪੜਤਾਲ ਕਰਨ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਸੀ ਕਿ ਐੱਸ.ਜੀ.ਪੀ.ਸੀ. ਪਾਵਨ ਸਰੂਪਾਂ ਨੂੰ ਸੰਗਤਾਂ ਤੱਕ ਪਹੁੰਚਾਉਣ ਵਾਸਤੇ ਕਿਹੜੇ-ਕਿਹੜੇ ਰਸਤੇ ਨੂੰ ਅਪਣਾਉਂਦੀ ਹੈ ਅਤੇ ਉਸਦਾ ਮਾਪਦੰਡ ਕਿਵੇਂ ਰੱਖਦੀ ਹੈ, ਇਹ ਸਾਰੀ ਪ੍ਰਕਿਰਿਆ ਨੂੰ ਸਮਝਣ

ਵਾਸਤੇ ਪੜਤਾਲ ਕਮਿਸ਼ਨ ਨੂੰ ਤਕਰੀਬਨ 3-4 ਦਿਨ ਲੱਗ ਗਏ।ਕਿਸੇ ਕਿਸੇ ਪ੍ਰਸ਼ਨ ਦੇ ਜਵਾਬ ਮਿਲਦੇ ਅਤੇ ਜਿਹੜੇ ਪ੍ਰਸ਼ਨ ਪਾਵਨ ਸਰੂਪਾਂ ਦਾ ਪਤਾ ਲਗਾਉਣ ਵਾਸਤੇ ਕੀਤੇ ਜਾਂਦੇ ਉਹਨਾਂ ਉੱਪਰ ਕਰਮਚਾਰੀ ਅਤੇ ਅਧਿਕਾਰੀ ਤਕਰੀਬਨ ਇੱਕ ਮੱਤ ਪਾਏ ਗਏ।ਉਹ ਜ਼ਿਆਦਾਤਰ ਪ੍ਰਸ਼ਨਾਂ ਨੂੰ ਟਾਲ ਦਿੰਦੇ, ਇਹ ਕਹਿ ਕਿ ਕਿ ਸਾਨੂੰ ਪਤਾ ਨਹੀਂ ਹੈ, ਅਸੀਂ ਨਹੀਂ ਜਾਣਦੇ, ਅਸੀਂ ਉੱਥੇ ਮੌਜੂਦ ਨਹੀਂ ਸੀ ਜਾਂ ਸਾਡੇ ਘਰ ਦੀਆਂ ਪਰੇਸ਼ਾਨੀਆਂ ਬਹੁਤ ਨੇ ਤੇ ਸਾਨੂੰ ਯਾਦ ਨਹੀਂ।ਐਸੇ ਉੱਤਰ ਤਕਰੀਬਨ ਸਾਰੇ ਹੀ ਸਬੰਧਿਤ ਅਧਿਕਾਰੀ/ਕਰਮਚਾਰੀ ਦੇ ਰਹੇ ਸਨ।ਉਹਨਾਂ ਦੇ ਮਨਾਂ ਵਿੱਚ ਇਹ ਵੀ ਵਿਚਾਰ ਸੀ ਕਿ ਪੜਤਾਲ ਜੇ ਐੱਸ.ਜੀ.ਪੀ.ਸੀ ਦੇ ਕਰਮਚਾਰੀ ਜਾਂ ਅਧਿਕਾਰੀ ਕਰਦੇ ਤਾਂ ਚੰਗਾ ਸੀ, ਕਿਉਂਕਿ ਪੜਤਾਲ ਕਮਿਸ਼ਨ ਐੱਸ.ਜੀ.ਪੀ.ਸੀ. ਦੇ ਕਰਮਚਾਰੀ ਨਹੀਂ ਸਨ, ਇਸ ਕਰਕੇ ਉਹਨਾਂ ਨੇ ਸਹੀ ਜਵਾਬ ਦੇਣ ਤੋਂ ਆਪਣੇ ਆਪ ਨੂੰ ਪਿੱਛੇ ਹਟਾ ਲਿਆ ਸੀ।

**8.3** ਹੁਣ ਪੜਤਾਲ ਕਮੇਟੀ ਕੋਲ ਇੱਕੋ ਇੱਕ ਰਸਤਾ ਬਚਿਆ, ਉਹ ਸੀ ਪਬਲੀਕੇਸ਼ਨ ਵਿਭਾਗ ਦੇ ਲੈਜ਼ਰ ਤੇ ਡਾਕੂਮੈਂਟਾਂ ਨੂੰ ਬਾਰੀਕੀ ਨਾਲ ਦੇਖਣ ਅਤੇ ਵਿਚਾਰਣ ਦਾ ਅਤੇ ਉਸਦੇ ਸਬੰਧਿਤ ਅਧਿਕਾਰੀਆਂ ਤੋਂ ਜਾਂ ਕਰਮਚਾਰੀਆਂ ਤੋਂ ਪ੍ਰਸ਼ਨ ਪੁੱਛਣ ਦਾ।

**8.4** ਐੱਸ.ਜੀ.ਪੀ.ਸੀ. ਸੰਸਥਾ ਦੇ ਕਰਮਚਾਰੀ ਅਤੇ ਅਧਿਕਾਰੀ ਇੱਕ ਦੂਸਰੇ ਦੀ ਗੱਲ ਦੱਸਣ ਤੋਂ ਤਕਰੀਬਨ ਮੁਨਕਰ ਹੋ ਚੁੱਕੇ ਸਨ।ਕੋਈ ਕਿਸੇ ਦੇ ਵਿਰੁੱਧ ਗਵਾਹੀ ਦੇਣ ਨੂੰ ਰਾਜ਼ੀ ਨਹੀਂ ਸੀ।ਕਰਾਸ ਐਗਜ਼ਾਮਿਨ ਸਬੰਧਿਤ ਗਵਾਹ ਦੇ ਲੈਜ਼ਰਾਂ ਨਾਲ ਹੀ ਪੜਤਾਲ ਕਮਿਸ਼ਨ ਕੋਲ ਇੱਕ ਰਸਤਾ ਬਚਿਆ, ਇਸ ਜਾਂਚ ਨੂੰ ਪੂਰਾ ਕਰਨ ਵਾਸਤੇ।ਪੜਤਾਲ ਕਰਦਿਆਂ ਸਭ ਤੋਂ ਪਹਿਲਾਂ ਚਾਰਜ ਦੇਣ ਅਤੇ ਲੈਣ ਦਾ ਲੈਜ਼ਰ ਅਤੇ ਸਬੰਧਿਤ ਵਿਅਕਤੀਆਂ ਤੋਂ ਪੁੱਛ ਗਿੱਛ ਸ਼ੁਰੂ ਕੀਤੀ, ਜਿਸਨੂੰ ਕਰਦਿਆਂ ਕਰਦਿਆਂ ਬਹੁਤ ਸਾਰੀਆਂ ਊਣਤਾਈਆਂ ਲੈਜ਼ਰਾਂ ਵਿੱਚ ਪਾਈਆਂ ਗਈਆਂ, ਜਿਵੇਂ ਕਿ ਓਵਰ ਰਾਇਟਿੰਗ, ਪੈਂਸਲ ਦਾ ਇਸਤੇਮਾਲ ਲੈਜ਼ਰ ਵਿੱਚ, ਓਪਨਿੰਗ ਅਤੇ ਕਲੋਸਿੰਗ ਬੈਲੈਂਸ ਓਵਰ ਰਾਈਟ ਕੀਤੇ ਗਏ ਅਤੇ ਪਾਵਨ ਸਰੂਪਾਂ ਦਾ ਜਮ੍ਹਾਂ ਖਰਚ ਸਹੀ ਨਹੀਂ ਪਾਇਆ ਗਿਆ, ਫਿਰ ਸਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੁੱਛਦੇ ਪੁੱਛਦੇ ਪੜਤਾਲ ਕਮੇਟੀ ਨੇ ਉਹਨਾਂ ਦੇ ਬਿਆਨ ਲਿਖਣੇ ਸ਼ੁਰੂ ਕੀਤੇ ਅਤੇ ਸਾਰੇ ਬਿਆਨਾਂ ਨੂੰ ਜਦੋਂ ਇਕੱਠਾ ਕੀਤਾ, ਵੱਖਰੇ ਵੱਖਰੇ ਵਿਭਾਗਾਂ ਦੇ ਜਿਵੇਂ ਕਿ ਪ੍ਰਿੰਟਿੰਗ ਪ੍ਰੈੱਸ ਵਿਚ ਪਾਵਨ ਸਰੂਪਾਂ ਦਾ ਆਰਡਰ, ਇਸ ਆਰਡਰ ਦੇ ਮੁਤਾਬਿਕ ਪਾਵਨ ਸਰੂਪਾਂ ਦੇ ਪੇਪਰ ਦੀ ਖਰੀਦ, ਉਸ ਪੇਪਰ ਦੇ ਖਰੀਦਣ ਵਿੱਚ ਵੇਸਟੇਜ਼ ਦਾ ਮਰਜੀ ਨਾਲ ਰੱਖਣਾ ਫਿਰ ਖਰੀਦਣ ਦੀ ਪ੍ਰਕਿਰਿਆ, ਉਸ ਵਿੱਚ ਵਿਅਕਤੀਗਤ ਫਾਇਦੇ ਰੱਖਣੇ ਅਤੇ ਸੰਸਥਾ ਦਾ ਸਹੀ ਧਿਆਨ ਨਾ ਰੱਖਣਾ ਅਤੇ ਖਰੀਦੇ ਹੋਏ ਪਾਵਨ ਸਰੂਪਾਂ

ਦੇ ਪੇਪਰ ਨੂੰ ਕਿਹੜੇ ਢੰਗ ਨਾਲ ਬਚਾਇਆ ਜਾਂਦਾ ਹੈ ਅਤੇ ਛਪਾਈ ਦੌਰਾਨ ਕਿਵੇਂ ਪੇਪਰ ਬਚਾਇਆ ਜਾਂਦਾ ਹੈ ਅਤੇ ਉਸਨੂੰ ਫਿਰ ਤੋਂ ਕਿਵੇਂ ਦਫਤਰ ਰਾਹੀਂ ਧੋਖਾ ਦੇ ਕੇ ਉਸੇ ਬਚੇ ਹੋਏ ਪੇਪਰ ਦਾ ਬਿਲ ਦੁਬਾਰਾ ਤੋਂ ਪ੍ਰਾਪਤ ਕੀਤਾ ਜਾਂਦਾ ਹੈ।

**8.5** ਜਿਲਦਸਾਜ਼ਾਂ ਦੇ ਵਿਭਾਗ ਵਿੱਚ ਵਧੇਰੇ ਅੰਗਾਂ ਦਾ ਕਿਵੇਂ ਸਹੀ ਇਸਤੇਮਾਲ ਹੁੰਦਾ ਅਤੇ ਇਹਨਾਂ ਵਧੇਰੇ ਅੰਗਾਂ ਨੂੰ ਕਿਵੇਂ ਗਲਤ ਇਸਤੇਮਾਲ ਕੀਤਾ ਜਾਂਦਾ ਅਤੇ ਜੇਕਰ ਵਧੇਰੇ ਅੰਗ ਜਿਲਦਸਾਜ਼ ਕੋਲ ਬੱਚਦੇ ਤਾਂ ਉਹ ਕਿਸ ਮਜ਼ਬੂਰੀ ਨਾਲ ਬਚਾਏ ਜਾਂਦੇ, ਇਹ ਦੇਖਣਾ ਪੜਤਾਲ ਕਮਿਸ਼ਨ ਨੇ ਸ਼ੁਰੂ ਕੀਤਾ।ਇਸਤੋਂ ਉਪਰੰਤ ਵਧੇਰੇ ਅੰਗਾਂ ਤੋਂ ਛਪੇ ਬਿਨ੍ਹਾਂ ਆਗਿਆ ਤੋਂ ਪਾਵਨ ਸਰੂਪ ਕਿਵੇਂ ਗ੍ਰੰਥੀ ਸਿੰਘਾਂ ਦੇ ਦਰਸ਼ਨ ਵਿਚਾਰ ਤੋਂ ਬਾਅਦ ਸਟੋਰ ਵਿੱਚ ਬਿਰਾਜਮਾਨ ਕੀਤੇ ਜਾਂਦੇ ਅਤੇ ਗ੍ਰੰਥੀ ਸਿੰਘ ਬਿਰਾਜਮਾਨ ਕਰਦਿਆਂ ਕਿਹੜੀਆਂ ਸਿਆਣਪਾਂ ਵਰਤਦੇ ਕਿ ਸੀਰੀਅਲ ਨੰਬਰ ਜੋ ਪਬਲੀਕੇਸ਼ਨ ਵਿਭਾਗ ਦੁਆਰਾ ਜਾਰੀ ਕੀਤੇ ਜਾਂਦੇ, ਉਹਨਾਂ ਦੀ ਕਿਵੇਂ ਉਲੰਘਣਾ ਕਰਦੇ ਅਤੇ ਅੰਤ ਵਿੱਚ ਪਬਲੀਕੇਸ਼ਨ ਵਿਭਾਗ ਦੇ ਸਬੰਧਿਤ ਅਧਿਕਾਰੀ ਮਿਲ-ਜੁਲ ਕੇ ਪਾਵਨ ਸਰੂਪਾਂ ਨੂੰ ਕਿਵੇਂ ਪਬਲੀਕੇਸ਼ਨ ਵਿਭਾਗ ਤੋਂ ਬਾਹਰ ਲੈ ਕੇ ਜਾਂਦੇ ?

**8.6** ਉਪਰੋਕਤ ਸਾਰੀਆਂ ਗੱਲਾਂ ਉੱਪਰ ਹੌਲੀ ਹੌਲੀ ਪੜਤਾਲ ਕਮਿਸ਼ਨ ਨੇ ਪੜਤਾਲ ਕਰਨੀ ਸ਼ੁਰੂ ਕੀਤੀ ਅਤੇ ਉਹਨਾਂ ਦੇ ਸਬੰਧਿਤ ਰਿਕਾਰਡਾਂ ਰਾਹੀਂ ਫ਼ਰਜ਼ਾਂ ਨੂੰ ਨਾਂ ਨਿਭਾਉਂਦਿਆਂ/ਦੇਖਦਿਆਂ ਉਹਨਾਂ ‘ਤੇ ਦੋਸ਼ ਲਾਏ ਗਏ।ਜੋ ਵੀ ਸਬੰਧਿਤ ਕਰਮਚਾਰੀ ਜਾਂ ਅਧਿਕਾਰੀ ਪੁੱਛ-ਗਿੱਛ ਵਾਸਤੇ ਸੱਦਿਆ ਜਾਂਦਾ ਤਾਂ ਉਸਦੀ ਵੀਡੀਉ ਰਿਕਾਰਡਿੰਗ ਕਰਦਿਆਂ ਬਿਆਨ ਲਿਖੇ ਜਾਂਦੇ।ਜੋ ਕਿ ਪੜਤਾਲ ਰਿਪੋਰਟ ਦੇ ਅੰਗ ਹਨ।

**8.7** ਪੜਤਾਲ ਕਮਿਸ਼ਨ ਨੇ ਪਾਵਨ ਸਰੂਪ ਦੀਆਂ ਸਟਾਕ ਲੈਜ਼ਰਾਂ ਚੈੱਕ ਕੀਤੀਆਂ।ਸਟਾਕ ਲੈਜ਼ਰਾਂ ਦੀ ਚੈਕਿੰਗ ਕਰਨ ਤੋਂ ਪਤਾ ਲੱਗਾ ਕਿ ਪਾਵਨ ਸਰੂਪਾਂ ਦੀ ਜਿਲਦ ਪ੍ਰਾਈਵੇਟ ਠੇਕੇਦਾਰਾਂ ਤੋਂ ਕਰਵਾਈ ਜਾ ਰਹੀ ਹੈ।ਪੜਤਾਲ ਕਮਿਸ਼ਨ ਨੇ ਠੇਕੇਦਾਰਾਂ ਦੇ ਸਥਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਾ ਕੇ ਦੇਖਿਆ ਕਿ ਉਥੇ ਬਹੁਤ ਬੁਰੀ ਹਾਲਤ ਵਿੱਚ ਵਧੀਕ ਅੰਗ ਪਏ ਸਨ।ਜਿਲਦਸਾਜ਼ਾਂ ਨੇ ਦੱਸਿਆ ਕਿ ਸਾਲ 1995 ਤੋਂ ਉਹਨਾਂ ਕੋਲ ਵਧੀਕ ਅੰਗ ਆ ਰਹੇ ਹਨ ਅਤੇ ਉਹਨਾਂ ਵਿੱਚੋਂ ਇਹਨਾਂ ਨੇ 61 ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੂੰ ਦਿੱਤੇ ਸਨ ਅਤੇ 125 ਪਾਵਨ ਸਰੂਪ ਵਧੀਕ ਅੰਗਾਂ ਵਿੱਚੋਂ ਤਿਆਰ ਕਰਕੇ ਬਿਨ੍ਹਾਂ ਜਿਲਦਬੰਦੀ ਤੋਂ ਰੱਖੇ ਹੋਏ ਹਨ।ਵੱਡੀ ਗਿਣਤੀ

ਵਿੱਚ ਵਧੀਕ ਅੰਗਾਂ ਨੂੰ ਦੇਖ ਕੇ ਪੜਤਾਲ ਕਮਿਸ਼ਨ ਨੇ ਗੋਲਡਨ ਆਫਸੈੱਟ ਪ੍ਰੈੱਸ ਜਾਕੇ ਇਹ ਜਾਨਣ ਦੀ ਕੋਸ਼ਿਸ ਕੀਤੀ ਕਿ ਇੰਨੇ ਜਿਆਦਾ ਅੰਗ ਕਿਵੇਂ ਛਾਪੇ ਗਏ ਹਨ।

**8.8** ਪੜਤਾਲ ਕਮਿਸ਼ਨ ਨੂੰ ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਦੇ ਕਰਮਚਾਰੀਆਂ ਨੇ ਦੱਸਿਆ ਕਿ ਇਹ ਪ੍ਰਥਾ ਸਾਲ 1995 ਤੋਂ ਚੱਲੀ ਆ ਰਹੀ ਹੈ, ਸਾਲ 2012 ਤੱਕ ਇਸਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਸੀ ਕਿ ਕਿੰਨੇ ਵਧੀਕ ਅੰਗ ਜਿਲਦਸਾਜ਼ਾਂ ਨੂੰ ਦਿੱਤੇ ਜਾਂਦੇ ਹਨ।ਪਰ ਸਾਲ 2012 ਤੋਂ ਬਾਅਦ ਇਹ ਰਿਕਾਰਡ ਕੱਚੇ ਤੌਰ 'ਤੇ ਰੱਖਣ ਦੀ ਕੋਸ਼ਿਸ ਕੀਤੀ ਗਈ।

**8.9** ਪੜਤਾਲ ਕਮਿਸ਼ਨ ਦੇ ਧਿਆਨ ਵਿੱਚ ਇਹ ਵੀ ਆਇਆ ਕਿ ਸਾਲ 2013-14 ਵਿੱਚ ਸ੍ਰ.ਬਾਜ ਸਿੰਘ, ਕਲਰਕ ਵੱਲੋਂ ਪਾਵਨ ਸਰੂਪਾਂ ਦੀ ਭੇਟਾ ਲੈ ਕੇ ਗਬਨ ਕੀਤਾ ਗਿਆ ਸੀ।

**8.10**ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਡ ਅਕਾਊਟੈਂਟ ਵੱਲੋਂ ਠੀਕ ਤਰੀਕੇ ਰਿਕਾਰਡ ਦੀ ਪੜਤਾਲ ਨਹੀਂ ਕੀਤੀ ਗਈ ਸੀ।ਅਖੀਰਲੇ ਦੋ ਦਿਨ੍ਹਾਂ ਵਿੱਚ ਪੜਤਾਲ ਕਮਿਸ਼ਨ ਦੇ ਨੋਟਿਸ ਵਿੱਚ ਆਇਆ ਕਿ ਡੁੱਚਾਂ ਦੀ ਪੋਸਟਿੰਗ ਵੀ ਲੈਜ਼ਰਾਂ ਵਿੱਚ ਗਲਤ ਕੀਤੀ ਗਈ ਹੈ।ਇਹ ਪੋਸਟਿੰਗ ਨਾ ਤਾਂ ਅਕਾਊਂਟਸ ਵਿਭਾਗ ਵੱਲੋਂ, ਨਾ ਪਬਲੀਕੇਸ਼ਨ ਵਿਭਾਗ ਵੱਲੋਂ ਅਤੇ ਨਾ ਹੀ ਐਸ.ਐਸ.ਕੋਹਲੀ ਚਾਰਟਡ ਅਕਾਊਟੈਂਟ ਵੱਲੋਂ ਅੱਜ ਤੱਕ ਚੈੱਕ ਕੀਤੀ ਗਈ।

**8.11**ਪੜਤਾਲ ਕਮਿਸ਼ਨ ਨੇ ਸਟਾਕ ਲੈਜ਼ਰ ਨੂੰ ਚੈੱਕ ਕਰਦਿਆਂ ਇਹ ਵੀ ਦੇਖਿਆ ਕਿ ਸ੍ਰ.ਕੰਵਲਜੀਤ ਸਿੰਘ, ਸੀ.ਜੀ.ਐਲ ਨੇ 2012-13 ਵਿੱਚ ਚਾਰਜ ਸ੍ਰ.ਸੁਖਵੰਤ ਸਿੰਘ ਤੋਂ ਲਿਆ ਹੈ, ਪਰ ਜਦੋਂ ਪੜਤਾਲ ਕਮਿਸ਼ਨ ਨੇ ਉਸ ਚਾਰਜ ਰਿਪੋਰਟ ਦਾ ਮਿਲਾਨ ਸਾਲ 2012-13 ਦੀ ਲੈਜ਼ਰ ਨਾਲ ਕਰਨ ਦੀ ਕੋਸ਼ਿਸ ਕੀਤੀ ਤਾਂ ਇਹ ਸਾਹਮਣੇ ਆਇਆ ਕਿ ਜੋ ਲੈਜ਼ਰ ਬੈਲੈਂਸ ਸਾਲ 2012-13 ਦੀ ਚਾਰਜ ਰਿਪੋਰਟ ਵਿੱਚ ਲਏ ਗਏ ਸਨ, ਉਹ ਬੈਲੈਂਸ ਸਾਲ 2010-11 ਦੀ ਲੈਜ਼ਰ ਨਾਲ ਮੇਲ ਨਹੀਂ ਖਾਂਦੇ ਹਨ।ਇਸ ਸੰਬੰਧੀ ਪੜਤਾਲ ਕਮਿਸ਼ਨ ਨੇ ਸ੍ਰ.ਗੁਲਵਿੰਦਰ ਸਿੰਘ, ਇੰਸਪੈਕਟਰ ਨੂੰ ਬੁਲਾਇਆ, ਜਿਸਨੇ ਸਾਲ 2012-13 ਦਾ ਚਾਰਜ ਦਵਾਉਣ ਲੱਗਿਆਂ ਰਿਪੋਰਟ ‘ਤੇ ਦਸਤਖਤ ਕੀਤੇ ਸਨ ਅਤੇ ਪੁੱਛਿਆ ਗਿਆ ਕਿ ਇਹ ਲੈਜ਼ਰ ਬੈਲੈਂਸ ਸਾਲ 2012-13 ਦੀ ਲੈਜ਼ਰ ਨਾਲ ਮੇਲ ਕਿਉਂ ਨਹੀਂ ਖਾ ਰਹੇ? ਸ੍ਰ.ਗੁਲਵਿੰਦਰ ਸਿੰਘ ਨੇ ਇਹ ਬਿਆਨ ਦਿੱਤਾ ਕਿ ਅਗਰ ਚਾਰਜ ਲੈਣ ਵਾਲੇ ਅਤੇ ਚਾਰਜ ਦੇਣ ਵਾਲੇ ਦੀ ਆਪਸ ਵਿੱਚ ਸਹਿਮਤੀ ਹੋਵੇ ਤਾਂ ਅਸੀਂ ਉਹਨਾਂ ਨੂੰ ਕੋਈ ਪ੍ਰਸ਼ਨ ਨਹੀਂ ਕਰਦੇ।ਮੌਜੂਦਾ ਸੀ.ਜੀ.ਐਲ. ਕੰਮ ਕਲਰਕ ਸ੍ਰ.ਮਨਿੰਦਰ ਸਿੰਘ ਜੀ ਨੇ ਪੜਤਾਲ ਕਮਿਸ਼ਨ ਨੂੰ ਦੱਸਿਆ ਕਿ 2012-13 ਦੀ ਪਾਵਨ ਸਰੂਪਾਂ ਦੀ ਸਟਾਕ ਲੈਜ਼ਰ ਉਹਨਾਂ ਵੱਲੋਂ ਮੇਂਨਟੇਨ ਕੀਤੀ ਗਈ ਸੀ ਅਤੇ ਉਸ ਸਮੇਂ ਮੌਜੂਦਾ ਪਾਵਨ ਸਰੂਪ ਜੋ ਸਟੋਰ ਵਿੱਚ ਪਏ ਹਨ, ਉਹ

ਸਟਾਕ ਲੈਜ਼ਰ ਨਾਲ ਮੇਲ ਖਾਂਦੇ ਹਨ।ਪੜਤਾਲ ਕਮਿਸ਼ਨ ਨੇ ਸਾਲ 2012-13 ਦੀ ਪਾਵਨ ਸਰੂਪਾਂ ਦੀ ਸਟਾਕ ਲੈਜ਼ਰ ਨੂੰ ਦੇਖਿਆ, ਉਸਤੋਂ ਇਹ ਪਤਾ ਲੱਗਿਆ ਕਿ ਉਸ ਸਾਲ ਦੀ ਲੈਜ਼ਰ ਵਿੱਚ ਭਾਵੇਂ ਬਕਾਇਆ ਪੈਂਸਲ ਨਾਲ ਕੱਢਿਆ ਹੋਇਆ ਸੀ, ਪਰ ਹਰ ਐਂਟਰੀ ਨੂੰ ਬਿਨ੍ਹਾ ਕਟਿੰਗ ਤੋਂ ਸਹੀ ਢੰਗ ਨਾਲ ਦਰਜ ਕੀਤਾ ਗਿਆ ਸੀ।

**8.12** ਪੜਤਾਲ ਕਮਿਸ਼ਨ ਨੇ ਦੇਖਿਆ ਕਿ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਦੀ ਸੇਵਾ ਦੌਰਾਨ ਸਿਰਫ ਇੱਕ ਵਾਰ ਮਿਤੀ 18/08/2015 ਨੂੰ ਸ੍ਰ.ਨਿਸ਼ਾਨ ਸਿੰਘ, ਇੰਚਾਰਜ ਦੀ ਨਿਗਰਾਨੀ ਹੇਠ ਕੀਤੀ ਗਈ ਸੀ।ਪੜਤਾਲ ਕਮਿਸ਼ਨ ਕੋਲ ਕੋਈ ਵੀ ਹੋਰ ਲਿਖਤੀ ਵਾਸਤਵਿਕ ਤਸਦੀਕ ਦੀ ਰਿਪੋਰਟ ਨਹੀਂ ਸੀ।ਪੜਤਾਲ ਕਮਿਸ਼ਨ ਨੇ ਇਹਨਾਂ ਤੱਥਾਂ ਨੂੰ ਮੁੱਖ ਰੱਖਦੇ ਹੋਏ ਸਾਲ 2013-14 ਤੋਂ ਮਿਤੀ 18/08/2015 ਤੱਕ ਪਬਲੀਕੇਸ਼ਨ ਅਤੇ ਅਕਾਊਂਟਸ ਵਿਭਾਗ ਦਾ ਰਿਕਾਰਡ ਸਮੇਂ ਦੀ ਘਾਟ ਕਾਰਣ ਚੈੱਕ ਕਰਨਾ ਜਰੂਰੀ ਸਮਝਿਆ।ਮਿਤੀ 01/04/2013 ਤੋਂ 18/08/2015 ਤੱਕ ਦੀ ਪਾਵਨ ਸਰੂਪਾਂ ਦੀ ਲੈਜ਼ਰ (ਅਨੁਲੱਗ ਨੰ: 16) ਨੱਥੀ ਹੈ।ਪੜਤਾਲ ਕਮਿਸ਼ਨ ਕੋਲ ਸਮ੍ਹਾਂ ਘੱਟ ਹੋਣ ਕਾਰਨ ਇਸਦੀ ਪੋਸਟਿੰਗ ਪੂਰੀ ਤਰ੍ਹਾਂ ਮਿਤੀ 18/08/2015 ਤੋਂ 20/05/2020 ਤੱਕ ਚੈੱਕ ਨਹੀਂ ਕੀਤੀ ਜਾ ਸਕੀ।

**9. ਉਪਰੋਕਤ ਬਿਆਨਾਂ ਅਤੇ ਤੱਥਾਂ ਦੇ ਅਧਾਰ ‘ਤੇ ਪੜਤਾਲ ਕਮਿਸ਼ਨ ਇਸ ਨਤੀਜੇ ‘ਤੇ ਪੁੱਜਿਆ ਕਿ ਹੇਠ ਲਿਖੇ ਮੁੱਦਿਆਂ ਨੂੰ ਵਿਚਾਰਨ ਦੀ ਲੋੜ ਹੈ।**

**9.1** ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ, ਪਬਲੀਕੇਸ਼ਨ ਵਿਭਾਗ) ਤੋਂ ਚਾਰਜ ਦੇਣ ਸਮੇਂ 267 ਜਾਂ 212 ਘੱਟ ਪਾਏ ਗਏ ਸਨ?

**9.2** ਕੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਣ-ਅਧਿਕਾਰਤ ਢੰਗ ਨਾਲ ਛਾਪੇ ਜਾ ਰਹੇ ਹਨ?

**9.3** ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕਦੋਂ ਤੋਂ ਘਟਣੇ ਸ਼ੁਰੂ ਹੋਏ?

**9.4** ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਸਟਾਕ ਦੀ ਵਾਸਤਵਿਕ ਤਸਦੀਕ ਗੁਰਦੁਆਰਾ ਇੰਸਪੈਕਟਰ, ਇੰਟਰਨਲ ਆਡੀਟਰ ਜਾਂ ਚਾਰਟਰਡ ਅਕਾਊਂਟੈਂਟ ਵੱਲੋਂ ਕਦੇ ਕੀਤੀ ਗਈ ਹੈ?

**9.5** ਮਿਤੀ 18/08/2015, ਜਿਸ ਦਿਨ ਸਟਾਕ ਦੀ ਵਾਸਤਵਿਕ ਤਸਦੀਕ ਕੀਤੀ ਗਈ ਸੀ, ਉਸ ਤੋਂ ਬਾਅਦ ਦੀਆਂ ਘਟਨਾਵਾਂ।

**9.6** ਕੀ ਉੱਚ ਅਧਿਕਾਰੀਆਂ ਵਲੋਂ ਪਾਵਨ ਸਰੂਪ ਵੰਡਣ ਦੇ ਜ਼ੁਬਾਨੀ ਜਾਂ ਲਿਖਤ ਆਦੇਸ਼ ਦਿੱਤੇ ਗਏ?

**9.7** ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਮਿਤੀ 19/05/2016 ਦੀ ਅਗਨ ਭੇਂਟ ਦੀ ਘਟਨਾ ਵਿੱਚ ਕਿੰਨੇ ਸਰੂਪ ਨੁਕਸਾਨੇ ਗਏ ਸਨ?

ਪੜਤਾਲ ਕਮਿਸ਼ਨ ਅਗਲੇ ਪੈਰ੍ਹਿਆਂ ਵਿੱਚ ਉਪਰੋਕਤ ਮੁੱਦਿਆਂ ‘ਤੇ ਵਿਚਾਰ ਪੇਸ਼ ਕਰ ਰਿਹਾ ਹੈ।

## 9.1 ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸ੍.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ, ਪਬਲੀਕੇਸ਼ਨ ਵਿਭਾਗ) ਤੋਂ ਚਾਰਜ ਦੇਣ ਸਮੇਂ 267 ਜਾਂ 212 ਘੱਟ ਪਾਏ ਗਏ ਸਨ?

ਸ੍.ਕੰਵਲਜੀਤ ਸਿੰਘ, ਸਹਾਇਕ ਸੁਪਰਵਾਈਜ਼ਰ ਦੇ ਰਿਟਾਇਰਮੈਂਟ ਚਾਰਜ ਦੇਣ ਸਮੇਂ ਮਿਤੀ 20/05/2020 ਨੂੰ 212 ਪਾਵਨ ਸਰੂਪ ਉਸ ਕੋਲੋਂ ਚਾਰਜ ਰਿਪੋਰਟ ਦਸਤਾਵੇਜ਼ ਓਗ/4 (ਦੇਖੋ:- ਬਿਆਨ ਕਰਤਾ, ਭਾਗ-2, ਪੰਨਾ ਨੰਬਰ 384) ਵਿਚ ਘੱਟ ਪਾਏ ਗਏ।ਪੜਤਾਲ ਕਮਿਸ਼ਨ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ 267 ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਘੱਟ ਹੋਣ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ।

ਮਿਤੀ 24/07/2020 ਨੂੰ ਪੁੱਛ-ਗਿੱਛ ਦੌਰਾਨ ਸ੍.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ, ਪਬਲੀਕੇਸ਼ਨ ਵਿਭਾਗ) ਨੇ ਦੱਸਿਆ ਕਿ ਸ੍.ਗੁਰਮੁੱਖ ਸਿੰਘ, ਸੁਪਰਵਾਈਜ਼ਰ ਅਤੇ ਸ੍.ਗੁਰਬਚਨ ਸਿੰਘ, ਮੀਤ ਸਕੱਤਰ ਪਬਲੀਕੇਸ਼ਨ ਵਿਭਾਗ ਨੇ ਜ਼ੁਬਾਨੀ ਹੁਕਮ ਦਿੱਤੇ ਸਨ ਕਿ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪ ਉਸਨੂੰ ਜਿਲਦਸਾਜ਼ ਸ੍.ਕੁਲਵੰਤ ਸਿੰਘ ਤੋਂ ਭਰਪਾਈ ਲਈ ਉਪਲੱਬਧ ਕਰਵਾਏ ਜਾਣ।ਉਸਨੇ ਜਿਲਦਸਾਜ਼ ਸ੍.ਕੁਲਵੰਤ ਸਿੰਘ ਨੂੰ ਰਿਸ਼ਵਤ ਦੇ ਰੂਪ ਵਿਚ ਦਸ ਹਜ਼ਾਰ ਰੁਪਏ ਦੇ ਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪ ਪ੍ਰਾਪਤ ਕੀਤੇ।ਜਿਲਦਸਾਜ਼ ਸ੍.ਕੁਲਵੰਤ ਸਿੰਘ ਨੇ ਇਸ ਗੱਲ ਨੂੰ ਕਬੂਲ ਨਹੀਂ ਕੀਤਾ ਕਿ ਉਸਨੇ ਸ੍.ਕੰਵਲਜੀਤ ਸਿੰਘ ਕੋਲੋਂ 10,000/- (ਦਸ ਹਜ਼ਾਰ ਰੁਪਏ) ਲਏ ਸਨ।ਪਰ ਜਿਲਦਸਾਜ਼ ਸ੍.ਕੁਲਵੰਤ ਸਿੰਘ ਨੇ ਇਹ ਗੱਲ ਕਬੂਲ ਕੀਤੀ ਕਿ ਉਸਨੇ ਅਣ-

ਅਧਿਕਾਰਤ ਢੰਗ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪ ਉਸ ਕੋਲ ਪਏ ਵਧੀਕ ਅੰਗਾਂ ਤੋਂ ਤਿਆਰ ਕਰਕੇ ਸ੍ਰ.ਕੰਵਲਜੀਤ ਸਿੰਘ ਸਾਬਕਾ ਸੁਪਰਵਾਈਜ਼ਰ ਦੇ ਸਪੁਰਦ ਕੀਤੇ।ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪਾਂ ਦੀ ਲੜੀ ਨੰ: 4437 ਤੋਂ 4497 ਹੈ, ਜੋ ਕਿ ਸ੍ਰ.ਕੰਵਲਜੀਤ ਸਿੰਘ ਨੇ ਆਪਣੇ ਪੱਧਰ ਤੇ ਅਣ-ਅਧਿਕਾਰਤ ਢੰਗ ਨਾਲ ਜਾਰੀ ਕੀਤੇ, ਇਹ ਲੜੀ ਮੌਜੂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਪ੍ਰਵਾਨਿਤ ਲੜੀ ਨਾਲ ਮੇਲ ਨਹੀਂ ਖਾਂਦੀ।ਸ੍ਰ.ਗੁਰਮੁੱਖ ਸਿੰਘ, ਸੁਪਰਵਾਈਜ਼ਰ ਨੇ ਇਹ ਬਿਆਨ ਦਿੱਤਾ ਕਿ ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਨੇ ਪਹਿਲਾਂ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜ਼ਰ ਤੋਂ 10,000/- (ਦਸ ਹਜ਼ਾਰ ਰੁਪਏ) ਲਏ ਪਰ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਦੇ ਆਦੇਸ਼ ਅਨੁਸਾਰ ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਨੇ ਪੈਸੇ ਸ੍ਰ.ਕੰਵਲਜੀਤ ਸਿੰਘ, ਸਾਬਕਾ ਸੁਪਰਵਾਈਜ਼ਰ ਨੂੰ ਵਾਪਿਸ ਕਰ ਦਿੱਤੇ।ਸ੍ਰ.ਕੰਵਲਜੀਤ ਸਿੰਘ, ਸਾਬਕਾ ਸੁਪਰਵਾਈਜ਼ਰ ਦੇ ਅਨੁਸਾਰ ਉਸਨੇ 55 ਪਾਵਨ ਸਰੂਪ ਦੀ ਬਣਦੀ ਭੇਟਾ ਦਫਤਰ ਜਮ੍ਹਾਂ ਕਰਾ ਦਿੱਤੀ।ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 55 ਪਾਵਨ ਸਰੂਪ ਵੱਖਰੀਆਂ-ਵੱਖਰੀਆਂ ਥਾਵਾਂ ਤੇ ਮੰਗ ਅਨੁਸਾਰ ਭੇਜ ਦਿੱਤੇ, ਜਿਸਦਾ ਵੇਰਵਾ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਨੇ ਆਪਣੇ ਬਿਆਨ ਵਿਚ ਹੇਠ ਲਿਖੇ ਅਨੁਸਾਰ ਦਰਸਾਇਆ ਹੈ: -

| **ਸੀ.ਨੰ.** | **ਬਿਲ ਨੰ:** | **ਮਿਤੀ** | **ਨਾਮ ਗੁਰਦੁਆਰਾ ਸਾਹਿਬ** | **ਗਿਣਤੀ ਪਾਵਨ ਸਰੂਪ** |
|---|---|---|---|---|
| 1 | 29922 | 04/03/20 | ਗੁ: ਰਕਾਬ ਗੰਜ ਸਾਹਿਬ ਨਵੀਂ ਦਿੱਲੀ | 30 |
| 2 | 29927 | 04/03/20 | ਗੁ: ਗੁਰੂ ਸਿੰਘ ਸਭਾ, ਇੰਦੌਰ (ਮੱਧ ਪ੍ਰਦੇਸ਼) | 04 |
| 3 | 29928 | 04/03/20 | ਗੁ: ਸੀਸ ਗੰਜ ਸਾਹਿਬ, ਕਰਨਾਲ (ਹਰਿਆਣਾ) | 15 |
| 4 | 29930 | 04/03/20 | ਗੁ: ਬੁੱਢਾ ਜੌਹੜ (ਰਾਜਸਥਾਨ) | 04 |
| 5 | 6888, 6889 | 19/03/20 | ਗੁ: ਗੁਰੂ ਸਿੰਘ ਸਭਾ, ਲੱਖਣਖੁਰਦ | 02 |
| | | | **ਕੁੱਲ ਗਿਣਤੀ** | **55** |

ਪੜਤਾਲ ਕਮਿਸ਼ਨ ਵੱਲੋਂ ਰਿਕਾਰਡ ਚੈੱਕ ਕਰਨ 'ਤੇ ਪਤਾ ਲੱਗਿਆ ਕਿ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਵੱਲੋਂ 55 ਨਹੀਂ 54 ਪਾਵਨ ਸਰੂਪ, ਜੋ ਵਧੇਰੇ ਅੰਗਾਂ ਤੋਂ

ਤਿਆਰ ਕੀਤੇ ਗਏ ਸਨ, ਵੱਖਰੀਆਂ-ਵੱਖਰੀਆਂ ਥਾਂਵਾ ਤੇ ਭੇਜੇ ਗਏ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਸੀ.ਨੰ. | ਬਿਲ ਨੰ: | ਮਿਤੀ | ਨਾਮ ਗੁਰਦੁਆਰਾ ਸਾਹਿਬ | ਗਿਣਤੀ ਪਾਵਨ ਸਰੂਪ |
|---|---|---|---|---|
| 1 | 29922 | 04/03/20 | ਗੁ: ਰਕਾਬ ਗੰਜ ਸਾਹਿਬ ਨਵੀਂ ਦਿੱਲੀ | 25 |
| 2 | 29927 | 04/03/20 | ਗੁ: ਗੁਰੂ ਸਿੰਘ ਸਭਾ, ਇੰਦੌਰ (ਮੱਧ ਪ੍ਰਦੇਸ਼) | 04 |
| 3 | 29928 | 04/03/20 | ਗੁ: ਸੀਸ ਗੰਜ ਸਾਹਿਬ, ਕਰਨਾਲ (ਹਰਿਆਣਾ) | 15 |
| 4 | 29930 | 04/03/20 | ਗੁ: ਬੁੱਢਾ ਜੌਹੜ (ਰਾਜਸਥਾਨ) | 08 |
| 5 | 6888, 6889 | 19/03/20 | ਗੁ: ਗੁਰੂ ਸਿੰਘ ਸਭਾ, ਲੱਖਣਖੁਰਦ | 02 |
| | | | ਕੁੱਲ ਗਿਣਤੀ | 54 |

ਇੱਕ ਪਾਵਨ ਸਰੂਪ ਬਾਰੇ ਜਿਸਦਾ ਲੜੀ ਨੰ: 4456 ਹੈ, ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ ਕਿ ਉਸਨੂੰ ਕਿੱਥੇ ਭੇਜਿਆ ਗਿਆ।ਬਾਕੀ ਰਹਿੰਦੇ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 6 {61-(54+1)} ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ) ਦੀ ਰਿਟਾਇਰਮੈਂਟ ਦੀ ਮਿਤੀ ਤੱਕ ਅਤੇ ਰਿਪੋਰਟ ਜਾਰੀ ਹੋਣ ਵਾਲੀ ਮਿਤੀ ਤੱਕ ਵੀ ਸਟੋਰ ਵਿੱਚ ਮੌਜੂਦ ਸਨ।ਮੌਜੂਦਾ ਕਲਰਕ ਸ੍ਰ.ਮਨਿੰਦਰ ਸਿੰਘ ਜੀ ਨੇ ਇਹ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਆਪਣੇ ਚਾਰਜ ਲੈਣ ਦੌਰਾਨ ਇਹ ਕਹਿ ਕੇ ਪ੍ਰਾਪਤ ਨਹੀਂ ਕੀਤੇ ਕਿ ਇਹ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਣ-ਅਧਿਕਾਰਤ ਢੰਗ ਨਾਲ ਤਿਆਰ ਕੀਤੇ ਗਏ ਸਨ ਅਤੇ ਇਹਨਾਂ ਪਾਵਨ ਸਰੂਪਾਂ ਨੂੰ ਤਿਆਰ ਕਰਨ ਲਈ ਕੋਈ ਵੀ ਦਫ਼ਤਰੀ ਆਦੇਸ਼ ਨਹੀਂ ਸੀ।।

ਇਹ ਹੀ ਕਾਰਨ ਹੈ ਕਿ ਉੱਚ ਅਧਿਕਾਰੀਆਂ ਨੇ ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ) ਵੱਲੋਂ ਭੇਜੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 55 ਪਾਵਨ ਸਰੂਪ ਵੀ ਘੱਟ ਪਾਵਨ ਸਰੂਪਾਂ ਦੀ ਗਿਣਤੀ ਵਿਚ ਲੈ ਲਏ ਅਤੇ 267 ਪਾਵਨ ਸਰੂਪਾਂ ਦੇ ਘੱਟ ਹੋਣ ਦਾ ਮਾਮਲਾ ਪੜਤਾਲ ਕਮਿਸ਼ਨ ਨੂੰ ਜਾਂਚ ਲਈ ਸੌਂਪ ਦਿੱਤਾ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ) ਵੱਲੋਂ ਆਪਣੀ ਰਿਟਾਇਰਮੈਂਟ ਸਮੇਂ ਸ੍ਰ.ਮਨਿੰਦਰ ਸਿੰਘ (ਮੌਜੂਦਾ ਕਲਰਕ) ਨੂੰ ਚਾਰਜ ਦੇਣ ਮੌਕੇ ਲੈਜ਼ਰ ਅਨੁਸਾਰ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪ ਘੱਟ ਪਾਏ ਗਏ।

## 9.2 ਕੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਣ-ਅਧਿਕਾਰਤ ਢੰਗ ਨਾਲ ਛਾਪੇ ਜਾ ਰਹੇ ਹਨ?

**ੳ)** ਜਾਂਚ ਦੌਰਾਨ ਗੋਲਡਨ ਆਫ਼ਸੈਟ ਪ੍ਰੈੱਸ (ਪਬਲੀਕੇਸ਼ਨ ਵਿਭਾਗ) ਦੇ ਰਿਕਾਰਡ ਤੋਂ ਪਤਾ ਲੱਗਿਆ ਕਿ ਜਿਲਦਸਾਜ਼ਾਂ (ਸ੍ਰ.ਜਸਪ੍ਰੀਤ ਸਿੰਘ ਅਤੇ ਸ੍ਰ.ਕੁਲਵੰਤ ਸਿੰਘ) ਨੂੰ ਦਫਤਰੀ ਆਰਡਰ ਤੋਂ ਵੱਧ ਅੰਗ ਉਪਲੱਬਧ ਕਰਵਾਏ ਜਾਂਦੇ ਰਹੇ।ਇਸੇ ਹੀ ਪ੍ਰੈੱਸ ਦੇ ਕਰਮਚਾਰੀ ਸ਼੍ਰੀ ਨਾਰਾਇਣ ਸਿੰਘ (ਫੋਰਮੈਨ) ਅਤੇ ਸ੍ਰ.ਸ਼ਿਵਰਾਜ ਸਿੰਘ (ਮੈਨੇਜਰ) ਨੇ ਪੜਤਾਲ ਕਮਿਸ਼ਨ ਅੱਗੇ ਸਾਲ 2012-2013 ਤੋਂ ਲੈ ਕੇ ਸਾਲ 2019-20 ਤੱਕ ਦੀ ਪਾਵਨ ਸਰੂਪਾਂ ਦੀ ਛਪਾਈ ਦਾ ਰਿਕਾਰਡ ਪੇਸ਼ ਕੀਤਾ।(ਅਨੁਲੱਗ ਨੰ: 17 ਨੱਥੀ ਹੈ) ਇਸ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਪ੍ਰੈੱਸ ਵੱਲੋਂ ਜਿਲਦਸਾਜ਼ਾਂ ਨੂੰ 12,67,472 ਵਧੀਕ ਅੰਗ (8 ਅੰਗਾਂ ਦਾ ਇਕ ਫਰਮਾਂ) ਸਾਲ 2012-2013 ਤੋਂ ਲੈ ਕੇ ਸਾਲ 2019-20 ਤੱਕ ਦਿੱਤੇ ਗਏ।

ਵਧੀਕ ਦਿੱਤੇ ਗਏ ਪਾਵਨ ਅੰਗਾਂ ਦੀ ਵਾਪਸੀ ਜਾਂ ਉਹਨਾ ਨੂੰ ਵਰਤਣ ਦਾ ਕੋਈ ਰਿਕਾਰਡ ਨਾ ਤਾਂ ਪਬਲੀਕੇਸ਼ਨ ਵਿਭਾਗ ਕੋਲ ਮੌਜੂਦ ਹੈ, ਨਾ ਹੀ ਗੋਲਡਨ ਆਫਸੈਟ ਪ੍ਰੈੱਸ ਕੋਲ ਹੈ ਅਤੇ ਨਾ ਹੀ ਜਿਲਦਸਾਜ਼ਾਂ ਕੋਲ ਹੈ।ਜਿਲਦਸਾਜ਼ਾਂ ਦੇ ਅਨੁਸਾਰ ਨਾ ਤਾਂ ਇਹ ਵਧੀਕ ਪਾਵਨ ਅੰਗ ਕਦੀ ਵਾਪਿਸ ਕੀਤੇ ਗਏ ਅਤੇ ਨਾ ਹੀ ਸਬੰਧਿਤ ਜਿੰਮੇਵਾਰ ਅਧਿਕਾਰੀਆਂ ਵੱਲੋਂ ਕਦੀ ਵਾਪਸ ਮੰਗੇ ਗਏ।

ਇੰਨੀ ਜ਼ਿਆਦਾ ਗਿਣਤੀ ਵਿਚ ਵਾਧੂ ਪਾਵਨ ਅੰਗ ਛਾਪਣਾ ਸੰਸਥਾ ਦਾ ਸਿਰਫ਼ ਵਿੱਤੀ ਨੁਕਸਾਨ ਹੀ ਨਹੀਂ ਬਲਕਿ ਘੋਰ ਅਪਰਾਧ ਵੀ ਹੈ।ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਅੰਗਾਂ ਦਾ ਸਤਿਕਾਰ ਸਹਿਤ ਪ੍ਰਯੋਗ ਨਾ ਕਰਨਾ ਜਾਂ ਅਣ-ਅਧਿਕਾਰਤ ਢੰਗ ਨਾਲ ਪ੍ਰਯੋਗ ਕਰਨਾ ਅਤਿ-ਨਿੰਦਣਯੋਗ ਅਪਰਾਧ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਿੰਟਿੰਗ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਦੇ ਕਰਮਚਾਰੀ ਅਤੇ ਅਧਿਕਾਰੀ ਇਸ ਅਪਰਾਧਿਕ ਕਾਰਜ ਦੇ ਪੂਰੀ ਤਰ੍ਹਾਂ ਨਾਲ ਜਵਾਬਦੇਹ ਹਨ।

ਪੜਤਾਲ ਕਮਿਸ਼ਨ ਨੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸਥਿਤ ਦੋਵੇਂ ਭਵਨਾਂ ਦਾ ਮੁਆਇਨਾ ਕੀਤਾ ਜਿੱਥੇ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਛਾਪਣ ਤੋਂ ਬਾਅਦ ਜਿਲਦਬੰਦੀ ਲਈ ਸੁਸ਼ੋਭਿਤ ਕੀਤੇ ਜਾਂਦੇ ਹਨ।ਇਸ ਦੌਰਾਨ ਇਹ ਪਾਇਆ ਗਿਆ ਕਿ ਕੁਝ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅੰਗ, ਜੋ ਜਿਲਦਸਾਜ਼ਾਂ ਨੂੰ ਜਿਲਦਬੰਦੀ ਲਈ ਅਲਾਟ ਕੀਤੇ ਜਾਂਦੇ ਹਨ, ਕਮਰਿਆਂ ਵਿੱਚ ਅਣ-ਸਤਿਕਾਰਿਤ ਤਰੀਕੇ ਨਾਲ ਪਏ ਸਨ।ਕੁਝ ਪਾਵਨ ਅੰਗਾਂ ਤੇ ਧੂੜ-ਮਿੱਟੀ ਪਈ ਹੋਈ ਸੀ ਅਤੇ ਕੁਝ ਮੁੜੇ ਹੋਏ ਪਾਵਨ ਅੰਗ ਬਿਨਾਂ ਕਿਸੇ ਸਤਿਕਾਰ/ਮਰਿਆਦਾ ਤੋਂ ਬੰਨ੍ਹ ਕੇ ਰੱਖੇ ਹੋਏ ਸਨ।ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਦਾ ਇੰਨੇ ਮਾੜੇ ਹਾਲਾਤਾਂ ਵਿਚ ਪਏ ਹੋਣਾ ਪੜਤਾਲ ਕਮਿਸ਼ਨ ਦੀ ਬਰਦਾਸ਼ਤ ਸ਼ਕਤੀ ਤੋਂ ਬਾਹਰ ਸੀ।ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸੰਸਾਰ ਦਾ ਇਕੋ-ਇੱਕ ਉਹ ਮਹਾਨ ਅਸਥਾਨ ਹੈ, ਜਿੱਥੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਤਿਆਰ ਕਰਕੇ ਸਮੁੱਚੇ ਸੰਸਾਰ ਦੇ ਗੁਰਦੁਆਰਾ ਸਾਹਿਬਾਨਾਂ ਅਤੇ ਸਿੱਖਾਂ ਵਿੱਚ ਪਹੁੰਚਾਇਆ ਜਾਂਦਾ ਹੈ।

ਸ੍ਰ.ਗੁਰਬਚਨ ਸਿੰਘ,ਮੀਤ ਸਕੱਤਰ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਮਿਤੀ 02/10/2018 ਦੇ ਪੱਤਰ ਰਾਹੀਂ ਜਿਲਦਸਾਜ਼ਾਂ ਨੂੰ ਨੋਟਿਸ ਦਿੱਤਾ ਗਿਆ, ਜਿਸ ਵਿਚ ਲਿਖਿਆ ਸੀ ਦਸਤਾਵੇਜ਼ ਨੰ: ਓਗ/6 (ਦੇਖੋ- ਬਿਆਨ ਕਰਤਾ, ਭਾਗ 02, ਪੰਨਾ ਨੰਬਰ 386)

> *"ਸਮੂਹ ਜਿਲਦਸਾਜ਼ਾ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਪੋ ਆਪਣੇ ਬਾਈਂਡਿੰਗ ਹਾਲਾਂ ਦੀ ਪੂਰੀ ਤਰਾਂ ਸਾਫ਼-ਸਫਾਈ 10 ਦਿਨਾਂ ਦੇ ਅੰਦਰ-ਅੰਦਰ ਕਰਕੇ ਵਾਧ-ਘਾਟ ਸਮਾਨ ਨੂੰ ਤਿਆਰ ਕੀਤਾ/ਕਰਵਾਇਆ ਜਾਵੇ, ਵਾਧ-ਘਾਟ ਗੁਰਬਾਣੀ ਦੇ ਛਪੇ ਫਰਮੇ ਗਿਣਤੀ-ਮਿਣਤੀ ਕਰਕੇ ਮੈਨੇਜਰ ਪ੍ਰੈੱਸਾਂ ਦੇ ਨੋਟਿਸ ਵਿਚ ਲਿਆ ਕੇ ਸੁਪਰ. ਪਬਲੀਕੇਸ਼ਨ ਪਾਸ ਜਮ੍ਹਾਂ ਕਰਵਾਏ ਜਾਣ।ਇਸ ਉਪ੍ਰੰਤ ਜੋ ਵੇਸਟੇਜ਼/ਰੱਦੀ ਬਚੇ ਉਸ ਨੂੰ ਬੰਨ ਕੇ ਆਪਣੇ ਦਸਤਖ਼ਤਾਂ ਹੇਠ, ਹਾਲ ਦਾ ਨੰਬਰ ਲਿਖ ਕੇ ਪ੍ਰੈੱਸ ਵਿਖੇ ਭੇਜੇ ਜਾਣ।ਇਸ 'ਪੁਰ ਸਖ਼ਤੀ ਨਾਲ ਅਮਲ ਹੋਵੇ ਅਗਰ ਦਿੱਤੇ ਸਮੇਂ ਤੋਂ ਬਾਅਦ ਚੈਕਿੰਗ ਦੌਰਾਨ ਕੋਈ ਉਨਤਾਈ ਪਾਈ ਗਈ, ਉਸ ਜਿਲਦ-ਸਾਜ ਵਿਰੁੱਧ ਸਖ਼ਤ ਦਫ਼ਤਰੀ ਕਾਰਵਾਈ ਕਰਦਿਆਂ ਸਬੰਧਿਤ ਜਿਲਦ-ਸਾਜ ਦਾ ਠੇਕਾ ਵੀ ਕੈਂਸਲ ਕੀਤਾ/ਕਰਵਾਇਆ ਜਾ ਸਕਦਾ ਹੈ।"*

ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਦੇ ਹਾਲ ਨੰ: 4 ਦਾ ਦੌਰਾ ਕੀਤਾ ਸੀ ਅਤੇ ਫੋਟੋਆਂ ਦਸਤਾਵੇਜ਼

ੳਗ/8A ਤੋਂ 8F (ਦੇਖੋ- ਬਿਆਨ ਕਰਤਾ, ਭਾਗ 02, ਪੰਨਾ ਨੰਬਰ 392 ਤੋਂ 397) ਲਈਆਂ ਸਨ। ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਿਲਦਸਾਜ਼ਾਂ ਨੇ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਅਦਬ-ਸਤਿਕਾਰ ਨਾਲ ਨਹੀਂ ਰੱਖਿਆ ਹੋਇਆ ਸੀ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਤੋਂ ਮੀਤ ਸਕੱਤਰ ਅਤੇ ਉੱਚ ਅਧਿਕਾਰੀਆਂ ਨੇ ਪਾਵਨ ਸਰੂਪਾਂ ਨੂੰ ਸਤਿਕਾਰ ਨਾਲ ਅਤੇ ਫਰਮਿਆਂ ਨੂੰ ਸਤਿਕਾਰ ਨਾਲ ਰੱਖਣ ਦੇ ਚੰਗੇ ਟੇਬਲ ਜਾਂ ਪਲੰਘ ਮੁਹੱਈਆ ਕਰਵਾਏ ਹੋਏ ਸਨ।

ਜਿਲਦਸਾਜ਼ਾਂ ਨੇ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਵੱਲੋਂ ਦਿੱਤੇ ਗਏ ਪੱਤਰ ਤੋਂ ਬਾਅਦ ਵੀ ਕੋਈ ਸੁਧਾਰ ਨਹੀਂ ਕੀਤਾ ਅਤੇ ਨਾ ਹੀ ਵਧੀਕ ਪਾਵਨ ਅੰਗਾਂ ਦਾ ਕੋਈ ਵੇਰਵਾ ਪਬਲੀਕੇਸ਼ਨ ਵਿਭਾਗ ਪਾਸ ਜਮ੍ਹਾਂ ਕਰਵਾਇਆ। ਇਹ ਗੱਲ ਸਪੱਸ਼ਟ ਹੈ ਕਿ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਨੂੰ ਜਾਣਕਾਰੀ ਸੀ ਕਿ ਸਮੂਹ ਜਿਲਦਸਾਜ਼ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਵਧੀਕ ਅੰਗਾਂ ਅਤੇ ਹੋਰ ਸਾਹਿਤ ਨੂੰ ਅਦਬ-ਸਤਿਕਾਰ ਨਾਲ ਨਹੀਂ ਰੱਖਦੇ। ਇਹ ਜਾਣਕਾਰੀ ਹੋਣ ਦੇ ਬਾਵਜੂਦ ਵੀ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਪਬਲੀਕੇਸ਼ਨ ਵਿਭਾਗ ਵੱਲੋਂ ਕੋਈ ਵੀ ਦਫ਼ਤਰੀ ਕਾਰਵਾਈ ਨਹੀਂ ਕੀਤੀ ਗਈ ਅਤੇ ਜਿਲਦਸਾਜ਼ਾਂ ਤੋਂ ਕੰਮ ਲੈਣਾ ਉਸੇ ਤਰ੍ਹਾਂ ਨਾਲ ਜਾਰੀ ਰੱਖਿਆ ਗਿਆ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇ-ਅਦਬੀ, ਮੀਤ ਸਕੱਤਰ ਵਰਗੇ ਉੱਚ ਅਧਿਕਾਰੀ ਦੇ ਨੋਟਿਸ ਵਿੱਚ ਹੋਣ ਦੇ ਬਾਵਜੂਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ-ਕਾਜ ਦੀ ਪ੍ਰਣਾਲੀ 'ਤੇ ਸਵਾਲ ਹੀ ਖੜਾ ਨਹੀਂ ਕਰਦੀ ਬਲਕਿ ਸਮੁੱਚੇ ਸੰਸਾਰ ਦੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਵੀ ਪਹੁੰਚਾਉਂਦੀ ਹੈ।

ਇੱਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਜਿਲਦਸਾਜ਼ਾਂ ਦੇ ਗਲਤ ਕੰਮ-ਕਾਜ, ਇੱਥੋਂ ਤੱਕ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇ-ਅਦਬੀ ਕਰਨ ਵਿੱਚ ਸ੍ਰ. ਗੁਰਬਚਨ ਸਿੰਘ, ਮੀਤ ਸਕੱਤਰ ਪਬਲੀਕੇਸ਼ਨ ਵਿਭਾਗ ਅਤੇ ਇਸ ਵਿਭਾਗ ਨਾਲ ਸਬੰਧਿਤ ਉੱਚ ਅਧਿਕਾਰੀਆਂ ਦਾ ਵੀ ਪੂਰਾ ਹੱਥ ਹੈ ਅਤੇ ਇਹ ਦੋਸ਼ੀ ਹਨ।

ਸਿੱਖ ਕੌਮ ਲਈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਤੋਂ ਵੱਧ ਕੇ ਇਸ ਸੰਸਾਰ ਵਿੱਚ ਕੁਝ ਵੀ ਨਹੀਂ ਹੈ। ਸਮੂਹ ਸਿੱਖ ਕੌਮ ਆਪਣੇ ਜੀਵਨ ਦਾ ਹਰ ਕਾਰਜ ਭਾਵ ਜਨਮ ਸੰਸਕਾਰ ਤੋਂ ਲੈ ਕੇ ਅੰਤਿਮ ਸੰਸਕਾਰ ਤੱਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਕਰਦੀ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਫ ਸਿੱਖ ਗੁਰੂਆਂ ਦੀ ਬਾਣੀ ਹੀ ਦਰਜ ਨਹੀਂ ਸਗੋਂ

ਹਿੰਦੂ ਭਗਤਾਂ, ਮੁਸਲਮਾਨ ਪੀਰ-ਪੈਗੰਬਰਾਂ ਅਤੇ ਭੱਟਾਂ ਦੀ ਜੀਵਨ ਜਾਚ ਅਤੇ ਪ੍ਰਮਾਤਮਾ ਦੀ ਉਸਤਤ ਦੇ ਉਪਦੇਸ਼ ਸ਼ਾਮਲ ਹਨ।ਸਿੱਖ ਆਪਣਾ ਹਰ ਸੁਆਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਕਰਕੇ ਜਿਊਂਦਾ ਹੈ।ਇਸ ਅਸਥਾਨ 'ਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਨਾਲ ਉੱਚ-ਅਧਿਕਾਰੀਆਂ ਦੀ ਹਾਜ਼ਰੀ ਵਿਚ ਜਿਲਦਸਾਜ਼ਾਂ ਨੇ ਇਸ ਤਰ੍ਹਾਂ ਬੇ-ਅਦਬੀ ਕਰਕੇ, ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ।

**ਅ)** ਪੜਤਾਲ ਕਮਿਸ਼ਨ ਨੇ ਸ੍ਰ.ਜਸਪਾਲ ਸਿੰਘ ਜੀ, ਨਿੱਜੀ ਸਹਾਇਕ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਸਾਰੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅੰਗਾਂ ਦੀ ਸਤਿਕਾਰ ਸਹਿਤ ਗਿਣਤੀ ਕਰਵਾ ਕੇ ਸਾਂਭ-ਸੰਭਾਲ ਕੀਤੀ ਜਾਵੇ।ਇਸ ਉਪਰੰਤ ਪੜਤਾਲ ਕਮਿਸ਼ਨ ਨੇ ਸ੍ਰ.ਗੁਰਨਾਮ ਸਿੰਘ (ਮੌਜੂਦਾ ਇੰਚਾਰਜ), ਗੁ:ਇੰਸਪੈਕਟਰ ਅਤੇ ਦਫ਼ਤਰ ਦੇ ਕਰਮਚਾਰੀਆਂ ਦੀ ਮਦਦ ਨਾਲ 24 ਤੋਂ 27 ਜੁਲਾਈ 2020 ਨੂੰ ਵਧੀਕ ਪਾਵਨ ਅੰਗਾਂ ਦੀ ਗਿਣਤੀ ਕਰਵਾਈ, ਜੋ ਕਿ 9,92,896 (ਅੱਖਰੀ ਨੌਂ ਲੱਖ ਬਾਨਵੇਂ ਹਜ਼ਾਰ ਅੱਠ ਸੌ ਛਿਆਨਵੇਂ) ਬਣਦੀ ਹੈ।ਜਿਸ ਵਿਚ ਨਵੀਂ ਵੇਲ (ਡਿਜਾਇਨ ਸਾਲ 2009) ਵਾਲੇ ਪਾਵਨ ਅੰਗ 7,93,608 (ਸੱਤ ਲੱਖ ਤਿਰਾਨਵੇਂ ਹਜ਼ਾਰ ਛੇ ਸੌ ਅੱਠ) ਅਤੇ ਪੁਰਾਣੀ ਵੇਲ (ਡਿਜਾਇਨ ਸਾਲ 2009 ਤੋਂ ਪਹਿਲਾਂ) ਵਾਲੇ 1,99,288 (ਅੱਖਰੀ ਇੱਕ ਲੱਖ ਨੜਿਨ੍ਹਵੇਂ ਹਜ਼ਾਰ ਦੋ ਸੌ ਅੱਠਾਸੀ) ਅੰਗ ਹਨ।

ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਨੇ ਦੱਸਿਆ ਕਿ ਇਹਨਾਂ ਉਪਰੋਕਤ ਪਾਵਨ ਅੰਗਾਂ ਤੋਂ ਇਲਾਵਾ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 125 ਪਾਵਨ ਸਰੂਪ ਵੀ ਵਧੀਕ ਅੰਗਾਂ ਤੋਂ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ, ਪਬਲੀਕੇਸ਼ਨ ਵਿਭਾਗ ਦੇ ਆਦੇਸ਼ ਅਨੁਸਾਰ ਤਿਆਰ ਕੀਤੇ ਗਏ ਸਨ, ਉਨ੍ਹਾਂ ਦੀ ਜ਼ਿਲਦਬੰਦੀ ਅਜੇ ਬਾਕੀ ਹੈ।ਜ਼ਿਲਦਸਾਜ਼ ਸ੍ਰ.ਕੁਲਵੰਤ ਸਿੰਘ ਨੇ ਬਿਆਨ ਦਿੱਤਾ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪ ਵੀ ਵਧੀਕ ਅੰਗਾਂ ਤੋਂ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਪਬਲੀਕੇਸ਼ਨ ਵਿਭਾਗ ਦੇ ਜੁਬਾਨੀ ਆਦੇਸ਼ ਅਨੁਸਾਰ ਤਿਆਰ ਕੀਤੇ ਗਏ ਸਨ।ਜਿਨ੍ਹਾਂ ਵਿੱਚੋਂ 55 ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ) ਨੇ ਭੇਟਾ ਲੈ ਕੇ ਸੰਗਤਾਂ ਨੂੰ ਭੇਜ ਦਿੱਤੇ ਪਰ ਪੜਤਾਲ ਕਮਿਸ਼ਨ ਨੂੰ 54 ਪਾਵਨ ਸਰੂਪਾਂ ਦਾ ਵੇਰਵਾ ਹੀ ਰਿਕਾਰਡ 'ਚੋਂ ਪ੍ਰਾਪਤ ਹੋਇਆ ਅਤੇ 1 ਪਾਵਨ ਸਰੂਪ ਲੜੀ ਨੰਬਰ 4456, ਕਿੱਥੇ ਭੇਜਿਆ ਗਿਆ, ਇਹ ਦੱਸਣ ਵਿੱਚ ਪਬਲੀਕੇਸ਼ਨ ਵਿਭਾਗ ਤੇ ਅਧਿਕਾਰੀ

ਤੇ ਕਰਮਚਾਰੀ ਅਸਮਰੱਥ ਰਹੇ। ਇਸ ਤੋਂ ਇਲਾਵਾ 6 ਪਾਵਨ ਸਰੂਪ ਅੱਜ ਵੀ ਪਬਲੀਕੇਸ਼ਨ ਵਿਭਾਗ ਦੇ ਸਟੋਰ ਵਿਖੇ ਬਿਰਾਜਮਾਨ ਹਨ।

ਗੋਲਡਨ ਆਫਸੈੱਟ ਪ੍ਰੈੱਸ ਦੇ ਰਿਕਾਰਡ ਅਨੁਸਾਰ ਪਿਛਲੇ ਅੱਠ ਸਾਲਾਂ ਵਿਚ 12,67,472 ਵਧੀਕ ਪਾਵਨ ਅੰਗ ਜਿਲਦਸਾਜ਼ਾਂ ਨੂੰ ਦਿੱਤੇ ਗਏ। ਇਸ ਰਿਕਾਰਡ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਦੇਖਣ ਵਿਚ ਆਇਆ ਹੈ ਕਿ ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਜਦੋਂ ਪਬਲੀਕੇਸ਼ਨ ਵਿਭਾਗ ਪਾਸੋਂ ਬਿੱਲ ਰਾਹੀਂ ਪੇਮੈਂਟ ਕਲੇਮ ਕਰਦੀ ਹੈ ਤਾਂ ਉਸ ਬਿੱਲ ਵਿੱਚ ਕਲੇਮ ਹੋਏ ਪੇਪਰ ਦੀ ਮਾਤਰਾ, ਜਿਲਦਸਾਜ਼ਾਂ ਨੂੰ ਦਿੱਤੇ ਗਏ ਵਧੀਕ ਪਾਵਨ ਅੰਗਾਂ ਦੀ ਮਾਤਰਾ ਨਾਲੋਂ ਕਾਫੀ ਜਿਆਦਾ ਹੁੰਦੀ ਹੈ। ਉਦਾਹਰਨ ਦੇ ਤੌਰ ਤੇ ਮਿਤੀ 05-11-2015 ਨੂੰ ਜਾਗਤ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 6000 ਪਾਵਨ ਸਰੂਪ ਤਿਆਰ ਕਰਨ ਲਈ 6480 (ਕੁੱਲ ਕਾਗਜ 11,72,880÷181) ਅੰਗਾਂ ਲਈ ਕਾਗਜ਼ ਦੀ ਪੇਮੈਂਟ ਵਸੂਲ ਕਰ ਲਈ ਗਈ ਜਦਕਿ 6088 (ਔਸਤਨ ਫਰਮੇ) ਪਾਵਨ ਸਰੂਪਾਂ ਦੇ ਅੰਗ ਠੇਕੇਦਾਰਾਂ ਨੂੰ ਜਿਲਦਬੰਦੀ ਲਈ ਦਿੱਤੇ ਗਏ। ਇਸ ਤੋਂ ਸਪੱਸ਼ਟ ਹੈ ਕਿ ਗੋਲਡਨ ਆਫਸੈੱਟ ਪ੍ਰੈੱਸ ਨੇ ਪਿਛਲੇ ਅੱਠ ਸਾਲਾਂ ਵਿਚ 12,67,472 ਵਧੀਕ ਪਾਵਨ ਅੰਗ ਤੋਂ ਵੱਧ ਵਧੀਕ ਅੰਗ ਤਿਆਰ ਕੀਤੇ। ਉਨ੍ਹਾਂ ਵਿੱਚੋਂ ਜੁਬਾਨੀ ਆਦੇਸ਼ ਅਨੁਸਾਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 186 ਪਾਵਨ ਸਰੂਪ (125+61) ਤਿਆਰ ਕੀਤੇ ਗਏ (125 ਪਾਵਨ ਸਰੂਪਾਂ ਦੀ ਜਿਲਦਬੰਦੀ ਅਜੇ ਬਾਕੀ ਹੈ)। ਗੋਲਡਨ ਆਫ਼ਸੈੱਟ ਪ੍ਰੈੱਸ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਵਧੀਕ ਪਾਵਨ ਅੰਗ ਜਿਲਦਸਾਜ਼ਾਂ ਨੂੰ ਦਿੰਦੀ ਆ ਰਹੀ ਹੈ। ਪਰ ਰਿਕਾਰਡ ਵਿੱਚ ਸਾਲ 2012 ਤੋਂ ਹੀ ਇਹ ਦਰਜ ਕੀਤਾ ਜਾ ਰਿਹਾ ਹੈ, ਕਿ ਕਿੰਨੇ ਪਾਵਨ ਅੰਗ ਜਿਲਦਸਾਜ਼ਾਂ ਨੂੰ ਦਿੱਤੇ ਗਏ ਹਨ। ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਨੇ ਬਿਆਨ ਦਿੱਤਾ ਕਿ ਵਧੀਕ ਪਾਵਨ ਅੰਗ, ਜਿਨ੍ਹਾਂ ਤੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਤਿਆਰ ਕੀਤੇ ਜਾ ਸਕਦੇ ਸਨ, ਸਾਲ 2013-14 ਤੱਕ ਬਿਨਾਂ ਕਿਸੇ ਰਿਕਾਰਡ ਵਿਚ ਦਰਜ ਕੀਤਿਆਂ ਅਗਨ ਭੇਂਟ ਲਈ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਭੇਜ ਦਿੱਤੇ ਜਾਂਦੇ ਰਹੇ। ਜੇਕਰ ਜਿਲਦਸਾਜ਼ ਦੇ ਬਿਆਨ ਨੂੰ ਸੱਚ ਮੰਨੀਏ ਤਾਂ 16 ਤੋਂ ਵੱਧ ਸਾਲਾਂ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਅਗਨ ਭੇਂਟ ਲਈ ਭੇਜੇ ਗਏ ਵਧੀਕ ਪਾਵਨ ਅੰਗਾਂ ਤੋਂ ਬਹੁਤਾਤ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਤਿਆਰ ਕੀਤੇ ਜਾ ਸਕਦੇ ਸਨ।

ਜੇਕਰ ਇਹ ਵੀ ਮੰਨ ਲਈਏ ਕਿ ਸਿਰਫ 12,67,472 ਅੰਗ ਗੋਲਡਨ ਆਫਸੈੱਟ ਪ੍ਰੈੱਸ ਵੱਲੋਂ ਜਿਲਦਸਾਜ਼ਾ ਨੂੰ ਸਾਲ 2012 ਤੋਂ ਦਿੱਤੇ ਗਏ। 7,93,608 ਅੰਗ (ਡਿਜਾਇਨ ਨਵੀਂ ਵੇਲ)

ਰਿਪੋਰਟ ਜਾਰੀ ਹੋਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਮੌਜੂਦ ਹਨ ਅਤੇ 2,68,212 ਅੰਗ 186 ਪਾਵਨ ਸਰੂਪਾਂ ਲਈ ਵਰਤੇ ਗਏ ਹਨ।ਇਸ ਤਰੀਕੇ ਬਾਕੀ 2,05,652 (12,67,472-7,93,608-2,68,212) ਪਾਵਨ ਅੰਗਾਂ ਦਾ ਕੋਈ ਵੀ ਵੇਰਵਾ ਜਾਂ ਰਿਕਾਰਡ ਜਿਲਦਸਾਜ਼ਾਂ ਵੱਲੋਂ ਜਾਂ ਪਬਲੀਕੇਸ਼ਨ ਵਿਭਾਗ ਵੱਲੋਂ ਨਹੀਂ ਦਿੱਤਾ ਗਿਆ ਅਤੇ ਨਾ ਹੀਂ ਉਨ੍ਹਾਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਇਨ੍ਹਾਂ ਪਾਵਨ ਅੰਗਾਂ ਦਾ ਕਿੱਥੇ ਇਸਤੇਮਾਲ ਕੀਤਾ ਗਿਆ।ਬਾਕੀ ਬਣਦੇ 2,05,652 ਪਾਵਨ ਅੰਗਾਂ ਦੀ ਜਾਣਕਾਰੀ ਲੈਣੀ ਅਤਿਅੰਤ ਜ਼ਰੂਰੀ ਹੈ ਅਤੇ ਉਸ ਲਈ ਜਿਲਦਸਾਜ਼ਾਂ ‘ਤੇ ਯੋਗ ਕਾਰਵਾਈ ਕਰਨੀ ਬਣਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ ਤਾਂ ਜੋ ਕਿਸੇ ਵੀ ਅਣ-ਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਜਿਲਦਸਾਜ਼ਾਂ ਨੇ ਆਪਣੇ ਬਿਆਨਾਂ ਵਿਚ ਇਹ ਕਿਹਾ ਹੈ ਕਿ ਵਧੀਕ ਪਾਵਨ ਅੰਗ ਇਸ ਲਈ ਦਿੱਤੇ ਜਾਂਦੇ ਹਨ ਕਿਉਂਕਿ ਕਈ ਵਾਰ ਕਟਿੰਗ, ਪਾਵਨ ਅੰਗਾਂ ਦੀ ਛਪਾਈ ਕਰਨ ਵੇਲੇ ਜਾਂ ਗ੍ਰੰਥੀ ਸਿੰਘਾਂ ਵੱਲੋਂ ਤਿਆਰ ਹੋਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਦਰਸ਼ਨ ਵਿਚਾਰ ਕਰਦਿਆਂ ਹੋਇਆਂ ਵੀ ਕੁਝ ਪਾਵਨ ਅੰਗ ਬਦਲਣੇ ਪੈਂਦੇ ਹਨ।ਪੜਤਾਲ ਕਮਿਸ਼ਨ ਨੇ ਦੇਖਿਆ ਕਿ ਵਧੀਕ ਪਾਵਨ ਅੰਗਾਂ ਦੀ ਸਪਲਾਈ ਜਿਲਦਸਾਜ਼ਾਂ ਨੂੰ ਕੀਤੀ ਜਾਂਦੀ ਸੀ, ਪਰ ਜੋ ਪਾਵਨ ਅੰਗ ਜਿਲਦਸਾਜ਼ਾਂ ਵੱਲੋਂ ਨਹੀਂ ਵਰਤੇ ਗਏ ਜਾਂ ਜੋ ਪਾਵਨ ਅੰਗ ਜਿਲਦਸਾਜ਼ਾਂ ਵੱਲੋਂ ਜਿਲਦਬੰਦੀ ਸਮੇਂ ਖਰਾਬ ਹੋ ਗਏ, ਉਨ੍ਹਾਂ ਦੀ ਵਾਪਸੀ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ।ਇਹ ਗੱਲ ਇਕੱਲੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਤੇ ਹੀ ਲਾਗੂ ਨਹੀਂ ਹੁੰਦੀ ਬਲਕਿ ਬਾਕੀ ਗੁਰਮਤਿ ਸਾਹਿਤ ਜਿਵੇਂ ਕਿ ਨਿੱਤਨੇਮ ਦੇ ਗੁਟਕਾ ਸਾਹਿਬ, ਸੈਂਚੀਆਂ ਸਾਹਿਬ, ਪੋਥੀਆਂ, ਧਾਰਮਿਕ ਪੁਸਤਕਾਂ, ਗੁਰਬਾਣੀ ਦੇ ਟੀਕੇ, ਸ਼ਬਦਾਰਥ ਅਤੇ ਹੋਰ ਭੇਟਾ ਰਹਿਤ ਤੇ ਭੇਟਾ ਸਹਿਤ ਸਾਹਿਤ ਤੇ ਵੀ ਲਾਗੂ ਹੁੰਦੀ ਹੈ, ਜੋ ਕਿ ਬਹੁਤ ਵੱਡੇ ਗਬਨ ਹੋਣ ਦਾ ਸੰਕੇਤ ਕਰਦੀ ਹੈ।ਗੁਰਬਾਣੀ ਅਤੇ ਗੁਰਬਾਣੀ ‘ਤੇ ਅਧਾਰਿਤ ਸਾਹਿਤ ਨੂੰ ਇਵੇਂ ਰੱਖਣਾ ਅਤਿ ਨਿੰਦਣਯੋਗ ਪ੍ਰਕਿਰਿਆ ਹੈ, ਇਹ ਰਿਪੋਰਟ ਜਾਰੀ ਹੋਣ ਤੇ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਜਾਣਗੇ।

ਉਪਰੋਕਤ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਧੀਕ ਅੰਗਾਂ ਤੋਂ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ, ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ), ਪਬਲੀਕੇਸ਼ਨ ਵਿਭਾਗ, ਪ੍ਰਿੰਟਿੰਗ ਪ੍ਰੈੱਸ ਵਿਭਾਗ ਅਤੇ ਜਿਲਦਸਾਜ਼ਾਂ ਦੀ ਮਿਲੀ ਭੁਗਤ ਨਾਲ ਅਣ-ਅਧਿਕਾਰਤ ਤਰੀਕੇ ਨਾਲ ਤਿਆਰ ਕੀਤੇ ਗਏ।ਸ੍ਰ:

ਮਨਜੀਤ ਸਿੰਘ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਦੇ ਮਿਤੀ 01/03/2019 ਤੋਂ 16/02/2020 ਤੱਕ ਸਕੱਤਰ ਰਹੇ ਹਨ ਅਤੇ ਇਹਨਾਂ ਨੂੰ ਅਣਅਧਿਕਾਰਿਤ ਤਰੀਕੇ ਨਾਲ ਬਣਾਏ ਜਾਂਦੇ ਪਾਵਨ ਸਰੂਪਾਂ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਸੀ।ਪੜਤਾਲ ਕਮਿਸ਼ਨ ਦਾ ਇਹ ਮੰਨਣਾ ਹੈ ਕਿ ਇਹਨਾਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਇਹਨਾਂ ਨੇ ਜੁੰਮੇਵਾਰ ਅਧਿਕਾਰੀ ਹੋਣ ਦੇ ਨਾਤੇ, ਨਾਂ ਹੀ ਇਸਨੂੰ ਰੋਕਣ ਲਈ ਆਪ ਕੋਈ ਉਚਿਤ ਕਦਮ ਚੁੱਕਿਆ ਅਤੇ ਨਾ ਹੀ ਹੇਠਲੇ ਕਰਮਚਾਰੀਆਂ ‘ਤੇ ਕੋਈ ਯੋਗ ਕਾਰਵਾਈ ਕੀਤੀ।ਐਸਾ ਹੀ ਵਤੀਰਾ ਮੁੱਖ ਸਕੱਤਰ ਨੇ ਵਰਤਿਆ ਜੋ ਕਿ ਇਸ ਗੁਨਾਹ ਦਾ ਜਵਾਬਦੇਹ ਹੈ।

ਇਸ ਅਤਿ ਘਿਨੌਣੇ ਅਪਰਾਧ ਲਈ ਉਪਰੋਕਤ ਕਰਮਚਾਰੀਆਂ, ਅਧਿਕਾਰੀਆਂ ਅਤੇ ਜਿਲਦਸਾਜ਼ਾਂ ਉੱਤੇ ਸਿੱਖ ਕੌਮ ਦੇ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਦੀ ਬਣਦੀ ਯੋਗ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੁਆਰਾ ਤੁਰੰਤ ਕਰਨੀ ਚਾਹੀਦੀ ਹੈ।ਜਿਲਦਸਾਜ਼ਾਂ ਦਾ ਠੇਕਾ ਵੀ ਤੁਰੰਤ ਕੈਂਸਲ ਕਰ ਦੇਣਾ ਚਾਹੀਦਾ ਹੈ।

ਪੜਤਾਲ ਕਮਿਸ਼ਨ ਨੂੰ ਅਜਿਹਾ ਲਗਦਾ ਹੈ ਕਿ ਬਹੁਤ ਸਾਰੇ ਦੋਸ਼ੀ ਅਧਿਕਾਰੀ ਅਸਤੀਫਾ ਦੇਣ ਦਾ ਯਤਨ ਕਰਨਗੇ, ਉਹਨਾਂ ਦੇ ਅਸਤੀਫੇ ਦੇ ਬਾਵਜੂਦ ਉਹਨਾਂ ਦੇ ਗੁਨਾਹਾਂ ਨੂੰ ਮੁੱਖ ਰੱਖਦਿਆ ਬਣਦੀ ਯੋਗ ਕਾਰਵਾਈ ਅੰਤ੍ਰਿੰਗ ਕਮੇਟੀ ਦੁਆਰਾ ਜਰੂਰ ਕਰਨੀ ਚਾਹੀਦੀ ਹੈ, ਨਹੀਂ ਤਾਂ ਹਰ ਉੱਚ ਅਧਿਕਾਰੀ ਐਸੇ ਅਣਦੇਖੇ ਪ੍ਰਬੰਧ ਨੂੰ ਕਰਦਿਆਂ ਗੁਨਾਹ ਕਰਕੇ ਛੁੱਟਣ ਦਾ ਯਤਨ ਕਰਨਗੇ ਅਤੇ ਨਿਚਲੇ ਕਰਮਚਾਰੀ ਫਸਦੇ ਨਜ਼ਰ ਆਉਣਗੇ।ਇਹ ਪ੍ਰਬੰਧਕਾਂ ਅਤੇ ਕਰਮਚਾਰੀਆਂ ਤੇ ਬਹੁਤ ਗਲਤ ਪ੍ਰਭਾਵ ਪਾਵੇਗਾ।

ਪੜਤਾਲ ਕਮਿਸ਼ਨ ਵੱਲੋਂ ਸੁਝਾਅ ਦਿੱਤਾ ਜਾਂਦਾ ਹੈ ਗੋਲਡਨ ਆਫ਼ਸੈੱਟ ਪ੍ਰੈੱਸ ਸਿਰਫ ਦਫਤਰੀ ਆਰਡਰ ਅਨੁਸਾਰ ਹੀ ਪ੍ਰਿੰਟ ਕਰੇ ਤੇ ਦਫਤਰੀ ਆਰਡਰ ਵਿੱਚ ਸਪੱਸ਼ਟ ਹੋਵੇ ਕਿ ਕਿੰਨੇ ਅੰਗ ਛਪਾਈ ਵੇਲੇ ਵਾਧੂ ਛਾਪਣੇ ਹਨ।ਪਰ ਜਿਲਦਸਾਜ਼ ਨੂੰ ਸਿਰਫ ਜਰੂਰਤ ਦੇ ਅਨੁਸਾਰ ਹੀ ਪੂਰੇ ਪੂਰੇ ਅੰਗ ਦਿੱਤੇ ਜਾਣ।ਜੇਕਰ ਜਿਲਦਸਾਜ਼ ਰਾਹੀਂ ਕੋਈ ਵੀ ਪਾਵਨ ਅੰਗ ਖਰਾਬ ਹੁੰਦਾ ਹੈ ਤਾਂ ਉਸਦੀ ਵਾਪਸੀ ਲੈਣ ਦਾ ਨਿਯਮਬੱਧ ਰਿਕਾਰਡ ਬਣਾਇਆ ਜਾਵੇ ਅਤੇ ਵਾਪਸ ਲੈਣ ਤੋਂ ਬਾਅਦ ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਹੀ ਮਰਿਆਦਾ ਸਹਿਤ ਹੋਰ ਪਾਵਨ ਅੰਗ ਗੋਲਡਨ ਆਫ਼ਸੈੱਟ ਪ੍ਰੈੱਸ ਵੱਲੋਂ ਵਾਧੂ ਛਾਪੇ ਅੰਗਾਂ ਵਿੱਚੋਂ ਰਿਕਾਰਡ ਰੱਖ ਕੇ ਜਾਰੀ ਕੀਤੇ ਜਾਣ।ਜਿੰਨੇ ਵੀ ਗੋਲਡਨ

ਆਫਸੈਟ ਪ੍ਰੈੱਸ ਕੋਲ ਵਧੀਕ ਅੰਗ ਹੋਣ ਉਸ ਦਾ ਇੱਕ ਲੈਜ਼ਰ ਆਕਾਰ ਵਾਈਜ਼ ਬਣਾਇਆ ਜਾਵੇ ਜਿਸ ਵਿੱਚ ਵਧੀਕ ਅੰਗਾਂ ਦੇ ਛਪਣ ਤੇ ਪ੍ਰਾਪਤ ਕਰਨ ਦਾ ਅਤੇ ਜਿਲਦਸਾਜ਼ਾਂ ਨੂੰ ਦੇਣ ਦਾ ਰਿਕਾਰਡ ਰੱਖਿਆ ਜਾਵੇ।ਕੋਈ ਵੀ ਐਂਟਰੀ ਪੈੱਨਸਿਲ ਨਾਲ ਨਾ ਕੀਤੀ ਜਾਵੇ ਅਤੇ ਵਧੀਕ ਅੰਗਾਂ ਦੇ ਰਿਕਾਰਡ ਦੀ ਵਾਸਤਵਿਕ ਤਸਦੀਕ ਹਰ ਮਹੀਨੇ ਦੇ ਅਖੀਰ ਮੈਨੇਜਰ ਪਬਲੀਕੇਸ਼ਨ ਵਿਭਾਗ ਵੱਲੋਂ ਕੀਤੀ ਜਾਵੇ ਅਤੇ ਉਸ ਦੀ ਰਿਪੋਰਟ ਮੁੱਖ ਸਕੱਤਰ ਨੂੰ ਭੇਜੀ ਜਾਵੇ। **ਹਰ ਸਾਲ ਦੇ ਅਖੀਰ ਵਿੱਚ ਇਸ ਦੀ ਸੰਖੇਪ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਭੇਜੀ ਜਾਵੇ।** ਇਸੇ ਤਰ੍ਹਾਂ ਹੋਰ ਸਾਹਿਤ ਲਈ ਵੀ ਨਿਯਮ ਬਣਾ ਕੇ ਗੁਰਬਾਣੀ ਪ੍ਰਤੀ ਸਤਿਕਾਰ ਕਾਇਮ ਕੀਤਾ ਜਾਵੇ।ਅਗਨ ਭੇਂਟ ਕੀਤੇ ਜਾਣ ਵਾਲੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਪੂਰਨ ਮਰਿਆਦਾ ਸਹਿਤ ਲਿਖਤੀ ਰਿਕਾਰਡ ਵਿਚ ਦਰਜ ਕਰਕੇ, ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਅਗਨ ਭੇਂਟ ਲਈ ਲਿਜਾਇਆ ਜਾਵੇ।

## 9.3 ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕਦੋਂ ਤੋਂ ਘਟਣੇ ਸ਼ੁਰੂ ਹੋਏ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਡਿਟ ਬ੍ਰਾਂਚ ਨੇ ਪਾਵਨ ਸਰੂਪਾਂ ਦੀ ਰਕਮ ਜਮਾਂ ਨਾ ਹੋਣ ਕਰਕੇ ਇੱਕ ਪੜਤਾਲ ਅਕਤੂਬਰ 2018 ਵਿਚ ਕੀਤੀ ਹੈ।ਇਹ ਰਿਪੋਰਟ ਜੋ ਕਿ ਸ੍ਰ.ਬਾਜ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਵੱਲੋਂ ਪੈਸੇ ਨਾ ਜਮ੍ਹਾਂ ਕਰਵਾਉਣ ਸਬੰਧੀ ਸੀ ਅਤੇ ਪੜਤਾਲ ਸਾਲ 2013-14, 2014-15 ਅਤੇ 2016-17 ਦੇ ਪੈਸੇ ਦੇ ਗਬਨ ਦੀ ਸੀ।ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਾਲ 2013-14 ਤੋਂ ਹੀ ਸ੍ਰ.ਬਾਜ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਵੱਲੋਂ ਪੈਸੇ ਦਾ ਗਬਨ ਸ਼ੁਰੂ ਹੋ ਗਿਆ ਸੀ।ਇਸ ਰਿਪੋਰਟ ਦੇ ਕੁਝ ਅੰਸ਼ ਹਵਾਲੇ ਲਈ ਪੇਸ਼ ਕੀਤੇ ਜਾਂਦੇ ਹਨ:

"*ਸਮੁੱਚੀ ਪੜਤਾਲ ਤੋਂ ਸਿੱਧ ਹੁੰਦਾ ਹੈ ਕਿ ਸ੍ਰ.ਕੰਵਲਜੀਤ ਸਿੰਘ ਦੀ ਲਿਖਤ ਅਨੁਸਾਰ ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ ਦੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਭੇਟਾ 9,82,700/- ਰੁਪਏ ਭਾਈ ਬਾਜ਼ ਸਿੰਘ, ਕਲਰਕ ਸਪੁੱਤਰ ਸ੍ਰ ਜਗੀਰ ਸਿੰਘ ਵੱਲੋਂ ਜਮਾਂ ਨਹੀ ਕਰਵਾਈ ਅਤੇ ਜੋ ਆਡਿਟ ਬ੍ਰਾਂਚ ਸ਼੍ਰੋਮਣੀ ਕਮੇਟੀ ਨੇ ਆਡਿਟ ਇਤਰਾਜ਼ ਹੋਣ ਕਰਨ ਸੰਬੰਧੀ, ਪੜਤਾਲ ਦੌਰਾਨ ਸੰਬੰਧਤਾਂ ਪਾਸੋਂ ਲਏ ਲਿਖਤੀ ਬਿਆਨਾਂ ਅਤੇ ਜੁਬਾਨੀ ਕੀਤੀ ਪੁਛ-ਗਿੱਛ ਅਨੁਸਾਰ ਭਾਈ ਬਾਜ ਸਿੰਘ ਕਲਰਕ ਵੱਲੋਂ ਆਪਣੇ ਬਿਆਨਾਂ ਵਿੱਚ ਮੰਨਿਆ ਕਿ ਮੈਂ ਤਕਰੀਬਨ 13-14 ਸਾਲ ਤੋਂ ਸਮੇਂ-ਸਮੇਂ ਸ੍ਰੀ ਪਾਵਨ ਸਰੂਪ ਵੱਖ-ਵੱਖ ਸਥਾਨਾ ਪੁਰ ਡਿਊਟੀ*

*ਅਨੁਸਾਰ ਦੇਣ ਜਾਂਦਾ ਰਿਹਾ ਹਾਂ।ਬਣਦੀ ਭੇਟਾ ਲਿਆ ਕੇ ਖਜ਼ਾਨਚੀ ਸ਼੍ਰੋਮਣੀ ਕਮੇਟੀ ਪਾਸ ਜਮਾ ਕਰਵਾਉਦਾ ਰਿਹਾ ਲੇਕਿਨ ਸਾਲ 2013-14 ਤੋ ਕੁਝ ਬਿੱਲਾਂ ਦੀ ਰਕਮ ਕੰਵਲਜੀਤ ਸਿੰਘ ਨੂੰ 5,03,286/- ਰੁਪਏ ਇਕ ਵਾਰੀ ਅਤੇ 80,600/ ਰੁਪਏ ਦੂਜੀ ਵਾਰੀ ਦਿੱਤੇ ਦੱਸ ਰਿਹਾ ਹੈ ਲੇਕਿਨ ਸਾਲ 2013-14 ਵਿੱਚ ਸ੍ਰੀ ਬਾਜ਼ ਸਿੰਘ ਦਫਤਰ ਦੇ ਆਰਡਰ ਨੰ. 3688 ਮਿਤੀ 25/11/2013 ਰਾਹੀ ਸ੍ਰੀ ਪਾਵਨ ਸਰੂਪ ਦੇਣ ਲੱਗੀ ਸੀ।ਇਸ ਡਿਊਟੀ ਤੋਂ ਵਾਪਸੀ ਸਮੇ ਇਹਨਾਂ ਵੱਲੋ ਛੇ ਬਿੱਲਾਂ ਦੀ ਰਕਮ ਜਮ੍ਹਾਂ ਕਰਵਾਈ ਅਤੇ ਤਿੰਨ ਬਿੱਲਾਂ ਦੀ ਬਣਦੀ ਰਕਮ 1,08,500/- ਰੁਪਏ ਜਮ੍ਹਾਂ ਨਹੀਂ ਕਰਵਾਈ ਦੂਸਰੀ ਵਾਰ ਆਰਡਰ ਨੰ: 4650 ਮਿਤੀ 7-02-2014 ਸ੍ਰੀ ਪਾਵਨ ਸਰੂਪ ਦੇਣ ਲੱਗੀ ਸੀ ਇਸ ਡਿਊਟੀ ਤੋਂ ਵਾਪਸੀ ਸਮੇਂ ਇਹਨਾ ਵੱਲੋ ਨੌਂ ਬਿੱਲਾਂ ਦੀ ਰਕਮ ਜਮਾਂ ਕਰਵਾਈ ਅਤੇ ਤਿੰਨਾ ਬਿੱਲਾਂ ਦੀ ਬਣਦੀ ਰਕਮ 85,250/- ਰੁਪਏ ਜਮ੍ਹਾਂ ਨਹੀਂ ਕਰਵਾਈ। ਤੀਸਰੀ ਵਾਰ ਆਰਡਰ ਨੰ: 5222 ਮਿਤੀ 20/03/2014 ਰਾਂਹੀ ਸ੍ਰੀ ਪਾਵਨ ਸਰੂਪ ਦੇਣ ਲੱਗੀ ਸੀ ਇਸ ਡਿਊਟੀ ਤੋਂ ਵਾਪਸੀ ਸਮੇਂ ਇਹਨਾ ਵੱਲੋਂ ਤਿੰਨ ਬਿੱਲਾਂ ਦੀ ਰਕਮ ਜਮ੍ਹਾਂ ਕਰਵਾਈ ਬਾਕੀ ਪੰਜਾ ਬਿੱਲਾਂ ਦੀ ਬਣਦੀ ਰਕਮ 3,10,000/- ਰੁਪਏ ਜਮ੍ਹਾਂ ਨਹੀ ਕਰਵਾਈ।ਇਸ ਸਾਲ ਵਿੱਚ ਤਿੰਨਾ ਡਿਊਟੀਆਂ ਦੀ 5,03,750/- ਰੁਪਏ ਨਾ ਜਮ੍ਹਾਂ ਕਰਵਾਈ ਰਕਮ ਬਣਦੀ ਹੈ।ਇਹ ਇਸ ਸਾਲ ਵਿੱਚ ਕੁਲ 5,03,286/- ਰੁਪਏ ਦੀ ਰਕਮ ਇੱਕ ਵਾਰੀ ਹੀ ਕੰਵਲਜੀਤ ਸਿੰਘ ਨੂੰ ਦਿੱਤੀ ਦੱਸ ਰਿਹਾ ਹੈ ਜਦੋਂ ਕਿ ਇਹ ਰਕਮ ਤਿੰਨ ਵਾਰ ਡਿਊਟੀ ਪਰ ਜਾਣ ਉਪਰੰਤ ਬਣਦੀ ਹੈ ਇਸ ਸਾਲ ਦੀ ਆਖਰੀ ਡਿਊਟੀ ਕਰਨ ਤੋਂ ਬਾਅਦ ਦਿੱਤੇ ਦੱਸ ਰਿਹਾ ਹੈ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਜਮ੍ਹਾਂ ਨਾ ਕਰਵਾਉਣ ਵਾਲੇ ਬਿੱਲਾ ਦੀ ਰਕਮ* ***ਆਪ ਰੱਖਦਾ ਅਤੇ ਵਰਤਦਾ ਰਿਹਾ ਹੈ*** *ਇਸ ਵੱਲੋਂ ਮੋਬਾਇਲ ਵਿੱਚ ਕੀਤੀ ਰਿਕਾਰਡਿੰਗ ਵਿੱਚ ਇਹ ਕੰਵਲਜੀਤ ਸਿੰਘ ਪਾਸੋਂ ਪੈਸਿਆਂ ਬਾਰੇ ਘੱਟ ਅਤੇ ਜਿਆਦਾ ਪਾਵਨ ਸਰੂਪਾਂ ਦੀਆਂ ਵਸੂਲੀਆਂ ਬਾਰੇ ਪੁਛਦਾ ਹੀ ਸੁਣਾਈ ਦੇ ਰਿਹਾ ਹੈ ਆਡਿਟ ਅਕਾਊਟੈਟ ਅਤੇ ਚੀਫ ਅਕਾਊਟੈਂਟ ਰਿਪੋਰਟ ਅਨੁਸਾਰ ਇਹਨਾ ਵੱਲੋਂ ਆਰਡਰ ਨੰ. 4650, 5167 ਮਿਤੀ 07/02/2014, 29/12/2017 ਦਾ ਹੀ ਸਫਰ ਖਰਚ ਹੀ ਵਸੂਲ ਕੀਤਾ ਹੈ ਬਾਕੀ ਆਰਡਰ ਨੰ: 3688, 5222, 1267 ਮਿਤੀ 25/11/2013, 20/03/2014, 17/06/2014 ਦਾ ਸਫਰ ਖਰਚ ਵਸੂਲ ਨਹੀ ਕੀਤਾ ਗਿਆ ਜਦ ਕਿ ਸਫਰ ਖਰਚ ਸੀ.ਜੀ.ਐਲ. ਪਾਸੋ ਵਸੂਲੀ ਦੇਣ ਉਪਰੰਤ ਤਸਦੀਕ ਕਰਵਾ ਕੇ ਲਿਆ ਜਾ ਸਕਦਾ ਹੈ ਲੇਕਿਨ ਇਹਨਾ ਵੱਲੋ ਬਾਰ-ਬਾਰ ਵਸੂਲੀਆ ਹੀ ਮੰਗਣਾ ਇਹ ਸਾਬਤ ਕਰਦਾ ਹੈ ਕਿ ਜਦੋ ਇਹਨਾ ਵੱਲੋਂ ਵਸੂਲੀਆਂ ਦਿੱਤੀ ਹੀ ਨਹੀ ਗਈਆ ਤਾ ਇਹ ਕਿਥੋ ਦੇਵੇਗਾ ਇਸ ਨੂੰ ਇਹ ਵੀ ਪੁਛਿਆ*

*ਜਦੋਂ ਕੰਵਲਜੀਤ ਸਿੰਘ ਤੁਹਾਨੂੰ ਬਾਰ-ਬਾਰ ਪੈਸੈ ਦੇ ਰਿਹਾ ਤਾ ਤੁਸੀ ਪੈਸੇ ਲੈ ਕੇ ਦਫਤਰ ਵਿਖੇ ਜਮ੍ਹਾਂ ਕਿਉ ਨਹੀ ਕਰਵਾਏ ਇਹ ਕੋਈ ਜਵਾਬ ਨਹੀਂ ਦੇ ਸਕਿਆ ਇਸ ਵੱਲੋਂ ਲਿਖਿਆ ਗਿਆ ਕਿ ਮੈਂ ਕੰਵਲਜੀਤ ਸਿੰਘ ਨੂੰ ਫਰਵਰੀ 2018 ਵਿੱਚ 30,000/- ਅੱਖਰੀ ਤੀਹ ਹਜ਼ਾਰ ਰੁਪਏ ਉਧਾਰ ਵਜੋਂ ਦਿੱਤੇ ਹਨ ਇਸ ਰਿਕਾਰਡਿੰਗ ਵਿੱਚ ਇਹ ਸਾਬਤ ਹੁੰਦਾ ਕਿ ਕੰਵਲਜੀਤ ਸਿੰਘ ਇਸ ਨੂੰ ਉਧਾਰ ਲਏ ਹੀ ਪੈਸੇ ਲੈ ਜਾਣ ਲਈ ਕਹਿੰਦਾ ਰਿਹਾ ਹੈ ਲੇਕਿਨ ਇਹ ਇਸ ਨੂੰ ਪੈਸੇ ਦੇਣ ਦੀ ਰਿਕਾਰਡਿੰਗ ਕਰਕੇ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਕੰਵਲਜੀਤ ਸਿੰਘ ਦੇਖੋ ਸ੍ਰੀ ਪਾਵਨ ਸਰੂਪ ਦੇ ਬਿੱਲਾਂ ਦੇ ਪੈਸੇ ਦੇ ਰਿਹਾ ਹੈ ਪਰੰਤੂ ਇਸ ਦੇ ਪੈਸੇ ਨਾ ਲਿਆਉਣਾ ਸਾਬਤ ਕਰਦਾ ਹੈ ਕਿ ਕੰਵਲਜੀਤ ਸਿੰਘ ਇਸ ਨੂੰ ਕੇਵਲ ਉਧਾਰ ਲਏ ਹੀ 30,000/- ਰੁਪਏ ਲੈ ਜਾਣ ਦੀ ਗੱਲ ਕਰਦਾ ਹੈ ਰਿਕਾਰਡਿੰਗ ਵਿੱਚ ਬਾਰ-ਬਾਰ ਵਸੂਲੀਆਂ ਮੰਗਣੀਆਂ ਜਿਹੜੀਆ ਦਿੱਤੀਆ ਹੀ ਨਹੀਂ ਅਤੇ 30,000/- ਰੁਪਏ ਦੇਣ ਦੇ ਬਾਵਜੂਦ ਨਾ ਲੈਣਾ ਹੀ ਗਬਨ ਕੀਤੀ ਰਕਮ ਵਿੱਚ ਇਸ ਨੂੰ ਭਾਈਵਾਲ ਬਣਾਉਣ ਦੀ ਕੋਝੀ ਹਰਕਤ ਕੀਤੀ ਸਾਬਤ ਹੁੰਦੀ ਹੈ।ਸਾਲ 2014-15 ਵਿੱਚ ਇਹਨਾ ਦੀ ਡਿਊਟੀ ਦਫਤਰ ਦੇ ਆਰਡਰ ਨੰ: 1267 ਮਿਤੀ 17/06/2014 ਅਨੁਸਾਰ ਸ੍ਰੀ ਪਾਵਨ ਸਰੂਪ ਦੇਣ ਲਈ ਜਾਣ ਤੇ ਲੱਗੀ ਸੀ ਇਹਨਾ ਨੂੰ ਤਕਰੀਬਨ ਗਿਆਰਾਂ ਬਿੱਲ ਕੱਟ ਕੇ ਦਿੱਤੇ ਗਏ ਸਨ ਵਾਪਸੀ ਸਿਰਫ ਇੱਕ ਬਿੱਲ ਨੰ: 25916 ਦੀ ਪੇਮੈਂਟ ਚੈਕ ਰਾਹੀਂ ਮਿਲੀ ਜੋ ਕਿ ਇਹਨਾ ਵੱਲੋਂ ਆਪ ਖੁਦ ਖਜ਼ਾਨਚੀ ਪਾਸ ਜਮਾ ਕਰਵਾਇਆ ਬਾਕੀ ਬਿੱਲਾਂ ਦੀ ਪੇਮੈਂਟ ਨਗਦ 3,98,350/- ਰੁਪਏ ਮਿਲੀ ਜੋ ਜਮਾ ਨਹੀਂ ਹੋਈ।ਇਸੇ ਤਰਾਂ ਆਰਡਰ ਨੰ. 5167 ਮਿਤੀ 29/12/2017 ਰਾਹੀਂ ਡਿਊਟੀ ਲੱਗੀ ਜਿਸ ਵਿੱਚ ਬਿੱਲ ਨੰ: 28087 ਦੀ 80,600/- ਰੁਪਏ ਰਕਮ ਜਮਾਂ ਨਹੀਂ ਹੋਈ ਜੇਕਰ ਇਹ ਚੈਕ ਆਪ ਆ ਕੇ ਖਜ਼ਾਨਚੀ ਪਾਸ ਜਮਾ ਕਰਵਾ ਸਕਦਾ ਹੈ ਤਾਂ ਇਸ ਨੇ ਕੈਸ਼ ਜਮਾਂ ਕਿਉ ਨਹੀ ਕਰਵਾਇਆ।ਇਸ ਵੱਲੋ ਬਿਆਨਾ ਵਿੱਚ ਲਿਖਿਆ ਕਿ ਆਪਣੀ ਡਿਊਟੀ ਦੇ ਸਾਰੇ ਸਫਰ ਖਰਚ ਲਏ, ਕਬੂਲ ਕੀਤੇ ਹਨ ਲੇਕਿਨ ਆਡਿਟ ਅਕਾਊਂਟੈਂਟ ਦੀ ਲਿਖਤ ਅਨੁਸਾਰ ਸਾਲ 2013-14 ਤੋਂ ਤਕਰੀਬਨ ਪੰਜ ਲੱਗੀਆ ਡਿਊਟੀ ਵਿੱਚੋਂ ਸਿਰਫ ਇੱਕੋ ਡਿਊਟੀ ਦਾ ਹੀ ਸਫਰ ਖਰਚ ਵਸੂਲ ਕੀਤਾ ਬਾਕੀ ਬਿੱਲਾਂ ਦਾ ਸਫਰ ਖਰਚ ਅਲਾਊਂਸ ਨਾ ਵਸੂਲ ਕਰਨਾ* ***ਇਹ ਸਿੱਧ ਕਰਦਾ ਕਿ ਇਹ ਜਾਣ ਬੁੱਝ ਕੇ ਪੈਸੇ ਜਮਾ ਨਹੀ ਕਰਵਾਉਦਾ ਰਿਹਾ।*** *ਇਸ ਨੇ ਆਪਣੇ ਬਿਆਨਾਂ ਵਿੱਚ ਮੰਨਿਆ ਹੈ ਕਿ ਬਿੱਲਾਂ ਦੀ ਰਕਮ ਖਜ਼ਾਨਚੀ ਪਾਸ ਜਮਾ ਕਰਵਾਉਣ ਦੀ ਡਿਊਟੀ ਮੇਰੀ ਬਣਦੀ ਸੀ ਸਾਲ 2013-14 ਤੋਂ ਜਿੰਨੀ ਵੀ ਰਕਮ ਮੇਰੇ ਨਾਮ ਲੱਗਦੀ ਹੈ*

*ਮੈਂ ਜਮਾ ਕਰਵਾਉਣ ਦੀ ਜੁੰਮੇਵਾਰੀ ਲੈਦਾ ਹਾਂ ਅਤੇ ਇਹ ਰਕਮ ਮੈ ਆਪ ਜਮਾ ਕਰਾਵਾਂਗਾ।ਕੰਵਲਜੀਤ ਸਿੰਘ ਨੂੰ ਦਿੱਤੀ ਰਕਮ ਮੈ ਆਪ ਵਸੂਲ ਕਰਾਂਗਾ।*

*ਕੰਵਲਜੀਤ ਸਿੰਘ ਸ/ਸੁਪ: ਵੱਲੋ ਆਪਣੇ ਬਿਆਨਾ ਵਿੱਚ ਕਿਹਾ ਹੈ ਕਿ ਸਾਲ 2013-14 ਵਿੱਚ ਆਡਿਟ ਬ੍ਰਾਂਚ ਵੱਲੋ ਦੱਸਿਆ ਗਿਆ ਕਿ ਤੁਹਾਡੀ ਪੇਮਿਟ ਵਸੂਲਣ ਯੋਗ ਖਾਤੇ ਵਿੱਚ ਵਸੂਲਣ ਵਾਲੀ ਹੈ ਆਡਿਟ ਬ੍ਰਾਂਚ ਵੱਲੋ ਸਾਲ 2018 ਵਿੱਚ ਇਸ ਨੂੰ ਪਤਾ ਲੱਗਣਾ ਇਹ ਸਿੱਧ ਕਰਦਾ ਹੈ ਕਿ ਇਸ ਬਾਰੇ ਇਸ ਨੂੰ ਪਤਾ ਹੀ ਨਹੀਂ ਸੀ ਜਾਂ ਇਹ ਦੱਸਣਾ ਹੀ ਨਹੀ ਚਾਹੁੰਦਾ ਸੀ ਜਦ ਕਿ ਇਸ ਦੀ ਜੁੰਮੇਵਾਰੀ ਬਣਦੀ ਹੈ ਕਿ ਜਦੋਂ ਵੀ ਕੋਈ ਪਾਵਨ ਸਰੂਪ ਲੈ ਕੇ ਜਾਂਦਾ ਹੈ ਤਾਂ ਇਸ ਨੂੰ ਵੱਖ-ਵੱਖ ਬਿੱਲ ਕੱਟ ਕੇ ਦੇਂਦਾ ਹੈ ਤੇ ਵਾਪਸੀ ਆਉਣ ਤੇ ਉਹਨਾ ਦੇ ਸਫਰ ਖਰਚ ਅਲਾਊਂਸ ਤਸਦੀਕ ਕਰਨ ਤੋਂ ਪਹਿਲਾ ਉਹਨਾ ਦੀਆ ਵਸੂਲੀਆ ਲੈਂਦਾ ਹੈ ਤੇ ਰਕਮ ਦਫਤਰ ਵਿਖੇ ਜਮਾ ਕਰਵਾਉਣ ਬਾਰੇ ਪੁਛਦਾ ਹੈ।ਇਹਨਾਂ ਵੱਲੋਂ ਇੱਕ ਸਫਰ ਖਰਚ ਤਸਦੀਕ ਕੀਤਾ ਗਿਆ ਹੈ ਲੇਕਿਨ ਪੇਮਿਟ ਜਮਾਂ ਕਰਵਾਉਣ ਬਾਰੇ ਤਸੱਲੀ ਨਹੀਂ ਕੀਤੀ ਗਈ ਅਤੇ ਦੂਸਰੀਆਂ ਲੱਗੀਆ ਡਿਊਟੀਆਂ ਦੇ ਸਫਰ ਖਰਚ ਨਾ ਤਸਦੀਕ ਕਰਵਾਉਣਾ, ਨਾ ਵਸੂਲੀਆਂ ਲੈਣਾ ਨਾ ਪੇਮਿਟ ਜਮਾ ਕਰਵਾਉਣ ਬਾਰੇ ਪੁਛਣਾ ਦੀ ਬਣਦੀ ਜੁੰਮੇਵਾਰੀ ਨਹੀ ਨਿਭਾਈ ਗਈ ਹੈ ਜੋ ਸਿੱਧੀ ਲਾਪਰਵਾਈ ਸਿੱਧ ਹੁੰਦੀ ਹੈ।*

ਅਖੀਰ ਵਿੱਚ ਰਿਪੋਰਟ ਕਰਤਾ ਨੇ ਇਹ ਸਿੱਧ ਕੀਤਾ ਕਿ ਭਾਈ ਬਾਜ ਸਿੰਘ ਵੱਲੋਂ ਗਬਨ ਕੀਤਾ ਗਿਆ ਸੀ।ਰਿਪੋਰਟ ਦੀਆਂ ਆਖਰੀ ਸਤਰਾਂ ਹਵਾਲੇ ਲਈ ਪੇਸ਼ ਹੇਠ ਦਿੱਤੀਆਂ ਜਾਂਦੀਆਂ ਹਨ।

*"ਇਹ ਬਿੱਲਾਂ ਦੀ ਰਕਮ ਭਾਈ ਕੰਵਲਜੀਤ ਸਿੰਘ ਵੱਲੋਂ ਗਬਨ ਕੀਤੀ ਸਿੱਧ ਨਹੀ ਹੁੰਦੀ ਇਹ ਕੇਵਲ ਭਾਈ ਬਾਜ ਸਿੰਘ ਕਲਰਕ ਵੱਲੋਂ ਇਕੱਲੇ ਹੀ 9,82,700/- ਰੁਪਏ ਅੱਖਰੀ ਨੌਂ ਲੱਖ ਬਿਆਸੀ ਹਜਾਰ ਸੱਤ ਸੌ ਰੁਪਏ ਕੇਵਲ ਰਕਮ ਦਾ ਗਬਨ ਕੀਤਾ ਸਿੱਧ ਹੁੰਦਾ ਹੈ ਇਸ ਨੂੰ ਨਿਯਮਾਂ ਅਨੁਸਾਰ ਸਜਾ ਦੇ ਕੇ ਵਿਆਜ ਸਮੇਤ ਰਕਮ ਵਸੂਲ ਕਰਨੀ ਚਾਹੀਦੀ ਹੈ।"*

ਉਪਰੋਕਤ ਤੋਂ ਇਹ ਗੱਲ ਸਪੱਸ਼ਟ ਹੈ ਕਿ ਪਾਵਨ ਸਰੂਪ ਜਦੋ ਬਾਹਰ ਜਾਂਦੇ ਸਨ ਤਾਂ ਉਸਦੀ ਪੂਰੀ ਰਕਮ ਸਾਲ 2013-14 ਤੋਂ ਹੀ ਦਫ਼ਤਰ ਵਿਚ ਜਮ੍ਹਾਂ ਨਹੀ ਕਰਵਾਈ ਜਾਂਦੀ ਸੀ।ਉਪਰੋਕਤ ਰਿਪੋਰਟ ਸਿਰਫ ਇਸ ਆਧਾਰ ਤੇ ਬਣਾਈ ਗਈ ਕਿ ਭਾਈ ਬਾਜ ਸਿੰਘ ਵੱਲੋ ਕੱਟੀ ਰਸੀਦ ਦੀ ਰਕਮ ਨਹੀਂ ਜਮ੍ਹਾਂ ਕਰਵਾਈ ਗਈ ਪਰ ਇਹ ਤੱਥ ਜਾਣਨ ਦੀ ਕੋਸ਼ਿਸ ਨਹੀਂ ਕੀਤੀ ਕਿ ਕਿੰਨੇ ਸਰੂਪ ਬਿਨਾਂ ਰਸੀਦ ਤੋਂ ਹੀ ਬਾਹਰ ਦੇ ਦਿੱਤੇ ਜਾਂਦੇ ਸਨ ਤੇ ਉਸਦੀ ਰਕਮ ਆਪਣੀ ਜੇਬ ਵਿਚ ਪਾ ਲਈ ਜਾਂਦੀ ਸੀ।ਕਿਉਂਕਿ ਸ੍ਰ.ਬਾਜ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਦੇ

ਅਨੁਸਾਰ ਪਾਵਨ ਸਰੂਪ ਜਦੋ ਵੀ ਗੁਰਦੁਆਰਾ ਰਾਮਸਰ ਸਾਹਿਬ ਤੋ ਬਾਹਰ ਗੱਡੀ ਵਿੱਚ ਵੱਖ-ਵੱਖ ਜਗ੍ਹਾ ਤੇ ਜਾਂਦੇ ਸਨ ਤਾਂ ਕੁਝ ਸਰੂਪ ਦਫਤਰੀ ਆਰਡਰ ਤੋ ਵੀ ਵੱਧ ਜਾਂਦੇ ਰਹੇ ਅਤੇ ਉਸਦਾ ਕੋਈ ਵੀ ਰਿਕਾਰਡ ਪੜਤਾਲ ਕਮਿਸ਼ਨ ਨੂੰ ਨਹੀ ਮਿਲਿਆ।ਨਾ ਹੀ ਪੜਤਾਲ ਕਮਿਸ਼ਨ ਨੂੰ ਇਸ ਦਾ ਪਤਾ ਲੱਗਿਆ ਹੈ ਕਿ ਅਜਿਹਾ ਹੁੰਦਾ ਸੀ ਤਾਂ ਵਾਧੂ ਪਾਵਨ ਸਰੂਪਾਂ ਨੂੰ ਸੰਗਤਾਂ ਨੂੰ ਭੇਟ ਕਰਨ ਸਮੇਂ ਬਿੱਲ ਕੌਣ ਕੱਟਦਾ ਸੀ? ਕਿਉਕਿ ਸੀ.ਜੀ.ਐਲ ਤੋ ਇਲਾਵਾ ਬਿੱਲ ਕੱਟਣ ਦੀ ਜਿੰਮੇਵਾਰੀ ਨਾ ਕਿਸੇ ਹੋਰ ਦੀ ਹੈ ਅਤੇ ਨਾ ਹੀ ਕੋਈ ਕੱਟ ਸਕਦਾ ਹੈ ਅਤੇ ਸੀ.ਜੀ.ਐਲ ਦੀ ਡਿਊਟੀ, ਬਾਹਰ ਜਾਣ ਵਾਲੀ ਗੱਡੀ ਦੇ ਨਾਲ ਨਹੀ ਲੱਗਦੀ ਸੀ।ਇਸ ਤੋ ਇੰਝ ਜਾਪਦਾ ਹੈ ਕਿ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ ਸਿੰਘ ਦੀ ਮਿਲੀ ਭੁਗਤ ਨਾਲ ਹੀ ਪਾਵਨ ਸਰੂਪ ਆਰਡਰ ਨਾਲੋਂ ਵੱਧ ਕੇ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਂਦੇ ਰਹੇ ਅਤੇ ਉਸਦਾ ਜਾਣ-ਬੁੱਝ ਕੇ ਕੋਈ ਰਿਕਾਰਡ ਵੀ ਨਹੀ ਰੱਖਿਆ ਗਿਆ।ਸ੍ਰ.ਬਾਜ ਸਿੰਘ ਨੂੰ ਇਹ ਗੱਲ ਪਤਾ ਹੋਣ ਦੇ ਬਾਵਜੂਦ ਵੀ ਉਸਨੇ ਲਿਖਤ ਰੂਪ ਵਿੱਚ ਇਹ ਸ਼ਿਕਾਇਤ ਕਿਸੇ ਉੱਚ ਅਧਿਕਾਰੀ ਨੂੰ ਨਹੀ ਕੀਤੀ ਕਿ ਪਾਵਨ ਸਰੂਪ ਆਰਡਰ ਨਾਲੋਂ ਵੱਧ ਕੇ ਗੱਡੀ ਵਿੱਚ ਲਿਜਾਏ ਜਾਂਦੇ ਰਹੇ ਅਤੇ ਅਗਰ ਐਸੀ ਕੋਈ ਸ਼ਿਕਾਇਤ ਉਸ ਵੱਲੋਂ ਕੀਤੀ ਵੀ ਗਈ ਹੈ ਤਾਂ ਉਸ ਦਾ ਕੋਈ ਰਿਕਾਰਡ ਉਸਨੇ ਪੜਤਾਲ ਕਮਿਸ਼ਨ ਨੂੰ ਨਹੀ ਦਿੱਤਾ।ਸ੍ਰ.ਬਾਜ ਸਿੰਘ ਨੇ ਪੜਤਾਲ ਕਮਿਸ਼ਨ ਨੂੰ ਦੱਸਿਆ ਕਿ ਦੋ ਵਿਅਕਤੀਆਂ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਹਨਾਂ ਨੂੰ ਪਾਵਨ ਸਰੂਪ ਬਿਨ੍ਹਾਂ ਰਸੀਦ ਤੋਂ ਪ੍ਰਾਪਤ ਹੋਏ ਸਨ।ਪੜਤਾਲ ਕਮਿਸ਼ਨ ਅਖੀਰਲੇ ਦਿਨ ਤੱਕ ਇਸ ਇੰਤਜਾਰ ਵਿੱਚ ਰਿਹਾ ਕਿ ਦੋਵੇਂ ਵਿਅਕਤੀਆਂ ਦੇ ਅਸਲ ਬਿਆਨ ਪੜਤਾਲ ਕਮਿਸ਼ਨ ਕੋਲ ਪਹੁੰਚ ਜਾਣ ਤਾਂ ਜੋ ਉਸ ਤੇ ਬਣਦੀ ਕਾਰਵਾਈ ਕੀਤੀ ਜਾ ਸਕੇ।ਪਰ ਆਖਰੀ ਤਾਰੀਖ ਤੱਕ ਹਲਫੀਆ ਬਿਆਨ ਪੜਤਾਲ ਕਮਿਸ਼ਨ ਕੋਲ ਨਹੀ ਪਹੁੰਚੇ।ਹਾਲਾਂਕਿ ਇਹ ਦੋਨੋਂ ਬਿਆਨ ਜੋ ਸ. ਬਾਜ ਸਿੰਘ ਦੇ ਮੋਬਾਇਲ ਫੋਨ ਵਿੱਚ ਸਨ, ਇਹ ਦੋਨੋਂ ਬਿਆਨ ਇੱਕੋ ਹੀ ਨੋਟਰੀ ਪਬਲਿਕ ਤੋ ਤਸਦੀਕ ਕਰਵਾਏ ਗਏ ਹਨ ਜਦਕਿ ਬਿਆਨ ਦੇਣ ਵਾਲਾ ਸ੍ਰ.ਵਰਿੰਦਰ ਸਿੰਘ ਜੀ, ਕੋਟ ਮਿੱਤ ਸਿੰਘ, ਤਾਰਨ ਤਾਰਨ ਦਾ ਰਹਿਣ ਵਾਲਾ ਹੈ ਅਤੇ ਦੂਸਰਾ ਸ. ਮਨਪ੍ਰੀਤ ਸਿੰਘ ਪਿੰਡ ਧਰਦਿਓ ਤਹਿਸੀਲ ਬਾਬਾ ਬਕਾਲਾ ਦਾ ਰਹਿਣ ਵਾਲਾ ਹੈ ਅਤੇ ਇਹਨਾਂ ਬਿਆਨਾਂ ਵਿੱਚ ਕਿਸੇ ਦਾ ਵੀ ਟੈਲੀਫੋਨ ਨੰਬਰ ਦਰਜ਼ ਨਹੀਂ ਹੈ, ਜਿਸਤੇ ਪੜਤਾਲ ਕਮਿਸ਼ਨ ਸੰਪਰਕ ਕਰ ਸਕਦਾ।ਇਸ ਸਬੰਧਿਤ ਬਾਕੀ ਜਾਣਕਾਰੀ ਸ੍ਰ. ਬਾਜ ਸਿੰਘ ਪਾਸੋਂ ਹੀ ਲਈ ਜਾ ਸਕਦੀ ਹੈ।ਜਦੋਂ ਸਕੱਤਰ ਸਾਹਿਬ ਵੱਲੋਂ ਪਾਵਨ ਸਰੂਪ ਬਾਹਰ ਭੇਜਣ ਲਈ ਹੁਕਮ ਦਿੱਤੇ ਜਾਂਦੇ ਸਨ ਤਾਂ ਉਸ ਵਿਚ ਇਹ ਸਪੱਸ਼ਟ ਨਹੀਂ ਕੀਤਾ ਜਾਂਦਾ ਸੀ ਕਿ ਕਿੰਨੇ ਪਾਵਨ ਸਰੂਪ ਬਾਹਰ ਲੈ ਕੇ ਜਾਣੇ ਹਨ।ਸਿਰਫ਼ ਇਹ ਦਰਸਾਇਆ ਜਾਂਦਾ

ਸੀ ਕਿ ਕਿਸ ਸਟਾਫ਼ ਦੀ ਡਿਊਟੀ ਲੱਗਣੀ ਹੈ, ਉਦਾਹਰਣ ਦੇ ਤੌਰ ਤੇ ਆਰਡਰ ਨੰ: 4902 ਮਿਤੀ 23/03/2011 ਦੇ ਹਵਾਲੇ ਲਈ ਪੇਸ਼ ਕਰ ਰਹੇ ਹਾਂ :

*"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ ਸਾਹਿਬ, ਨਾਂਦੇੜ, ਹਜ਼ੂਰ ਸਾਹਿਬ ਵਿਖੇ ਸਤਿਕਾਰ ਸਹਿਤ ਪਾਵਨ ਸਰੂਪ ਲੈ ਕੇ ਜਾਣ ਹਿੱਤ ਨਿਮਨ ਲਿਖਤ ਸਟਾਫ਼ ਦੀ ਡਿਊਟੀ ਲਗਾਈ ਜਾਂਦੀ ਹੈ।*

1) *ਸ.ਸੁਰਜੀਤ ਸਿੰਘ ਕਲਰਕ(ਪ੍ਰ.) ਇਹ ਰਸੀਦ ਬੁੱਕ ਲੈ ਕੇ ਤੇਲ ਆਦਿ ਦਾ ਖਰਚਾ ਲੈ ਕੇ ਆਵੇਗਾ ਅਤੇ ਪਾਵਨ ਸਰੂਪ ਦੀ ਭੇਟਾ ਚੈੱਕ/ਡਰਾਫ਼ਟ ਆਦਿ ਰਾਹੀਂ ਲੈ ਕੇ ਆਉਣ।*
2) *ਭਾਈ ਦਲਬੀਰ ਸਿੰਘ, ਗ੍ਰੰਥੀ ਪਬਲੀਕੇਸ਼ਨ ਵਿਭਾਗ ਸ਼੍ਰੋਮਣੀ ਕਮੇਟੀ*
3) *ਭਾਈ ਬਾਜ਼ ਸਿੰਘ, ਸੇਵਾਦਾਰ ਪਬਲੀਕੇਸ਼ਨ, ਸ਼੍ਰੋਮਣੀ ਕਮੇਟੀ*
4) *ਭਾਈ ਸਰਬਜੀਤ ਸਿੰਘ, ਟੈਲੀਫੋਨ ਆਪਰੇਟਰ*
5) *ਭਾਈ ਲਖਵਿੰਦਰ ਸਿੰਘ, ਸੇਵਾਦਾਰ ਲਾਅ ਬ੍ਰਾਂਚ*
6) *ਭਾਈ ਸਤਿਨਾਮ ਸਿੰਘ ਡਰਾਈਵਰ ਗੱਡੀ ਨੰ: ਪੀ.ਬੀ 02 ਏ.ਜੇ 9903 ਪੁਰ ਲੈ ਕੇ ਜਾਵੇਗਾ।"*

ਉਪਰੋਕਤ ਆਰਡਰ ਤੋਂ ਸਪੱਸ਼ਟ ਹੈ ਕਿ ਪਾਵਨ ਸਰੂਪ ਬਾਹਰ ਭੇਜਣ ਬਾਰੇ ਹੁੰਦੇ ਆਰਡਰਾਂ ਵਿਚ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ ਸੀ।ਪੜਤਾਲ ਕਮਿਸ਼ਨ ਦੇ ਪੁੱਛਣ 'ਤੇ ਪਤਾ ਲੱਗਿਆ ਕਿ ਬਾਹਰ ਜਾਣ ਵਾਲੇ ਪਾਵਨ ਸਰੂਪਾਂ ਦੀ ਗਿਣਤੀ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਨਾ ਹੀ ਵਾਪਸੀ ਆਉਣ ਦਾ ਕੋਈ ਰਿਕਾਰਡ ਰੱਖਿਆ ਜਾਂਦਾ ਹੈ।ਇਸ ਗੱਲ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਾਵਨ ਸਰੂਪ ਬਿਨਾਂ ਰਸੀਦ ਕੱਟੇ ਵੀ ਵੰਡੇ ਗਏ ਹੋਣਗੇ।ਜੇਕਰ ਕਰਮਚਾਰੀ 9,82,700 ਦੀ ਰਕਮ ਜੇਬ ਵਿਚ ਪਾ ਕੇ ਰੱਖ ਸਕਦਾ ਹੈ ਅਤੇ 4 ਸਾਲ ਇਸ ਰਕਮ ਨੂੰ ਵਰਤ ਸਕਦਾ ਹੈ ਅਤੇ ਜਮ੍ਹਾਂ ਕਰਵਾਉਣ ਦੇ ਆਦੇਸ਼ਾਂ ਨੂੰ ਅੱਖੋ-ਪਰੋਖੇ ਕਰਦਾ ਹੈ, ਤਾਂ ਇਹ ਗੱਲ ਵੀ ਮੰਨੀ ਜਾ ਸਕਦੀ ਹੈ ਕਿ ਪਾਵਨ ਸਰੂਪਾਂ ਦੀ ਭੇਟਾ ਬਿਨਾਂ ਰਸੀਦ ਕੱਟੇ ਜੇਬ ਵਿਚ ਪਾਈ ਜਾ ਸਕਦੀ ਹੈ।ਪੜਤਾਲ ਕਮਿਸ਼ਨ ਇਹ ਗੱਲ ਸਮਝਣ ਤੋਂ ਅਸਮਰੱਥ ਹੈ ਕਿ ਪਾਵਨ ਸਰੂਪਾਂ ਦੇ ਬਾਹਰ ਭੇਜੇ ਜਾਣ ਵਾਲੇ ਆਰਡਰਾਂ ਵਿਚ ਸਬੰਧਿਤ ਕਰਮਚਾਰੀਆਂ ਨੂੰ ਨਗਦ ਰਕਮ ਲੈਣ ਦਾ ਕੋਈ ਅਧਿਕਾਰ ਨਹੀਂ ਸੀ ਸਿਰਫ ਮਾਇਆ

ਚੈੱਕ ਜਾਂ ਡਰਾਫਟ ਰਾਹੀਂ ਹੀ ਲਈ ਜਾ ਸਕਦੀ ਸੀ, ਪਰ ਫਿਰ ਵੀ ਨਗਦ ਰਕਮ ਪ੍ਰਾਪਤ ਕੀਤੀ ਜਾਂਦੀ ਸੀ ਅਤੇ ਦਫ਼ਤਰ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ।

ਬੜੀ ਹੈਰਾਨੀ ਦੀ ਗੱਲ ਹੈ ਕਿ ਸਾਲ 2013-14 ਵਿਚ ਹੀ ਨਗਦ ਰਕਮ ਦਾ ਗਬਨ ਕਰਨ ਦਾ ਮਾਮਲਾ ਸਾਹਮਣੇ ਆ ਚੁੱਕਾ ਸੀ।ਆਡਿਟ ਬ੍ਰਾਂਚ ਵੱਲੋਂ ਦੱਸਿਆ ਗਿਆ ਕਿ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜ਼ਰ ਤੋਂ ਸਾਲ 2013-14 ਤੋਂ ਹੀ ਰਕਮ ਵਸੂਲਣਯੋਗ ਹੈ ਅਤੇ ਸ੍ਰ.ਰਣਜੀਤ ਸਿੰਘ, ਐਡੀਸ਼ਨਲ ਸਕੱਤਰ ਸਾਹਿਬ ਦੀ ਜੁਬਾਨੀ ਆਗਿਆ ਅਨੁਸਾਰ ਕਈ ਵਾਰ ਸ੍ਰ.ਕੰਵਲਜੀਤ ਸਿੰਘ ਸਹਾਇਕ ਸੁਪਰਵਾਈਜ਼ਰ ਦੀ ਤਨਖਾਹ ਵੀ ਰੋਕੀ ਗਈ।ਹਰ ਵਾਰ ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਹੋਰ ਸਮਾਂ ਲੈ ਲੈਂਦਾ ਸੀ।ਇਤਨੀ ਵੱਡੀ ਅਣਗਹਿਲੀ ਸਾਲ 2013-14 ਵਿਚ ਐਸ.ਜੀ.ਪੀ.ਸੀ ਦੇ ਐਡੀਸ਼ਨਲ ਸਕੱਤਰ ਤੱਕ ਜਾਣਕਾਰੀ ਹੋਣ ਦੇ ਬਾਵਜੂਦ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।ਉਪਰੋਕਤ ਤੱਥਾਂ ਤੋਂ ਇਹ ਸਪੱਸ਼ਟ ਹੈ ਕਿ ਪਾਵਨ ਸਰੂਪਾਂ ਦੇ ਗਬਨ ਦਾ ਮਾਮਲਾ ਸਾਲ 2013-14 ਵਿਚ ਸ਼ੁਰੂ ਹੋ ਗਿਆ ਸੀ ਅਤੇ ਉਜਾਗਰ ਵੀ ਹੋ ਗਿਆ ਸੀ।ਜਿਸ ਲਈ ਸ੍ਰ.ਕੰਵਲਜੀਤ ਸਿੰਘ ਅਤੇ ਸ੍ਰ.ਬਾਜ਼ ਸਿੰਘ ਜਿੰਮੇਵਾਰ ਸਨ।

## 9.4 ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਸਟਾਕ ਦੀ ਵਾਸਤਵਿਕ ਤਸਦੀਕ ਗੁਰਦੁਆਰਾ ਇੰਸਪੈਕਟਰ, ਇੰਟਰਨਲ ਆਡੀਟਰ ਜਾਂ ਚਾਰਟਰਡ ਅਕਾਊਂਟੈਂਟ ਵੱਲੋਂ ਕੀਤੀ ਗਈ ਹੈ?

ਸਰਕਾਰੀ ਆਡੀਟਰ ਦੀ ਰਿਪੋਰਟ ਅਤੇ ਇੰਟਰਨਲ ਆਡੀਟਰ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਉਨ੍ਹਾ ਵੱਲੋਂ ਕਦੇ ਵੀ ਪਾਵਨ ਸਰੂਪਾਂ ਦੇ ਸਟਾਕ ਦੀ ਵਾਸਤਵਿਕ ਤਸਦੀਕ ਨਹੀਂ ਕੀਤੀ ਗਈ ਪਰ ਸ੍ਰ.ਨਿਸ਼ਾਨ ਸਿੰਘ, ਮੌਕੇ ਦੇ ਇੰਚਾਰਜ਼ ਪਬਲੀਕੇਸ਼ਨ ਦੇ ਆਦੇਸ਼ ਅਨੁਸਾਰ ਸ੍ਰ.ਸੁਖਦੇਵ ਸਿੰਘ, ਸੁਪਰਵਾਈਜ਼ਰ, ਸ੍ਰ.ਕੰਵਲਜੀਤ ਸਿੰਘ (ਸਾਬਕਾ ਸਹਾਇਕ ਸੁਪਰਵਾਈਜ਼ਰ) ਅਤੇ ਸ੍ਰ.ਜਸਪਿੰਦਰ ਸਿੰਘ, ਸਹਾਇਕ ਸੁਪਰਵਾਇਜ਼ਰ ਨੇ ਅਗਸਤ 2015 ਵਿੱਚ ਸ਼ੋਅ ਰੂਮ ਤੇ ਹਾਲ ਵਿਚ ਪਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਸਟਾਕ ਦੀ ਗਿਣਤੀ ਕੀਤੀ।ਇਸ ਗਿਣਤੀ ਕੀਤੇ ਸਟਾਕ ਦਾ ਉਸ ਸਮੇਂ ਦੇ ਲੈਜ਼ਰ ਅਨੁਸਾਰ ਨਿਕਲੇ ਹੋਏ ਬਕਾਏ ਨਾਲ ਮਿਲਾਣ ਕੀਤਾ ਗਿਆ।ਇਹ ਵੀ ਨੋਟ ਦਿੱਤਾ ਗਿਆ ਹੈ ਕਿ 239 ਵੱਧ ਬਿਰਾਜਮਾਨ ਪਾਵਨ ਸਰੂਪਾਂ ਨੂੰ ਲੈਜ਼ਰ ਵਿਚ ਦਰਜ਼ ਕਰਕੇ ਸੰਗਤਾਂ ਨੂੰ ਭੇਟਾ ਸਹਿਤ ਦੇਣ ਦੀ ਆਗਿਆ ਦਿੱਤੀ ਜਾਵੇ।ਉਹਨਾਂ ਨੇ

ਸ੍ਰ.ਨਿਸ਼ਾਨ ਸਿੰਘ, ਮੌਕੇ ਦੇ ਇੰਚਾਰਜ ਪਬਲੀਕੇਸ਼ਨ ਨੂੰ ਇਹ ਰਿਪੋਰਟ ਪੇਸ਼ ਕੀਤੀ।ਸ੍ਰ.ਨਿਸ਼ਾਨ ਸਿੰਘ, ਮੌਕੇ ਦੇ ਇੰਚਾਰਜ਼ ਪਬਲੀਕੇਸ਼ਨ ਨੇ ਸਾਲ 2013-14 ਤੇ ਸਾਲ 2014-15 ਦੀ ਲੈਜ਼ਰ ਵੀ ਦੇਖੀ ਅਤੇ ਆਫਿਸ ਨੋਟ ਮਿਤੀ 18/08/2015 ਵਿਚ ਹੇਠ ਲਿਖੇ ਅਨੁਸਾਰ ਦਰਜ ਕੀਤਾ :

*"ਦਾਸ ਵੱਲੋਂ ਚੈਕ ਕਰਨ ਸਮੇਂ ਹਾਲ ਨੰ: 03,05 ਅਤੇ ਸ਼ੋਅਰੂਮ ਵਿੱਚ ਬਿਰਾਜਮਾਨ ਪਾਵਨ ਸਰੂਪਾਂ ਦਾ ਮਿਲਾਣ ਸਾਲ 2015-16 ਦੀ ਲੈਜ਼ਰ ਨਾਲ ਕਰਨ 'ਤੇ 239 ਪਾਵਨ ਸਰੂਪ ਵੱਧ ਪਾਏ ਗਏ, ਜਿਸ ਕਰਕੇ ਸਾਲ 2013-14, 2014-15 ਦੀ ਲੈਜ਼ਰ ਵੇਖੀ ਗਈ।ਸਾਲ 2013-14 ਦੀ ਲੈਜ਼ਰ ਦੇ ਪੰਨਾ ਨੰ: 31 ਤੋਂ ਮਿਤੀ 01-04-2014 ਦੀ ਬਣੀ ਲੈਜ਼ਰ ਤੇ 237 ਪਾਵਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬਜਾਏ 74 ਪਾਵਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਰਜ ਕੀਤੇ ਗਏ ਹਨ।ਭਾਵ 163 ਪਾਵਨ ਸਰੂਪ ਘੱਟ ਦਰਜ ਕੀਤੇ ਗਏ ਹਨ ਅਤੇ ਅੱਜ ਤੀਕ ਮਿਲਾਨ ਨਾ ਹੋਣ ਕਾਰਨ ਇਸ ਗਲਤੀ ਦੀ ਦਰੁੱਸਤੀ ਨਹੀਂ ਹੋ ਸਕਦੀ।ਇਸ ਤਰ੍ਹਾਂ 163 ਪਾਵਨ ਸਰੂਪ ਜੋ ਘੱਟ ਚੁੱਕੇ ਗਏ ਹਨ ਤੇ 76 ਪਾਵਨ ਸਰੂਪ ਜੋ ਉਕਤ ਹਾਲਾਂ ਤੇ ਸ਼ੋਅ ਰੂਮ ਵਿਚ ਵੱਧ ਪਾਏ ਗਏ ਹਨ ਭਾਵ 163+76 =239 ਪਾਵਨ ਸਰੂਪਾਂ ਨੂੰ ਸਾਲ 2015-16 ਦੀ ਚਾਲੂ ਲੈਜ਼ਰ ਦੇ ਪੰਨਾ ਨੰਬਰ 72 ਤੇ ਦਰਜ਼ ਕਰਕੇ ਸੰਗਤਾਂ ਨੂੰ ਭੇਟਾ ਸਹਿਤ ਦੇਣ ਲਈ ਸੰਬੰਧੀ ਰਿਪੋਰਟ ਆਦੇਸ਼ ਲਈ ਆਦੇਸ਼ ਹਿੱਤ।"*

ਇਸ ਆਫਿਸ ਨੋਟ 'ਤੇ ਮਨਜੀਤ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੇਠ ਲਿਖੇ ਆਦੇਸ਼ ਦਿੱਤੇ :

*"(ੳ) 163 ਪਾਵਨ ਸਰੂਪ ਜੋ ਗਲਤੀ ਨਾਲ ਘੱਟ ਚੁੱਕੇ ਹਨ ਅੱਗੇ ਦਿਖਾਕੇ ਦਰੁੱਸਤੀ ਦੀ ਆਗਿਆ ਹੈ।*

*(ਅ) 76 ਪਾਵਨ ਸਰੂਪ ਜੋ ਵੱਧ ਹਨ ਦੀ ਸਟੋਰ ਰਸੀਦ ਸਸਪੈਂਸ ਖਾਤੇ ਕੱਟ ਲਈ ਜਾਵੇ, ਤਾਂ ਜੋ ਕੱਲ ਨੂੰ ਜੇ ਲੋੜ ਪਵੇ ਤਾਂ ਦਰੁੱਸਤੀ ਹੋ ਸਕੇ।"*

ਉਪਰੋਕਤ ਰਿਪੋਰਟ ਅਨੁਸਾਰ ਸ੍ਰ.ਸੁਖਦੇਵ ਸਿੰਘ, ਸੁਪਰਵਾਈਜ਼ਰ ਨੇ ਇਹ ਨੋਟ ਦਿਤਾ ਹੈ ਕਿ ਸ਼ੋਅ ਰੂਮ ਅਤੇ ਹਾਲ ਵਿੱਚ ਬਿਰਾਜਮਾਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ 871 ਹਨ ਪਰ ਲੈਜ਼ਰ ਅਨੁਸਾਰ ਪ੍ਰਾਪਤ ਬਕਾਏ ਵਿੱਚ ਪਾਵਨ ਸਰੂਪ ਸਿਰਫ਼ 632 ਸਨ।ਇੱਥੇ ਜ਼ਿਕਰਯੋਗ ਹੈ ਕਿ ਪਾਵਨ ਸਰੂਪਾਂ ਦੇ ਵੱਖੋ-ਵੱਖਰੇ ਆਕਾਰਾਂ ਦੀ ਗਿਣਤੀ ਨੂੰ ਇਕੱਠਾ

ਕਰਕੇ ਕੁੱਲ 871 ਦਰਸਾ ਦਿੱਤਾ ਅਤੇ ਲੈਜ਼ਰ ਅਨੁਸਾਰ ਪਾਵਨ ਸਰੂਪਾਂ ਦੀ ਗਿਣਤੀ 632 ਇੱਕਠੀ ਦਰਸਾ ਕੇ ਗਿਣਤੀ ਨੂੰ ਉਲਝਾਉਣ ਦੀ ਕੋਸ਼ਿਸ ਕੀਤੀ ਗਈ।ਜਦਕਿ ਰਿਪੋਰਟ ਮੁਤਾਬਿਕ ਵਾਸਤਵਿਕ ਸਟਾਕ ਅਨੁਸਾਰ 29 ਪਾਵਨ ਸਰੂਪ ਵੱਡਾ ਆਕਾਰ ਪਦਛੇਦ, 220 ਪਾਵਨ ਸਰੂਪ ਦਰਮਿਆਨਾ ਆਕਾਰ ਪਦਛੇਦ ਤੇ 4 ਦਰਮਿਆਨਾ ਸਾਈਜ਼ ਲੜੀਵਾਰ ਸਰੂਪ ਵੱਧ ਸਨ ਅਤੇ 14 ਪਾਵਨ ਸਰੂਪ ਵੱਡਾ ਆਕਾਰ ਲੜੀਵਾਰ ਘੱਟ ਸਨ।ਸ੍ਰ.ਨਿਸ਼ਾਨ ਸਿੰਘ, ਉਦੋਂ ਦੇ ਇੰਚਾਰਜ ਪਬਲੀਕੇਸ਼ਨ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਉਹ ਮੰਨਦਾ ਹੈ ਕਿ ਪਾਵਨ ਸਰੂਪਾਂ ਦੀ ਭੇਟਾ ਇੱਕੋ ਜਿਹੀ ਹੋਣ ਕਾਰਨ ਉਸ ਨੇ ਇਹ ਘਾਟਾ-ਵਾਧਾ ਇਕੱਠਾ ਕਰਕੇ ਦਰਸਾਇਆ।ਉਸਨੇ ਇਹ ਵੀ ਕਿਹਾ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਹੈ, ਪਾਵਨ ਸਰੂਪ ਇੱਕ ਹੈ, ਭੇਟਾ ਇੱਕ ਹੈ, ਸਤਿਕਾਰ ਇੱਕ ਹੈ।ਸਾਰੀਆਂ ਗੱਲਾਂ ਨੂੰ ਸਤਿਕਾਰ ਵਜੋਂ ਜਾਣਕੇ ਉਹ ਸਾਰੇ ਸਰੂਪਾਂ ਨੂੰ ਇੱਕ ਸਮਝਦਾ ਹੈ।ਸ੍ਰ. ਨਿਸ਼ਾਨ ਸਿੰਘ ਨੇ ਇਹ ਵੀ ਦੱਸਿਆ ਕਿ ਜਿਸ ਸਮੇਂ ਖਾਤੇ ਦੀ ਆਕਾਰ ਵਾਈਜ਼ ਵੰਡ ਹੋਈ ਉਸ ਸਮੇਂ ਭੇਟਾ ਇਕ ਨਹੀਂ ਸੀ।ਸਾਰੇ ਪਾਵਨ ਸਰੂਪਾਂ ਦੀ ਭੇਟਾ ਅਲੱਗ-2 ਸੀ।ਪਰ ਭੇਟਾ ਇਕ ਹੋ ਜਾਣ ਸਮੇਂ ਦੇ ਪਬਲੀਕੇਸ਼ਨ ਵਿਭਾਗ ਦੇ ਪ੍ਰਬੰਧਕਾਂ ਵੱਲੋਂ ਲੈਜ਼ਰ ਵਿਚ ਪਾਵਨ ਸਰੂਪਾਂ ਦਾ ਖਾਤਾ ਵੀ ਇੱਕ ਹੀ ਕਰਨਾ ਚਾਹੀਦਾ ਸੀ, ਜੋ ਕਿ ਉਸ ਸਮੇਂ ਦੇ ਪ੍ਰਬੰਧਕਾਂ ਨੇ ਨਹੀਂ ਕੀਤਾ ਜਿਸ ਕਾਰਣ ਇਹ ਸਾਰੀਆਂ ਮੁਸ਼ਕਲਾਂ ਆਈਆਂ।ਇੰਜ ਜਾਪਦਾ ਹੈ ਕਿ ਸ੍ਰ.ਨਿਸ਼ਾਨ ਸਿੰਘ, ਉਦੋਂ ਦੇ ਇੰਚਾਰਜ ਪਬਲੀਕੇਸ਼ਨ ਵਿਭਾਗ ਐਸ.ਜੀ.ਪੀ.ਸੀ ਵੱਲੋਂ ਕੀਤੀ ਪਾਵਨ ਸਰੂਪਾਂ ਦੀ ਆਕਾਰ ਵਾਈਜ਼ ਵੰਡ ਨੂੰ ਆਪਣੀ ਮਰਜ਼ੀ ਅਨੁਸਾਰ ਸਹੀ ਨਹੀਂ ਮੰਨਦਾ।ਇਹ ਇਸਦਾ ਨਿੱਜੀ ਵਿਚਾਰ ਹੋ ਸਕਦਾ ਹੈ ਪਰ ਇਸ ਪ੍ਰਕਿਰਿਆ ਨੂੰ ਅਣ-ਅਧਿਕਾਰਤ ਤਰੀਕੇ ਨਾਲ ਆਪਣੇ ਪੱਧਰ ਤੇ ਲਾਗੂ ਕਰ ਲੈਣਾ, ਗੈਰ-ਜਿੰਮੇਵਾਰਾਨਾਂ ਕਾਰਜ ਹੈ, ਜਿਸ ਲਈ ਵਿਭਾਗੀ ਕਾਰਵਾਈ ਕਰਨੀ ਬਣਦੀ ਸੀ।ਦਰਅਸਲ ਸ੍ਰ.ਨਿਸ਼ਾਨ ਸਿੰਘ ਨੂੰ ਪਾਵਨ ਸਰੂਪਾਂ ਦੇ ਘਾਟੇ-ਵਾਧੇ ਨੂੰ ਗੰਭੀਰਤਾ ਨਾਲ ਵਾਚਣਾ ਚਾਹੀਦਾ ਸੀ ਤਾਂ ਜੋ ਸਹੀ ਤੱਥ ਸਾਹਮਣੇ ਆ ਸਕਦੇ ।ਇਹ ਪੜਤਾਲ ਕਮੇਟੀ ਦੀ ਪੜਚੋਲ ਹੈ ਕਿ ਉਪਰੋਕਤ ਨਿਸ਼ਾਨ ਸਿੰਘ ਦਾ ਬਿਆਨ ਬੜੇ ਢੰਗ ਤਰੀਕੇ ਨਾਲ ਦਿੱਤਾ ਗਿਆ ਜਿਸ ਨਾਲ ਉਹ ਇਹ ਸਮਝਦੇ ਸਨ ਕਿ ਐਸੇ ਬਿਆਨਾਂ ਨਾਲ ਪੜਤਾਲ ਕਮਿਸ਼ਨ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ ਪਰ ਪੜਤਾਲ ਕਮਿਸ਼ਨ ਨੇ ਇਸਨੂੰ ਸਵੀਕਾਰ ਨਹੀਂ ਕੀਤਾ ਅਤੇ ਆਡਿਟ ਦੇ ਤਰੀਕੇ ਨਾਲ ਵੀ ਇਹ ਗਲਤ ਸੀ।

ਪੜਤਾਲ ਕਮਿਸ਼ਨ ਦੀ ਜਾਂਚ ਦੌਰਾਨ ਇਹ ਪਤਾ ਲੱਗਿਆ ਕਿ:-

**ਕ)** 200 ਪਾਵਨ ਸਰੂਪਾਂ ਦਾ ਇੰਦਰਾਜ (ਐਂਟਰੀ) ਸਾਲ 2013-14 ਦੀ ਲੈਜ਼ਰ ਵਿਚ ਸਾਲ 2018 ਵਿਚ ਸਰਕਾਰੀ ਆਡਿਟ ਰਿਪੋਰਟ ਦੇ ਅਧਾਰ 'ਤੇ ਦਰਜ ਕੀਤੀ ਗਈ ਜੋ ਕਿ ਮਿਤੀ 18/08/2015 ਨੂੰ ਸ੍ਰ.ਨਿਸ਼ਾਨ ਸਿੰਘ, ਇੰਚਾਰਜ ਪਬਲੀਕੇਸ਼ਨ ਵਿਭਾਗ ਵੱਲੋਂ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ ਤੋਂ ਕਰਾਉਣੀ ਬਣਦੀ ਸੀ।

**ਖ)** ਪਾਵਨ ਸਰੂਪਾਂ ਦੇ ਸਟੋਰ ਲੈਜ਼ਰ ਠੀਕ ਢੰਗ ਨਾਲ ਮੇਨਟੇਨ ਨਹੀਂ ਕੀਤੇ।ਇਸ ਨੇ ਤਕਰੀਬਨ ਹਰ ਐਂਟਰੀ ਤੋਂ ਬਾਅਦ ਕੱਢਿਆ ਬਕਾਇਆ ਕੱਚੀ ਪੈਂਸਿਲ ਨਾਲ ਦਰਜ ਕੀਤਾ ਹੈ ਉਸ ਨੂੰ ਪੱਕੇ ਤੌਰ ਤੇ ਠੀਕ ਨਹੀਂ ਕੀਤਾ ਜਾਂਦਾ।ਹਰ ਸਾਲ ਦੇ ਓਪਨਿੰਗ ਤੇ ਕਲੋਸਿੰਗ ਬੈਲੇਂਸ ਉੱਪਰ ਵਾਰ-ਵਾਰ ਕਟਿੰਗ ਕੀਤੀ ਹੋਈ ਹੈ ਜੋ ਕਿ ਬਹੁਤ ਭਾਰੀ ਗਲਤੀ ਹੈ।ਮਿਤੀ 20/05/2020 ਤੋਂ ਪਹਿਲਾਂ ਸਾਲ 2013-14 ਤੋਂ ਲੈ ਕੇ ਸਾਲ 2019-20 ਤੱਕ ਦੇ ਸਾਰੇ ਓਪਨਿੰਗ ਤੇ ਕਲੋਸਿੰਗ ਬੈਂਲੇਸ ਨੂੰ ਬਦਲ ਦਿੱਤਾ ਗਿਆ।ਸਰਕਾਰੀ ਆਡਿਟ ਹੋਣ ਉਪਰੰਤ ਜੋ ਵੀ ਪਾਵਨ ਸਰੂਪਾਂ ਦਾ ਬਕਾਇਆ ਆਡੀਟਰ ਦੇ ਹਿਸਾਬ ਨਾਲ ਨਿਕਲਦਾ ਸੀ, ਸ੍ਰ.ਕੰਵਲਜੀਤ ਸਿੰਘ ਉਸ ਹਿਸਾਬ ਨਾਲ ਆਪਣੇ ਲੈਜ਼ਰ ਨੂੰ ਬਦਲ ਦਿੰਦਾ ਸੀ।ਇਸ ਤੋਂ ਜਾਪਦਾ ਹੈ ਕਿ ਲੈਜ਼ਰਾਂ ਦੇ ਬੈਲੈਂਸ ਜਾਣ-ਬੁੱਝ ਕੇ ਪੱਕੇ ਤੌਰ ਤੇ ਨਹੀਂ ਲਿਖੇ ਜਾਂਦੇ ਤੇ ਨਾ ਹੀ ਆਡੀਟਰ ਵੱਲੋਂ ਚੈੱਕ ਕੀਤੇ ਜਾਂਦੇ ਹਨ ਤਾਂ ਜੋ ਇਹ ਬਕਾਇਆ ਪਬਲੀਕੇਸ਼ਨ ਵਿਭਾਗ ਦੇ ਕਰਮਚਾਰੀਆਂ ਦੇ ਹਿਸਾਬ ਨਾਲ ਕਦੇ ਵੀ ਬਦਲਿਆ ਜਾ ਸਕੇ।

**ਗ)** ਸ਼ੋਅ ਰੂਮ ਰਾਹੀਂ ਜੋ ਸਰੂਪ ਭੇਟਾ ਲੈ ਕੇ ਦਿੱਤੇ ਜਾਂਦੇ ਸਨ, ਉਨਾਂ ਦੀ ਭੇਟਾ ਪਬਲੀਕੇਸ਼ਨ ਵਿਭਾਗ ਵੱਲੋ ਸਮੇਂ-ਸਮੇਂ 'ਤੇ ਰਸੀਦਾਂ ਦਾ ਇਕੱਠ ਕਰਕੇ ਟ੍ਰਸੱਟ ਬ੍ਰਾਂਚ ਨੂੰ ਜਮਾਂ ਕਰਵਾ ਦਿੱਤੀ ਜਾਂਦੀ ਸੀ।100 ਰਸੀਦਾਂ (ਜਿਸਨੂੰ ਡੁੱਚ ਕਿਹਾ ਜਾਂਦਾ ਹੈ) ਦੀ ਇਕੱਠੀ ਐਂਟਰੀ ਲੈਜ਼ਰ ਸਟਾਕ ਵਿਚ ਕੀਤੀ ਜਾਂਦੀ ਹੈ।ਪੜਤਾਲ ਕਮਿਸ਼ਨ ਦੇ ਧਿਆਨ ਵਿਚ ਆਇਆ ਕਿ ਇੱਕ ਡੁੱਚ ਰਾਹੀਂ ਜਾਰੀ ਕੀਤੇ ਪਾਵਨ ਸਰੂਪਾਂ ਦੀ ਗਿਣਤੀ ਲੈਜ਼ਰ ਵਿਚ ਸਹੀ ਢੰਗ ਨਾਲ ਦਰਜ ਨਹੀਂ ਕੀਤੀ ਜਾਂਦੀ ਸੀ।ਉਦਾਹਰਣ ਦੇ ਤੌਰ ਤੇ ਡੁੱਚ ਨੰ: 24 ਵਿਚ (2301 ਤੋਂ 2400 ਤੱਕ) ਵਿਚ 52 ਦਰਮਿਆਨਾਂ ਆਕਾਰ ਦੇ ਸਰੂਪ ਭੇਟਾ ਸਹਿਤ ਸੰਗਤਾਂ ਨੂੰ ਦਿੱਤੇ ਗਏ ਪਰ ਲੈਜ਼ਰ ਵਿਚ ਇਨ੍ਹਾਂ ਦੀ ਗਿਣਤੀ 90 ਦਰਜ ਕੀਤੀ ਗਈ।ਸ੍ਰ.ਨਿਸ਼ਾਨ ਸਿੰਘ ਅਤੇ ਸ੍ਰ.ਕੰਵਲਜੀਤ ਸਿੰਘ ਵੱਲੋਂ ਜਾਂ ਹੋਰ ਸਬੰਧਿਤ ਕਰਮਚਾਰੀ/ਅਧਿਕਾਰੀ ਵੱਲੋਂ ਇਸ ਗਲਤੀ ਨੂੰ ਧਿਆਨ ਵਿਚ ਨਹੀਂ ਲਿਆਂਦਾ ਗਿਆ।

ਉਪਰੋਕਤ ਊਣਤਾਈਆਂ ਬਾਰੇ ਪੜਤਾਲ ਕਮਿਸ਼ਨ ਨੇ ਚਾਰਟਰਡ ਅਕਾਊਟੈਂਟ ਐਸ.ਐਸ. ਕੋਹਲੀ ਨੂੰ ਪੁੱਛਿਆ ਤਾਂ ਉਹਨਾਂ ਨੇ ਇਸ ਤਰਾਂ ਬਿਆਨ ਦਿੱਤਾ :

*"ਅਸੀਂ 100 ਫੁੱਚ ਦੀ ਕੁਲ ਰਕਮ ਨਾਲ ਟੈਲੀ ਕਰਦੇ ਹਾਂ। ਸਿੰਗਲ ਸਿੰਗਲ ਆਈਟਮ ਚੈੱਕ ਨਹੀਂ ਕਰਦੇ ਅਤੇ **<u>ਨਾ ਹੀ ਇਹ ਇਨਸਾਨੀ ਤੌਰ ਤੇ ਸੰਭਵ ਹੈ</u>।** ਸਾਡੇ ਕੋਲ ਤਾਂ ਲੋਕ ਖੜੇ ਰਹਿੰਦੇ ਹਨ ਸਾਡੇ ਕੋਲ ਸਮਾਂ ਨਹੀਂ ਹੁੰਦਾ। **<u>ਮੈਂ ਇੱਕ ਇੱਕ ਐਂਟਰੀ ਚੈੱਕ ਨਹੀਂ ਕਰ ਸਕਦਾ ਕਿਉਂਕਿ ਐਨੀਂ ਬਾਰੀਕੀ ਵਿਚ ਨਹੀਂ ਜਾ ਸਕਦਾ</u>।** ਮੇਰਾ ਆਡਿਟ ਚਾਰਜ 3,500 ਤੋਂ 4,000 ਰੁਪਏ ਪ੍ਰਤੀ ਗੁਰਦੁਆਰਾ ਪ੍ਰਤੀ ਮਹੀਨਾ ਹੈ ਅਤੇ ਸਕੂਲਾਂ/ਕਾਲਜਾਂ ਤੋਂ 2,100 ਤੋਂ 3,100 ਰੁਪਏ ਚਾਰਜ ਕਰਦਾ ਹਾਂ। ਮੈਂ ਮਹੀਨੇ ਵਿਚ ਚਾਰ ਤੋਂ ਪੰਜ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਉਂਦਾ ਹਾਂ। ਮੇਰੇ ਅੰਡਰ 77 ਗੁਰਦੁਆਰੇ ਆਉਂਦੇ ਹਨ ਅਤੇ 80-85 ਵਿਦਿਅਕ ਅਦਾਰੇ ਹਨ। ਮੈਂ ਆਪਣੀ ਟੈਲੀ ਨਾਲ ਚੈੱਕ ਕੀਤਾ ਹੈ ਕਿ ਫੁੱਚ ਦੇ ਵੱਖਰੇ-ਵੱਖਰੇ ਵੇਰਵੇ ਮੇਰੇ ਟੈਲੀ ਵਿਚ ਨਹੀਂ ਹਨ ਜਦਕਿ ਫੁੱਚ ਨੰ: 30 ਵਿਚ ਵੱਖਰੇ-ਵੱਖਰੇ ਪਾਵਨ ਸਰੂਪ ਦੇ ਆਕਾਰ ਦਰਜ ਹਨ। **<u>ਇਸ ਕਾਰਨ ਸਾਡਾ ਟੈਲੀ ਦਾ ਬੈਂਲੇਸ ਐਕਚੁਅਲ ਬੈਂਲੇਸ ਨਾਲ ਮੇਲ ਨਹੀਂ ਖਾਂਦਾ।</u>"***

ਚਾਰਟਰਡ ਅਕਾਊਟੈਂਟ ਦੇ ਉਪਰੋਕਤ ਬਿਆਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ: -

1. ਚਾਰਟਰਡ ਅਕਾਉਂਟੈਟ ਹਰ ਇੱਕ ਇੰਦਰਾਜ (ਐਂਟਰੀ) ਚੈੱਕ ਨਹੀਂ ਕਰਦਾ।
2. ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਰਿਕਾਰਡ ਨੂੰ ਬਾਰੀਕੀ ਦਾ ਰਿਕਾਰਡ ਦੱਸਦਾ ਹੈ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਿਲਾਨ ਨੂੰ ਬਾਰੀਕੀ ਦਾ ਮਿਲਾਨ ਦੱਸ ਕੇ ਪੜਤਾਲ ਕਮਿਸ਼ਨ ਦੇ ਮੈਂਬਰਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਾਈ। ਇੰਝ ਜਾਪਦਾ ਹੈ ਕਿ ਪਾਵਨ ਸਰੂਪਾਂ ਦੀ ਗਿਣਤੀ ਆਡੀਟਰ ਲਈ ਕੋਈ ਮਾਈਨੇ ਨਹੀਂ ਰੱਖਦੀ।

ਪੜਤਾਲ ਕਮਿਸ਼ਨ ਦੀ ਸਮਝ ਤੋਂ ਬਾਹਰ ਹੈ ਕਿ ਐਸ.ਜੀ.ਪੀ.ਸੀ ਐਸੇ ਆਡੀਟਰ ਦੀ ਨਿਯੁਕਤੀ ਹੀ ਕਿਉਂ ਕਰਦੀ ਹੈ ਜੋ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਐਂਟਰੀਆਂ ਵੀ ਚੈੱਕ ਨਹੀਂ ਕਰ ਸਕਦਾ।

ਜ਼ਿਕਰਯੋਗ ਹੈ ਕਿ ਚਾਰਟਰਡ ਅਕਾਊਟੈਂਟ ਦੀ ਨਿਯੁਕਤੀ ਫਰਵਰੀ 2010 ਵਿਚ ਇਸ ਕਰਕੇ ਕੀਤੀ ਗਈ ਸੀ ਤਾਂ ਜੋ ਪ੍ਰੈੱਸਾਂ ਦਾ ਅਕਾਊਂਟ ਕੰਪਿਊਟਰਾਈਜ਼ਡ ਆਨ-ਲਾਈਨ ਕੀਤਾ ਜਾ ਸਕੇ। ਜਦੋਂ ਇਹ ਗੱਲ ਪੜਤਾਲ ਕਮਿਸ਼ਨ ਨੇ ਚਾਰਟਰਡ ਅਕਾਊਟੈਂਟ ਪਾਸੋਂ ਪੁੱਛੀ ਤਾਂ ਉਸਨੇ ਇਹ ਜਵਾਬ ਦਿੱਤਾ :

*" ਸਾਲ 2010 ਵਿਚ Deloitte ਕੰਪਨੀ ਨੂੰ ਆਨ ਲਾਈਨ ਦਾ ਕੰਮ ਦਿੱਤਾ ਗਿਆ।ਉਹ ਆਨ ਲਾਈਨ ਕੰਮ ਦਾ ਪੈਕੇਜ਼ ਬਣਾ ਕੇ ਦੇਣਾ ਸੀ।ਉਨਾਂ ਦੀ ਅੱਜ ਤੱਕ ਫਾਈਨਲ ਰਿਪੋਰਟ ਨਹੀਂ ਆਈ Interim ਰਿਪੋਰਟ ਸ਼ਾਇਦ ਆਈ ਹੋਵੇ ਪਰ ਉਹ ਕੰਮ ਵਿਚਾਲੇ ਛੱਡ ਕੇ ਚਲੇ ਗਏ।ਅਸੀਂ ਉਨਾਂ ਦੇ ਡਿਵੈਲਪਡ ਸਿਸਟਮ ਤੇ ਹੀ ਕੰਮ ਕਰਨਾ ਸੀ, ਜੋ ਅਜੇ ਤੱਕ ਪੈਂਡਿੰਗ ਹੈ। "*

ਚਾਰਟਰਡ ਅਕਾਉਂਟੈਂਟ ਦੇ ਬਿਆਨ ਵਿੱਚ ਸ਼ਬਦ **"ਸ਼ਾਇਦ"** ਤੋਂ ਜਾਹਿਰ ਹੁੰਦਾ ਹੈ ਕਿ ਆਨਲਾਈਨ ਦਾ ਕੰਮ ਕਰਨਾ ਤਾਂ ਦੂਰ ਦੀ ਗੱਲ, ਉਸਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ "Deloitte" ਕੰਪਨੀ ਵੱਲੋਂ ਰਿਪੋਰਟ ਦੇ ਦਿੱਤੀ ਗਈ ਹੈ ਜਾਂ ਨਹੀਂ?

ਇਥੇ ਜ਼ਿਕਰਯੋਗ ਹੈ ਕਿ ਟੈਂਡਰ ਡਾਕੂਮੈਂਟ ਜਿਸ ਰਾਹੀਂ ਚਾਰਟਰਡ ਅਕਾਊਟੈਂਟ ਦੀ ਨਿਯੁਕਤੀ ਕੀਤੀ ਗਈ।ਉਸ ਵਿਚ ਹੇਠ ਲਿਖੇ ਚਾਰ ਕੰਮ ਦਰਜ ਸਨ :

1) Internal Audit (Pre/Concurrent Audit on daily basis) including stores etc. at all locations.
2) Computerization of Accounts on regular basis of all the location.
3) Implementation of Internal control system as suggested by world renowned Consultancy firm.
4) Implementation of online system being proposed & designed by the above- mentioned Consultancy firm.

ਐਸ.ਐਸ. ਕੋਹਲੀ, ਚਾਰਟਰਡ ਅਕਾਊਟੈਂਟ ਦੇ ਉਪਰੋਕਤ ਬਿਆਨ ਤੋਂ ਇਹ ਸਪੱਸ਼ਟ ਹੈ ਕਿ ਆਨ-ਲਾਈਨ ਅਕਾਊਂਟਿੰਗ ਦਾ ਸਿਸਟਮ ਅਜੇ ਤੱਕ ਲਾਗੂ ਨਹੀਂ ਹੋਇਆ ਜੋ ਕਿ ਉਕਤ ਲੜੀ ਨੰ: 4 ਤੇ ਦਰਜ ਹੈ।ਉਕਤ ਲੜੀ ਨੰ: 3 ਦੇ ਅਨੁਸਾਰ ਇੰਟਰਨਲ ਕੰਟਰੋਲ ਸਿਸਟਮ ਜੋ ਕਿ ਕੰਸਲਟੈਂਸੀ ਫਰਮ ਵੱਲੋਂ ਸੁਝਾਇਆ ਗਿਆ ਸੀ, ਵੀ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ।ਜੇਕਰ ਇੰਟਰਨਲ ਕੰਟਰੋਲ ਸਿਸਟਮ ਲਾਗੂ ਕੀਤਾ ਜਾਂਦਾ ਤਾਂ ਲੈਜ਼ਰਾਂ ਵਿਚ ਊਣਤਾਈਆਂ ਨਾ ਰਹਿੰਦੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਗਿਣਤੀ ਵਿਚ ਵਾਧਾ-ਘਾਟਾ ਨਾ ਹੁੰਦਾ ਜੋ ਕਿ ਸਾਲ 2013-14 ਤੋਂ ਲਗਾਤਾਰ ਜਾਰੀ ਹੈ।ਕੰਪਿਊਟਰਾਈਜ਼ੇਸ਼ਨ ਆਫ਼ ਅਕਾਊਂਟਸ ਜੋ ਕਿ ਉਕਤ ਲੜੀ ਨੰ: 2 ਤੇ ਦਰਜ ਹੈ, ਤੇ ਵੀ ਕੰਮ ਨਹੀਂ ਕੀਤਾ

ਗਿਆ।ਐਸ.ਐਸ ਕੋਹਲੀ ਨੇ ਆਪਣੇ ਕੋਲ ਕੁਝ ਰਿਕਾਰਡ ਬਣਾ ਕੇ ਰੱਖਿਆ ਹੋਇਆ ਹੈ।ਜੋ ਕਿ ਸਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਹੀਂ ਦਿੱਤਾ ਗਿਆ।ਸਬੰਧਿਤ ਕਰਮਚਾਰੀ ਮੈਨੁਅਲ ਸਟਾਕ ਲੈਜ਼ਰ ਵਿੱਚ ਹੁਣ ਤੱਕ ਐਂਟਰੀ ਕਰ ਰਹੇ ਹਨ ਅਤੇ ਕੱਚੀ ਪੈਂਸਲ ਨਾਲ ਬਕਾਇਆ ਕੱਢਿਆ ਜਾ ਰਿਹਾ ਹੈ, ਚਾਰਟਰਡ ਅਕਾਊਂਟੈਂਟ ਦੀ ਨਿਯੁਕਤੀ ਤੋਂ 10 ਸਾਲ ਬਾਅਦ ਵੀ ਇਹ ਜਾਰੀ ਹੈ।

ਮੁਕਦੀ ਗੱਲ ਇਹ ਹੈ ਕਿ ਚਾਰਟਰਡ ਅਕਾਊਂਟੈਂਟ ਐਸ.ਐਸ ਕੋਹਲੀ ਨੂੰ ਉਸਦੇ ਕੰਮਾਂ ਬਾਰੇ ਪੁੱਛਿਆ ਗਿਆ ਤਾਂ ਉਸਨੇ ਹੇਠ ਲਿਖਿਆ ਬਿਆਨ ਦਿੱਤਾ :

> ***"ਮੇਰਾ ਕੰਮ ਪ੍ਰੀ ਆਡਿਟ ਦਾ ਹੈ ਇਸ ਵਿਚ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਭਾਗ ਹਨ।ਮੈਂ ਵਿਸ਼ੇਸ਼ ਤੌਰ ਤੇ ਇਸ ਤਰੀਕੇ ਤੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਮੈਨੇਜਮੈਂਟ ਨੇ ਗੌਰ ਕੀਤਾ ਅਤੇ ਮੇਰਾ ਕੰਮ ਕੇਵਲ ਫਾਂਇਨਾਂਸ ਦਾ ਹੈ ਨਾ ਕਿ ਐਸੀਆਂ ਗੱਲਾਂ 'ਤੇ ਗੌਰ ਕਰਨ ਦਾ।"***

ਉਪਰੋਕਤ ਬਿਆਨ ਤੋਂ ਸਪੱਸ਼ਟ ਹੈ ਕਿ ਐਸ.ਐਸ ਕੋਹਲੀ, ਚਾਰਟਰਡ ਅਕਾਊਂਟੈਂਟ ਨੂੰ ਸੌਂਪੇ ਗਏ ਚਾਰ ਕੰਮਾਂ ਵਿਚੋਂ ਸਿਰਫ਼ ਇਕ ਕੰਮ (25%) ਹੀ ਕਰ ਰਿਹਾ ਹੈ।ਇਹ ਗੱਲ ਉਸਦੇ ਅੰਮ੍ਰਿਤਸਰ ਸਾਹਿਬ ਵਿਖੇ ਹਾਜ਼ਰੀ ਤੋਂ ਵੀ ਸਪੱਸ਼ਟ ਹੁੰਦੀ ਹੈ।ਟੈਂਡਰ ਡਾਕੂਮੈਂਟ ਵਿੱਚ ਹਾਜ਼ਰ ਹੋਣ ਬਾਰੇ ਇਹ ਲਿਖਿਆ ਗਿਆ ਸੀ ਕਿ ਹਫਤੇ ਵਿੱਚ ਦੋ-ਤਿੰਨ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਾਜ਼ਰ ਰਹੇਗਾ ਅਤੇ ਬਾਕੀ ਥਾਵਾਂ ਤੇ ਵੀ ਸਮੇਂ-ਸਮੇਂ ਅਨੁਸਾਰ ਜਾਵੇਗਾ।ਟੈਂਡਰ ਡਾਕੂਮੈਂਟ ਦੀ ਮੱਦ ਹਵਾਲੇ ਲਈ ਹੇਠਾਂ ਦਿੱਤੀ ਜਾਂਦੀ ਹੈ:-

> *"The proprietor/Main Partner should be able to devote full time to the audit. His presence would be required in Amritsar for at least 2-3 days in a week & also on other location from time to time. "*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਂਟੈਂਟ ਨੂੰ ਹਫ਼ਤੇ ਵਿਚ ਦੋ-ਤਿੰਨ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਸਮੇਂ-ਸਮੇਂ ਅਨੁਸਾਰ ਬਾਕੀ ਥਾਂਵਾ ਤੇ ਹਾਜ਼ਰ ਹੋਣਾ ਚਾਹੀਦਾ ਸੀ।ਉਸ ਨੇ ਆਪਣੇ ਬਿਆਨ ਵਿਚ ਇਹ ਗੱਲ ਮੰਨੀ ਹੈ ਕਿ ਉਹ ਮਹੀਨੇ ਵਿਚ ਸਿਰਫ਼ 4 ਤੋਂ 5 ਵਾਰ ਆਉਂਦਾ ਹੈ।ਇਸ ਤੋਂ ਸਪੱਸ਼ਟ ਹੈ ਕਿ ਇਸ ਨੇ ਸਿਰਫ਼ 25 ਪ੍ਰਤੀਸ਼ਤ ਹੀ ਕੰਮ ਕੀਤਾ।ਐਸ.ਜੀ.ਪੀ.ਸੀ ਕਮਰਸ਼ੀਅਲ ਅਦਾਰਾ ਨਹੀਂ ਹੈ।ਇਹ ਇੱਕ ਧਾਰਮਿਕ ਸੰਸਥਾਂ ਹੈ, ਜਿਸ ਵਿਚ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਗਤਾਂ ਵੱਲੋਂ ਭੇਂਟ

ਕੀਤੀ ਜਾਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੇਂਟ ਕੀਤੀ ਮਾਇਆ ਤੋਂ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਟੈਂਟ ਨੂੰ ਅਦਾਇਗੀ ਕੀਤੀ ਜਾਂਦੀ ਹੈ।ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਪ੍ਰਤੀ ਗਿਣਤੀ ਨੂੰ **"ਬਾਰੀਕੀ"** ਦੀ ਚੈਕਿੰਗ ਦੱਸਦਿਆਂ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ।ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਟੈਂਟ ਨੂੰ ਹੁਣ ਤੱਕ ਜੋ ਅਦਾਇਗੀ ਕੀਤੀ ਗਈ ਜੇਕਰ ਅਕਾਊਂਟਸ ਕੰਪਿਊਟਰਾਜ਼ੀਡ ਕੀਤੇ ਹੁੰਦੇ ਤਾਂ ਇਹ ਲੈਜ਼ਰਾਂ ਦਾ ਐਨਾਂ ਮਾੜਾ ਹਾਲ ਨਹੀਂ ਹੋਣਾ ਸੀ।ਐਸ.ਜੀ.ਪੀ.ਸੀ ਦੀ ਸ਼ਾਖ ਤੇ ਧੱਬਾ ਨਹੀਂ ਲੱਗਣਾ ਸੀ।ਇਸ ਕਰਕੇ ਪੜਤਾਲ ਕਮਿਸ਼ਨ ਸਿਫਾਰਿਸ਼ ਕਰਦਾ ਹੈ ਕਿ ਇਹ ਰਿਪੋਰਟ ਜਾਰੀ ਹੋਣ ਤੋਂ ਤੁਰੰਤ ਬਾਅਦ ਆਡੀਟਰ ਨੂੰ ਕੰਮ ਤੋਂ ਹਟਾ ਦੇਣਾ ਚਾਹੀਦਾ ਹੈ ਅਤੇ ਬਣਦੀ ਯੋਗ ਕਾਰਵਾਈ ਕਰਨੀ ਚਾਹੀਦੀ ਹੈ।

ਉਪਰੋਕਤ **(ਕ, ਖ ਅਤੇ ਗ ਤੱਕ )** ਦੱਸੀਆਂ ਊਣਤਾਈਆਂ ਠੀਕ ਕਰਨ ਲਈ ਪੜਤਾਲ ਕਮਿਸ਼ਨ ਕੋਲ ਸਮਾਂ ਘੱਟ ਸੀ।ਊਣਤਾਈਆਂ ਮਿਤੀ 18/08/2015 ਤੱਕ ਠੀਕ ਕਰਨੀਆਂ ਇਸ ਲਈ ਜ਼ਰੂਰੀ ਸਨ ਕਿ ਵਾਸਤਵਿਕ ਤਸਦੀਕ ਵਾਲੇ ਦਿਨ ਤੱਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਅਸਲ ਘਾਟ-ਵਾਧ ਪਤਾ ਲੱਗ ਸਕੇ।ਸਾਲ 2013-14 ਤੋਂ 18/08/2015 ਤੱਕ ਲੈਜ਼ਰਾਂ ਦੀ ਚੈਕਿੰਗ ਕਰਨ ਅਤੇ ਊਣਤਾਈਆਂ ਦੇ ਪ੍ਰਭਾਵ ਤੋਂ ਬਾਅਦ ਇਹ ਪਤਾ ਲੱਗਿਆ ਕਿ ਮਿਤੀ 18/08/2015 ਨੂੰ ਪਾਵਨ ਸਰੂਪ ਵੱਧ ਨਹੀਂ ਸਗੋਂ ਘੱਟ ਸਨ।ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ (ਅਨੁਲੱਗ ਨੰਬਰ 18 ਨੱਥੀ ਹੈ)

| **ਲੜੀ ਨੰ:** | **ਵੇਰਵਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ** | **ਪਾਇਆ ਗਿਆ ਅੰਤਰ (ਘੱਟ/ਵੱਧ)** |
|---|---|---|
| 01 | ਵੱਡਾ ਆਕਾਰ | 93 |
| 02 | ਦਰਮਿਆਨਾ ਆਕਾਰ | 232 |
| 03 | ਲੜੀਵਾਰ ਵੱਡਾ ਆਕਾਰ | 03 |
| 04 | ਲੜੀਵਾਰ ਦਰਮਿਆਨਾ ਆਕਾਰ | -41 |

ਉਪਰੋਕਤ ਸਾਰ ਤੋਂ ਸਪੱਸ਼ਟ ਹੈ ਕਿ ਮਿਤੀ 18/08/2015 ਨੂੰ 328 (93+232+03) ਘੱਟ ਪਾਏ ਗਏ ਪਾਵਨ ਸਰੂਪਾਂ ਦੀ ਰਿਕਵਰੀ ਤਾਂ ਕਰਨੀ ਬਣਦੀ ਹੀ ਹੈ, ਪਰ ਇਸ ਨਾਲੋਂ ਵੱਡੀ ਗੱਲ ਇਹ ਹੈ ਕਿ ਪਾਵਨ ਸਰੂਪਾਂ ਦਾ ਪਤਾ ਲਗਾਇਆ ਜਾਵੇ ਅਤੇ ਉਹਨਾਂ ਨੂੰ ਸ੍ਰੀ ਅਕਾਲ ਤਖਤ

ਸਾਹਿਬ ਲੈ ਕੇ ਆਇਆ ਜਾਵੇ ਜਾਂ ਕਿਸੇ ਹੋਰ ਸਤਿਕਾਰਿਤ ਜਗ੍ਹਾ ਤੇ ਪਹੁੰਚਾਇਆ ਜਾਵੇ, ਜੇ ਕਿਤੇ ਅਣਉਚਿਤ ਜਗ੍ਹਾ ਜਾਂ ਮਰਿਯਾਦਾ ਦੇ ਖਿਲਾਫ ਕਿਤੇ ਬਿਰਾਜਮਾਨ ਹੋਣ ।

ਸ੍ਰ.ਮਨਜੀਤ ਸਿੰਘ, ਸਕੱਤਰ ਦੀ ਨਿਗਰਾਨੀ ਵਿਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਪੜਤਾਲ ਰਿਪੋਰਟ ਵਿਚ "ਸਸਪੈਂਸ ਖਾਤੇ" ਵਰਗਾ ਸ਼ਬਦ ਵਰਤਣਾ ਬਹੁਤ ਹੀ ਨਿੰਦਣਯੋਗ ਹੈ।ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਇੰਨੀ ਵੱਡੀ ਮਾਤਰਾ ਵਿਚ ਵੱਧ ਗਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਵਉੱਚ ਅਧਿਕਾਰੀ ਸ੍ਰ.ਮਨਜੀਤ ਸਿੰਘ ਸਕੱਤਰ ਨੇ ਨਿਯਮਾਂ ਦੇ ਅਨੁਸਾਰ ਐਕਸ਼ਨ ਨਾ ਲੈ ਕੇ ਵੱਡੀ ਅਣਗਹਿਲੀ ਵਰਤੀ ਹੈ।ਸ੍ਰ.ਮਨਜੀਤ ਸਿੰਘ ਸਕੱਤਰ ਨੂੰ ਸਟਾਕ ਲੈਜ਼ਰਾਂ ਦੀ ਪੜਤਾਲ ਕਰਨੀ/ਕਰਾਉਣੀ ਬਣਦੀ ਸੀ ਜੋ ਕਿ ਨਹੀਂ ਕੀਤੀ ਗਈ, ਇਹ ਉਸਨੇ ਗੈਰ ਜਿੰਮੇਵਾਰ ਰਵੱਈਆ ਵਰਤਿਆ ਹੈ ਜੋ ਕਿ ਸਕੱਤਰ ਹੋਣ ਦੇ ਨਾਤੇ ਉਸਨੂੰ ਸ਼ੋਭਦਾ ਨਹੀਂ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਨਿਤ ਪ੍ਰਬੰਧ ਸਕੀਮ ਅਧੀਨ ਲੜੀ ਨੰ: 16 ਅਤੇ 17 ਵਿਚ ਸਟੋਰ ਦੀ ਜਾਂਚ-ਪੜਤਾਲ ਕਰਨ ਦੇ ਨਿਯਮ ਹੇਠ ਲਿਖੇ ਅਨੁਸਾਰ ਦਰਜ ਹਨ:

"16. *(ੳ) ਸੈਕਸ਼ਨ 85 ਦੇ ਗੁਰਦੁਆਰਾ ਸਾਹਿਬਾਨ ਦੇ ਹਿਸਾਬ-ਕਿਤਾਬ, ਸਟੋਰ, ਜਾਇਦਾਦ ਤੇ ਹੋਰ ਆਮਦਨ ਖਰਚ ਦੀ ਪੜਤਾਲ ਸਮੇਂ -ਸਮੇਂ ਪ੍ਰਬੰਧਕ ਕਮੇਟੀ ਵੱਲੋਂ ਨੀਯਤ ਗੁਰਦੁਆਰਾ ਇੰਸਪੈਕਟਰ ਜਾਂ ਹੋਰ ਕਰਮਚਾਰੀ ਕੀਤਾ ਕਰਨਗੇ।*

*(ਅ) ਗੁਰਦੁਆਰਾ ਇੰਸਪੈਕਟਰਾਂ ਦੀ ਪੜਤਾਲ ਤੋਂ ਇਲਾਵਾ ਸਾਲ ਵਿਚ 1 ਵਾਰੀ ਗੁਰਦੁਆਰੇ ਦੇ ਹਿਸਾਬ-ਕਿਤਾਬ ਦੇ ਗੁਦਾਮਾ ਆਦਿ ਦੀ ਮੁਕੰਮਲ ਪੜਤਾਲ ਚੀਫ਼ ਗੁਰਦੁਆਰਾ ਇੰਸਪੈਕਟਰ ਜਾਂ ਕਿਸੇ ਹੋਰ ਕਰਮਚਾਰੀ ਜਿਸਨੂੰ ਸਕੱਤਰ ਸਾਹਿਬ ਨਿਯਤ ਕਰੇ, ਆਪਣੀ ਮੌਜੂਦਗੀ ਵਿਚ ਕਰੇਗਾ।ਪੜਤਾਲੀਆ ਆਪਣੀ ਰਿਪੋਰਟ ਪ੍ਰਬੰਧਕ ਕਮੇਟੀ ਨੂੰ ਪੜਤਾਲ ਖ਼ਤਮ ਕਰਨ ਤੋਂ 2 ਹਫ਼ਤਿਆਂ ਦੇ ਅੰਦਰ-ਅੰਦਰ ਕਰੇਗਾ।*

*(ੲ) ਪੜਤਾਲ ਰਿਪੋਰਟ ਪੁੱਜਣ ਪੁਰ ਮੈਨੇਜਰ ਆਪਣੇ ਉੱਤਰ ਇਕ ਮਹੀਨੇ ਦੇ ਅੰਦਰ-ਅੰਦਰ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਖੇ ਪੇਸ਼ ਕਰੇਗਾ।*

*(ਸ) ਜੇ ਆਏ ਉੱਤਰਾਂ ਨਾਲ ਪ੍ਰਬੰਧਕ ਕਮੇਟੀ ਦੇ ਦਫ਼ਤਰ ਦੀ ਤਸੱਲੀ ਨਾ ਹੋਵੇ ਤਾਂ ਉਹ ਹੋਰ ਪੁੱਛਾਂ ਕਰ ਸਕਦਾ ਹੈ।*

*17. (ੳ) ਜੇ ਮੈਨੇਜਰ, ਕਿਸੇ ਮੈਂਬਰ ਜਾਂ ਮੁਲਾਜ਼ਮ ਨੂੰ ਕਿਸੇ ਤਰ੍ਹਾਂ ਦੇ ਗਬਨ, ਗਲਤ ਵਰਤੋਂ, ਨੁਕਸਾਨ ਜਾਂ ਗੁਰਦੁਆਰੇ ਦੀ ਜਾਇਦਾਦ ਨੂੰ ਖੁਰਦ-ਬੁਰਦ ਕਰਨ ਦਾ ਪਤਾ ਲੱਗ ਜਾਵੇ ਤਾਂ ਉਹ ਝੱਟ ਮੀਤ ਸਕੱਤਰ/ਐਡੀਸ਼ਨਲ ਸਕੱਤਰ/ਸਕੱਤਰ ਸਾਹਿਬ ਨੂੰ ਪਤਾ ਦੇਵੇ ਤੇ ਜੋ ਉਹ ਗੱਲ ਆਡਿਟ ਰਿਪੋਰਟ ਵਿਚ ਵੀ ਲਿਖੀ ਹੋਵੇ ਤਾਂ ਮੈਨੇਜਰ ਲਿਖਤ ਦੁਆਰਾ ਮੀਤ ਸਕੱਤਰ/ਐਡੀਸ਼ਨਲ ਸਕੱਤਰ/ਸਕੱਤਰ ਦਾ ਧਿਆਨ ਉਸ ਵੱਲ ਦਿਵਾਏ।*

*(ਅ) ਕੋਈ ਮੈਂਬਰ ਅਹੁੱਦੇਦਾਰ, ਮੈਨੇਜਰ ਜਾਂ ਪ੍ਰਬੰਧਕ ਕਮੇਟੀ ਦਾ ਕੋਈ ਹੋਰ ਮੁਲਾਜ਼ਮ ਜੋ ਇਸ ਤਰ੍ਹਾਂ ਦੇ ਗਬਨ, ਗਲਤ ਵਰਤੋਂ, ਖਿਆਨਤ, ਗੁਰਦੁਆਰੇ ਦੀ ਜਾਇਦਾਦ ਜਾਂ ਫੰਡ ਦੇ ਨੁਕਸਾਨ ਜਾਂ ਤਬਾਹੀ ਕਰਨ ਵਿਚ ਸਹਾਇਤਾ ਦੇਵੇ, ਆਪਣੇ ਫਰਜ ਨਾ ਪੂਰੇ ਕਰਨ ਦਾ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਸ ਨੂੰ ਅਹੁਦੇ ਜਾਂ ਨੌਕਰੀ ਤੋਂ ਅਲਾਹਿਦਾ ਕੀਤਾ ਜਾ ਸਕਦਾ ਹੈ।ਇਸ ਤੋਂ ਬਿਨਾ ਫਰਜ਼ ਪੂਰਾ ਨਾ ਕਰਨ ਦੇ ਕਾਰਨ ਜੋ ਨੁਕਸਾਨ ਹੋਵੇਗਾ, ਉਸਦਾ ਜਿੰਮੇਵਾਰ ਵੀ ਉਹ ਹੋਵੇਗਾ ਜੋ ਉਸ ਪਾਸੋਂ ਪੂਰਾ ਕੀਤਾ ਜਾਵੇਗਾ।*

*(ੲ) ਪ੍ਰਬੰਧਕ ਕਮੇਟੀ ਅਜਿਹੇ ਕਸੂਰ ਵਾਲੇ ਨੂੰ ਜਦ ਉਸਦਾ ਜ਼ੁਲਮ ਸਾਬਤ ਹੋ ਜਾਵੇ, ਸਜ਼ਾ ਦੇ ਸਕੇਗੀ। "*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧ ਸਕੀਮ ਅਧੀਨ ਲੜੀ ਨੰ: 17 (ਅ) ਦੇ ਮੁਤਾਬਿਕ ਕੋਈ ਮੈਂਬਰ ਅਹੁੱਦੇਦਾਰ, ਮੈਨੇਜਰ ਜਾਂ ਪ੍ਰਬੰਧਕ ਕਮੇਟੀ ਦਾ ਕੋਈ ਹੋਰ ਮੁਲਾਜ਼ਮ ਜੋ ਇਸ ਤਰ੍ਹਾਂ ਦੇ ਗਬਨ, ਗਲਤ ਵਰਤੋਂ, ਖਿਆਨਤ, ਗੁਰਦੁਆਰੇ ਦੀ ਜਾਇਦਾਦ ਜਾਂ ਫੰਡ ਦੇ ਨੁਕਸਾਨ ਜਾਂ ਤਬਾਹੀ ਕਰਨ ਵਿਚ ਸਹਾਇਤਾ ਦੇਵੇ, ਆਪਣੇ ਫਰਜ ਨਾ ਪੂਰੇ ਕਰਨ ਦਾ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਸ ਨੂੰ ਅਹੁਦੇ ਜਾਂ ਨੌਕਰੀ ਤੋਂ ਅਲਾਹਿਦਾ ਕੀਤਾ ਜਾ ਸਕਦਾ ਹੈ।ਇਸ ਤੋਂ ਬਿਨਾ ਫਰਜ਼ ਪੂਰਾ ਨਾ ਕਰਨ ਦੇ ਕਾਰਨ ਜੋ ਨੁਕਸਾਨ ਹੋਵੇਗਾ, ਉਸਦਾ ਜਿੰਮੇਵਾਰ ਵੀ ਉਹ ਹੋਵੇਗਾ ਜੋ ਉਸ ਪਾਸੋਂ ਪੂਰਾ ਕੀਤਾ ਜਾਵੇਗਾ।

ਭਾਵੇਂ ਸਕੀਮ ਦੀ ਮੱਦ ਸੈਕਸ਼ਨ 85 ਦੇ ਗੁਰਦੁਆਰਾ ਸਾਹਿਬਾਨ ਦੇ ਹਿਸਾਬ ਕਿਤਾਬ, ਸਟੋਰ, ਜਾਇਦਾਦ ਤੇ ਹੋਰ ਆਮਦਨ ਖਰਚ ਦੀ ਪੜਤਾਲ ਦਰਜ ਕੀਤੀ ਗਈ ਹੈ, ਪਰ ਸ੍.ਮਨਜੀਤ ਸਿੰਘ, ਸਕੱਤਰ ਦੇ ਬਿਆਨ ਅਨੁਸਾਰ ਇਹ ਮੱਦ ਪਬਲੀਕੇਸ਼ਨ ਵਿਭਾਗ 'ਤੇ ਵੀ ਲਾਗੂ ਹੁੰਦੀ ਹੈ।ਪੜਤਾਲ ਕਮਿਸ਼ਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਪ੍ਰਤੀ ਅਣਗਹਿਲੀ ਵਰਤਣ ਕਰਕੇ ਇਸ ਸਬੰਧੀ ਹੋਏ ਗਬਨ ਵਿੱਚ ਸਹਾਇਤਾ ਕਰਨ ਕਰਕੇ ਸ੍.ਮਨਜੀਤ ਸਿੰਘ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੋਸ਼ੀ ਮੰਨਦਾ ਹੈ ਅਤੇ

ਸਿਫਾਰਿਸ਼ ਕਰਦਾ ਹੈ ਕਿ ਘੱਟ ਪਾਏ ਗਏ ਸਰੂਪਾਂ ਦੀ ਬਣਦੀ ਭਰਪਾਈ ਸਬੰਧਿਤ ਕਰਮਚਾਰੀ ਸ੍ਰ.ਕੰਵਲਜੀਤ ਸਿੰਘ, ਸ੍ਰ.ਨਿਸ਼ਾਨ ਸਿੰਘ, ਇੰਚਾਰਜ, ਅਤੇ ਸ੍ਰ.ਮਨਜੀਤ ਸਿੰਘ, ਸਕੱਤਰ ਪਾਸੋਂ ਕਰਨੀ ਬਣਦੀ ਹੈ ਅਤੇ ਇਹਨਾਂ ਸਾਰਿਆਂ ਖਿਲਾਫ ਬਣਦੀ ਯੋਗ ਅਨੁਸ਼ਾਸਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਸ੍ਰ.ਮਨਜੀਤ ਸਿੰਘ, ਸਕੱਤਰ ਦੀ ਬਦਲੀ 18/11/2015 ਵਿਚ ਪਬਲੀਕੇਸ਼ਨ ਵਿਭਾਗ ਤੋਂ ਹੋ ਗਈ ਸੀ।ਜੋ ਕਿ ਉਪਰੋਕਤ ਵਾਸਤਵਿਕ ਤਸਦੀਕ ਤੋਂ ਤਿੰਨ ਮਹੀਨੇ ਬਾਅਦ ਆਉਂਦੀ ਹੈ।ਇਸ ਤਰੀਕੇ ਉਨ੍ਹਾਂ ਤੋਂ ਬਾਅਦ ਮਿਤੀ 19/11/2015 ਤੋਂ ਪਬਲੀਕੇਸ਼ਨ ਵਿਭਾਗ ਵਿਚ ਲੱਗੇ ਸਾਰੇ ਹੀ ਸਕੱਤਰ ਸਾਹਿਬਾਨਾਂ ਦੀ ਇਹ ਜਿੰਮੇਵਾਰੀ ਬਣਦੀ ਸੀ ਕਿ ਉਪਰੋਕਤ ਘਾਟੇ-ਵਾਧੇ ਸਬੰਧੀ ਨਿਯਮਾਂ ਅਨੁਸਾਰ ਯੋਗ ਕਾਰਵਾਈ ਕਰਦੇ, ਪਰ ਉਨ੍ਹਾਂ ਵੱਲੋਂ ਨਹੀਂ ਕੀਤੀ ਗਈ।ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਪਾਵਨ ਸਰੂਪ ਦੀ ਵਾਸਤਵਿਕ ਤਸਦੀਕ ਸਾਲ 2015-16 ਵਿੱਚ ਇੱਕ ਵਾਰ ਹੀ ਕੀਤੀ ਗਈ, ਉਸ ਨੂੰ ਵੀ ਸਹੀ ਢੰਗ ਨਾਲ ਰਿਪੋਰਟ ਨਹੀਂ ਕੀਤਾ ਅਤੇ ਨਾ ਹੀ ਲੈਜ਼ਰ ਨੂੰ ਠੀਕ ਕਰਕੇ ਮਿਲਾਣ ਕੀਤਾ।ਜਦ ਕਿ ਉਪਰੋਕਤ ਮੱਦ 16 (ਈ) ਦੇ ਅਨੁਸਾਰ ਰਿਪੋਰਟ ਮੈਨੇਜਰ ਵੱਲੋਂ ਆਪਣੇ ਉੱਤਰ ਸਮੇਤ ਇੱਕ ਮਹੀਨੇ ਦੇ ਅੰਦਰ-ਅੰਦਰ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚ ਪੇਸ਼ ਕਰਨੀ ਸੀ।ਪ੍ਰਬੰਧ ਸਕੀਮ ਦੀ ਮੱਦ 16 (ਅ) ਦੇ ਅਨੁਸਾਰ ਪਬਲੀਕੇਸ਼ਨ ਵਿਭਾਗ ਦੀ ਹਰ ਸਾਲ ਮੁਕੰਮਲ ਪੜਤਾਲ ਕਰਾਉਣੀ ਬਣਦੀ ਸੀ ਜੋ ਕਿ ਸ੍ਰ.ਮਨਜੀਤ ਸਿੰਘ, ਸਕੱਤਰ ਤੋਂ ਇਲਾਵਾ ਕਿਸੇ ਵੀ ਹੋਰ ਸਕੱਤਰ ਵੱਲੋਂ ਨਹੀਂ ਕਰਵਾਈ ਗਈ।ਇੰਝ ਜਾਪਦਾ ਹੈ ਕਿ ਇਹ ਅਣਗਹਿਲੀ ਬਹੁਤ ਸਮੇਂ ਤੋਂ ਹੀ ਵਰਤੀ ਜਾ ਰਹੀ ਹੈ।

ਜੇਕਰ ਵਾਸਤਵਿਕ ਤਸਦੀਕ (ਜੋ ਕਿ ਮੁਕੰਮਲ ਪੜਤਾਲ ਦਾ ਇੱਕ ਭਾਗ ਹੈ) ਹਰ ਸਾਲ ਕੀਤੀ ਹੁੰਦੀ ਤਾਂ ਇਹ ਮਾਮਲਾ ਸਾਹਮਣੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੋਣਾ।

ਪੜਤਾਲ ਕਮਿਸ਼ਨ ਦਾ ਸੁਝਾਉ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਰੱਖ ਰਖਾਵ ਲਈ ਇਕ ਵੱਖਰੀ ਪ੍ਰਬੰਧ ਸਕੀਮ ਹੋਣੀ ਚਾਹੀਦੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਬੰਧ ਸਮੁੱਚੇ ਸੰਸਾਰ ਵਿਚ ਵੱਸਦੀ ਸਿੱਖ ਕੌਮ ਨਾਲ ਹੈ ਅਤੇ ਸਿੱਖ ਕੌਮ ਪੰਜਾਂ ਤਖਤਾਂ ਦੇ ਸਿੰਘ ਸਾਹਿਬਾਨਾਂ ਨੂੰ ਗੁਰੂ ਸਾਹਿਬ ਦਾ ਸਰੀਰਕ ਰੂਪ ਮੰਨਦੀ ਹੈ ਅਤੇ ਉਨਾਂ ਵੱਲੋਂ ਕੀਤੇ ਹਰ ਫੈਸਲੇ ਨੂੰ ਸਿਰ ਮੱਥੇ ਮੰਨਦੀ ਹੈ।ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਤੇ ਵੰਡ ਪ੍ਰਣਾਲੀ ਐਸ.ਜੀ.ਪੀ.ਸੀ ਕੋਲ ਨਾ ਹੋ ਕੇ ਪੰਜ ਤਖ਼ਤ ਸਾਹਿਬਾਨਾਂ ਦੇ ਸਿੰਘ ਸਾਹਿਬਾਨਾਂ ਦੇ ਅਧੀਨ ਸਿੱਧੇ ਤੌਰ ਤੇ ਹੋਣੀ ਚਾਹੀਦੀ ਹੈ।ਪਾਵਨ ਸਰੂਪਾਂ ਦੀ ਛਪਾਈ ਇਕ

ਵੱਖਰੀ ਸ਼ਾਨਦਾਰ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਬਿਲਡਿੰਗ ਵਿਚ ਹੋਣੀ ਚਾਹੀਦੀ ਹੈ ਪਾਵਨ ਸਰੂਪਾਂ ਦੀ ਛਪਾਈ ਲਈ ਅਲੱਗ ਬਿਲਡਿੰਗ, ਜਿਸ ਨੂੰ ਪੂਰੀ ਤਰ੍ਹਾਂ ਚਾਰ ਦਿਵਾਰੀ ਕਰਕੇ ਪੂਰੇ ਸੁਰੱਖਿਆ ਪ੍ਰਬੰਧ ਨੂੰ ਧਿਆਨ ਵਿੱਚ ਰੱਖਿਆ ਜਾਵੇ।ਛਪਾਈ ਅਤੇ ਵੰਡ ਦਾ ਨਿਯੰਤਰਣ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅੰਮ੍ਰਿਤਸਰ ਵਿਖੇ ਯੋਗ ਪ੍ਰਬੰਧਕ ਦੇ ਅਧੀਨ ਹੋਣਾ ਚਾਹੀਦਾ ਹੈ।ਠੇਕੇਦਾਰੀ ਸਿਸਟਮ ਬੰਦ ਕੀਤਾ ਜਾਣਾ ਚਾਹੀਦਾ ਹੈ।ਪੰਜਾ ਤਖ਼ਤਾਂ ਦੇ ਸਿੰਘ ਸਾਹਿਬਾਨਾਂ ਦੀ ਪ੍ਰਵਾਨਗੀ ਤੋਂ ਬਾਅਦ ਹੀ ਪਾਵਨ ਸਰੂਪਾਂ ਦੇ ਲੜੀ ਨੰਬਰ ਜਾਰੀ ਕੀਤੇ ਜਾਣੇ ਚਾਹੀਦੇ ਹਨ।ਜਿੰਨੇ ਪਾਵਨ ਸਰੂਪ ਅੱਜ ਤੱਕ ਵੱਖ-ਵੱਖ ਸਥਾਨਾਂ ਤੇ ਮੌਜੂਦ ਹਨ, ਉਨ੍ਹਾਂ ਦਾ ਕੰਪਿਊਟਰਾਈਜ਼ਡ ਰਿਕਾਰਡ ਰੱਖਿਆ ਜਾਣਾ ਚਾਹੀਦਾ ਹੈ ਅਤੇ ਹਰ ਇੱਕ ਪਾਵਨ ਸਰੂਪ ਨੂੰ ਨਵਾਂ ਪ੍ਰਵਾਨਿਤ ਲੜੀ ਨੰਬਰ ਜਾਰੀ ਹੋਣਾ ਚਾਹੀਦਾ ਹੈ।

## 9.5 ਮਿਤੀ 18/08/2015, ਜਿਸ ਦਿਨ ਸਟਾਕ ਦੀ ਵਾਸਤਵਿਕ ਤਸਦੀਕ ਕੀਤੀ ਗਈ ਸੀ, ਤੋਂ ਬਾਅਦ ਦੀਆਂ ਘਟਨਾਵਾਂ

ਉਪਰੋਕਤ ਲੜੀ ਨੰ: 9.4 ਤੋਂ ਸਿੱਧ ਹੋ ਚੁੱਕਿਆ ਹੈ ਕਿ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ ਪਾਸੋਂ 267 ਪਾਵਨ ਸਰੂਪ ਮਿਤੀ 20/05/2020 ਨੂੰ ਹੀ ਸਟਾਕ ਵਿਚੋਂ ਨਹੀਂ ਘਟੇ ਬਲਕਿ 328 ਪਾਵਨ ਸਰੂਪ ਮਿਤੀ 18/08/2015 ਨੂੰ ਹੀ ਘੱਟ ਪਾਏ ਗਏ ਸਨ।ਉਸਨੇ ਮਿਤੀ 20/05/2020 ਨੂੰ ਚਾਰਜ ਦਿੱਤਾ ਸੀ, ਇਸ ਲਈ ਪੜਤਾਲ ਕਮਿਸ਼ਨ ਵਾਸਤੇ ਮਿਤੀ 20/05/2020 ਤੱਕ ਵਾਪਰੀਆਂ ਘਟਨਾਵਾਂ ਦੀ ਜਾਂਚ ਕਰਨੀ ਜ਼ਰੂਰੀ ਸੀ।

ੳ) **ਮਿਤੀ 19/05/2016 ਨੂੰ ਗੁ: ਸ੍ਰੀ ਰਾਮਸਰ ਸਾਹਿਬ ਵਿਖੇ ਅੱਗ ਲੱਗਣ ਜਾਂ ਪਾਣੀ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਜਾਂਚ ਕਰਕੇ ਰਿਪੋਰਟ ਵੱਖਰੇ ਤੌਰ ਤੇ ਲੜੀ ਨੰ: 9.7 ਤੇ ਦਰਜ ਕੀਤੀ ਗਈ ਹੈ।**

ਅ) **ਐਸ.ਐਸ.ਕੋਹਲੀ ਐਂਡ ਐਸੋਸੀਏਟਸ, ਚੰਡੀਗੜ ਵੱਲੋਂ ਮਿਤੀ 17/06/2016 ਨੂੰ ਜਾਰੀ ਕੀਤਾ ਗਿਆ ਨੋਟ :**

ਐਸ.ਐਸ.ਕੋਹਲੀ ਐਂਡ ਐਸੋਸੀਏਟ ਨੇ ਮਿਤੀ 17/06/2016 ਨੂੰ ਇਕ ਆਫਿਸ ਨੋਟ ਮਾਨਯੋਗ ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਰੀ ਕੀਤਾ।ਇਸ ਦਾ ਵੇਰਵਾ ਹਵਾਲੇ ਲਈ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾਂਦਾ ਹੈ: (ਦੇਖੋ- ਬਿਆਨ ਕਰਤਾ, ਭਾਗ 1, ਪੰਨਾ ਨੰਬਰ 181)

*"ਗੋਲਡਨ ਆਫਸੈਟ ਪ੍ਰੈੱਸ ਵਿਖੇ ਪਬਲੀਕੇਸ਼ਨ ਵਿਭਾਗ ਵਿਚ ਕੀਤੀ ਚੈਕਿੰਗ ਦੌਰਾਨ ਇਹ ਵੇਖਣ ਵਿਚ ਆਇਆ ਕਿ ਇਥੇ ਪਏ ਸਟਾਕ ਦੀ ਕੋਈ ਵੀ ਆਈਟਮ ਚਾਹੇ ਉਹ ਪਾਵਨ ਸਰੂਪ ਹੋਣ ਚਾਹੇ ਉਹ ਕੋਈ ਵੀ ਧਾਰਮਿਕ ਕਿਤਾਬ ਜਾਂ ਗੁਟਕਾ ਸਾਹਿਬ ਆਦਿ ਦੀ ਗਿਣਤੀ ਹੈ ਸਟਾਕ ਲੈਜ਼ਰ ਨਾਲ ਮੇਲ ਨਹੀਂ ਖਾਂਦੀ।ਅਕਸਰ ਹੀ ਇਹਨਾਂ ਦੀ ਪੋਸਟਿੰਗ ਵੀ ਲੈਜ਼ਰ ਵਿਚ ਗਲਤ ਹੀ ਕਰ ਦਿੱਤੀ ਜਾਂਦੀ ਹੈ।ਲੈਜ਼ਰ ਵਿਚ ਬਹੁਤ ਜਗ੍ਹਾ ਤੇ ਕਟਿੰਗ ਵੀ ਕੀਤੀ ਹੋਈ ਹੈ।ਕੁਝ ਸਟਾਕ ਤਾਂ ਲੈਜ਼ਰ ਵਿਚ ਨੈਗੇਟਿਵ ਵੀ ਹਨ।ਇਹਨਾਂ ਵੱਲੋਂ ਲੈਜ਼ਰਾਂ ਬਿਲਕੁਲ ਵੀ ਠੀਕ ਢੰਗ ਨਾਲ ਨਹੀਂ ਲਿਖੀਆਂ ਗਈਆਂ ਹਨ ਅਤੇ ਨਾ ਹੀ ਲੈਜ਼ਰਾਂ ਵਿਚ ਸਟਾਕ ਬਾਰੇ ਕੁਝ ਪਤਾ ਚਲਦਾ ਹੈ।ਇਹਨਾਂ ਵੱਲੋਂ ਜੋ ਵੀ ਲਿਟਰੇਚਰ ਆਦਿ ਵੇਚਿਆ ਜਾਂਦਾ ਹੈ, ਉਹਨਾਂ ਵਿਚੋਂ ਕੁਝ ਤਾਂ ਕੈਸ਼ ਅਤੇ ਕੁੱਝ ਉਧਾਰ ਵੇਚਿਆ ਜਾਂਦਾ ਹੈ।ਪ੍ਰੰਤੂ ਇਹਨਾਂ ਵੱਲੋਂ ਉਧਾਰ ਵੇਚੇ ਹੋਏ ਲਿਟਰੇਚਰ ਦੀ ਕੋਈ ਡਿਟੇਲ ਮੌਜੂਦ ਨਹੀਂ ਹੈ ਅਤੇ ਨਾ ਹੀ ਇਹਨਾਂ ਵੱਲੋਂ ਕੋਈ ਸਬ ਲੈਜ਼ਰ ਹੀ ਲਗਾਈ ਗਈ ਹੈ।*

*ਕਈ ਵਾਰ ਲਿਟਰੇਚਰ ਜਾਂ ਪਾਵਨ ਸਰੂਪ ਆਦਿ ਦੇਣ ਵਾਲੇ ਵਾਊਚਰਾਂ ਨਾਲ ਕੋਈ ਵੀ ਆਗਿਆ ਅਟੈਚ ਨਹੀਂ ਹੁੰਦੀ ਅਤੇ ਨਾ ਹੀ ਇਹਨਾਂ ਵੱਲੋਂ ਲੈਜ਼ਰ 'ਤੇ ਪੋਸਟਿੰਗ ਹੀ ਕੀਤੀ ਜਾਂਦੀ ਹੈ।ਇਸ ਸੰਬੰਧੀ ਜਲਦ ਤੋਂ ਜਲਦ ਪੜਤਾਲ ਕਰਵਾ ਕੇ ਸਟਾਕ ਨੂੰ ਮਿਲਾ ਕੇ ਸਾਰੇ ਫਰਕ ਕੱਢਣੇ ਚਾਹੀਦੇ ਹਨ ਅਤੇ ਅੱਗੇ ਤੋਂ ਇਹਨਾਂ ਨੂੰ ਸਹੀ ਢੰਗ ਨਾਲ ਕਰਨ ਦੀ ਤਾਕੀਦ ਕਰਨੀ ਚਾਹੀਦੀ ਹੈ।ਅਸੀਂ ਇਸ ਸੰਬੰਧੀ ਸਾਡੇ ਵੱਲੋਂ ਤਿਆਰ ਕੰਪਿਊਟਰਾਈਜ਼ਡ ਸਟਾਕ ਲੈਜ਼ਰ ਦੀ ਕਾਪੀ ਨੱਥੀ ਕਰ ਰਹੇ ਹਾਂ।"*

ਉਪਰੋਕਤ ਨੋਟ ਕਿਸ ਮੀਮੋ ਨੰਬਰ ਨਾਲ ਜਾਰੀ ਕੀਤਾ ਗਿਆ ਇਸ ਬਾਰੇ ਇਸ ਨੋਟ ਵਿੱਚ ਕੋਈ ਜਾਣਕਾਰੀ ਨਹੀਂ।ਨੋਟ ਪ੍ਰਧਾਨ ਸਾਹਿਬ ਤੱਕ ਕਿਵੇਂ ਪਹੁੰਚਾਇਆ ਗਿਆ, ਇਸ ਬਾਰੇ ਵੀ ਕੋਈ ਤੱਥ ਪੇਸ਼ ਕਰਨ ਵਿਚ ਸ੍ਰ.ਅਮਰਜੀਤ ਸਿੰਘ (ਐਸ.ਐਸ.ਕੋਹਲੀ ਐਂਡ ਐਸੋਸੀਏਟਸ ਦਾ ਕਰਮਚਾਰੀ) ਫੇਲ ਹੋਇਆ।ਸਟਾਕ ਲੈਜ਼ਰ ਦੀ ਕਾਪੀ ਜੋ ਇਸ ਰਿਪੋਰਟ ਨਾਲ ਨੱਥੀ ਕੀਤੀ ਦਰਸਾਈ ਗਈ ਹੈ, ਉਹ ਵੀ ਪੜਤਾਲ ਕਮਿਸ਼ਨ ਦੇ ਮੰਗਣ ਤੇ ਪੇਸ਼ ਨਹੀਂ ਕੀਤੀ ਗਈ।ਸ੍ਰ.ਅਮਰਜੀਤ ਸਿੰਘ ਜੋ ਕਿ ਐਸ.ਐਸ.ਕੋਹਲੀ ਐਂਡ ਐਸੋਸੀਏਟ ਦਾ ਕਰਮਚਾਰੀ ਹੈ, ਨੇ ਮਿਤੀ 17/08/2020 ਦੇ ਬਿਆਨ ਵਿਚ ਇਹ ਦੱਸਿਆ :

*"ਪਬਲੀਕੇਸ਼ਨ ਵਿਭਾਗ ਦੇ ਸਟੋਰ ਦੀ ਅਸੀਂ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ।ਜਦ ਸਾਨੂੰ ਪਤਾ ਲੱਗ ਗਿਆ ਕਿ ਬੈਲੇਂਸ ਨੈਗਟਿਵ ਆ ਰਿਹਾ ਹੈ ਤਾਂ ਵੀ ਅਸੀਂ ਫਿਜੀਕਲ ਵੈਰੀਫਿਕੇਸ਼ਨ*

*ਨਹੀਂ ਕੀਤੀ।ਜਦੋਂ ਸਾਡੇ ਵੱਲੋਂ ਪਬਲੀਕੇਸ਼ਨ ਵਿਭਾਗ ਦੇ ਸਟੋਰ ਲੈਜ਼ਰ ਦਾ ਕੰਮ, ਟੈਲੀ ਵਿਚ ਕੀਤਾ ਗਿਆ, ਉਸ ਤੋਂ ਬਾਅਦ ਜਦ ਇਹਨਾਂ ਦੀਆਂ ਲੈਜ਼ਰਾਂ ਦੇ ਨਾਲ, ਟੈਲੀ ਦੇ ਡਾਟੇ ਨੂੰ ਮਿਲਾਇਆ ਗਿਆ ਤਾਂ ਇਹ ਪਾਇਆ ਗਿਆ ਕਿ ਇਹ ਬੈਲੇਂਸ ਨਾਲ ਮੇਲ ਨਹੀਂ ਖਾ ਰਹੇ ਸਨ, ਜਿਸ ਬਾਬਤ ਅਸੀਂ ਪ੍ਰਧਾਨ ਸਾਹਿਬ ਨੂੰ ਰਿਪੋਰਟ ਦਿੱਤੀ ਸੀ।"*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਂਟੈਂਟ ਨੇ ਬਿਆਨ ਵਿਚ ਇਹ ਵੀ ਦੱਸਿਆ ਕਿ :

*"ਉਹ ਸਾਰੇ ਹੀ ਸਟੋਰਾਂ ਦੇ ਸਟਾਕ ਨੂੰ ਅਸੀਂ ਟੈਲੀ ਵਿਚ ਨਹੀਂ ਪਾਉਂਦੇ ਕੇਵਲ ਸ੍ਰੀ ਦਰਬਾਰ ਸਾਹਿਬ ਦਾ ਲੰਗਰ, ਇਮਾਰਤੀ ਸਟੋਰ, ਜਨਰਲ ਸਟੋਰ ਅਤੇ ਪਬਲੀਕੇਸ਼ਨ ਦਾ ਸਟੋਰ ਟੈਲੀ ਵਿਚ ਪਾਇਆ ਜਾਂਦਾ ਹੈ।ਇਹ ਵੀ ਅਸੀਂ ਸੇਵਾ ਦੇ ਤੌਰ ਤੇ ਕਰ ਰਹੇ ਹਾਂ ਸਾਡੇ ਕੰਟਰੈਕਟ ਵਿਚ ਸ਼ਾਮਲ ਨਹੀਂ।ਪਬਲੀਕੇਸ਼ਨ ਦੀਆਂ ਮੈਨੁਅਲ ਲੈਜ਼ਰਾਂ ਵਿਚ ਕਾਫੀ ਕਟਿੰਗ ਅਤੇ ਗਲਤੀਆਂ ਸਨ, ਉਸ ਨੂੰ ਮਿਲਾਨ ਵਿਚ ਬੜੀ ਮੁਸ਼ਕਲ ਆਉਂਦੀ ਸੀ।ਅਸੀਂ ਇਨ੍ਹਾਂ ਦੀਆਂ ਕੈਸ਼ ਮੀਮੋ ਦੇ ਬਿੱਲ ਤੋਂ ਡਾਟਾ ਲੈ ਕੇ ਟੈਲੀ ਵਿਚ ਐਂਟਰੀ ਕਰ ਦਿੱਤੀ। "*

ਇੰਝ ਜਾਪਦਾ ਹੈ ਕਿ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਂਟੈਂਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੀਯਤ ਕੀਤੇ ਕਾਰਜਾਂ ਨੂੰ ਕਦੇ ਪੜ ਕੇ ਵੀ ਨਹੀਂ ਦੇਖਿਆ, ਅਮਲ ਵਿਚ ਲਿਆਉਣਾ ਤਾਂ ਬੜੀ ਦੂਰ ਦੀ ਗੱਲ ਹੈ।ਖਾਤਿਆਂ ਨੂੰ ਕੰਪਿਊਟਰਾਈਜ਼ਡ ਕਰਨਾ ਉਸਨੂੰ ਸੌਪੇਂ ਗਏ ਮੁੱਖ ਚਾਰ ਕੰਮਾਂ ਵਿੱਚੋ ਇਕ ਮਹੱਤਵਪੂਰਨ ਕੰਮ ਸੀ।ਚਾਰਟਰਡ ਅਕਾਊਟੈਂਟ ਇਹ ਬਿਆਨ ਦੇ ਰਿਹਾ ਹੈ ਕਿ ਪਬਲੀਕੇਸ਼ਨ ਵਿਭਾਗ ਦੇ ਸਟੋਰ ਦੀਆਂ ਐਂਟਰੀਆਂ ਟੈਲੀ ਵਿਚ ਪਾਉਣਾ ਸੇਵਾ ਦੇ ਤੌਰ ਤੇ ਕਰ ਰਿਹਾ ਹੈ ਅਤੇ ਪਬਲੀਕੇਸ਼ਨ ਵਿਭਾਗ ਦੇ ਬਣਾਏ ਗਏ ਮੈਨੁਅਲ ਰਿਕਾਰਡ ਨੂੰ ਗਲਤ ਦੱਸ ਕੇ ਅਕਾਊਂਟ ਨੂੰ ਕੰਪਿਊਟਰਾਈਜ਼ਡ ਕਰਨ ਦੀ ਆਪਣੀ ਜਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਜਾਪਦਾ ਹੈ।ਇੰਝ ਲੱਗਦਾ ਹੈ ਇਹ ਆਫਿਸ ਨੋਟ ਮਿਤੀ 19/05/2016 ਨੂੰ ਅਗਨ ਭੇਂਟ ਹੋਏ ਸਰੂਪਾਂ ਦੀ ਘਟਨਾ ਦੌਰਾਨ ਘੱਟ ਹੋਏ ਸਰੂਪਾਂ ਦੀ ਜਾਣਕਾਰੀ ਰਿਕਾਰਡ ਵਿਚ ਨਾ ਲਿਆ ਕੇ ਇੱਕ ਮਹੀਨੇ ਬਾਅਦ ਇਹ ਨੋਟ ਮਿਤੀ 17/06/2016 ਨੂੰ ਜਾਰੀ ਕਰ ਦਿੱਤਾ ਤਾਂ ਜੋ ਉਸ ਤੇ ਕਿਸੇ ਕਿਸਮ ਦੀ ਗੱਲ ਨਾ ਆਵੇ।

ਸ੍ਰ.ਅਮਰਜੀਤ ਸਿੰਘ ਨੇ ਆਪਣੇ ਬਿਆਨਾਂ ਵਿਚ ਇਹ ਮੰਨਿਆ ਕਿ ਉਸ ਨੂੰ ਅਗਨ ਭੇਂਟ ਦੀ ਘਟਨਾ ਬਾਰੇ ਜਾਣਕਾਰੀ ਸੀ, ਪਰ ਮਿਤੀ 17/06/2016 ਦੇ ਆਫਿਸ ਨੋਟ ਵਿਚ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੇ ਅਗਨ ਭੇਂਟ ਦੀ ਘਟਨਾ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਬਾਰੇ ਜ਼ਿਕਰ ਵੀ ਨਹੀਂ ਕੀਤਾ।ਨਿਯਮਾਂ ਅਨੁਸਾਰ ਅਗਨ ਭੇਂਟ ਹੋਏ ਅਤੇ ਪਾਣੀ ਨਾਲ

ਨੁਕਸਾਨੇ ਗਏ ਪਾਵਨ ਸਰੂਪ ਵੱਟੇ ਖਾਤੇ (ਰਾਈਟ ਆਫ) ਵਿਚ ਪਾਏ ਜਾਣੇ ਸਨ, ਜੋ ਟੈਲੀ ਵਿੱਚ ਬਣਾਏ ਗਏ ਸਟਾਕ ਲੈਜ਼ਰ ਨੂੰ ਪੂਰਾ ਕਰਨ ਲਈ ਵੀ ਬਹੁਤ ਜ਼ਰੂਰੀ ਸੀ।

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਜਦੋਂ ਬਿਲਾਂ ਦੇ ਮਿਲਾਣ ਬਾਰੇ ਪੁੱਛਿਆ ਗਿਆ ਤਾਂ ਉਸਨੇ ਇਹ ਮੰਨਿਆ ਕਿ ਉਸ ਵੱਲੋਂ ਬਣਾਇਆ ਗਿਆ ਰਿਕਾਰਡ ਸਹੀ ਨਹੀਂ ਹੈ।ਹਵਾਲੇ ਲਈ ਉਸ ਪਾਸੋਂ ਪੁੱਛਿਆ ਗਿਆ ਸਵਾਲ ਅਤੇ ਜਵਾਬ ਹੇਠਾਂ ਦਿੱਤਾ ਜਾਂਦਾ ਹੈ:-

*"ਕੀ ਤੁਸੀਂ ਕਦੇ ਡੁੱਚ ਅਤੇ ਉਹਨਾਂ ਨਾਲ ਸਬੰਧਿਤ ਬਿੱਲਾਂ ਦਾ ਮਿਲਾਨ ਕੀਤਾ ਹੈ ? ਇਕ ਡੁੱਚ ਵਿਚ ਕਈ ਪ੍ਰਕਾਰ ਦੇ ਸਰੂਪਾਂ ਦੀਆਂ ਰਸੀਦਾ ਵੱਖਰੀਆਂ-ਵੱਖਰੀਆਂ ਕੱਟੀਆਂ ਜਾਂਦੀਆਂ ਹਨ, ਜਿਵੇਂ ਵੱਡੇ ਆਕਾਰ, ਦਰਮਿਆਨਾਂ ਆਕਾਰ, ਲੜੀਵਾਰ ਅਤੇ ਪਦਛੇਦ।ਬਹੁਤ ਸਮੇਂ ਇਹਨਾਂ ਦੀ ਭੇਟਾ ਵੱਖਰੀ-ਵੱਖਰੀ ਸੀ, ਪਰ ਹੁਣ ਲਗਭਗ ਇਕੋ ਤਰ੍ਹਾਂ ਦੀ ਹੈ ਤੇ ਉਹ ਡੁੱਚ ਸਟਾਕ ਰਜਿਸਟਰ ਵਿਚ ਐਂਟਰੀ ਕਰਨ ਲੱਗਿਆਂ ਇੱਕੋ ਹੀ ਆਕਾਰ ਵਿੱਚ ਦਰਜ ਕਰ ਦਿੱਤਾ ਜਾਂਦਾ ਹੈ।ਕੀ ਇਹ ਸਹੀ ਹੈ ?"*

ਤਾਂ ਉਹਨਾਂ ਦਾ ਉੱਤਰ ਸੀ ਕਿ

*"ਅਸੀਂ 100 ਡੁੱਚ ਦੀ ਕੁਲ ਰਕਮ ਨਾਲ ਟੈਲੀ ਕਰਦੇ ਹਾਂ।ਸਿੰਗਲ ਸਿੰਗਲ ਆਈਟਮ ਚੈੱਕ ਨਹੀਂ ਕਰਦੇ ਅਤੇ ਨਾ ਹੀ ਇਹ ਇਨਸਾਨੀ ਤੌਰ ਤੇ ਸੰਭਵ ਹੈ।ਸਾਡੇ ਕੋਲ ਤਾਂ ਲੋਕ ਖੜੇ ਰਹਿੰਦੇ ਹਨ ਸਾਡੇ ਕੋਲ ਸਮਾਂ ਨਹੀਂ ਹੁੰਦਾ।ਮੈਂ ਇਕ ਇਕ ਐਂਟਰੀ ਚੈੱਕ ਨਹੀਂ ਕਰ ਸਕਦਾ ਕਿਉਂਕਿ ਇੰਨੀ ਬਰੀਕੀ ਵਿਚ ਨਹੀਂ ਜਾ ਸਕਦਾ।ਮੇਰਾ ਆਡਿਟ ਚਾਰਜ 3500 ਤੋਂ 4000 ਰੁਪਏ ਪ੍ਰਤੀ ਗੁਰਦੁਆਰਾ ਪ੍ਰਤੀ ਮਹੀਨਾ ਹੈ ਅਤੇ ਸਕੂਲਾ/ਕਾਲਜ਼ਾਂ ਤੋਂ 2100 ਤੋਂ 3100 ਰੁਪਏ ਚਾਰਜ ਕਰਦਾ ਹਾਂ।ਮੈਂ ਮਹੀਨੇ ਵਿਚ ਚਾਰ ਤੋਂ ਪੰਜ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਉਂਦਾ ਹਾਂ। ਮੇਰੇ ਅੰਡਰ 77 ਗੁਰਦੁਆਰੇ ਆਉਂਦੇ ਹਨ ਅਤੇ 80-85 ਵਿਦਿਅਕ ਅਦਾਰੇ ਹਨ।*

*ਮੈਂ ਆਪਣੀ ਟੈਲੀ ਨਾਲ ਚੈਕ ਕੀਤਾ ਹੈ ਕਿ ਡੁੱਚ ਦੇ ਵੱਖਰੇ-ਵੱਖਰੇ ਵੇਰਵੇ ਮੇਰੇ ਟੈਲੀ ਵਿਚ ਨਹੀਂ ਹਨ ਜਦਕਿ ਡੁੱਚ ਨੰ: 30 ਵਿਚ ਵੱਖਰੇ-ਵੱਖਰੇ ਪਾਵਨ ਸਰੂਪ ਦੇ ਅਕਾਰ ਦਰਜ ਹਨ।ਇਸ ਕਾਰਨ ਸਾਡਾ ਟੈਲੀ ਦਾ ਬੈਂਲੇਸ ਐਕਚੁਅਲ ਬੈਂਲੇਸ ਨਾਲ ਮੇਲ ਨਹੀਂ ਖਾਦਾਂ।"*

ਉਪਰੋਕਤ ਉੱਤਰ ਤੋਂ ਸਪੱਸ਼ਟ ਹੈ ਕਿ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਂਟੈਂਟ ਨੇ ਜੋ ਟੈਲੀ ਵਿਚ ਰਿਕਾਰਡ ਤਿਆਰ ਕੀਤਾ ਹੈ ਉਹ ਇੱਕ-ਇੱਕ ਐਂਟਰੀ ਤੋਂ ਨਹੀਂ ਕੀਤਾ ਅਤੇ ਖੁਦ

ਮੰਨਦਾ ਹੈ ਕਿ ਉਹਨਾਂ ਵੱਲੋਂ ਤਿਆਰ ਕੀਤਾ ਰਿਕਾਰਡ ਅਸਲ ਬੈਲੈਂਸ (ਮੌਜੂਦਾ ਸਟਾਕ) ਨਾਲ ਮੇਲ ਨਹੀਂ ਖਾਂਦਾ।ਜੇਕਰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵੱਲੋ ਬਣਾਇਆ ਗਿਆ ਰਿਕਾਰਡ ਗਲਤ ਹੈ ਜਿਸ ਨੂੰ ਉਹ ਖੁਦ ਮੰਨਦਾ ਹੈ ਤਾਂ ਇਸ ਸਬੰਧੀ 17-06-2016 ਨੂੰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵੱਲੋਂ ਆਫਿਸ ਨੋਟ ਜਾਰੀ ਕਰਕੇ ਮੈਨੂਅਲ ਲੈਜ਼ਰ ਦੀ ਗਲਤੀ ਦੱਸਣਾ ਹਾਸੋ-ਹੀਣਾ ਤੇ ਗੈਰ-ਜਿੰਮੇਵਾਰਾਨਾਂ ਜਾਪਦਾ ਹੈ।

**ੲ) ਸਾਲ 2016 ਤੋਂ ਬਾਅਦ ਅਚਨਚੇਤ ਪੇਪਰ ਦੀ ਵੇਸਟੇਜ਼ ਵਿਚ ਵਾਧਾ :**

ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਜਿਹੜੇ ਪਾਵਨ ਸਰੂਪਾਂ ਦੇ ਬਿਲ ਸ਼੍ਰੋਮਣੀ ਕਮੇਟੀ ਨੂੰ ਦਿੰਦੀ ਹੈ, ਉਸ ਤੇ 8%, 12% ਅਤੇ 16% ਵੇਸਟੇਜ਼ ਲਗਾਈ ਜਾਂਦੀ ਹੈ, ਇਹ ਵੇਸਟੇਜ਼ ਉਹਨਾਂ ਨੂੰ ਸਾਲ 1995 ਨੂੰ ਸਕੱਤਰ, ਸ਼੍ਰੋਮਣੀ ਕਮੇਟੀ ਦੀ ਆਗਿਆ ਅਨੁਸਾਰ ਪ੍ਰਮਾਣਿਤ ਹੈ, ਜੋ ਕਿ ਦਸਤਾਵੇਜ਼ ਨੰ: ੳਡ/1 (ਦੇਖੋ ਬਿਆਨ ਬੁੱਕ ਭਾਗ 3, ਪੰਨਾ ਨੰ:520) ਤੇ ਨੱਥੀ ਹੈ।ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | |
|---|---|
| 1000 ਪਾਵਨ ਸਰੂਪ ਦੀ ਛਪਾਈ ਤੱਕ | = 2.0% ਪ੍ਰਤੀ ਰੰਗ |
| 5000 ਪਾਵਨ ਸਰੂਪ ਦੀ ਛਪਾਈ ਤੱਕ | = 1.5% ਪ੍ਰਤੀ ਰੰਗ |
| 5000 ਤੋਂ ਉਪੱਰ ਪਾਵਨ ਸਰੂਪ ਦੀ ਛਪਾਈ ਲਈ | = 1.0% ਪ੍ਰਤੀ ਰੰਗ |

ਸ੍ਰ.ਨਰਾਇਣ ਸਿੰਘ ਫੋਰਮੈਨ ਦੇ ਬਿਆਨ ਅਨੁਸਾਰ ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਵਿੱਚ ਜਿਹੜੀ ਮਸ਼ੀਂਨ ਪਾਵਨ ਸਰੂਪਾਂ ਦੀ ਛਪਾਈ ਲਈ ਵਰਤੀ ਜਾਂਦੀ ਹੈ, ਉਹ ਚਾਰ ਰੰਗਾਂ ਦੀ ਮਸ਼ੀਨ ਹੈ ਅਤੇ ਉਪਰੋਕਤ ਵੇਰਵੇ ਅਨੁਸਾਰ ਪਾਵਨ ਸਰੂਪ ਦੇ ਅੰਗਾਂ ਦੇ ਇੱਕ ਪਾਸੇ ਨੂੰ ਛਾਪਣ ਲਈ ਵੇਸਟੇਜ਼ 8% (1000 ਪਾਵਨ ਸਰੂਪਾਂ ਦੀ ਛਪਾਈ ਤੱਕ), 6% (5000 ਪਾਵਨ ਸਰੂਪਾਂ ਦੀ ਛਪਾਈ ਤੱਕ) ਅਤੇ 4% (5000 ਤੋਂ ਵੱਧ ਪਾਵਨ ਸਰੂਪਾਂ ਦੀ ਛਪਾਈ ਤੱਕ) ਬਣਦੀ ਹੈ ਅਤੇ ਦੋਨੋਂ ਪਾਸੇ ਛਾਪਣ ਲਈ ਕੁੱਲ ਵੇਸਟੇਜ਼ 8%, 12% ਅਤੇ 16% ਬਣਦੀ ਹੈ।

ਪਰ ਪਾਵਨ ਸਰੂਪਾਂ ਦੀ ਛਪਾਈ ਸਮੇਂ ਇੰਨੀ ਜਿਆਦਾ ਵੇਸਟੇਜ਼ ਨਹੀਂ ਹੁੰਦੀ, ਇਸ ਗੱਲ ਦਾ ਪਤਾ ਪ੍ਰੈੱਸ ਦੀ ਪੇਪਰ ਸਟੋਰ ਲੈਜ਼ਰ ਨੂੰ ਵੇਖ ਕੇ ਲਗਾਇਆ ਜਾ ਸਕਦਾ ਹੈ।ਸਟੋਰ ਵਿੱਚੋਂ ਪਹਿਲਾਂ ਸਾਰਾ ਪੇਪਰ ਛਪਾਈ ਲਈ ਜਾਰੀ ਹੋ ਜਾਂਦਾ ਹੈ (ਜੋ ਵੱਧ ਤੋਂ ਵੱਧ ਵੇਸਟੇਜ਼ ਜੋ ਇਹਨਾ ਨੂੰ ਪ੍ਰਮਾਣਿਤ ਹੁੰਦੀ ਹੈ ਦੇ ਹਿਸਾਬ ਨਾਲ ਖ੍ਰੀਦ ਕੀਤਾ ਜਾਂਦਾ ਹੈ) ਅਤੇ ਜਿਸਦਾ ਬਿੱਲ ਵੀ ਆਫਸੈੱਟ ਪ੍ਰੈੱਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਜਾਰੀ ਕੀਤਾ ਜਾਂਦਾ ਹੈ।ਪਰ ਬਾਅਦ ਵਿੱਚ ਜੋ ਪੇਪਰ ਦੇ ਰਿੰਮ ਤੇ

ਛਪਾਈ ਨਹੀਂ ਕੀਤੀ ਜਾਂਦੀ ਉਸਨੂੰ ਸਟੋਰ ਵਿੱਚ ਦੁਬਾਰਾ ਜਮਾਂ ਕਰ ਲਿਆ ਜਾਂਦਾ ਹੈ ਅਤੇ ਉਸਨੂੰ ਫਿਰ ਵਰਤਿਆ ਜਾਂਦਾ ਹੈ ਅਤੇ ਉਸ ਦਾ ਬਿਲ ਦੁਬਾਰਾਂ ਲਿਆ ਜਾਂਦਾ ਹੈ।ਪ੍ਰੈੱਸ ਦੇ ਰਿਕਾਰਡ ਨੂੰ ਦੇਖ ਕੇ ਪਤਾ ਲੱਗ ਰਿਹਾ ਹੈ ਕਿ ਹਰ ਸਾਲ ਵੇਸਟੇਜ਼ ਜਮਾਂ ਕਰਨ ਤੋਂ ਬਾਅਦ ਜੋ ਪੇਪਰ ਅਸਲ ਵਿੱਚ ਵਰਤਿਆ ਗਿਆ ਹੈ, ਉਸ ਹਿਸਾਬ ਨਾਲ ਕੁੱਲ ਵੇਸਟੇਜ਼ 2% ਤੋਂ 6% ਦੇ ਕਰੀਬ ਹੈ।ਸਾਲ 2017-18 ਤੋਂ ਬਾਅਦ ਪਾਵਨ ਸਰੂਪਾਂ ਦੀ ਛਪਾਈ ਉਪਰੰਤ ਬਚਿਆ ਪੇਪਰ ਸਟੋਰ ਵਿੱਚ ਵਾਪਿਸ ਨਹੀਂ ਕੀਤਾ ਗਿਆ।ਜਿਸ ਤੋਂ ਇਹ ਜਾਪਦਾ ਹੈ ਕਿ ਸਾਲ 2017-18 ਤੋਂ ਬਾਅਦ ਪ੍ਰੈੱਸ ਵਿੱਚੋ ਬਚੇ ਹੋਏ ਪੇਪਰ ਤੋਂ ਵੀ ਪਾਵਨ ਸਰੂਪ ਦੀ ਛਪਾਈ ਕੀਤੀ ਗਈ ਅਤੇ ਜਿਲਦਸਾਜ਼ਾਂ ਨੂੰ ਵੀ ਵਧੇਰੇ ਫਰਮੇ (08 ਅੰਗਾਂ ਦਾ ਇੱਕ ਫਰਮਾਂ) ਦਿੱਤੇ ਗਏ।ਜਿਸ ਤੋਂ ਅਣਅਧਿਕਾਰਿਤ ਤਰੀਕੇ ਨਾਲ ਪਾਵਨ ਸਰੂਪਾਂ ਦੀ ਜਿਲਦਬੰਦੀ ਕਰਕੇ ਨਿੱਜੀ ਹਿੱਤਾਂ ਲਈ ਸੰਗਤਾਂ ਨੂੰ ਭੇਟ ਕੀਤੇ ਗਏ।(**ਅਨੁਲੱਗ ਨੰਬਰ 19** ਨੱਥੀ ਹੈ)

ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਛਪਾਈ ਵਿਚ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਕੁਝ ਪ੍ਰਤੀਸ਼ਤ ਵਾਧੂ ਪੇਪਰ ਕਲੇਮ ਕਰਦਾ ਹੈ।ਸਾਲ 2015-16 ਤੱਕ ਇਹ ਵਾਧੂ ਪੇਪਰ ਵਰਤਣ ਦੀ ਮਾਤਰਾ 5.5 ਪ੍ਰਤੀਸ਼ਤ ਤੱਕ ਸੀ ਜਦ ਕਿ ਸਾਲ 2016-17 ਵਿਚ ਪਾਵਨ ਸਰੂਪਾਂ ਦੇ ਵੱਡੇ ਆਕਾਰ ਛਾਪਣ ਲਈ ਇਕ ਦਮ ਇਹ ਮਾਤਰਾ 10.2 ਪ੍ਰਤੀਸ਼ਤ ਤੱਕ ਆ ਗਈ।ਸਾਲ 2018-19 ਵਿਚ ਇਹ ਪਾਵਨ ਸਰੂਪ ਦੇ ਦਰਮਿਆਨਾ ਆਕਾਰ ਅਤੇ ਵੱਡਾ ਆਕਾਰ ਸਰੂਪ ਲਈ ਵਾਧੂ ਪੇਪਰ ਦੀ ਮਾਤਰਾ ਵੱਧ ਕੇ 12 ਪ੍ਰਤੀਸ਼ਤ ਤੱਕ ਚਲੀ ਗਈ।ਇੰਝ ਜਾਪਦਾ ਹੈ ਕਿ ਸਾਲ 2016 ਵਿਚ ਅਗਨ ਭੇਟ ਹੋਏ ਪਾਵਨ ਸਰੂਪਾਂ ਦੀ ਭਰਪਾਈ ਨੂੰ ਪੂਰਾ ਕਰਨ ਲਈ ਆਫਸੈੱਟ ਪ੍ਰੈੱਸ ਪਬਲੀਕੇਸ਼ਨ ਵਿਭਾਗ, ਅਕਾਊਂਟਸ ਬਰਾਂਚ ਅਤੇ ਇੰਟਰਨਲ ਆਡਿਟਰ ਨੇ ਮੌਜੂਦਾ ਸਕੱਤਰਾਂ ਅਤੇ ਮੁੱਖ ਸਕੱਤਰ ਦੇ ਇਸ਼ਾਰੇ ਨਾਲ ਇਹ ਮੰਦਭਾਗਾ ਕੰਮ ਕੀਤਾ, ਕਿਉਂਕਿ ਮੁੱਖ ਸਕੱਤਰ, ਸਕੱਤਰ, ਮੀਤ ਸਕੱਤਰ, ਇੰਚਾਰਜ਼, ਸੁਪਰਵਾਈਜ਼ਰ, ਸਾਰੇ ਹੀ ਇਹ ਦੱਸਣ ਵਿਚ ਅੱਜ ਤੱਕ ਅਸਮਰੱਥ ਹਨ ਕਿ ਕਿਹੜੇ ਲੜੀ ਨੰਬਰ ਦੇ ਪਾਵਨ ਸਰੂਪ ਅਗਨ ਭੇਂਟ ਹੋਏ ਜਾਂ ਪਾਣੀ ਨਾਲ ਨੁਕਸਾਨੇ ਗਏ।ਪੜਤਾਲ ਕਮਿਸ਼ਨ ਪਹਿਲਾਂ ਹੀ ਸਿੱਧ ਕਰ ਚੁੱਕਾ ਹੈ ਕਿ ਵਧੀਕ ਅੰਗਾਂ ਤੋਂ 61 (ਵੱਡਾ ਆਕਾਰ ਪਦਛੇਦ) ਪਾਵਨ ਸਰੂਪ ਸ੍ਰ.ਕੰਵਲਜੀਤ ਸਿੰਘ ਜੀ ਨੂੰ ਪਿਛਲਾ ਘਾਟਾ ਪੂਰਾ ਕਰਨ ਲਈ ਅਣ-ਅਧਿਕਾਰਤ ਢੰਗ ਨਾਲ ਤਿਆਰ ਕਰਕੇ ਸੌਂਪ ਦਿੱਤੇ ਗਏ ਅਤੇ 125 (ਦਰਮਿਆਨਾ ਆਕਾਰ ਪਦਛੇਦ) ਪਾਵਨ ਸਰੂਪ ਤਿਆਰ ਕਰਕੇ ਰੱਖ ਲਏ ਗਏ ਜੋ ਪੜਤਾਲ ਕਮਿਸ਼ਨ ਵੱਲੋਂ ਕੀਤੀ ਪੜਤਾਲ ਦੌਰਾਨ ਉੱਥੇ ਹਾਜ਼ਰ ਪਾਏ ਗਏ, ਜਿੰਨਾ ਦੀ ਜਿਲਦਬੰਦੀ ਹੋਣੀ ਅਜੇ ਬਾਕੀ ਹੈ।

ਪੜਤਾਲ ਕਮਿਸ਼ਨ ਇਹ ਗੱਲ ਜਾਣਨ ਤੋਂ ਅਸਮਰੱਥ ਰਿਹਾ ਕਿ ਉਪਰੋਕਤ ਤੋਂ ਇਲਾਵਾ ਕਿੰਨੇ ਹੋਰ ਪਾਵਨ ਸਰੂਪ ਵਧੀਕ ਅੰਗਾਂ ਤੋਂ ਤਿਆਰ ਕੀਤੇ ਗਏ।ਪੜਤਾਲ ਕਮਿਸ਼ਨ ਇਹ ਗੱਲ ਜਾਣਨ ਤੋਂ ਵੀ ਅਸਮਰੱਥ ਰਿਹਾ ਕਿ ਪਬਲੀਕੇਸ਼ਨ ਵਿਭਾਗ ਵੱਲੋਂ ਕਿੰਨੇ ਪਾਵਨ ਸਰੂਪ ਅਣ-ਅਧਿਕਾਰਤ ਢੰਗ ਨਾਲ ਵੰਡੇ ਗਏ ਅਤੇ ਕਿੰਨੀ ਭੇਟਾ ਸੰਗਤਾਂ ਤੋਂ ਲਈ ਗਈ।ਪੜਤਾਲ ਕਮਿਸ਼ਨ ਦੇ ਸਮੇਂ ਦੇ ਅਖੀਰਲੇ ਦੋ ਦਿਨਾਂ ਦੌਰਾਨ ਇਹ ਨੋਟਿਸ ਵਿਚ ਆਇਆ ਕਿ ਜੋ ਸ਼ੋਅ-ਰੂਮ ਤੋਂ ਰਸੀਦਾਂ ਜਾਰੀ ਹੁੰਦੀਆਂ ਹਨ, ਉਸਦੀ 100 ਰਸੀਦਾਂ (1 ਡੁੱਚ) ਤੋਂ ਬਾਅਦ ਇੱਕ ਬਿੱਲ ਕੱਟਿਆ ਜਾਂਦਾ ਹੈ ਅਤੇ ਜੋ ਬਿੱਲ ਡੁੱਚ ਦੇ ਹਿਸਾਬ ਨਾਲ ਕੱਟੇ ਗਏ ਹਨ, ਉਹਨਾ ਦਾ ਵੇਰਵਾ ਕੱਟੀਆਂ ਹੋਈਆਂ ਰਸੀਦਾਂ (ਡੁੱਚ) ਨਾਲ ਨਹੀਂ ਮਿਲਦਾ।ਇਹ ਗਲਤੀ ਪਿਛਲੇ ਕਈ ਸਾਲਾਂ ਤੋਂ ਚੱਲਦੀ ਆ ਰਹੀ ਹੈ ਅਤੇ ਪੜਤਾਲ ਕਮਿਸ਼ਨ, ਅਕਾਊਂਟਸ ਵਿਭਾਗ ਦੇ ਕਰਮਚਾਰੀਆਂ ਦੀ ਮਦਦ ਨਾਲ ਸਿਰਫ ਮਿਤੀ 01/04/2013 ਤੋਂ 18/08/2015 ਤੱਕ ਦਾ ਵੇਰਵਾ ਹੀ ਤਿਆਰ ਕਰ ਸਕਿਆ ਹੈ।

ਅਗਨ ਭੇਂਟ ਹੋਏ ਅਤੇ ਪਾਣੀ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਆਕਾਰ ਵਾਈਜ਼ ਵੇਰਵਾ ਪਤਾ ਨਹੀਂ ਚੱਲ ਸਕਿਆ ਜੋ ਕਿ ਮਿਤੀ 20/05/2020 ਦਾ ਬਕਾਇਆ ਕੱਢਣ ਲਈ ਜਰੂਰੀ ਹੈ।

ਪਾਵਨ ਸਰੂਪਾਂ ਦੇ ਸਟੋਰ ਲੈਜ਼ਰ ਠੀਕ ਢੰਗ ਨਾਲ ਮੇਨਟੇਨ ਨਹੀਂ ਕੀਤੇ।ਇਸ ਨੇ ਤਕਰੀਬਨ ਹਰ ਐਂਟਰੀ ਤੋਂ ਬਾਅਦ ਕੱਢਿਆ ਬਕਾਇਆ ਕੱਚੀ ਪੈਂਸਿਲ ਨਾਲ ਦਰਜ ਕੀਤਾ ਹੈ ਉਸ ਨੂੰ ਪੱਕੇ ਤੌਰ ਤੇ ਠੀਕ ਨਹੀਂ ਕੀਤਾ ਗਿਆ।ਹਰ ਸਾਲ ਦੇ ਓਪਨਿੰਗ ਤੇ ਕਲੋਸਿੰਗ ਬੈਲੇਂਸ ਉੱਪਰ ਵਾਰ-ਵਾਰ ਕਟਿੰਗ ਕੀਤੀ।ਮਿਤੀ 20/05/2020 ਤੋਂ ਪਹਿਲਾਂ ਸਾਲ 2013-14 ਤੋਂ ਲੈ ਕੇ ਸਾਲ 2019-20 ਤੱਕ ਦੇ ਸਾਰੇ ਓਪਨਿੰਗ ਤੇ ਕਲੋਸਿੰਗ ਬੈਂਲੇਸ ਨੂੰ ਬਦਲ ਦਿੱਤਾ ਗਿਆ।ਸ੍ਰ.ਕੰਵਲਜੀਤ ਸਿੰਘ ਪਾਵਨ ਸਰੂਪਾਂ ਦੀ ਸਟਾਕ ਲੈਜ਼ਰ ਦੀਆਂ ਕਈ ਐਂਟਰੀਆਂ ਨੂੰ ਵਾਰ-ਵਾਰ ਬਦਲ ਦਿੰਦਾ ਸੀ।ਪੜਤਾਲ ਕਮਿਸ਼ਨ ਨੂੰ ਲੈਜ਼ਰ ਦੁਬਾਰਾ ਲਿਖਣੀ ਪੈ ਰਹੀ ਸੀ।ਅਖੀਰਲੇ ਦੋ ਦਿਨਾਂ ਵਿੱਚ ਇਹ ਪਤਾ ਚੱਲਿਆ ਕਿ ਸ. ਕੰਵਲਜੀਤ ਸਿੰਘ ਅਤੇ ਸ. ਦਲਬੀਰ ਸਿੰਘ, ਹੈਲਪਰ ਵੱਲੋਂ ਡੁੱਚਾਂ ਦੀ ਪੋਸਟਿੰਗ ਵੀ ਗਲਤ ਕੀਤੀ ਹੋਈ ਸੀ।ਇਹਨਾਂ ਅਖੀਰਲੇ ਦੋ ਦਿਨਾਂ ਵਿੱਚ ਅਕਾਂਊਟ ਬ੍ਰਾਂਚ ਦੀ ਮਦਦ ਨਾਲ ਪੜਤਾਲ ਕਮਿਸ਼ਨ ਸਿਰਫ 18 ਅਗਸਤ 2015 ਤੱਕ ਦਾ ਬਕਾਇਆ ਹੀ ਕੱਢ ਸਕਿਆ।ਜਿਸ ਦੀ ਆਕਾਰ ਵਾਈਜ 01/04/2013 ਤੋਂ 18/08/2015 ਦੇ ਲੈਜ਼ਰ ਦੀ ਕਾਪੀ ਇਸ ਰਿਪੋਰਟ ਨਾਲ ਨੱਥੀ ਕੀਤੀ ਜਾਂਦੀ ਹੈ (**ਅਨੁਲੱਗ ਨੰਬਰ 16**)।ਇਸ ਤੋਂ ਜਾਪਦਾ ਹੈ ਕਿ ਲੈਜ਼ਰਾਂ ਦੇ ਬੈਲੈਂਸ ਜਾਣ-ਬੁੱਝ ਕੇ ਪੱਕੇ ਤੌਰ

ਤੇ ਨਹੀਂ ਲਿਖੇ ਜਾਂਦੇ ਤੇ ਨਾ ਹੀ ਆਡੀਟਰ ਵੱਲੋਂ ਚੈੱਕ ਕੀਤੇ ਜਾਂਦੇ ਹਨ ਤਾਂ ਜੋ ਇਹ ਬਕਾਇਆ ਪਬਲੀਕੇਸ਼ਨ ਵਿਭਾਗ ਦੇ ਕਰਮਚਾਰੀਆਂ ਦੇ ਹਿਸਾਬ ਨਾਲ ਕਦੇ ਵੀ ਬਦਲਿਆ ਜਾ ਸਕੇ।

ਮਿਤੀ 18/08/2015 ਨੂੰ ਵਾਸਤਵਿਕ ਤਸਦੀਕ ਦੇ ਮੁਤਾਬਿਕ ਮੁੱਢਲਾ ਬਕਾਇਆ ਲੈ ਕੇ 20/05/2020 ਤੱਕ ਸਹੀ ਬਕਾਇਆ ਕੱਢਣਾ ਅਜੇ ਬਾਕੀ ਹੈ।ਪੜਤਾਲ ਕਮਿਸ਼ਨ ਸਮੇਂ ਦੀ ਘਾਟ ਕਾਰਨ ਇਹ ਬਕਾਇਆ ਨਹੀ ਕੱਢ ਸਕਿਆ।

ਪੜਤਾਲ ਕਮਿਸ਼ਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਉਹ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦੇਣ ਕਿ ਪਬਲੀਕੇਸ਼ਨ ਵਿਭਾਗ ਵੱਲੋਂ ਡੁੱਚਾਂ ਤੋਂ ਠੀਕ ਪੋਸਟਿੰਗ ਕਰਕੇ ਮਿਤੀ 20/05/2020 ਨੂੰ ਸਹੀ ਬਕਾਇਆ ਕੱਢਿਆ ਜਾਵੇ ਅਤੇ ਸਟਾਕ ਦੀ ਵਾਸਤਵਿਕ ਤਸਦੀਕ (ਫਿਜੀਕਲ ਵੈਰੀਫਿਕੇਸ਼ਨ) ਦੀ ਮਿਤੀ 18/08/2015 ਤੋਂ ਸਟਾਕ ਦਾ ਮੌਜੂਦਾ ਬੈਂਲੇਂਸ ਚੁੱਕ ਕੇ ਅੱਗੇ ਲਿਜਾਇਆ ਜਾਵੇ।ਮਿਤੀ 19/05/2016 ਨੂੰ ਹੋਏ ਪਾਵਨ ਸਰੂਪਾਂ ਦੇ ਨੁਕਸਾਨ ਨੂੰ ਆਕਾਰ ਵਾਈਜ ਰਾਈਟ ਆਫ ਕੀਤਾ ਜਾਵੇ।ਮਿਤੀ 19/05/2016 ਨੂੰ ਲੈਜ਼ਰ ਵਿੱਚ ਰਾਈਟ ਆੱਫ ਦੀ ਐਂਟਰੀ ਰਿਕਾਰਡ ਕੀਤੀ ਜਾਵੇ।ਉਸ ਤੋਂ ਉਪਰੰਤ ਮਿਤੀ 20/05/2020 ਨੂੰ ਘਾਟੇ-ਵਾਧੇ ਦਾ ਆਕਾਰ ਵਾਈਜ ਵੇਰਵਾ ਕੱਢਕੇ ਬਕਾਇਆ ਕੱਢਿਆ ਜਾਵੇ।ਮਿਤੀ 21/05/2020 ਨੂੰ ਚਾਰਜ ਦੇਣ ਵੇਲੇ ਜੋ ਵਾਸਤਵਿਕ ਤਸਦੀਕ ਕੀਤੇ ਗਏ ਸਰੂਪ ਪਾਏ ਗਏ ਉਸ ਨੂੰ ਓਪਨਿੰਗ ਬਕਾਇਆ ਲਿਆ ਜਾਵੇ।ਜੋ 125 ਪਾਵਨ ਸਰੂਪ ਸ. ਕੁਲਵੰਤ ਸਿੰਘ, ਜਿਲਦਸਾਜ਼ ਕੋਲ ਤਿਆਰ ਪਏ ਹਨ ਉਹਨਾਂ ਨੂੰ ਅਧਿਕਾਰਿਤ ਤੌਰ ਤੇ ਰਿਕਾਰਡ ਵਿੱਚ ਲਿਆ ਜਾਵੇ।ਜੋ ਅਣ-ਅਧਿਕਾਰਿਤ 61 ਪਾਵਨ ਸਰੂਪ ਸ. ਗੁਰਬਚਨ ਸਿੰਘ ਨੇ ਬਣਵਾ ਕੇ ਸ. ਕੰਵਲਜੀਤ ਸਿੰਘ ਨੂੰ ਦਿੱਤੇ ਸੀ, ਦੀ ਪ੍ਰਵਾਨਗੀ ਦੇ ਕੇ ਰਿਕਾਰਡ ਵਿੱਚ ਦਰਜ ਕੀਤਾ ਜਾਵੇ।ਵਧੀਕ ਪਏ ਅੰਗਾਂ ਤੋਂ ਇੱਕ ਸਬ ਕਮੇਟੀ ਦੀ ਰਹਿਨੁਮਾਈ ਹੇਠ (ਜਿਲਦਾਸਾਜਾਂ ਤੋਂ ਲੈ ਕੇ) ਪਾਵਨ ਸਰੂਪ ਤਿਆਰ ਕੀਤੇ ਜਾਣ।ਪੁਰਾਣੇ ਵੇਲ ਵਾਲੇ ਜਿਲਦਸਾਜ਼ਾਂ ਕੋਲ ਪਏ ਵਧੀਕ ਅੰਗ ਰਿਕਾਰਡ ਵਿੱਚ ਲੈ ਕੇ ਯੋਗ ਕਾਰਵਾਈ ਕੀਤੀ ਜਾਵੇ।

ਪੜਤਾਲ ਕਮਿਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਗਬਨ ਦਾ ਮੁੱਖ ਦੋਸ਼ੀ ਚਾਰਟਰਡ ਅਕਾਊਂਟੈਂਟ ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਮੰਨਦਾ ਹੈ।ਜੇਕਰ ਉਸਨੇ ਸਟਾਕ ਲੈਜ਼ਰ ਸਾਲ 2010 ਵਿਚ ਕੰਪਿਊਟਰਾਈਜ਼ਡ ਕੀਤਾ ਹੁੰਦਾ ਤਾਂ ਇਹ ਘਟਨਾਵਾਂ ਨਹੀਂ ਵਾਪਰਨੀਆਂ ਸਨ।

## 9.6 ਕੀ ਉੱਚ ਅਧਿਕਾਰੀਆਂ ਵਲੋਂ ਸਰੂਪ ਵੰਡਣ ਦੇ ਜ਼ੁਬਾਨੀ ਜਾਂ ਲਿਖਤ ਆਦੇਸ਼ ਦਿੱਤੇ ਗਏ?

ਸ. ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੇ ਸਰੂਪ ਘੱਟ ਹੋਣ ਦਾ ਇੱਕ ਕਾਰਣ ਇਹ ਵੀ ਦੱਸਿਆ ਸੀ ਕਿ ਉਸਨੇ ਉੱਚ ਅਧਿਕਾਰੀਆਂ ਦੇ ਜ਼ੁਬਾਨੀ ਆਦੇਸ਼ਾਂ ਨੂੰ ਮੰਨਦੇ ਹੋਏ, ਸਰੂਪ ਵੰਡੇ ਸਨ।ਉਸਦੀ ਐਂਟਰੀ ਉਸਨੇ ਪੈਂਸਿੱਲ ਰਾਂਹੀ ਬਿਲ ਬੁੱਕਾਂ ਵਿੱਚ ਕੀਤੀ ਸੀ।ਮਿਤੀ 24/07/2020 ਨੂੰ ਪੁੱਛਗਿੱਛ ਦੌਰਾਨ ਉਸਨੇ ਕਿਹਾ ਕਿ ਜੇ ਉਸਨੂੰ ਇਹ ਰਿਕਾਰਡ ਪੇਸ਼ ਕਰ ਦਿੱਤੇ ਜਾਣ ਤਾਂ ਉਹ ਇਹ ਦੱਸ ਸਕੇਗਾ ਕਿ ਉੱਚ ਅਧਿਕਾਰੀਆਂ ਵਲੋਂ ਜੁਬਾਨੀ ਆਦੇਸ਼ ਰਾਹੀਂ ਉਸਨੇ ਕਦੋਂ-ਕਦੋਂ ਸਰੂਪ ਦਿੱਤੇ ਸਨ।ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਰਿਕਾਰਡ ਦੇਖਣ ਲਈ ਮਿਤੀ 26/07/2020 ਨੂੰ ਆਇਆ ਅਤੇ ਪੜਤਾਲ ਕਮਿਸ਼ਨ ਨੇ ਉਸਨੂੰ ਉਸਦੀ ਮੰਗ ਅਨੁਸਾਰ ਸਾਰਾ ਰਿਕਾਰਡ ਦਿਖਾਇਆ ਅਤੇ ਉਸਨੇ ਸਾਰੀਆਂ ਬਿਲ ਬੁੱਕਾਂ ਚੈੱਕ ਕੀਤੀਆਂ ਪਰ ਕੋਈ ਵੀ ਪੈਂਸਿਲ ਐਂਟਰੀ ਉਸਨੂੰ ਨਹੀਂ ਮਿਲੀ, ਜਿਸਦੇ ਅਧਾਰ ਤੇ ਉਹ ਕਿਸੇ ਅਧਿਕਾਰੀ ਜਾਂ ਕਰਮਚਾਰੀ ਦਾ ਨਾਮ ਦੱਸ ਸਕੇ ਕਿ ਸਰੂਪ ਕਿਸ ਅਧਿਕਾਰੀ ਜਾਂ ਕਰਮਚਾਰੀ ਨੂੰ ਜ਼ੁਬਾਨੀ ਆਦੇਸ਼ਾਂ ਤੇ ਦਿੱਤੇ ਗਏ।

ਮਿਤੀ 26/07/2020 ਨੂੰ ਉਸਨੇ ਇਕ ਹੋਰ ਬਿਆਨ ਦਿੱਤਾ ਕਿ ਘਾਟ ਲੈਜ਼ਰ ਦੀ ਗਲਤ ਪੋਸਟਿੰਗ ਕਰਕੇ ਵੀ ਹੋ ਸਕਦੀ ਹੈ।ਉਸਨੂੰ ਪਿਛਲੇ ਪੰਜ ਸਾਲਾਂ ਦੇ ਲੈਜ਼ਰ ਜਾਂਚ ਕਮੇਟੀ ਵਲੋਂ ਉਸ ਸਮੇਂ ਉਪਲੱਬਧ ਕਰਾਈ ਗਈ ਅਤੇ ਸਹਾਇਤਾ ਲਈ ਸ. ਮਨਿੰਦਰ ਸਿੰਘ, ਕਲਰਕ ਅਤੇ ਸ੍ਰ.ਗੁਰਨਾਮ ਸਿੰਘ, ਇੰਚਾਰਜ ਜੀ ਦੀ ਡਿਊਟੀ ਲਗਾਈ ਗਈ ।ਤਕਰੀਬਨ 3:30 ਵਜੇ ਤੋਂ ਲੈਕੇ 5:30 ਵਜੇ ਮਿਤੀ 26/07/2020 ਤੱਕ ਉਸਨੇ ਲੈਜ਼ਰ ਚੈਕ ਕੀਤੇ ਪਰ ਉਸਨੂੰ ਕੋਈ ਗਲਤੀ ਨਹੀਂ ਮਿਲੀ।

ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਦਾ ਇੱਕ ਬਿਆਨ ਇਹ ਵੀ ਸੀ ਕਿ ਉਹ ਕੱਚੀ ਪੈਂਨਸਿਲ ਨਾਲ ਇੱਕ ਡਾਇਰੀ ਵਿੱਚ ਪਰਚੀਆਂ ਰੱਖਦਾ ਸੀ।ਜਿਸਤੋਂ ਇਹ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ ਕਿ ਉਸਨੇ ਕਿਸ-ਕਿਸ ਦੇ ਜੁਬਾਨੀ ਹੁਕਮ ਨਾਲ ਕਿੰਨੇ-ਕਿੰਨੇ ਪਾਵਨ ਸਰੂਪ ਵੰਡੇ।ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਾਰਵਾਈਜਰ ਨੇ ਮਿਤੀ 27/07/2020 ਨੂੰ ਬਿਆਨ ਦੇਣ ਤੋਂ ਪਹਿਲਾ ਇਹ ਬੇਨਤੀ ਕੀਤੀ ਕਿ ਬਿਆਨ ਦੇਣ ਦੇ ਸਮੇਂ ਆਪਣੇ ਰਿਸ਼ਤੇਦਾਰ ਸ੍ਰ.ਜਸਵੰਤ ਸਿੰਘ ਜੀ ਸੂਬੇਦਾਰ ਅਤੇ ਇੱਕ ਹੋਰ ਰਿਸਤੇਦਾਰ ਨੂੰ ਨਾਲ ਰੱਖਣਾ ਚਾਹੁੰਦਾ ਹੈ।ਪੜਤਾਲ ਕਮਿਸ਼ਨ ਨੇ ਉਸਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ।ਸ੍ਰ.ਜਸਵੰਤ

ਸਿੰਘ ਸੂਬੇਦਾਰ ਨੇ ਸ਼ੁਰੂ ਵਿੱਚ ਕਮਿਸ਼ਨ ਨੂੰ ਦੱਸਿਆ ਕਿ ਸ੍ਰ.ਕੰਵਲਜੀਤ ਸਿੰਘ ਦਬਾਅ ਵਿੱਚ ਹੈ ਅਤੇ ਪ੍ਰੇਸ਼ਾਨ ਰਹਿ ਰਿਹਾ ਹੈ।ਜੇਕਰ ਪੜਤਾਲ ਕਮਿਸ਼ਨ ਉੱਚ ਅਧਿਕਾਰੀਆਂ ਨੂੰ ਬੁਲਾ ਲਵੇ, ਜਿੰਨਾਂ ਦੇ ਉਹ ਨਾਮ ਲੈ ਰਿਹਾ ਹੈ ਕਿ ਉਸਨੇ ਪ੍ਰਚੀਆਂ ਦਿੱਤੀਆਂ ਹਨ ਤਾਂ ਮਾਮਲਾ ਸਾਫ਼ ਹੋ ਸਕਦਾ ਹੈ ਕਿ ਸੱਚਾ ਕੌਣ ਹੈ? ਪੜਤਾਲ ਕਮਿਸ਼ਨ ਨੇ ਉਸੇ ਸਮੇਂ ਡਾਇਰੀ ਅਤੇ ਪਰਚੀਆਂ ਦੀ ਜਾਣਕਾਰੀ ਲੈਣ ਲਈ ਸ. ਮਹਿੰਦਰ ਸਿੰਘ, ਨਿੱਜੀ ਸਕੱਤਰ ਪ੍ਰਧਾਨ ਸਾਹਿਬ, ਸ. ਪਰਤਾਪ ਸਿੰਘ ਐਡੀ: ਸਕੱਤਰ, ਸ. ਸੁਰਜੀਤ ਸਿੰਘ ਗੁ: ਇੰਸਪੈਕਟਰ, ਸ. ਸਰਬਜੀਤ ਸਿੰਘ ਗੁ: ਇੰਸਪੈਕਟਰ, ਸਿਮਰਨਜੀਤ ਸਿੰਘ ਸੁਪਰਵਾਈਜਰ ਫਲਾਇੰਗ ਨੂੰ ਬੁਲਾਇਆ ਗਿਆ।ਪਰ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਇਹ ਦੱਸਣ ਤੋਂ ਅਸਮਰਥ ਰਿਹਾ ਕਿ ਉਸਨੇ ਕਿਸ ਅਧਿਕਾਰੀ ਜਾਂ ਕਰਮਚਾਰੀ ਦੇ ਸਾਹਮਣੇ ਪਰਚੀਆਂ ਦਿੱਤੀਆਂ ਸਨ।ਸਾਰੇ ਅਧਿਕਾਰੀਆਂ ਨੇ ਇਹ ਬਿਆਨ ਦਿੱਤਾ ਕਿ ਸ. ਕੰਵਲਜੀਤ ਸਿੰਘ ਨੇ ਉਹਨਾਂ ਦੀ ਮੌਜੂਦਗੀ ਵਿਚ ਸ੍ਰ.ਮਹਿੰਦਰ ਸਿੰਘ ਆਹਲੀ, ਸਕੱਤਰ ਨੂੰ ਜਾਂ ਉਹਨਾਂ ਨੂੰ ਕੋਈ ਵੀ ਕਾਗਜਾਤ ਨਹੀਂ ਦਿੱਤਾ, ਜਿਸ ਤੋਂ ਇਹ ਜਾਣਕਾਰੀ ਪ੍ਰਾਪਤ ਹੋ ਸਕੇ ਕਿ ਕੱਚੀ ਪੈਂਸਿਲ ਰਾਹੀਂ ਨੋਟ ਕੀਤੀ ਪਰਚੀ ਉਸਨੇ ਕਿਸ ਕਰਮਚਾਰੀ ਜਾਂ ਅਧਿਕਾਰੀ ਨੂੰ ਦਿੱਤੀ।ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਬਿਲਕੁਲ ਚੁੱਪ ਰਿਹਾ, ਉਹਨਾਂ ਦੇ ਆਏ ਰਿਸਤੇਦਾਰ ਸ੍ਰ.ਜਸਵੰਤ ਸਿੰਘ ਸੂਬੇਦਾਰ ਨੇ ਵੀ ਉਸਨੂੰ ਬਹੁਤ ਵਾਰ ਬੇਨਤੀ ਕੀਤੀ ਕਿ ਹੁਣ ਮਾਮਲਾ ਸਾਫ ਕਰਨ ਲਈ ਤੈਨੂੰ ਦੱਸਣਾਂ ਬਹੁਤ ਜਰੂਰੀ ਹੈ ਕਿ ਪ੍ਰਚੀਆਂ ਕਿਸ ਅਧਿਕਾਰੀ ਨੇ ਖੋਹੀਆਂ ਜਾਂ ਤੇਰੇ ਤੋਂ ਲਈਆਂ।ਪਰ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਕੋਈ ਵੀ ਨਾਮ ਲੈਣ ਤੋਂ ਅਸਮਰੱਥ ਰਿਹਾ।ਜਦਕਿ ਪੜਤਾਲ ਕਮਿਸ਼ਨ ਨੇ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਦੇ ਕਹਿਣ ਤੇ ਸਾਰੇ ਉਸ ਅਧਿਕਾਰੀਆਂ ਨੂੰ ਜਿਸਦਾ-ਜਿਸਦਾ ਉਸਨੇ ਨਾਮ ਲਿਆ ਉਹਨਾਂ ਨੂੰ ਉਸ ਦੇ ਸਾਹਮਣੇ ਲਿਆਂਦਾ ਗਿਆ ਪਰ ਉਹਨਾਂ ਦੇ ਨਾਮ ਲੈਣ ਤੋਂ ਸਾਫ ਮੁਨਕਰ ਹੋ ਗਿਆ।ਅਧਿਕਾਰੀਆਂ ਦੇ ਬਿਆਨ ਲੈਣ ਤੋਂ ਬਾਅਦ ਸ੍ਰ.ਜਸਵੰਤ ਸਿੰਘ ਸੂਬੇਦਾਰ ਨੇ ਪੜਤਾਲ ਕਮਿਸ਼ਨ ਦਾ ਧੰਨਵਾਦ ਵੀ ਕੀਤਾ ਅਤੇ ਹੱਥ ਜੋੜ ਕੇ ਮਾਫੀ ਮੰਗੀ ਕਿ ਅਸੀਂ ਗਲਤ ਬੰਦੇ ਦਾ ਸਾਥ ਦਿੱਤਾ।

ਉਪਰੋਕਤ ਤੋ ਸਪੱਸ਼ਟ ਹੈ ਕਿ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਤੇ ਕੋਈ ਕਿਸੇ ਕਿਸਮ ਦਾ ਕੱਚੀਆ ਪ੍ਰਚੀਆਂ ਦੇਣ ਦਾ ਦਬਾਅ ਨਹੀਂ ਪਾਇਆ ਗਿਆ ਅਤੇ ਨਾਂ ਹੀ ਲਈਆਂ ਗਈਆਂ।

## 9.7 ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਮਿਤੀ 19/05/2016 ਦੀ ਅਗਨ ਭੇਂਟ ਦੀ ਘਟਨਾ ਵਿੱਚ ਕਿੰਨੇ ਸਰੂਪ ਅਗਨ ਭੇਂਟ ਹੋਏ?

ਪੰਜਾਬ ਹਿਊਮਨ ਰਾਈਟਸ ਓਰਗਨਾਈਜ਼ੇਸ਼ਨ ਵਲੋਂ ਮਿਤੀ 26/06/2020 ਨੂੰ ਪ੍ਰਾਪਤ ਹੋਈ ਸ਼ਿਕਾਇਤ ਜਿਸਦੇ ਹਸਤਾਖਿਰੀ ਸ੍ਰ.ਸਰਬਜੀਤ ਸਿੰਘ ਵੇਰਕਾ ਹਨ, ਉਸਤੋਂ ਇਹ ਵੀ ਪਤਾ ਲੱਗਾ ਕਿ 18/19 ਮਈ 2016 ਦੀ ਰਾਤ ਨੂੰ ਗੁ: ਸ੍ਰੀ ਰਾਮਸਰ ਸਾਹਿਬ ਪਬਲੀਕੇਸ਼ਨ ਵਿਭਾਗ ਵਿੱਚ ਸ਼ਾਰਟ ਸਰਕਟ ਨਾਲ ਅੱਗ ਲੱਗੀ ਸੀ।(ਅਨੁਲੱਗ ਨੰਬਰ 04 ਨੱਥੀ ਹੈ)।

ਮਿਤੀ 19/05/2016 ਦੀ ਅਗਨ ਘਟਨਾ ਦਾ ਜ਼ਿਕਰ ਬਹੁਤ ਹੀ ਮਹੱਵਪੂਰਨ ਹੈ ਕਿਉਂਕਿ ਪਤੜਾਲ ਕਮੀਸ਼ਨ ਦੀ ਪੜਤਾਲ ਦੌਰਾਨ ਇਹ ਦੇਖਣ ਵਿਚ ਆਇਆ ਕਿ ਨੁਕਸਾਨੇ ਗਏ ਪਾਵਨ ਸਰੂਪ ਜੋ ਗੋਇੰਦਵਾਲ ਸਾਹਿਬ ਅਗਨ ਭੇਂਟ ਲਈ ਭੇਜੇ ਗਏ ਸਨ, ਉਹਨਾਂ ਨੂੰ ਸਾਲ 2015-2016 ਦੀ ਲੈਜ਼ਰ ਵਿਚ ਰਾਈਟ ਆਫ ਨਹੀਂ ਕੀਤਾ ਗਿਆ ਸੀ।ਉਪਰੋਕਤ ਸ਼ਿਕਾਇਤ ਅਨੁਸਾਰ ਜਦ ਇਸ ਘਟਨਾ ਦਾ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਤਾਂ ਹੇਠ ਲਿਖੇ ਕੁਝ ਅਹਿਮ ਪ੍ਰਸ਼ਨ ਸਾਹਮਣੇ ਆਏ:

ੳ) ਮਿਤੀ 19/05/2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਬਲੀਕੇਸ਼ਨ ਵਿਭਾਗ ਵਿੱਚ ਅੱਗ ਕਦੋਂ ਤੇ ਕਿਵੇਂ ਲੱਗੀ?

ਅ) ਉਸ ਘਟਨਾ ਵਿਚ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ ਅਤੇ ਉਹਨਾਂ ਦੇ ਲੜੀ ਨੰਬਰ ਕੀ ਸਨ 'ਤੇ ਕੀ ਇਹਨਾਂ ਪਾਵਨ ਸਰੂਪਾਂ ਨੂੰ ਲੈਜ਼ਰਾਂ ਵਿਚ ਦਰਜ਼ ਕੀਤਾ ਗਿਆ?

ੲ) ਮੌਕੇ ਤੇ ਬਣਾਈ ਸਬ-ਕਮੇਟੀ ਨੇ ਕੀ ਨਤੀਜਾ ਦਿੱਤਾ?

ਸ) ਕੀ ਗੁ: ਸ੍ਰੀ ਰਾਮਸਰ ਸਾਹਿਬ ਪਬਲੀਕੇਸ਼ਨ ਵਿਭਾਗ ਵਿੱਚ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਸਨ ਜਾਂ ਨਹੀਂ?

ਹ) ਕੀ ਮਿਤੀ 19/05/2016 ਦੀ ਘਟਨਾ ਕਾਰਨ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਪਸ਼ਚਾਤਾਪ ਕੀਤਾ ਗਿਆ?

**ਉਪਰੋਕਤ ਪ੍ਰਸ਼ਨਾਂ ਦੇ ਹੱਲ ਲੱਭਣ ਲਈ ਪੜਤਾਲ ਕਮਿਸ਼ਨ ਨੇ ਹੇਠ ਲਿਖੇ ਉਪਰਾਲੇ ਕੀਤੇ:**

1. ਨਿਮਨਲਿਖਤ ਉੱਚ ਅਧਿਕਾਰੀ, ਕਰਮਚਾਰੀ ਅਤੇ ਗ੍ਰੰਥੀ ਸਿੰਘਾਂ ਦੇ ਲਿਖਤ ਬਿਆਨ ਲਏ ਗਏ:

- ਸ੍ਰ.ਰਜਿੰਦਰ ਸਿੰਘ ਮਹਿਤਾ (ਸੀਨੀਅਰ ਮੀਤ ਪ੍ਰਧਾਨ),
- ਸ੍ਰ.ਸੁਖਦੇਵ ਸਿੰਘ ਭੌਰ, (ਸਾਬਕਾ ਜਨਰਲ ਸਕੱਤਰ)
- ਸ੍ਰ. ਹਰਚਰਨ ਸਿੰਘ (ਸਾਬਕਾ ਮੁੱਖ-ਸਕੱਤਰ ਐਸ.ਜੀ.ਪੀ.ਸੀ.),
- ਸ੍ਰ.ਰੂਪ ਸਿੰਘ (ਮੁੱਖ-ਸਕੱਤਰ ਐਸ.ਜੀ.ਪੀ.ਸੀ.)
- ਸ੍ਰ. ਮਨਜੀਤ ਸਿੰਘ (ਸਕੱਤਰ ਧਰਮ ਪ੍ਰਚਾਰ ਕਮੇਟੀ),
- ਸ੍ਰ.ਸਕੱਤਰ ਸਿੰਘ, (ਮੀਤ ਸਕੱਤਰ, ਐਸ.ਜੀ.ਪੀ.ਸੀ.)
- ਸ੍ਰ.ਸੁਖਦੇਵ ਸਿੰਘ ਭੂਰਾ, (ਐਡੀਸ਼ਨਲ ਸਕੱਤਰ)
- ਸ੍ਰ.ਪਰਮਜੀਤ ਸਿੰਘ, (ਐਡੀਸ਼ਨਲ ਸਕੱਤਰ)
- ਸ੍ਰ.ਪਰਮਦੀਪ ਸਿੰਘ (ਇੰਚਾਰਜ)
- ਸ੍ਰ.ਕੁਲਦੀਪ ਸਿੰਘ ਰੋਡੇ (ਫਲਾਇੰਗ ਇੰਚਾਰਜ)
- ਸ੍ਰ.ਸਿਮਰਨਜੀਤ ਸਿੰਘ (ਫਲਾਇੰਗ ਇੰਸਪੈਕਟਰ)
- ਸ੍ਰ.ਜਰਨੈਲ ਸਿੰਘ (ਫਲਾਇੰਗ ਇੰਸਪੈਕਟਰ)
- ਸ੍ਰ.ਤੇਜਿੰਦਰ ਸਿੰਘ (ਗ੍ਰੰਥੀ)
- ਸ੍ਰ.ਬਲਬੀਰ ਸਿੰਘ (ਗ੍ਰੰਥੀ)
- ਸ੍ਰ.ਹੀਰਾ ਸਿੰਘ (ਗ੍ਰੰਥੀ)
- ਸ੍ਰ.ਸਕੱਤਰ ਸਿੰਘ (ਗ੍ਰੰਥੀ)
- ਸ੍ਰ.ਜਗਤਾਰ ਸਿੰਘ (ਗ੍ਰੰਥੀ)
- ਸ੍ਰ.ਜਰਨੈਲ ਸਿੰਘ (ਡਰਾਇਵਰ)
- ਸ੍ਰ.ਗਗਨਜੋਤ ਸਿੰਘ (ਸ਼ਰਧਾਲੂ)
- ਸ੍ਰ.ਅਮਰੀਕ ਸਿੰਘ (ਐਸ.ਐੱਚ.ਓ.)

2. ਪਾਵਨ ਸਰੂਪਾਂ ਦੀ ਸਟਾਕ ਲੈਜ਼ਰ ਵਿਚ ਮਿਤੀ 19/05/2016 ਤੋਂ ਮਿਤੀ 31/05/2020 ਤੱਕ ਦੇ ਇੰਦਰਾਜ, ਬਿੱਲ ਬੁੱਕਸ, ਡੁੱਚਾਂ, ਗ੍ਰੰਥੀ ਸਿੰਘ ਦੇ ਦਰਸ਼ਨ ਵਿਚਾਰ ਦੀਆਂ ਡਾਇਰੀਆਂ ਅਤੇ ਠੇਕੇਦਾਰ ਜਿਲਦਸਾਜਾਂ ਦੇ ਦਰਜ ਕਰਾਏ ਪਾਵਨ ਸਰੂਪ ਦੇ ਨੰਬਰ, ਚੈਕ ਕੀਤੇ ਗਏ।
3. ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਅੰਗੀਠਾ ਸਾਹਿਬ ਜਿੱਥੇ ਪਾਵਨ ਸਰੂਪ ਅਗਨ ਭੇਂਟ ਕੀਤੇ ਜਾਂਦੇ ਹਨ, ਉਹਨਾਂ ਦੇ ਮੁੱਖ ਪ੍ਰਬੰਧਕ ਸ੍ਰ. ਅਮਰਜੀਤ ਸਿੰਘ ਦੀ ਪੁੱਛ-ਪੜਤਾਲ ਅਤੇ ਰਜਿਸਟਰ ਚੈੱਕ ਕੀਤੇ।
4. ਸ੍ਰ.ਕੰਵਲਜੀਤ ਸਿੰਘ ਨੂੰ ਵਾਰ-ਵਾਰ ਆਖੀਰ ਤੱਕ ਸੱਦਿਆ ਗਿਆ ਕਿ ਉਹ ਪੜਤਾਲ ਕਮਿਸ਼ਨ ਨੂੰ ਅਗਨ ਭੇਂਟ ਹੋਏ ਸਰੂਪਾਂ ਦੀ ਸਹੀ ਗਿਣਤੀ ਤੇ ਉਹਨਾਂ ਦੇ ਲੜੀ ਨੰਬਰ ਦੱਸੇ, ਕਿਉਂਕਿ ਉਹ ਹੀ ਉਸ ਸਮੇਂ ਦਾ ਜਿੰਮੇਵਾਰ ਸਬੰਧਿਤ ਕਲਰਕ ਗੁਰਮਤਿ ਲਿਟਰੇਚਰ ਅਤੇ ਸਹਾਇਕ ਸੁਪਰਵਾਈਜ਼ਰ ਸੀ।

## ੳ) ਮਿਤੀ 19/05/2016 ਨੂੰ ਗੁ: ਸ੍ਰੀ ਰਾਮਸਰ ਸਾਹਿਬ ਪਬਲੀਕੇਸ਼ਨ ਵਿਭਾਗ ਵਿੱਚ ਅੱਗ ਕਦੋਂ ਤੇ ਕਿਵੇਂ ਲੱਗੀ?

1. ਸ੍ਰ. ਕੰਵਲਜੀਤ ਸਿੰਘ ਸਾਬਕਾ ਸੀ.ਜੀ.ਐਲ ਨੇ ਕਮਿਸ਼ਨਰ ਪੁਲਿਸ ਨੂੰ ਮਿਤੀ 28/06/2020 ਨੂੰ ਲਿਖੀ ਸ਼ਿਕਾਇਤ ਵਿੱਚ ਲਿਖਿਆ ਹੈ ਕਿ ਮਿਤੀ 18/05/2016 ਰਾਤ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁ: ਸ੍ਰੀ ਰਾਮਸਰ ਸਾਹਿਬ ਵਿਚ ਅੱਗ ਲੱਗਣ ਬਾਰੇ ਉਸ ਨੂੰ ਮਿਤੀ 19/05/2016 ਨੂੰ ਦੱਸਿਆ ਗਿਆ ਸੀ ਅਤੇ ਉਹ ਸਵੇਰੇ ਕਰੀਬ 8:30 ਵਜੇ ਮੌਕੇ ਤੇ ਪਹੁੰਚਿਆ ਸੀ।
2. ਸ੍ਰ. ਹਰਚਰਨ ਸਿੰਘ, ਸਾਬਕਾ ਮੁੱਖ ਸਕੱਤਰ ਦੇ ਬਿਆਨ ਅਨੁਸਾਰ ਉਹਨਾਂ ਨੂੰ ਦੱਸਿਆ ਗਿਆ ਕਿ ਅੱਗ ਲੱਗਣ ਦਾ ਕਾਰਨ, ਏ.ਸੀ. ਵਿਚ ਹੋਇਆ ਸ਼ਾੱਰਟ ਸਰਕਟ ਸੀ।
3. ਸ੍ਰ. ਮਨਜੀਤ ਸਿੰਘ, ਸਕੱਤਰ ਨੇ ਅੱਗ ਲੱਗਣ ਦਾ ਕਾਰਨ ਏ.ਸੀ ਦਾ ਸ਼ਾੱਰਟ ਸਰਕਟ ਹੋਣਾ ਦੱਸਿਆ।
4. ਸ੍ਰ. ਰਾਜਿੰਦਰ ਸਿੰਘ ਮਹਿਤਾ, ਨੇ ਮਿਤੀ 19/05/2016 ਦੀ ਘਟਨਾ ਬਾਰੇ ਦੱਸਿਆ ਕਿ ਉਹਨਾਂ ਨੂੰ ਸਿਰਫ ਇਹ ਪਤਾ ਲੱਗਿਆ ਕਿ ਏ.ਸੀ ਦੇ ਸ਼ਾੱਰਟ ਸਰਕਟ ਨਾਲ ਇਹ ਘਟਨਾ ਵਾਪਰੀ ਸੀ।
5. ਸ੍ਰ. ਸੁਖਦੇਵ ਸਿੰਘ ਭੌਰ ਨੇ ਬਿਆਨ ਦਿੱਤਾ ਕਿ ਘਟਨਾ ਸਵੇਰ ਦੀ ਵਾਪਰੀ ਹੋਈ ਸੀ, ਪਰ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੇ ਉਹਨਾਂ ਨੂੰ ਫੋਨ ਨਹੀਂ ਕੀਤਾ ਅਤੇ ਇਹ ਤਕਰੀਬਨ 12 ਵਜੇ

ਦੁਪਹਿਰ ਮੌਕਾ ਦੇਖਣ ਲਈ ਪ੍ਰਧਾਨ ਸਾਹਿਬ ਅਤੇ ਬਾਕੀ ਸਾਰੇ ਉੱਚ ਅਧਿਕਾਰੀਆਂ ਨਾਲ ਘਟਨਾ ਸਥਾਨ ਤੇ ਪਹੁੰਚੇ।ਉਹਨਾਂ ਨੂੰ ਮੁੱਖ ਸਕੱਤਰ ਸਾਹਿਬ ਨੇ ਜਾਣਕਾਰੀ ਦਿੱਤੀ ਕਿ 5 ਪਾਵਨ ਸਰੂਪ ਸ਼ਾੱਰਟ ਸਰਕਟ ਨਾਲ ਨੁਕਸਾਨੇ ਗਏ ਸਨ।

6. ਸ੍ਰ. ਪਰਮਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਮੁੱਖ ਸਕੱਤਰ ਸਾਹਿਬ ਨੇ ਜਾਣਕਾਰੀ ਦਿੱਤੀ ਕਿ 5 ਪਾਵਨ ਸਰੂਪ ਸ਼ਾੱਰਟ ਸਰਕਟ ਨਾਲ ਨੁਕਸਾਨੇ ਗਏ ਸਨ।

7. ਸ੍ਰ. ਸਕੱਤਰ ਸਿੰਘ ਨੇ ਦੱਸਿਆ ਕਿ ਮਿਤੀ 19/05/2016 ਨੂੰ ਡਾ. ਰੂਪ ਸਿੰਘ ਜੀ ਦੀ ਇਤਲਾਹ ਦੇਣ ‘ਤੇ ਉਹ ਸਵੇਰੇ ਘਟਨਾ ਅਸਥਾਨ ਤੇ ਤਕਰੀਬਨ 7:15 ਪਹੁੰਚੇ ਤੇ ਏ.ਸੀ ਦੇ ਨਾਲ ਵਾਲਾ ਪਲੰਘ ਅੱਗ ਨਾਲ ਨੁਕਸਾਨਿਆ ਗਿਆ ਸੀ।

8. ਗ੍ਰੰਥੀ ਸ੍ਰ. ਹੀਰਾ ਸਿੰਘ ਨੇ ਬਿਆਨ ਦਿੱਤਾ ਕਿ ਮਿਤੀ 19/05/2016 ਨੂੰ ਕਰੀਬ 5-7 ਵਜੇ ਸਵੇਰੇ ਹਾਲ ਨੰਬਰ 3 ਵਿੱਚ ਏ.ਸੀ ਦੇ ਸ਼ਾੱਰਟ ਸਰਕਟ ਕਾਰਨ, ਪਰਦਿਆਂ ਨੂੰ, ਪਲੰਘ ਨੂੰ ਅਤੇ ਕੁੱਝ ਪਾਵਨ ਸਰੂਪਾਂ ਨੂੰ ਸੇਕ ਪਹੁੰਚਿਆ, ਇਹ ਉਹ ਹਾਲ ਹੈ, ਜਿੱਥੇ ਪਾਵਨ ਸਰੂਪ ਦਰਸ਼ਨ ਵਿਚਾਰ ਕਰਨ ਉਪਰੰਤ ਬਿਰਾਜਮਾਨ ਕੀਤੇ ਜਾਂਦੇ ਹਨ।

9. ਗ੍ਰੰਥੀ ਸ੍ਰ. ਸਕੱਤਰ ਸਿੰਘ ਦੇ ਦੱਸਣ ਅਨੁਸਾਰ ਮਿਤੀ 19/05/2016 ਦੀ ਘਟਨਾ ਉਹਨਾਂ ਦੇ ਅੱਖਾਂ ਸਾਹਮਣੇ ਵਾਪਰੀ, ਜੋ ਉਹਨਾਂ ਨੂੰ ਅੱਜ ਵੀ ਯਾਦ ਹੈ।ਪਰ ਉਹ ਘਟਨਾ ਦਾ ਸਮਾਂ ਠੀਕ ਨਹੀਂ ਦੱਸ ਪਾਏ ਕਿਉਂਕਿ ਸਮਾਂ ਬਹੁਤ ਹੋ ਚੁੱਕਿਆ ਹੈ ਇਸ ਲਈ ਉਹਨਾਂ ਨੂੰ ਚੇਤੇ ਨਹੀ।

10. ਸ੍ਰ. ਗਗਨਜੋਤ ਸਿੰਘ, ਜੋ ਕਿ ਚਸ਼ਮਦੀਦ ਗਵਾਹ ਹਨ, ਉਹਨਾਂ ਨੇ ਮਿਤੀ 19/05/2016 ਦੀ ਘਟਨਾ ਦਾ ਵਰਣਨ ਕਰਦਿਆਂ ਕਿਹਾ ਕਿ ਉਹ ਰੋਜ ਦੀ ਸੇਵਾ ਅਨੁਸਾਰ ਮਿਤੀ 19/05/2016 ਨੂੰ 4:30 ਵਜੇ ਤੋਂ ਉੱਥੇ ਮੌਜੂਦ ਸਨ।6:15 ਵਜੇ ਸਵੇਰੇ ਜਦੋਂ ਹੁਕਮਨਾਮਾ ਸਾਹਿਬ ਪੜ੍ਹੇ ਜਾ ਰਹੇ ਸਨ, ਇਕ ਪਟਾਕਾ ਰੂਪੀ ਅਵਾਜ਼ ਸੁਣਾਈ ਦੇਣ ਤੇ, ਅਤੇ ਸੰਗਤ ਦੇ ਦੱਸਣ ਅਨੁਸਾਰ ਗੁ: ਸ੍ਰੀ ਰਾਮਸਰ ਸਾਹਿਬ ਦੀ ਉਪਰਲੀ ਮੰਜ਼ਿਲ ਤੋਂ ਧੂੰਆਂ ਨਿਕਲਦਾ ਦੇਖਿਆ ਗਿਆ।ਇਹਨਾਂ ਦੇ ਨਾਲ ਇੱਕ ਸਰੀਰ ਜੋ ਸੰਗਤ ਵਿਚੋਂ ਸੇਵਾ ਕਰਨ ਆਇਆ ਹੋਇਆ ਪ੍ਰੇਮੀ ਸੀ, ਦੋਨਾਂ ਨੇ ਉੱਪਰਲੀ ਮੰਜ਼ਿਲ ਤੇ ਜਾ ਕੇ, ਹਾਲ ਨੰਬਰ 3 ਜਿਸ ਵਿਚੋਂ ਧੂੰਆਂ ਆਉਂਦਾ ਦਿਖਾਈ ਦੇ ਰਿਹਾ ਸੀ, ਜਿਸ ਦਾ ਮੁੱਖ ਦਰਵਾਜਾ ਲੱਕੜ ਦਾ ਸੀ, ਜੋ ਉਸ ਸਮੇਂ ਬੰਦ ਸੀ, ਨੂੰ ਧੱਕਾ ਮਾਰ ਕੇ ਤੋੜ ਦਿੱਤਾ ਅਤੇ ਇੱਕ ਅੰਦਰਲਾ ਦਰਵਾਜਾ ਜੋ ਐਲੂਮੀਨਿਅਮ ਅਤੇ ਸ਼ੀਸੇ ਦਾ ਬਣਿਆ ਹੋਇਆ ਸੀ। ਉਸਨੇ ਸ਼ੀਸ਼ੇ ਨੂੰ ਮੋਟੇ ਕੜੇ ਦੀ ਸਹਾਇਤਾ ਨਾਲ ਤੋੜ ਦਿੱਤਾ।ਇਸ ਨਾਲ ਸਾਰਾ ਧੂੰਆਂ ਪੌੜੀਆਂ

11. ਵਿੱਚੋਂ ਨਿਕਲ ਕੇ ਹੇਠਾਂ ਆਉਣ ਲੱਗ ਪਿਆ।ਧੂੰਏ ਦੀ ਰਫ਼ਤਾਰ ਜਿਆਦਾ ਹੋਣ ਕਰਕੇ ਅੰਦਰ ਜਾਣਾ ਅਸੰਭਵ ਸੀ ਅਤੇ ਕੁਝ ਹੀ ਪਲਾਂ ਵਿੱਚ ਫਾਇਰ ਬ੍ਰਿਗੇਡ ਦੇ ਉੱਥੇ ਪਹੁੰਚਣ ਤੋਂ ਬਾਅਦ ਅਤੇ ਅੱਗ ਤੇ ਕਾਬੂ ਪਾਉਣ ਤੋਂ ਬਾਅਦ, ਅੱਗ ਲੱਗਣ ਦਾ ਕਾਰਣ ਸ਼ਾੱਰਟ ਸਰਕਟ ਦੱਸਿਆ ਗਿਆ।ਇਸ ਬਿਆਨ ਤੋਂ ਪਤਾ ਲੱਗਦਾ ਹੈ ਕਿ ਅੱਗ ਤਕਰੀਬਨ 6:15 ਵਜੇ ਤੋਂ ਲੱਗ ਚੁੱਕੀ ਸੀ।

12. ਸ੍ਰ.ਅਮਰੀਕ ਸਿੰਘ (ਐਸ.ਐਚ.ਓ) ਨੇ ਆਪਣੇ ਤੌਰ ਤੇ ਫਾਇਰ ਬ੍ਰਿਗੇਡ ਨੂੰ ਪੱਤਰ ਨੰਬਰ 520-556 ਮਿਤੀ 19/05/2016, ਦਸਤਾਵੇਜ਼ ਤ/3-(ਦੇਖੋ ਬਿਆਨ ਬੁੱਕ ਭਾਗ 1, ਪੰਨਾ ਨੰ: 150) ਲਿਖ ਕੇ ਅੱਗ ਲੱਗਣ ਦਾ ਕਾਰਣ ਪੁੱਛਿਆ ਤਾਂ ਜੋ ਅਗਲੀ ਕਾਰਵਾਈ ਕੀਤੀ ਜਾ ਸਕੇ ਪਰ ਸ੍ਰ. ਪਰਮਦੀਪ ਸਿੰਘ ਸਪੁੱਤਰ ਕਾਕਾ ਸਿੰਘ, ਪਬਲੀਕੇਸ਼ਨ ਵਿਭਾਗ, ਤੋਂ ਉਹਨਾਂ ਨੂੰ ਇੱਕ ਚਿੱਠੀ ਪ੍ਰਾਪਤ ਹੋਈ ਹੈ (ਦੇਖੋ- ਬਿਆਨ ਬੁੱਕ, ਭਾਗ 01, ਪੰਨਾ ਨੰਬਰ 154) ਤੇ ਉਸਦੀ ਟਾਈਪਡ ਕਾਪੀ ਤ/5 (ਦੇਖੋ ਬਿਆਨ ਬੁੱਕ, ਭਾਗ 01, ਪੰਨਾ ਨੰਬਰ 155) ਤੇ ਨੱਥੀ ਹੈ।ਇਸ ਚਿੱਠੀ ਵਿੱਚ ਉਹਨਾਂ ਨੇ ਸਪਸ਼ਟ ਤੌਰ ਤੇ ਲਿਖਿਆ ਹੈ ਕਿ ਏ.ਸੀ ਦੀਆਂ ਤਾਰਾਂ ਗਰਮ ਹੋਣ ਕਾਰਣ ਬਿਜਲੀ ਦਾ ਸ਼ਾੱਰਟ ਸਰਕਟ ਹੋ ਕੇ ਚੰਗਿਆੜੇ ਨਿਕਲਣ ਕਾਰਣ ਅੱਗ ਦਾ ਰੂਪ ਧਾਰਨ ਕਰ ਲਿਆ।ਇਹ ਵਾਕਿਆ ਉਸ ਦਿਨ ਬਹੁਤ ਗਰਮੀ ਹੋਣ ਕਾਰਨ ਅਤੇ ਤਾਰਾਂ ਦਾ ਸ਼ਾੱਰਟ ਸ਼ਰਕਟ ਹੋਣ ਕਾਰਨ ਵਾਪਰਿਆ ਸੀ।ਜਿਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ ਹੈ, ਅਚਾਨਕ ਅਤੇ ਕੁਦਰਤੀ ਵਾਪਰਿਆ ਹੈ।ਇਸ ਚਿੱਠੀ ਵਿੱਚ ਇਹ ਵੀ ਲਿਖਿਆ ਹੈ ਕਿ ਇਸ ਸਬੰਧੀ ਪ੍ਰਧਾਨ, ਜਥੇਦਾਰ ਅਵਤਾਰ ਸਿੰਘ ਮੱਕੜ ਖੁਦ ਮੌਕਾ ਦੇਖਣ ਆਏ ਸੀ ‘ਤੇ ਉਹਨਾਂ ਨੇ ਘਟਨਾ ਸਥਲ ਦੀ ਆਪ ਮੌਕਾ-ਏ-ਵਾਰਦਾਤ ਦੀ ਕਾਰਵਾਈ ਕੀਤੀ ਸੀ।ਬਿਆਨ ਵਿਚ ਸ੍ਰ. ਅਮਰੀਕ ਸਿੰਘ ਨੇ ਦੱਸਿਆ ਕਿ ਸ੍ਰ. ਪਰਮਦੀਪ ਸਿੰਘ ਨੇ ਉਹਨਾਂ ਨੂੰ ਉਪਰੋਕਤ ਗੱਲ ਦੱਸਦਿਆਂ ਇਹ ਕਿਹਾ ਕਿ ਪ੍ਰਧਾਨ ਸਾਹਿਬ ਨੇ ਆਪ ਮੌਕਾ-ਏ- ਵਾਰਦਾਤ ਦੀ ਕਾਰਵਾਈ ਕੀਤੀ ਹੈ, ਇਸ ਲਈ ਤੁਹਾਡੀ ਕੋਈ ਲੋੜ ਨਹੀਂ।ਇਸ ਲਈ ਸ੍ਰ. ਅਮਰੀਕ ਸਿੰਘ ਨੇ ਦਸਤਾਵੇਜ਼ ਤ/3 ਦਾ ਜਵਾਬ ਲੈਣ ਲਈ ਜ਼ੋਰ ਨਹੀਂ ਪਾਇਆ।

13. ਸ੍ਰ. ਜਗਤਾਰ ਸਿੰਘ ਨੇ ਦੱਸਿਆ ਕਿ ਏ.ਸੀ ਦੇ ਨਾਲ ਵਾਲਾ ਪਲੰਘ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਸੀ।

ਉਪਰੋਕਤ ਬਿਆਨਾਂ ਅਨੁਸਾਰ ਘਟਨਾ ਵਾਪਰਨ ਦਾ ਸਮਾਂ ਮਿਤੀ 19/05/2016 ਨੂੰ ਤਕਰੀਬਨ ਸਵੇਰੇ 6:15 ਵਜੇ ਤੋਂ ਪਹਿਲਾਂ ਪਾਇਆ ਗਿਆ।ਅੱਗ ਲੱਗਣ ਦਾ ਕਾਰਨ ਏ.ਸੀ ਦੁਆਰਾ

ਸ਼ਾੱਰਟ ਸਰਕਟ ਨਾਲ ਹੋਇਆ ਦੱਸਿਆ ਮਿਲਦਾ ਹੈ।ਮੌਕਾ-ਏ-ਵਾਰਦਾਤ ਤੇ ਫੌਰੈਂਸਿਕ ਜਾਂਚ ਨਾ ਹੋਣ ਕਾਰਨ, ਹੋਰ ਕੋਈ ਅੱਗ ਲੱਗਣ ਦਾ ਠੋਸ ਸਬੂਤ ਨਹੀਂ ਮਿਲਿਆ।ਐਸ.ਐਚ.ਓ. ਸ੍ਰ.ਅਮਰੀਕ ਸਿੰਘ ਦੇ ਬਿਆਨ ਅਨੁਸਾਰ ਉਹਨਾਂ ਨੇ ਫਾਇਰ ਬ੍ਰਿਗੇਡ ਵਿਭਾਗ ਨੂੰ ਪੱਤਰ ਲਿਖ ਕੇ ਇਸ ਘਟਨਾ ਦਾ ਸਹੀ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਪਰ ਸ੍ਰ. ਪਰਮਦੀਪ ਸਿੰਘ, ਇੰਚਾਰਜ ਪਬਲੀਕੇਸ਼ਨ ਵਿਭਾਗ ਨੇ ਉਹਨਾਂ ਨੂੰ ਕਿਹਾ ਕਿ ਇਸ ਸਬੰਧੀ ਪ੍ਰਧਾਨ, ਜਥੇਦਾਰ ਅਵਤਾਰ ਸਿੰਘ ਮੱਕੜ ਖੁਦ ਮੌਕਾ ਦੇਖਣ ਆਏ ਸੀ ਤੇ ਉਹਨਾਂ ਨੇ ਘਟਨਾ ਸਥਲ ਦੀ ਆਪ ਮੌਕਾ-ਏ-ਵਾਰਦਾਤ ਦੀ ਕਾਰਵਾਈ ਕੀਤੀ ਹੈ, ਤੁਹਾਡੀ ਕੋਈ ਲੋੜ ਨਹੀਂ।ਇਸ ਲਈ ਉਹਨਾਂ ਨੇ (ਦੇਖੋ, ਬਿਆਨ ਕਰਤਾ- ਭਾਗ 1 ਪੰਨਾ ਨੰਬਰ 150) ਦਾ ਜਵਾਬ ਲੈਣ ਲਈ ਜ਼ੋਰ ਨਹੀਂ ਪਾਇਆ, ਜਿਸ ਕਾਰਣ ਫਾਇਰ ਬ੍ਰਿਗੇਡ ਵਿਭਾਗ ਤੋਂ ਵੀ ਕੋਈ ਸਪਸ਼ਟ ਰਿਪੋਰਟ ਨਹੀਂ ਪ੍ਰਾਪਤ ਹੋਈ।

**ਅ) ਮਿਤੀ 19/05/2016 ਦੀ ਘਟਨਾ ਵਿਚ ਕਿੰਨੇ ਪਾਵਨ ਸਰੂਪ ਨੁਕਸਾਨੇ ਗਏ ਅਤੇ ਉਹਨਾਂ ਦੇ ਲੜੀ ਨੰਬਰ ਕੀ ਸਨ?**

1. ਪੰਜਾਬ ਹਿਊਮਨ ਰਾਈਟਸ ਓਰਗਨਾਈਜ਼ੇਸ਼ਨ ਵਲੋਂ ਮਿਤੀ 26/06/2020 ਦੀ ਸ਼ਿਕਾਇਤ ਅਨੁਸਾਰ 80 ਤੋ ਵੱਧ ਪਾਵਨ ਸਰੂਪ ਅਗਨ ਭੇਂਟ ਅਤੇ ਪਾਣੀ ਦੀ ਵਾਛੜ ਨਾਲ ਗਿੱਲੇ ਹੋਣ ਕਰਕੇ ਸੰਸਕਾਰ ਕੀਤੇ ਗਏ ਸਨ।ਸ੍ਰ. ਸਰਬਜੀਤ ਸਿੰਘ ਵੇਰਕਾ ਨੂੰ ਜਦ ਪੁੱਛਿਆ ਗਿਆ ਕਿ ਉਹ ਮੰਨਦੇ ਹਨ ਕਿ ਨੁਕਸਾਨੇ ਪਾਵਨ ਸਰੂਪ ਗਿਣਤੀ ਵਿਚ 80 ਸਨ, ਤਾਂ ਉਹਨਾਂ ਕਿਹਾ ਕਿ ਸ੍ਰ. ਮਨਜੀਤ ਸਿੰਘ ਸਕੱਤਰ ਵੱਲੋਂ ਇਹ ਤਸਦੀਕ ਕੀਤਾ ਗਿਆ ਕਿ 4 ਪਲੰਘ ਸਾਹਿਬਾਨ ਨੁਕਸਾਨੇ ਗਏ ਸਨ, ਜਿਹਨਾਂ ਉੱਪਰ 20-20 ਪਾਵਨ ਸਰੂਪ ਦੋਵੇਂ ਪਲੰਘ ਸਾਹਿਬਾਨ ਤੇ ਸਨ।ਇਸ ਕਰਕੇ ਜੋ ਹੋਰ ਗਵਾਹਾਂ ਸਮੇਤ ਸ੍ਰ. ਕੰਵਲਜੀਤ ਸਿੰਘ ਵੱਲੋਂ ਦੱਸਿਆ ਗਿਆ ਸੀ ਉਹ ਮਿਤੀ 25/06/2020 ਨੂੰ ਤਸਦੀਕ ਕੀਤਾ ਗਿਆ।ਮੈਂ ਇਹਨਾਂ ਦੇ ਦੱਸਣ ਤੇ ਗਿਣਤੀ 80 ਮੰਨ ਰਿਹਾ ਹਾਂ।ਮੈਨੂੰ ਜਾਤੀ ਤੌਰ ਤੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਨਾ ਹੀ ਰਿਕਾਰਡ ਵਿੱਚ ਇਸ ਬਾਰੇ ਕੋਈ ਐਂਟਰੀ ਹੈ।ਮੈਂ ਇਸ ਤੋਂ ਇਲਾਵਾ ਸਿੱਧੇ ਤੌਰ ਤੇ ਚੀਫ ਗਾਰਡ ਇੰਸਪੈਕਟਰ ਅਤੇ ਫਲਾਇੰਗ ਡਿਪਾਰਟਮੈਂਟ ਅਤੇ ਟਰਾਂਸਪੋਰਟ ਡਿਪਾਰਟਮੇਂਟ ਪੁਲਿਸ ਤੋਂ ਵੀ ਜਾਣਕਾਰੀ ਇਕੱਠੀ ਕੀਤੀ ਪਰ ਉਹਨਾਂ ਦੀਆਂ ਗਿਣਤੀਆਂ ਵਿੱਚ ਫਰਕ ਸੀ।
2. ਸ੍ਰ. ਕੰਵਲਜੀਤ ਸਿੰਘ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਮਿਤੀ 19 ਮਈ 2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਬਲੀਕੇਸ਼ਨ ਵਿਭਾਗ ਵਿਚ ਹਾਲ ਨੰ: 3 ਵਿਚ ਜਿੱਥੇ ਮਹਾਰਾਜ ਦੇ ਸਰੂਪ ਬਿਰਾਜਮਾਨ ਸਨ, ਅੰਮ੍ਰਿਤ ਵੇਲੇ ਸ਼ਾਰਟ ਸਰਕਟ ਹੋਣ ਕਾਰਨ ਉਸ ਕਮਰੇ

ਦੇ ਏ.ਸੀ ਵਿੱਚ ਅੱਗ ਲੱਗ ਗਈ ਤੇ ਕੁਝ ਪਾਵਨ ਸਰੂਪ ਮੌਕੇ ਤੇ ਅਗਨ ਭੇਟ ਹੋਏ ਅਤੇ ਕੁਝ ਫਾਇਰ ਬ੍ਰਿਗੇਡ ਵੱਲੋਂ ਅੱਗ ਬੁਝਾਉਂਦਿਆਂ ਪਾਣੀ ਦੀਆਂ ਬਾਛੜਾਂ ਨਾਲ ਖਰਾਬ ਹੋ ਗਏ। ਇਹ ਲਗਭਗ 80 ਦੇ ਕਰੀਬ ਸਨ।

3. ਸਾਬਕਾ ਮੁੱਖ ਸਕੱਤਰ ਸ੍ਰ. ਹਰਚਰਨ ਸਿੰਘ ਨੇ ਬਿਆਨ ਕੀਤਾ ਕਿ ਉਹਨਾਂ ਨੂੰ ਦੱਸਿਆ ਗਿਆ ਕਿ ਅੱਗ ਲੱਗਣ ਦਾ ਕਾਰਣ, ਏ.ਸੀ ਵਿੱਚ ਹੋਇਆ ਸ਼ਾਰਟ ਸਰਕਟ ਸੀ ਅਤੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ 14 ਪਾਵਨ ਸਰੂਪ ਨੁਕਸਾਨੇ ਗਏ ਜਿਹਨਾਂ ਵਿੱਚੋ ਕੁੱਝ ਅਗਨ ਭੇਂਟ ਹੋ ਗਏ ਸਨ ਅਤੇ ਕੁੱਝ ਫਾਇਰ ਬ੍ਰਿਗੇਡ ਦੇ ਪਾਣੀ ਨਾਲ ਨੁਕਸਾਨੇ ਗਏ ਸਨ। ਜਦ ਉਹਨਾਂ ਨੂੰ ਪਾਵਨ ਸਰੂਪਾਂ ਦੇ ਲੜੀ ਨੰਬਰ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਉਹ ਇਸ ਦੀ ਜਾਣਕਾਰੀ ਨਹੀਂ ਰੱਖਦੇ।

4. ਡਾ.ਰੂਪ ਸਿੰਘ, ਮੁੱਖ ਸਕੱਤਰ ਨੇ ਆਪਣੇ ਬਿਆਨ (ਈ-ਮੇਲ ਰਾਂਹੀ) ਵਿੱਚ ਦੱਸਿਆ ਕਿ ਪ੍ਰਧਾਨ ਜੀ ਪਾਸੋਂ 5 ਪਾਵਨ ਸਰੂਪ ਅੱਗ ਨਾਲ ਅਤੇ 9 ਪਾਣੀ ਦੀਆਂ ਬੋਛਾੜਾਂ ਨਾਲ ਨੁਕਸਾਨੇ ਜਾਣ ਬਾਰੇ ਜਾਣਕਾਰੀ ਪ੍ਰੈੱਸ ਨੂੰ ਦਿੱਤੀ ਗਈ। ਡਾ. ਰੂਪ ਸਿੰਘ ਨੇ ਪਾਵਨ ਸਰੂਪਾਂ ਦਾ ਸੀਰੀਅਲ ਨੰਬਰ ਨਹੀਂ ਦੱਸ ਸਕੇ।

5. ਸ੍ਰ. ਰਜਿੰਦਰ ਸਿੰਘ ਮਹਿਤਾ, ਸੀਨੀ. ਵਾਇਸ ਪਰੈਜੀਡੈਂਟ ਨੇ ਬਿਆਨ ਕੀਤਾ ਕਿ ਉਸ ਘਟਨਾ ਬਾਰੇ ਉਹਨਾਂ ਨੂੰ ਸਿਰਫ ਇਹ ਪਤਾ ਲੱਗਿਆ ਹੈ ਕਿ ਏ.ਸੀ ਦੇ ਸ਼ੌਰਟ ਸਰਕਟ ਨਾਲ ਇਹ ਘਟਨਾ ਵਾਪਰੀ, ਜਿਸ ਵਿਚ 5 ਪਾਵਨ ਸਰੂਪ ਅਗਨ ਭੇਂਟ ਅਤੇ 9 ਪਾਵਨ ਸਰੂਪ ਪਾਣੀ ਨਾਲ ਨੁਕਸਾਨੇ ਗਏ ਅਤੇ ਜਿਨ੍ਹਾਂ ਪਾਵਨ ਸਰੂਪਾਂ ਦੀਆਂ ਜਿਲਦਾਂ ਖਰਾਬ ਹੋ ਗਈਆਂ ਸਨ, ਉਹਨਾਂ ਨੂੰ ਜਿਲਦਸਾਜ਼ਾਂ ਪਾਸੋ ਠੀਕ ਕਰਵਾ ਲਈਆਂ ਸਨ।

6. ਸ੍ਰ. ਮਨਜੀਤ ਸਿੰਘ, ਸਕੱਤਰ ਨੇ ਇਹ ਕਿਹਾ ਕਿ ਫਾਇਰ ਇੰਜਣ ਦੁਆਰਾ ਪਾਏ ਗਏ ਪਾਣੀ ਦੀ ਵਾਛੜ ਨਾਲ ਨੁਕਸਾਨੇ ਗਏ ਸਰੂਪ ਪ੍ਰਕਾਸ਼ ਕਰਨ ਯੋਗ ਨਹੀਂ ਸਨ। **ਉਹਨਾਂ ਨੇ ਇਹ ਸਪਸ਼ਟ ਤੌਰ ਤੇ ਦੱਸਿਆ ਕਿ ਪਾਣੀ ਦੀ ਵਾਛੜ੍ਹ ਕਾਰਣ ਪਾਵਨ ਸਰੂਪਾਂ ਤੋਂ ਅੰਗ ਵਖਰੇ ਹੋ ਗਏ ਸਨ, ਜਿਸਦੀ ਜਿਲਦਬੰਦੀ ਨਹੀਂ ਹੋ ਸਕਦੀ ਸੀ**, ਐਸੇ ਪਾਵਨ ਸਰੂਪ ਕਰੀਬ 9 ਸਨ। ਬਾਕੀ ਪਾਵਨ ਸਰੂਪ ਜਿੰਨਾ ਤੇ ਕੇਵਲ ਪਾਣੀ ਦੇ ਛਿੱਟੇ ਪਏ ਸਨ ਅਤੇ ਜਿਹੜੇ ਪਾਵਨ ਸਰੂਪ ਸੁੱਕੇ ਸਨ, ਉਹਨਾਂ ਪਾਵਨ ਸਰੂਪਾਂ ਨੂੰ, ਜਿੰਨਾ ਨੂੰ ਦੂਸਰੇ ਹਾਲ ਵਿੱਚ ਲਿਜਾਇਆ ਗਿਆ ਸੀ, ਉਹਨਾਂ ਦੀ ਗਿਣਤੀ ਬਾਰੇ ਉਹ ਕੁੱਝ ਨਹੀਂ ਦੱਸ ਸਕਦੇ। ਸ੍ਰ. ਮਨਜੀਤ ਸਿੰਘ ਜੀ ਨੇ ਇਸ ਗਿਣਤੀ ਬਾਰੇ ਕਿਸੇ ਹੋਰਾਂ ਕੋਲੋ ਵੀ ਨਹੀਂ ਪੁੱਛਿਆ ਕਿਉਂਕਿ ਉਹਨਾਂ ਦੀ ਪੋਸਟਿੰਗ ਚੰਡੀਗੜ੍ਹ ਸੀ।

7. ਸ੍ਰ. ਸਕੱਤਰ ਸਿੰਘ, ਮੀਤ ਸਕੱਤਰ ਅਨੁਸਾਰ ਏ.ਸੀ ਦੇ ਨਾਲ ਵਾਲਾ ਪਲੰਘ ਪੂਰਾ ਨੁਕਸਾਨਿਆ ਗਿਆ ਸੀ ਅਤੇ ਪਾਣੀ ਦੀ ਵਾਛੜ ਨਾਲ 35-40 ਪਾਵਨ ਸਰੂਪ ਨੁਕਸਾਨੇ ਗਏ ਸਨ। ਇਹਨਾਂ ਦੇ ਹਿਸਾਬ ਨਾਲ ਅਗਨੀ ਨਾਲ ਨੁਕਸਾਨੇ ਹੋਏ ਪਾਵਨ ਸਰੂਪਾਂ ਦੀ ਗਿਣਤੀ 4-5 ਹੀ ਸੀ।

8. ਸ੍ਰ. ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਜਦ ਉਹ ਉੱਥੇ ਪਹੁੰਚੇ ਤਾਂ ਨੁਕਸਾਨੇ ਹੋਏ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਹੋ ਚੁੱਕੀ ਸੀ। ਉਸ ਸਮੇਂ ਉੱਥੇ 2-3 ਪਲੰਘਾਂ ਉੱਤੇ ਪਾਵਨ ਸਰੂਪ ਚਿੱਟੇ ਰੁਮਾਲਿਆਂ ਵਿੱਚ ਲਪੇਟੇ ਹੋਏ ਸਨ। ਕਿਸੇ ਨੇ ਵੀ ਉਹਨਾਂ ਨੂੰ ਪਾਵਨ ਸਰੂਪਾਂ ਬਾਰੇ ਨਹੀਂ ਦੱਸਿਆ ਕਿ ਕਿੰਨੇ ਅੱਗ ਨਾਲ ਤੇ ਕਿੰਨੇ ਪਾਣੀ ਨਾਲ ਨੁਕਸਾਨੇ ਗਏ ਸਨ। ਉਹਨਾਂ ਕਿਹਾ ਕਿ ਕਿਸੇ ਨੇ ਵੀ ਉਹਨਾਂ ਨੂੰ ਨੁਕਸਾਨੇ ਗਏ ਸਰੂਪਾਂ ਦਾ ਵੇਰਵਾ ਨਹੀਂ ਦੱਸਿਆ ਪਰ ਵੇਰਵਾ ਸਟਾਕ ਰਜਿਸਟਰ ਵਿੱਚ ਹੋਣਾ ਚਾਹੀਦਾ ਹੈ।

9. ਸ੍ਰ. ਸੁਖਦੇਵ ਸਿੰਘ ਭੂਰਾ ਦੇ ਮੁਤਾਬਿਕ ਜੋ ਪਲੰਘ ਏ.ਸੀ. ਦੇ ਕੋਲ ਸੀ, ਉਸਦੇ ਕੁਝ ਸਰੂਪ ਅਗਨ ਭੇਂਟ ਹੋਏ ਸਨ ਅਤੇ ਕੁੱਝ ਪਾਣੀ ਨਾਲ ਭਿੱਜ ਚੁੱਕੇ ਸਨ ਜੋ ਗਿਣਤੀ ਵਿਚ 14 ਸਨ।

10. ਸ੍ਰ. ਪਰਮਜੀਤ ਸਿੰਘ ਦੇ ਬਿਆਨ ਅਨੁਸਾਰ ਇਕ ਡੇਢ ਪਲੰਘ ਸਾਹਿਬ ਜੋ ਅਗਨੀ ਨਾਲ ਨੁਕਸਾਨੇ ਗਏ ਸੀ, ਉਹ ਉੱਥੇ ਹੀ ਪਏ ਸਨ ਅਤੇ ਸਾਰੇ ਪਾਵਨ ਸਰੂਪ ਦੂਸਰੇ ਹਾਲ ਵਿਚ ਲਿਜਾ ਚੁੱਕੇ ਸਨ। ਉਹਨਾਂ ਮੁਤਾਬਿਕ ਉਹਨਾਂ ਦੇ ਆਉਂਣ ਤੋਂ ਪਹਿਲਾਂ, ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲਿਜਾ ਚੁੱਕੇ ਸਨ।

11. ਸ੍ਰ. ਪਰਮਦੀਪ ਸਿੰਘ ਨੇ ਬਿਆਨ ਕੀਤਾ ਕਿ ਇਹਨਾਂ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਪਾਣੀ ਨਾਲ ਅੱਗ ਬੁਝਾ ਚੁੱਕੇ ਸਨ। 5 ਸਰੂਪ ਜੋ 50% ਅੱਗ ਦੇ ਸੇਕ ਨਾਲ ਅਤੇ 9 ਸਰੂਪ ਜੋ ਪਾਣੀ ਨਾਲ ਗਿੱਲੇ ਹੋਏ, **ਅਧਿਕਾਰੀਆਂ ਨੇ ਇੱਕ ਪਾਸੇ ਕਰ ਦਿੱਤੇ ਸਨ ਅਤੇ ਬਾਕੀ ਸਭ ਪਾਵਨ ਸਰੂਪ ਠੀਕ ਸਨ, ਜਿਨ੍ਹਾਂ ਦੀ ਗਿਣਤੀ ਤਕਰੀਬਨ 25 ਸੀ।**

12. ਸ੍ਰ. ਬਲਬੀਰ ਸਿੰਘ ਗ੍ਰੰਥੀ ਨੇ ਬਿਆਨ ਕੀਤਾ ਕਿ ਉਹ ਮਿਤੀ 19/05/2016 ਨੂੰ ਡਿਊਟੀ ਤੇ ਹਾਜ਼ਰ ਸਨ, ਪਰ ਉਹਨਾਂ ਨੂੰ ਹਾਲ ਨੰਬਰ 3 ਵਿੱਚ ਨਹੀਂ ਜਾਣ ਦਿੱਤਾ ਗਿਆ। **ਉਹਨਾਂ ਦੱਸਿਆ ਜਿਹੜੇ ਸਰੂਪ ਉਹਨਾਂ ਨੇ ਦਰਸ਼ਨ ਵਿਚਾਰ ਕੀਤੇ, ਉਹ ਭਿੱਜੇ ਸਰੂਪ ਸਨ ਜਿਹਨਾਂ ਦੀਆਂ ਕੇਵਲ ਜਿਲਦਾਂ ਨੂੰ ਸੇਕ ਲੱਗਾ ਸੀ। ਦੁਪਹਿਰ 1:00 (ਇਕ) ਵਜੇ ਤੋਂ ਬਾਅਦ, ਜਦ ਸਾਰੇ ਪਾਵਨ ਸਰੂਪ ਦੂਜੇ ਕਮਰਿਆਂ ਵਿਚ ਲਿਜਾ ਚੁੱਕੇ ਸਨ, ਇਹਨਾਂ ਨੂੰ ਉੱਪਰ ਹਾਲ ਵਿਚ ਜਾਣ ਦਿੱਤਾ ਗਿਆ। ਇਹਨਾਂ ਨੇ ਬੱਸ ਵਿੱਚ ਪਾਵਨ ਸਰੂਪ ਰੱਖਣ ਦੀ ਸੇਵਾ ਨਹੀਂ ਕੀਤੀ ਅਤੇ**

**ਤਕਰੀਬਨ 4 ਦਰਮਿਆਨਾ ਆਕਾਰ ਦੇ ਪਾਵਨ ਸਰੂਪ ਚੈੱਕ ਕੀਤੇ। ਉਹਨਾਂ ਨੇ ਇਹ ਵੀ ਦੱਸਿਆ ਕਿ ਗਿੱਲੇ ਪਾਵਨ ਸਰੂਪ ਬੱਸ ਵਿਚ ਨਹੀਂ ਲਿਜਾਏ ਗਏ। ਉਹਨਾਂ ਕਿਹਾ ਕਿ ਗਿੱਲਾ ਹੋ ਕੇ ਪਾਵਨ ਸਰੂਪ ਦਾ ਕਾਗਜ਼ ਫੁੱਲ ਜਾਂਦਾ ਹੈ। ਗਿੱਲੇ ਹੋਏ ਪਾਵਨ ਸਰੂਪਾਂ ਨੂੰ ਸੁਕਾ ਕੇ ਜਾਂ ਜਿਲਦਾਂ ਬਦਲ ਕੇ ਵੀ ਨਹੀਂ ਵਰਤਿਆ ਜਾ ਸਕਦਾ ਸੀ।** ਉਹਨਾਂ ਕਿਹਾ ਕਿ ਉਹ ਦਰਸ਼ਨ ਵਿਚਾਰ ਕੀਤੇ ਪਾਵਨ ਸਰੂਪਾਂ ਨੂੰ ਰੋਜ਼ ਆਪਣੀ ਡਾਇਰੀ ਵਿੱਚ ਦਰਜ ਕਰਦੇ ਹਨ। ਉਹਨਾਂ ਕਿਹਾ ਕਿ ਕੇਵਲ 1-2 ਪਲੰਘਾਂ ਨੂੰ ਹੀ ਸੇਕ ਲੱਗਿਆ ਹੋਇਆ ਸੀ ਅਤੇ ਸਿਰਫ਼ ਏ.ਸੀ ਵਾਲੀ ਕੰਧ ਹੀ ਕਾਲੀ ਹੋਈ ਸੀ। ਪਾਵਨ ਸਰੂਪਾਂ ਤੋਂ ਬਗੈਰ ਉੱਥੇ ਕੋਈ ਅਜਿਹੀ ਚੀਜ਼ ਨਹੀਂ ਸੀ ਜੋ ਕਿ ਸੜ ਚੁੱਕੀ ਹੋਵੇ। ਕਰੀਬ 6-7 ਗ੍ਰੰਥੀ ਸਿੰਘਾਂ ਨੇ ਦਰਸ਼ਨ ਵਿਚਾਰ ਕੀਤੇ। ਸੇਵਾ ਕਰਦਿਆਂ ਹੱਥਾਂ ਨੂੰ ਕਾਲਖ ਨਹੀਂ ਸੀ ਲਗਦੀ ਕਿਉਂਕਿ ਪੂਰਨ ਰੂਪ ਵਿਚ ਨੁਕਸਾਨੇ ਹੋਏ ਪਾਵਨ ਸਰੂਪ ਪਹਿਲਾਂ ਤੋਂ ਹੀ ਉੱਥੋਂ ਲਿਜਾਏ ਜਾ ਚੁੱਕੇ ਸਨ। ਸ੍ਰ. ਬਲਬੀਰ ਸਿੰਘ ਮੁਤਾਬਿਕ, ਇੱਕ ਪਲੰਘ ਤੇ ਵੱਡੇ ਆਕਾਰ ਦੇ 14 ਅਤੇ ਦਰਮਿਆਨਾ ਆਕਾਰ ਦੇ 18 ਦੇ ਕਰੀਬ ਪਾਵਨ ਸਰੂਪ ਬਿਰਾਜਮਾਨ ਕੀਤੇ ਜਾ ਸਕਦੇ ਹਨ।

13. ਸ੍ਰ. ਹੀਰਾ ਸਿੰਘ ਗ੍ਰੰਥੀ ਦੇ ਬਿਆਨ ਅਨੁਸਾਰ ਉਹ ਗੁ: ਸ੍ਰੀ ਰਾਮਸਰ ਸਾਹਿਬ ਸਵੇਰੇ ਦਫਤਰੀ ਟਾਇਮ 9:15 ਵਜੇ ਪਹੁੰਚੇ। ਕੁਝ ਸਮਾਂ ਉਹਨਾਂ ਨੂੰ ਹਾਲ ਨੰਬਰ 3 ਵਿੱਚ ਜਾਣ ਨਹੀਂ ਦਿੱਤਾ ਗਿਆ, ਫੇਰ 9:30 ਵਜੇ ਉੱਪਰ ਜਾਣ ਤੇ ਉਹਨਾਂ ਨੇ ਦੇਖਿਆ ਕਿ ਹਾਲ ਨੰਬਰ 3 ਦੀ ਸਫਾਈ ਹੋ ਚੁੱਕੀ ਸੀ ਤੇ ਕੁਝ 10-12 ਪਾਵਨ ਸਰੂਪ ਸਨ ਜਿਹੜੇ ਪ੍ਰਕਾਸ਼ ਕਰਨ ਯੋਗ ਨਹੀਂ ਸਨ। ਇਹਨਾਂ ਪਾਵਨ ਸਰੂਪਾਂ ਦੇ ਭਿੱਜੇ ਰੁਮਾਲੇ ਉਤਾਰ ਕੇ ਪੀਹੜੇ ਸਾਹਿਬ ਤੇ ਬਿਰਾਜਮਾਨ ਕਰਕੇ ਦਰਸ਼ਨ ਕੀਤੇ ਅਤੇ ਸਾਫ ਰੁਮਾਲਿਆਂ ਵਿੱਚ ਸੰਭਾਲ ਦਿੱਤਾ। ਐਸਾ ਕੋਈ ਵੀ ਪਾਵਨ ਸਰੂਪ ਨਹੀਂ ਸੀ ਜਿਹੜਾ ਪੂਰੀ ਤਰ੍ਹਾਂ ਨਾਲ ਅਗਨ ਭੇਂਟ ਹੋ ਗਿਆ ਹੋਵੇ। **ਕਿਸੇ ਦੇ ਕਿਨਾਰਿਆਂ ਨੂੰ ਸੇਕ ਲੱਗਾ ਸੀ ਪਰ ਪਾਣੀ ਦਾ ਪ੍ਰਭਾਵ ਜਿਆਦਾ ਹੋਣ ਕਰਕੇ, ਇਹ ਪ੍ਰਕਾਸ਼ ਕਰਨ ਯੋਗ ਨਹੀਂ ਸਨ।** ਉਹਨਾਂ ਇਹ ਵੀ ਦੱਸਿਆ ਕਿ ਕਰੀਬ 20-22 ਸਿੰਘਾਂ ਦੀ ਸੇਵਾ ਲਗਾਈ ਸੀ, ਬੱਸ ਵਿਚ ਪਾਵਨ ਸਰੂਪ ਬਿਰਾਜਮਾਨ ਕਰਨ ਦੀ 'ਤੇ ਉਹਨਾਂ ਨੇ ਆਪ ਕੇਵਲ ਇੱਕ ਪਾਵਨ ਸਰੂਪ ਨੂੰ ਬੱਸ ਤਕ ਲੈ ਜਾਣ ਦੀ ਸੇਵਾ ਕੀਤੀ ਸੀ।

14. ਸ੍ਰ. ਗਗਨਜੋਤ ਸਿੰਘ ਜੋ ਕਿ ਚਸ਼ਮਦੀਦ ਗਵਾਹ ਹਨ, ਉਹਨਾਂ ਅਨੁਸਾਰ ਹਾਲ ਵਿੱਚ 8 ਤੋਂ 9 ਪਲੰਘ ਸਾਹਿਬ ਸੀ, ਜਿਹਨਾਂ ਵਿੱਚੋਂ 4 ਤੋਂ 5 ਪਲੰਘ ਸਾਹਿਬ ਪਾਣੀ ਦੀ ਬੋਛਾੜ ਨਾਲ ਨੁਕਸਾਨੇ ਗਏ ਸਨ, ਅਤੇ ਅਗਨੀ ਦੇ ਨਾਲ ਸਿਰਫ਼ ਇੱਕ ਹੀ ਪਲੰਘ ਸਾਹਿਬ ਨੁਕਸਾਨਿਆ ਗਿਆ

ਸੀ।ਜਦ ਉਹਨਾਂ ਨੂੰ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਅਨੁਸਾਰ ਇੱਕ ਪਲੰਘ ਤੇ 15 ਪਾਵਨ ਸਰੂਪ ਸਨ ਅਤੇ 5 ਪਲੰਘ ਨੁਕਸਾਨੇ ਗਏ, ਇਸ ਹਿਸਾਬ ਨਾਲ ਤਕਰੀਬਨ 75 ਪਾਵਨ ਸਰੂਪ ਨੁਕਸਾਨੇ ਗਏ ਸਨ।ਜਿਸ ਤਰ੍ਹਾਂ ਕਿ ਉਹਨਾਂ ਦੇ ਦੱਸਣ ਅਨੁਸਾਰ ਇੱਕ ਪਲੰਘ ਅਗਨੀ ਨਾਲ ਅਤੇ ਬਾਕੀ ਪਾਣੀ ਨਾਲ ਨੁਕਸਾਨੇ ਗਏ ਇਸ ਤਰਾਂ ਤਕਰੀਬਨ 15 ਪਾਵਨ ਸਰੂਪ ਅਗਨ ਨਾਲ ਅਤੇ 60 ਪਾਣੀ ਨਾਲ ਨੁਕਸਾਨੇ ਗਏ ਸਨ।ਪਰ ਜੇਕਰ ਇਕ ਪਲੰਘ ਸਾਹਿਬ ਤੇ 17-18 ਪਾਵਨ ਸਰੂਪ ਸਨ ਫਿਰ ਸਰੂਪਾਂ ਦੀ ਗਿਣਤੀ ਹੋਰ ਵਧੇਰੇ ਹੋਣੀ ਚਾਹੀਦੀ ਹੈ।ਉਹਨਾਂ ਦੱਸਿਆ ਕਿ ਕਿਉਂਕਿ ਪਾਵਨ ਸਰੂਪ ਰੁਮਾਲਿਆਂ ਵਿੱਚ ਸਨ, ਪਾਣੀ ਦੀ ਵਾਛੜ ਨੇ ਉਹਨਾਂ ਦੇ ਅੰਗ ਵੱਖਰੇ ਵੱਖਰੇ ਨਹੀਂ ਹੋਣ ਦਿੱਤੇ ਪਰ ਇਹ ਪਾਵਨ ਸਰੂਪ ਪ੍ਰਕਾਸ਼ ਕਰਨ ਯੋਗ ਨਹੀਂ ਸਨ।ਕਿਉਂਕਿ ਸ੍ਰ.ਗਗਨਜੋਤ ਸਿੰਘ ਜੀ ਨੇ ਖੁਦ ਸੇਵਾ ਮੌਕੇ ਤੇ ਕਰਵਾਈ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਪੂਰਾ ਪੂਰਾ ਇਲਮ ਹੈ ਕਿ ਪਾਵਨ ਸਰੂਪਾਂ ਦੀ ਗਿਣਤੀ 14 ਤਾਂ ਬਿਲਕੁਲ ਨਹੀਂ ਹੋ ਸਕਦੀ, ਜਿਸ ਤੇ ਉਹਨਾਂ ਕੋਲੋਂ ਦਸਤਖਤ ਲੈਣੇ ਚਾਹੇ, ਇਹ ਗਿਣਤੀ ਉਹਨਾਂ ਦੇ ਖਿਆਲ ਅਨੁਸਾਰ ਬਹੁਤ ਵੱਡੀ ਸੀ।

15. ਸ੍ਰ. ਅਮਰੀਕ ਸਿੰਘ ਐਸ.ਐਚ.ਓ. ਦੇ ਅੰਦਾਜ਼ੇ ਮੁਤਾਬਿਕ ਪਾਵਨ ਸਰੂਪ ਕੇਵਲ 5 ਨਹੀਂ ਸਨ ਅਤੇ ਨਾਂ ਹੀ 14 ਸਨ ਕਿਉਂਕਿ 13 ਤੋਂ 14 ਸਿੰਘ ਨੁਕਸਾਨੇ ਗਏ ਪਾਵਨ ਸਰੂਪ ਲੈ ਕੇ ਜਾ ਰਹੇ ਸਨ।ਉਹਨਾਂ ਕਿਹਾ ਕਿ ਉਹ ਸਹੀ ਗਿਣਤੀ ਤਾਂ ਨਹੀਂ ਦੱਸ ਸਕਦੇ ਪਰ ਅੰਦਾਜ਼ਨ 50-60 ਪਾਵਨ ਸਰੂਪ ਹੋ ਸਕਦੇ ਹਨ।

16. **ਫਾਇਰ ਬ੍ਰਿਗੇਡ ਰਿਪੋਰਟ:** ਸ੍ਰ. ਸਕੱਤਰ ਸਿੰਘ ਜੀ ਸਾਲ 2016 ਵਿਚ ਐਸ.ਜੀ.ਪੀ.ਸੀ ਵਿੱਚ ਬਤੌਰ ਗ੍ਰੰਥੀ ਸੇਵਾ ਨਿਭਾ ਰਹੇ ਸਨ।ਫਾਇਰ ਬ੍ਰਿਗੇਡ ਦੀ ਰਿਪੋਰਟ (ਦੇਖੋ-ਬਿਆਨ ਕਰਤਾ ਭਾਗ 1, ਪੰਨਾ ਨੰ: 161) ਉਹਨਾਂ ਨੂੰ ਦਿਖਾਈ ਗਈ ਕਿਉਂਕਿ ਰਿਪੋਰਟ ਤੇ ਉਹਨਾਂ ਦਾ ਨਾਮ ਦਰਜ ਸੀ।ਉਹਨਾਂ ਨੇ ਮੰਨਿਆ ਕਿ ਮਿਤੀ 19/05/2016 ਨੂੰ ਫਾਇਰ ਬ੍ਰਿਗੇਡ ਨੂੰ ਉਹਨਾਂ ਨੇ ਹੀ ਇਤਲਾਹ ਕੀਤੀ ਸੀ।ਰਿਪੋਰਟ ਵਿੱਚ ਬਿਰਧ ਪਾਵਨ ਸਰੂਪਾਂ ਦਾ ਜ਼ਿਕਰ ਹੈ ਇਸ ਲਈ ਉਹਨਾਂ ਨੂੰ ਉਸ ਬਾਰੇ ਸਪੱਸ਼ਟ ਪ੍ਰਸ਼ਨ ਕੀਤਾ ਗਿਆ ਜਿਸ ਤੇ ਸ੍ਰ. ਸਕੱਤਰ ਸਿੰਘ ਨੇ ਆਪਣੇ ਬਿਆਨ (ਦੇਖੋ-ਬਿਆਨ ਕਰਤਾ, ਭਾਗ 1, ਪੰਨਾ ਨੰ 158) ਵਿਚ ਜਵਾਬ ਦਿੰਦਿਆਂ ਕਿਹਾ, "ਜੋ ਰਿਪੋਰਟ ਵਿੱਚ ਪੁਰਾਣੇ ਸਰੂਪਾਂ ਦਾ ਜ਼ਿਕਰ ਹੈ, ਉਹਨਾਂ ਦੇ ਲਿਖਤ ਵਿੱਚ ਗਲਤੀ ਹੋ ਸਕਦੀ ਹੈ।ਪਰ ਉੱਥੇ ਨਵੇਂ ਸਰੂਪ ਤਿਆਰ ਕਰਕੇ ਰੱਖੇ ਜਾਂਦੇ ਹਨ।"

ਇਸ ਵਿੱਚ ਗੌਰ ਕਰਨਯੋਗ ਗੱਲ ਇਹ ਹੈ ਕਿ ਪਾਵਨ ਸਰੂਪ ਬਿਰਧ ਸਨ ਜਾਂ ਨਵੇਂ, ਇਸ ਬਾਰੇ ਫਾਇਰ ਬ੍ਰਿਗੇਡ ਨੂੰ ਅੰਦਾਜ਼ਾ ਨਹੀਂ ਹੋ ਸਕਦਾ।ਇਸ ਲਈ ਇਹ ਗਲਤੀ ਫਾਇਰ ਬ੍ਰਿਗੇਡ ਦੀ ਨਹੀਂ ਹੋ ਸਕਦੀ।ਉਹਨਾਂ ਵੱਲੋਂ ਉਹ ਹੀ ਦਰਜ ਕੀਤਾ ਹੋਵੇਗਾ ਜੋ ਸ੍ਰ.ਸਕੱਤਰ ਸਿੰਘ ਜੀ, ਜੋ ਕਿ ਐਸ.ਜੀ.ਪੀ.ਸੀ ਵਿੱਚ ਸੇਵਾ ਨਿਭਾ ਰਹੇ ਸਨ, ਨੇ ਦਰਜ ਕਰਵਾਇਆ ਹੋਵੇਗਾ।

17. ਸ੍ਰ. ਸਕੱਤਰ ਸਿੰਘ ਗ੍ਰੰਥੀ ਨੇ ਬਿਆਨ ਕੀਤਾ ਕਿ ਅੱਗ ਬੁਝਾਉਣ ਤੋਂ ਬਾਅਦ ਉਹਨਾਂ ਦੇ ਨਾਲ ਸ੍ਰ. ਗਗਨਜੋਤ ਸਿੰਘ ਅਤੇ ਹੋਰ ਸਿੰਘ ਫੇਰ ਉੱਪਰ ਹਾਲ ਵਿੱਚ ਆ ਗਏ ਤੇ ਸਫਾਈ ਅਤੇ ਸੇਵਾ ਸੰਭਾਲ ਕੀਤੀ।ਅੱਗ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਹੋ ਚੁੱਕੀ ਸੀ, ਉਹਨਾਂ ਨੇ ਕੇਵਲ ਪਾਣੀ ਨਾਲ ਨੁਕਸਾਨੇ ਪਾਵਨ ਸਰੂਪ, ਜਿਹਨਾਂ ਵਿੱਚੋਂ 4-5 ਪਾਵਨ ਸਰੂਪਾਂ ਦੀ ਸੰਭਾਲ ਉਹਨਾਂ ਨੇ ਆਪਣੇ ਹੱਥੀਂ ਕੀਤੀ ਸੀ।ਉਹਨਾਂ ਕਿਹਾ ਕਿ ਉਹਨਾਂ ਨੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਇਸ ਲਈ ਨਹੀਂ ਕੀਤੀ ਕਿਉਂਕਿ ਪਬਲੀਕੇਸ਼ਨ ਵਿਭਾਗ ਅਲੱਗ ਹੈ।

18. ਸ੍ਰ. ਜਗਤਾਰ ਸਿੰਘ, ਗ੍ਰੰਥੀ ਨੇ ਕਿਹਾ ਕਿ ਉਹਨਾਂ ਨੂੰ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ।

19. ਸ੍ਰ. ਜਰਨੈਲ ਸਿੰਘ ਡਰਾਈਵਰ, ਜੋ ਬੱਸ ਵਿਚ ਨੁਕਸਾਨੇ ਗਏ ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਲੈ ਕੇ ਗਏ ਸਨ, ਉਹਨਾਂ ਦੇ ਬਿਆਨ ਅਨੁਸਾਰ ਬੱਸ ਦੇ ਵਿੱਚ ਬਿਰਾਜਮਾਨ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਇਹ ਪਤਾ ਹੈ ਕਿ ਗੁ: ਸ੍ਰੀ ਰਾਮਸਰ ਸਾਹਿਬ ਵਿੱਚ ਕੋਈ ਸੰਗਤਾਂ ਦਾ ਇਕੱਠ ਸੀ ਜਾਂ ਕੋਈ ਟਾਸਕ ਫੋਰਸ ਉੱਥੇ ਲੱਗੀ ਸੀ।

20. ਸ੍ਰ. ਜਰਨੈਲ ਸਿੰਘ, ਗੁਰਦੁਆਰਾ ਇੰਸਪੈਕਟਰ ਜਿਸ ਨੇ ਸਾਲ 2020 ਵਿੱਚ ਮਿਤੀ 19/05/2016 ਦੀ ਘਟਨਾ ਦੀ ਪੜਤਾਲ ਕੀਤੀ ਸੀ।ਉਹਨਾ ਅਨੁਸਾਰ ਘਟਨਾ ਸਾਲ 2016 ਦੀ ਸੀ ਅਤੇ ਪੜਤਾਲ ਸਾਲ 2020 ਵਿੱਚ ਹੋ ਰਹੀ ਸੀ, ਇਸ ਕਾਰਨ ਪੜਤਾਲ ਦੌਰਾਨ ਘਟਨਾ ਕੋਈ ਸਹੀ ਢੰਗ ਨਾਲ ਦੱਸ ਨਹੀਂ ਪਾ ਰਿਹਾ ਸੀ।ਸ੍ਰ. ਕੰਵਲਜੀਤ ਸਿੰਘ ਦੇ ਅਨੁਸਾਰ ਉੱਥੇ 4 ਪਲੰਘ ਪਏ ਸਨ ਅਤੇ ਇਕ ਪਲੰਘ ਤੇ 20-21 ਪਾਵਨ ਸਰੂਪ ਬਿਰਾਜਮਾਨ ਹੋ ਸਕਦੇ ਸਨ, ਉਸ ਮੁਤਾਬਿਕ 80 ਪਾਵਨ ਸਰੂਪ ਨੁਕਸਾਨੇ ਗਏ ਸਨ।ਉਹਨਾਂ ਨੇ ਉਸ ਸਮੇਂ ਦੇ ਇੰਚਾਰਜ ਸ੍ਰ. ਪਰਮਦੀਪ ਸਿੰਘ, ਠੇਕੇਦਾਰ ਸ੍ਰ. ਕੁਲਵੰਤ ਸਿੰਘ ਅਤੇ ਤਕਰੀਬਨ ਸਾਰੇ ਗ੍ਰੰਥੀ ਸਿੰਘਾਂ ਨੂੰ ਪੁੱਛਿਆ।ਪਾਵਨ ਸਰੂਪਾਂ ਦੀ ਗਿਣਤੀ ਬਾਰੇ ਸਹੀ ਜਾਣਕਾਰੀ, ਪਬਲੀਕੇਸਨ ਵਿਭਾਗ ਦੇ ਕਿਸੇ

ਵੀ ਅਧਿਕਾਰੀ ਜਾਂ ਮੁਲਾਜ਼ਮ ਨੇ ਨਹੀਂ ਦਿੱਤੀ ਜਦਕਿ ਉਹ 19/05/2016 ਨੂੰ ਡਿਊਟੀ ਤੇ ਸਨ ਅਤੇ ਸ੍ਰ.ਸਿਮਰਨਜੀਤ ਸਿੰਘ ਵੱਲੋਂ ਪੇਸ਼ ਕੀਤੀ ਫਲਾਇੰਗ ਰਿਪੋਰਟ ਵਿਚ ਕਿਤੇ ਵੀ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਨਤੀਜਾ ਨਹੀ ਕੱਢਿਆ ਗਿਆ।

ਪੜਤਾਲ ਕਮਿਸ਼ਨ ਨੇ ਸ੍ਰੀ ਗੋਇੰਦਵਾਲ ਸਾਹਿਬ ਦੇ ਰਜ਼ਿਸਟਰ ਚੈੱਕ ਕਰ ਕੇ, ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਦਾ ਪਤਾ ਲਗਾਉਣਾ ਚਾਹਿਆ।ਸ੍ਰੀ ਗੋਇੰਦਵਾਲ ਸਾਹਿਬ ਦੇ ਰਜ਼ਿਸਟਰ, ਉੱਥੋਂ ਦੇ ਸੇਵਾਦਾਰ ਸ੍ਰ. ਅਮਰਜੀਤ ਸਿੰਘ ਕੋਲੋਂ ਪੜਤਾਲ ਕਮਿਸ਼ਨ ਨੇ ਆਪ ਜਾ ਕੇ ਪ੍ਰਾਪਤ ਕੀਤੇ।ਰਜ਼ਿਸਟਰ ਚੈੱਕ ਕਰਨ ਤੇ ਦੇਖਿਆ ਗਿਆ ਕਿ ਰਜਿਸਟਰ ਇਤਰਾਜ-ਜਨਕ ਹਾਲਤ ਵਿੱਚ ਸੀ ਕਿਉਂਕਿ ਤਰੀਕ ਅਨੁਸਾਰ ਜਿਸ ਪੰਨੇ ਤੇ ਮਿਤੀ 19/05/2016 ਦਾ ਇੰਦਰਾਜ ਹੋਣਾ ਚਾਹੀਦਾ ਸੀ, ਉੱਥੋਂ ਕੁਝ ਪੰਨੇ ਕੱਢੇ ਜਾਪਦੇ ਹਨ।(ਅਨੁਲੱਗ ਨੰ: 20 ਨੱਥੀ ਹੈ) ਇਸ ਦਾ ਕਾਰਨ ਇਹ ਹੈ ਕਿ ਰਜਿਸਟਰ ਦੀ ਬਾਈਡਿੰਗ ਅਨੁਸਾਰ 3 ਪੰਨਿਆਂ ਦਾ ਦੂਸਰਾ ਭਾਗ ਰਜਿਸਟਰ ਦੇ ਪਿਛਲੇ ਪਾਸੇ ਮੌਜੂਦ ਸਨ ਪਰ ਅਗਲੇ ਪਾਸਿਓਂ ਇਹਨਾਂ ਪੰਨਿਆਂ ਦਾ ਅਗਲਾ ਭਾਗ ਨਹੀਂ ਸੀ।ਇਸ ਤਰ੍ਹਾਂ ਕੁਝ ਐਸੇ ਪੰਨੇ ਵੀ ਰਜਿਸਟਰ ਵਿਚ ਮੌਜੂਦ ਸਨ ਜਿਹਨਾਂ ਤੇ ਐਂਟਰੀਆਂ ਸਨ ਪਰ ਉਹ ਰਜਿਸਟਰ ਵਿਚੋਂ ਨਿਕਲੇ ਹੋਏ ਸਨ।ਪਰ ਰਜਿਸਟਰ ਤੇ ਹਰ ਪੰਨੇ ਤੇ ਲੜੀ ਨੰਬਰ ਮੌਜੂਦ ਸਨ ਤੇ ਲੜੀ ਨੰਬਰਾਂ ਦੇ ਹਿਸਾਬ ਨਾਲ ਪੰਨੇ ਪੂਰੇ ਸਨ।ਇਸ ਤੋਂ ਸਪੱਸ਼ਟ ਸੀ ਕਿ ਲੜੀ ਨੰਬਰ ਜੋ ਮੌਜੂਦ ਸਨ ਉਹ ਬਾਅਦ ਵਿਚ ਲਿਖੇ ਗਏ ਹਨ।ਰਜਿਸਟਰ ਚੈੱਕ ਕਰਨ ਤੇ ਮਿਤੀ 19-05-2016 ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੰਸਕਾਰ ਕਰਨ ਲਈ ਭੇਜੇ ਗਏ ਪਾਵਨ ਸਰੂਪਾਂ ਦੀ ਐਂਟਰੀ ਕਿਤੇ ਵੀ ਨਹੀਂ ਮਿਲੀ।ਇਸ ਨੂੰ ਸਾਬਿਤ ਕਰਨ ਲਈ ਪੜਤਾਲ ਕਮਿਸ਼ਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਸੇਵਾਦਾਰ ਸ੍ਰ: ਅਮਰਜੀਤ ਸਿੰਘ ਨੂੰ ਗਵਾਹੀ ਲਈ ਬੁਲਾਇਆ।

21. ਸ੍ਰ: ਅਮਰਜੀਤ ਸਿੰਘ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸ਼੍ਰੀ ਗੋਇੰਦਵਾਲ ਸਾਹਿਬ ਦੇ ਸੇਵਾਦਾਰ ਹਨ।ਉਹਨਾਂ ਨੇ ਰਿਪੋਰਟ (ਦਸਤਾਵੇਜ਼ ਨ/1 ਬਿਆਨ ਬੁੱਕ ਭਾਗ 1 ਪੰਨਾ ਨੰ:186) ਪੇਸ਼ ਕੀਤੀ।

19/05/2016 ਨੂੰ ਐਸ.ਜੀ.ਪੀ.ਸੀ ਦੇ ਅਧਿਕਾਰੀਆਂ ਨੇ ਸੰਤ ਬਾਬਾ ਨਰਿੰਦਰ ਸਿੰਘ ਜੀ ਨਾਲ ਬੰਦ ਕਮਰੇ ਵਿੱਚ ਮੀਟਿੰਗ ਕੀਤੀ।ਰਿਪੋਰਟ ਅਨੁਸਾਰ ਮਿਤੀ 19/05/2016 ਨੂੰ ਐਸ.ਜੀ.ਪੀ.ਸੀ ਦੇ ਅਧਿਕਾਰੀ ਅਤੇ ਮੁਲਾਜ਼ਿਮ 14 ਪਾਵਨ ਸਰੂਪ ਸ਼੍ਰੀ ਗੋਇੰਦਵਾਲ ਸਾਹਿਬ ਲੈ ਕੇ ਆਏ ਸਨ।ਕੁਝ ਭਾਈ ਸਾਹਿਬ ਨੂੰ ਮਿਲਣ ਚਲੇ ਗਏ ਤੇ ਬਾਕੀ ਬੱਸ ਵਿੱਚੋਂ ਸਰੂਪ ਉਤਾਰਨ ਦੀ ਸੇਵਾ ਵਿਚ ਲੱਗ ਪਏ।ਜਿਹੜੇ ਮੁਲਾਜ਼ਮ ਸਰੂਪ ਉਤਾਰਨ ਦੀ ਸੇਵਾ ਨਿਭਾ ਰਹੇ ਸਨ, ਉਹਨਾਂ ਨੂੰ ਜਦ

ਸਰੂਪਾਂ ਦੀ ਐਂਟਰੀ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਨੇ ਕਿਹਾ ਕਿ ਅਜੇ ਹੋਰ ਸਰੂਪਾਂ ਦੀ ਸੇਵਾ ਆਉਣੀ ਬਾਕੀ ਹੈ ਇਕੱਠੀ ਹੀ ਗਿਣਤੀ ਦੱਸ ਕੇ ਇੰਦਰਾਜ ਕਰਵਾ ਦੇਣਗੇ। ਕਿਉਂਕਿ ਇਹ ਸੇਵਾਦਾਰ ਪਹਿਲਾਂ ਵੀ ਸਰੂਪ ਲੈ ਕੇ ਆਉਂਦੇ ਸਨ, ਇਸ ਲਈ ਉਹਨਾਂ ਦੇ ਸੇਵਾਦਾਰਾਂ ਨੇ ਰਜਿਸਟਰ ਵਿੱਚ ਐਂਟਰੀ ਨਹੀਂ ਕੀਤੀ। ਮਿਤੀ 31/05/2016 ਨੂੰ ਦੁਬਾਰਾ ਐਸ.ਜੀ.ਪੀ.ਸੀ ਦੀ ਗੱਡੀ ਨੰ: ਪੀ.ਬੀ.02 ਬੀ.ਜੇ 9600, ਪਾਵਨ ਸਰੂਪ ਲੈ ਕੇ ਆਈ ਅਤੇ ਉਸ ਦਿਨ ਲਿਆਂਦੇ ਪਾਵਨ ਸਰੂਪਾਂ ਦਾ ਇੰਦਰਾਜ ਕਰਕੇ ਚਲੇ ਗਏ। ਸ਼੍ਰੀ ਗੋਇੰਦਵਾਲ ਸਾਹਿਬ ਦੇ ਸੇਵਾਦਾਰਾਂ ਨੇ ਸੋਚਿਆ ਕਿ ਮਿਤੀ 19/05/2016 ਨੂੰ ਲਿਆਂਦੇ ਪਾਵਨ ਸਰੂਪਾਂ ਦੀ ਟੋਟਲ ਗਿਣਤੀ ਕਰਕੇ ਐਂਟਰੀ ਕਰ ਦਿੱਤੀ ਗਈ।

ਪਰ ਅੱਜ ਤੱਕ ਸ੍ਰੀ ਗੋਇੰਦਵਾਲ ਸਾਹਿਬ ਦੇ ਰਜਿਸਟਰ ਵਿਚ ਇਹਨਾਂ ਪਾਵਨ ਸਰੂਪਾਂ ਦੀ ਐਂਟਰੀ ਨਹੀਂ ਹੈ।

22. ਸ੍ਰ.ਦਲਬੀਰ ਸਿੰਘ ਹੈਲਪਰ ਪਬਲੀਕੇਸ਼ਨ ਵਿਭਾਗ ਨੇ ਬਿਆਨ ਵਿਚ ਕਿਹਾ, "*ਜੋ ਬਿਰਧ ਸਰੂਪਾਂ ਦਾ ਰਜਿਸਟਰ ਜੋ ਕਿ ਭਾਈ ਸੁਖਦੇਵ ਸਿੰਘ ਕਲਰਕ ਜੋ ਕਿ ਸੇਵਾ ਮੁਕਤ ਹੋ ਚੁੱਕੇ ਹਨ, ਉਸ ਵੇਲੇ ਮੈਂ ਵੀ ਉਨਾਂ ਦੇ ਨਾਲ ਸੇਵਾ ਨਿਭਾ ਰਿਹਾ ਸੀ ।ਮੈਂ ਉਨਾਂ ਦਾ ਰਜਿਸਟਰ ਤੇ ਉਨਾਂ ਦੀ ਲਿਖਾਈ ਪਛਾਣਦਾ ਹਾਂ।*" ਉਹਨਾਂ ਨੂੰ ਉਸਦੇ ਬਿਰਧ ਪਾਵਨ ਸਰੂਪ ਦੇ ਰਜਿਸਟਰ ਵਿਚ 30/07/2016 ਨੂੰ ਬਿਰਧ ਪਾਵਨ ਸਰੂਪ ਜੋ ਗੋਇੰਦਵਾਲ ਸਾਹਿਬ ਭੇਜੇ ਗਏ, ਇਸ ਦੀ ਐਂਟਰੀ ਦਿਖਾਈ ਗਈ ਤੇ ਪੁੱਛਿਆ ਕਿ ਜੋ ਬਿਰਧ ਸਰੂਪ 31/05/2016 ਨੂੰ ਗੋਇੰਦਵਾਲ ਸਾਹਿਬ ਗਏ ਸਨ, ਉਸਦੀ ਐਂਟਰੀ ਕਿੱਥੇ ਹੈ ਤਾਂ ਉਹਨਾਂ ਕਿਹਾ ਕਿ ਇਨਾਂ ਦੇ ਰਜਿਸਟਰ ਵਿਚ 31-05-2016 ਦੀ ਐਂਟਰੀ ਨਹੀਂ ਕੀਤੀ ਹੋਈ ਹੈ।"

ਸ੍ਰੀ ਗੋਇੰਦਵਾਲ ਸਾਹਿਬ ਦੇ ਬਿਰਧ ਪਾਵਨ ਸਰੂਪ ਦੇ ਰਜਿਸਟਰ ਚੈਕ ਕਰਨ ਤੇ ਦੇਖਿਆ ਗਿਆ ਕਿ ਹੇਠ ਲਿਖੇ ਪਾਵਨ ਸਰੂਪਾਂ ਦੀਆਂ ਐਂਟਰੀਆਂ ਉਹਨਾਂ ਦੇ ਰਜਿਸਟਰ ਵਿਚ ਮੌਜੂਦ ਸਨ ਪਰ ਸ੍ਰ.ਦਲਬੀਰ ਸਿੰਘ ਕੋਲੋਂ ਮੰਗਵਾਏ ਗਏ ਬਿਰਧ ਪਾਵਨ ਸਰੂਪ ਦੇ ਰਜਿਸਟਰ ਕੇਵਲ 30/07/2016 ਦੀ ਐਂਟਰੀ ਹੈ।

| **ਤਰੀਕ** | **ਪਾਵਨ ਸਰੂਪਾਂ ਦੀ ਗਿਣਤੀ** |
|---|---|
| 31/05/2016 | 75 |
| 14/06/2016 | 96 |
| 15/07/2016 | 54 |
| 30/07/2016 | 67 |

ਪੜਤਾਲ ਕਮਿਸ਼ਨ ਉਪਰੋਕਤ ਬਿਆਨਾਂ ਦੇ ਅਧਾਰ ਤੇ ਇਸ ਨਤੀਜੇ ਤੇ ਪਹੁੰਚੀ ਕਿ ਪਾਵਨ ਸਰੂਪਾਂ ਦਾ ਜੋ ਨੁਕਸਾਨ ਹੋਇਆ ਹੈ, ਉਸ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।ਇਕ ਭਾਗ ਵਿਚ ਪਾਵਨ ਸਰੂਪ ਸੰਸਕਾਰ ਲਈ ਮਿਤੀ 19/05/2016 ਨੂੰ ਸ੍ਰੀ ਗੋਇੰਦਵਾਲ ਸਾਹਿਬ ਲਿਜਾਏ ਗਏ ਤੇ ਦੂਜੇ ਭਾਗ ਵਿਚ ਪਾਣੀ ਨਾਲ ਨੁਕਸਾਨੇ ਹੋਏ ਪਾਵਨ ਸਰੂਪ ਦਰੁੱਸਤ ਕੀਤੇ ਗਏ ਜਾਂ ਸ੍ਰੀ ਗੋਇੰਦਵਾਲ ਸਾਹਿਬ ਲਿਜਾਏ ਗਏ।ਸ੍ਰੀ ਗੋਇੰਦਵਾਲ ਸਾਹਿਬ ਦੇ ਰਜਿਸਟਰ ਦੇ ਪੰਨਿਆਂ ਨੂੰ ਫਾੜਨਾ, ਲੜੀ ਨੰਬਰ ਦਾ ਰਿਕਾਰਡ ਨਾ ਹੋਣਾ, ਰਾਈਟ ਆਫ ਕਰਾਉਣ ਲਈ ਉਪਰਾਲਾ ਨਾ ਕਰਨਾ, ਸ੍ਰ.ਅਮਰੀਕ ਸਿੰਘ ਦੇ ਬਿਆਨ ਅਨੁਸਾਰ ਕਿ 14 ਤੋਂ 15 ਸਿੰਘਾਂ ਦੀ ਡਿਊਟੀ ਲਗਾਈ ਗਈ ਸੀ ਤੇ ਪਾਵਨ ਸਰੂਪ 60-65 ਹੋਣਗੇ ਅਤੇ ਸ੍ਰ. ਹੀਰਾ ਸਿੰਘ ਦਾ ਬਿਆਨ ਕਿ ਬੱਸ ਵਿਚ ਸਰੂਪ ਬਿਰਾਜਮਾਨ ਕਰਨ ਦੀ 20-22 ਸਿੰਘਾਂ ਦੀ ਡਿਊਟੀ ਲਗਾਈ ਸੀ, ਇਹ ਗੱਲ ਸੰਕੇਤ ਕਰਦਾ ਹੈ ਕਿ ਇਹ ਗਿਣਤੀ 14 ਨਹੀਂ ਹੋ ਸਕਦੀ।ਪਰ ਇਸ ਸਮੇਂ ਜਦੋਂ ਸਾਰੇ ਰਿਕਾਰਡ ਮਿਟਾ ਦਿੱਤੇ ਹਨ, ਕਿਸੇ ਵੀ ਰਿਕਾਰਡ ਦੇ ਅਧਾਰ ਤੇ ਗਿਣਤੀ ਦਾ ਅੰਕ ਕੱਢਣਾ ਅਸੰਭਵ ਹੈ।ਦੂਜੇ ਭਾਗ ਵਿਚ 6-7 ਗ੍ਰੰਥੀ ਸਿੰਘਾਂ ਦੇ ਦਰਸ਼ਨ ਵਿਚਾਰ ਦੀ ਡਿਊਟੀ ਲਗਾਈ ਗਈ ਸੀ।ਉਪਰੋਕਤ ਬਿਆਨਾਂ ਤੋਂ ਲਗਦਾ ਹੈ ਕਿ ਜਿਹੜੇ ਪਾਵਨ ਸਰੂਪ ਇਹਨਾਂ ਨੇ 19/05/2016 ਨੂੰ ਚੈਕ ਕੀਤੇ ਉਹ ਸ੍ਰੀ ਗੋਇੰਦਵਾਲ ਸਾਹਿਬ ਲਿਜਾਣ ਤੋਂ ਬਾਅਦ ਚੈਕ ਕੀਤੇ।ਸ੍ਰ.ਬਲਬੀਰ ਸਿੰਘ ਦੇ ਬਿਆਨ ਅਨੁਸਾਰ ਜੋ ਕਿ ਸੱਚ ਦੇ ਨੇੜੇ ਜਾਪਦਾ ਹੈ ਕਿ ਤਕਰੀਬਨ 25-35 ਪਾਵਨ ਸਰੂਪ ਚੈਕ ਕੀਤੇ ਗਏ।ਉਹਨਾਂ ਅਨੁਸਾਰ ਪਾਣੀ ਨਾਲ ਗਿੱਲੇ ਪਾਵਨ ਸਰੂਪ ਸੁਕਾ ਕੇ ਵੀ ਵਰਤੇ ਨਹੀਂ ਜਾ ਸਕਦੇ।

ਸ੍ਰ.ਦਲਬੀਰ ਸਿੰਘ ਦੇ ਬਿਆਨ ਅਨੁਸਾਰ 31/05/2016 ਨੂੰ ਕੋਈ ਵੀ ਬਿਰਧ ਸਰੂਪ ਉਹਨਾਂ ਦੇ ਰਜਿਸਟਰ ਅਨੁਸਾਰ ਸ੍ਰੀ ਗੋਇੰਦਵਾਲ ਸਾਹਿਬ ਨਹੀਂ ਭੇਜਿਆ ਗਿਆ।ਭਾਵੇਂ ਸ੍ਰ.ਦਲਬੀਰ ਸਿੰਘ ਨੇ ਰਜਿਸਟਰ ਬਹੁਤ ਵਧੀਆ ਤਰੀਕੇ ਨਾਲ ਨਹੀਂ ਬਣਾਇਆ ਸੀ, ਪਰ ਪਬਲੀਕੇਸ਼ਨ ਵਿਭਾਗ ਕੋਲ ਕੋਈ ਹੋਰ ਐਸਾ ਰਿਕਾਰਡ ਨਹੀਂ ਸੀ ਕਿ ਜੋ ਪਾਵਨ ਸਰੂਪ ਗ੍ਰੰਥੀ ਸਿੰਘਾਂ ਵਲੋਂ ਚੈਕ ਕੀਤੇ ਗਏ ਉਹ ਦਰੁੱਸਤ ਕੀਤੇ ਗਏ ਜਾਂ ਨਹੀਂ, ਇਸ ਦਾ ਪਤਾ ਲੱਗ ਸਕੇ।ਐਸਾ ਜਾਪਦਾ ਹੈ ਕਿ ਜੋ 31/05/2016 ਨੂੰ ਪਾਵਨ ਸਰੂਪ ਸ੍ਰੀ ਗੋਇੰਦਵਾਲ ਸਾਹਿਬ ਭੇਜੇ ਗਏ ਉਹਨਾਂ ਵਿਚੋਂ ਬਹੁਤਾਤ ਪਾਵਨ ਸਰੂਪ 19/05/2016 ਨੂੰ ਪਾਣੀ ਨਾਲ ਨੁਕਸਾਨੇ ਹੋਏ ਪਾਵਨ ਸਰੂਪਾਂ ਵਿਚੋਂ ਹੋਣਗੇ।ਜੇਕਰ ਪਾਵਨ ਸਰੂਪਾਂ ਦੇ ਲੜੀ ਨੰਬਰ ਦਾ ਰਿਕਾਰਡ ਠੀਕ ਰੱਖਿਆ ਹੁੰਦਾ ਤਾਂ ਕਿੰਨੇ ਪਾਵਨ ਸਰੂਪ ਅਗਨ ਭੇਂਟ ਹੋਏ ਜਾਂ ਕਿੰਨੇ ਪਾਣੀ ਨਾਲ ਨੁਕਸਾਨੇ ਗਏ, ਇਸ ਦਾ ਸਹਿਜੇ ਹੀ ਆਂਕੜਾ ਕੱਢਿਆ

ਜਾ ਸਕਦਾ ਸੀ।ਜਿਸ ਲਈ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜ਼ਰ, ਸ੍ਰ. ਪਰਮਦੀਪ ਸਿੰਘ ਇੰਚਾਰਜ ਪਬਲੀਕੇਸ਼ਨ, ਸ੍ਰ.ਸਤਿੰਦਰ ਸਿੰਘ ਮੀਤ ਸਕੱਤਰ ਪਬਲੀਕੇਸ਼ਨ ਅਤੇ ਸ੍ਰ.ਹਰਚਰਨ ਸਿੰਘ ਮੁੱਖ ਸਕੱਤਰ ਜਿੰਮੇਵਾਰ ਸਨ ਤੇ ਪੜਤਾਲ ਕਮਿਸ਼ਨ ਉਹਨਾਂ ਨੂੰ ਇਸ ਗੱਲ ਲਈ ਦੋਸ਼ੀ ਮੰਨਦੀ ਹੈ।ਨਿਯਮਾਂ ਅਨੁਸਾਰ ਜੇਕਰ ਵਾਸਤਵਿਕ ਤਸਦੀਕ ਕੀਤੀ ਹੁੰਦੀ, ਤਾਂ ਵੀ ਗਿਣਤੀ ਦਾ ਪਤਾ ਲਗਾਇਆ ਜਾ ਸਕਦਾ ਸੀ।ਇਸ ਅਣਗਹਿਲੀ ਲਈ ਵੀ ਪੜਤਾਲ ਕਮਿਸ਼ਨ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜ਼ਰ, ਸ੍ਰ.ਪਰਮਦੀਪ ਸਿੰਘ ਇੰਚਾਰਜ, ਸ੍ਰ.ਸਤਿੰਦਰ ਸਿੰਘ ਮੀਤ ਸਕੱਤਰ ਨੂੰ ਜਿੰਮੇਵਾਰ ਸਮਝਦਾ ਹੈ ਤੇ ਦੋਸ਼ੀ ਮੰਨਦਾ ਹੈ।ਗਿਣਤੀ ਨੂੰ ਘਟਾ ਕੇ ਦੱਸਣ ਜਾਂ ਛੁਪਾਉਣ ਦਾ ਮਕਸਦ ਪੜਤਾਲ ਕਮਿਸ਼ਨ ਦੇ ਸਮਝ ਤੋਂ ਬਾਹਰ ਹੈ।ਜੇਕਰ ਸ੍ਰ.ਸਰਬਜੀਤ ਸਿੰਘ ਵੇਰਕਾ ਦੇ ਬਿਆਨ ਨੂੰ ਸੱਚ ਮੰਨੀਏ, ਕਿ ਇਸ ਤਰ੍ਹਾਂ ਕਰਨਾ ਰਾਜਨੀਤਿਕ ਮੰਤਵ ਸੀ ਤਾਂ ਵੀ ਇਹ ਠੀਕ ਨਹੀਂ ਜਾਪਦਾ ਕਿਉਂਕਿ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਪ੍ਰੈੱਸ ਵਿੱਚ ਇਹ ਬਿਆਨ ਦਿੱਤਾ ਸੀ ਕਿ 19-05-2016 ਨੂੰ ਸ਼ਾਰਟ ਸਰਕਟ ਨਾਲ 14 ਪਾਵਨ ਸਰੂਪ ਨੁਕਸਾਨੇ ਗਏ ਸੀ, ਜੋ ਕੁਦਰਤੀ ਸੀ।ਨੁਕਸਾਨ ਭਾਵੇਂ 14 ਪਾਵਨ ਸਰੂਪਾਂ ਦਾ ਹੋਇਆ ਹੋਵੇ ਜਾਂ 80 ਦਾ, ਸਿੱਖਾਂ ਦੇ ਹਿਰਦੇ ਨੂੰ ਬਰਾਬਰ ਦੀ ਠੇਸ ਪਹੁੰਚਾਉਂਦਾ ਹੈ।ਜਿੱਥੋਂ ਤੱਕ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜ਼ਰ ਤੋਂ ਭਰਪਾਈ ਕਰਨ ਦਾ ਮਸਲਾ ਹੈ ਪੜਤਾਲ ਕਮਿਸ਼ਨ ਸਿਫਾਰਸ਼ ਕਰਦਾ ਹੈ ਕਿ ਉਸ ਤੋਂ 80 ਪਾਵਨ ਸਰੂਪਾਂ ਦੀ ਭਰਪਾਈ ਸ਼ੱਕ ਦੇ ਅਧਾਰ ਤੇ ਨਾ ਕੀਤੀ ਜਾਵੇ।ਇਸ ਗੱਲ ਦਾ ਇਹ ਅੰਦਾਜ਼ਾ ਨਾ ਲਗਾਇਆ ਜਾਵੇ ਕਿ ਪੜਤਾਲ ਕਮਿਸ਼ਨ 80 ਦੇ ਆਂਕੜੇ ਨੂੰ ਸੱਚ ਮੰਨਦੀ ਹੈ।

## ੲ) ਮਿਤੀ 19/05/2016 ਨੂੰ ਮੌਕੇ ਤੇ ਬਣਾਈ ਅੰਤ੍ਰਿੰਗ ਕਮੇਟੀ ਨੇ ਕੀ ਨਤੀਜਾ ਦਿੱਤਾ?

ਮਿਤੀ 19/05/2016 ਵਾਲੀ ਘਟਨਾ ਦੁਬਾਰਾ ਨਾ ਵਾਪਰੇ, ਇਸ ਸਬੰਧੀ ਐਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਹੋਈ, ਜਿਸ ਵਿਚ ਮਤਾ ਨੰਬਰ 3777 (ਦੇਖੋ ਬਿਆਨ ਕਰਤਾ ਭਾਗ 3, ਪੰਨਾ ਨੰ 482) ਪਾਸ ਕੀਤਾ ਗਿਆ।ਇਸ ਮਤੇ ਅਨੁਸਾਰ ਪ੍ਰਧਾਨ ਸਾਹਿਬ ਦੇ ਆਦੇਸ਼ ਤੇ ਸ੍ਰ.ਰਘੂਜੀਤ ਸਿੰਘ ਸੀਨੀਅਰ ਮੀਤ ਸਕੱਤਰ, ਸ੍ਰ. ਕੇਵਲ ਸਿੰਘ ਜੂਨੀਅਰ ਮੀਤ ਪ੍ਰਧਾਨ, ਸ੍ਰ.ਸੁਖਦੇਵ ਸਿੰਘ ਜਰਨਲ ਸਕੱਤਰ, ਸ੍ਰ.ਰਜਿੰਦਰ ਸਿੰਘ ਮੈਂਬਰ ਅੰਤ੍ਰਿੰਗ ਕਮੇਟੀ ਅਤੇ ਡਾ.ਰੂਪ ਸਿੰਘ ਸਕੱਤਰ ਦੇ ਅਧਾਰਤ ਸਬ-ਕਮੇਟੀ ਬਣਾਈ ਗਈ ਤਾਂ ਜੋ ਅਜਿਹੀ ਘਟਨਾ ਨਾ ਵਾਪਰੇ ਇਸ ਸਬੰਧੀ ਵਿਚਾਰਾਂ ਕੀਤੀਆਂ ਜਾਣ।ਪੱਤ੍ਰਿਕਾ ਨੰ: 21279 (**ਅਨੁਲੱਗ ਨੰਬਰ 21**) ਰਾਹੀਂ ਪੰਜ ਮੈਂਬਰੀ ਸਬ-ਕਮੇਟੀ ਵੱਲੋਂ ਮੌਕੇ ਤੇ ਜਾ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਗਿਆ ਤੇ

ਕਾਰਵਾਈ ਵਜੋਂ 13 ਪੁਆਇੰਟ ਦੇ ਸੁਝਾਅ ਦਿੱਤੇ।ਇਸਦੀ ਰਿਪੋਰਟ (ਦੇਖੋ ਬਿਆਨ ਕਰਤਾ ਭਾਗ 3 ਪੰਨਾ ਨੰ 485) ਮਿਤੀ 26/05/2016 ਨੂੰ ਪੇਸ਼ ਕੀਤੀ ਗਈ ਜਿਸ ਵਿਚ ਸੁਝਾਅ ਵਜੋਂ ਇਹ 13 ਪੁਆਇੰਟ ਦਰਜ ਹਨ, ਜੋ ਹੇਠਾਂ ਹਵਾਲੇ ਲਈ ਦਰਸਾਏ ਗਏ ਹਨ:

- ਸਮੁੱਚੀ ਬਿਲਡਿੰਗ ਨੂੰ ਆਧੁਨਿਕ ਕਿਸਮ ਦੀ ਰੈਨੋਵੇਸ਼ਨ ਕਰਕੇ ਫਾਇਰ ਸੈਂਸਰ ਸਿਸਟਮ ਅਤੇ ਮਕੈਨੀਕਲ ਵੈਂਟੀਲੇਸ਼ਨ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਤੋਂ ਇਲਾਵਾ ਬਾਕੀ ਸਾਰਾ ਧਾਰਮਿਕ ਸਾਹਿਤ ਇਥੋਂ ਕਿਸੇ ਹੋਰ ਯੋਗ ਜਗ੍ਹਾ ਤੇ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕੰਮਲ ਤੌਰ 'ਤੇ ਤਿਆਰ ਹੋਏ ਪਾਵਨ ਸਰੂਪਾਂ ਦੀ ਸੰਭਾਲ ਲਈ ਵੱਖਰਾ ਪ੍ਰਬੰਧ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਪਾਵਨ ਸਰੂਪ ਵੀ ਇੱਥੋਂ ਕਿਸੇ ਹੋਰ ਯੋਗ ਜਗ੍ਹਾ ਤੇ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਆਧੁਨਿਕ ਸਹੂਲਤਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਭਾਈ ਚਤਰ ਸਿੰਘ ਜੀਵਨ ਸਿੰਘ ਅਤੇ ਨਕੋਦਰ ਤੋਂ ਪ੍ਰਾਪਤ ਪਾਵਨ ਸਰੂਪਾਂ ਵਿੱਚੋਂ ਇੱਕ-ਇੱਕ ਪਾਵਨ ਸਰੂਪ ਦੀ ਘੋਖ ਕਰਵਾ ਕੇ ਪ੍ਰਿੰਟਿੰਗ ਤਰੁੱਟੀਆਂ ਹੋਣ ਪੁਰ ਉਨ੍ਹਾਂ ਨੂੰ ਗੁ: ਬਾਉਲੀ ਸਾਹਿਬ, ਸ਼੍ਰੀ ਗੋਇੰਦਵਾਲ (ਤਰਨਤਾਰਨ) ਵਿਖੇ ਭੇਜਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਫਿਲਹਾਲ ਨਵੇਂ ਭਵਨ ਦੀ ਉਸਾਰੀ ਤੱਕ ਨਵੀਂ ਬਣੀ ਬਿਲਡਿੰਗ ਦੇ ਹਾਲਾਂ ਦੀ ਵਧੀਆ ਢੰਗ ਨਾਲ ਰੈਨੋਵੇਸ਼ਨ ਅਤੇ ਫਾਇਰ ਸੈਂਸਰ ਸਿਸਟਮ ਲਗਵਾ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁਸ਼ੋਭਿਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਸਕਿਉਰਟੀ ਸੇਵਾਦਾਰਾਂ ਦੀ ਡਿਊਟੀ ਅੱਠ-ਅੱਠ ਘੰਟੇ ਦੀ ਹੋਵੇ ਅਤੇ ਉਨ੍ਹਾਂ ਦੀ ਬਿਜਲੀ/ਪੱਖੇ ਆਦਿ ਬੰਦ ਕਰਨ/ਕਰਵਾਉਣ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਜਾਂਦੀ ਹੈ।

- ਬਾਇਡਿੰਗ ਵਿਭਾਗ ਅੰਦਰ ਦੇ ਹਲਾਤ ਬਾਰੇ ਇਸ ਨਾਲ ਸਬੰਧਿਤ ਸਾਰੇ ਵਿਭਾਗਾਂ ਤੋਂ ਲਿਖਤੀ ਸਪੱਸ਼ਟੀਕਰਨ ਮੰਗਿਆ ਜਾਵੇ।ਇਸ ਦੀ ਬਿਹਤਰੀ ਲਈ ਸੁਝਾਅ ਵੀ ਮੰਗੇ ਜਾਣ।

- ਬਿਲਡਿੰਗ ਦੀ ਰੈਨੋਵੇਸ਼ਨ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਆਰਕੀਟੈਕਟ ਸਲਾਹਕਾਰ ਰਾਹੀਂ ਪ੍ਰੋਜੈਕਟ ਰਿਪੋਰਟ ਤਿਆਰ ਕਰਵਾ ਕੇ ਮੀਤ ਸਕੱਤਰ (ਪ੍ਰੈੱਸ ਤੇ ਪਬਲੀਕੇਸ਼ਨ) ਦੀ ਨਿਗਰਾਨੀ ਹੇਠ ਇਮਾਰਤੀ ਵਿਭਾਗ, ਸ਼੍ਰੋਮਣੀ ਗੁ: ਪ੍ਰ: ਕਮੇਟੀ ਰਾਹੀ ਤੁਰੰਤ ਕਾਰਜ਼ ਸੁਰੂ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
- ਗੁ: ਰਾਮਸਰ ਦੀ ਸਮੁੱਚੀ ਬਿਲਡਿੰਗ ਦੀ ਸਫਾਈ ਲਈ 3 ਸਫਾਈ ਸੇਵਾਦਾਰ ਪੱਕੇ ਤੌਰ ਤੇ ਰੱਖੇ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
- ਮੀਤ ਸਕੱਤਰ ਪ੍ਰੈਸ/ਪਬਲੀਕੇਸ਼ਨ ਦਾ ਦਫਤਰ ਪਹਿਲਾਂ ਦੀ ਤਰ੍ਹਾਂ ਪਬਲੀਕੇਸ਼ਨ ਵਿਭਾਗ ਵਿਖੇ ਬਣਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
- ਇਸ ਸਮੁੱਚੇ ਕਾਰਜ਼ ਉੱਪਰ ਹੋਣ ਵਾਲੇ ਸਮੂਹ ਖਰਚਾ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਡਾ.ਰੂਪ ਸਿੰਘ ਨੂੰ ਜਦ ਪੁੱਛਿਆ ਗਿਆ ਕਿ ਇਸ ਘਟਨਾ ਤੋਂ ਬਾਅਦ ਉਹਨਾਂ ਵਲੋਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਿਹੜੇ ਅਹਿਮ ਕਦਮ ਚੁੱਕੇ ਗਏ ਤਾਂ ਉਹਨਾਂ ਕਿਹਾ ਕਿ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸ੍ਰ: ਹਰਚਰਨ ਸਿੰਘ ਜੀ ਬਤੌਰ ਮੁੱਖ ਸਕੱਤਰ ਸਨ ਜੋ ਕਿ ਸਤੰਬਰ 2017 ਤੀਕ ਸੇਵਾ ਨਿਭਾਉਂਦੇ ਰਹੇ ਅਤੇ ਉਹਨਾਂ ਦੇ ਅਧੀਨ ਸਾਰੇ ਸੇਵਾ ਨਿਭਾਉਂਦੇ ਸਨ।ਪ੍ਰਧਾਨ ਸਾਹਿਬ ਦੀ ਨੀਯਤ ਕੀਤੀ ਸਬ-ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਂਭ-ਸੰਭਾਲ ਲਈ ਵੱਖਰੀ ਇਮਾਰਤ ਤਿਆਰ ਕਰਨ, ਫਾਇਰ ਸਿਸਟਮ, ਸਮੋਕ ਸੈਂਸਰ, ਅਤੇ ਜਿਲਦ-ਬੰਦੀ ਲਈ ਨਵੀਨਤਮ ਤਕਨੀਕ ਅਪਣਾਉਣ ਦੀ ਸਿਫ਼ਾਰਿਸ ਕੀਤੀ ਸੀ ਜਿਸ ਪੁਰ ਅਮਲ ਕਰਨ/ਕਰਵਾਉਣ ਦੀ ਜ਼ਿੰਮੇਵਾਰੀ ਸਬੰਧਿਤ ਵਿਭਾਗਾਂ ਦੀ ਹੁੰਦੀ ਹੈ।ਇਸ ਬਾਬਤ ਹੋਈ ਕਾਰਵਾਈ ਦੀ ਜਾਣਕਾਰੀ ਦਫ਼ਤਰੀ ਫਾਈਲਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਡਾ. ਰੂਪ ਸਿੰਘ ਦਾ ਇਹ ਜਵਾਬ ਬਹੁਤ ਹੀ ਗੈਰ-ਜ਼ਿੰਮੇਵਾਰ ਹੈ।ਇੰਝ ਜਾਪਦਾ ਹੈ ਕਿ ਮੁੱਖ ਸਕੱਤਰ ਬਿਲਡਿੰਗਾਂ, ਸਿਰਫ ਫਾਈਲਾਂ ਵਿੱਚ ਹੀ ਬਣਾਉਂਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਭਾਲ ਲਈ ਮਤੇ ਵਿੱਚ ਪਾਸ ਹੋਏ ਕਾਰਜ ਜੋ ਕਿ ਮੁੱਖ ਸਕੱਤਰ ਦੇ ਪ੍ਰਬੰਧ ਅਧੀਂਨ ਹੋਣੇ ਸਨ, ਦੀ ਕਾਰਜਾਂ ਦੀ ਯੋਜਨਾ, ਬਜਟ ਐਸਟੀਮੇਟ, ਕਾਰਵਾਈ ਬਾਰੇ ਕੋਈ ਜਾਣਕਾਰੀ ਨਹੀਂ ਹੈ ਨਾ ਹੀ ਕਦੇ ਇਸ ਮਤੇ ਤੇ ਸੰਜ਼ੀਦਗੀ ਨਾਲ ਵਿਚਾਰ ਕੀਤਾ ਜਾਪਦਾ ਹੈ।

**ਸ) ਕੀ ਗੁ:ਰਾਮਸਰ ਪਬਲੀਕੇਸ਼ਨ ਵਿਭਾਗ ਵਿੱਚ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਸਨ ਜਾਂ ਨਹੀਂ?**

ਸਾਲ 2015-2016 ਵਿਚ ਸਿੱਖ ਵਿਰੋਧੀ ਅਨਸਰਾਂ ਵਲੋਂ ਬਹਿਬਲ ਕਲਾਂ ਅਤੇ ਬਰਗਾੜੀ ਵਿੱਚ ਐਸੀਆਂ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ।ਸਰਕਾਰ (ਪੁਲਿਸ) ਵੱਲੋਂ ਵੀ ਸਾਰੇ ਗੁਰਦੁਆਰਿਆਂ ਨੂੰ ਹਦਾਇਤਾਂ ਸਨ ਕਿ ਹਰੇਕ ਗੁਰਦੁਆਰੇ ਸਾਹਿਬ ਵਿੱਚ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਬਿਰਾਜਮਾਨ ਹੁੰਦੇ ਹਨ, ਉੱਥੇ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਲਾਜ਼ਮੀ ਹਨ।

ਸਾਲ 2015 ਵਿਚ ਹੀ ਅੰਤ੍ਰਿੰਗ ਕਮੇਟੀ ਦੁਆਰਾ ਸੀ.ਸੀ.ਟੀ.ਵੀ. ਬਾਰੇ 17/01/2015 ਨੂੰ ਮੀਟਿੰਗ, ਜਿਸ ਵਿੱਚ ਮਤਾ ਨੰ:1479 (**ਅਨੁਲੱਗ ਨੰ:22**) ਪਾਸ ਹੋਇਆ ਕਿ:

- ਸਮੂਹ ਗੁਰਦੁਆਰਾ ਸਾਹਿਬਾਨ ਸੈਕਸ਼ਨ-85 ਵਿਖੇ ਲੱਗਣ ਯੋਗ ਸੀ.ਸੀ.ਟੀ.ਵੀ. ਕੈਮਰਿਆਂ ਦੀ ਮੰਗ ਮੰਗਵਾ ਕੇ ਸਮੁੱਚੇ ਇਸ ਕਾਰਜ ਦੀ ਖਰੀਦ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਐਡੀਸ਼ਨਲ ਸਕੱਤਰ ਖਰੀਦ ਵਿਭਾਗ, ਮੁਖੀ ਇਲੈਕਟ੍ਰੋਨਿਕ ਵਿਭਾਗ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਐਡਮਸਿਟ੍ਰੇਟਰ ਇੰਟਰਨੈੱਟ ਵਿਭਾਗ ਸ਼੍ਰੋਮਣੀ ਕਮੇਟੀ ਦੀ ਹਾਜ਼ਰੀ ਵਿੱਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
- ਗੁਰਦੁਆਰਾ ਸਾਹਿਬਾਨ ਸੈਕਸ਼ਨ 85 ਤੋਂ ਆਈ ਮੰਗ ਅਨੁਸਾਰ ਸੀ.ਸੀ.ਟੀ.ਵੀ. ਕੈਮਰੇ ਅਤੇ ਲੋੜੀਂਦਾ ਸਮਾਨ ਦੇ ਖਰਚਾਂ ਦੀ ਪ੍ਰਵਾਨਗੀ ਦੇਣ ਦੇ ਅਧਿਕਾਰ ਸਕੱਤਰ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾਂਦੇ ਹਨ।

1. ਸ੍ਰ.ਰੂਪ ਸਿੰਘ ਨੂੰ ਸਪਸ਼ਟ ਪ੍ਰਸ਼ਨ ਪੁੱਛਿਆ ਗਿਆ ਕਿ 19/05/2016 ਦੀ ਘਟਨਾ ਵਾਲੀ ਜਗ੍ਹਾ ਤੇ ਸੀ.ਸੀ.ਟੀ.ਵੀ. ਹੋਏ ਸਨ ਜਾਂ ਨਹੀਂ ਤਾਂ ਉਹਨਾਂ ਕਿਹਾ ਕਿ ਸੀ.ਸੀ.ਟੀ.ਵੀ. ਕੈਮਰਿਆਂ ਬਾਰੇ ਸਬੰਧਿਤ ਵਿਭਾਗ ਦੇ ਉਸ ਸਮੇਂ ਦੇ ਮੌਜੂਦਾ ਅਧਿਕਾਰੀ/ਕਰਮਚਾਰੀ ਦੱਸ ਸਕਦੇ ਹਨ।ਉਹਨਾਂ ਨੂੰ ਇਹ ਵੀ ਪੁੱਛਿਆ ਗਿਆ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਾਰੀ ਕੀਤੇ ਮਤੇ ਅਨੁਸਾਰ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਸਨ, ਫਿਰ ਵੀ ਕੈਮਰੇ ਕਿਉਂ ਨਹੀਂ ਲਗਾਏ ਗਏ, ਇਸ ਤੇ ਉਹਨਾਂ ਨੇ ਜਵਾਬ ਦਿੱਤਾ ਕਿ ਮਤੇ ਦੀ ਰੌਸ਼ਨੀ ਵਿਚ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਵਲੋਂ ਕਾਰਵਾਈ ਕੀਤੀ/ਕਰਵਾਈ ਜਾਂਦੀ ਹੈ।ਜਦਕਿ ਡਾ: ਰੂਪ ਸਿੰਘ ਖੁਦ ਪਬਲੀਕੇਸ਼ਨ ਅਤੇ ਪ੍ਰੈੱਸ ਵਿਭਾਗ ਦੇ ਮਿਤੀ 19/11/2015 ਤੋਂ 16/05/2016, ਮਿਤੀ 23/08/2016 ਤੋਂ 01/11/2017 ਤੱਕ ਬਤੌਰ ਸਕੱਤਰ ਰਹੇ, ਅੰਤ੍ਰਿੰਗ ਕਮੇਟੀ ਦੇ ਮਤਾ ਨੰ:4079 ਮਿਤੀ 17/01/2015 ਰਾਹੀਂ ਸਮੂਹ ਗੁਰਦੁਆਰਾ ਸਾਹਿਬ ਸੈਕਸ਼ਨ 85 ਵਿਖੇ

ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੀ ਪ੍ਰਵਾਨਗੀ ਹੋਈ ਸੀ।ਡਾ: ਰੂਪ ਸਿੰਘ ਜੀ ਖੁਦ ਮੰਨਦੇ ਹਨ ਕਿ ਸਬੰਧਤ ਅਧਿਕਾਰੀ ਸੀ.ਸੀ.ਟੀ.ਵੀ. ਕੈਮਰੇ ਲਗਵਾਉਣ ਦੀ ਜਿੰਮੇਵਾਰੀ ਹੈ, ਇਹ ਖੁਦ ਹੀ ਇਸ ਸਮੇਂ ਸਬੰਧਤ ਵਿਭਾਗ ਦੇ ਮੁੱਖ ਅਧਿਕਾਰੀ ਸਨ।ਇਸ ਤਰੀਕੇ ਯੋਗ ਕਾਰਵਾਈ ਵੀ ਇਹਨਾਂ 'ਤੇ ਹੀ ਕਰਨੀ ਬਣਦੀ ਹੈ।ਇਹਨਾਂ ਨੇ ਇਸ ਮਤੇ ਦੀ ਮਨਸ਼ਾ ਅਨੁਸਾਰ ਪਬਲੀਕੇਸ਼ਨ ਵਿਭਾਗ ਵਿੱਚ ਕੈਮਰੇ ਲਗਵਾਉਣੇ ਜਰੂਰੀ ਨਹੀਂ ਸਮਝਿਆ।ਜੇਕਰ ਇਸ ਤਰ੍ਹਾਂ ਦਾ ਜੁਆਬ ਮੁੱਖ ਸਕੱਤਰ ਪਾਸੋਂ ਮਿਲ ਰਿਹਾ ਹੈ ਤਾਂ ਬਾਕੀ ਕਰਮਚਾਰੀ/ਅਧਿਕਾਰੀਆਂ ਦਾ ਕੀ ਹਾਲ ਹੋਵੇਗਾ।ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਸ ਸੰਸਥਾ ਦੇ ਮੁੱਖ ਸਕੱਤਰ ਕਿਵੇਂ ਆਪਣੀਆਂ ਜਿੰਮੇਵਾਰੀਆਂ ਤੋਂ ਪੱਲਾ ਝਾੜ੍ਹਦੇ ਹਨ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਸੁਖਾਲਾ ਬਣਨ ਦਾ ਯਤਨ ਕਰਦੇ ਹਨ।

2. ਇਸ ਬਾਬਤ ਸ੍ਰ.ਰਜਿੰਦਰ ਸਿੰਘ ਮਹਿਤਾ ਨੂੰ ਜਦ ਪੁੱਛਿਆ ਗਿਆ ਕਿ ਸੀ.ਸੀ.ਟੀ.ਵੀ. ਬਾਬਤ ਇੱਕ ਮਤਾ ਪਾਸ ਹੋਇਆ ਸੀ, ਫਿਰ ਵੀ ਹੁਣ ਤੱਕ ਕੈਮਰੇ ਕਿਉਂ ਨਹੀਂ ਲਗਾਏ ਗਏ, ਤਾਂ ਉਹਨਾਂ ਨੇ ਜਵਾਬ ਦਿੱਤਾ ਕਿ ਐਸਾ ਕਰਨਾ ਸਹੀ ਨਹੀਂ ਹੈ।ਬਰਗਾੜੀ ਕਾਂਡ ਹੋ ਚੁੱਕਾ ਸੀ ਤੇ ਪਬਲੀਕੇਸ਼ਨ ਵਿਭਾਗ ਇਕ ਅਹਿਮ ਜਗ੍ਹਾ ਹੈ।

3. ਸਕੱਤਰ ਸ੍ਰ. ਮਨਜੀਤ ਸਿੰਘ ਨੇ ਦੱਸਿਆ ਕਿ ਪਬਲੀਕੇਸ਼ਨ ਵਿਭਾਗ ਵਿੱਚ ਕੈਮਰੇ ਲੱਗੇ ਸਨ ਜਾਂ ਨਹੀਂ, ਉਹਨਾਂ ਨੂੰ ਇਸ ਬਾਰੇ ਨਹੀਂ ਪਤਾ।ਜਦਕਿ ਉਹ ਮਿਤੀ 12/06/2014 ਤੋਂ 18/11/2015 ਤੱਕ ਪਬਲੀਕੇਸ਼ਨ ਅਤੇ ਪ੍ਰੈੱਸ ਵਿਭਾਗ ਦੇ ਸਕੱਤਰ ਰਹੇ।ਇਸਦੀ ਜਾਣਕਾਰੀ ਵੀ ਪੜਤਾਲ ਕਮਿਸ਼ਨ ਨੂੰ ਸ੍ਰ.ਮਨਜੀਤ ਸਿੰਘ ਸਕੱਤਰ ਨੇ ਨਹੀਂ ਦਿੱਤੀ, ਕਿ ਉਹ 17/01/2015, ਜਿਸ ਦਿਨ ਸੀ.ਸੀ.ਟੀ.ਵੀ. ਕੈਮਰਿਆ ਦਾ ਮਤਾ ਪਾਸ ਹੋਇਆ ਸੀ, ਉਹ ਆਪ ਪਬਲੀਕੇਸ਼ਨ ਵਿਭਾਗ ਦੇ ਸਕੱਤਰ ਸਨ।ਇਹਨਾਂ ਨੇ ਵੀ ਆਪਣੀਆਂ ਜਿੰਮੇਵਾਰੀਆਂ ਤੋਂ ਪੱਲ੍ਹਾ ਝਾੜਨ ਦਾ ਯਤਨ ਕੀਤਾ, ਜੋ ਕਿ ਇੱਕ ਜਿੰਮੇਵਾਰ ਅਹੁਦੇ ਦੇ ਅਧਿਕਾਰੀ ਨੂੰ ਜਿੰਮੇਵਾਰੀ ਨਾਲ ਅੰਤ੍ਰਿੰਗ ਕਮੇਟੀ ਦੇ ਅਹਿਮ ਫੈਸਲੇ ਨੂੰ ਲਾਗੂ ਕਰਵਾਉਣਾ ਬਣਦਾ ਸੀ।

4. ਸ੍ਰ.ਸੁਖਦੇਵ ਸਿੰਘ ਭੌਰ ਨੂੰ ਪੁੱਛਿਆ ਗਿਆ ਕਿ ਬਹਿਬਲ ਕਲਾਂ ਅਤੇ ਬਰਗਾੜੀ ਘਟਨਾਵਾਂ ਤੋਂ ਬਾਅਦ ਸੀ.ਸੀ.ਟੀ.ਵੀ. ਕੈਮਰੇ ਅਤੇ ਪਹਿਰੇਦਾਰਾਂ ਦੀ ਡਿਊਟੀ 24 ਘੰਟੇ ਕਰਨ ਦੀ ਐਸ.ਜੀ.ਪੀ.ਸੀ. ਵਲੋਂ ਹਦਾਇਤਾਂ ਦਿੱਤੀਆਂ ਗਈਆਂ ਸਨ।ਇਸ ਬਾਰੇ ਉਹਨਾਂ ਨੇ ਕਿਹਾ ਕਿ ਕਿਸੇ ਵੀ ਮਤੇ ਨੂੰ ਲਾਗੂ ਕਰਾਉਣਾ ਮੁੱਖ ਸਕੱਤਰ ਦੀ ਜਿੰਮੇਵਾਰੀ ਹੁੰਦੀ ਹੈ।

ਮਿਤੀ 02/06/2018 ਨੂੰ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 526 ਵਿੱਚ ਮੀਤ ਸਕੱਤਰ ਟਰੱਸਟ ਅਤੇ ਪਬਲੀਕੇਸ਼ਨ ਵਿਭਾਗ ਦੀ ਰਿਪੋਰਟ ਅਨੁਸਾਰ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 882 ਮਿਤੀ 18/08/2017 ਦੇ ਮਤੇ ਵਿੱਚ ਲੜੀ ਨੰ: 03 ਵਿੱਚ ਸਪੱਸ਼ਟ ਪ੍ਰਵਾਨਗੀ ਦਿੱਤੀ ਗਈ ਹੈ ਕਿ "ਮਰਿਯਾਦਾ ਨੂੰ ਮੁੱਖ ਰੱਖਦਿਆਂ ਹੋਇਆ ਪ੍ਰੈੱਸ ਅੰਦਰ ਸਮੂਹ ਕਰਮਚਾਰੀਆਂ ਦੀ ਨਿਗਰਾਨੀ ਲਈ ਤੁਰੰਤ ਪਹਿਲ ਦੇ ਅਧਾਰ ਤੇ ਲੋੜ ਅਨੁਸਾਰ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦਾ ਪ੍ਰਬੰਧ ਕੀਤਾ/ਕਰਵਾਇਆ ਜਾਵੇ।ਅੰਦਾਜਨ ਖਰਚ 4,00,000/-ਅੱਖਰੀ ਚਾਰ ਲੱਖ ਰੁਪਏ ਕੇਵਲ ਦੀ ਪ੍ਰਵਾਨਗੀ ਦਿੱਤੀ"।

ਇਹ ਪ੍ਰਵਾਨਗੀ ਹੋਣ ਦੇ ਬਾਵਜੂਦ ਵੀ ਨਾਂ ਤਾਂ ਪ੍ਰੈੱਸ ਵਿੱਚ ਹੁਣ ਤੱਕ ਕੈਮਰੇ ਲੱਗੇ ਹਨ ਅਤੇ ਨਾਂ ਹੀ ਪਬਲੀਕੇਸ਼ਨ ਵਿਭਾਗ ਅੰਦਰ ਜਿਲਦਸਾਜ਼ਾਂ ਕੋਲ, ਸਟੋਰ ਵਿੱਚ ਜਿੱਥੇ ਪਾਵਨ ਸਰੂਪ ਬਿਰਾਜਮਾਨ ਕੀਤੇ ਜਾਂਦੇ ਹਨ ਅਤੇ ਨਾਂ ਹੀ ਸ਼ੋਅ ਰੂਮ ਵਿੱਚ ਜਿੱਥੇ ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਜਾਂਦੇ ਹਨ।ਜੇ ਕਿਤੇ ਐਸਾ 2018 ਵਿੱਚ ਵੀ ਕੀਤਾ ਜਾਂਦਾ ਤਾਂ ਜੋ ਬੇਨਿਯਮੀਆਂ ਅੱਜ ਪਾਵ ਸਰੂਪਾਂ ਬਾਰੇ ਪਾਈਆਂ ਜਾ ਰਹੀਆਂ ਹਨ, ਉਹਨਾਂ ਨੂੰ ਉਸ ਸਮੇਂ ਹੀ ਨੱਥ ਪਾਈ ਜਾ ਸਕਦੀ ਸੀ।ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਦਾ ਹੀ ਅਜਿਹਾ ਗੈਰਜਿੰਮੇਵਾਰਾਨਾਂ ਅਤੇ ਅਣਗੌਲਿਆ ਜਿਹਾ ਕੰਮ ਹੈ ਤਾਂ ਆਮ ਗੁਰਦੁਆਰਾ ਸਾਹਿਬਾਨਾਂ ਦਾ ਕੀ ਹਾਲ ਹੋਵੇਗਾ।ਇਹ ਵਿਸ਼ਾ ਬਹੁਤ ਹੀ ਗੰਭੀਰ ਅਤੇ ਵਿਚਾਰਨਯੋਗ ਹੈ।ਕੁਝ ਹੀ ਦਿਨਾਂ ਬਾਅਦ ਮਿਤੀ 14/06/2018 ਨੂੰ ਪੰਜ ਸਿੰਘ ਸਾਹਿਬਾਨਾਂ ਨੇ ਦੀਰਘ ਵਿਚਾਰਾਂ ਉਪਰੰਤ ਇੱਕ ਫੈਸਲਾ ਹੇਠ ਲਿਖੇ ਆਦੇਸ਼ ਅਨੁਸਾਰ ਸੁਣਾਇਆ:

***"ਮਿਤੀ 14/06/2018 ਸ੍ਰੀ ਅਕਾਲ ਤਖਤ ਸਾਹਿਬ ਦੇ ਪੱਤਰ ਨੰ: ਅ:ਤ/18/3123 ਰਾਹੀਂ ਪੰਜ ਸਿੰਘ ਸਾਹਿਬਾਨਾਂ ਨੇ ਦੀਰਘ ਵਿਚਾਰਾਂ ਉਪਰੰਤ ਫੈਸਲਾ ਲਿਆ ਕਿ ਇੱਕ ਪਿੰਡ ਇੱਕ ਗੁਰਦੁਆਰਾ ਕਰਨ ਦਾ ਆਦੇਸ਼ ਹੋਇਆ ਸੀ, ਉਸਨੂੰ ਲਾਗੂ ਕਰਵਾਉਣਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੈਮਰੇ ਲਗਵਾਉਣ ਦਾ ਵੱਡੀ ਪੱਧਰ ਤੇ ਪ੍ਰਚਾਰ ਕਰਨ ਦੀ ਲੋੜ ਹੈ।ਕਿਉਂਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਨਿੱਤਾਂ ਪ੍ਰਤੀ ਹੋ ਰਹੀਆ ਘਟਨਾਵਾਂ ਚਿੰਤਾਂ ਦਾ ਵਿਸ਼ਾ ਗੰਭੀਰ ਰੂਪ ਧਾਰਣ ਕਰਦਾ ਜਾ ਰਿਹਾ ਹੈ।ਜਿਆਦਾਤਰ ਘਟਨਾਵਾਂ ਗ੍ਰੰਥੀ ਸਿੰਘ ਜਾਂ ਗੁਰਦੁਆਰਾ ਕਮੇਟੀ ਦੀ ਅਣਗਹਿਲੀ ਕਾਰਣ ਹੋ ਰਹੀਆਂ ਹਨ।ਇਸ ਲਈ ਜਿੱਥੇ ਵੀ ਗ੍ਰੰਥੀ ਜਾਂ ਗੁਰਦੁਆਰਾ ਕਮੇਟੀ ਦੀ ਅਣਗਹਿਲੀ ਸਾਹਮਣੇ ਆਵੇਗੀ, ਉਸਦੀ ਘੋਖ ਪੜਤਾਲ ਕਰਕੇ ਦੋਸ਼ੀ ਪਾਏ ਜਾਣ ਵਾਲੇ ਵਿਰੁੱਧ ਸਖਤ***

*ਕਾਰਵਾਈ ਕੀਤੀ ਜਾਵੇਗੀ ਅਤੇ ਅੱਗੋਂ ਤੋਂ ਉਹਨਾਂ ਗੁਰਦੁਆਰਾ ਸਾਹਿਬਾਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨਹੀਂ ਦਿੱਤੇ ਜਾਣਗੇ।ਇਹਨਾਂ ਘਟਨਾਵਾਂ ਦੀ ਰੋਕਥਾਮ ਲਈ ਗੁਰਦੁਆਰਾ ਸਾਹਿਬਾਨਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਵਾਉਣੇ ਅਤੇ ਪਹਿਰੇਦਾਰ ਤਾਇਨਾਤ ਕਰਨੇ ਲਾਜ਼ਮੀ ਕਰਾਰ ਦਿੱਤੇ ਜਾਂਦੇ ਹਨ।ਹਲਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਲਕਾ ਪ੍ਰਚਾਰਕ ਆਪਣੇ-ਆਪਣੇ ਹਲਕੇ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਦਾ ਦੌਰਾ ਕਰਕੇ ਉਹਨਾਂ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਗੁਰਦੁਆਰਾ ਕਮੇਟੀਆਂ ਨਾਲ ਸਹਿਯੋਗ ਕਰਨ ਅਤੇ ਗੁਰਦੁਆਰੇ ਸਾਹਿਬਾਨਾਂ ਵਿੱਚ ਕਿੰਨੇ ਪਾਵਨ ਸਰੂਪ ਹਨ, ਇਹ ਵੀ ਵੇਰਵਾ ਪ੍ਰਾਪਤ ਕੀਤਾ ਜਾਵੇ।ਜਿਸ ਗੁਰਦੁਆਰੇ ਸਾਹਿਬਾਨ ਵਿੱਚ ਸੇਵਾਵਾਂ ਨਹੀਂ ਨਿਭਾਈਆਂ ਜਾ ਰਹੀਆਂ ਉੱਥੋ ਪਾਵਨ ਸਰੂਪ ਦੂਜੇ ਗੁਰਦੁਆਰਾ ਸਾਹਿਬ ਵਿੱਚ ਲਿਜਾਏ ਜਾਣ ਅਤੇ ਇਤਲਾਹ ਧਰਮ ਪ੍ਰਚਾਰ ਕਮੇਟੀ ਵਿਖੇ ਦਿੱਤੀ ਜਾਵੇ।"* **(ਅਨੁਲੱਗ ਨੰ: 23)**

ਪੰਜ ਸਿੰਘ ਸਾਹਿਬਾਨਾਂ ਦੇ ਉਪਰੋਕਤ ਆਦੇਸ਼ ਅਨੁਸਾਰ ਮੌਜੂਦਾ ਅੰਤ੍ਰਿੰਗ ਕਮੇਟੀ, ਪ੍ਰਧਾਨ ਸਾਹਿਬ, ਮੁੱਖ ਸਕੱਤਰ ਅਤੇ ਸਕੱਤਰ ਦੀ ਜਿੰਮੇਵਾਰੀ ਸੀ ਕਿ ਉਹ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ

02/06/2018 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਮਤਾ ਨੰ: 526 ਪਾਸ ਕੀਤਾ ਗਿਆ ਜਿਸ ਵਿਚ 8 ਸੁਝਾਅ ਪ੍ਰਵਾਨ ਕੀਤੇ ਗਏ, ਜਿਸ ਵਿਚੋਂ ਇਕ ਸੁਝਾਅ ਸੀ.ਸੀ.ਟੀ.ਵੀ. ਕੈਮਰੇ ਬਾਬਤ ਸੀ, ਜੋ ਇਸ ਪ੍ਰਕਾਰ ਹੈ:

ਮਰਿਯਾਦਾ ਨੂੰ ਮੁਖ ਰਖਦਿਆਂ ਹੋਇਆਂ ਪ੍ਰੈੱਸ ਅੰਦਰ ਕੰਮ ਰਹੇ ਸਮੂਹ ਕਰਮਚਾਰੀਆਂ ਦੀ ਨਿਗਰਾਨੀ ਲਈ ਤੁਰੰਤ ਪਹਿਲ ਦੇ ਅਧਾਰ ਤੇ ਲੋੜ ਅਨੁਸਾਰ ਸੀ.ਸੀ.ਟੀ.ਵੀ. ਕੈਮਰੇ ਲਗਵਾਉਂਣ ਦਾ ਪ੍ਰਬੰਧ ਕੀਤਾ / ਕਰਵਾਇਆ ਜਾਵੇ।ਅੰਦਾਜਨ ਖਰਚ 4,00,000/- ਚਾਰ ਲੱਖ ਰੁਪਏ।

ਪੜਤਾਲ ਕਮਿਸ਼ਨ ਨੇ ਗੁ: ਸ੍ਰੀ ਰਾਮਸਰ ਸਾਹਿਬ ਵਿਖੇ ਚੈਕ ਕੀਤਾ ਤੇ ਪਾਇਆ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤਿਆਰ ਉਪਰੰਤ ਬਿਰਾਜਮਾਨ ਹੁੰਦੇ ਹਨ ਉੱਥੇ ਸੀ.ਸੀ.ਟੀ.ਵੀ. ਕੈਮਰੇ ਨਹੀਂ ਲੱਗੇ ਸਨ ਅਤੇ ਨਾ ਹੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤਿਆਰ ਹੁੰਦੇ ਹਨ, ਉੱਥੇ ਲਗਾਏ ਹਨ।ਪੜਤਾਲ ਕਮਿਸ਼ਨ ਡਾ. ਰੂਪ ਸਿੰਘ, ਮੌਜੂਦਾ ਮੁੱਖ ਸਕੱਤਰ ਅਤੇ ਬਾਕੀ ਸਬੰਧਿਤ ਅਧਿਕਾਰੀਆਂ ਨੂੰ ਇਸ ਕੁਤਾਹੀ ਲਈ ਜਿੰਮੇਵਾਰ ਮੰਨਦਾ ਹੈ।ਕਿ ਇਤਨੇ ਗੰਭੀਰ ਮਸ਼ਲੇ ਨੂੰ, ਪੰਜ ਸਿੰਘ ਸਾਹਿਬਾਨਾਂ ਦੇ ਆਦੇਸ਼ ਨੂੰ ਕੁਝ ਨਹੀਂ ਸਮਝਿਆ।ਆਪਣੇ ਅਹੁਦੇ ਦੇ ਫਰਜ਼ ਨੂੰ ਰੱਤੀ ਭਰ ਵੀ ਸਤਿਕਾਰ ਅਤੇ ਸ਼ਰਧਾ ਨਾਲ ਨਿਭਾਉਣਾ ਨਹੀਂ ਕੀਤਾ।ਪੜਤਾਲ

ਕਮਿਸ਼ਨ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਪੰਜ ਸਿੰਘ ਸਾਹਿਬਾਨ ਦੇ ਆਦੇਸ਼ ਨੂੰ ਨਾ ਮੰਨਣ ਲਈ ਸਿੱਖ ਰਹਿਤ ਮਰਿਯਾਦਾ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇ।

## ਹ) 19/05/2016 ਦੀ ਘਟਨਾ ਕਾਰਣ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਪਛਚਾਤਾਪ ਕੀਤਾ ਗਿਆ?

1. ਪੰਜਾਬ ਹਿਊਮਨ ਰਾਈਟਸ ਓਰਗਨਾਈਜ਼ੇਸ਼ਨ ਵਲੋਂ ਮਿਤੀ 26/06/2020 ਨੂੰ ਪ੍ਰਾਪਤ ਹੋਈ ਸ਼ਿਕਾਇਤ ਵਿਚ ਇਹ ਵੀ ਦੱਸਿਆ ਗਿਆ ਕਿ 19/05/2016 ਨੂੰ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਮਾਫੀ ਨਹੀਂ ਮੰਗੀ ਗਈ ਅਤੇ ਕੋਈ ਪਛਚਾਤਾਪ ਵਜੋਂ ਅਖੰਡ ਪਾਠ ਸਾਹਿਬ ਨਹੀਂ ਕਰਾਇਆ ਗਿਆ।
2. ਸ੍ਰ.ਹਰਚਰਨ ਸਿੰਘ ਨੂੰ ਪਸ਼ਚਾਤਾਪ ਵਜੋਂ ਅਖੰਡ ਪਾਠ ਕਰਾਉਂਣ ਬਾਰੇ ਪੁੱਛਣ ਤੇ ਉਹਨਾਂ ਕਿਹਾ ਕਿ ਉਹਨਾਂ ਦੀ ਜਾਣਕਾਰੀ ਅਨੁਸਾਰ ਅਖੰਡ ਪਾਠ ਸਾਹਿਬ ਨਹੀਂ ਕਰਾਏ ਗਏ ਸਨ।
3. ਡਾ.ਰੂਪ ਸਿੰਘ ਨੇ ਕਿਹਾ ਕਿ ਪਛਚਾਤਾਪ ਲਈ ਅਖੰਡ ਪਾਠ ਸਾਹਿਬ ਰਖਵਾਉਂਣ ਦਾ ਫੈਸਲਾ ਮੁੱਖ ਸਕੱਤਰ ਸਾਹਿਬ ਵੱਲੋਂ ਮੌਕੇ ਦੇ ਪ੍ਰਧਾਨ ਸਾਹਿਬ ਪਾਸੋਂ ਆਦੇਸ਼ ਪ੍ਰਾਪਤ ਕਰਕੇ ਕਰਵਾਉਂਣਾ ਸੀ, ਜੋ ਕਿ ਉਹਨਾਂ ਦੀ ਜਾਣਕਾਰੀ ਅਨੁਸਾਰ ਪਸ਼ਚਾਤਾਪ ਦਾ ਪਾਠ ਨਹੀਂ ਹੋਇਆ।ਪੜਤਾਲ ਕਮਿਸ਼ਨ ਦਾ ਇਹ ਵਿਚਾਰ ਹੈ ਕਿ ਜੇ ਉਸ ਸਮੇਂ ਮਿਤੀ 19/05/2016 ਨੂੰ ਜੇ ਕਿਸੇ ਤੋਂ ਗਲਤੀ ਹੋਈ ਅਤੇ ਪਸ਼ਚਾਤਾਪ ਦਾ ਪਾਠ ਨਹੀਂ ਕਰਵਾਇਆ ਗਿਆ ਤਾਂ ਇਹਨਾਂ ਨੂੰ ਮੁੱਖ ਸਕੱਤਰ ਬਣਦਿਆਂ ਹੋਇਆ ਹੀ ਗੌਰ ਕਰਨਾ ਬਣਦਾ ਸੀ।
4. ਸ੍ਰ.ਸੁਖਦੇਵ ਸਿੰਘ ਭੌਰ ਨੂੰ ਇਸ ਘਟਨਾ ਨੂੰ ਛੁਪਾਉਂਣ ਦੀ ਕੋਸ਼ਿਸ਼ ਬਾਰੇ ਅਤੇ ਪਛਚਾਤਾਪ ਦੀ ਅਰਦਾਸ ਨਾ ਕਰਾਉਂਣ ਬਾਰੇ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਉਸ ਸਮੇਂ ਦੇ ਮੁੱਖ ਸਕੱਤਰ ਅਤੇ ਪ੍ਰਧਾਨ ਹੀ ਦੱਸ ਸਕਦੇ ਹਨ।ਮੌਕੇ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਇਸ ਦੁਨੀਆਂ ਵਿੱਚ ਨਹੀਂ ਹਨ।

ਪੜਤਾਲ ਕਮਿਸ਼ਨ ਦੀ ਰਾਏ ਅਨੁਸਾਰ ਸਾਬਕਾ ਮੁੱਖ ਸਕੱਤਰ ਸ੍ਰ. ਹਰਚਰਨ ਸਿੰਘ ਵਲੋਂ ਮਰਿਯਾਦਾ ਦੀ ਉਲੰਘਣਾਂ ਕੀਤੀ ਗਈ ਹੈ।ਇਸ ਬਾਰੇ ਫੈਸਲਾ ਸਿੰਘ ਸਾਹਿਬ ਜਥੇਦਾਰ ਅਕਾਲ ਤਖਤ ਸਾਹਿਬ ਹੀ ਕਰ ਸਕਦੇ ਹਨ ਕਿ ਸ੍ਰ. ਹਰਚਰਨ ਸਿੰਘ ਜਾਂ ਕਿਸੇ ਹੋਰ ਸਬੰਧਿਤ ਅਧਿਕਾਰੀ ਨੂੰ ਗੁਰ-ਮਰਿਯਾਦਾ ਅਨੁਸਾਰ ਕੀ ਸਜ਼ਾ ਦੇਣੀ ਬਣਦੀ ਹੈ।ਇਸ ਲਈ ਪੜਤਾਲ

ਕਮਿਸ਼ਨ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਬੇਨਤੀ ਕਰਦਾ ਹੈ ਕਿ ਇਸ ਮਸਲੇ ਦੀ ਸੁਣਵਾਈ ਸਿੱਖ ਰਹਿਤ ਮਰਿਯਾਦਾ ਅਨੁਸਾਰ ਕੀਤੀ ਜਾਵੇ।

## 10. ਪੜਤਾਲ ਕਮਿਸ਼ਨ ਦੀ ਜਾਂਚ ਦਾ ਸੰਖੇਪ ਵੇਰਵਾ :-

ਪੜਤਾਲ ਕਮਿਸ਼ਨ ਨੇ ਸ੍ਰ.ਨਿਸ਼ਾਨ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ ਮੌਜੂਦਾ ਸਟਾਕ ਦੀ ਤਸਦੀਕ ਨੂੰ ਚੈੱਕ ਕਰਨ ਲਈ ਆਪਣੀ ਪੜਤਾਲ 2013-14 ਦੀ ਲੈਜ਼ਰ ਤੋਂ ਸ਼ੁਰੂ ਕੀਤੀ ਹੈ ਅਤੇ ਇਸ ਨਤੀਜੇ ਤੇ ਪਹੁੰਚੇ ਹਨ ਕਿ ਪਾਵਨ ਸਰੂਪ ਦਾ ਸਟਾਕ ਜੋ ਕਿ 2015-16 ਵਿੱਚ 328 ਗਿਣਤੀ ਨਾਲ ਘੱਟ ਰਿਹਾ ਸੀ। ਇਸ ਸਮੇਂ ਜੋ 328 ਪਾਵਨ ਸਰੂਪਾਂ ਦਾ ਮਸਲਾ ਅਤੇ ਅਣਅਧਿਕਾਰਿਤ ਤਰੀਕੇ ਨਾਲ ਵਧੇਰੇ ਅੰਗਾਂ ਤੋਂ 61 ਪਾਵਨ ਸਰੂਪ ਬਣਾਏ ਗਏ ਜਿੰਨਾਂ ਵਿੱਚੋ 55 ਸਰੂਪ ਅਣਅਧਿਕਾਰਿਤ ਤਰੀਕੇ ਨਾਲ ਸੀ.ਜੀ.ਐਲ. ਸ੍ਰ. ਕੰਵਲਜੀਤ ਸਿੰਘ ਰਾਹੀਂ ਗੁਰਦੁਆਰਾ ਸਾਹਿਬਾਨ ਵਿੱਚ ਦਿੱਤੇ ਗਏ, ਜਿੰਨਾਂ ਦਾ ਵੇਰਵਾ ਰਿਪੋਰਟ ਵਿੱਚ ਦੇਖਿਆ ਜਾ ਸਕਦਾ ਹੈ।ਇਹ ਨੰਬਰ ਅਣਅਧਿਕਾਰਿਤ ਤਰੀਕੇ ਨਾਲ ਸੀ.ਜੀ.ਐਲ, ਸ੍ਰ.ਕੰਵਲਜੀਤ ਸਿੰਘ ਨੇ ਜਿਲਦਸਾਜ਼ ਠੇਕੇਦਾਰਾਂ ਪਾਸੋਂ ਲਗਵਾਏ ਸਨ, ਜਿਸਦੀ ਕੋਈ ਪ੍ਰਵਾਨਿਤ ਆਗਿਆ ਉਹਨਾਂ ਨੇ ਪੜਤਾਲ ਕਮਿਸ਼ਨ ਨੂੰ ਨਹੀਂ ਦਿੱਤੀ ਅਤੇ ਨਾਹੀਂ ਵਿਭਾਗ ਵਿੱਚ ਸੀ।ਜੋ 125 ਪਾਵਨ ਸਰੂਪ ਦਰਮਿਆਨਾ ਆਕਾਰ ਪਦ-ਛੇਦ ਹਨ, ਉਹ ਵੀ ਅਣਅਧਿਕਾਰਿਤ ਤਰੀਕੇ ਨਾਲ ਵਧੇਰੇ ਅੰਗਾਂ ਤੋਂ ਸ੍ਰ.ਕੰਵਲਜੀਤ ਸਿੰਘ ਸੀ.ਜੀ.ਐਲ. ਨੇ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਅਤੇ ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਪਾਸੋਂ ਇਕੱਤਰਿਤ ਕਰਵਾ ਕੇ ਜਿਲਦ ਸਜਾਉਣ ਵਾਸਤੇ ਹਾਲ ਨੰ: 03 ਵਿੱਚ ਰੱਖੇ ਹੋਏ ਸਨ।125 ਪਾਵਨ ਸਰੂਪਾਂ ਦੀ ਪ੍ਰਵਾਨਗੀ ਇਸ ਤਰ੍ਹਾਂ ਸ੍ਰ.ਕੰਵਲਜੀਤ ਸਿੰਘ ਨੂੰ ਇਸ ਸਮੇਂ ਦੌਰਾਨ ਨਹੀਂ ਮਿਲੀ ਕਿਉਕਿ ਬਹੁਤ ਸਾਰੇ ਪ੍ਰਸ਼ਨ 267 ਪਾਵਨ ਸਰੂਪਾਂ ਦੇ ਬਾਰੇ ਖੜ੍ਹੇ ਹੋ ਰਹੇ ਸਨ ਅਤੇ ਪਬਲੀਕੇਸ਼ਨ ਵਿਭਾਗ ਵਿੱਚ ਵੀ ਇਸ ਅਨੈਤਿਕ ਅਤੇ ਅਣਅਧਿਕਾਰਿਤ ਤਰੀਕੇ ਨਾਲ ਇਹਨਾਂ ਪਾਵਨ ਸਰੂਪਾਂ ਦੀ ਵਧੇਰੇ ਅੰਗਾਂ ਦੇ ਬਣਤਰ ਤੋਂ ਦੇਖਦਿਆਂ ਸ੍ਰ.ਹਰਪ੍ਰੀਤ ਸਿੰਘ ਹੈਲਪਰ ਜੋ ਕਲਰਕ ਪ੍ਰਮੋਟ ਹੋਏ ਸਨ ਅਤੇ ਸ੍ਰ.ਮਨਿੰਦਰ ਸਿੰਘ ਕਲਰਕ ਜੋ ਹਾਲ ਹੀ ਵਿੱਚ ਹੈਲਪਰ ਤੋਂ ਪ੍ਰਮੋਟ ਹੋਏ ਸਨ, ਚਾਰਜ ਦੀ ਜਿੰਮੇਵਾਰੀ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ।ਅਜਿਹੀਆਂ ਗੱਲਾਂ ਪੜਤਾਲ ਦੌਰਾਨ ਪੜਤਾਲ ਕਮਿਸ਼ਨ ਦੇ ਸਾਹਮਣੇ ਆਈਆਂ।ਪੜਤਾਲ ਦੌਰਾਨ ਵਧੇਰੇ ਅੰਗਾਂ ਤੋਂ ਜੋ ਅਣਅਧਿਕਾਰਿਤ ਤਰੀਕੇ ਨਾਲ ਜੋ ਪਾਵਨ ਸਰੂਪ ਤਿਆਰ ਕੀਤੇ ਜਾ ਰਹੇ ਸਨ, ਉਹਨਾਂ ਦਾ ਕੋਈ ਰਿਕਾਰਡ ਐਸ.ਜੀ.ਪੀ.ਸੀ. ਦੀ ਪਬਲੀਕੇਸ਼ਨ ਵਿਭਾਗ ਦੇ ਕਿਸੇ ਅਧਿਕਾਰੀ ਕੋਲ ਦਰਜ ਨਹੀਂ ਸੀ, ਜੋ ਕਿ ਬਹੁਤ ਵੱਡੀ ਧੋਖਾਧੜੀ ਸਾਬਿਤ ਹੁੰਦੀ ਹੈ।

ਸਾਲ 2012-13 ਤੋਂ 2019-20 ਤੱਕ ਪ੍ਰੈੱਸ ਦੇ ਰਿਕਾਰਡ ਅਨੁਸਾਰ 12,67,472 ਵਧੇਰੇ ਅੰਗ ਪ੍ਰੈੱਸ ਰਾਹੀਂ ਪਬਲੀਕੇਸ਼ਨ ਵਿਭਾਗ ਦੇ ਜਿਲਦਸਾਜ਼ਾ ਕੋਲ ਪੁੱਜੇ ਸਨ।ਜਿੰਨਾਂ ਵਿੱਚੋ 186 ਸਰੂਪ (61+125) ਅਣਅਧਿਕਾਰਿਤ ਤਰੀਕੇ ਨਾਲ 2,69,328 ਵਧੇਰੇ ਅੰਗਾਂ ਵਿੱਚੋ ਬਣਾਏ ਗਏ।ਫਿਰ ਵੀ 7,93,608 ਵਧੇਰੇ ਅੰਗ ਹਾਲ ਨੰ: 3 ਅਤੇ 4 ਵਿੱਚ ਪੜਤਾਲ ਕਮਿਸ਼ਨ ਨੇ ਫਿਜੀਕਲ ਚੈੱਕ ਕਰਦਿਆਂ ਮੌਜੂਦ ਪਾਏ, ਜੋ ਕਿ ਠੇਕੇਦਾਰ ਜਸਪ੍ਰੀਤ ਸਿੰਘ ਅਤੇ ਕੁਲਵੰਤ ਸਿੰਘ ਪਾਸ ਮੌਜੂਦ ਸਨ।2,04,536 ਵਧੇਰੇ ਅੰਗ ਨਾਂ ਤਾਂ ਸਾਨੂੰ 03 ਨੰਬਰ ਹਾਲ ਅਤੇ ਨਾਂ ਹੀ 04 ਨੰਬਰ ਹਾਲ ਵਿੱਚੋ ਮਿਲੇ, ਜੋ ਕਿ ਦੋਨੋਂ ਠੇਕੇਦਾਰਾਂ ਪਾਸ ਹੋਣੇ ਚਾਹੀਦੇ ਸੀ।ਇੰਨੀ ਵੱਡੀ ਗਿਣਤੀ ਤੋਂ ਘੱਟ ਤੋਂ ਘੱਟ 141 ਪਾਵਨ ਸਰੂਪ ਬਣ ਸਕਦੇ ਸਨ।ਇਹਨਾਂ ਵਧੇਰੇ ਅੰਗਾਂ ਦਾ ਵੀ ਪਤਾ ਨਹੀਂ ਲੱਗਿਆ।

ਇਹਨਾਂ ਉਪਰੋਕਤ ਨਵੀਂ ਵੇਲ੍ਹ ਦੇ ਵਧੇਰੇ ਪਾਵਨ ਸਰੂਪਾਂ ਦੇ ਅੰਗਾਂ ਤੋਂ ਇਲਾਵਾ ਪੁਰਾਣੀ ਵੇਲ੍ਹ ਦੇ 1,99,288 ਅੰਗ ਵੱਡੇ ਆਕਾਰ ਦੇ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਪਾਸ ਪਾਏ ਗਏ, ਜਿੰਨਾਂ ਤੋਂ ਤਕਰੀਬਨ 137 ਪਾਵਨ ਸਰੂਪ ਹੋਰ ਬਣ ਸਕਦੇ ਹਨ।

ਇਹ ਸਾਰੇ ਵਧੇਰੇ ਅੰਗਾਂ ਦੀ ਗਿਣਤੀ ਨੂੰ ਵੇਖਦਿਆਂ ਪੜਤਾਲ ਕਮਿਸ਼ਨ ਬੜਾ ਹੈਰਾਨ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਨੇ ਵੱਡੇ ਅਦਾਰੇ ਵਿੱਚ ਪਬਲੀਕੇਸ਼ਨ ਵਿਭਾਗ ਵਿੱਚ ਪਾਵਨ ਸਰੂਪਾਂ ਦੇ 9,92,886(ਅੱਖਰੀ ਨੌ ਲੱਖ ਬੰਨਵੇਂ ਹਜ਼ਾਰ ਅੱਠ ਸੌ ਛਿਆਨਵੇਂ) ਅੰਗ ਬਿਨ੍ਹਾਂ ਕਿਸੇ ਰਿਕਾਰਡ ਦੇ ਜਿਲਦਸਾਜ਼ ਪਾਸ ਪੜਤਾਲ ਕਮਿਸ਼ਨ ਨੇ ਮੌਜੂਦ ਪਾਏ, ਜੋ ਕਿ ਅਣਅਧਿਕਾਰਿਤ ਤਰੀਕੇ ਨਾਲ 3 ਅਤੇ 4 ਨੰਬਰ ਹਾਲ ਵਿੱਚ ਰੱਖੇ ਗਏ ਸਨ। ਜਿਲਦਸਾਜ਼ਾ ਪਾਸ ਮੌਜੂਦ ਵਧੇਰੇ ਅੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| **ਪਾਵਨ ਸਰੂਪ ਦੇ ਆਕਾਰ** | **ਜਿਲਦਸਾਜ਼ ਜਸਪ੍ਰੀਤ ਸਿੰਘ ਪਾਸ ਮੌਜੂਦ** | **ਜਿਲਦਸਾਜ਼ ਕੁਲਵੰਤ ਸਿੰਘ ਪਾਸ ਮੌਜੂਦ** | **ਕੁੱਲ ਗਿਣਤੀ** | **ਤਕਰੀਬਨ ਕਿੰਨੇ ਸਰੂਪ ਬਣ ਸਕਦੇ ਹਨ** |
|---|---|---|---|---|
| ਦਰਮਿਆਨਾ ਆਕਾਰ | 226122 | 174944 | 401061 | 276 |
| ਵੱਡਾ ਆਕਾਰ (ਪੁਰਣੀ ਵੇਲ) | 199288 | 0 | 199288 | 137 |
| ਵੱਡਾ ਆਕਾਰ (ਨਵੀਂ ਵੇਲ) | 46408 | 282608 | 329016 | 227 |
| ਵੱਡਾ ਆਕਾਰ ਲੜੀਵਾਰ | 0 | 63528 | 63528 | 43 |
| **ਕੁੱਲ** | **471816** | **521080** | **992896** | **683** |

| ਵਧੇਰੇ ਅੰਗ ਪ੍ਰੈੱਸ ਰਿਕਾਰਡ ਤੋਂ 2012-13 ਤੋਂ ਲੈਕੇ 2019-20 | 186 ਪਾਵਨ ਸਰੂਪ ਵਧੇਰੇ ਅੰਗਾਂ ਤੋਂ ਜੋ ਬਣਾਏ ਗਏ, ਜਿੰਨਾਂ ਵਿੱਚੋ 55 ਵੱਖਰੇ-2 ਗੁ:ਸਾਹਿਬਾਨ ਭੇਜੇ ਗਏ ਅਤੇ ਭੇਟਾ ਦਫਤਰ ਜਮਾਂ ਕਰਵਾਈ ਗਈ ਅਤੇ 6 ਪਾਵਨ ਸਰੂਪ ਸਟੋਰ ਵਿੱਚ ਬਿਰਾਜਮਾਨ ਹਨ ਅਤੇ 125 ਪਾਵਨ ਸਰੂਪ | ਵਧੇਰੇ ਅੰਗ ਜੋ ਹਾਲ ਨੰ: 03 ਅਤੇ 04 ਵਿੱਚ ਮੌਜੂਦ ਪਾਏ ਗਏ। | ਜਿਹੜੇ ਅੰਗ ਪ੍ਰਾਪਤ ਨਹੀਂ ਹੋਏ |
|---|---|---|---|

| | | | |
|---|---|---|---|
| ਤੱਕ ਦਿੱਤੇ | ਬਿਨ੍ਹਾਂ ਜਿਲਦ ਤੋਂ ਹਾਲ ਨੰ: 3 ਵਿੱਚ ਪਏ ਹਨ। | | |
| 12,67,472 | 2,69,328 | 7,93,608 | 2,04,536 |

ਸ੍ਰ: ਗੁਰਮੁੱਖ ਸਿੰਘ, ਸੁਪਰਵਾਈਜਰ ਨੇ ਸਾਲ 2020 ਦੇ ਵਿੱਚ ਜਿਲਦਸਾਜ਼ ਸ੍ਰ. ਕੁਲਵੰਤ ਸਿੰਘ ਅਤੇ ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਤੋਂ ਇੱਕ ਚਿੱਠੀ ਲਿਖਵਾਈ, ਜਿਸ ਵਿੱਚ ਪਾਵਨ ਸਰੂਪਾਂ ਦੇ ਵਾਧੇ-ਘਾਟੇ ਦੇ ਫਰਮੇ ਜੋ ਕਾਫੀ ਸਮੇਂ ਤੋਂ ਜਿਲਦਸਾਜ਼ ਠੇਕੇਦਾਰਾਂ ਪਾਸ ਪਏ ਹਨ, ਉਹਨਾਂ ਨੂੰ ਗ੍ਰੰਥੀ ਸਿੰਘਾਂ ਪਾਸੋਂ ਚੈੱਕ ਕਰਵਾ ਕੇ, ਪਾਵਨ ਸਰੂਪ ਤਿਆਰ ਕੀਤੇ ਜਾਣੇ ਚਾਹੀਦੇ ਹਨ, ਅਜਿਹੀ ਚਿੱਠੀ ਲਿਖਵਾਈ ਅਤੇ ਉਸ ਉੱਤੇ 08/11/2019 ਅਤੇ 09/11/2019 ਦੀਆਂ ਤਾਰੀਖਾਂ ਪਾਈਆ ਗਈਆਂ।

ਜਿਲਦਸਾਜ਼ ਸ੍ਰ: ਕੁਲਵੰਤ ਸਿੰਘ ਨੇ ਪੜਤਾਲ ਕਮਿਸ਼ਨ ਸਾਹਮਣੇ ਇਹ ਮੰਨਿਆ ਹੈ ਕਿ ਇਹ ਉਪਰੋਕਤ ਚਿੱਠੀ ਜੋ ਕਿ ਉਸਦੇ ਬਿਆਨ ਵਿੱਚ ਦਸਤਾਵੇਜ਼ ਨੰ: ਗ/3 (ਦੇਖੋ ਬਿਆਨ ਬੁੱਕ ਭਾਗ ਨੰ:1 ਪੰਨਾ ਨੰ: 51) ਤੇ ਨੱਥੀ ਹੈ;

> "*ਉਹ ਗਲਤ ਹੈ।ਉਹ ਚਿੱਠੀ ਚੌਥੇ ਮਹੀਨੇ 2020 ਵਿੱਚ ਗੁਰਮੁੱਖ ਸਿੰਘ ਸੁਪਰਵਾਈਜਰ ਨੇ ਲਿਖਵਾਈ ਹੈ ਤਾਂ ਕਿ ਪਾਵਨ ਸਰੂਪਾਂ ਦੇ ਅੰਗ ਪੂਰੇ ਕਰ ਸਕਣ,--- ਜੋ ਕਿ ਸਰਾਸਰ ਧੋਖਾ ਹੈ, ਜੋ ਕਿ ਅੱਜ ਮੈਨੂੰ ਪਤਾ ਲੱਗਿਆ ਜਿਸ ਸਮੇਂ ਮੈਂ ਉਪਰੋਕਤ ਦਸਤਾਵੇਜ਼ ਦੇਖਿਆ।ਮੈਂ ਗੁਰਮੁੱਖ ਸਿੰਘ, ਸੁਪਰਵਾਈਜਰ ਦੇ ਕਹਿਣ ਤੇ ਇਹ ਚਿੱਠੀ ਲਿਖੀ ਹੈ।---ਜਿਸ ਸਮੇਂ ਦਸਤਾਵੇਜ਼ ਨੰ: ਗ/3 ਲਿਖ ਰਿਹਾ ਸੀ, "ਮੈਂ ਇਸ ਆਸ਼ੇ ਨਾਲ ਗੁਰਮੁੱਖ ਸਿੰਘ ਦੇ ਕਹਿਣ ਤੇ ਲਿਖਿਆ ਹੈ ਕਿ ਪਾਵਨ ਸਰੂਪਾਂ ਦੇ ਵਧੇਰੇ ਅੰਗ ਮੇਰੇ ਅਤੇ ਜਸਪ੍ਰੀਤ ਸਿੰਘ ਜਿਲਦਸਾਜ਼ ਕੋਲ, ਬਹੁਤ ਸਮੇਂ ਤੋਂ ਪਏ ਸਨ ਤੇ ਪਬਲੀਕੇਸ਼ਨ ਵਿਭਾਗ ਆਪਣੇ ਲੈਜ਼ਰਾ ਦੇ ਅਕਾਉਂਟ ਨੂੰ ਸਹੀ ਕਰਣ ਵਾਸਤੇ, ਇਹਨਾਂ ਪਾਵਨ ਸਰੂਪਾਂ ਦੇ ਵਧੇਰੇ ਅੰਗਾਂ ਤੋਂ 61 ਪਾਵਨ ਸਰੂਪ ਤਿਆਰ ਕਰਵਾਏ, ਸਾਥੋਂ ਇਹ ਕਹਿ ਕੇ ਉਕਤ ਚਿੱਠੀ ਲਿਖਵਾਈ ਕਿ ਉੱਚ ਅਧਿਕਾਰੀਆ ਤੋਂ ਆਗਿਆ ਲੈ ਕੇ ਆਰਡਰ ਕਰਵਾ ਦਿੰਦੇ ਹਾਂ।ਇਹ ਗੱਲ ਤੀਜੇ-ਚੌਥੇ ਮਹੀਨੇ 2020 ਦੀ ਹੈ ਪਰ ਜਦ ਮੈਨੂੰ ਇਹ ਚਿੱਠੀ ਪੜਤਾਲ ਕਮੇਟੀ ਨੇ ਦਿਖਾਈ 'ਤੇ ਮੈਂ ਦੇਖਿਆ ਕਿ ਇਸ ਉੱਤੇ ਪਿਛਲੀਆ ਤਾਰੀਖਾਂ ਪਾਈਆਂ ਹਨ, ਇਹ ਧੋਖਾ ਹੈ।ਚਿੱਠੀ ਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਇੰਚਾਰਜ ਪਬਲੀਕੇਸ਼ਨ ਨੇ ਜੋ ਲਿਖਿਆ ਹੈ 8/11/2019 ਦਾ 'ਤੇ ਨੀਚੇ ਜੋ ਆਗਿਆ 09/11/2019 ਦੀ ਹੈ, ਉਹ ਇੱਕੋ ਹੀ ਲਿਖਾਈ ਵਿੱਚ ਹੈ।*"

ਜਿਲਦਸਾਜ਼ ਸ੍ਰ.ਜਸਪ੍ਰੀਤ ਸਿੰਘ ਨੇ ਇਸ ਚਿੱਠੀ ਬਾਰੇ ਮਿਤੀ 16/08/2020 ਨੂੰ ਪੜਤਾਲ ਕਮਿਸ਼ਨ ਸਾਹਮਣੇ ਆਪਣੇ ਬਿਆਨ ਵਿੱਚ ਕਿਹਾ ਕਿ;

*"ਦਸਤਾਵੇਜ਼ ਨੰ: 01 ਜੋ ਮੈਨੂੰ ਦਿਖਾਇਆ ਜਾ ਰਿਹਾ ਹੈ ਇਹ ਅਸਲ ਪੱਤਰ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ, ਜਿਸ ਤੇ ਮੇਰੇ ਦਸਤਖ਼ਤ ਹਨ, ਜਦੋਂ 267 ਪਾਵਨ ਸਰੂਪਾਂ ਦਾ ਘਟਨਾਕ੍ਰਮ ਵਾਪਰਿਆ ਉਸ ਸਮੇਂ ਹੋਏ ਘਾਟੇ ਦੀ ਪੂਰਤੀ ਕਰਨ ਵਾਸਤੇ ਇਸ ਪੱਤਰ ਤੇ ਮੀਤ ਸਕੱਤਰ ਸ੍ਰ.ਗੁਰਬਚਨ ਸਿੰਘ ਨੇ ਮੇਰੇ ਦਸਤਖ਼ਤ ਕਰਵਾਏ। ਇਸ ਪੱਤਰ ਦੀ ਜਾਣਕਾਰੀ ਮੈਨੂੰ ਚੰਗੀ ਤਰ੍ਹਾਂ ਹੈ। ਉਸ ਤੋਂ ਬਾਅਦ ਇਹ ਪੱਤਰ ਮੇਰੇ ਸਾਹਮਣੇ ਇੰਚਾਰਜ ਪਬਲੀਕੇਸ਼ਨ ਨੂੰ ਮਾਰਕ ਕੀਤੀ। ਇਸ ਉੱਪਰ ਪਿਛਲੇ ਸਾਲ ਦੀ ਫਰਜੀ ਤਾਰੀਖ ਪਾ ਕੇ ਗੁਰਮੁੱਖ ਸਿੰਘ ਸੁਪਰਵਾਈਜਰ/ਇੰਚਾਰਜ ਨੂੰ ਮਾਰਕ ਕੀਤੀ ਗਈ 'ਤੇ ਉਸ ਤੋਂ ਬਾਅਦ ਭਾਈ ਗੁਰਮੁੱਖ ਨੇ ਇਸ ਤੇ ਆਪਣੀ ਟਿੱਪਣੀ ਦਰਜ ਕੀਤੀ ਹੈ, ਜਿਸ ਬਾਰੇ ਮੈਨੂੰ ਜਾਣਕਾਰੀ ਨਹੀਂ। ਇਸ ਪੱਤਰ 'ਤੇ ਪਾਈ ਗਈ ਤਾਰੀਖ ਗਲਤ ਹੈ। ਜੋ ਕਿ 09/11/2019 ਪਈ ਹੋਈ ਹੈ, ਜਦਕਿ ਇਹ ਗੱਲ ਕੰਵਲਜੀਤ ਸਿੰਘ ਸੀ.ਜੀ.ਐਲ. ਦੇ ਰਿਟਾਇਰ ਹੋਣ ਤੋਂ ਬਾਅਦ ਭਾਵ 31/05/2020 ਤੋਂ ਬਾਅਦ ਦੀ ਹੈ, ਤੇ ਪਾਵਨ ਸਰੂਪਾਂ ਦੀ ਗਿਣਤੀ ਨੂੰ ਪੂਰਾ ਕਰਨ ਲਈ ਮੀਤ ਸਕੱਤਰ, ਗੁਰਬਚਨ ਸਿੰਘ ਵੱਲੋਂ ਲਿਖਵਾਈ ਗਈ ਹੈ, ਜਿਸ ਤੇ ਮੇਰੇ ਦਸਤਖ਼ਤ ਹਨ। ਜਿਸ ਤੇ ਮੀਤ ਸਕੱਤਰ, ਗੁਰਬਚਨ ਸਿੰਘ ਨੇ ਆਗਿਆ ਕੀਤੀ ਹੈ ਅਤੇ ਆਗਿਆ ਕਰਨ ਦੀ ਮਿਤੀ ਵੀ ਗਲਤ ਹੈ ਜੋ ਕਿ 09/11/2019 ਪਾਈ ਗਈ ਹੈ। ਜੋ ਫਰਮੇ ਠੇਕੇਦਾਰ ਪਾਸ ਵਧੀਕ ਅੰਗਾਂ ਦੇ ਪਏ ਸਨ, ਉਹਨਾਂ ਨੂੰ ਇਕੱਤਰ ਕਰਕੇ ਪਾਵਨ ਸਰੂਪਾਂ ਦੇ ਢਾਚੇਂ ਬਣਾਉਣ ਵਾਸਤੇ ਕਿਹਾ ਗਿਆ ਸੀ ਤੇ ਇਹ ਭਾਈ ਗੁਰਮੁੱਖ ਸਿੰਘ, ਸੁਪਰਵਾਈਜਰ ਤੇ ਮੀਤ ਸਕੱਤਰ ਗੁਰਬਚਨ ਸਿੰਘ ਨੇ ਆਗਿਆ ਦਿੱਤੀ ਸੀ।*

*ਇਹ ਪੱਤਰ 125 ਪਾਵਨ ਸਰੂਪਾਂ ਦੇ ਢਾਚੇਂ ਦੇ ਤਿਆਰ ਹੋਣ ਤੋਂ ਪਹਿਲਾ ਦਾ ਹੈ। ਇਸ ਜੋ 125 ਪਾਵਨ ਸਰੂਪਾਂ ਦੇ ਢਾਚੇਂ ਬਣਾਏ ਗਏ ਹਨ ਇਹ ਦਰਮਿਆਨਾ ਪਦਛੇਦ ਆਕਾਰ ਦੇ ਹਨ, ਜੋ ਕਿ ਹਾਲ ਨੰ: 03 ਵਿੱਚ ਹੁਣ ਵੀ ਢਾਚਿਆਂ ਦੇ ਰੂਪ ਵਿੱਚ ਮੌਜੂਦ ਹਨ। ਜਿੰਨਾਂ ਨੂੰ ਕੰਵਲਜੀਤ ਸਿੰਘ ਦੇ ਘਟਦੇ 267 ਪਾਵਨ ਸਰੂਪਾਂ ਵਿੱਚ ਨਹੀਂ ਪਾਇਆ ਜਾ ਸਕਿਆ। ਕਿਉਂਕਿ ਇਸ ਤੋਂ ਤੁਰੰਤ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੜਤਾਲ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੇ ਦਿੱਤੀ ਅਤੇ ਸਿੰਘ ਸਾਹਿਬ ਨੇ 14/07/2020 ਨੂੰ ਸਾਰਾ ਪਬਲੀਕੇਸ਼ਨ*

*ਵਿਭਾਗ ਸੀਲ ਕਰਵਾ ਦਿੱਤਾ ਸੀ।ਇਸ ਤੋਂ ਪਹਿਲਾ ਗੁਰਦਿਆਲ ਸਿੰਘ ਫਲਾਇੰਗ ਵਿਭਾਗ ਵੱਲੋਂ ਪਬਲੀਕੇਸ਼ਨ ਵਿਭਾਗ ਦੀ ਇੰਸਪੈਕਸ਼ਨ ਕੀਤੀ ਗਈ।ਜਿਸ ਵਿੱਚ ਸਾਡੇ ਜਿਲਦਸਾਜ਼ਾ ਦੇ ਹਾਲ ਵੀ ਚੈੱਕ ਕੀਤੇ ਗਏ ਸੀ ਅਤੇ ਫਿਜੀਕਲ ਸਟਾਕ ਵੀ ਚੈੱਕ ਕੀਤਾ ਜਿਸਦੀ ਗਿਣਤੀ ਦਾ ਰਿਕਾਰਡ ਫਲਾਇੰਗ ਵਿਭਾਗ ਪਾਸ ਹੈ।ਤਕਰੀਬਨ ਦੋ ਵਾਰ ਇਸ ਤਰ੍ਹਾਂ ਦੀਆਂ ਪੜਤਾਲਾਂ 125 ਪਾਵਨ ਸਰੂਪ ਤਿਆਰ ਹੋਣ ਤੋਂ ਬਾਅਦ ਹੋ ਚੁੱਕੀਆਂ ਹਨ।ਮੇਰੇ ਧਿਆਨ ਵਿੱਚ ਨਹੀਂ ਹੈ ਕਿ ਫਲਾਇੰਗ ਵਿਭਾਗ ਨੇ ਇੰਨਾਂ 125 ਸਰੂਪਾਂ ਬਾਰੇ ਕੀ ਲਿਖਿਆ ਹੈ ਜਿੰਨਾਂ ਨੂੰ ਅਜੇ ਤੱਕ ਜਿਲਦਬੰਦੀ ਨਹੀਂ ਕੀਤੀ ਗਈ।"*

ਅਜਿਹੀਆ ਬਹੁਤ ਸਾਰੀਆ ਇਸ ਵਿਭਾਗ ਵਿੱਚ ਹੋਰ ਵੀ ਗਲਤੀਆਂ ਅਧਿਕਾਰੀਆਂ ਵੱਲੋਂ ਕੀਤੀਆਂ ਹਨ ਜਿਵੇਂ ਕਿ ਦਸਤਾਵੇਜ਼ ਗ/1 (ਦੇਖੋ ਬਿਆਨ ਬੁੱਕ ਭਾਗ 1 ਪੰਨਾ ਨੰ: 50), ਇਹ ਚਿੱਠੀ ਜਿਲਦਸਾਜ਼ ਸ੍ਰ.ਕੁਲਵੰਤ ਸਿੰਘ ਪਾਸੋਂ ਸ੍ਰ.ਗੁਰਬਚਨ ਸਿੰਘ ਨੇ ਕੇਵਲ ਰਿਕਾਰਡ ਨੂੰ ਪੂਰਾ ਕਰਨ ਵਾਸਤੇ ਲਿਖਵਾਈ ਸੀ, ਜਿਸਤੇ ਕੋਈ ਤਾਰੀਖ ਨਹੀਂ ਸੀ।ਸ੍ਰ: ਕੁਲਵੰਤ ਸਿੰਘ ਨੇ ਪੜਤਾਲ ਕਮਿਸ਼ਨ ਨੂੰ ਮਿਤੀ 14/08/2020 ਨੂੰ ਦੱਸਿਆ ਸੀ ਕਿ ਇਹ ਚਿੱਠੀ ਉਸਤੋਂ ਬਿਨ੍ਹਾਂ ਤਾਰੀਖ ਪਾਏ ਲਿਖਵਾਈ ਗਈ ਅਤੇ ਉਸਨੇ ਕਿਹਾ ਕਿ ਇਹ ਸ੍ਰ: ਗੁਰਬਚਨ ਸਿੰਘ, ਮੀਤ ਸਕੱਤਰ ਨੇ ਉਸ ਤੋਂ ਚਿੱਠੀ ਵਿੱਚ ਗਲਤ ਲਿਖਵਾਇਆ ਹੈ।

ਇਸੇ ਅਦਾਰੇ ਵਿੱਚ ਜਿੱਥੋਂ ਪਾਵਨ ਸਰੂਪ ਬਾਹਰ ਸੰਗਤਾਂ ਵਿੱਚ ਜਾਂਦੇ ਸਨ, ਉਹ ਸੀ ਸ਼ੋਅ-ਰੂਮ, ਜਿੱਥੇ ਸ੍ਰ.ਦਲਬੀਰ ਸਿੰਘ ਹੈਲਪਰ ਡਿਊਟੀ ਨਿਭਾ ਰਿਹਾ ਸੀ।ਇਸ ਵਿਅਕਤੀ ਨੇ ਵੀ ਜੋ ਡੁੱਚਾਂ ਸਨ, ਉਹਨਾਂ ਦੀ ਕਾਰਬਨ ਕਾਪੀਆ 'ਤੇ ਵੀ ਪੈਨ ਫੇਰੇ ਹੋਏ ਸਨ (ਡੁੱਚ ਦਾ ਮਤਲਬ ਉਹ 100 ਰਸੀਦਾ ਦੀ ਬੁੱਕ, ਜਿਸ ਵਿੱਚ ਸ਼ੋਅਰੂਮ ਤੋਂ ਪਾਵਨ ਸਰੂਪ ਦੇਣ ਲੱਗਿਆ ਭੇਟਾ ਦੀ ਰਸੀਦ ਕੱਟਦਿਆਂ, ਸੰਗਤਾਂ ਦਾ ਵਿਵਰਣ, ਪਾਵਨ ਸਰੂਪਾਂ ਦਾ ਆਕਾਰ ਅਤੇ ਸੀਰੀਅਲ ਨੰਬਰ ਦਰਜ ਕੀਤੇ ਜਾਂਦੇ ਹਨ) ਇਹਨਾਂ ਡੁੱਚਾਂ ਤੇ ਭਾਈ ਦਲਬੀਰ ਸਿੰਘ ਹੈਲਪਰ ਨੇ ਬਾਅਦ ਵਿੱਚ ਪੈਨ ਰਾਹੀਂ ਕਈ ਜਗ੍ਹਾ ਤੇ ਪਾਵਨ ਸਰੂਪ ਦੇ ਵੱਡੇ ਆਕਾਰ ਨੂੰ ਦਰਮਿਆਨਾ ਅਤੇ ਦਰਮਿਆਨੇ ਤੋਂ ਵੱਡਾ ਆਕਾਰ ਬਦਲਿਆ ਹੋਇਆ ਸੀ, ਜੋ ਕਿ ਇੱਕ ਗੁਨਾਹ ਹੈ ਅਤੇ ਐਸਾ ਕਰਨਾ ਸਜ਼ਾਯੋਗ ਹੈ।

ਡੁੱਚ ਦੀਆਂ 100 ਰਸੀਦਾ ਪੂਰੀਆਂ ਹੋਣ ਤੋਂ ਬਾਅਦ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਵੱਲੋਂ ਜਿਹੜਾ ਬਿਲ ਡੁੱਚਾਂ ਦੇ ਹਿਸਾਬ ਨਾਲ ਕੱਟਿਆ ਜਾਂਦਾ ਸੀ ਉਸ ਵਿੱਚ ਆਕਾਰਾਂ ਦਾ ਜੋੜ ਡੁੱਚ ਵਿੱਚ ਵੱਖਰੇ-ਵੱਖਰੇ ਆਕਾਰ ਦੀਆਂ ਕੱਟੀਆਂ ਗਈਆ ਰਸੀਦਾਂ ਨਾਲ ਨਹੀਂ ਮੇਲ ਖਾਂਦਾ ਸੀ।ਉਦਾਹਰਣ ਦੇ ਤੌਰ ਤੇ ਡੁੱਚ ਨੰ: 24 ਵਿੱਚ (ਰਸੀਦ ਨੰ: 2301 ਤੋਂ

2400 ਤੱਕ) 52 ਦਰਮਿਆਨਾ ਆਕਾਰ ਦੇ ਸਰੂਪ ਭੇਟਾ ਸਹਿਤ ਸੰਗਤਾਂ ਨੂੰ ਦਿੱਤੇ ਗਏ, ਪ੍ਰੰਤੂ ਲੈਜ਼ਰ ਅਤੇ ਬਿਲ ਵਿੱਚ ਇਹਨਾਂ ਦੀ ਗਿਣਤੀ 90 ਦਰਜ ਕੀਤੀ ਗਈ। ਇਸ ਨਾਲ ਵੀ ਪਾਵਨ ਸਰੂਪਾਂ ਦੇ ਵੱਖਰੇ-ਵੱਖਰੇ ਆਕਾਰਾਂ ਦਾ ਸਟਾਕ ਦਾ ਰਿਕਾਰਡ ਵੱਧ-ਘੱਟ ਹੋਇਆ ਹੈ। ਇਸ ਗਲਤੀ ਨੂੰ ਨਾਂ ਤਾਂ ਸੀ.ਜੀ.ਐਲ. ਨੇ ਚੈੱਕ ਕੀਤਾ ਹੈ, ਨਾ ਸ੍ਰ.ਦਲਬੀਰ ਸਿੰਘ ਹੈਲਪਰ ਅਤੇ ਨਾ ਹੀ ਪਬਲੀਕੇਸ਼ਨ ਵਿਭਾਗ ਦੇ ਸੁਪਰਵਾਈਜਰ, ਇੰਚਾਰਜ ਅਤੇ ਮੀਤ ਸਕੱਤਰ ਨੇ ਵਾਚਿਆ ਅਤੇ ਨਾਂ ਹੀ ਕਿਸੇ ਆਡੀਟਰ ਨੇ ਇਹ ਰਿਕਾਰਡ ਕਦੀ ਚੈੱਕ ਕੀਤਾ ਹੈ। ਜਿਸ ਨਾਲ ਸਟਾਕ ਲੈਜ਼ਰ ਵਿੱਚ ਅਤੇ ਵਾਸਤਵਿਕ ਸਟਾਕ ਵਿੱਚ ਪਾਵਨ ਸਰੂਪਾਂ ਦੇ ਵੱਖਰੇ-ਵੱਖਰੇ ਸਰੂਪਾਂ ਦੇ ਸਟਾਕ ਦਾ ਫਰਕ ਆਇਆ ਹੈ। ਇਸ ਗਲਤੀ ਵਿੱਚ ਸਾਰੇ ਹੀ ਕਰਮਚਾਰੀ ਅਤੇ ਅਧਿਕਾਰੀ ਸਮੇਤ ਸਾਰੇ ਹੀ ਆਡੀਟਰ ਜਿੰਮੇਵਾਰ ਹਨ ਅਤੇ ਅਕਾਉਂਟ ਬ੍ਰਾਂਚ ਵੀ ਇਸ ਵਿੱਚ ਸ਼ਾਮਿਲ ਹੈ। ਕਿਸੇ ਨੇ ਵੀ ਇੱਕ ਵਾਰ ਵੀ ਇਹਨਾਂ ਡੁੱਚਾਂ ਦਾ ਮਿਲਾਣ ਬਿਲਾਂ ਦੇ ਨਾਲ ਨਹੀਂ ਕੀਤਾ ਅਤੇ ਸਟਾਕ ਨਾਲ ਕਦੇ ਵੀ ਚੈੱਕ ਨਹੀਂ ਕੀਤਾ।

ਐਸੀਆਂ ਬਹੁਤ ਸਾਰੀਆਂ ਕਮੀਆਂ ਪਬਲੀਕੇਸ਼ਨ ਵਿਭਾਗ ਵਿੱਚੋਂ ਬਾਹਰ ਸੰਗਤਾਂ ਵਿੱਚ ਭੇਜਣ ਵਾਲੇ ਪਾਵਨ ਸਰੂਪਾਂ ਨੂੰ ਉੱਚ ਅਧਿਕਾਰੀ ਅਣਗੌਲਿਆ ਕਰਦੇ ਰਹੇ ਜਿਸ ਕਾਰਨ ਅੱਜ ਸੰਸਥਾ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ੰਸਥਾ ਮਾੜੀ ਨਹੀਂ ਹੈ ਅਤੇ ਨਾਂ ਸੰਸਥਾ ਮਾੜੀ ਹੁੰਦੀ ਹੈ, ਸੰਸਥਾ ਦੇ ਨਿਯਮ ਅਤੇ ਪ੍ਰਬੰਧ ਸਕੀਮ ਸਮੇਂ-ਸਮੇਂ ਸਿਰ ਅੰਤ੍ਰਿੰਗ ਕਮੇਟੀ ਨੂੰ ਅਤੇ ਪ੍ਰਬੰਧਕ ਸੱਜਣਾਂ ਨੂੰ ਲੋੜ ਅਨੁਸਾਰ ਸੋਧਣੇ ਚਾਹੀਦੇ ਹਨ ਅਤੇ ਉਹਨਾਂ ਦੇ ਸਖਤੀ ਨਾਲ ਲਾਗੂ ਕਰਨ ਦੀ ਜਰੂਰਤ ਹੁੰਦੀ ਹੈ। ਜੋ ਕਿ ਐਸਾ ਨਹੀਂ ਕੀਤਾ ਗਿਆ। ਜਦੋਂ ਕਿਸੇ ਵੀ ਵਿਭਾਗ ਨੂੰ ਬੇਨਿਯਮ ਤਰੀਕੇ ਨਾਲ ਚੱਲਣ ਦਿੱਤਾ ਜਾਵੇ ਅਤੇ ਐਸੀਆਂ ਬੇਨਿਯਮੀਆਂ ਦੀ ਆਦਤ ਬਣ ਜਾਵੇ, ਕੁਝ ਸਮੇਂ ਤੋਂ ਬਾਅਦ ਪ੍ਰਬੰਧ ਸਕੀਮ ਦੇ ਨਿਯਮ ਵੀ ਅਣਗੌਲੇ ਹੋ ਜਾਂਦੇ ਹਨ ਅਤੇ ਕਰਮਚਾਰੀ/ਅਧਿਕਾਰੀਆਂ ਗਲਤੀਆਂ ਕਰਨ ਦੇ ਆਦੀ ਹੋ ਜਾਂਦੇ ਹਨ, 'ਤੇ ਉਹਨਾਂ ਗਲਤੀਆ ਨੂੰ ਛੁਪਾਉਣ ਲਈ ਗਲਤੀ ਤੇ ਗਲਤੀ ਕਰਦੇ ਚਲੇ ਆਉਂਦੇ ਹਨ। ਐਸਾ ਕਈ ਸਾਲਾਂ ਤੋਂ ਇਹ ਪਾਵਨ ਪਵਿੱਤਰ ਸਰੂਪਾਂ ਦਾ ਪਬਲੀਕੇਸ਼ਨ ਵਿਭਾਗ ਲੈਜ਼ਰਾਂ ਅਨੁਸਾਰ ਗਲਤੀਆਂ ਕਰਦਾ ਆ ਰਿਹਾ ਹੈ।

ਇਸ ਵਿਭਾਗ ਵਿੱਚ ਕਿਤੇ-ਕਿਤੇ ਕੋਈ ਚੰਗਾਂ ਅਧਿਕਾਰੀ ਆ ਵੀ ਜਾਵੇ 'ਤੇ ਉਸਦੀ ਸ਼ਿਕਾਇਤ ਕਰਕੇ ਉਸਦੀ ਤਬਦੀਲੀ ਕਰਵਾਈ ਜਾਂਦੀ ਹੈ, ਐਸਾ ਇਸ ਵਿਭਾਗ ਵਿੱਚ ਬਹੁਤ ਹੁੰਦਾ ਸੁਣਿਆ ਜਾ ਰਿਹਾ ਹੈ।

ਐਸੀ ਬੇਅਦਬੀ ਪਾਵਨ ਸਰੂਪਾਂ ਦੀ ਅਤੇ ਮਹਾਰਾਜ ਦੇ ਪਾਵਨ ਅੰਗਾਂ ਦੀ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਜੋ ਕੀਤੀ ਗਈ ਹੈ, ਉਹਨਾਂ ਲਈ ਪੜਤਾਲ ਕਮਿਸ਼ਨ ਕੋਲ ਵਰਨਣ ਕਰਨ ਲਈ ਕੋਈ ਸ਼ਬਦ ਨਹੀਂ ਹਨ। ਜਿਸ ਘਰ ਦੇ ਵਿੱਚ ਸ਼ਬਦ ਸੁਰਤ ਦੀ ਨੀਂਹ ਰੱਖੀ ਗਈ ਸੀ ਅਤੇ ਬਾਣੀ ਗੁਰੂ ਦੇ ਘਰ ਨੂੰ ਬੰਨਿਆ ਗਿਆ ਸੀ, ਉਸੇ ਘਰ ਵਿਚ ਅੱਜ ਉੱਚ ਅਧਿਕਾਰੀ ਅਤੇ ਕਰਮਚਾਰੀ ਪਬਲੀਕੇਸ਼ਨ ਵਿਭਾਗ ਅਤੇ ਪ੍ਰਿੰਟਿੰਗ ਪ੍ਰੈੱਸ ਵਿਚ ਸ਼ਬਦ ਗੁਰੂ ਦੇ ਪਾਵਨ ਸਰੂਪਾਂ ਨੂੰ ਮਰਿਯਾਦਾ ਅਨੁਸਾਰ ਸੰਭਾਲਣ ਤੋਂ ਅਸਮਰੱਥ ਰਹੇ ਹਨ ਜੋ ਕਿ ਗੰਭੀਰ ਅਪਰਾਧ ਹੈ।

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*

*(ਰਾਮਕਲੀ ਮ:੧, ਅੰਗ ਨੰ: ੯੩੮)*

*ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*

*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*

*(ਸਵੱਈਏ ਮਹਲੇ ਚਉਥੇ ਕੇ, ਅੰਗ ਨੰ: ੧੪੦੫)*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।*

*ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥*

*(ਨਟ ਮਹਲਾ ੪, ਅੰਗ ਨੰ: ੯੮੨ )*

*ਅਪਨਾ ਗੁਰੂ ਧਿਆਏ॥ ਮਿਲਿ ਕੁਸਲ ਸੇਤੀ ਘਰਿ ਆਏ॥*

*(ਸੋਰਠਿ ਮਹਲਾ ੫, ਅੰਗ ੬੨੭)*

*ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥*

*(ਗੋਂਡ ਮਹਲਾ ੫, ਅੰਗ ੮੬੪)*

*ਗੁਰੂ ਗੁਰੂ ਜਪਿ ਮੀਤ ਹਮਾਰੇ॥ ਮੁਖ ਊਜਲ ਹੋਵਹਿ ਦਰਬਾਰੇ॥ 1॥ ਰਹਾਉ॥*

*(ਗਉੜੀ ਮਹਲਾ ੫, ਅੰਗ ੧੯੦)*

ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਘਰ ਬਣਾਇਆ ਹੈ, ਉਹ ਕੇਵਲ ਸ਼ਬਦ/ਬਾਣੀ ਗੁਰੂ ਦਾ ਹੀ ਹੈ। ਸ਼ਬਦ ਅਤੇ ਬਾਣੀ ਗੁਰੂ ਨੂੰ ਉਜਾਗਰ ਕਰਨਾ ਅਤੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਨੂੰ ਠੱਲ ਪਾਉਣੀ, ਅਜੋਕੇ ਸਮੇਂ ਵਿੱਚ ਬਹੁਤ ਜ਼ਰੂਰੀ ਅਤੇ ਸਹੀ ਕੰਮ ਸੀ। 239 ਸਾਲ

(1469 ਤੋਂ 1708 ਤੱਕ) ਦਸ ਜੋਤਾਂ ਨੇ ਇਸ ਜਾਗਤ ਜੋਤਿ, ਜੁੱਗੋ-ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੰਸਾਰ ਵਿੱਚ ਪ੍ਰਕਾਸ਼ ਕਰਨਾ ਕੀਤਾ।ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਜੋ ਧੁਰ ਦਰਗਾਹ ਤੋਂ ਆਪਣੇ ਘਟਿ ਬੈਠੇ ਮਾਲਕ ਦੇ ਘਰੋਂ ਲਿਆਦੀਂ 'ਤੇ ਜਿੰਨਾਂ-ਜਿੰਨਾਂ ਦੇ ਘਟਿ ਵਿੱਚੋ ਮਾਲਕ ਦੀ ਬਾਣੀ ਆਈ, ਐਸੀ ਬਾਣੀ ਨੂੰ ਜਗਤ ਵਿੱਚ ਦਸੇ ਪਾਤਸ਼ਾਹੀਆਂ ਨੇ ਸਥਾਪਿਤ ਕੀਤਾ।ਇੱਥੇ ਕੋਈ ਜਾਤ-ਪਾਤ, ਊਚ-ਨੀਚ ਕੋਈ ਉਮਰ ਦਾ ਤਕਾਜ਼ਾ ਨਹੀਂ ਦੇਖਿਆ ਗਿਆ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰਮੁਖੀ ਲਿਪੀ ਗੁਰੂ ਨਾਨਕ ਸਾਹਿਬ ਜੀ ਨੇ ਆਸਾ ਪਟੀ ਵਿੱਚ 432 ਅੰਗ ਤੇ ਲਿਖਣੀ ਕੀਤੀ (ਰਾਗ ਆਸਾ ਮਹਲਾ ੧, ਪਟੀ ਲਿਖੀ) ਜਿਸ ਵਿੱਚ ਪੂਰੇ ਪੈਂਤੀ ਅੱਖਰ ਹਨ। ਐਸੀ ਲਿਪੀ ਜਿਸਦੀ ਕੋਈ ਬੋਲਣ ਵਾਲੀ ਭਾਸ਼ਾ ਨਹੀਂ ਸੀ, ਜਿਸ ਲਿਪੀ ਵਿੱਚ ਤਕਰੀਬਨ 17 ਤੋਂ ਵੱਧ ਭਾਸ਼ਾਵਾਂ ਨੂੰ ਵੱਖਰੇ-ਵੱਖਰੇ ਜਾਤੀ ਸੰਪ੍ਰਦਾ ਦੇ ਘਟਿ ਬੈਠੇ ਮਾਲਕ ਦੇ ਘਰੋਂ ਆਈ ਹੋਈ ਬਾਣੀ ਨੂੰ ਦਰਜ ਕੀਤਾ।ਕੇਵਲ ਇਹ ਦਿਖਾਉਣ ਵਾਸਤੇ ਕਿ ਹਰ ਘਟਿ ਵਿੱਚ ਰੱਬ ਵਸਦੇ ਹਨ ਅਤੇ ਰੱਬ ਬੋਲਦੇ ਹਨ।

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥*

(ਮਾਲੀ ਗਉੜਾ ਭਗਤ ਨਾਮਦੇਵ ਜੀ, ਅੰਗ ੯੮੮)

ਇੱਥੇ ਇੱਕ-ਇੱਕ ਸ਼ਬਦ ਗੁਰੂ ਰੂਪ ਹੈ, ਐਸੇ ਇੱਕ-ਇੱਕ ਸ਼ਬਦ ਨੂੰ ਇਕੱਤਰਤ ਕਰਕੇ ਪਾਵਨ ਸਰੂਪ ਦੀ ਬੀੜ ਬਣੀ ਹੈ 'ਤੇ ਐਸੀ ਬਾਣੀ ਦੇ ਸਰੂਪ ਨੂੰ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਭਾਈ ਗੁਰਦਾਸ ਜੀ ਪਾਸੋਂ ਆਦਿ ਬਾਣੀ ਦਾ ਸਰੂਪ ਤਿਆਰ ਕਰਵਾਉਣੇ ਕੀਤੇ।ਜਿੱਥੇ ਅੱਜ ਪੰਥ ਦੀ ਸਿਰਮੌਰ ਪੰਥਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਵਨ ਸਰੂਪਾਂ ਦੀ ਪ੍ਰਿੰਟਿੰਗ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਬਣਾਇਆ ਹੈ 'ਤੇ ਉਸ ਵਿਭਾਗ ਦੀ ਕਾਰਗੁਜਾਰੀ ਅਣਦੇਖੀ ਅਤੇ ਅਣਗੌਲੀ ਹੋ ਰਹੀ ਹੈ।

ਅੱਜ ਬਹੁਤ ਗੰਭੀਰ ਸਮੱਸਿਆ ਪੰਥ ਅੱਗੇ ਆਣ ਖੜ੍ਹੀ ਹੋਈ ਹੈ, ਜਿਸਦੇ ਬਾਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਪ੍ਰਤੀ ਉਹ ਸ਼ਰਧਾ, ਵਿਸ਼ਵਾਸ, ਯਕੀਨ, ਭਰੋਸ਼ਾ ਅਤੇ ਸਤਿਕਾਰ ਤਕਰੀਬਨ ਖਤਮ ਹੁੰਦਾ ਨਜ਼ਰ ਆ ਰਿਹਾ ਹੈ।

ਐਸੇ ਪਾਵਨ ਪਵਿੱਤਰ ਘਰ ਨੂੰ ਪੈਸੇ (ਮਾਇਆ) ਨਾਲ ਤੋਲਿਆ ਨਹੀਂ ਜਾ ਸਕਦਾ, ਐਸਾ ਕਦੇ ਨਹੀਂ ਕਿਹਾ ਜਾ ਸਕਦਾ ਅਤੇ ਨਾਂਹੀ ਕਹਿਣਾ ਚਾਹੀਦਾ ਹੈ ਕਿ "ਜੇ ਪਾਵਨ ਸਰੂਪ ਘੱਟ ਹੋ ਗਏ ਹਨ ਤਾਂ ਕੀ ਹੋ ਗਿਆ ਹੈ, ਅਸੀਂ ਪੈਸਿਆ ਨਾਲ ਇਸਦੀ ਭਰਪਾਈ ਕਰ ਲਵਾਂਗੇ।"

ਸਾਨੂੰ ਇੱਕ-ਇੱਕ ਪਾਵਨ ਸਰੂਪ ਨੂੰ ਭਾਲਣ ਦਾ ਯਤਨ ਕਰਨਾ ਚਾਹੀਦਾ ਹੈ ਨਾ ਕਿ ਕੇਵਲ ਪੈਸੇ ਦਾ ਦੰਡ ਦਿੰਦਿਆਂ ਇਹਨਾਂ ਪਾਵਨ ਸਰੂਪਾਂ ਦਾ ਹੱਲ ਕੱਢਣਾ ਚਾਹੀਦਾ ਹੈ।

ਪੜਤਾਲ ਕਮਿਸ਼ਨ ਨੇ ਸ੍ਰ.ਕੰਵਲਜੀਤ ਸਿੰਘ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਇੱਕ ਤਾਂ ਤੁਸੀਂ ਅਣਅਧਿਕਾਰਿਤ ਤਰੀਕੇ ਨਾਲ ਉੱਚ ਅਧਿਕਾਰੀਆਂ ਦੀ ਛਤਰ ਛਾਇਆ ਹੇਠ ਤਕਰੀਬਨ 19 ਸਾਲ ਇਸ ਅਹਿਮ ਅਹੁਦੇ 'ਤੇ ਟਿਕੇ ਰਹੇ ਅਤੇ ਪਾਵਨ ਸਰੂਪਾਂ ਦੇ ਪ੍ਰਤੀ ਅਣਗਹਿਲੀ ਅਤੇ ਨਜ਼ਰਅੰਦਾਜੀ ਵਰਤੀ, 'ਤੇ ਉੱਚ ਅਧਿਕਾਰੀਆਂ ਦੇ ਕਹਿਣ ਤੇ ਜਾਂ ਆਪਣੀ ਮਰਜੀ ਨਾਲ ਪਾਵਨ ਸਰੂਪਾਂ ਨੂੰ ਦੇਣਾ ਕੀਤਾ, ਤੇ ਉਹਨਾਂ ਦਾ ਰਿਕਾਰਡ ਸਹੀ ਤਰੀਕੇ ਨਾਲ ਨਹੀਂ ਰੱਖਿਆ।ਪੜਤਾਲ ਕਮਿਸ਼ਨ ਦੇ ਦਾਸ ਨੇ ਇਹ ਵੀ ਬੇਨਤੀ ਕੀਤੀ ਕੇ ਤੁਸੀਂ ਕ੍ਰਿਪਾ ਕਰਕੇ ਪਾਵਨ ਸਰੂਪਾਂ ਬਾਰੇ ਦੱਸਣਾਂ ਕਰੋ ਕਿ ਕਿਸ-ਕਿਸ ਅਧਿਕਾਰੀ ਦੇ ਕਹਿਣ 'ਤੇ ਤੁਸੀਂ ਪਾਵਨ ਸਰੂਪ ਕਿਸ-ਕਿਸ ਨੂੰ ਅਤੇ ਕਿੱਥੇ-ਕਿੱਥੇ ਦਿੱਤੇ। ਪੜਤਾਲ ਕਮਿਸ਼ਨ ਆਪ ਜਾ ਕੇ ਉਹਨਾਂ ਦੇ ਦਰਸ਼ਨ ਕਰਕੇ ਆਪਣੀ ਪੜਤਾਲ ਵਿੱਚ ਦਰਜ਼ ਕਰ ਸਕੇ ਕਿ ਕਿਸ-ਕਿਸ ਹਾਲਤ ਵਿੱਚ ਅਤੇ ਕਿੱਥੇ-ਕਿੱਥੇ ਪਾਵਨ ਸਰੂਪ ਹਨ ਤਾਂ ਕਿ ਪੰਥਕ ਜੁੰਮੇਵਾਰੀ ਜੋ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਿੰਘ ਸਾਹਿਬ ਜੀ ਦੇ ਕਹਿਣ ਤੇ ਇਸ ਪੜਤਾਲ ਦੀ ਜਿੰਮੇਵਾਰੀ ਗੁਰੂ ਜੀ ਦੀ ਕ੍ਰਿਪਾ ਸਦਕਾ ਪੂਰੀ ਹੋ ਸਕੇ ਅਤੇ ਪੰਥ ਨੂੰ ਜਵਾਬਦੇਹ ਹੋ ਸਕੇ।ਦਾਸ ਨੇ ਇਹ ਵੀ ਕਿਹਾ ਕਿ ਦਾਸ ਤੁਹਾਨੂੰ ਪੰਥ ਤੋਂ ਬੇਨਤੀ ਕਰਕੇ ਬਚਾਉਣ ਦਾ ਯਤਨ ਕਰੇਗਾ।ਇੱਥੇ ਤੱਕ ਕਿਹਾ ਕਿ ਜਿਵੇਂ ਭਾਈ ਲੱਧਾ ਜੀ ਨੇ ਆਪਣਾ ਮੂੰਹ ਕਾਲਾ ਕਰਕੇ, ਗਲੇ ਵਿੱਚ ਜੁੱਤੀਆਂ ਦਾ ਹਾਰ ਪਾ ਕੇ, ਗਧੇ ਤੇ ਬੈਠ ਕੇ ਤੇ ਸੱਤੇ ਅਤੇ ਬਲਵੰਡ ਨੂੰ ਬਖ਼ਸਾਇਆ ਸੀ, ਉਸ ਤਰੀਕੇ ਨਾਲ ਦਾਸ ਤੁਹਾਨੂੰ ਸੰਗਤ ਕੋਲੋ ਬਖ਼ਸਾਏਗਾ।ਦਾਸ ਨੇ ਕਈ ਵਾਰ ਸ੍ਰ: ਕੰਵਲਜੀਤ ਸਿੰਘ ਦੇ ਚਰਨਾਂ ਨੂੰ ਹੱਥ ਲਾਇਆ 'ਤੇ ਬੇਨਤੀ ਕੀਤੀ ਕੀ ਹੁਣ ਆਪ ਜੀ ਦੱਸ ਦਿਓ ਨਹੀਂ ਤਾਂ ਬਾਅਦ ਵਿੱਚ ਆਪ ਜੀ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ 'ਤੇ ਮਾਲਕ ਦੇ ਘਰ ਤੁਸੀਂ ਬਖ਼ਸ਼ੇ ਨਹੀਂ ਜਾਵੋਗੇ।ਅਜਿਹੀਆ ਗੱਲਾਂ ਸੁਣ ਕੇ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਰੋ ਵੀ ਪੈਂਦਾ ਅਤੇ ਇਹ ਕਹਿ ਕੇ ਉਠਦਾ ਕੇ ਮੈਂ ਤੁਹਾਨੂੰ ਵਿਚਾਰ ਕਰਕੇ ਸਵੇਰੇ ਦੱਸ ਦਿਆਂਗਾ, ਪਰ ਦੂਸਰੇ ਦਿਨ ਉਸਦਾ ਮਨ ਕਿਸੇ ਦੇ ਦਬਾਅ ਥੱਲੇ ਫਿਰ ਆ ਜਾਂਦਾ 'ਤੇ ਉਹ ਸੱਚ ਦੱਸਣ ਤੋਂ ਮੁਨਕਰ ਹੋ ਜਾਂਦਾ।ਹਰ ਵਾਰ ਉਹ ਅਖੀਰ ਤੱਕ ਇਸੇ ਤਰ੍ਹਾਂ ਕਰਦਾ ਰਿਹਾ।ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਇੰਨੇ ਲੰਮੇ ਸਮੇਂ ਤੋਂ ਪਬਲੀਕੇਸ਼ਨ ਵਿਭਾਗ ਵਿੱਚ ਸੇਵਾ ਨਿਭਾਉਂਦਾਂ ਆ ਰਿਹਾ ਹੈ, ਜਿਸ ਕਾਰਨ ਉਸਨੂੰ ਹਰ ਬਾਰੀਕੀ ਬਾਰੇ ਜਾਣਕਾਰੀ ਸੀ ਅਤੇ ਸੀ.ਜੀ.ਐਲ. ਹੋਣ ਕਾਰਨ ਗੁਰੂ ਸਾਹਿਬ ਦੇ ਪਾਵਨ ਸਰੂਪ ਉਸ ਰਾਹੀਂ

ਹੀ ਬਾਹਰ ਗੁਰਦੁਆਰਾ ਸਾਹਿਬਾਨਾਂ ਜਾਂ ਸੰਗਤ ਨੂੰ ਦਿੱਤੇ ਜਾਂਦੇ ਸਨ, ਇਸ ਲਈ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਦਾ ਪੂਰਨ ਰੂਪ ਵਿੱਚ ਇਹਨਾਂ ਬੇਨਿਯਮੀਆਂ ਵਿੱਚ ਹੱਥ ਸੀ।ਇਸ ਲਈ ਜੇਕਰ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਚਾਹੁੰਦਾ ਤਾਂ 328 ਪਾਵਨ ਸਰੂਪਾਂ ਦੇ ਘਟਣ ਦਾ ਕਾਰਨ ਅਤੇ ਕਿੱਥੇ-ਕਿੱਥੇ ਗੁਰਦੁਆਰਾ ਕਮੇਟੀਆਂ/ਸੰਗਤਾਂ ਨੂੰ ਇਹ ਪਾਵਨ ਸਰੂਪ ਭੇਜੇ ਗਏ, ਬਾਰੇ ਸਾਰਾ ਕੁਝ ਦੱਸ ਸਕਦਾ ਸੀ।ਪ੍ਰੰਤੂ ਉਸਨੇ ਅਜਿਹਾ ਨਹੀਂ ਕੀਤਾ, ਇਸ ਪਿੱਛੇ ਉਸਦੀ ਕੀ ਮਨਸ਼ਾ ਸੀ ਜਾਂ ਕੋਈ ਦਬਾਅ ਸੀ, ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ।ਇਹ ਜ਼ਰੂਰ ਪ੍ਰਤੱਖ ਹੈ ਕਿ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜ਼ਰ ਇਸ ਕੜੀ ਦਾ ਅਹਿਮ ਹਿੱਸਾ ਹੈ।ਅਜਿਹਾ ਨਹੀਂ ਹੈ ਕਿ ਇਹ ਇਕੱਲਾ ਹੈ, ਇਸਦੇ ਨਾਲ ਇਸ ਵਿਭਾਗ ਦੇ ਉੱਚ ਅਧਿਕਾਰੀ 'ਤੇ ਕਰਮਚਾਰੀ ਸ਼ਾਮਿਲ ਹੋ ਸਕਦੇ ਹਨ।

ਪੜਤਾਲ ਕਮਿਸ਼ਨ ਕੋਲ ਇੱਕ ਤਾਂ ਸਮਾਂ ਬਹੁਤ ਘੱਟ ਸੀ ਅਤੇ ਦੂਸਰਾ ਪੜਤਾਲ ਕਮਿਸ਼ਨ ਕੋਲ ਪੁੱਛਣ ਅਤੇ ਜਾਚ ਕਰਨ ਲਈ ਅਧਿਕਾਰ ਖੇਤਰ ਦਾ ਬੰਧਨ ਸੀ।ਪੜਤਾਲੀਆ ਕਮਿਸ਼ਨ ਪੁੱਛਣ ਤੋਂ ਇਲਾਵਾ ਹੋਰ ਕੁਛ ਵੀ ਨਹੀਂ ਕਰ ਸਕਦਾ ਸੀ ਜਿਸ ਨਾਲ ਸੱਚ ਉਗਲਵਾਇਆ ਜਾ ਸਕਦਾ।

ਉੱਚ ਅਧਿਕਾਰੀ ਜੋ ਪ੍ਰਬੰਧਕ ਸਨ, ਉਹਨਾਂ ਨੂੰ ਦਾਸ ਨੇ ਬੇਨਤੀ ਕੀਤੀ ਕਿ ਤੁਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਸ੍ਰ.ਕੰਵਲਜੀਤ ਸਿੰਘ ਨੂੰ ਸਮਝਾਓ ਕਿ ਉਹ ਸੱਚ ਬਿਆਨ ਕਰੇ 'ਤੇ ਪਾਵਨ ਸਰੂਪਾਂ ਬਾਰੇ ਸਹੀ-ਸਹੀ ਦੱਸਣਾ ਕਰੇ।

ਐਸੇ ਪਾਵਨ ਸਰੂਪਾਂ ਦੇ ਵਿਭਾਗ ਵਿੱਚ ਕੇਵਲ ਇੱਕੋ ਹੀ ਚੰਗੇ ਤਰੀਕੇ ਨਾਲ ਸੇਵਾ ਕਰਨ ਵਾਲੇ ਆਡੀਟਰ ਨੂੰ ਸੇਵਾ ਦਿੱਤੀ ਜਾਣੀ ਚਾਹੀਦੀ ਹੈ, ਜਿਸਦਾ ਧਿਆਨ ਆਡਿਟ ਕਰਦਿਆਂ ਹੋਇਆ ਇਹਨਾਂ ਬਰੀਕੀਆਂ ਨੂੰ ਵਾਚਦਾ ਹੋਵੇ ਅਤੇ ਕਿਸੇ ਵੀ ਪ੍ਰਕਾਰ ਦੀ ਕਿਤੇ ਵੀ ਊਣਤਾਈ ਪ੍ਰਾਪਤ ਹੋਵੇ ਤਾਂ ਉਸਦਾ ਉਸੇ ਵੇਲੇ ਲੇਖਾ-ਜੋਖਾ ਕੀਤਾ ਜਾਣਾ ਚਾਹੀਦਾ ਹੈ, 'ਤੇ ਐਸੇ ਆਡੀਟਰ ਨੂੰ ਚੰਗੀ ਤਨਖਾਹ ਤੇ ਅਹੁਦਾ ਦਿੱਤਾ ਜਾਵੇ ਤਾਂ ਕਿ ਇਸ ਵਿਸ਼ੇਸ ਪਾਵਨ ਸਰੂਪਾਂ ਦੇ ਵਿਭਾਗ ਨੂੰ ਕਦੇ ਵੀ ਕੋਈ ਆਪਣੀ ਮਰਜੀ ਨਾਲ ਵਰਤ ਨਾ ਸਕੇ।

ਇੱਥੇ ਉਹ ਅਧਿਕਾਰੀ ਚੁਣ ਕੇ ਤਬਦੀਲ ਕੀਤੇ ਜਾਣੇ ਚਾਹੀਦੇ ਹਨ, ਜੋ ਜਿੰਮੇਵਾਰ, ਇਮਾਨਦਾਰ ਅਤੇ ਜਵਾਬਦੇਹ ਹੋਣ।ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਸ਼ਨ 85, ਸੈਕਸ਼ਨ 87 ਅਤੇ ਵਿਸ਼ਵ ਭਰ ਦੀਆਂ ਸੰਗਤਾਂ ਦਾ ਇਹ ਅਹਿਮ ਵਿਭਾਗ ਹੈ, ਜਿੱਥੋਂ ਕੇ ਸੰਗਤਾਂ ਨੂੰ ਗੁਰੂ ਜੀ ਦੀ ਸੰਗਤ ਦਾ ਮੌਕਾ ਮਿਲਦਾ ਹੈ।

## 11. ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਹਾਨਤਾ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਨੂੰ ਮਾਨਯੋਗ ਸੁਪਰੀਮ ਕੋਰਟ ਨੇ ਵੀ ਮਿਤੀ 29/03/2000 ਦੇ ਕੇਸ "ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ V/S ਸ੍ਰੀ ਸੋਮਨਾਥ ਦਾਸ ਅਤੇ ਹੋਰ" - C.A No. 3968 of 1987 (with SLP (C) No's. 2735-36 of 1989) ਵਿੱਚ ਫੈਸਲਾ ਦਿੱਤਾ ਜਿਸਦੀ ਟਿੱਪਣੀ ਹੇਠ ਲਿਖੇ ਅਨੁਸਾਰ ਹੈ:-

ਇਸ ਫੈਸਲੇ ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਇਸ ਪ੍ਰਸ਼ਨ ਨੂੰ ਨਿਰਣਾਇਕ ਤਰੀਕੇ ਨਾਲ ਹੱਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਨਿਆਇਕ ਵਿਅਕਤੀ ਮੰਨੇ ਜਾ ਸਕਦੇ ਹਨ ਕਿ ਨਹੀ।ਜਵਾਬ ਵੱਲੋਂ ਮਾਨਯੋਗ ਸੁਪਰੀਮ ਕੋਰਟ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਜਾਇਜਵਾਦੀ ਵਿਅਕਤੀ ਹੈ ਜੋ ਜਾਇਦਾਦ ਨੂੰ ਸੰਭਾਲਣ ਲਈ ਸਮਰੱਥ ਹੈ ਅਤੇ ਜਨਤਕ ਭਲਾਈ ਲਈ ਵੀ ਇਸ ਦੀ ਵਰਤੋ ਕਰਦਾ ਹੈ।ਇਸ ਦਾ ਇੱਕ ਇੱਕ ਅੰਗ ਜਾਗਤ ਜੋਤ ਗੁਰੂ ਦੇ ਸਰੂਪ ਵਾਂਗ ਮੰਨਿਆ ਜਾਂਦਾ ਹੈ।

ਸਿੱਖ ਧਰਮ ਵਿੱਚ ਕੋਈ ਸ਼ੱਕ ਨਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਧਾਲੂਆਂ ਲਈ ਇੱਕ ਜੀਵਤ ਗੁਰੂ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਹਰ ਪੱਖੋ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਕੋਈ ਵੀ ਅਜਿਹਾ ਕੰਮ ਜੋ ਇੱਕ ਜੀਵਿਤ ਗੁਰੂ ਦੀ ਇੱਜਤ ਸਤਿਕਾਰ ਨੂੰ ਨੀਵਾਂ ਬਣਾਉਦਾ ਹੈ, ਇਹ ਉਲੰਘਣਾ ਅਤੇ ਦੁਰਵਰਤੋ ਹੈ, ਉਸ ਸਖਸ਼ੀਅਤ ਦੀ ਜਿਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ।ਇਹ ਵਿਹਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਨੁਕਸਾਨ ਨਹੀ ਪਹੁੰਚਾ ਸਕਦਾ ਪਰ ਫਿਰ ਵੀ ਹੋਈ ਬੇਅਦਬੀ ਦਾ ਚੁੱਕਿਆ ਕਦਮ ਵੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦਾ ਹੈ।ਇਸ ਲਈ ਹਰ ਪ੍ਰਕਾਸ਼ਣ ਦਾ ਲੇਖਾ ਜੋਖਾ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਪੰਨੇ ਨੂੰ ਇੱਕ ਪਵਿੱਤਰ ਗੁਰੂ ਦੇ ਅੰਗ ਸਮਝਦਿਆਂ ਛਾਪਿਆ ਜਾਣਾ ਚਾਹੀਦਾ ਹੈ ਅਤੇ ਇੱਕ ਜੀਵਤ ਗੁਰੂ ਦੇ ਵਾਂਗੂ ਇਹਨਾਂ ਦਾ ਪੂਰਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।ਸ੍ਰੀ ਗੁਰੂ ਜੀ ਦਾ ਵਿਗਾੜ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਅੰਗ, ਸਿੱਖ ਧਰਮ ਦੇ ਪੈਰੋਕਾਰਾਂ ਅਤੇ ਇਨਸਾਨੀਅਤ ਦੇ ਭਾਈਚਾਰੇ ਲਈ ਅੰਤਿਮ ਸੰਸਕਾਰ ਅਤੇ ਨਿਰਾਦਰੀ ਦਾ ਕੰਮ ਹੈ।ਐਸੇ ਗਿਆਨ ਰੱਖ ਕੇ ਜੁਰਮ ਕਰਨ ਵਾਲੇ ਵਿਅਕਤੀਆਂ ਦਾ ਕੋਈ ਵਰਗ ਕਿਸੇ ਵੀ ਤਰ੍ਹਾਂ ਦਾ ਵਿਨਾਸ, ਨੁਕਸਾਨ ਜਾ

ਅਪਵਿੱਤਰਤਾ ਨੂੰ ਧਰਮ ਦਾ ਅਪਮਾਨ, ਕੋਰਟ ਮੰਨਦਾ ਹੈ।ਇਸ ਲਈ ਇਰਾਦਾ ਜਾਂ ਗਿਆਨ ਦੋਵੇਂ ਹੀ ਅਪਰਾਧ ਹਨ।

ਕੋਈ ਵੀ ਵਿਅਕਤੀ ਗੈਰ ਸਿੱਖ (ਜਿਸ ਨੂੰ ਸਿੱਖੀ ਦਾ ਪਤਾ/ਇਲਮ ਨਾ ਹੋਵੇ), ਕਿਸੇ ਭ੍ਰਿਸ਼ਟਾਚਾਰੀ ਜਾਂ ਵਿੱਤੀ ਉਦੇਸ਼ ਜਾਂ ਕਿਸੇ ਰਾਜਨੀਤਿਕ ਮਨੋਰਥ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਨ੍ਹਾਂ ਕਿਸੇ ਅਧਿਕਾਰ ਦੇ ਵੇਚ ਦਿੰਦਾ ਹੈ, ਤਾਂ ਉਹ ਕਾਨੂੰਨਨ ਅਪਰਾਧ ਹੈ।ਜੇ ਸਿੱਖ ਗਿਆਨ ਹੁੰਦਿਆ ਹੋਇਆ ਅਜਿਹਾ ਕਰਮ ਕਰਦਾ ਹੈ, ਤਾਂ ਉਹ ਕਾਨੂੰਨੀ ਕਾਰਵਾਈ/ਸਜ਼ਾ ਤੋਂ ਕਿਵੇਂ ਬਚ ਸਕਦਾ ਹੈ।ਅਜਿਹਾ ਕਰਮ ਸਿੱਖ ਪੰਥ ਦੇ ਹਰ ਮੈਂਬਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਦਾ।ਇਸ ਲਈ ਭਾਵੇਂ ਕਿਸੇ ਵੀ ਵਰਗ ਦੁਆਰਾ ਪਵਿੱਤਰ ਰੱਖੀ ਗਈ ਵਸਤੂ ਦਾ ਅਪਮਾਨ ਕਰਨ ਦਾ ਇਰਾਦਾ ਨਾਂ ਵੀ ਪਾਇਆ ਜਾਵੇ, ਪਰ ਉਸ ਨੂੰ ਗਿਆਨ ਹੋਵੇ ਕਿ ਇਹ ਕਿਸੇ ਵਰਗ ਦੀ ਪਵਿੱਤਰ ਵਸਤੂ ਹੈ, ਅਜਿਹਾ ਕਿਸੇ ਵੀ ਵਿਅਕਤੀ ਦੁਆਰਾ ਅਣਉਚਿਤ ਕਰਮ ਕਰਨਾ, ਕਾਨੂੰਨਨ ਅਪਰਾਧ ਹੈ।

ਇਸ ਫੈਸਲੇ ਦੇ ਵਿੱਚ ਮਾਨਯੋਗ ਜੱਜ ਸਾਹਿਬ ਨੇ ਆਈ.ਪੀ.ਸੀ ਸੈਕਸ਼ਨ 295 ਅਤੇ ਆਈ.ਪੀ.ਸੀ ਸੈਕਸ਼ਨ 295ਏ ਬਾਰੇ ਵੀ ਖੁੱਲ ਕੇ ਆਰਡਰ ਵਿੱਚ ਕਿਹਾ ਹੈ ਕਿ:-

ਭਾਰਤੀ ਦੰਡ ਸੰਘਤਾ 1860 ਧਾਰਾ 295 ਅਤੇ 295ਏ ਦੇ ਅਨੁਸਾਰ ਕਿਸੇ ਵੀ ਸ੍ਰੇਣੀ ਦੁਆਰਾ ਪੂਜਾ ਕੀਤੀ ਗਈ, ਕਿਸੇ ਵੀ ਪੂਜਾ ਸਥਾਨ ਜਾਂ ਕਿਸੇ ਵੀ ਵਸਤੂ ਨੂੰ ਨੁਕਸਾਨ ਪਹੁੰਚਾਉਣ ਅਤੇ ਅਪਰਾਧ ਸਮੇਤ ਇਸ ਤਰ੍ਹਾਂ ਦਾ ਕੋਈ ਵਿਹਾਰ ਕੀਤਾ ਜਾਂਦਾ ਹੈ ਤਾਂ ਧਾਰਾ 295 ਦੇ ਤਹਿਤ ਉਸ ਨੂੰ ਦੋ ਸਾਲ ਦੀ ਸਜਾ ਅਤੇ ਜੁਰਮਾਨਾ ਹੋ ਸਕਦਾ ਹੈ ਅਤੇ ਧਾਰਾ 295ਏ ਦੇ ਤਹਿਤ ਤਿੰਨ ਸਾਲ ਸਜਾ ਅਤੇ ਜੁਰਮਾਨਾ ਹੋ ਸਕਦਾ ਹੈ।

ਕਈ ਸੌ ਪਾਵਨ ਸਰੂਪਾਂ ਦੇ ਰਿਕਾਰਡ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸਟਾਕ ਲੈਜ਼ਰ ਵਿੱਚੋਂ ਗਿਣਤੀ ਘੱਟ ਹੋ ਜਾਣਾ, ਇਹ ਇੱਕ ਬਹੁਤ ਵੱਡਾ ਅਪਰਾਧ ਹੈ।ਜੋ ਕਿ ਪਬਲੀਕੇਸ਼ਨ ਵਿਭਾਗ ਦੇ ਸਹਾਇਕ ਸੁਪਰਵਾਈਜਰ ਕਰਮਚਾਰੀ ਅਤੇ ਉਸ ਵਿਭਾਗ ਦੇ ਉੱਚ ਅਧਿਕਾਰੀ ਜਿਨ੍ਹਾਂ ਨੂੰ ਇਹ ਸਪੱਸ਼ਟ ਗਿਆਨ ਹੈ ਕਿ ਉਹ ਨਾ ਬਖਸ਼ਣ ਵਾਲੀ ਗਲਤੀ ਹੈ ਅਤੇ ਦੇਸ਼ ਦੇ ਕਾਨੂੰਨ ਅਨੁਸਾਰ ਗੰਭੀਰ ਕਾਨੂੰਨਨ ਅਪਰਾਧ ਹੈ,ਕਿਉਕਿ ਐਸਾ ਅਪਰਾਧ ਕਿਸੇ ਬੇਸੁਰਤ ਜਾਂ ਬੱਚਾ ਜਾਂ ਕੋਈ ਪਾਗਲ ਵਿਅਕਤੀ ਦੁਆਰਾ ਗੁਨਾਹ ਨਹੀ ਕੀਤਾ ਗਿਆ।ਇਹ ਇੱਕ ਜਿੰਮੇਵਾਰ, ਜੋ ਕਿ ਉਸ ਪੋਸਟ ਤੇ ਅੱਛੀ ਤਨਖਾਹ ਦੁਆਰਾ ਤਾਇਨਾਤ ਹੈ, ਜਾਂ ਸਿੱਖ ਧਰਮ ਦਾ

ਅਨੁਯਾਈ ਹੋਣ ਦੇ ਨਾਤੇ ਪੂਰੀ ਸੂਝ-ਬੂਝ ਰੱਖਦੇ ਹਨ, ਇਹ ਗੰਭੀਰ ਅਪਰਾਧ ਹੈ ਅਤੇ ਇਹ ਸਰਾਸਰ ਕਾਨੂੰਨ ਦੀ ਉਲੰਘਣਾਂ ਹੈ।

ਜਿਹੜੇ ਵੀ ਜਿੰਮੇਵਾਰ ਇਸ ਵਿਭਾਗ ਦੇ ਕਰਮਚਾਰੀ/ਅਧਿਕਾਰੀ ਹਨ, ਜਿਨ੍ਹਾਂ ਦੇ ਦਿਸ਼ਾ ਨਿਰਦੇਸ਼ ਹੇਠ ਨਿਗਰਾਨੀ ਹੇਠ ਐਸਾ ਜੁਰਮ ਕੀਤਾ ਗਿਆ ਹੋਵੇ, ਜੁਰਮ ਕਰਨ ਵਾਲੇ ਵਿਅਕਤੀਆਂ ਦੇ ਨਾਲ ਜੁਰਮ ਲਈ ਉਨ੍ਹੇ ਹੀ ਜਿੰਮੇਵਾਰ ਹਨ, ਜਿਨ੍ਹਾਂ ਕਿ ਜੁਰਮ ਕਰਨ ਵਾਲਾ ਹੈ।ਇਨ੍ਹਾਂ ਕਿਸੇ ਵੀ ਕਰਮਚਾਰੀਆਂ ਦਾ ਕਹਿ ਦੇਣਾ ਕਿ ਅਸੀ ਉੱਚ ਅਧਿਕਾਰੀਆਂ ਦਾ ਹੁਕਮ ਮੰਨਦੇ ਰਹੇ ਕਿ ਅਪਰਾਧ ਕਰਨ ਵਾਸਤੇ ਕਿਸੇ ਵੀ ਕਿਸਮ ਦਾ ਬਚਾਅ ਨਹੀ ਮੰਨਿਆ ਜਾ ਸਕਦਾ।ਕਿਉਕਿ ਐਸਾ ਅਪਰਾਧ ਜੋ ਪਾਵਨ ਸਰੂਪਾਂ ਦੇ ਗਿਣਤੀ ਨੂੰ ਰਿਕਾਰਡ ਦੇ ਨਾਲ ਪੂਰਾ ਨਹੀ ਰੱਖਦਾ, ਇਹ ਬਹੁਤ ਵੱਡਾ ਦੋਸ਼ ਹੈ, ਕਾਨੂੰਨੀ ਅਪਰਾਧ ਹੈ, ਕਾਨੂੰਨ ਦੇ ਖਿਲਾਫ ਹੈ।ਕੋਈ ਵੀ ਕਰਮਚਾਰੀ ਨੂੰ ਉੱਚ ਅਧਿਕਾਰੀ ਕਿਸੇ ਵੀ ਕਿਸਮ ਦੇ ਗੈਰ ਕਾਨੂੰਨੀ ਕਦਮ ਨੂੰ ਦਬਾਅ ਨਾਲ ਨਹੀ ਮਨਾ ਸਕਦਾ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇੱਕ ਪਾਵਨ ਪਵਿੱਤਰ ਹਸਤੀ ਹਨ, ਕਾਨੂੰਨ ਦੀ ਨਿਗਾਹ ਵਿੱਚ ਵੀ ਅਤੇ ਸਾਰੇ ਸਿੱਖਾ ਵਾਸਤੇ ਗੁਰੂ ਹਨ।ਹਰ ਅਧਿਕਾਰੀ ਅਤੇ ਕਰਮਚਾਰੀ ਇਹ ਗਿਆਨ ਰੱਖਦਾ ਹੈ ਕਿ ਕਿਸੇ ਵੀ ਪ੍ਰਕਾਰ ਦੀ ਊਣਤਾਈ ਪਾਵਨ ਸਰੂਪਾਂ ਨੂੰ ਸੰਭਾਲਣ ਦੇ ਪ੍ਰਤੀ, ਉਸ ਨੂੰ ਕੇਵਲ ਕਾਨੂੰਨ ਹੀ ਨਹੀਂ ਬਲਕਿ ਧਰਮ ਵੀ (ਰਹਿਤ-ਮਰਿਯਾਦਾ) ਕਿਸੇ ਵੀ ਪ੍ਰਕਾਰ ਦੀ ਇਜਾਜਤ ਨਹੀ ਦਿੰਦਾ।ਜਿਹੜੇ ਵੀ ਉੱਚ ਅਧਿਕਾਰੀ ਹਨ, ਜਿਨ੍ਹਾਂ ਦਾ ਅਧਿਕਾਰ ਖੇਤਰ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਪ੍ਰਬੰਧ ਖੇਤਰ ਹੈ, ਸਾਰਾ ਪਬਲੀਕੇਸ਼ਨ ਵਿਭਾਗ ਇਹਨਾਂ ਪਾਵਨ ਸਰੂਪਾਂ ਦੇ ਸਟਾਕ ਲੈਜ਼ਰਾਂ ਵਿੱਚੋਂ ਘੱਟ ਹੋਣ ਦਾ ਜਿੰਮੇਵਾਰ ਹੈ।ਜੋ ਲਿਖਤ ਜਾਂ ਜੁਬਾਨੀ ਹੁਕਮ ਤਹਿਤ ਇਸ ਵਿਭਾਗ ਨੂੰ ਚਲਾਉਣ ਦੇ ਅਧਿਕਾਰੀ ਹਨ, ਉਹ ਸਾਰੇ ਹੀ ਇੱਕੋ ਜਿਹੇ ਜਿੰਮੇਵਾਰ ਠਹਿਰਾਏ ਜਾਣੇ ਚਾਹੀਦੇ ਹਨ।ਚਾਹੇ ਉੱਚ ਅਧਿਕਾਰੀਆਂ ਦੇ ਹੁਕਮ ਦੀ ਨਿਚਲੇ ਅਧਿਕਾਰੀਆਂ ਨੇ ਪੂਰਨ ਤਰੀਕੇ ਨਾਲ ਪਾਲਣਾ ਨਾ ਕੀਤੀ ਹੋਵੇ।ਲਿਖਤ ਜਾਂ ਜੁਬਾਨੀ ਦਿਸ਼ਾ ਨਿਰਦੇਸ਼ ਨਾ ਮੰਨੇ ਹੋਣ।ਉਹਨਾਂ ਦੇ ਅਧੀਨ ਕੰਮ ਕਰਨ ਵਾਲਿਆ ਦੇ ਜੁਰਮ ਬੇਸ਼ੱਕ ਸਿਰਫ ਨਿਗਰਾਨੀ ਦਾ ਵੀ ਪੂਰੇ ਤਰੀਕੇ ਨਾਲ ਨਾ ਰੱਖਣਾ, ਇਹ ਵੀ ਬੜੀ ਅਸਫਲਤਾ ਹੈ।ਲੰਬੇ ਅਰਸੇ ਲਈ ਨਿਗਰਾਨੀ ਦੀ ਕਿਸੇ ਵੀ ਕਿਸਮ ਦੀ ਘਾਟ ਆਪਣੇ ਆਪ ਵਿੱਚ ਅਪਰਾਧਿਕ ਲਾਪਰਵਾਹੀ ਵਿੱਚ ਬਦਲ ਜਾਂਦੀ ਹੈ।ਜੋ ਕਿ ਐਸਾ ਪਬਲੀਕੇਸ਼ਨ ਵਿਭਾਗ ਵਿੱਚ ਲੰਬੇ ਅਰਸੇ ਤੋ ਹੋਇਆ ਹੈ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਤਿਕਾਰ, ਸੇਵਾ ਸੰਭਾਲ ਦੇ ਖੇਤਰ ਨੂੰ ਪੰਜਾਬ ਸਰਕਾਰ ਦੇ ਸੰਗੀਨ ਰੋਕ ਲਗਾਉਣ ਵਾਲੇ ਜੁਰਮਾਂ ਤੋਂ ਪੰਜਾਬ ਸਰਕਾਰ ਦੇ ਪ੍ਰੈੱਸ ਰਿਲੀਜ਼ ਧਾਰਮਿਕ ਗ੍ਰੰਥਾਂ ਦੀ ਬੇਇੱਜਤੀ ਲਈ ਉਮਰ ਕੈਦ ਦੀ ਸਜਾ ਦੀ ਮੰਗ ਯੋਗ ਬਣਾਈ ਜਾਵੇ।ਅਜਿਹਾ 21/08/2018 ਨੂੰ ਕੈਬਨਿਟ ਸਰਕਾਰ ਨੇ ਰਾਜ ਵਿੱਚ ਮੰਗ ਕੀਤੀ ਗਈ ਹੈ।ਇੰਡੀਅਨ ਪੀਨਲ ਕੋਡ ਬਿੱਲ 2018 ਵਿੱਚ ਧਾਰਾ 295ਏਏ, ਦਾਖਲ ਕਰਨ ਨੂੰ ਸ਼ਾਮਲ ਕੀਤਾ ਗਿਆ ਤਾਂ ਜੋ ਇਹ ਮੰਨਿਆ ਜਾ ਸਕੇ ਕਿ ਜਿਹੜਾ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਰਮ ਗ੍ਰੰਥਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਕੁਰਬਾਨ ਕਰਨ ਦਾ ਇਰਾਦਾ ਰੱਖਦਾ ਹੈ, ਉਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਦਾ ਹੈ, ਉਸ ਨੂੰ ਉਮਰ ਕੈਦ ਦੀ ਸਜਾ ਦਿੱਤੀ ਜਾਵੇ।ਕਥਿੱਤ ਤੌਰ ਤੇ ਧਾਰਾ 295 ਵਿੱਚ ਕਿਸੇ ਵੀ ਵਰਗ ਦੇ ਧਰਮ ਦੀ ਬੇਇੱਜਤੀ ਕਰਨ ਦੇ ਇਰਾਦੇ ਨਾਲ (ਕਿਸੇ) ਪੂਜਾ ਸਥਾਨ ਨੂੰ ਜਖਮੀ ਕਰਨ ਦੇ ਅਪਰਾਧ ਲਈ ਦੋ ਸਾਲ ਤੋ ਦਸ ਸਾਲ ਦੀ ਮਿਆਦ ਵਿੱਚ ਸੋਧ ਕੀਤੀ ਜਾਵੇ।ਧਾਰਮਿਕ ਸਥਾਨਾਂ ਦੀ ਬੇਇੱਜਤੀ ਕਰਨ ਲਈ ਉਮਰ ਕੈਦ ਦੀ ਮੰਗ ਕਰਦਿਆਂ ਪੰਜਾਬ ਸਰਕਾਰ ਦੀ ਵਿਧਾਨ ਸਭਾ ਨੇ ਮਤਾ ਪਾਸ ਕੀਤਾ।

**ਉੱਚ ਅਧਿਕਾਰੀਆਂ ਦੀ ਇੱਕੋ ਜਿਹੀ ਜਿੰਮੇਵਾਰੀ ਨਿਚਲੇ ਕਰਮਚਾਰੀਆਂ ਦੇ ਅਪਰਾਧਿਕ ਦ੍ਰਿਸ਼ਟੀਕੌਣ ਤੋ:-** ਕਾਨੂੰਨੀ ਸਿਧਾਂਤ ਅੰਤਰਰਾਸ਼ਟਰੀ ਪੱਧਰ ਤੇ ਸਥਾਪਿਤ ਹੈ ਕਿ ਉੱਚ ਅਧਿਕਾਰੀ ਉਤਨੇ ਹੀ ਜਿੰਮੇਵਾਰ ਹਨ ਜਿਤਨਾ ਜਿੰਮੇਵਾਰ ਉਹਨਾ ਦਾ ਕਰਮਚਾਰੀ ਉਸ ਵਿਭਾਗ ਵਿੱਚ ਗੁਨਾਹ ਕਰਦਾ ਹੈ।ਉੱਤਮ ਜਿੰਮੇਵਾਰੀ ਦਾ ਆਧੁਨਿਕ ਸਿਧਾਂਤ ਆਮ ਨਾਗਰਿਕ ਅਤੇ ਫੌਜੀ ਦੋਹਾਂ ਅਧਿਕਾਰੀਆਂ ਨੂੰ ਆਪਣੇ ਅਧੀਨਗੀ ਦੇ ਕਿਸੇ ਵੀ ਕੀਤੇ ਹੋਏ ਅਪਰਾਧ ਉਸ ਸਬੰਧਿਤ ਵਿਭਾਗ ਵਿੱਚ ਜਿੰਮੇਵਾਰ ਠਹਿਰਾਉਂਦਾ ਹੈ।

ਸੰਸਥਾ ਦੇ ਜੁਰਮ ਨੂੰ ਰੋਕਣ ਵਾਸਤੇ ਜਾਂ ਸਜਾ ਦਿਵਾਉਣ ਵਾਸਤੇ ਉੱਚ ਅਧਿਕਾਰੀ ਜਿੰਮੇਵਾਰ ਠਹਿਰਾਏ ਜਾਂਦੇ ਹਨ, ਜਿਸ ਬਾਰੇ ਉਹ ਜਾਣਦੇ ਸਨ ਜਾਂ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਸੀ।ਪਬਲੀਕੇਸ਼ਨ ਵਿਭਾਗ ਦੀ ਪ੍ਰਣਾਲੀ ਨਿਸਚਿਤ ਕੀਤੀ ਗਈ ਹੈ।ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਪ੍ਰਧਾਨ ਉਸ ਉਪਰੰਤ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ, ਮੁੱਖ ਸਕੱਤਰ, ਸਕੱਤਰ, ਐਡੀਸ਼ਨਲ ਸਕੱਤਰ, ਮੀਤ ਸਕੱਤਰ, ਇੰਚਾਰਜ, ਸੁਪਰਵਾਈਜਰ, ਸੀ.ਜੀ.ਐਲ, ਕਲਰਕ, ਹੈਲਪਰ ਅਤੇ ਸੇਵਾਦਾਰ ਇਹ ਪ੍ਰਣਾਲੀ ਕਰਮਚਾਰੀ ਅਤੇ ਉੱਚ ਅਧਿਕਾਰੀਆਂ ਦੀ ਪਬਲੀਕੇਸ਼ਨ ਵਿਭਾਗ ਵਿੱਚ ਬਣੀ ਹੋਈ ਹੈ।ਕੋਈ ਵੀ ਪਾਵਨ ਸਰੂਪਾਂ ਬਾਰੇ ਆਰਡਰ ਜਾਂ ਇਸ ਦੀ ਸ਼ਿਕਾਇਤ ਨਿਚਲਾ ਅਫਸਰ ਉੱਪਰ ਪ੍ਰਧਾਨ

ਸਾਹਿਬ ਤੱਕ ਇਸ ਪ੍ਰਣਾਲੀ ਦੁਆਰਾ ਕਰਦਾ ਹੈ ਅਤੇ ਇਸ ਤੋ ਬਿਨ੍ਹਾਂ ਪਬਲੀਕੇਸ਼ਨ ਵਿਭਾਗ ਦਾ ਕੋਈ ਦੂਸਰਾ ਰਸਤਾ ਨਹੀ ਹੈ।ਨੀਚੇ ਕਲਰਕ ਜਾਂ ਸੀ.ਜੀ.ਐਲ ਦੀ ਕਿਸੇ ਵੀ ਕਿਸਮ ਦੀ ਊਣਤਾਈ ਬਹੁਤ ਗੰਭੀਰ ਹੋਵੇ, ਉਹ ਇਸ ਪ੍ਰਣਾਲੀ ਦੁਆਰਾ ਉੱਚ ਅਧਿਕਾਰੀ ਤੱਕ ਪਹੁੰਚਣੀ ਚਾਹੀਦੀ ਹੈ, ਜੇ ਨਹੀ ਪਹੁੰਚਦੀ ਤਾਂ ਉਸ ਦੇ ਜਿੰਮੇਵਾਰ ਸਾਰੇ ਸਬੰਧਿਤ ਅਧਿਕਾਰੀ ਜਵਾਬਦੇਹ ਹੋਣੇ ਚਾਹੀਦੇ ਹਨ।ਪਾਵਨ ਸਰੂਪਾਂ ਦੇ ਛਾਪਣ ਦੇ ਨਿਰਣੇ ਅੰਤ੍ਰਿੰਗ ਕਮੇਟੀ ਤੋ ਲੈ ਕੇ ਪ੍ਰਧਾਨ ਸਾਹਿਬ ਸਬੰਧਿਤ ਸਕੱਤਰਾਂ ਰਾਂਹੀ ਨਿਚਲੇ ਕਰਮਚਾਰੀਆਂ ਦੁਆਰਾ ਕ੍ਰਿਆਸ਼ੀਲ ਹੁੰਦੀ ਹੈ।ਜੋ ਗੰਭੀਰ ਸਮੱਸਿਆ ਪਾਵਨ ਸਰੂਪਾਂ ਦੇ ਸਟਾਕ ਲੈਜ਼ਰਾਂ ਵਿੱਚ ਘੱਟ ਹੋਣ ਦੀ ਅਤੇ ਮੰਦਭਾਗੀ ਘਟਨਾ ਜੋ 19/05/2016 ਨੂੰ ਪਬਲੀਕੇਸ਼ਨ ਵਿਭਾਗ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਘਟਿਤ ਹੋਈ, ਉਸਦੀ ਪੁਖਤਾ ਜਾਣਕਾਰੀ ਨਾ ਤਾਂ ਨਿਚਲੇ ਕਰਮਚਾਰੀਆਂ ਨੇ ਕਿਸੇ ਲੈਜ਼ਰ ਵਿੱਚ ਕਲਮਬੱਧ ਕਰਨ ਦਾ ਯਤਨ ਕੀਤਾ ਹੈ ਅਤੇ ਨਾ ਹੀ ਕਿਸੇ ਵੀ ਉੱਚ ਅਧਿਕਾਰੀ ਨੇ ਇਸ ਘਟਨਾ ਵਿੱਚ ਜੋ ਪਾਵਨ ਸਰੂਪ ਅਗਨ ਭੇਟ ਹੋਏ ਅਤੇ ਪਾਣੀ ਦੀਆਂ ਬੌਛਾੜਾਂ ਨਾਲ ਨੁਕਸਾਨੇ ਗਏ, ਉਹਨਾਂ ਦੇ ਸੀਰੀਅਲ ਨੰਬਰ ਰਿਕਾਰਡ ਵਿੱਚ ਦਰਜ ਕਰਵਾਏ।ਜਿਸ ਵਿੱਚ ਹਰ ਅਧਿਕਾਰੀ ਅਤੇ ਕਰਮਚਾਰੀ ਵਿਭਾਗੀ ਕਾਰਵਾਈ ਦੁਆਰਾ ਦੰਡਿਤ ਕੀਤੇ ਜਾਣੇ ਚਾਹੀਦੇ ਹਨ ਅਤੇ ਐਸੇ ਸੰਗੀਨ ਅਤੇ ਗੰਭੀਰ ਜੁਰਮ ਨੂੰ ਕਿਸੇ ਵੀ ਪ੍ਰਕਾਰ ਨਾਲ ਢੱਕਿਆ ਨਹੀ ਜਾਣਾ ਚਾਹੀਦਾ ਨਹੀ ਤਾਂ ਵਿਭਾਗ ਵਿੱਚ ਆਉਣ ਵਾਲੇ ਸਮੇਂ ਐਸੇ ਜੁਰਮਾਂ ਨੂੰ ਰੋਕਿਆ ਜਾਣਾ ਮੁਸ਼ਕਿਲ ਹੋ ਜਾਵੇਗਾ।ਜੋ ਵੀ ਕਿਸੇ ਵੀ ਕਿਸਮ ਨਾਲ ਸਬੂਤ ਨੂੰ ਮਿਟਾਉਣ ਦਾ ਅਤੇ ਛਪਾਉਣ ਦਾ ਯਤਨ ਕਰਦਾ ਹੈ, ਉਹ ਵੀ ਕਾਨੂੰਨੀ ਅਪਰਾਧ ਹੈ।(ਸੈਕਸ਼ਨ 201 ਆਈ.ਪੀ.ਸੀ.) ‘ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਜਿਤਨੇ ਵੀ ਅਧਿਕਾਰੀ ਮੁੱਖ ਸਕੱਤਰ ਤੋਂ ਲੈ ਕੇ ਸੇਵਾਦਾਰ ਤੱਕ ਮਿਤੀ 19/05/2016 ਦੀ ਘਟਨਾ ਦੇ ਪਾਵਨ ਸਰੂਪਾਂ ਦੀ ਗਿਣਤੀ ਅਤੇ ਉਹਨਾਂ ਦੇ ਵਿਸ਼ੇਸ ਦਿੱਤੇ ਲੜੀ ਨੰਬਰ ਨੂੰ ਦਰਜ਼ ਨਾ ਕਰਨ/ਕਰਾਉਣ ਅਤੇ ਘਟਨਾ ਨੂੰ ਛੁਪਾਉਣ ਦਾ ਪੂਰਨ ਤੌਰ ‘ਤੇ ਯਤਨ ਕਰਨ ਕਰਨਾ ਕਾਨੂੰਨੀ ਤੌਰ ਤੇ ਅਪਰਾਧ ਹੈ।ਜੇ ਕਾਨੂੰਨੀ ਤੌਰ ‘ਤੇ ਅਪਰਾਧ ਹੈ ਤਾਂ ਧਾਰਮਿਕ ਤੌਰ ਤੇ ਕਿਉਂ ਨਹੀ? ਪੜਤਾਲ ਕਮਿਸ਼ਨ ਇਹ ਮੰਨਦਾ ਹੈ ਕਿ ਧਾਰਮਿਕ ਤੌਰ ਤੇ ਇਹਨਾਂ ਸਾਰਿਆ ਨੂੰ ਅਪਰਾਧੀ ਘੋਸ਼ਿਤ ਕੀਤਾ ਜਾਵੇ ਅਤੇ ਬਣਦੀ ਧਾਰਮਿਕ ਸਜ਼ਾ ਗੁਰ ਮਰਿਯਾਦਾ ਅਨੁਸਾਰ ਲਗਾਈ ਜਾਵੇ।

ਇਹ ਉੱਤਮ ਜਿੰਮੇਵਾਰੀ ਦੇ ਸਿਧਾਂਤ ਇਸ ਦੋਸ਼ ਤੇ ਪੂਰਨ ਤਰੀਕੇ ਨਾਲ ਲਾਗੂ ਹੁੰਦਾ ਹੈ ਕਿ ਅਧੀਂਨ ਕਰਮਚਾਰੀਆਂ ਦੇ ਕੀਤੇ ਜੁਰਮਾਂ ਲਈ ਉੱਚ ਅਧਿਕਾਰੀ ਵੀ ਜਿੰਮੇਵਾਰ ਹਨ।ਇਸ

ਪ੍ਰੋਟੋਕੱਲ ਦੀ ਉਲੰਘਣਾ ਸੰਸਥਾ ਦੇ ਇਸ ਵਿਭਾਗ ਵਿੱਚ ਕਦੇ ਵੀ ਨਹੀ ਕੀਤੀ ਜਾਣੀ ਚਾਹੀਦੀ।ਉੱਚ ਅਧਿਕਾਰੀਆਂ ਨੂੰ ਦੰਡ ਜਾਂ ਅਨੁਸ਼ਾਸਨਿਕ ਜਿੰਮੇਵਾਰੀ ਤੋ ਮੁਕਤ ਨਹੀ ਕੀਤਾ ਜਾ ਸਕਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਵੱਲੋਂ ਅਧਿਕਾਰਤ ਕਿਸੇ ਸੰਸਥਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਕਿਸੇ ਹੋਰ ਵਿਅਕਤੀ ਵੱਲੋਂ ਪ੍ਰਕਾਸ਼ਨ, ਜਮਾਂ ਕਰਨ ਅਤੇ ਵੰਡਣ ਦੀ,ਇਹ ਮੁੱਖ ਰੱਖਦੇ ਹੋਏ ਕਿ ਉਹਨਾਂ ਦਾ ਸਿੱਖ ਰਹਿਤ ਮਰਿਆਦਾ ਅਨੁਸਾਰ ਸਤਿਕਾਰ ਯਕੀਨੀ ਬਣਾਇਆ ਜਾਵੇ, ਮਨਾਹੀ ਸੰਬੰਧੀ ਪੰਜਾਬ ਸਰਕਾਰ ਵੱਲੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਬਣਾਇਆ ਗਿਆ ਹੈ।ਇਸ ਕਾਨੂੰਨ ਦੀ ਧਾਰਾ 3(1) ਤਹਿਤ ਸਿਰਫ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਵੱਲੋਂ ਅਧਿਕਾਰਿਤ ਕਿਸੇ ਸੰਸਥਾ ਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਛਾਪਣ, ਪ੍ਰਕਾਸ਼ਨ, ਜਮਾਂ ਕਰਨ ਜਾਂ ਵੰਡਣ ਦਾ ਅਧਿਕਾਰ ਪ੍ਰਾਪਤ ਨਹੀਂ ਹੈ।ਇਸੇ ਕਾਨੂੰਨ ਦੀ ਧਾਰਾ 4 ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਵੱਲੋਂ ਅਧਿਕਾਰਤ ਸੰਸਥਾ ਤੋਂ ਇਲਾਵਾ, ਕਿਸੇ ਵੀ ਹੋਰ ਵਿਅਕਤੀ ਨੂੰ ਇਸ ਕਾਨੂੰਨ ਦੇ ਲਾਗੂ ਹੋਣ ਦੀ ਮਿੱਤੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਾਪਣ, ਪ੍ਰਕਾਸ਼ਨ, ਜਮਾਂ ਕਰਨ ਤੇ ਵੰਡਣ ਦੀ ਮਨਾਹੀ ਹੈ।ਜਿਹੜਾ ਵਿਅਕਤੀ ਇਸ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰੇਗਾ, ਉਸ ਨੂੰ ਇਸ ਕਾਨੂੰਨ ਦੀ ਧਾਰਾ 5 ਤਹਿਤ 2 ਸਾਲ ਤੱਕ ਦੀ ਸਜ਼ਾ ਸਮੇਤ ਜੁਰਮਾਨਾ ਜੋ ਕਿ 5000 ਤੱਕ ਹੋ ਸਕਦਾ ਹੈ, ਦਾ ਉਪਬੰਦ ਹੈ।ਉਚ ਜ਼ਿੰਮੇਦਾਰੀ ਦੇ ਸਿਧਾਂਤ ਤਹਿਤ ਉਚ ਅਧਿਕਾਰੀ ਆਪਣੇ ਮੁਤਾਹਿਤਾਂ ਦੇ ਗੈਰ ਕਾਨੂੰਨੀ ਕੰਮਾਂ ਕਾਰਾਂ ਜਾਂ ਭੁੱਲਾਂ ਲਈ ਜਦੋਂ ਉਹਨਾਂ ਨੂੰ ਇਹ ਪਤਾ ਹੋਵੇ ਜਾਂ ਪਤਾ ਹੋਣ ਦਾ ਕਾਰਨ ਮੌਜੂਦ ਹੋਵੇ ਅਤੇ ਉਹ ਇਹਨਾਂ ਨੂੰ ਰੋਕਣ ਵਿਚ ਅਤੇ ਜਾਂ ਇਹਨਾਂ ਗੈਰ ਕਾਨੂੰਨੀ ਕੰਮਾਂ/ਭੁੱਲਾਂ ਦੀ ਸਜ਼ਾ ਦੇਣ ਵਿਚ ਅਸਫਲ ਰਹੇ ਹੋਣ, ਲਈ ਜ਼ਿੰਮੇਵਾਰ ਹੁੰਦੇ ਹਨ।ਮੌਜੂਦਾ ਮਾਮਲੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਪ੍ਰਿੰਟਿੰਗ ਪ੍ਰੈੱਸ/ਸਟੋਰ ਵਿਚ ਕਾਫੀ ਸਮੇਂ ਤੱਕ ਪਏ ਰਹੇ,ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਬਣਦਾ ਹੈ ਜੋ ਕਿ ਭਾਰਤੀ ਦੰਡਾਵਲੀ ਦੀ ਧਾਰਾ 295 ਅਤੇ ਉਕਤ ਕਾਨੂੰਨ ਤਹਿਤ ਦੰਡਯੋਗ ਹੈ।ਪੜਤਾਲ ਕਮਿਸ਼ਨ ਇਹ ਮੰਨਦਾ ਹੈ ਕਿ ਧਾਰਮਿਕ ਤੌਰ ਤੇ ਗੁਰਮਰਿਯਾਦਾ ਅਨੁਸਾਰ ਇਹ ਸਜ਼ਾਯੋਗ ਹਨ।

**ਹੁਣ ਇਹ ਸਵਾਲ ਉਠਦਾ ਹੈ ਕਿ ਦੋਸ਼ੀਆ ਨਾਲ ਕਿਵੇਂ ਨਜਿੱਠਿਆ ਜਾਵੇ?**

ਪੜਤਾਲ ਕਮਿਸ਼ਨ ਨੇ ਬੜੀ ਗੰਭੀਰਤਾ ਨਾਲ ਵਿਚਾਰ ਕੀਤੀ ਅਤੇ ਇਸ ਹੇਠ ਲਿਖੇ ਨਤੀਜੇ 'ਤੇ ਪਹੁੰਚੇ ਕਿ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਥ ਦਾ ਹੈ। ਜਿਸ ਨਾਲ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆ ਹੋਈਆਂ ਹਨ।

ਇਹ ਜਰੂਰੀ ਹੈ ਕਿ ਇਸ ਸਾਰੇ ਕਰਮ 'ਤੇ ਬਣਦੀ ਯੋਗ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਟਾਸਕ ਫੋਰਸ ਦਾ ਇਸਤੇਮਾਲ ਕਰੇ ਅਤੇ ਫਲਾਇੰਗ ਵਿਭਾਗ ਅਤੇ ਚੀਫ ਗੁਰਦੁਆਰਾ ਇੰਸਪੈਕਟਰ ਦੀਆਂ ਸੇਵਾਂਵਾ ਪੂਰੀਆਂ ਲਵੇ ਅਤੇ ਨਾਲ ਦੀ ਨਾਲ ਸਾਰੇ ਸਟਾਕ ਲੈਜ਼ਰਾਂ, ਬਿਲ ਬੁੱਕਾਂ ਅਤੇ ਡੁੱਚਾਂ ਨੂੰ ਅੱਗੇ ਰੱਖ ਕੇ ਫਿਜੀਕਲ ਸਟਾਕ ਪਾਵਨ ਸਰੂਪਾਂ ਦਾ ਸਹੀ ਤਰੀਕੇ ਨਾਲ ਇਸਦੀ ਘੋਖ ਪੜਤਾਲ ਕਰੇ, 'ਤੇ ਜਿੱਥੇ-ਜਿੱਥੇ ਵੀ ਦੋਸ਼ੀਆਂ ਕਰਮਚਾਰੀਆਂ ਅਤੇ ਅਧਿਕਾਰੀਆਂ ਤੋਂ ਸਹੀ ਤਰੀਕੇ ਨਾਲ ਪੁੱਛ-ਗਿੱਛ ਦੁਆਰਾ ਪਾਵਨ ਸਰੂਪਾਂ ਦਾ ਪਤਾ ਲੱਗੇ, ਉੱਥੋਂ-ਉੱਥੋਂ ਪਾਵਨ ਸਰੂਪਾਂ ਨੂੰ ਸੰਗਤਾਂ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਨਮੁੱਖ ਰੱਖਦਿਆਂ ਲੈ ਕੇ ਆਵੇ। ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਅਤੇ ਕਰਮਚਾਰੀ ਬੜੇ ਸ਼ਰਧਾ ਅਤੇ ਨਿਸ਼ਠਾ ਨਾਲ ਉਪਰੋਕਤ ਫਰਜ਼ ਨੂੰ ਨਿਭਾਉਣ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਸਿਰਮੌਰ ਵਜੂਦ ਬਣਿਆ ਰਹੇ। ਸ੍ਰੀ ਅਕਾਲ ਤਖਤ ਸਾਹਿਬ ਜੀ ਆਪਣੇ ਆਪ ਵਿੱਚ ਸਮਰੱਥ ਹਨ, ਜਿੰਨਾਂ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਸਥਾਪਿਤ ਕੀਤਾ ਤਾਂ ਕਿ ਕੌਮ ਦੇ ਗੰਭੀਰ ਮਸਲੇ ਇਸ ਤਖੱਤ ਤੋਂ ਨਜਿੱਠੇ ਜਾ ਸਕਣ।

ਸਗੋਂ ਸਰਕਾਰਾਂ 'ਤੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ 'ਤੇ ਨਿਰਭਰ ਹੋਣਾ ਚਾਹੀਦਾ ਹੈ। ਐਸੀ ਆਤਮਨਿਰਭਰਤਾ ਸਾਡੀ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾਲ ਬਣੀ ਰਹਿਣੀ ਚਾਹੀਦੀ ਹੈ। ਇਹ ਅਕਾਲ ਤਖਤ ਸਾਹਿਬ ਦੀ ਹਸਤੀ ਨੂੰ ਉੱਚਾ ਬਣਾਏ ਰੱਖਣਾ ਚਾਹੀਦਾ ਹੈ 'ਤੇ ਸ੍ਰੀ ਦਰਬਾਰ ਸਾਹਿਬ ਨੂੰ ਸਨਮੁੱਖ ਰੱਖਦਿਆਂ ਧਰਮ ਦਾ ਨਿਆਂ ਸਿੱਖ ਕੌਮ ਦੇ ਮਸਲੇ ਹੱਲ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ।

ਬੜੇ ਅਫਸੋਸ ਦੀ ਗੱਲ ਹੈ, ਕਿ ਇਸ ਉੱਚ ਅਤੇ ਸ੍ਰੇਸਠ ਪ੍ਰੰਪਰਾ ਨੂੰ ਪਹਿਲਾ ਮੁਗਲ ਰਾਜ ਫਿਰ ਅੰਗਰੇਜਾਂ ਦੇ ਰਾਜ ਅਤੇ ਤੁਰੰਤ ਉਸਤੋਂ ਬਾਅਦ ਹਿੰਦੋਸਤਾਨੀ ਰਾਜ ਨੇ ਤੋੜਨ ਦੀਆਂ ਨੀਤੀਆਂ ਨਿੱਤ ਨਵੇਂ ਤਰੀਕੇ ਨਾਲ ਘੜੀਆਂ ਹਨ। ਹੁਣ ਸਮਾਂ ਹੈ ਕਿ ਸਾਨੂੰ ਆਪਣੇ ਆਪ 'ਤੇ ਆਤਮਨਿਰਭਰ ਹੋ ਕੇ, ਆਪਣੇ ਪੈਰਾਂ ਤੇ ਖੜ੍ਹਾ ਹੋਣਾ ਪਵੇਗਾ। ਬੜੇ ਤੋਂ ਬੜੇ ਮਸਲੇ ਸ੍ਰੀ ਅਕਾਲ

ਤਖਤ ਸਾਹਿਬ 'ਤੇ ਹੱਲ ਕੀਤੇ ਜਾਂਦੇ ਸਨ, ਸਾਨੂੰ ਰਾਜ ਅਤੇ ਯੋਗ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸੇ ਪਾਤਸ਼ਾਹੀਆ ਨੇ ਸਿਖਾਇਆ ਹੈ।

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਰਾਜ ਤੇ ਯੋਗ ਕਮਾਉਣ ਦੀ ਸਿੱਖਿਆ ਦਿੱਤੀ ਜਾਂਦੀ ਰਹੀ ਅਤੇ ਇਸਨੂੰ ਲਾਗੂ ਕਰਨ ਦੀ ਕਿਰਿਆ ਸਾਹਿਬਾਂ ਦੇ ਘਰ ਹੀ ਸਿੱਖ ਨੂੰ ਪ੍ਰਦਾਨ ਹੋਈ।ਮਹਾਰਾਜ ਦੀ ਬਾਣੀ ਦੇ ਸ਼ਬਦ ਇਉਂ ਰੋਸ਼ਨੀ ਪਾਉਦੇ ਹਨ :-

*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥"*

*(ਸਵੱਈਏ ਮਹਲੇ ਪਹਿਲੇ ਕੇ ੧, ਅੰਗ ਨੰ: ੧੩੮੯)*

*ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ॥ ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ॥*

*(ਸਵੱਈਏ ਮਹਲੇ ਪਹਿਲੇ ਕੇ ੧, ਅੰਗ ਨੰ: ੧੩੯੦)*

*ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ॥*

*(ਸਵੱਈਏ ਮਹਲੇ ਪਹਿਲੇ ਕੇ ੧, ਅੰਗ ਨੰ: ੧੩੯੦)*

*ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥*

*(ਸਵੱਈਏ ਮਹਲੇ ਦੂਜੇ ਕੇ ੨, ਅੰਗ ਨੰ: ੧੩੯੨)*

*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥*

*(ਸਵੱਈਏ ਮਹਲੇ ਚਉਥੇ ਕੇ ੪, ਅੰਗ ਨੰ: ੧੩੯੮)*

*ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥*

*ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੈ।*

*(ਸਵੱਈਏ ਮਹਲੇ ਚਉਥੇ ਕੇ ੪, ਅੰਗ ਨੰ: ੧੩੯੮)*

*ਪੂਰਾ ਸੁਖੁ ਪੂਰਾ ਸੰਤੋਖ॥ਪੂਰਾ ਤਪੁ ਪੂਰਨ ਰਾਜੁ ਜੋਗੁ॥*

*(ਗਉੜੀ ਮਹਲਾ ੫, ਅੰਗ ਨੰ: ੧੮੮)*

*ਕਟੀਐ ਤੇਰਾ ਅਹੰ ਰੋਗੁ॥ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥*

*(ਗਉੜੀ ਮਹਲਾ ੫, ਅੰਗ ਨੰ: ੨੧੧)*

*ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜ ਜੋਗੁ ਕਮਾਵੈ।*

*(ਗਉੜੀ ਮਹਲਾ ੫, ਅੰਗ ਨੰ: ੨੩੭)*

*ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਨਿਅਉ॥*

*ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਨਿਅਉ॥*

*(ਸਵੱਈਏ ਮਹਲੇ ਪੰਜਵੇ ਕੇ ੫, ਅੰਗ ਨੰ: ੧੪੦੯)*

*ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ॥*

*(ਗਉੜੀ ਮਹਲਾ ੫, ਅੰਗ ਨੰ: ੨੩੯)*

*ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ॥*

*(ਸਵੱਈਏ, ਮਹਲਾ ੫, ਅੰਗ ਨੰ: ੧੪੦੯)*

ਉਪਰੋਕਤ ਪਾਵਨ ਸ਼ਬਦਾ ਤੋਂ ਪੜਤਾਲ ਕਮਿਸ਼ਨ ਨੂੰ ਇਹ ਸੇਧ ਮਿਲੀ ਹੈ ਕਿ ਰਾਜ ਕਰਦਿਆਂ ਜੋਗ ਨੂੰ ਕਮਾਉਣਾ ਹੈ।

ਇਹ ਵਿਚਾਰਧਾਰਾ ਆਪਣੇ ਆਪ ਵਿੱਚ ਪਰਿਪੂਰਣ ਅਤੇ ਪ੍ਰਪੱਕ ਹੈ ਅਤੇ ਸਿੱਖ ਸੰਗਤਾਂ ਇਸਨੂੰ ਯਕੀਨੀ ਬਣਾਉਣ ਅਤੇ ਵਿਸ਼ਵਾਸ ਲੈ ਕੇ ਆਉਣ। ਜੇ ਰੱਬ ਨੂੰ ਮਿਲਣਾ ਹੈ ਅਤੇ ਰਾਜ ਕਮਾਉਣਾ ਹੈ, 'ਤੇ ਸਾਨੂੰ ਸੰਸਾਰੀ ਕੋਰਟਾਂ ਤੋਂ ਉੱਪਰ ਉੱਠ ਕੇ ਆਪਣੇ ਅਦਾਰਿਆਂ ਨੂੰ ਮਜਬੂਤ ਬਣਾਉਣਾ ਪਵੇਗਾ। ਕਿਤੇ ਨਾ ਕਿਤੇ ਸਾਨੂੰ ਸ਼ੁਰੂਆਤ ਕਰਨੀ ਪਵੇਗੀ, ਕਿਉਂ ਨਾ ਇਸ ਵਿਚਾਰਧਾਰਾ ਨੂੰ ਆਪਾਂ ਹੁਣੇ ਤੋਂ ਲਾਗੂ ਕਰੀਏ।

ਇਹ ਨਾ ਖਿਆਲ ਕਰੋ ਕਿ ਸਰਕਾਰੀ ਕਾਨੂੰਨ ਜਾਂ ਪੁਲਿਸ ਥਾਣਾ ਇਸ ਪਾਵਨ ਸਰੂਪਾਂ ਦੇ ਮਸਲੇ ਨੂੰ ਸਹੀ ਤਰੀਕੇ ਨਾਲ ਨਜਿੱਠ ਲਵੇਗਾ। ਸੰਸਾਰ ਵਿੱਚ ਵੀ ਰਿਸ਼ਵਤ ਬੜੇ ਪੱਧਰ ਤੇ ਚਲਦੀ ਹੈ, ਉੱਥੇ ਵੀ ਪੈਸਿਆਂ ਨਾਲ ਫੈਸਲੇ ਬਦਲੇ ਜਾਂਦੇ ਹਨ ਅਤੇ ਥਾਣਿਆ ਵਿੱਚ ਕੇਸ ਕਮਜੋਰ ਕੀਤੇ ਜਾ ਸਕਦੇ ਹਨ। ਕਿਉਂ ਨਾ ਸ੍ਰੀ ਅਕਾਲ ਤਖਤ ਸਾਹਿਬ ਦੇ ਬਚਨਾਂ ਤੇ ਇਸ ਮਸਲੇ ਨੂੰ ਹੱਲ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਦਾਰੇ ਨੂੰ ਯੋਗ ਤਰੀਕੇ ਨਾਲ ਇਸਤੇਮਾਲ ਕਰੇ।

ਇੱਕ ਸਮਾਂ ਸੀ, ਨਿਹੰਗ ਸਿੰਘ ਜਥੇਬੰਦੀਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਹਦੂਰੀ ਵਿੱਚ ਸੇਵਾ ਨਿਭਾਇਆ ਕਰਦੀਆ ਸਨ, 'ਤੇ ਉਸ ਵੇਲੇ ਪੰਥ ਦਾ ਦਰਦ ਸਭ ਦਾ ਦਰਦ ਹੁੰਦਾ ਸੀ।ਅੰਗਰੇਜਾਂ ਨੇ ਇਹਨਾਂ ਫੌਜਾਂ ਨੂੰ ਅਤੇ ਸੰਸਥਾ ਨੂੰ ਤੋੜਨ ਦੀਆਂ ਨੀਤੀਆਂ ਘੜੀਆਂ ਅਤੇ ਅਸੀਂ ਸਭ ਉਸਦੇ ਸ਼ਿਕਾਰ ਬਣ ਗਏ।ਦਾਸ ਜਥੇਬੰਦੀਆਂ ਨੂੰ ਬੇਨਤੀ ਕਰਦਾ ਹੈ ਕਿ ਇਹ ਇੱਕ ਬਹੁਤ ਵੱਡੀ ਸਮੱਸਿਆ ਹੈ, ਜੋ ਪੰਥ ਨੂੰ ਰਲ ਮਿਲ ਕੇ ਅਤੇ ਵਿਚਾਰ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ-ਛਾਇਆ ਹੇਠ ਸੁਲਝਾਉਣੀ ਚਾਹੀਦੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ 'ਤੇ ਸ਼੍ਰੋਮਣੀ ਕਮੇਟੀ ਪੂਰਾ ਪਹਿਰਾ ਪੂਰੇ ਤਰੀਕੇ ਅਤੇ ਸੱਚੇ ਹਿਰਦੇ ਨਾਲ ਦੇਵੇ ਅਤੇ ਬਣਦੀਆਂ ਯੋਗ ਸਜ਼ਾਵਾਂ ਕਦੇ ਨਾ ਬਖ਼ਸੇ ਜਾਣ ਵਾਲੇ ਅਪਰਾਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੀ ਕਿਸੇ ਵੀ ਅਧਿਕਾਰੀ/ਉੱਚ ਅਧਿਕਾਰੀ ਨੇ ਕਮਾਇਆ ਹੈ, ਉਸਨੂੰ ਬੜੀ ਗੰਭੀਰਤਾ ਨਾਲ ਵਿਚਾਰਦਿਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਇਸ ਮਸ਼ਲੇ ਨੂੰ ਸੁਲਝਾਇਆ ਜਾਵੇ ਅਤੇ ਜਿੱਥੇ-ਜਿੱਥੇ ਪਾਵਨ ਸਰੂਪ ਗੁਰਦੁਆਰਾ ਕਮੇਟੀਆਂ/ਸੰਗਤਾਂ ਨੂੰ ਦਿੱਤੇ ਹਨ, ਉਹਨਾਂ ਦਾ ਪਤਾ ਕਰਕੇ ਪੁੱਛਗਿੱਛ ਕੀਤੀ ਜਾਵੇ, ਇਸ ਕਾਰਜ ਲਈ ਪ੍ਰਚਾਰਕਾਂ/ਸੇਵਾਦਾਰਾਂ/ਸੁਹਿਰਦ ਸਿੱਖਾਂ ਦੀਆਂ ਡਿਊਟੀਆਂ ਲੱਗਣ ਤੇ ਪਾਵਨ ਸਰੂਪ ਜਿੱਥੇ ਵੀ ਹੋਣ ਉਹਨਾਂ ਦਾ ਸਹੀ ਪਤਾ ਲਗਾਇਆ ਜਾ ਸਕੇ ਅਤੇ ਜੇ ਕਿਤੇ ਬੇਨਿਯਮੀਆਂ ਵਿੱਚ ਪਾਵਨ ਸਰੂਪ ਨੂੰ ਕਿਤੇ ਰੱਖਿਆ ਹੋਵੇ ਅਤੇ ਉੱਥੋਂ ਪਾਵਨ ਸਰੂਪ ਆਦਰ ਸਤਿਕਾਰ ਨਾਲ ਸਤਿਕਾਰਿਤ ਅਸਥਾਨ 'ਤੇ ਪਹੁੰਚਾਇਆ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਫਰਜ਼ ਹੈ, ਕਿ ਪਿੰਡਾਂ-ਪਿੰਡਾਂ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ ਰਾਹੀਂ ਇਸ਼ਤਿਹਾਰਾ ਦੁਆਰਾ ਪ੍ਰਚਾਰ ਕੀਤਾ ਜਾਵੇ ਕਿ ਕਿਸੇ ਵੀ ਜਗ੍ਹਾ ਜੋ ਪਾਵਨ ਸਰੂਪ ਦਾ ਪਤਾ ਲੱਗੇ, ਉਹਨਾਂ ਦੀ ਗਿਣਤੀ ਅਤੇ ਉਹਨਾਂ ਦਾ ਨੰਬਰ ਤੁਰੰਤ ਕੇਂਦਰੀ ਦਫਤਰ ਵਿਖੇ ਇਤਲਾਹ ਕਰਨ ਅਤੇ ਐਸੇ ਪਾਵਨ ਸਰੂਪਾਂ ਦੀ ਗਿਣਤੀ ਅਤੇ ਸੁਚੀ ਦੀ ਜਾਂਚ ਪੜਤਾਲ ਤੁਰੰਤ ਕੀਤੀ ਜਾਵੇ।ਜਿਸ ਦੁਆਰਾ ਇਹ ਕੇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਨਾਲ ਰਲ ਕੇ ਸਿਰੇ ਚਾੜ੍ਹ ਸਕੇ ਅਤੇ ਦੋਸ਼ੀਆਂ ਨੂੰ ਬਣਦੀ ਸਜ਼ਾ ਜਰੂਰ ਦਿੱਤੀ ਜਾਵੇ।

ਪੜਤਾਲ ਕਮਿਸ਼ਨ ਦਾ ਇਹ ਮੰਨਣਾ ਹੈ ਅਤੇ ਗੁਰਮਤਿ ਅਨੁਸਾਰ ਇਹ ਸੁਝਾਅ ਦਿੰਦਾ ਹੈ ਕਿ ਇਹਨਾਂ ਪਾਵਨ ਸਰੂਪਾਂ ਦੇ ਮਸਲਿਆ ਦਾ ਕੋਈ ਵੀ ਰਾਜਨੀਤਿਕ ਪਾਰਟੀ ਆਪਣਾ ਸਖਸ਼ੀ ਲਾਭ ਉਠਾਉਣ ਦਾ ਯਤਨ ਨਾ ਕਰੇ, ਜੇਕਰ ਕੋਈ ਵੀ ਰਾਜਨੀਤਿਕ ਪਾਰਟੀ ਅਜਿਹਾ ਕਰਨ ਦਾ ਯਤਨ ਕਰੇਗੀ, ਤਾਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਤੀ ਜਵਾਬਦੇਹ ਹੋਵੇਗੀ ਅਤੇ ਪੰਥ ਦੋਖੀ ਹੋਵੇਗੀ।

## 12. ਕਰਮਚਾਰੀ, ਅਧਿਕਾਰੀ ਅਤੇ ਚਾਰਟਰਡ ਅਕਾਉਂਟੈਂਟ ਦੇ ਦੋਸ਼

ਵੱਖ-ਵੱਖ ਮੁੱਦਿਆ ਤੇ ਵੱਖਰੇ-ਵੱਖਰੇ ਕਰਮਚਾਰੀ ਅਧਿਕਾਰੀ ਉਪਰੋਕਤ ਰਿਪੋਰਟ ਵਿੱਚ ਦਰਸਾਏ ਗਏ ਹਨ।ਅਗਲੇ ਕੁਝ ਪਹਿਰਿਆਂ ਵਿੱਚ ਹਰ ਇੱਕ ਦੋਸ਼ੀ ਦੇ ਕਿਹੜੇ-ਕਿਹੜੇ ਦੋਸ਼ ਹਨ, ਉਹ ਲਿਖੇ ਜਾ ਰਹੇ ਹਨ।

### 12.1 ਸ੍ਰ. ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ

1. ਸ੍ਰ. ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ, ਪਬਲੀਕੇਸ਼ਨ ਵਿਭਾਗ ਨੇ ਸਾਲ 2012-13 ਤੋਂ ਹੀ ਕੰਵਲਜੀਤ ਸਿੰਘ ਨੇ ਲੈਜ਼ਰ ਵਿੱਚ ਬਕਾਇਆ ਪੈਨਸ਼ਲ ਰਾਹੀਂ ਕੱਢਿਆ ਅਤੇ ਕਈ ਵਾਰ ਬਕਾਇਆ ਨੂੰ ਕੱਟਿਆ।
2. ਲੈਜ਼ਰ ਵਿੱਚ 200 ਪਾਵਨ ਸਰੂਪ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਮਿਆਨਾ ਆਕਾਰ ਸਾਲ 2013-14 ਵਿੱਚ ਦਰਜ ਨਹੀਂ ਕੀਤੇ।ਜਦੋਂ ਸਰਕਾਰੀ ਆਡਿਟ ਰਿਪੋਰਟ ਨੇ ਸਾਲ 2018 ਵਿੱਚ ਇਤਰਾਜ ਜਤਾਇਆ ਤਾਂ ਜੋ ਸਾਲ 2013-14 ਦੀ ਲੈਜ਼ਰ ਵਿੱਚ ਐਂਟਰੀ ਕਰਕੇ ਨਵਾਂ ਬਕਾਇਆ ਕੱਢ ਦਿੱਤਾ।ਜਦਕਿ ਇਸਦੀ ਜਾਣਕਾਰੀ ਉੱਚ ਅਧਿਕਾਰੀਆਂ ਨੂੰ ਦੇਣੀ ਬਣਦੀ ਸੀ ਅਤੇ ਇਸ ਮੌਕੇ ਤੇ ਵਾਸਤਵਿਕ ਤਸਦੀਕ ਕਰਕੇ ਫਰਕ ਲੱਭਣਾ ਚਾਹੀਦਾ ਸੀ।ਸਾਲ 2014-15 ਦੀ ਲੈਜ਼ਰ ਵਿੱਚ ਪੰਨਾ ਨੰ: 53 ਤੇ ਪਾਵਨ ਸਰੂਪ ਦਰਮਿਆਨਾ ਦਾ ਬਕਾਇਆ 195 ਹੈ ਜਿਸਨੂੰ ਪੰਨਾ ਨੰ: 86 ਵਿੱਚ ਨਹੀਂ ਲਿਜਾਇਆ ਗਿਆ।ਇਸ ਤਰ੍ਹਾਂ ਦੀਆਂ ਹੋਰ ਇਦਰਾਜਾਂ (ਐਂਟਰੀਆਂ) ਕਾਰਨ ਮਿਤੀ 18/08/2015 ਨੂੰ ਲੈਜ਼ਰ ਦਾ ਬੈਲੇਂਸ ਬਦਲ ਗਿਆ ਤੇ ਉਸ ਦਿਨ ਦੀ ਹੋਈ ਵਾਸਤਵਿਕ ਤਸਦੀਕ ਵਾਧੇ ਤੋਂ ਘਾਟੇ ਦੇ ਵਿੱਚ ਚਲੀ ਗਈ।
3. ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੇ ਮਿਤੀ 18/08/2015 ਤੱਕ 328 (ਲੜੀ ਨੰ: 02 ਦੇ ਆਧਾਰ ’ਤੇ) ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ ਗਬਨ ਕੀਤਾ।
4. ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਨੇ ਪਾਵਨ ਸਰੂਪਾਂ ਦਾ ਗਬਨ ਕਰਕੇ ਅੱਜ ਤੱਕ ਇਹ ਨਹੀਂ ਦੱਸਿਆ ਕਿ ਉਹਨਾਂ ਨੇ ਪਾਵਨ ਸਰੂਪ ਕਿੱਥੇ ਭੇਜੇ ਹਨ? ਇਹ ਉਸਦਾ ਸਭ ਤੋਂ ਵੱਡਾ ਜੁਰਮ ਹੈ।
5. ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੇ ਅਣ-ਅਧਿਕਾਰਿਤ ਤਰੀਕੇ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 61 ਪਾਵਨ ਸਰੂਪ ਤਿਆਰ ਕਰਵਾਏ।

6. ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੇ ਅਣਧਿਕਾਰਿਤ ਤਰੀਕੇ ਨਾਲ ਪਾਵਨ ਸਰੂਪਾਂ ਨੂੰ ਅਣਅਧਿਕਾਰਿਤ ਲੜੀ ਨੰਬਰ ਦਿੱਤਾ।

7. ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨੇ ਦਸ ਹਜ਼ਾਰ ਰੁਪਏ ਜਿਲਦਸਾਜ਼ ਕੁਲਵੰਤ ਸਿੰਘ ਨੂੰ ਆਪਣੀ ਜੇਬ ਵਿੱਚੋ ਦਿੱਤੇ।

8. ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ 55 ਅਣਅਧਿਕਾਰਿਤ ਤਰੀਕੇ ਨਾਲ ਤਿਆਰ ਕੀਤੇ ਪਾਵਨ ਸਰੂਪ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਭੇਜੇ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: -

| **ਸੀ.ਨੰ.** | **ਨਾਮ ਗੁਰਦੁਆਰਾ ਸਾਹਿਬ** | **ਗਿਣਤੀ ਪਾਵਨ ਸਰੂਪ** |
|---|---|---|
| 1 | ਗੁ: ਰਕਾਬ ਗੰਜ ਸਾਹਿਬ ਨਵੀਂ ਦਿੱਲੀ | 25 |
| 2 | ਗੁ: ਗੁਰੂ ਸਿੰਘ ਸਭਾ, ਇੰਦੌਰ (ਮੱਧ ਪ੍ਰਦੇਸ਼) | 04 |
| 3 | ਗੁ: ਸੀਸ ਗੰਜ ਸਾਹਿਬ, ਕਰਨਾਲ (ਹਰਿਆਣਾ) | 15 |
| 4 | ਗੁ: ਬੁੱਢਾ ਜੌਹੜ (ਰਾਜਸਥਾਨ) | 08 |
| 5 | ਗੁ: ਗੁਰੂ ਸਿੰਘ ਸਭਾ, ਲੱਖਣਖੁਰਦ | 02 |
| | **ਕੁੱਲ ਗਿਣਤੀ** | **54** |

ਇੱਕ ਪਾਵਨ ਸਰੂਪ ਜਿਸਦਾ ਲੜੀ ਨੰ: 4456 ਹੈ, ਦਾ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਸਨੂੰ ਜਾਰੀ ਕੀਤਾ ਹੈ।

9. ਡੁੱਚਾਂ ਦਾ ਟੋਟਲ ਸਹੀ ਨਾ ਕਰਕੇ ਲੈਜ਼ਰ ਵਿੱਚ ਗਲਤ ਪੋਸਟ ਕੀਤਾ।ਉਦਾਹਰਣ ਦੇ ਤੌਰ ਤੇ ਡੁੱਚ ਨੰ: 24 ਵਿਚ (2301 ਤੋਂ 2400 ਤੱਕ) ਵਿਚ 52 ਦਰਮਿਆਨਾਂ ਆਕਾਰ ਦੇ ਸਰੂਪ ਭੇਟਾ ਸਹਿਤ ਵੰਡੇ ਗਏ ਪਰ ਲੈਜ਼ਰ ਵਿਚ ਇਨ੍ਹਾਂ ਦੀ ਗਿਣਤੀ 90 ਦਰਜ ਕੀਤੀ ਗਈ

10. ਜਾਰੀ ਕੀਤੇ ਪਾਵਨ ਸਰੂਪਾਂ ਦੇ ਲੜੀ ਨੰਬਰ ਦਾ ਰਿਕਾਰਡ ਨਹੀਂ ਰੱਖਿਆ, ਜਿਸ ਕਾਰਨ ਅਗਨ ਭੇਟ ਹੋਏ ਜਾਂ ਪਾਣੀ ਨਾਲ ਨੁਕਸਾਨੇ ਹੋਏ ਪਾਵਨ ਸਰੂਪਾਂ ਦੀ ਗਿਣਤੀ ਨਹੀਂ ਪਤਾ ਲੱਗ ਸਕੀ।

11. ਅਗਨ ਭੇਟ ਦੀ ਘਟਨਾ ਤੋਂ ਬਾਅਦ ਵੀ ਪਾਵਨ ਸਰੂਪ ਧੰਨ ਸਾਹਿਬ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਵਾਸਤਵਿਕ ਤਸਦੀਕ ਨਹੀਂ ਕੀਤੀ।ਜੇਕਰ ਲੈਜ਼ਰ ਠੀਕ ਹੁੰਦੇ ਅਤੇ ਵਾਸਤਵਿਕ ਤਸਦੀਕ ਕੀਤੀ ਹੁੰਦੀ ਤਾਂ ਅਗਨ ਭੇਟ ਜਾਂ ਪਾਣੀ ਨਾਲ ਨੁਕਸਾਨੇ ਹੋਏ ਸਰੂਪਾਂ ਦਾ ਸਾਲ 2016 ਵਿੱਚ ਹੀ

ਪਤਾ ਲੱਗ ਜਾਣਾ ਸੀ ਅਤੇ ਉਸ ਸਮੇਂ ਵੱਟੇ ਖਾਤੇ ਵਿੱਚ ਪਾਉਣ ਸੰਬੰਧੀ ਯੋਗ ਕਾਰਵਾਈ ਕਰਨੀ ਬਣਦੀ ਸੀ ਜੋ ਕਿ ਨਹੀਂ ਕੀਤੀ ਗਈ।

12. ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਨੇ ਬਾਹਰ ਜਾਣ ਵਾਲੇ ਸਰੂਪਾਂ ਦਾ ਰਿਕਾਰਡ ਅਤੇ ਲੜੀ ਨੰਬਰ ਨਹੀਂ ਰੱਖਿਆ ਅਤੇ ਨਾ ਹੀ ਵਾਪਿਸ ਆਉਣ ਵਾਲੇ ਪਾਵਨ ਸਰੂਪਾਂ ਦਾ ਰਿਕਾਰਡ ਰੱਖਿਆ।ਇਸ ਨੇ ਸ੍ਰ.ਬਾਜ਼ ਸਿੰਘ ਨਾਲ ਰਲ ਕੇ 982700/-ਰੁਪਏ ਦੀ ਰਕਮ ਨੂੰ ਨਿੱਜੀ ਹਿੱਤਾਂ ਲਈ ਵਰਤਿਆ।ਜਿਸਤੋਂ ਸ਼ੱਕ ਹੁੰਦਾ ਹੈ ਕਿ ਥੋੜ੍ਹੇ-ਥੋੜ੍ਹੇ ਸਰੂਪ ਸਮੇਂ-ਸਮੇਂ ਸਿਰ ਬਾਹਰ ਜਾਣ ਵਾਲੀ ਗੱਡੀ ਵਿੱਚ ਭੇਜੇ ਜਾਂਦੇ ਰਹੇ ਉਸਦੇ ਬਿਲ ਨਹੀਂ ਕੱਟੇ ਜਾਂਦੇ ਰਹੇ ਅਤੇ ਮਾਇਆ ਦਫਤਰ ਵਿੱਚ ਜਮਾਂ ਨਹੀਂ ਕਰਵਾਈ ਜਾਂਦੀ ਸੀ ਅਤੇ ਆਪਣੀ ਨਿੱਜੀ ਵਰਤੋਂ ਵਿੱਚ ਲਿਆਦੀ ਜਾਂਦੀ ਸੀ।ਇਸ ਤਰੀਕੇ 328 ਪਾਵਨ ਸਰੂਪਾਂ ਦੀ ਮਾਇਆ ਦਾ ਗਬਨ ਕੀਤਾ ਗਿਆ।

13. ਉੱਚ ਅਧਿਕਾਰੀਆਂ ਤੇ ਦੋਸ਼ ਲਗਾਇਆ ਕਿ ਉਹਨਾਂ ਵੱਲੋਂ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ’ਤੇ ਦਬਾਅ ਪਾਇਆ ਜਾਂਦਾ ਸੀ ਜਿਸ ਕਾਰਨ ਉਹ ਬਿਨ੍ਹਾ ਮਾਇਆ ਤੋਂ ਕੱਚੀਆਂ ਪ੍ਰਚੀਆਂ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨਾਂ ਨੂੰ ਜਾਰੀ ਕਰਦਾ ਸੀ।

### 12.2 ਸ.ਬਾਜ਼ ਸਿੰਘ ਕਲਰਕ

1. ਸ੍ਰ.ਬਾਜ਼ ਸਿੰਘ ਕਲਰਕ ਬਿਨ੍ਹਾਂ ਗਿਣਤੀ ਦੱਸੇ ਵੱਡਣ ਲਈ ਪਾਵਨ ਸਰੂਪ ਬਾਹਰ ਲੈ ਜਾਂਦਾ ਸੀ ਅਤੇ ਵਾਪਿਸੀ ਤੇ ਕਈ ਵਾਰ ਰਕਮ ਨਹੀਂ ਜਮਾਂ ਕਰਵਾਉਦਾ ਰਿਹਾ ਅਤੇ ਕਿੰਨੇ ਸਰੂਪ ਵਾਪਿਸ ਆਏ ਇਸ ਸੰਬੰਧੀ ਵੀ ਜਾਣਕਾਰੀ ਨਹੀਂ ਦਿੰਦਾ ਰਿਹਾ।

2. ਸ੍ਰ.ਬਾਜ ਸਿੰਘ ਕਲਰਕ ਨੇ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਨਾਲ ਰਲ ਕੇ ਤਕਰੀਬਨ ਚਾਰ ਸਾਲ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਰਕਮ 982700/- ਰੁਪਏ ਨਿੱਜੀ ਵਰਤੋਂ ਵਿੱਚ ਲਿਆਦੀ।

3. ਸ੍ਰ ਬਾਜ਼ ਸਿੰਘ ਕਲਰਕ ਨੇ ਬਾਹਰ ਜਾਣ ਵਾਲੇ ਸਰੂਪਾਂ ਦਾ ਰਿਕਾਰਡ ਅਤੇ ਲੜੀ ਨੰਬਰ ਨਹੀਂ ਰੱਖਿਆ ਅਤੇ ਨਾ ਹੀ ਵਾਪਿਸ ਆਉਣ ਵਾਲੇ ਪਾਵਨ ਸਰੂਪਾਂ ਦਾ ਰਿਕਾਰਡ ਰੱਖਿਆ।ਇਸ ਨੇ ਸ੍ਰ.ਕੰਵਲਜੀਤ ਸਿੰਘ, ਸਾਬਕਾ ਸਹਾਇਕ ਸੁਪਰਵਾਈਜਰ ਨਾਲ ਰਲ ਕੇ 982700/- ਰੁਪਏ ਦੀ ਰਕਮ ਨੂੰ ਨਿੱਜੀ ਹਿੱਤਾਂ ਲਈ ਵਰਤਿਆ।ਜਿਸਤੋਂ ਸ਼ੱਕ ਹੁੰਦਾ ਹੈ ਕਿ ਥੋੜ੍ਹੇ-ਥੋੜ੍ਹੇ ਸਰੂਪ ਸਮੇਂ-ਸਮੇਂ

ਸਿਰ ਬਾਹਰ ਜਾਣ ਵਾਲੀ ਗੱਡੀ ਵਿੱਚ ਭੇਜੇ ਜਾਂਦੇ ਰਹੇ ਉਸਦੇ ਬਿਲ ਨਹੀਂ ਕੱਟੇ ਜਾਂਦੇ ਰਹੇ ਅਤੇ ਮਾਇਆ ਦਫਤਰ ਵਿੱਚ ਜਮਾਂ ਨਹੀਂ ਕਰਵਾਈ ਜਾਂਦੀ ਸੀ ਅਤੇ ਆਪਣੀ ਨਿੱਜੀ ਵਰਤੋਂ ਵਿੱਚ ਲਿਆਦੀ ਜਾਂਦੀ ਸੀ।ਇਸ ਤਰੀਕੇ 328 ਪਾਵਨ ਸਰੂਪਾਂ ਦੀ ਮਾਇਆ ਦਾ ਗਬਨ ਕੀਤਾ ਗਿਆ।

## 12.3 ਗੁਰਬਚਨ ਸਿੰਘ ਮੀਤ ਸਕੱਤਰ

1. ਸ੍ਰ.ਗੁਰਬਚਨ ਸਿੰਘ ਮੀਤ ਸਕੱਤਰ ਨੇ ਸਟੋਰ ਵਿੱਚ ਬਿਰਾਜਮਾਨ ਪਾਵਨ ਸਰੂਪਾਂ ਦੀ ਘਟਦੀ ਗਿਣਤੀ ਨੂੰ ਪੂਰਾ ਕਰਨ ਲਈ ਜਿਲਦਸਾਜ਼ਾਂ ਨੂੰ ਅਣਅਧਿਕਾਰਤ ਤਰੀਕੇ ਨਾਲ ਵਧੀਕ ਅੰਗਾਂ ਤੋਂ 61 ਅਤੇ 125 ਪਾਵਨ ਸਰੂਪ (ਜਿੰਨਾਂ ਦੀ ਜਿਲਦਬੰਦੀ ਅਜੇ ਬਾਕੀ ਸੀ) ਤਿਆਰ ਕਰਨ ਦੇ ਜੁਬਾਨੀ ਆਦੇਸ਼ ਦਿੱਤੇ।
2. ਉੱਚ ਅਧਿਕਾਰੀਆਂ ਦੀ ਪ੍ਰਵਾਨਗੀ ਤੋਂ ਬਿਨਾਂ ਦਿੱਤੇ 61 ਪਾਵਨ ਸਰੂਪਾਂ ਦੀ ਗਿਣਤੀ ਦਾ ਮਾਮਲਾ ਸਾਹਮਣੇ ਆਉਣ ਤੇ ਸ੍ਰ.ਕੰਵਲਜੀਤ ਸਿੰਘ ਨੂੰ ਅਣ – ਅਧਿਕਾਰਤ ਢੰਗ ਨਾਲ ਇਨ੍ਹਾਂ ਦੀ ਸਟੋਰ ਰਸੀਦ ਕੱਟਣ ਲਈ ਕਿਹਾ।
3. ਸ. ਗੁਰਬਚਨ ਸਿੰਘ ਮੀਤ ਸਕੱਤਰ ਨੇ ਮਿਤੀ 02/10/2018 ਦੇ ਪੱਤਰ ਰਾਹੀਂ ਜਿਲਦਸਾਜ਼ਾਂ ਨੂੰ ਹੇਠ ਲਿਖੇ ਅਨੁਸਾਰ ਨੋਟਿਸ ਦਿੱਤਾ ਗਿਆ,

   *"ਸਮੂਹ ਜਿਲਦਸਾਜ਼ਾ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਪੋ ਆਪਣੇ ਬਾਈਂਡਿੰਗ ਹਾਲਾਂ ਦੀ ਪੂਰੀ ਤਰਾਂ ਸਾਫ਼-ਸਫਾਈ ਦਸ ਦਿਨਾਂ ਦੇ ਅੰਦਰ-2 ਕਰਵਾ ਕੇ, ਵੱਧ-ਘੱਟ ਸਮਾਨ ਨੂੰ ਤਿਆਰ ਕੀਤਾ/ਕਰਵਾਇਆ ਜਾਵੇ।ਵੱਧ-ਘੱਟ ਗੁਰਬਾਣੀ ਦੇ ਛਪੇ ਫਰਮੇ ਗਿਣਤੀ ਮਿਣਤੀ ਕਰਕੇ, ਮੈਨੇਜਰ ਪ੍ਰੈੱਸ ਦੇ ਨੋਟਿਸ ਵਿਚ ਲਿਆ ਕੇ ਪਬਲੀਕੇਸ਼ਨ ਵਿਭਾਗ ਪਾਸ ਜਮ੍ਹਾਂ ਕਰਵਾਏ ਜਾਣ।ਇਸ ਉਪਰੰਤ ਜੋ ਵੇਸਟੇਜ਼ ਜਾਂ ਰੱਦੀ ਬੱਚਦੀ ਹੈ, ਉਸਨੂੰ ਬੰਨ ਕੇ ਆਪਣੇ ਦਸਤਖ਼ਤ ਹੇਠ ਹਾਲ ਦਾ ਨੰਬਰ ਲਿਖ ਕੇ ਪ੍ਰੈੱਸ ਵਿਖੇ ਭੇਜੇ ਜਾਣ।ਇਸ ਉੱਪਰ ਸਖ਼ਤੀ ਨਾਲ ਅਮਲ ਹੋਵੇ।ਅਗਰ ਇਸ ਸਮੇਂ ਤੋਂ ਬਾਅਦ ਚੈਕਿੰਗ ਦੌਰਾਨ ਕੋਈ ਉਣਤਾਈਪਾਈ ਗਈ, ਉਸ ਜਿਲਦਸਾਜ਼ ਵਿਰੁੱਧ ਸਖ਼ਤ ਦਫ਼ਤਰੀ ਕਾਰਵਾਈ ਕਰਦਿਆਂ ਸਬੰਧਿਤ ਜਿਲਦਸਾਜ਼ ਦਾ ਠੇਕਾ ਵੀ ਕੈਂਸਲ ਕੀਤਾ/ਕਰਵਾਇਆ ਜਾ ਸਕਦਾ ਹੈ।"*

   ਉਪਰੋਕਤ ਤੋਂ ਸਪੱਸ਼ਟ ਹੈ ਕਿ ਸ੍ਰ.ਗੁਰਬਚਨ ਸਿੰਘ, ਮੀਤ ਸਕੱਤਰ ਨੂੰ ਇਹ ਅਕਤੂਬਰ 2018 ਵਿੱਚ ਪਤਾ ਲੱਗ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜਿਸ ਜਗ੍ਹਾਂ ਪੁਰ ਤਿਆਰ ਕੀਤੇ

ਜਾ ਰਹੇ ਹਨ, ਇਹ ਜਗ੍ਹਾ ਸਾਫ ਨਹੀ ਹੈ ਅਤੇ ਵਧੀਕ ਅੰਗ ਪਏ ਹਨ।ਜਾਣਕਾਰੀ ਹੋਣ ਦੇ ਬਾਵਜੂਦ ਵੀ ਡੇਢ ਸਾਲ ਨਾਂ ਤਾਂ ਸਾਫ ਸਫਾਈ ਕੀਤੀ ਅਤੇ ਨਾਂ ਹੀ ਵਧੀਕ ਅੰਗਾਂ ਦੀ ਵਾਪਸੀ ਲਈ।ਸਗੋਂ ਵਧੀਕ ਅੰਗਾਂ ਤੋਂ ਅਣਅਧਿਕਾਰਿਤ ਤਰੀਕੇ ਨਾਲ 61 ਅਤੇ 125 ਪਾਵਨ ਸਰੂਪ ਤਿਆਰ ਕਰਵਾਏ।ਸ੍ਰ.ਗੁਰਬਚਨ ਸਿੰਘ ਜੀ ਦੀ ਟੈਲੀਫੋਨ ਤੇ ਕੀਤੀ ਗੁਰਮੁੱਖ ਸਿੰਘ ਅਤੇ ਸ੍ਰ.ਕੁਲਵੰਤ ਸਿੰਘ ਠੇਕੇਦਾਰ ਨਾਲ ਕੀਤੀ ਗੱਲਬਾਤ ਤੋਂ ਇੰਝ ਜਾਪਦਾ ਹੈ ਕਿ ਰਿਪੋਰਟ ਵਿੱਚ ਲੜੀ ਨੰ: 13 ਵਿੱਚ ਪਾਏ ਗਏ ਵਾਧੂ ਅੰਗਾਂ ਅਤੇ ਲੜੀ ਨੰ: 15 (ੲ) ਵਿੱਚ ਪਾਏ ਗਏ ਵਾਧੂ ਵੇਸਟੇਜ਼ ਤੋਂ ਸਰੂਪ ਬਣਾ ਕੇ ਅਣਅਧਿਕਾਰਤ ਤਰੀਕੇ ਨਾਲ ਸ੍ਰ.ਕੁਲਵੰਤ ਸਿੰਘ ਜਿਲਦਸਾਜ਼ ਨਾਲ ਮਿਲੀ ਭੁਗਤ ਕਰਕੇ ਸਰੂਪ ਤਿਆਰ ਕਰਵਾਏ।

4. ਸ੍ਰ.ਕੁਲਵੰਤ ਸਿੰਘ ਜਿਲਦਸਾਜ਼ ਨੇ (ਨੱਥੀ ਗ/1) ਨੇ ਦੱਸਿਆ ਕਿ ਸ੍ਰ.ਗੁਰਬਚਨ ਸਿੰਘ ਜੀ ਨੇ ਰਿਕਾਰਡ ਨੂੰ ਪੂਰਾ ਕਰਨ ਵਾਸਤੇ ਉਹਨਾਂ ਤੋਂ ਗਲਤ ਬਿਆਨੀ ਵੀ ਕਰਵਾਈ।

## 12.4 ਸ੍ਰ.ਦਲਬੀਰ ਸਿੰਘ ਹੈਲਪਰ

ਸ੍ਰ.ਦਲਬੀਰ ਸਿੰਘ ਸਹਾਇਕ ਗ੍ਰੰਥੀ ਭਰਤੀ ਹੋਇਆ ਅਤੇ 2012 ਤੋਂ ਸ਼ੋਅ ਰੂਮ ਵਿਖੇ ਹੈਲਪਰ ਵਜੋਂ ਡਿਊਟੀ ਕਰ ਰਿਹਾ ਹੈ।ਇਸ ਤੇ ਆਪਣੇ ਵਿਭਾਗ ਵਿਚ ਪਾਵਨ ਸਰੂਪਾਂ ਦੇ ਕੱਟੇ ਜਾਂਦੇ ਡੁੱਚਾਂ ਦੀਆਂ ਐਂਟਰੀ ਬਦਲਣ ਦੇ ਦੋਸ਼ ਹਨ।ਇਸ ਨੇ ਕਈ ਵਾਰ ਡੁੱਚ ਕੱਟਣ ਤੋਂ ਬਾਅਦ ਕਾਰਬਨ ਕਾਪੀ ਉੱਤੇ ਪੈਨ ਨਾਲ ਬਾਅਦ ਵਿਚ ਐਂਟਰੀਆਂ ਤਬਦੀਲ ਕੀਤੀਆਂ ਹਨ ਜੋ ਕਿ ਰਿਕਾਰਡ ਵਿਚ ਹੇਰਾਫੇਰੀ ਕਰਨ ਦਾ ਬਹੁਤ ਵੱਡਾ ਦੋਸ਼ ਹੈ।ਦਲਬੀਰ ਸਿੰਘ ਵੱਲੋਂ ਡੁੱਚਾਂ ਦੇ ਰਿਕਾਰਡ ਵਿਚ ਫੇਰ-ਬਦਲ ਕਰਨ ਕਰਕੇ ਪਬਲੀਕੇਸ਼ਨ ਵਿਭਾਗ ਦੁਆਰਾ ਬਾਹਰ ਭੇਜੇ ਜਾਂਦੇ ਪਾਵਨ ਸਰੂਪਾਂ ਦੀ ਗਿਣਤੀ ਲੈਜ਼ਰ ਵਿਚ ਸਹੀ ਢੰਗ ਨਾਲ ਦਰਜ ਨਹੀਂ ਕੀਤੀ ਜਾਂਦੀ ਸੀ।ਉਦਾਹਰਣ ਦੇ ਤੌਰ ਤੇ ਡੁੱਚ ਨੰ: 24 ਵਿਚ (2301 ਤੋਂ 2400 ਤੱਕ) ਵਿਚ 52 ਦਰਮਿਆਨਾਂ ਆਕਾਰ ਦੇ ਸਰੂਪ ਭੇਟਾ ਸਹਿਤ ਵੰਡੇ ਗਏ ਅਤੇ ਲੈਜ਼ਰ ਵਿਚ ਕੰਵਲਜੀਤ ਸਿੰਘ ਸੀ.ਜੀ.ਐਲ ਦੁਆਰਾ ਇਨ੍ਹਾਂ ਦੀ ਗਿਣਤੀ 90 ਦਰਜ ਕੀਤੀ ਗਈ ।

## 12.5 ਜਿਲਦਸਾਜ਼ ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ

ਪੜਤਾਲ ਕਮਿਸ਼ਨ ਵੱਲੋ ਕੀਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜਿਲਦਸਾਜ਼ਾਂ ਨੂੰ ਪ੍ਰੈੱਸ ਤੋਂ ਜੋ ਪਾਵਨ ਸਰੂਪਾਂ ਦੇ ਅੰਗ ਛਪ ਕੇ ਆਉਂਦੇ ਹਨ, ਉਹ ਇਹਨਾਂ ਦੀ ਲੋੜ ਤੋਂ ਵੱਧ ਹੁੰਦੇ ਹਨ।ਕਈ ਸਾਲਾਂ ਤੋਂ ਵਧੀਕ ਅੰਗ ਜਿਲਦਸਾਜ਼ਾਂ ਦੇ ਹਾਲ ਨੰ: 3 ਤੇ 4 ਵਿਚ ਪਏ ਹਨ ਜਿਨ੍ਹਾਂ ਦਾ ਨਾ ਤਾਂ ਕੋਈ ਰਿਕਾਰਡ ਰੱਖਿਆ ਗਿਆ ਅਤੇ ਨਾ ਹੀ ਉਨਾਂ ਪਾਵਨ ਅੰਗਾਂ ਨੂੰ ਅਦਬ

ਸਤਿਕਾਰ ਨਾਲ ਰੱਖਿਆ ਹੈ।ਸ.ਗੁਰਬਚਨ ਸਿੰਘ ਮੀਤ ਸਕੱਤਰ ਦੇ ਜ਼ੁਬਾਨੀ ਆਦੇਸ਼ ਅਨੁਸਾਰ ਇਨ੍ਹਾਂ ਵਧੀਕ ਅੰਗਾਂ ਤੋਂ 61 ਵੱਡੇ ਅਕਾਰ ਦੇ ਪਾਵਨ ਸਰੂਪ ਅਣ ਅਧਿਕਾਰਤ ਢੰਗ ਨਾਲ ਬਿਨਾਂ ਕਿਸੇ ਲਿਖਤੀ ਆਗਿਆ ਤੋਂ ਤਿਆਰ ਕਰਵਾ ਕੇ ਕੰਵਲਜੀਤ ਸਿੰਘ ਸੀ.ਜੀ.ਐਲ ਨੂੰ ਦੇ ਦਿੱਤੇ, ਜੋ ਕਿ ਰਿਕਾਰਡ ਵਿਚ ਕਿਤੇ ਵੀ ਦਰਜ ਨਹੀਂ ਕਰਵਾਏ।ਜਿਲਦਸਾਜ਼ਾਂ ਕੋਲ ਜਿਲਦਬੰਦੀ ਲਈ ਕਿੰਨੇ ਪਾਵਨ ਸਰੂਪਾਂ ਦੇ ਅੰਗ ਆਉਂਦੇ ਹਨ, ਅਤੇ ਕਿੰਨੇ ਵਰਤੇ ਜਾਂਦੇ ਹਨ, ਦਾ ਕੋਈ ਰਿਕਾਰਡ ਇਨ੍ਹਾਂ ਵੱਲੋਂ ਨਹੀਂ ਰੱਖਿਆ ਜਾਂਦਾ।ਇਸ ਲਈ ਇਹ ਦੋਨੋਂ ਜਿਲਦਸਾਜ਼ ਪਾਵਨ ਸਰੂਪਾਂ ਦੀ ਬੇ-ਅਦਬੀ ਅਤੇ ਪਾਵਨ ਸਰੂਪਾਂ ਦੀ ਵਾਧ-ਘਾਟ ਅਤੇ ਰਿਕਾਰਡ ਵਿਚ ਹੋਈਆਂ ਬੇਨਿਯਮੀਆਂ ਵਿਚ ਬਰਾਬਰ ਦੇ ਦੋਸ਼ੀ ਹਨ।

## 12.6 <u>ਸ੍ਰ.ਸਤਿੰਦਰ ਸਿੰਘ ਮੀਤ ਸਕੱਤਰ ਫਾਂਇਨਾਸ</u>

ਮਿਤੀ 19/05/2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼ਾਰਟ ਸਰਕਟ ਦੁਆਰਾ ਕੁਝ ਪਾਵਨ ਸਰੂਪ ਨੁਕਸਾਨੇ ਗਏ ਪਰ ਇਨ੍ਹਾਂ ਸਰੂਪਾਂ ਦਾ ਕੋਈ ਵੀ ਲਿਖਤੀ ਰਿਕਾਰਡ ਨਾ ਪਬਲੀਕੇਸ਼ਨ ਵਿਭਾਗ ਵਿਚ ਪਾਇਆ ਗਿਆ ਤੇ ਨਾ ਹੀ ਗੋਇੰਦਵਾਲ ਸਾਹਿਬ ਵਿਖੇ ਇਨ੍ਹਾਂ ਪਾਵਨ ਸਰੂਪਾਂ ਦੀ ਕੋਈ ਐਂਟਰੀ ਮਿਲੀ।

ਸਤਿੰਦਰ ਸਿੰਘ ਉਸ ਸਮੇਂ ਪਬਲੀਕੇਸ਼ਨ ਵਿਭਾਗ ਦੇ ਮੀਤ ਸਕੱਤਰ ਸਨ ਤੇ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਸੀ ਕਿ ਉਹ ਹੇਠਲੇ ਅਧਿਕਾਰੀਆਂ ਪਾਸੋਂ ਜਿੰਨੇ ਵੀ ਪਾਵਨ ਸਰੂਪ ਅਗਨ ਭੇਟ ਹੋਏ ਜਾਂ ਪਾਣੀ ਨਾਲ ਨੁਕਸਾਨੇ ਗਏ ਉਨਾਂ ਦਾ ਰਿਕਾਰਡ ਚੈੱਕ ਕਰਕੇ ਸਮੇਤ ਲੜੀ ਨੰਬਰ ਰਾਈਟ ਆਫ਼ ਕਰਾਉਣ ਸੰਬੰਧੀ ਯੋਗ ਕਾਰਵਾਈ ਕਰਦਾ ਜੋ ਕਿ ਉਨਾਂ ਵੱਲੋਂ ਨਹੀਂ ਕੀਤਾ ਗਿਆ ਅਤੇ ਇਹ ਪਾਵਨ ਸਰੂਪਾਂ ਨੂੰ ਰਿਕਾਰਡ ਵਿਚੋਂ ਅੰਤਰਿੰਗ ਕਮੇਟੀ ਪਾਸੋਂ ਰਾਈਟ ਆਫ਼ ਕਰਵਾਉਣ ਦੀ ਪ੍ਰਵਾਨਗੀ ਪ੍ਰਾਪਤ ਕਰਦੇ।

## 12.7 <u>ਸ. ਨਿਸ਼ਾਨ ਸਿੰਘ ਮੀਤ ਸਕੱਤਰ</u>

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧ ਸਕੀਮ ਅਧੀਨ ਲੜੀ ਨੰ: 17 (ਅ) ਦੇ ਮੁਤਾਬਿਕ ਕੋਈ ਮੈਂਬਰ ਅਹੁੱਦੇਦਾਰ, ਮੈਨੇਜਰ ਜਾਂ ਪ੍ਰਬੰਧਕ ਕਮੇਟੀ ਦਾ ਕੋਈ ਹੋਰ ਮੁਲਾਜ਼ਮ ਜੋ ਇਸ ਤਰ੍ਹਾਂ ਦੇ ਗਬਨ, ਗਲਤ ਵਰਤੋਂ, ਖਿਆਨਤ, ਗੁਰਦੁਆਰੇ ਦੀ ਜਾਇਦਾਦ ਜਾਂ ਫੰਡ ਦੇ ਨੁਕਸਾਨ ਜਾਂ ਤਬਾਹੀ ਕਰਨ ਵਿਚ ਸਹਾਇਤਾ ਦੇਵੇ, ਆਪਣੇ ਫਰਜ ਨਾ ਪੂਰੇ ਕਰਨ ਦਾ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਸ ਨੂੰ ਅਹੁਦੇ ਜਾਂ ਨੌਕਰੀ ਤੋਂ ਅਲਾਹਿਦਾ ਕੀਤਾ ਜਾ ਸਕਦਾ

ਹੈ।ਇਸ ਤੋਂ ਬਿਨਾ ਫਰਜ਼ ਪੂਰਾ ਨਾ ਕਰਨ ਦੇ ਕਾਰਨ ਜੋ ਨੁਕਸਾਨ ਹੋਵੇਗਾ, ਉਸਦਾ ਜਿੰਮੇਵਾਰ ਵੀ ਉਹ ਹੋਵੇਗਾ ਜੋ ਉਸ ਪਾਸੋਂ ਪੂਰਾ ਕੀਤਾ ਜਾਵੇਗਾ।

ਮਿਤੀ 18/08/2015 ਨੂੰ ਸ੍ਰ.ਨਿਸ਼ਾਨ ਸਿੰਘ ਇੰਚਾਰਜ ਨੇ ਆਪਣੀ ਨਿਗਰਾਨੀ ਹੇਠ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਕਰਵਾਈ ਅਤੇ ਰਿਪੋਰਟ ਅਨੁਸਾਰ 239 ਪਾਵਨ ਸਰੂਪ ਵੱਧ ਦੱਸੇ।ਅਗਲੇਰੀ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧ ਸਕੀਮ ਅਧੀਨ ਲੜੀ ਨੰ: 17 (ਅ) ਦੇ ਮਤਾਬਕ ਨਾ ਕਰਕੇ ਪਾਵਨ ਸਰੂਪਾਂ ਦਾ ਸਹੀ ਘਾਟਾ-ਵਾਧਾ ਨਹੀਂ ਕੱਢਿਆ।76 ਪਾਵਨ ਸਰੂਪ ਵੱਧ ਦਿਖਾ ਦਿੱਤੇ ਜਦਕਿ 328 ਪਾਵਨ ਸਰੂਪ ਉਸ ਸਮੇਂ ਘੱਟ ਸਨ।

ਪਾਵਨ ਸਰੂਪਾ ਦੀ ਵੰਡ ਆਕਾਰ ਵਾਈਜ਼ ਨਾ ਕਰਕੇ ਸਾਰੇ ਸਰੂਪਾਂ ਨੂੰ ਇੱਕੋ ਕਿਸਮ ਵਿੱਚ ਬਦਲਣ ਦੀ ਪ੍ਰੀਕਿਰਿਆ ਨੂੰ ਅਣ ਅਧਿਕਾਰਤ ਤਰੀਕੇ ਨਾਲ ਆਪਣੇ ਪੱਧਰ ਤੇ ਲਾਗੂ ਕਰ ਲਿਆ।ਜੋ ਕਿ ਗੈਰ-ਜਿੰਮੇਵਾਰਾਨਾਂ ਕਾਰਜ ਹੈ ।ਪਰ ਨਿਸ਼ਾਨ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਇੱਕ ਬਹੁਤ ਵਧੀਆ ਕੰਮ ਕੀਤਾ ਜੋ ਕਿ ਇਸਨੇ 18/8/2015 ਨੂੰ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਕਰਨੀ ਕੀਤੀ, ਜੋ ਕਿ ਬਹੁਤ ਮਹੱਤਵਪੂਰਣ ਕੰਮ ਸੀ।ਜਿਸ ਦੁਆਰਾ ਕੋਈ ਵੀ ਆਡਿਟ ਜਾਂ ਕਮੇਟੀ ਉਸਨੂੰ ਆਪਣਾ ਆਧਾਰ ਬਣਾ ਕੇ ਅੱਗੇ ਚੱਲ ਸਕਦਾ ਹੈ, ਅਜਿਹੀ ਫਿਜੀਕਲ ਵੈਰੀਫਿਕੇਸ਼ਨ ਪਿਛਲੇ 10 ਸਾਲਾਂ ਵਿੱਚ (ਸਾਲ 2020 ਤੱਕ) ਕਿਸੇ ਨੇ ਨਹੀਂ ਕੀਤੀ, ਜਦਕਿ ਇਟਰਨਲ ਆਡੀਟਰ ਅਤੇ ਸਰਕਾਰੀ ਆਡੀਟਰ ਦਾ ਇਹ ਜਰੂਰੀ ਫਰਜ਼ ਬਣਦਾ ਸੀ ਜਿਸਤੋਂ ਬਿਨ੍ਹਾ ਆਡਿਟ ਅਧੂਰਾ ਹੈ ਅਤੇ ਇਤਰਾਜਯੋਗ ਹੈ।

ਦਰਅਸਲ ਸ੍ਰ.ਨਿਸ਼ਾਨ ਸਿੰਘ ਨੇ ਪਾਵਨ ਸਰੂਪਾਂ ਦੇ ਘਾਟੇ-ਵਾਧੇ ਨੂੰ ਗੰਭੀਰਤਾ ਨਾਲ ਨਹੀਂ ਵਾਚਿਆ ’ਤੇ ਨਾ ਹੀ ਸ੍ਰ.ਕੰਵਲਜੀਤ ਸਿੰਘ ਤੇ ਯੋਗ ਵਿਭਾਗੀ ਕਾਰਵਾਈ ਕੀਤੀ।

## 12.8 ਸ. ਮਨਜੀਤ ਸਿੰਘ, ਸਕੱਤਰ ਧਰਮ ਪ੍ਰਚਾਰ

1. ਮਿਤੀ 18/08/2015 ਦੇ ਨਿਸ਼ਾਨ ਸਿੰਘ ਦੇ ਆਫਿਸ ਨੋਟ ਤੇ ਸ. ਮਨਜੀਤ ਸਿੰਘ ਸਕੱਤਰ ਨੇ ਆਦੇਸ਼ ਦਿੱਤਾ।ਸ. ਮਨਜੀਤ ਸਿੰਘ ਸਕੱਤਰ, ਦੀ ਨਿਗਰਾਨੀ ਵਿਚ ਹੋਈ ਪਾਵਨ ਸਰੂਪਾਂ ਦੀ ਪੜਤਾਲ ਰਿਪੋਰਟ ਵਿਚ ਪਾਵਨ ਸਰੂਪਾਂ ਨੂੰ "ਸਸਪੈਂਸ ਖਾਤੇ" ਪਾ ਕੇ ਵੱਡੀ ਅਣਗਹਿਲੀ ਵਰਤੀ ਹੈ।ਸ. ਮਨਜੀਤ ਸਿੰਘ ਨੇ ਪਾਵਨ ਸਰੂਪਾਂ ਦੇ ਘਾਟੇ ਵਾਧੇ ਨੂੰ ਗੰਭੀਰਤਾ ਨਾਲ ਨਹੀ ਵਾਚਿਆ।ਰਿਪੋਰਟ ਅਨੁਸਾਰ 76 ਪਾਵਨ ਸਰੂਪ ਵੱਧ ਦੱਸੇ ਹਨ, ਜਦਕਿ ਉਸ ਸਮੇ 328

ਪਾਵਨ ਸਰੂਪ ਘੱਟ ਸਨ।

2. ਪ੍ਰਬੰਧ ਸਕੀਮ ਲੜੀ ਨੰਬਰ 16 (ੲ) ਦੇ ਅਨੁਸਾਰ ਪੜਤਾਲ ਰਿਪੋਰਟ ਪੁੱਜਣ ਪੁਰ ਮੈਨੇਜਰ ਨੇ ਆਪਣੇ ਉੱਤਰ ਇੱਕ ਮਹੀਨੇ ਦੇ ਅੰਦਰ ਅੰਦਰ ਪ੍ਰਬੰਧਕ ਕਮੇਟੀ ਦੇ ਦਫਤਰ ਵਿਖੇ ਪੇਸ਼ ਕਰਨੇ ਸਨ, ਤਾਂ ਜ਼ੋ ਸਮੇ ਸਿਰ ਕਾਰਵਾਈ ਕੀਤੀ ਜਾ ਸਕਦੀ।ਸਰਦਾਰ ਮਨਜੀਤ ਸਿੰਘ ਜੀ ਵੱਲੋਂ ਮਿਤੀ 18/08/2015 ਦੀ ਵਾਸਤਵਿਕ ਤਸਦੀਕ ਦੇ ਵਾਧੇ-ਘਾਟੇ ਦੀ ਰਿਪੋਰਟ ਮਿਤੀ 18/09/2015 ਤੱਕ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚ ਪੇਸ ਕਰਨੀ ਸੀ, ਜਿਸ ਵਿੱਚ ਉਹ ਅਸਫਲ ਰਹੇ।ਜੇਕਰ ਮਿਤੀ 18/08/2015 ਦਾ ਘਾਟਾ ਵਾਧਾ ਪ੍ਰਬੰਧਕ ਕਮੇਟੀ ਨੂੰ ਦੱਸਿਆ ਜਾਂਦਾ ਤਾਂ ਅੱਜ ਇਹ ਘਟਨਾ ਨਹੀ ਵਾਪਰਨੀ ਸੀ।

3. ਪਾਵਨ ਸਰੂਪਾਂ ਦੀ ਵੰਡ ਵਾਈਜ ਨਾ ਕਰਕੇ ਸਾਰੇ ਸਰੂਪਾਂ ਨੂੰ ਇੱਕੋ ਕਿਸ਼ਮ ਵਿੱਚ ਅਣ-ਅਧਿਕਾਰਿਤ ਤਰੀਕੇ ਨਾਲ ਬਦਲਣ ਨੂੰ ਲਾਗੂ ਕਰ ਲਿਆ, ਜੋ ਕਿ ਗੈਰ ਜਿੰਮੇਵਾਰਨਾ ਕਾਰਜ ਹੈ।

4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧ ਸਕੀਮ ਅਧੀਨ ਲੜੀ ਨੰ: 17 (ਅ) ਦੇ ਮੁਤਾਬਿਕ ਕੋਈ ਮੈਂਬਰ ਅਹੁੱਦੇਦਾਰ, ਮੈਨੇਜਰ ਜਾਂ ਪ੍ਰਬੰਧਕ ਕਮੇਟੀ ਦਾ ਕੋਈ ਹੋਰ ਮੁਲਾਜ਼ਮ ਜੋ ਇਸ ਤਰ੍ਹਾਂ ਦੇ ਗਬਨ, ਗਲਤ ਵਰਤੋਂ, ਖਿਆਨਤ, ਗੁਰਦੁਆਰੇ ਦੀ ਜਾਇਦਾਦ ਜਾਂ ਫੰਡ ਦੇ ਨੁਕਸਾਨ ਜਾਂ ਤਬਾਹੀ ਕਰਨ ਵਿਚ ਸਹਾਇਤਾ ਦੇਵੇ, ਆਪਣੇ ਫਰਜ ਨਾ ਪੂਰੇ ਕਰਨ ਦਾ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਸ ਨੂੰ ਅਹੁਦੇ ਜਾਂ ਨੌਕਰੀ ਤੋਂ ਅਲਾਹਿਦਾ ਕੀਤਾ ਜਾ ਸਕਦਾ ਹੈ।ਇਸ ਤੋਂ ਬਿਨਾ ਫਰਜ਼ ਪੂਰਾ ਨਾ ਕਰਨ ਦੇ ਕਾਰਨ ਜੋ ਨੁਕਸਾਨ ਹੋਵੇਗਾ, ਉਸਦਾ ਜਿੰਮੇਵਾਰ ਵੀ ਉਹ ਹੋਵੇਗਾ ਜੋ ਉਸ ਪਾਸੋਂ ਪੂਰਾ ਕੀਤਾ ਜਾਵੇਗਾ।

5. ਫਰਵਰੀ 2020 ਵਿਚ 61 ਪਾਵਨ ਸਰੂਪ ਜੋ ਅਣ-ਅਧਿਕਾਰਤ ਢੰਗ ਨਾਲ ਵਧੀਕ ਅੰਗਾਂ ਤੋਂ ਤਿਆਰ ਕੀਤੇ ਗਏ ਹਨ ਅਤੇ ਉਸ ਸਮੇਂ ਪਬਲੀਕੇਸ਼ਨ ਵਿਭਾਗ ਦੇ ਸਕੱਤਰ (ਮਿਤੀ ਮਾਰਚ 2019 ਤੋਂ ਫਰਵਰੀ 2020 ਤੱਕ) ਸ. ਮਨਜੀਤ ਸਿੰਘ ਦੀ ਜਿੰਮੇਵਾਰੀ ਬਣਦੀ ਸੀ।ਅਣ-ਅਧਿਕਾਰਤ ਤੌਰ ਤੇ ਹੇਠਲਾ ਸਟਾਫ਼ ਪਾਵਨ ਸਰੂਪ ਵਧੀਕ ਅੰਗਾਂ ਤੋਂ ਤਿਆਰ ਕਰਦੇ ਰਹੇ ਅਤੇ ਇਹਨਾਂ ਨੇ ਪਬਲੀਕੇਸ਼ਨ ਵਿਭਾਗ ਵਿਚ ਇਸ ਸੰਬੰਧੀ ਨਜ਼ਰਸਾਨੀ ਕਰਨੀ ਜ਼ਰੂਰੀ ਨਹੀਂ ਸਮਝੀ ਜੋ ਕਿ ਸੰਸਥਾਂ ਦੇ ਫ਼ਰਜਾਂ ਪ੍ਰਤੀ ਵੱਡੀ ਅਣ-ਗਹਿਲੀ ਹੈ।ਇਸ ਲਈ ਸ.ਮਨਜੀਤ ਸਿੰਘ ਨੇ ਉੱਚ

ਅਹੁਦੇ ਤੇ ਰਹਿੰਦਿਆਂ ਆਪਣੀ ਜਿੰਮੇਵਾਰੀ ਗੰਭੀਰਤਾ ਨਾਲ ਨਾ ਹੀ ਸਾਲ 2015 ਵਿਚ ਨਿਭਾਈ ਤੇ ਨਾ ਹੀ ਸਾਲ 2020 ਵਿਚ ਨਿਭਾਈ।

## 12.9 ਡਾ.ਰੂਪ ਸਿੰਘ, ਮੁੱਖ ਸਕੱਤਰ

1. ਡਾ. ਰੂਪ ਸਿੰਘ ਸਾਲ 2016 ਵਿਚ ਪਬਲੀਕੇਸ਼ਨ ਵਿਭਾਗ ਦੇ ਸਕੱਤਰ ਰਹੇ।ਪਰ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਕਦੇ ਵੀ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਨਹੀਂ ਕਰਵਾਈ।ਸਾਲ 2015 ਵਿਚ ਸ.ਮਨਜੀਤ ਸਿੰਘ ਸਕੱਤਰ ਵੱਲੋਂ ਇਕ ਆਫਿਸ ਨੋਟ ਦਿੱਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਪੰਜਾਬ ਸਿੰਘ ਅਕਾਊਟੈਂਟ ਦੀ ਵਾਸਤਵਿਕ ਤਸਦੀਕ ਨੂੰ ਲੈਜ਼ਰ ਨਾਲ ਮਿਲਾਉਣ ਦੀ ਡਿਊਟੀ ਲਗਾਈ ਸੀ ਪਰ ਸ.ਮਨਜੀਤ ਸਿੰਘ ਸਕੱਤਰ ਦੀ ਪਬਲੀਕੇਸ਼ਨ ਵਿਭਾਗ ਤੋਂ ਬਦਲੀ ਹੋਣ ਕਾਰਨ ਅਗਲੇ ਸਕੱਤਰ ਡਾ.ਰੂਪ ਸਿੰਘ ਦੀ ਜਿੰਮੇਵਾਰੀ ਬਣਦੀ ਸੀ ਕਿ ਇਸ ਸੰਬੰਧੀ ਰਹਿੰਦੀ ਕਾਰਵਾਈ ਮੁਕੰਮਲ ਕਰਵਾਉਂਦੇ।ਐਸ.ਜੀ.ਪੀ.ਸੀ ਦੀ ਪ੍ਰਬੰਧ ਸਕੀਮ ਅਨੁਸਾਰ ਇਹ ਕਾਰਵਾਈ ਉਨ੍ਹਾਂ ਵੱਲੋਂ ਕਰਵਾਉਣੀ ਬਣਦੀ ਸੀ।ਮੌਜੂਦਾ ਸਮੇਂ ਦੇ ਮੁੱਖ ਸਕੱਤਰ ਹੁੰਦਿਆਂ ਉਨਾਂ ਦੀ ਇਹ ਵੀ ਜਿੰਮੇਵਾਰੀ ਬਣਦੀ ਸੀ ਕਿ ਪੜਤਾਲ ਕਮਿਸ਼ਨ ਨੂੰ 19/05/2016 ਨੂੰ ਅਗਨ ਭੇਟ ਹੋਏ ਅਤੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਅਤੇ ਲੜੀ ਨੰਬਰ ਮੁਹੱਈਆਂ ਕਰਵਾਉਂਦੇ ਪਰ ਇਸ ਸੰਬੰਧੀ ਲਿਖਤ ਮੰਗ ਕਰਨ ਤੇ ਵੀ ਇਨ੍ਹਾਂ ਨੇ ਪੜਤਾਲ ਕਮੇਟੀ ਨੂੰ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ।ਬਾਕੀ ਵਿਭਾਗਾਂ ਦੇ ਨਾਲ-ਨਾਲ ਪਬਲੀਕੇਸ਼ਨ ਵਿਭਾਗ ਦੇ ਸਾਲਾਨਾ ਆਡਿਟ ਸੰਬੰਧੀ ਜਾਣਕਾਰੀ ਲੈਣੀ ਅਤੇ ਨਿਯਮਾਂ ਅਨੁਸਾਰ ਆਡਿਟ ਕਰਵਾਉਣਾ ਇਹਨਾਂ ਦੀ ਜੁੰਮੇਵਾਰੀ ਬਣਦੀ ਸੀ।ਇਤਨੇ ਉੱਚ ਅਹੁਦੇ ਤੇ ਹੁੰਦਿਆਂ ਪ੍ਰਬੰਧਕੀ ਨੁਕਤਾ ਨਿਗਾਹ ਤੋਂ ਇਹ ਗੈਰ-ਜਿੰਮੇਵਾਰਨਾ ਵਰਤਾਰਾ ਹੈ।

2. ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਹੇਠ ਲਿਖੇ ਚਾਰ ਕਾਰਜ ਦਿੱਤੇ ਸਨ :

A) Internal Audit (Pre/Concurrent Audit on daily basis) including stores etc. at all locations.
B) Computerization of Accounts on regular basis of all the location.
C) Implementation of Internal control system as suggested by world renowned Consultancy firm.
D) Implementation of online system being proposed & designed by the above- mentioned Consultancy firm.

ਪਰ ਸ੍.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੇ ਉਪਰੋਕਤ ਚਾਰ ਕੰਮਾਂ ਵਿੱਚੋ ਕੇਵਲ ਇੱਕ ਕੰਮ ਹੀ ਕੀਤਾ ਹੈ।ਪਰ ਉਸਨੂੰ ਚਾਰੇ ਕਾਰਜਾਂ ਦੀ ਫੀਸ ਦਿੱਤੀ ਜਾਂਦੀ ਰਹੀ।ਜਿਸ ਵਿੱਚ ਇੱਕ ਕੰਮ ਪ੍ਰੈੱਸਾ ਦੇ ਖਾਤਿਆ ਦੀ ਵੀ ਆਨਲਾਈਨ ਕੰਪਿਊਟਰਾਈਜੇਸ਼ਨ ਦਾ ਸੀ।ਜੇਕਰ ਆਨਲਾਈਨ ਕੰਪਿਊਟਰਾਈਜੇਸ਼ਨ ਸਮੇਂ ਸਿਰ ਦੇਖੀ ਜਾਂਦੀ ਤਾਂ ਇਹ ਗਬਨ ਨਹੀਂ ਹੋਣਾ ਸੀ।ਡਾ: ਰੂਪ ਸਿੰਘ ਦੀ ਮੁੱਖ ਸਕੱਤਰ ਦੇ ਤੌਰ ਤੇ ਜੁੰਮੇਵਾਰੀ ਬਣਦੀ ਸੀ ਕਿ ਚਾਰਟਰਡ ਅਕਾਉਟੈਂਟ ਤੋਂ ਪੂਰਾ ਕੰਮ ਲੈਂਦੇ।ਚਾਰਟਰਡ ਅਕਾਉਟੈਂਟ ਨੂੰ ਜੋ ਮਾਇਆ ਦਿੱਤੀ ਗਈ ਉਹ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਸੰਗਤਾਂ ਨੇ ਨਤਮਸਤਕ ਹੋ ਕੇ ਭੇਟ ਕੀਤੀ ਸੀ।ਡਾ: ਰੂਪ ਸਿੰਘ ਨੇ ਗੈਰ ਜਿੰਮੇਵਾਰਾਨਾ ਤਰੀਕੇ ਨਾਲ ਇਸ ਮਾਇਆ ਨੂੰ ਸ੍.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਟੈਂਟ ਨੂੰ ਦਿੱਤਾ।ਸ੍.ਸਤਿੰਦਰ ਸਿੰਘ ਕੋਹਲੀ ਨੂੰ ਵਾਧੂ ਮਾਇਆ ਪਹੁੰਚਾਉਣ ਦੇ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਮੁੱਖ ਦੋਸ਼ੀ ਹਨ।ਇਸ ਲਈ ਇਹਨਾਂ ਤੇ ਵਿਭਾਗੀ ਤੇ ਫੌਜਦਾਰੀ ਮੁਕੱਦਮਾ ਕਰਨਾ ਬਣਦਾ ਹੈ।

3. ਪਬਲਿਕੇਸਨ ਵਿਭਾਗ ਵਿੱਚ ਫਾਇਰ ਸੈਂਸਰ, ਸਮੋਕ ਸੈਂਸਰ ਤੇ ਮਕੈਨੀਕਲ ਵੈਂਟੀਲੇਟਰ ਲਗਾਉਣ ਦੀ ਜਿੰਮੇਵਾਰੀ ਮੁੱਖ ਸਕੱਤਰ ਦੀ ਸੀ, ਜ਼ੋ ਕਿ ਨਹੀ ਲਗਾਏ ਗਏ।
4. ਅੱਠ-ਅੱਠ ਘੰਟੇ ਦੀ ਡਿਊਟੀ ਪਰ 24 ਘੰਟੇ ਸੇਵਾਦਾਰ ਪਬਲਿਕੇਸ਼ਨ ਵਿਭਾਗ ਵਿੱਚ ਲਗਾਉਣੇ ਸੀ, ਜੋ ਕਿ ਮੁੱਖ ਸਕੱਤਰ ਵੱਲੋਂ ਨਹੀ ਲਗਾਏ ਗਏ।
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕੰਮਲ ਤਿਆਰ ਹੋਏ ਸਰੂਪਾਂ ਦੀ ਸੰਭਾਲ ਲਈ ਵੱਖਰਾ ਪ੍ਰਬੰਧ ਕਰਨਾ ਸੀ, ਜੋ ਕਿ ਡਾ. ਰੂਪ ਸਿੰਘ, ਮੁੱਖ ਸਕੱਤਰ ਵੱਲੋਂ ਨਹੀ ਕੀਤਾ ਗਿਆ।
6. ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਪਾਵਨ ਸਰੂਪਾਂ ਨੂੰ ਕਿਸੇ ਹੋਰ ਜਗ੍ਹਾ ਤੇ ਤਬਦੀਲ ਕੀਤਾ ਜਾਣਾ ਸੀ, ਉਸਦਾ ਵੀ ਕੋਈ ਇੰਤਜਾਮ ਨਹੀ ਕੀਤਾ ਗਿਆ।
7. ਆਧੁਨਿਕ ਸਹੂਲਤਾ ਵਾਲਾ ਨਵਾਂ ਗੁਰੂ ਗ੍ਰੰਥ ਸਾਹਿਬ ਭਵਨ ਉਸਾਰਨਾ ਸੀ, ਉਦੋਂ ਤੱਕ ਇਸ ਬਿਲਡਿੰਗ ਨੂੰ ਰੈਨੋਵੇਟ ਕਰਨਾ ਸੀ, ਡਾ. ਰੂਪ ਸਿੰਘ, ਮੁੱਖ ਸਕੱਤਰ ਵੱਲੋਂ ਨਹੀ ਕੀਤਾ ਗਿਆ।
8. ਬਾਈਡਿੰਗ ਦੇ ਹਾਲਾਤਾਂ ਨੂੰ ਸੁਧਾਰਨ ਦੀ ਸਿਫਾਰਸ਼ ਨੂੰ ਡਾ. ਰੂਪ ਸਿੰਘ ਮੁੱਖ ਸਕੱਤਰ ਵੱਲੋਂ ਅਣਗੋਲਿਆਂ ਕੀਤਾ ਗਿਆ।

## 12.10 ਸ. ਗੁਰਮੁੱਖ ਸਿੰਘ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ

ਸ: ਗੁਰਮੁਖ ਸਿੰਘ ਨੇ ਪਬਲੀਕੇਸ਼ਨ ਵਿਭਾਗ ਵਿਚ ਬੇਨਿਯਮੀਆਂ ਨੂੰ ਰੋਕਣ ਦੀ ਕੋਸ਼ਿਸ਼ ਪੂਰੀ ਤਰ੍ਹਾਂ ਨਹੀਂ ਕੀਤੀ ਜੋ ਕਿ ਇਸ ਦਾ ਫ਼ਰਜ ਅਤੇ ਅਧਿਕਾਰ ਬਣਦਾ ਸੀ।ਇਕ ਦੋ ਵਾਰ ਇਸ ਨੇ ਲਿਖਤੀ ਤੌਰ ਤੇ ਇਹ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਦਾਂ ਪਰ ਇਸ ਦੀ ਗੱਲ ਤੇ ਕੋਈ ਅਮਲ ਨਹੀਂ ਹੋਇਆ ਪਰ ਇਸ ਦਾ ਫਰਜ਼ ਸੀ ਕਿ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਂ ਮੈਂਬਰਾਨ ਦੇ ਧਿਆਨ ਵਿਚ ਲਿਆਉਂਦਾ।ਇਸ ਨੇ ਵੀ ਕਦੇ ਪਾਵਨ ਸਰੂਪਾਂ ਦੇ ਵਾਸਤਵਿਕ ਸਟਾਕ ਨੂੰ ਤਸਦੀਕ ਨਹੀਂ ਕੀਤਾ ਜਦਕਿ ਸਟੋਰ ਰਸੀਦਾਂ ਤੇ ਇਨ੍ਹਾਂ ਦੇ ਦਸਤਖ਼ਤ ਹੁੰਦੇ ਸਨ।

## 12.11 ਸ. ਹਰਚਰਨ ਸਿੰਘ ਮੁੱਖ ਸਕੱਤਰ

1. ਸ.ਹਰਚਰਨ ਸਿੰਘ ਮਿਤੀ 30/11/2015 ਆਰਡਰ ਨੰ: 202 ਅਨੁਸਾਰ ਐਸ.ਜੀ.ਪੀ.ਸੀ ਦੇ ਮੁੱਖ ਸਕੱਤਰ ਹੁੰਦਿਆਂ ਪਬਲੀਕੇਸ਼ਨ ਵਿਭਾਗ ਵੀ ਇੰਨ੍ਹਾਂ ਦੇ ਅਧੀਨ ਸੀ।ਆਪਣੇ ਕਾਰਜਕਾਰ ਦੌਰਾਨ ਕਦੇ ਵੀ ਪਬਲੀਕੇਸ਼ਨ ਵਿਭਾਗ ਵਿਚ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਨਹੀਂ ਕਰਵਾਈ।ਜਦਕਿ ਐਸ.ਜੀ.ਪੀ.ਸੀ ਦਾ ਇਹ ਅਹਿਮ ਵਿਭਾਗ ਹੈ।ਆਪਣੇ ਕਾਰਜਕਾਲ ਦੌਰਾਨ ਮੁੱਖ ਸਕੱਤਰ ਹੁੰਦਿਆਂ ਉਨਾਂ ਦੀ ਇਹ ਵੀ ਜਿੰਮੇਵਾਰੀ ਬਣਦੀ ਸੀ ਕਿ ਮਿਤੀ 19/05/2016 ਨੂੰ ਅਗਨ ਭੇਟ ਹੋਏ ਅਤੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਨੂੰ ਰਾਈਟ ਆਫ਼ ਕਰਵਾਉਣ ਸੰਬੰਧੀ ਜਾਣਕਾਰੀ ਹਾਸਲ ਕਰਦੇ ਅਤੇ ਪਾਵਨ ਸਰੂਪ ਅਗਨ ਭੇਟ ਹੋਣ ਕਾਰਨ ਹੋਈ ਬੇਅਦਬੀ ਲਈ ਪਸ਼ਚਾਤਾਪ ਕਰਨ ਲਈ ਯੋਗ ਪ੍ਰਬੰਧ ਕਰਦੇ ।
2. ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਫਰਵਰੀ 2010 ਤੋਂ ਹੇਠ ਲਿਖੇ ਚਾਰ ਕਾਰਜ ਦਿੱਤੇ ਸਨ: –

A) Internal Audit (Pre/Concurrent Audit on daily basis) including stores etc. at all locations.
B) Computerization of Accounts on regular basis of all the location.
C) Implementation of Internal control system as suggested by world renowned Consultancy firm.
D) Implementation of online system being proposed & designed by the above- mentioned Consultancy firm.

ਪਰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਂਟੈਂਟ ਨੇ ਉਪਰੋਕਤ ਚਾਰ ਕੰਮਾਂ ਵਿੱਚੋ ਕੇਵਲ ਇੱਕ ਕੰਮ ਹੀ ਕੀਤਾ ਹੈ।ਪਰ ਉਸਨੂੰ ਚਾਰੇ ਕਾਰਜਾਂ ਦੀ ਫੀਸ ਦਿੱਤੀ ਜਾਂਦੀ ਰਹੀ।ਜਿਸ ਵਿੱਚ ਇੱਕ ਕੰਮ ਪ੍ਰੈੱਸਾ ਦੇ ਖਾਤਿਆ ਦੀ ਵੀ ਆਨਲਾਈਨ ਕੰਪਿਊਟਰਾਈਜੇਸ਼ਨ ਦਾ ਸੀ।ਜੇਕਰ ਆਨਲਾਈਨ ਕੰਪਿਊਟਰਾਈਜੇਸ਼ਨ ਸਮੇਂ ਸਿਰ ਦੇਖੀ ਜਾਂਦੀ ਤਾਂ ਇਹ ਗਬਨ ਨਹੀਂ ਹੋਣਾ ਸੀ।ਡਾ: ਹਰਚਰਨ ਸਿੰਘ ਦੀ ਮੁੱਖ ਸਕੱਤਰ ਦੇ ਤੌਰ ਤੇ ਜੁੰਮੇਵਾਰੀ ਬਣਦੀ ਸੀ ਕਿ ਚਾਰਟਰਡ ਅਕਾਉਂਟੈਂਟ ਤੋਂ ਪੂਰਾ ਕੰਮ ਲੈਂਦੇ।ਚਾਰਟਰਡ ਅਕਾਉਂਟੈਂਟ ਨੂੰ ਜੋ ਮਾਇਆ ਦਿੱਤੀ ਗਈ ਉਹ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਗਤਾਂ ਨੇ ਨਤਮਸਤਕ ਹੋ ਕੇ ਭੇਟ ਕੀਤੀ ਸੀ।ਸ. ਹਰਚਰਨ ਸਿੰਘ, ਮੁੱਖ ਸਕੱਤਰ ਨੇ ਗੈਰ ਜਿੰਮੇਵਾਰਾਨਾ ਤਰੀਕੇ ਨਾਲ ਇਸ ਮਾਇਆ ਨੂੰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਟੈਂਟ ਨੂੰ ਦਿੱਤਾ।ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਵਾਧੂ ਮਾਇਆ ਪਹੁੰਚਾਉਣ ਦੇ ਸ੍ਰ.ਹਰਚਰਨ ਸਿੰਘ ਬਤੌਰ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਮੁੱਖ ਦੋਸ਼ੀ ਹਨ।ਇਸ ਲਈ ਇਹਨਾਂ ਤੇ ਵਿਭਾਗੀ ਤੇ ਫੌਜਦਾਰੀ ਮੁਕੱਦਮਾ ਕਰਨਾ ਬਣਦਾ ਹੈ।

3. ਪਬਲਿਕੇਸਨ ਵਿਭਾਗ ਵਿੱਚ ਫਾਇਰ ਸੈਂਸਰ, ਸਮੋਕ ਸੈਂਸਰ ਤੇ ਮਕੈਨੀਕਲ ਵੈਂਟੀਲੇਟਰ ਲਗਾਉਣ ਦੀ ਜਿੰਮੇਵਾਰੀ ਮੁੱਖ ਸਕੱਤਰ ਦੀ ਸੀ, ਜ਼ੋ ਕਿ ਨਹੀ ਲਗਾਏ ਗਏ।
4. ਅੱਠ-ਅੱਠ ਘੰਟੇ ਦੀ ਡਿਊਟੀ ਪਰ 24 ਘੰਟੇ ਸੇਵਾਦਾਰ ਪਬਲਿਕੇਸ਼ਨ ਵਿਭਾਗ ਵਿੱਚ ਲਗਾਉਣੇ ਸੀ, ਜੋ ਕਿ ਮੁੱਖ ਸਕੱਤਰ ਵੱਲੋਂ ਨਹੀ ਲਗਾਏ ਗਏ।
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕੰਮਲ ਤਿਆਰ ਹੋਏ ਸਰੂਪਾਂ ਦੀ ਸੰਭਾਲ ਲਈ ਵੱਖਰਾ ਪ੍ਰਬੰਧ ਕਰਨਾ ਸੀ, ਜੋ ਕਿ ਸ.ਹਰਚਰਨ ਸਿੰਘ, ਮੁੱਖ ਸਕੱਤਰ ਵੱਲੋਂ ਨਹੀ ਕੀਤਾ ਗਿਆ।
6. ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਪਾਵਨ ਸਰੂਪਾਂ ਨੂੰ ਕਿਸੇ ਹੋਰ ਜਗ੍ਹਾ ਤੇ ਤਬਦੀਲ ਕੀਤਾ ਜਾਣਾ ਸੀ, ਉਸਦਾ ਵੀ ਕੋਈ ਇੰਤਜਾਮ ਨਹੀ ਕੀਤਾ ਗਿਆ।
7. ਆਧੁਨਿਕ ਸਹੂਲਤਾ ਵਾਲਾ ਨਵਾਂ ਗੁਰੂ ਗ੍ਰੰਥ ਸਾਹਿਬ ਭਵਨ ਉਸਾਰਨਾ ਸੀ, ਉਦੋਂ ਤੱਕ ਇਸ ਬਿਲਡਿੰਗ ਨੂੰ ਰੈਨੋਵੇਟ ਕਰਨਾ ਸੀ, ਸ.ਹਰਚਰਨ ਸਿੰਘ, ਮੁੱਖ ਸਕੱਤਰ ਵੱਲੋਂ ਨਹੀ ਕੀਤਾ ਗਿਆ।
8. ਬਾਈਡਿੰਗ ਦੇ ਹਾਲਾਤਾਂ ਨੂੰ ਸੁਧਾਰਨ ਦੀ ਸਿਫਾਰਸ਼ ਨੂੰ ਸ. ਹਰਚਰਨ ਸਿੰਘ, ਮੁੱਖ ਸਕੱਤਰ ਵੱਲੋਂ ਅਣਗੋਲਿਆਂ ਕੀਤਾ ਗਿਆ।

## 12.12 ਸ੍ਰ.ਜੁਝਾਰ ਸਿੰਘ ਸਹਾਇਕ ਅਕਾਊਟੈਂਟ

ਸ੍ਰ.ਜੁਝਾਰ ਸਿੰਘ ਜੋ ਕਿ ਆਡਿਟ ਬ੍ਰਾਂਚ ਵਿਚ ਕੰਮ ਕਰਦਾ ਸੀ ਅਤੇ ਪਬਲੀਕੇਸ਼ਨ ਵਿਭਾਗ ਨਾਲ ਸਬੰਧਿਤ ਸੀ।ਇਸ ਨੇ ਸਾਲ 2012-13 ਤੋਂ ਪਾਵਨ ਸਰੂਪਾਂ ਦੇ ਸਟੋਰ ਲੈਜ਼ਰ ਨੂੰ ਚੈੱਕ ਕੀਤਾ ਅਤੇ ਬੈਲੇਂਸ ਸ਼ੀਟਾਂ ਦਾ ਆਡਿਟ ਕਰਵਾਉਣ ਲਈ ਪਾਵਨ ਸਰੂਪਾਂ ਦੇ ਸਟਾਕ ਦਾ ਵੇਰਵਾ ਤਿਆਰ ਕੀਤਾ ਅਤੇ ਜੁਝਾਰ ਸਿੰਘ ਦੇ ਬਿਆਨਾਂ ਅਨੁਸਾਰ ਸ.ਕੰਵਲਜੀਤ ਸਿੰਘ ਸੀ.ਜੀ.ਐਲ ਜੋ ਹਿਸਾਬ-ਕਿਤਾਬ ਰੱਖਣ ਵਿਚ ਕਮਜ਼ੋਰ ਸੀ, ਉਹ ਸ੍ਰ.ਜੁਝਾਰ ਸਿੰਘ ਵੱਲੋਂ ਤਿਆਰ ਕੀਤੇ ਵੇਰਵੇ ਅਨੁਸਾਰ ਆਪਣੀ ਲੈਜ਼ਰ ਵਿਚ ਓਵਰਰਾਈਟਿੰਗ/ਤਬਦੀਲੀ ਅਕਸਰ ਹੀ ਕਰ ਲੈਂਦਾ ਸੀ।ਪੜਤਾਲ ਕਮਿਸ਼ਨ ਨੂੰ ਇਹ ਸ਼ੰਕਾਂ ਹੈ ਕਿ ਇਸ ਨੇ ਇਸ ਬੇਨਿਯਮੀ ਨੂੰ ਰੋਕਣ ਦੀ ਬਜਾਏ ਉਤਸ਼ਾਹਿਤ ਕੀਤਾ ਜੋ ਕਿ ਪਾਵਨ ਸਰੂਪਾਂ ਦਾ ਗੰਭੀਰ ਮਸਲਾ ਸੀ।ਇਸਨੂੰ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨਾ ਚਾਹੀਦਾ ਸੀ ਕਿ ਪਬਲੀਕੇਸ਼ਨ ਵਿਭਾਗ ਵਿੱਚ ਇਹ ਬੇਨਿਯਮੀਆਂ ਚੱਲ ਰਹੀਆਂ ਹਨ।

ਸ੍ਰ. ਜੁਝਾਰ ਸਿੰਘ ਨੇ ਬੜੀ ਇਮਾਨਦਾਰੀ ਨਾਲ ਪਬਲੀਕੇਸ਼ਨ ਵਿਚ ਚਲ ਰਹੇ ਬੇਨਿਯਮੀਆਂ ਬਾਰੇ ਖੁਲ ਕੇ ਦੱਸਿਆ ਕਿਉਂ ਕਿ ਇਹ ਆਡਿਟ ਬ੍ਰਾਂਚ ਵਿਚ ਸੀ ਇਸ ਲਈ ਸਭ ਜਾਣਦਾ ਸੀ।ਉਸ ਨੇ 10-15 ਦਿਨ ਪੜਾਤਲ ਕਮਿਸ਼ਨ ਦੇ ਕਹਿਣ ਤੇ ਡੁੱਚਾਂ ਰਾਹੀਂ ਅਤੇ ਬਿੱਲ ਬੁੱਕਾਂ ਰਾਹੀਂ ਪਾਵਨ ਸਰੂਪਾਂ ਦੇ ਸੀਰੀਅਲ ਨੰਬਰ ਦੇ ਹਿਸਾਬ ਨਾਲ, ਪਾਵਨ ਸਰੂਪਾਂ ਨੂੰ ਖੋਜਣ ਦੀ ਕੋਸ਼ਿਸ ਕੀਤੀ ਪਰ ਪਬਲੀਕੇਸ਼ਨ ਵਿਭਾਗ ਵਲੋਂ ਸਹੀ ਰਿਕਾਰਡ ਨਾ ਰੱਖਣ ਕਾਰਣ, ਉਹ ਇਸ ਕੋਸ਼ਿਸ਼ ਵਿਚ ਪੂਰੀ ਤਰ੍ਹਾਂ ਕਾਮਯਾਬ ਨਾ ਹੋ ਸਕਿਆ।

## 12.13 ਸ. ਅਮਰਜੀਤ ਸਿੰਘ ਸੇਵਾਦਾਰ ਅੰਗੀਠਾ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ

ਇਹਨਾਂ ਨੇ ਮਿਤੀ 19/05/2016 ਨੂੰ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਰਿਕਾਰਡ ਗੋਇੰਦਵਾਲ ਸਾਹਿਬ ਵਿਖੇ ਦਰਜ ਨਹੀਂ ਕਰਵਾਇਆ।ਇਨਾਂ ਨੂੰ ਚਾਹੀਦਾ ਸੀ ਕਿ ਐਸ.ਜੀ.ਪੀ.ਸੀ ਦੇ ਮਤੇ ਅਨੁਸਾਰ ਇਹਨਾਂ ਨੂੰ ਸੇਵਾ ਮਿਲੀ ਹੈ ਤੇ ਇਸ ਸੇਵਾ ਨੂੰ ਨਿਭਾਉਦਿਆਂ ਕਿਸੇ ਕਿਸਮ ਦੀ ਕੁਤਾਹੀ ਨਹੀਂ ਵਰਤਣੀ ਚਾਹੀਦੀ ਸੀ ਤੇ ਐਸ.ਜੀ.ਪੀ.ਸੀ.ਦੇ ਉੱਚ ਅਧਿਕਾਰੀਆਂ ਜਾਂ ਪ੍ਰਧਾਨ ਸਾਹਿਬ ਨੂੰ ਪਾਵਨ ਸਰੂਪਾਂ ਦਾ ਰਿਕਾਰਡ ਦਰਜ ਨਾ ਹੋਣ ਬਾਰੇ ਸ਼ਿਕਾਇਤ ਦਰਜ ਕਰਾਉਣੀ ਚਾਹੀਦੀ ਸੀ।ਕਿਉਂਕਿ ਪਾਵਨ ਸਰੂਪਾਂ ਦਾ ਮਸਲਾ ਸੀ।ਬਹਿਬਲ ਕਲਾਂ ਤੋਂ ਬਾਅਦ ਮਾਹੌਲ ਬੜਾ ਹੀ ਸੰਗੀਨ ਹੈ।ਇਸ ਤਰ੍ਹਾਂ ਪੜਤਾਲ ਕਮੇਟੀ ਇੰਨਾਂ ਨੂੰ ਦੋਸ਼ੀ ਮੰਨ ਕੇ ਬਣਦੀ ਕਾਰਵਾਈ ਦੀ ਮੰਗ ਕਰਦੀ ਹੈ।

## 12.14 ਸ੍ਰ.ਪਰਮਦੀਪ ਸਿੰਘ ਇੰਚਾਰਜ ਪਬਲੀਕੇਸ਼ਨ ਵਿਭਾਗ

ਸ੍ਰ,ਪਰਮਦੀਪ ਸਿੰਘ ਪਬਲੀਕੇਸ਼ਨ ਵਿਭਾਗ ਵਿੱਚ 23/11/2015 ਤੋਂ ਇੱਕ ਸਾਲ ਬਤੌਰ ਇੰਚਾਰਜ ਦੀ ਸੇਵਾ ਨਿਬਾ ਰਿਹਾ ਸੀ।ਮਿਤੀ 19/05/2016 ਦੀ ਅਗਨ ਭੇਂਟ ਦੀ ਮੰਦਭਾਗੀ ਘਟਨਾ, ਇਹਨਾਂ ਦੇ ਸਮੇਂ ਹੀ ਹੋਈ ਸੀ।ਉਹ ਨਾਂ ਹੀ ਗੋਇੰਦਵਾਲ ਸਾਹਿਬ ਵਿਖੇ ਪਾਵਨ ਸਰੂਪਾਂ ਦੇ ਸੰਸਕਾਰ ਲਈ ਗਏ ਅਤੇ ਨਾਂ ਹੀ ਇਹਨਾਂ ਨੇ ਕੋਈ ਰਿਕਾਰਡ ਰੱਖਿਆ ਹੈ ਕਿ ਪਾਵਨ ਸਰੂਪ ਜੋ ਨੁਕਸਾਨੇ ਗਏ, ਉਹਨਾਂ ਦਾ ਲੜੀ ਨੰਬਰ ਕੀ ਸੀ।ਬਤੌਰ ਇੰਚਾਰਜ ਇਹਨਾਂ ਦੀ ਜਿੰਮੇਵਾਰੀ ਬਣਦੀ ਸੀ ਕਿ ਇਹ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਰਿਕਾਰਡ ਸਹੀ ਤਰੀਕੇ ਨਾਲ ਰਖਵਾਉਦੇਂ ਅਤੇ ਉਸਦੀ ਬਕਾਇਦਾ ਐਂਟਰੀ ਸਟਾਕ ਲੈਜ਼ਰ ਵਿੱਚ ਵੀ ਕਰਵਾਉਦੇਂ।ਇਹ ਸਬੰਧਤ ਵਿਭਾਗ ਦੇ ਉਸ ਸਮੇਂ ਇੰਚਾਰਜ ਹੋਣ ਦੇ ਨਾਂ ਤੇ ਦੋਸ਼ੀ ਪਾਏ ਜਾਂਦੇ ਹਨ ਕਿ ਇਹਨਾਂ ਨੇ ਆਪਣੇ ਫਰਜ਼ ਨੂੰ ਸਹੀ ਤਰੀਕੇ ਨਾਲ ਨਹੀਂ ਨਿਭਾਇਆ।ਜੇਕਰ ਨਿਭਾਇਆ ਹੁੰਦਾ ਤਾਂ ਅਗਨ ਭੇਂਟ ਹੋਏ ਪਾਵਨ ਸਰੂਪਾਂ ਦਾ ਵਾਦ-ਵਿਵਾਦ ਖੜ੍ਹਾ ਨਾ ਹੁੰਦਾ।

## 12.15 ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਰਡ ਅਕਾਂਊਟੈਂਟ

ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸੀ.ਏ. ਫਰਮ ਦੀ ਨਿਯੁਕਤੀ ਲਈ ਹੇਠ ਲਿਖੇ ਅਨਸੁਾਰ ਇਸ਼ਤਿਹਾਰ ਅਖਬਾਰ ਵਿੱਚ ਦਿੱਤਾ।ਇਸ਼ਤਿਹਾਰ ਦੀਆਂ ਮੱਦਾ ਹਵਾਲੇ ਲਈ ਹੇਠ ਲਿਖੇ ਅਨੁਸਾਰ ਹਨ:-

A) Internal Audit (Pre/Concurrent Audit on Daily basis) including stores, etc. of all locations.
B) Computerization of Accounts on Regular basis of all the locations.
C) Implementation of Internal control system as suggested by world renowned Consultancy firm.
D) Implementation of online system being proposed & designed by the above- mentioned Consultancy firm.

For being Eligible, the firm should satisfy the following criteria:

1. The Proprietor (in the case of proprietorship concern) all the partners (in case of a partnership concern) of the Firm Should be Gursikhs.
2. The Firm Should be in existence for the last 20 year.

3. The Firm Should also be experienced in conducting Internal Audits of Corporations, Government Bodies, Concurrent & Revenue audits of Banks etc.
4. The firm Should also be experienced in conducting pre-audit of large Institutions (Having Transactions of more than Rs. 100 Cr. in a Year)
5. The firm Should also be experienced in Internal/Concurrent Audit of large religious bodies.
6. The Proprietor/main Partner should be able to devote full time to the audit. His presence would be required in Amritsar for at least 2-3 days in a week & also on other locations from time to time, undertaking from the proprietor /Partner to this effect should also be attached with the application.
7. The Office of the Firm Should be Situated either in chandigarh or any major cities of Punjab.

ਉਪਰੋਕਤ ਇਸ਼ਤਿਹਾਰ ਨੂੰ ਮੁੱਖ ਰੱਖਦੇ ਹੋਏ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 31 ਮਿਤੀ 15/12/2009 ਨੂੰ ਇਹ ਫੈਸਲਾ ਕੀਤਾ ਗਿਆ ਕਿ ਐਸ.ਐਸ. ਕੋਹਲੀ ਚਾਰਟਰਡ ਅਕਾਊਟੈਂਟ ਚੰਡੀਗੜ੍ਹ ਨੂੰ ਨਿਯੁਕਤ ਕੀਤਾ ਜਾਂਦਾ ਹੈ।ਹਵਾਲੇ ਲਈ ਨਿਯੁਕਤੀ ਪੱਤਰ 6706 ਮਿਤੀ 04/02/2010 ਦੀ ਨਕਲ ਹੇਠ ਲਿਖੇ ਅਨੁਸਾਰ ਹੈ:-

*"ਸ੍ਰ.ਸਤਿੰਦਰ ਸਿੰਘ ਕੋਹਲੀ,*
*(ਐਸ.ਐਸ. ਕੋਹਲੀ ਐਂਡ ਐਸੋਟੀਏਟਸ)*
*ਐਸ.ਸੀ.ਓ. 48-49, ਦੂਜੀ ਮੰਜਿਲ,*
*ਸੈਕਟਰ 9-ਡੀ, ਚੰਡੀਗੜ੍ਹ।*

*ਪ੍ਰਯੋਜਨ:- ਚਾਰਟਰਡ ਅਕਾਉਟੈਂਟ ਫਰਮ ਸੰਬੰਧੀ।*

*ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 31 ਮਿਤੀ 15/12/2009 ਰਾਹੀ ਦਫਤਰ ਸ਼੍ਰੋਮਣੀ ਕਮੇਟੀ ਗੁ:ਪ੍ਰ: ਕਮੇਟੀ, ਪ੍ਰਿਟਿੰਗ ਪ੍ਰੈਸਾ ਅਤੇ ਗੁ: ਸਾਹਿਬਾਨ ਸੈਕਸਨ 85 ਦੇ ਅਕਾਉਂਟਸ ਨੂੰ ਆਨ ਲਾਈਨ ਕਰਨ, ਇੰਟਰਨਲ/ਪ੍ਰੀ ਆਡਿਟ ਕਰਨ ਅਤੇ ਹੋਰ ਕੰਮਾਂ ਲਈ ਚਾਰਟਰਡ ਅਕਾਉਟੈਂਟ ਫਰਮ ਨੀਯਤ ਕਰਨ ਲਈ (ਅਖਬਾਰਾਂ ਵਿੱਚ ਦਿੱਤੇ ਇਸਤਿਹਾਰ ਅਨੁਸਾਰ*

*ਵੱਖ-ਵੱਖ ਚਾਰਟਰਡ ਅਕਾਓਟੈਂਟ ਫਰਮਾਂ ਵੱਲੋ ਪੁੱਜੀਆ ਦਰਖਾਸ਼ਤਾ ਦੇ ਸੰਬੰਧ ਵਿੱਚ) ਇੰਟਰਵਿਊ ਲੈ ਕੇ ਯੋਗ ਫੈਸਲਾ ਕਰਨ ਲਈ ਸਿੱਖ ਗੁ: ਐਕਟ 1925 ਦੀ ਦਫਾ 64 ਅਨੁਸਾਰ ਨੀਯਤ ਸਬ-ਕਮੇਟੀ ਵੱਲੋਂ ਮਿਤੀ 23/01/2010 ਨੂੰ ਇੰਟਰਵਿਊ ਲੈਣ ਉਪਰੰਤ ਸ੍ਰ.ਸਤਿੰਦਰ ਸਿੰਘ ਕੋਹਲੀ (ਐਸ.ਐਸ ਕੋਹਲੀ ਐਂਡ ਐਸੋਸੀਏਸ਼ਨ) ਐਸ਼.ਸੀ.ਓ 48-49, ਦੂਜੀ ਮੰਜਿਲ, ਸੈਕਟਰ 9-ਡੀ ਚੰਡੀਗੜ੍ਹ ਦੀ ਚਾਰਟਰਡ ਅਕਾਉਟੈਂਟ ਫਰਮ ਦੀ ਚੋਣ ਕੀਤੀ ਸੀ।ਇਸ ਫਰਮ ਨੂੰ 3,50,000/- ਰੁਪੈ ਅੱਖਰੀ ਤਿੰਨ ਲੱਖ ਪੰਜਾਹ ਹਜਾਰ ਰੁਪਏ ਮਾਸਿਕ ਫੀਸ ਪੁਰ ਇੱਕ ਸਾਲ ਦੇ ਕੰਟਰੈਕਟ ਪੁਰ ਨਿਯੁਕਤ ਕਰਨ ਦਾ ਪੱਤਰ ਨੰ: 6560 ਮਿਤੀ 29-01-2010 ਜਾਰੀ ਕੀਤਾ ਗਿਆ ਸੀ।ਅੰਤ੍ਰਿਗ ਕਮੇਟੀ ਦੇ ਮਤਾ ਨੰਬਰ 31 ਮਿਤੀ 15-12-2009 ਰਾਹੀ ਦਫਾ 64 ਅਨੁਸਾਰ ਬਣੀ ਪੂਰਨ ਅਧਿਕਾਰਾਂ ਵਾਲੀ ਸਬ-ਕਮੇਟੀ ਵੱਲੋਂ ਉਕਤ ਪੱਤ੍ਰਿਕਾ ਵਿੱਚ ਸੋਧ ਕਰਦਿਆਂ ਆਪ ਦੀ ਫਰਮ ਦਾ ਕੰਟਰੈਕਟ ਦਾ ਸਮਾਂ ਇੱਕ ਸਾਲ ਦੀ ਬਜਾਏ ਤਿੰਨ ਸਾਲ ਨੀਯਤ ਕੀਤਾ ਹੈ ਅਤੇ 3,50,000/- ਅੱਖਰੀ ਤਿੰਨ ਲੱਖ ਪੰਜਾਹ ਹਜਾਰ ਰੁਪਏ ਮਾਸਿਕ ਫੀਸ ਤੇ ਸਰਵਿਸ ਟੈਕਸ ਦੀ ਦਫਤਰ ਕਮੇਟੀ ਵੱਲੋ ਅਦਾ ਕਰਨ ਦਾ ਆਦੇਸ਼ ਕੀਤਾ ਹੈ।ਸਬ ਕਮੇਟੀ ਵੱਲੋਂ ਹੋਏ ਫੈਸਲੇ ਦੀ ਇਤਲਾਹ ਆਪ ਨੂੰ ਭੇਜੀ ਜਾਂਦੀ ਹੈ।*

*(ਦਲਮੇਘ ਸਿੰਘ)*

*ਸਕੱਤਰ,*

*ਸ਼੍ਰੋਮਣੀ ਗੁ: ਪ੍ਰ: ਕਮੇਟੀ।*

ਉਪਰੰਤ ਅਕਤੂਬਰ 2010 ਵਿੱਚ ਹੀ ਉਸੇ ਸਾਲ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੇ ਨਵੇਂ ਨੋਟੀਫਿਕੇਸ਼ਨ ਰਾਹੀਂ ਸੈਕਸਨ 85 ਵਿੱਚ ਆਏ 24 ਗੁਰਦੁਆਰਾ ਸਾਹਿਬ ਦਾ ਇੰਟਰਨਲ ਆਡਿਟ ਕਰਨ ਅਤੇ ਅਕਾਉਂਟਸ ਨੂੰ ਕੰਪਿਊਟਰਾਈਜਡ ਕਰਨ 145000 ਰੁਪਏ ਪ੍ਰਤੀ ਮਹੀਨਾ ਵਾਧੇ ਦੀ ਮੰਗ ਕੀਤੀ ਜਿਸ ਦੇ ਆਧਾਰਪੁਰ ਅੰਤ੍ਰਿੰਗ ਕਮੇਟੀ ਨੇ ਮਤਾ ਨੰ: 577 ਮਿਤੀ 29/08/2010 ਰਾਹੀਂ 75000/-ਰੁਪਏ ਪ੍ਰਤੀ ਮਹੀਨਾ ਸਮੇਤ ਸਰਵਿਸ ਟੈਕਸ ਦਾ ਵਾਧਾ ਕੀਤਾ।ਹਵਾਲੇ ਲਈ ਉਕਤ ਮਤੇ ਦੀ ਨਕਲ ਹੇਠ ਲਿਖੇ ਅਨੁਸਾਰ ਹੈ:-

*"ਐਸ.ਐਸ. ਕੋਹਲੀ ਐਂਡ ਐਸੋਟੀਏਟਸ ਮਿਤੀ 07-04-2010 ਦੇ ਨੋਟੀਫਿਕੇਸ਼ਨ ਅਨੁਸਾਰ ਸੈਕਸ਼ਨ 85 ਵਿੱਚ 24 ਗੁਰਦੁਆਰਾ ਸਾਹਿਬਾਨ ਦਾ ਇੰਟਰਨਲ ਆਡਿਟ ਅਤੇ ਅਕਾਉਂਟਸ ਨੂੰ ਕੰਪਿਊਟਰਾਇਜਿਡ ਕਰਨ ਲਈ 145000/-ਅੱਖਰੀ ਇੱਕ ਲੱਖ ਪੰਤਾਲੀ ਹਜ਼ਾਰ ਰੁਪਏ ਕੇਵਲ ਪ੍ਰਤੀ ਮਹੀਨਾ ਦੇਣ ਦੀ ਮੰਗੀ ਪ੍ਰਵਾਨਗੀ ਪੇਸ਼ ਹੋਣ ਤੇ ਪ੍ਰਵਾਨ ਹੋਇਆ*

*ਕਿ ਨੋਟੀਫਿਕੇਸ਼ਨ ਅਨੁਸਾਰ ਸੈਕਸ਼ਨ 85 ਵਿੱਚ ਆਏ 24 ਗੁਰਦੁਆਰਾ ਸਾਹਿਬਾਨ ਦਾ ਇੰਟਰਨਲ ਆਡਿਟ ਅਤੇ* ***ਅਕਾਉਂਟਸ ਨੂੰ ਕੰਪਿਊਟਰਾਈਜਡ*** *ਕਰਨ ਬਦਲੇ 75000/- ਅੱਖਰੀ ਪਝੱਤਰ ਹਜ਼ਾਰ ਰੁਪਏ ਕੇਵਲ ਪ੍ਰਤੀ ਮਹੀਨਾ ਮਿਤੀ 01-09-2010 ਤੋਂ ਫੀਸ ਅਤੇ ਸਰਵਿਸ ਟੈਕਸ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।ਇਹ ਫੀਸ ਪਹਿਲਾ ਦਿੱਤੀ ਜਾਂਦੀ ਫੀਸ ਤੋਂ ਵੱਖਰੀ ਹੋਵੇਗੀ। "*

ਉਪਰੋਕਤ ਮਤੇ ਪਾਸ ਕਰਨ ਸਮੇਂ ਇਹ ਵੀ ਵਿਚਾਰਿਆ ਨਹੀਂ ਗਿਆ ਕਿ ਪਿਛਲੇ ਸੱਤ ਮਹੀਨੇ ਵਿੱਚ ਐਸ.ਐਸ. ਕੋਹਲੀ ਨੇ ਕੰਪਿਊਟਰਾਈਜੇਸ਼ਨ ਆਫ ਅਕਾਉਂਟਸ ਦਾ ਕੋਈ ਕੰਮ ਨਹੀਂ ਕੀਤਾ।ਪਰ ਉਸਦੀ ਫੀਸ ਵਧਾ ਦਿਤੀ।

ਉਸ ਤੋਂ ਬਾਅਦ ਫਿਰ ਐਸ.ਐਸ.ਕੋਹਲੀ ਚਾਰਟਰਡ ਅਕਾਉਟੈਂਟ ਵੱਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਗੁ:ਸਾਹਿਬਾਨ ਸੈਕਸ਼ਨ 85 ਦਾ ਇਨਕਮ ਟੈਕਸ ਦਾ ਸਮੁੱਚਾ ਕੰਮ ਕਰਨ ਬਦਲੇ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 570 ਮਿਤੀ 28/07/2011 ਰਾਹੀਂ 20000/-ਰੁਪਏ ਕੇਵਲ ਦੇਣ ਦੀ ਪ੍ਰਵਾਨਗੀ ਹੋਈ ਪ੍ਰੰਤੂ ਦੁਬਾਰਾ ਫਿਰ ਐਸ.ਐਸ. ਕੋਹਲੀ ਚਾਰਟਰਡ ਅਕਾਉਟੈਂਟ ਵੱਲੋਂ ਇਹ ਰਕਮ ਘੱਟ ਮੰਨਦਿਆਂ ਵਧਾ ਕੇ 50,000/-ਰੁਪਏ ਪ੍ਰਤੀ ਮਹੀਨਾ ਕਰਨ ਦੀ ਕੀਤੀ ਮੰਗ ਦੇ ਅਧਾਰਪੁਰ ਅੰਤ੍ਰਿੰਗ ਕਮੇਟੀ ਨੇ ਆਪਣੇ ਮਤਾ ਨੰ: 330 ਮਿਤੀ 20-06-2012 ਰਾਹੀਂ ਇਹ ਰਕਮ ਵਧਾ ਕੇ 40,000/-ਰੁਪਏ ਪ੍ਰਤੀ ਮਹੀਨਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ।ਹਵਾਲੇ ਵਜੋਂ ਮਤੇ ਦੀ ਨਕਲ ਹੇਠ ਲਿਖੇ ਅਨੁਸਾਰ ਹੈ :-

*"ਐਸ.ਐਸ.ਕੋਹਲੀ ਐਂਡ ਐਸੋਸੀਏਟਸ ਚਾਰਟਰਡ ਅਕਾਉਟੈਂਟਸ ਚੰਡੀਗੜ੍ਹ ਦੀ ਪੱਤ੍ਰਿਕਾ ਨੰ: 104 ਮਿਤੀ 2-5-12 ਜਿਸ ਰਾਹੀਂ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 570ਮਿਤੀ 28-7-11 ਰਾਹੀਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਗੁ:ਸਾਹਿਬਾਨ ਸੈਕਸਨ 85 ਦਾ ਇਨਕਮ ਟੈਕਸ ਦਾ ਸਮੁੱਚਾ ਕੰਮ ਕਰਨ ਬਦਲੇ 20,000/- ਅੱਖਰੀ ਵੀਹ ਹਜ਼ਾਰ ਰੁਪਏ ਕੇਵਲ ਮਾਸਿਕ ਅਦਾ ਕਰਨ ਦੀ ਹੋਈ ਪ੍ਰਵਾਨਗੀ ਦਾ ਵੇਰਵਾ ਦਿੰਦਿਆਂ ਇਹ ਕੰਮ ਕਰਨ ਬਦਲੇ ਇੱਕ ਸੀ.ਏ. ਅਤੇ ਦੋ ਲੜਕੇ ਰੱਖੇ ਹੋਣ ਕਾਰਨ ਇਹ ਰਕਮ 20,000/-ਅੱਖਰੀ ਵੀਹ ਹਜ਼ਾਰ ਰੁਪਏ ਤੋਂ ਵਧਾ ਕੇ 50,000/-ਅੱਖਰੀ ਪੰਜਾਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ ਦੀ ਪੁੱਜੀ ਮੰਗ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਐਸ.ਐਸ.ਕੋਹਲੀ ਐਂਡ ਐਸੋਸੀਏਟਸ ਚਾਰਟਰਡ ਅਕਾਉਟੈਟ ਨੂੰ ਇਨਕਮ ਟੈਕਸ ਦਾ ਉਕਤ ਅਨਸੁਾਰ ਸਮੁੱਚਾ ਕੰਮ ਕਰਨ ਬਦਲੇ*

*ਮਿਤੀ 1-7-2012 ਤੋਂ 40,000/-ਅੱਖਰੀ ਚਾਲੀ ਹਜ਼ਾਰ ਰੁਪਏ ਕੇਵਲ ਪ੍ਰਤੀ ਮਹੀਨਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।"*

ਉਪਰੋਕਤ ਤੋਂ ਇਹ ਜਾਪਦਾ ਹੈ ਕਿ ਐਸ.ਐਸ. ਕੋਹਲੀ ਚਾਰਟਰਡ ਅਕਾਊਟੈਂਟ ਦੀ ਫੀਸ ਵਿੱਚ ਅਤੇ ਕੰਮ ਵਿੱਚ ਵਾਧਾ ਕਰ ਦਿੱਤਾ।ਇੱਥੇ ਇਹ ਜਿਕਰਯੋਗ ਹੈ ਕਿ ਫੀਸ ਦਾ ਵਾਧਾ ਸੰਬੰਧਤ ਵਿਭਾਗ ਵੱਲੋਂ ਸਕੱਤਰ ਨੇ ਅੰਤ੍ਰਿੰਗ ਕਮੇਟੀ ਤੱਕ ਮਤਾ ਭੇਜਿਆ, ਪਰ ਸਕੱਤਰ ਨੇ ਇਹ ਵਿਚਾਰਿਆ ਵੀ ਨਹੀਂ ਕਿ ਢਾਈ ਸਾਲ ਬਾਅਦ ਵੀ ਅਕਾਉਂਟਸ ਦਾ ਕੰਪਿਊਟਰਾਈਜੇਸ਼ਨ ਨਹੀ ਹੋ ਸਕਿਆ।ਇੰਝ ਜਾਪਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਹੋਈ ਨਤਮਸਤਕ ਮਾਇਆ ਨੂੰ ਮੌਕੇ ਦਾ ਸਕੱਤਰ ਖੁੱਲ੍ਹ ਕੇ ਵਰਤ ਲੁਟਾ ਰਿਹਾ ਸੀ।

ਫਿਰ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 840 ਮਿਤੀ 15-01-2013 ਨੂੰ ਅੰਤ੍ਰਿੰਗ ਕਮੇਟੀ ਨੇ ਅਕਾਂਊਟਸ ਨੂੰ ਆਨਲਾਈਨ ਕਰਨ ਅਤੇ ਇੰਟਰਨਲ/ਪ੍ਰੀ-ਆਡਿਟ ਕਰਨ ਲਈ ਮੁੜ ਐਸ.ਐਸ.ਕੋਹਲੀ ਐਂਡ ਐਸੋਸੀਏਟਸ ਦਾ ਸਮਾਂ ਤਿੰਨ ਸਾਲ ਲਈ ਵਧਾ ਦਿੱਤਾ।ਇੰਟਰਨਲ ਆਡਿਟਰ ਦਾ ਕੰਮ ਕੁਝ ਸਮੇਂ ਬਾਅਦ ਬਦਲ ਲੈਣਾ ਚਾਹੀਦਾ ਹੈ।ਪਰ ਇਸਦਾ ਸਮਾਂ ਇਸਦੇ ਕੰਮ-ਕਾਜ ਨੂੰ ਦੇਖੇ ਬਿਨ੍ਹਾ ਹੀ ਅੰਤ੍ਰਿੰਗ ਕਮੇਟੀ ਨੇ ਵਧਾ ਦਿੱਤਾ।ਇੱਥੇ ਐਸ.ਜੀ.ਪੀ.ਸੀ ਦੀ ਜਿੰਮੇਵਾਰੀ ਬਣਦੀ ਸੀ ਕਿ ਉਹ ਇਸਦੇ ਪਿਛਲੇ ਤਿੰਨ ਸਾਲਾਂ ਦੇ ਕੰਮ-ਕਾਰ ਦੀ ਰਿਪੋਰਟ ਮੁੱਖ ਸਕੱਤਰ ਤੋਂ ਲੈਂਦੀ।ਪਰ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਅਕਾਉਂਟਸ ਦਾ ਕੰਪਿਊਟਰਾਈਜੇਸ਼ਨ ਕਰਨ ਤੋਂ ਪਹਿਲਾ ਹੀ ਉਸਨੂੰ ਤਿੰਨ ਸਾਲ ਦਾ ਸਮਾਂ ਦੇ ਦਿੱਤਾ।ਫਿਰ ਮਤਾ ਨੰ: 3357 ਰਾਹੀਂ ਇਸਦਾ ਸਮਾਂ ਸ੍ਰ.ਸਤਿੰਦਰ ਸਿੰਘ ਕੋਹਲੀ ਚਾਰਟਰਡ ਅਕਾਉਟੈਂਟ ਦੇ ਕੰਮ ਨੂੰ ਅੱਖੋਂ ਓਹਲੇ ਕਰਕੇ ਤਿੰਨ ਸਾਲ ਹੋਰ ਵਧਾ ਦਿੱਤਾ ਗਿਆ।ਜੇਕਰ ਉਸ ਸਮੇਂ ਤੱਕ ਵੀ ਅਕਾਉਂਟਸ ਦਾ ਕੰਪਿਊਟਰਾਈਜੇਸ਼ਨ ਕਰਵਾ ਲਏ ਜਾਂਦੇ ਤਾਂ ਇਹ 328 ਸਰੂਪਾਂ ਜੋ ਕਿ ਮਿਤੀ 18/08/2015 ਨੂੰ ਘੱਟ ਪਾਏ ਗਏ, ਦਾ ਪਤਾ ਲੱਗ ਜਾਣਾ ਸੀ।ਤੇ ਅੱਜ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਇਹ ਦਿਨ ਨਹੀਂ ਦੇਖਣਾ ਪੈਣਾ ਸੀ।

ਪੜਤਾਲ ਕਮਿਸ਼ਨ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰੀ ਨਹੀਂ ਭਰੀ।ਉਪਰੋਕਤ ਅਮਰਜੀਤ ਸਿੰਘ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਉਹ 18 ਅਗਸਤ 2020 ਤੱਕ ਇੱਕ ਵਾਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਹੀਂ ਆਏ।ਜਦਕਿ ਟੈਂਡਰ ਡਾਕੂਮੈਂਟ ਦੀਆਂ ਸ਼ਰਤਾ ਅਨੁਸਾਰ ਉਸਨੂੰ ਹਫਤੇ ਵਿੱਚ 2-3 ਵਾਰ ਆਉਣਾ ਚਾਹੀਦਾ ਹੈ।ਆਖਿਰ ਵਿੱਚ ਮਿੱਤੀ 18 ਅਗਸਤ 2020 ਨੂੰ ਡਾ: ਈਸ਼ਰ ਸਿੰਘ

ਇੰਚਾਰਜ ਪੜਤਾਲ ਕਮਿਸ਼ਨ ਨੇ ਆਪਣੀ ਪ੍ਰਸ਼ਨਲ ਮੇਲ ਤੋਂ ਸ੍ਰ.ਸਤਿੰਦਰ ਸਿੰਘ ਕੋਹਲੀ ਚਾਰਟਰਡ ਅਕਾਓਟੈਂਟ ਨੂੰ ਇੱਕ ਈ-ਮੇਲ ਕੀਤੀ।ਜਿਸਦੀ ਨਕਲ ਹਵਾਲੇ ਲਈ ਦਿੱਤੀ ਜਾਂਦੀ ਹੈ:-

*"Dear S S Kohli ji,*

*Waheguru ji ka Khalsa waheguru ki fateh*

*Since past many days, we have been requesting you to appear before the Inquiry Commission, constituted by Singh Sahib, Sri Akal Takhat Sahib to probe into the matter of missing 267 saroops of Sri Guru Granth Sahib ji, at Sri Amritsar sahib.*

*However, you did not make yourself available at Amritsar for the reason known best to you. At last you committed to be present before the Inquiry Commission on Tuesday I.e on 18.08.2020 to give your assistance but again you informed us about your inability to come at Amritsar at early hours. Your subordinate, S. Amarjeet singh has been examined by us yesterday, who had signed his deposition stating that he would supply us a list of records requested by us. Today morning he bluntly refused to provide anything asking my assistant not to call him for any record and to talk to you directly.*

*Since this is a very sensitive issue as it relates to Sri Guru Granth Sahib ji and to the Sikh sangat around the world and nothing is more important to a Sikh when it comes to his Guru. Due to the above reason, the Inquiry commission has decided to travel all the way to Chandigarh to meet you at 3:00 pm and give you an opportunity of hearing.*

*Kindly make your subordinates available from Amritsar office, if required, so that the matter doesn't get lingered on further with the reason that some queries are to be answered by your subordinates and they are not available at Chandigarh.*

*We expect your kind assistance and co-operation.*

*Thanks*
*Dr. Esher singh"*

ਉਪਰੋਕਤ ਈ-ਮੇਲ ਦਾ ਪੰਜਾਬੀ ਉਲੱਥਾ :-

*ਪਿਆਰੇ ਐਸ.ਐਸ.ਕੋਹਲੀ ਜੀ,*

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

*ਪਿਛਲੇ ਕਈ ਦਿਨਾਂ ਤੋਂ ਅਸੀਂ ਤੁਹਾਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਦੀ ਜਾਂਚ ਲਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੁਆਰਾ ਗਠਿਤ ਪੜਤਾਲ ਕਮਿਸ਼ਨ ਅੱਗੇ ਪੇਸ਼ ਹੋਣ ਲਈ ਬੇਨਤੀ ਕਰ ਰਹੇ ਹਾਂ।*

*ਹਾਲਾਂਕਿ ਤੁਸੀ ਅੰਮ੍ਰਿਤਸਰ ਵਿਖੇ ਹਾਜ਼ਰ ਨਹੀਂ ਹੋਏ ,ਜਿਸਦਾ ਕਾਰਨ ਤੁਸੀ ਖੁਦ ਜਾਣਦੇ ਹੋ।ਆਖਰਕਾਰ ਤੁਸੀ ਪੜਤਾਲ ਕਮਿਸ਼ਨ ਨੂੰ ਸਹਾਇਤਾ ਦੇਣ ਲਈ ਮੰਗਲਵਾਰ ਯਾਨੀ 18.08.2020 ਨੂੰ ਪੇਸ਼ ਹੋਣ ਦਾ ਵਾਅਦਾ ਕੀਤਾ ਸੀ, ਪਰ ਦੁਬਾਰਾ ਤੁਸੀ ਜਲਦੀ ਹੀ ਅੰਮ੍ਰਿਤਸਰ ਆਉਣ ਦੀ ਅਸਮਰੱਥਾ ਬਾਰੇ ਦੱਸਿਆ।ਤੁਹਾਡੇ ਅਧੀਂਨ ਕੰਮ ਕਰ ਰਹੇ ਸ੍ਰ.ਅਮਰਜੀਤ ਸਿੰਘ ਦੀ ਕੱਲ੍ਹ ਸਾਡੇ ਦੁਆਰਾ ਪੁੱਛਗਿੱਛ ਕੀਤੀ ਗਈ।ਜਿਸਨੇ ਆਪਣੇ ਦਸਤਖਤ ਕੀਤੇ ਬਿਆਨਾਂ ਵਿੱਚ ਕਿਹਾ ਕਿ ਉਹ ਸਾਡੇ ਵੱਲੋਂ ਮੰਗ ਕੀਤੇ ਰਿਕਾਰਡ ਮੁਹੱਈਆ ਕਰਵਾਏਗਾ।ਅੱਜ ਸਵੇਰੇ ਉਸਨੇ ਮੇਰੇ ਸਹਾਇਕ ਨੂੰ ਕੁਝ ਰਿਕਾਰਡ ਮੁਹੱਈਆ ਕਰਵਾਉਣ ਅਤੇ ਗੱਲ ਕਰਨ ਤੋਂ ਮਨ੍ਹਾ ਕਰ ਦਿੱਤਾ ਅਤੇ ਤੁਹਾਡੇ ਨਾਲ ਸਿੱਧੀ ਗੱਲ ਕਰਨ ਨੂੰ ਕਿਹਾ।ਇਹ ਬਹੁਤ ਹੀ ਸੰਵੇਨਸ਼ੀਲ ਮਸਲਾ ਹੈ ਕਿਉਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਵਿਸ਼ਵ ਭਰ ਦੀਆਂ ਸੰਗਤਾਂ ਨਾਲ ਸੰਬੰਧਤ ਹੈ, ਜਦੋਂ ਗੁਰੂ ਦੀ ਗੱਲ ਆਉਦੀ ਹੈ ਤਾਂ ਹੋਰ ਕੁਝ ਵੀ ਮਹੱਤਵਪੂਰਨ ਨਹੀਂ ਹੁੰਦਾ।ਉਪਰੋਕਤ ਕਾਰਨਾਂ ਕਰਕੇ ਪੜਤਾਲ ਕਮਿਸ਼ਨ ਨੇ ਫੈਸਲਾ ਕੀਤਾ ਕਿ ਉਹ ਤੁਹਾਨੂੰ ਦੁਪਿਹਰ 03.00 ਵਜੇ ਚੰਡੀਗੜ੍ਹ ਵਿਖੇ ਮਿਲਗੇ ਤਾਂ ਜੋ ਤੁਹਾਡੀ ਸੁਣਵਾਈ ਕੀਤੀ ਜਾ ਸਕੇ।*

*ਜੇ ਲੋੜ ਪਵੇ ਤਾਂ ਕ੍ਰਿਪਾ ਕਰਕੇ ਆਪਣੇ ਅੰਮ੍ਰਿਤਸਰ ਦਫਤਰ ਦੇ ਕਰਮਚਾਰੀ ਨੂੰ ਚੰਡੀਗੜ੍ਹ ਵਿਖੇ ਹਾਜ਼ਰ ਰੱਖਣਾ ਤਾਂ ਜੋ ਇਹ ਮਾਮਲਾ ਇਸ ਕਾਰਨ ਹੋਰ ਲੰਬਾ ਨਾ ਲੜਕ ਜਾਵੇ ਕਿ*

*ਤੁਹਾਡੇ ਕਰਮਚਾਰੀ ਨੇ ਕੁਝ ਪ੍ਰਸ਼ਨਾ ਦਾ ਉੱਤਰ ਦੇਣਾ ਹੈ ਤੇ ਉਹ ਚੰਡੀਗੜ੍ਹ ਹਾਜ਼ਰ ਨਹੀ ਹਨ।*

*ਅਸੀਂ ਤੁਹਾਡੇ ਦਿਆਲੂ ਸਹਾਇਤਾ ਅਤੇ ਸਹਿਯੋਗ ਦੀ ਉਮੀਦ ਕਰਦੇ ਹਾਂ।*

*ਧੰਨਵਾਦ ਸਹਿਤ*

*ਡਾ: ਈਸ਼ਰ ਸਿੰਘ*

ਇਸ ਈ-ਮੇਲ ਦੇ ਜਵਾਬ ਵਿੱਚ ਸ੍ਰ.ਸਤਿੰਦਰ ਸਿੰਘ ਕੋਹਲੀ ਵੱਲੋਂ ਭੇਜੀ ਈ-ਮੇਲ ਦੀ ਨਕਲ ਹਵਾਲੇ ਲਈ ਹੇਠ ਲਿਖੇ ਅਨੁਸਾਰ ਹੈ:-

*Dear Dr. Esher Singh (Through Ms. Harpreet Kaur)*

*At the onset, I would like to bring the following to your notice:*

*1) Only one phone call was received by me last week, directing me to appear the next day, which due to my schedule I requested that since I would be coming to Amritsar on Monday/ Tuesday, I would very gladly come over to meet you. However, my plans changed again in view of the letter from SGPC wherein they have kept some meetings on Friday, 21st, August. I mentioned my travelling plan on a tentative basis earlier and it is wrong to say that I committed to come on the 18th August to give my assistance.*

*2) As per my information, my subordinate has submitted all the relevant record in our possession pertaining to the case to you from time to time. The record that has now been requested by you is to be prepared by the accounts/ publication department of SGPC. I request you to kindly get in touch with SGPC for submission of any official records. We are auditing the documents and not preparing them. Moreover, the said subordinate is in hospital nursing his father who has been admitted in the early hours today.*

*3) I myself have suggested and requested the commission to meet me at chandigarh at 3.00 pm and hence assuring you of our cooperation in bringing light to any aspect of your Inquiry.*

*Thanks,*
*S.S. Kohli.*

ਉਪਰੋਕਤ ਈ-ਮੇਲ ਦਾ ਪੰਜਾਬੀ ਉਲੱਥਾ :-

*ਪਿਆਰੇ ਈਸ਼ਰ ਸਿੰਘ (ਸ੍ਰੀਮਤੀ ਹਰਪ੍ਰੀਤ ਕੌਰ ਰਾਹੀਂ)*

*ਸ਼ੁਰੂ ਵਿੱਚ ਮੈ ਹੇਠ ਲਿਖੀਆਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ:*

*ਪਿਛਲੇ ਹਫਤੇ ਮੇਰੇ ਕੋਲ ਸਿਰਫ ਇੱਕ ਫੋਨ ਆਇਆ ਸੀ, ਜਿਸਨੇ ਮੈਨੂੰ ਅਗਲੇ ਦਿਨ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ।ਮੈ ਆਪਣੇ ਕਾਰਜਕ੍ਰਮ ਦੇ ਕਾਰਨ ਉਹਨਾਂ ਨੂੰ ਬੇਨਤੀ ਕੀਤੀ ਕਿ ਮੈਂ ਸੋਮਵਾਰ/ਮੰਗਲਵਾਰ ਨੂੰ ਅੰਮ੍ਰਿਤਸਰ ਆ ਰਿਹਾ ਹਾਂ, ਮੈਂ ਬਹੁਤ ਖੁਸ਼ੀ ਨਾਲ ਤੁਹਾਨੂੰ ਮਿਲਣ ਆਵਾਂਗਾ।ਸ਼੍ਰੋਮਣੀ ਕਮੇਟੀ ਵੱਲੋਂ ਮਿਤੀ 21 ਅਗਸਤ ਦਿਨ ਸ਼ੁਕਰਵਾਰ ਦੀ ਰੱਖੀ ਮੀਟਿੰਗ ਕਰਕੇ ਮੇਰੀ ਯੋਜਨਾ ਦੁਬਾਰਾ ਬਦਲ ਗਈ।ਮੈਂ ਆਪਣੀ ਯਾਤਰਾ ਦਾ ਅਸਥਾਈ ਰੂਪ ਵਿੱਚ ਜਿਕਰ ਕੀਤਾ ਸੀ ਅਤੇ ਇਹ ਕਹਿਣਾ ਗਲਤ ਹੈ ਕਿ ਮੈਂ ਆਪਣੀ ਸਹਾਇਤਾ ਲਈ 18 ਅਗਸਤ ਨੂੰ ਆਉਣ ਦਾ ਵਾਅਦਾ ਕੀਤਾ ਸੀ।*

*ਮੇਰੀ ਜਾਣਕਾਰੀ ਅਨੁਸਾਰ ਮੇਰੇ ਅਧੀਂਨ ਅਧਿਕਾਰੀ ਨੇ ਕੇਸ ਨਾਲ ਸੰਬੰਧਤ ਸਾਰੇ ਰਿਕਾਰਡ ਸਮੇਂ-ਸਮੇਂ ਤੇ ਤੁਹਾਨੂੰ ਜਮਾਂ ਕਰਵਾ ਦਿੱਤੇ ਹਨ।ਤੁਹਾਡੇ ਵੱਲੋਂ ਮੰਗ ਕੀਤਾ ਜਾ ਰਿਹਾ ਰਿਕਾਰਡ ਪਬਲੀਕੇਸ਼ਨ ਵਿਭਾਗ ਦੇ ਅਕਾਉਂਟ ਵਿਭਾਗ ਵੱਲੋ ਤਿਆਰ ਕੀਤਾ ਜਾਂਣਾ ਹੈ।ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਰਿਕਾਰਡ ਸੰਬੰਧੀ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕੀਤਾ ਜਾਵੇ।ਅਸੀਂ ਦਸਤਾਵੇਜ਼ਾਂ ਦਾ ਆਡਿਟ ਕਰਦੇ ਹਾਂ ਨਾਂ ਕਿ ਇਹਨਾਂ ਨੂੰ ਤਿਆਰ ਕਰਦੇ ਹਾਂ।ਇਸਤੋਂ ਇਲਾਵਾ ਸੰਬੰਧਤ ਕਰਮਚਾਰੀ ਆਪਣੇ ਪਿਤਾ ਦੀ ਹਸਪਤਾਲ ਵਿੱਚ ਦੇਖਭਾਲ ਕਰ ਰਿਹਾ ਹੈ, ਜਿਸਨੂੰ ਅੱਜ ਸਵੇਰੇ ਦਾਖਲ ਕਰਵਾਇਆ ਗਿਆ ਹੈ।*

*ਕਮਿਸ਼ਨ ਨੂੰ ਚੰਡੀਗੜ੍ਹ ਵਿਖੇ 03.00 ਵਜੇ ਮਿਲਣ ਸੰਬੰਧੀ ਮੈਂ ਖੁਦ ਬੇਨਤੀ ਅਤੇ ਸੁਝਾਅ ਦਿੱਤਾ ਹੈ ਅਤੇ ਮੈਂ ਤੁਹਾਨੂੰ ਤੁਹਾਡੀ ਪੁੱਛਗਿੱਛ ਦੇ ਕਿਸੇ ਵੀ ਪਹਿਲੂ 'ਤੇ ਰੋਸ਼ਨੀ ਪਾਉਣ ਵਿੱਚ ਸਾਡੇ ਸਹਿਯੋਗ ਦਾ ਭਰੋਸਾ ਦਿਵਾਉਦਾ ਹਾਂ।*

*ਧੰਨਵਾਦ*

*ਐਸ.ਐਸ. ਕੋਹਲੀ*

ਉਪਰੋਕਤ ਈ-ਮੇਲ ਰਾਹੀਂ ਹੋਈ ਗੱਲਬਾਤ ਅਨੁਸਾਰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਪਾਸੋਂ ਕੁਝ ਜਾਣਕਾਰੀ ਲੈਣ ਲਈ ਪੜਤਾਲ ਕਮਿਸ਼ਨ ਚੰਡੀਗੜ੍ਹ ਨੂੰ ਰਵਾਨਾ ਹੋ ਗਿਆ।ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਸਬ-ਆਫਿਸ, ਚੰਡੀਗੜ੍ਹ ਵਿਖੇ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦਾ ਬਿਆਨ ਲਿਆ ਜੋ ਕਿ ਬਿਆਨ ਕਰਤਾ ਦੇ ਬਿਆਨ ਸੂਚੀ ਵਿੱਚ ਲੜੀ ਨੰ 18/ਡ ਪੰਨਾ 93 ਤੋਂ 96 ਤੱਕ ਨੱਥੀ ਹੈ।ਇਸ ਬਿਆਨ ਦੇ ਅਖੀਰ ਵਿੱਚ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਕਿਹਾ ਕਿ ਉਹ ਪੜਤਾਲ ਕਮੇਟੀ ਦੇ ਨਾਲ ਲਿਆਂਦੇ ਰਿਕਾਰਡ ਨੂੰ ਵੈਰੀਫਾਈ ਕਰਕੇ ਦੱਸ ਸਕਾਂਗਾ।ਇਸ ਲਈ ਮੈਂ ਮਹਾਰਾਜ ਨੂੰ ਹਾਜ਼ਰ ਨਾਜ਼ਰ ਜਾਣ ਕੇ ਵਾਅਦਾ ਕਰਦਾ ਹਾਂ ਕਿ ਮੈਂ ਕੱਲ੍ਹ ਅੰਮ੍ਰਿਤਸਰ ਆ ਕੇ ਆਪਣੇ ਕਰਮਚਾਰੀਆਂ ਨਾਲ ਮਿਲ ਕੇ ਕਮੇਟੀ ਦਾ ਸਹਿਯੋਗ ਕਰਾਂਗਾ।ਮੈਂ ਕੱਲ੍ਹ ਸ੍ਰੀ ਅਕਾਲ ਤਖਤ ਸਾਹਿਬ ਸਵੇਰੇ 10.30 ਜਾਂ 11.00 ਵਜੇ ਪਹੁੰਚ ਜਾਂਵਾਗਾ।ਪ੍ਰੰਤੂ ਰਸਤੇ ਵਿੱਚ ਸ੍ਰ.ਸਤਿੰਦਰ ਸਿੰਘ ਕੋਹਲੀ ਦਾ ਫੋਨ ਆਇਆ ਅਤੇ ਉਹਨਾਂ ਨੇ ਪੜਤਾਲ ਕਮਿਸ਼ਨ ਨੂੰ ਮਿਲਣ ਤੋਂ ਅਸਮਰੱਥਾ ਜਾਹਿਰ ਕੀਤੀ।ਉਪਰੰਤ ਰਾਤ 9.51 ਵਜੇ ਇੱਕ ਵਾਰ ਫਿਰ ਉਹਨਾਂ ਨੂੰ ਈ-ਮੇਲ ਰਾਹੀਂ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ, ਜਿਸਦਾ ਹਵਾਲਾ ਹੇਠ ਲਿਖੇ ਅਨੁਸਾਰ ਹੈ :-

*Dear S S Kohli ji,*

*Waheguru ji ka Khalsa waheguru ki fateh*

*This is in furtherance to our meeting at Chandigarh at 3:00 pm, where your statement was recorded by us and was duly signed by you.*

*You had specifically mentioned, which was recorded in writing, that you would be present tomorrow i.e. on 19.08.2020 at about 11 am, before the Inquiry Commission at Amritsar along with your sub-ordinate S. Amarjeet Singh.*

*Soon after we left from Chandigarh, I received a call from you saying that since your subordinate would provide us with the records and clarifications, your presence is not necessary. However, we convinced you to be present tomorrow by making you understand the importance of your presence and assistance in this sensitive issue.*

*Again, after few hours, you called us stating your inability to come to Amritsar as your subordinate's father is hospitalised and he is looking after him.*

*S. Amarjeet Singh has forwarded the medical reports of his father, S. Jasbir singh and immediately we have taken medical opinion from the Dr. Raminder Kaur. The medical reports are attached. The doctor has mentioned that there are no symptoms of acute ailment, except that blood sugar has mildly raised which can be controlled with proper diet and medication.*

*We wish good health to Amarjeet Singh's father but you and Amarjeet singh, being a Sikh, should understand the sensitivity of the issue. Sri Guru Granth Sahib ji is not an ordinary book but a jurisdic person as is held by the Apex Court of India. Therefore, each and every Pawan saroop is equally important. The matter of missing 267 Pawan saroops is shame for every Sikh, which matter needs to be probed and resolved, for which your cooperation and assistance is of paramount importance. Amarjeet singh and you need to understand that it is just a matter of few hours which can be managed and sacrificed for our spiritual Father.*

*We expect you to understand and make your subordinate understand the sensitivity of the issue and be present at Amritsar tomorrow at the time fixed.*

*Thanks*
*Dr. Esher singh*

ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਭੇਜੀ ਗਈ ਈ-ਮੇਲ ਦਾ ਪੰਜਾਬੀ ਉਲੱਥਾ:-

*ਪਿਆਰੇ ਐਸ.ਐਸ. ਕੋਹਲੀ ਜੀ,*

*ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁ ਜੀ ਕੀ ਫਤਹਿ॥*

*ਇਹ ਦਪਿਹਰ 3.00 ਵਜੇ ਚੰਡੀਗੜ੍ਹ ਵਿਖੇ ਸਾਡੀ ਮੁਲਾਕਾਤ ਨੂੰ ਅੱਗੇ ਵਧਾਉਣ ਲਈ ਹੈ, ਜਿੱਥੇ ਅਸੀਂ ਤੁਹਾਡਾ ਬਿਆਨ ਦਰਜ ਕੀਤਾ ਅਤੇ ਜਿਸ 'ਤੇ ਤੁਹਾਡੇ ਵੱਲੋਂ ਦਸਤਖਤ ਵੀ ਕੀਤੇ ਗਏ।ਤੁਸੀਂ ਖਾਸ ਤੌਰ ਤੇ ਜਿਕਰ ਕੀਤਾ ਸੀ, ਜਿਸਨੂੰ ਲਿਖਤੀ ਰੂਪ ਵਿੱਚ ਵੀ ਦਰਜ ਕੀਤਾ ਗਿਆ ਕਿ ਤੁਸੀਂ ਕੱਲ੍ਹ ਮਿਤੀ 19.08.2020 ਨੂੰ ਸਵੇਰੇ 11 ਵਜੇ ਆਪਣੇ ਅਧਿਕਾਰੀ ਸ੍ਰ.ਅਮਰਜੀਤ ਸਿੰਘ ਨਾਲ ਅੰਮ੍ਰਿਤਸਰ ਵਿਖੇ ਪੜਤਾਲ ਕਮਿਸ਼ਨ ਅੱਗ ਪੇਸ਼ ਹੋਵੋਗੇ।*

*ਜਦੋਂ ਅਸੀਂ ਚੰਡੀਗੜ੍ਹ ਤੋਂ ਰਵਾਨਾ ਹੋਏ, ਜਲਦੀ ਹੀ ਮੈਨੂੰ ਤੁਹਾਡੇ ਵੱਲੋਂ ਫੋਨ ਆਇਆ ਕਿ ਤੁਹਾਡਾ ਅਧਿਕਾਰੀ ਸਾਨੂੰ ਰਿਕਾਰਡ ਅਤੇ ਸਪੱਸ਼ਟੀਕਰਨ ਪ੍ਰਦਾਨ ਕਰੇਗਾ, ਤੁਹਾਡੀ ਮੌਜੂਦਗੀ ਜਰੂਰੀ ਨਹੀਂ ਹੈ।ਹਲਾਂਕਿ, ਅਸੀਂ ਤੁਹਾਨੂੰ ਇਸ ਸੰਵੇਦਨਸ਼ੀਲ ਮੁੱਦੇ ਵਿੱਚ ਮੌਜੂਦਗੀ ਅਤੇ ਸਹਾਇਤਾ ਦੀ ਮਹੱਤਤਾ ਨੂੰ ਸਮਝਾਉਦੇਂ ਹੋਏ ਤੁਹਾਨੂੰ ਕੱਲ੍ਹ ਮੌਜੂਦ ਰਹਿਣ ਲਈ ਯਕੀਨੀ ਬਣਾਇਆ।*

*ਦੁਬਾਰਾ ਕੁਝ ਘੰਟਿਆ ਬਾਅਦ, ਤੁਸੀਂ ਸਾਨੂੰ ਦੁਬਾਰਾ ਫੋਨ ਕਰਕੇ ਇਹ ਕਹਿ ਕਿ ਆਉਣ ਦੀ ਅਸਮਰੱਥਾ ਜਾਹਿਰ ਕੀਤੀ ਕਿ ਤੁਹਾਡੇ ਅਧਿਕਾਰੀ ਦਾ ਪਿਤਾ ਹਸਪਤਾਲ ਵਿੱਚ ਦਾਖਲ ਹੈ ਅਤੇ ਉਹ ਉਸਦੀ ਦੇਖਭਾਲ ਕਰ ਰਿਹਾ ਹੈ।*

*ਸ੍ਰ.ਅਮਰਜੀਤ ਸਿੰਘ ਨੇ ਆਪਣੇ ਪਿਤਾ ਸ੍ਰ.ਜਸਬੀਰ ਸਿੰਘ ਦੀਆਂ ਡਾਕਟਰੀ ਰਿਪੋਰਟਾਂ ਭੇਜੀਆਂ ਹਨ ਅਤੇ ਤੁਰੰਤ ਅਸੀਂ ਡਾ: ਰਮਿੰਦਰ ਕੌਰ ਤੋਂ ਡਾਕਟਰੀ ਰਾਏ ਲਈ ਹੈ।ਡਾਕਟਰੀ ਰਿਪੋਰਟਾਂ ਨਾਲ ਸ਼ਾਮਿਲ ਹਨ।ਡਾਕਟਰ ਨੇ ਦੱਸਿਆ ਹੈ ਕਿ ਕਿਸੇ ਗੰਭਰਿ ਬਿਮਾਰੀ ਦੇ ਕੋਈ ਲੱਛਣ ਨਹੀਂ ਹਨ, ਸਿਵਾਏ ਹਲਕੇ ਬਲੱਡ ਸ਼ੂਗਰ ਵਧ ਗਿਆ ਹੈ ਜਿਸਨੂੰ ਸਹੀ ਖੁਰਾਕ ਅਤੇ ਦਵਾਈਆਂ ਦੁਆਰਾ ਨਿਯੰਤਰਿਤ ਕੀਤਾ ਜਾ ਸਕਦਾ ਹੈ।*

*ਅਸੀਂ ਅਮਰਜੀਤ ਸਿੰਘ ਦੇ ਪਿਤਾ ਜੀ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ, ਪਰ ਤੁਹਾਨੂੰ ਅਤੇ ਅਮਰਜੀਤ ਸਿੰਘ ਨੂੰ ਸਿੱਖ ਕਰਕੇ, ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਸਮਝਣਾ ਚਾਹੀਦਾ ਹੈ।ਸੁਪਰੀਮ ਕੋਰਟ ਆਫ ਇੰਡੀਆ ਨੇ ਇਹ ਗੱਲ ਮੰਨੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਈ ਸਧਾਰਣ ਕਿਤਾਬ ਨਹੀਂ ਹੈ ਬਲਕਿ ਇੱਕ ਨਿਆਂਇਕ ਵਿਅਕਤੀ ਹੈ।ਇਸ*

*ਲਈ ਹਰ ਇੱਕ ਸਰੂਪ ਦੀ ਬਰਾਬਰ ਮਹੱਤਵਪੂਰਣ ਹੈ।267 ਪਾਵਨ ਸਰੂਪਾਂ ਦਾ ਗੁੰਮ ਹੋਣਾ ਹਰ ਇੱਕ ਸਿੱਖ ਲਈ ਸ਼ਰਮ ਦੀ ਗੱਲ ਹੈ, ਜਿਸਦੀ ਜਾਂਚ ਅਤੇ ਹੱਲ ਕਰਨ ਦੀ ਲੋੜ ਹੈ।ਜਿਸ ਲਈ ਤੁਹਾਡਾ ਸਹਿਯੋਗ ਅਤੇ ਸਹਾਇਤਾ ਬਹੁਤ ਮਹੱਤਵਪੂਰਣ ਹੈ।ਅਮਰਜੀਤ ਸਿੰਘ ਅਤੇ ਤੁਹਾਨੂੰ ਇਹ ਸਮਝਣ ਦੀ ਜਰੂਰਤ ਹੈ ਕਿ ਇਹ ਸਿਰਫ ਕੁਝ ਘੰਟਿਆਂ ਦੀ ਗੱਲ ਹੈ ਜਿਸਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਅਤੇ ਆਪਣੇ ਆਤਮਿਕ ਪਿਤਾ ਲਈ ਕੁਰਬਾਨ ਕੀਤਾ ਜਾ ਸਕਦਾ ਹੈ।*

*ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਸਮਝੋਗੇ ਅਤੇ ਆਪਣੇ ਅਧਿਕਾਰੀ ਨੂੰ ਵੀ ਸਮਝਾਓਗੇ ਅਤੇ ਨਿਸ਼ਚਿਤ ਸਮੇਂ ਤੇ ਕੱਲ੍ਹ ਅੰਮ੍ਰਿਤਸਰ ਵਿਖੇ ਹਾਜ਼ਰ ਰਹੋਗੇ।*

*ਧੰਨਵਾਦ*

*ਡਾ: ਈਸ਼ਰ ਸਿੰਘ*

ਇਸ ਈ-ਮੇਲ ਦੇ ਜਵਾਬ ਵਿੱਚ ਸ੍ਰ.ਸਤਿੰਦਰ ਸਿੰਘ ਕੋਹਲੀ ਵੱਲੋਂ ਅਗਲੇ ਦਿਨ ਮਿਤੀ 19-05-2020 ਨੂੰ ਸਵੇਰੇ 7.50 ਵਜੇ ਈ-ਮੇਲ ਰਾਹੀਂ ਦਿੱਤੇ ਸਮੇਂ ਤੇ ਪੜਤਾਲ ਕਮਿਸ਼ਨ ਸਾਹਮਣੇ ਪੇਸ਼ ਹੋਣ ਤੋਂ ਅਸਮਰੱਥਾ ਜਾਹਿਰ ਕਰਦਿਆਂ ਮਿਤੀ 20-05-2020 ਨੂੰ ਪੇਸ਼ ਹੋਣ ਦਾ ਜਿਕਰ ਕੀਤਾ ਗਿਆ।ਜਿਸ ਸੰਬੰਧੀ ਪੁੱਜੀ ਈ-ਮੇਲ ਦਾ ਹਵਾਲਾ ਹੇਠ ਲਿਖੇ ਅਨੁਸਾਰ ਹੈ:-

*Dear Sir,*

*I have just seen your mail. I informed as I was informed by my subordinate and he still insists that his father is not well. As I had informed you yesterday , please excuse me for today. I shall come to see you on Thursday I.e tomorrow at 2 pm. Sorry for the inconvenience.*

*Sent from my iPhone*

ਸ੍ਰ.ਸਤਿੰਦਰ ਸਿੰਘ ਕੋਹਲੀ ਵੱਲੋਂ ਪੁੱਜੀ ਈ-ਮੇਲ ਦਾ ਪੰਜਾਬੀ ਉਲੱਥਾ:-

*ਪਿਆਰੇ ਸ੍ਰੀਮਾਨ,*

*ਮੈਂ ਤੁਹਾਡੀ ਈਮੇਲ ਵੇਖ ਲਈ ਹੈ।*

*ਮੈਂ ਸੂਚਿਤ ਕੀਤਾ ਸੀ ਕਿ ਮੈਂ ਆਪਣੇ ਅਧਿਕਾਰੀ ਨੂੰ ਸੂਚਿਤ ਕਰ ਦਿੱਤਾ ਸੀ, ਉਹ ਅਜੇ ਵੀ ਜੋਰ ਪਾ ਰਿਹਾ ਹੈ ਕਿ ਉਸਦਾ ਪਿਤਾ ਅਜੇ ਠੀਕ ਨਹੀਂ ਹੈ।ਜਿਵੇਂ ਮੈ ਤੁਹਨੂੰ ਕੱਲ੍ਹ ਸੂਚਿਤ ਕੀਤਾ ਸੀ, ਕ੍ਰਿਪਾ ਕਰਕੇ ਮੈਨੂੰ ਅੱਜ ਲਈ ਮੁਆਫ ਕਰ ਦਿਓ।ਮੈਂ ਤੁਹਾਨੂੰ ਵੀਰਵਾਰ ਭਾਵ ਕੱਲ੍ਹ ਦੁਪਿਹਰ 2.00 ਵਜੇ ਮਿਲਣ ਲਈ ਆਵਾਂਗਾ।ਅਸੁਵਿਧਾ ਲਈ ਮੁਆਫ ਕਰੋ।*

ਇਸ ਸੰਬੰਧ ਵਿੱਚ ਪੜਤਾਲ ਕਮਿਸ਼ਨ ਵੱਲੋਂ ਭੇਜੀ ਈ-ਮੇਲ ਹਵਾਲੇ ਲਈ ਹੇਠ ਲਿਖੇ ਅਨੁਸਾਰ ਹੈ:-

*Okay ji. We are waiting for you.*

*Regards,*

*Dr. Esher Singh*

ਪੜਤਾਲ ਕਮਿਸ਼ਨ ਵੱਲੋਂ ਭੇਜੀ ਈ-ਮੇਲ ਦਾ ਪੰਜਾਬੀ ਉਲੱਥਾ :-

*ਠੀਕ ਹੈ ਜੀ, ਅਸੀਂ ਤੁਹਾਡਾ ਇੰਤਜਾਰ ਕਰ ਰਹੇ ਹਾਂ।*

*ਸ਼ਤਿਕਾਰ ਸਹਿਤ,*

*ਡਾ: ਈਸ਼ਰ ਸਿੰਘ*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨਾਲ ਜੋ ਹੱਲਬਾਤ ਹੋਈ ਉਸਦੀ ਕਾਪੀ ਬਿਆਨ ਕਰਤਾ ਦੇ ਬਿਆਨਾਂ ਵਿੱਚ ਹਵਾਲਾਂ ਲੜੀ ਨੰ: 18/ਡ ਪੰਨਾ ਨੰ: 97 ਤੋਂ 104 ਤੱਕ ਦਰਜ ਹੈ।ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੇ ਬਿਆਨ ਵਿੱਚ ਦੱਸਿਆ ਕਿ ਸਾਡਾ ਮੇਨ ਕੰਮ ਪ੍ਰੀ-ਆਡਿਟ ਕਰਨਾ ਹੈ।ਪੇਪਰ ਖ੍ਰੀਦ ਕਰਨ ਵਾਸਤੇ ਪਹਿਲਾਂ ਲੋਕਲ ਏਜੰਟਾਂ ਤੋਂ ਕੁਟੇਸ਼ਨਾਂ ਲਈਆਂ ਜਾਂਦੀਆਂ ਸਨ, ਪਰ ਅਸੀਂ ਈ-ਟੈਡਰਿੰਗ ਸ਼ੁਰੂ ਕੀਤੀ ਅਤੇ ਉਹ ਕੋਸ਼ਿਸ ਕਰਦੇ ਹਨ ਕਿ ਪੇਪਰ ਸਿੱਧਾ ਮਿੱਲਾਂ ਤੋਂ ਮਿਲੇ, ਪਰ ਇਹਨਾਂ ਨੂੰ ਏਜੰਟਾਂ ਰਾਹੀਂ ਹੀ ਮਿਲ ਪਾਉਂਦਾਂ ਹੈ।ਜਦੋਂ ਉਸਨੂੰ ਇਹ ਪੁੱਛਿਆ ਗਿਆ ਕਿ ਪਾਵਨ ਸਰੂਪ ਪ੍ਰਿੰਟ ਹੋ ਕੇ ਜਿਸਦਸਾਜ਼ਾਂ ਨੂੰ ਜਾਂਦੇ ਹਨ ਤਾਂ ਕੀ ਇਸਦਾ ਰਿਕਾਰਡ ਰੱਖਿਆ ਜਾਂਦਾ ਹੈ ਤਾਂ ਉਸਨੇ ਉਤਰ ਵਿੱਚ ਇਹ ਕਿਹਾ ਕਿ

*"ਉੱਤਰ: ਸਟੋਰ ਕੀਪਰ ਅਨਬਾਈਂਡ ਸਟੋਰ ਲੈਜ਼ਰ ਮੇਨਟੇਨ ਕਰਦਾ ਹੈ।ਜੋ ਪਿੰਟਿੰਗ ਪ੍ਰੈੱਸ ਤੋਂ ਪ੍ਰਿੰਟ ਹੋਣ ਤੋਂ ਬਾਅਦ ਪਾਵਨ ਸਰੂਪ ਬਾਈਂਡਰ ਤੱਕ ਪਹੁੰਚਦੇ ਹਨ।ਉਨਾਂ ਕੋਲ ਸਬ-*

*ਰਜਿਸ਼ਟਰ ਵਿੱਚ ਐਨਟਰੀ ਜਿਲਦਸਾਜ਼ਾਂ ਵੱਲੋਂ ਕੀਤੀ ਜਾਂਦੀ ਹੈ।ਪਰ ਅਸੀਂ ਕਦੇ ਇਹ ਰਜਿਸ਼ਟਰ ਚੈਕ ਨਹੀਂ ਕੀਤਾ"।*

ਪੜਤਾਲ ਕਮਿਸ਼ਨ ਦੇ ਵਿਚਾਰ ਅਨੁਸਾਰ ਸਟੋਰ ਲੈਜ਼ਰ ਮੈਨਟੇਂਨ ਕਰਨ ਦਾ ਕੰਮ ਕੰਪਿਊਟਰਾਈਜੇਸ਼ਨ ਆਫ ਅਕਾਊਂਟਸ ਅਤੇ ਇੰਟਰਨਲ ਆਡੀਟਰ ਵਾਲੀ ਡਿਊਟੀ ਅਧੀਂਨ ਸ੍ਰ.ਸਤਿੰਦਰ ਸਿੰਘ ਕੋਹਲੀ ਵੱਲੋਂ ਕੀਤਾ ਜਾਂਣਾ ਸੀ।ਪਰ ਜੋ ਇਸਨੇ ਨਹੀਂ ਕੀਤਾ।ਹੋਰ ਪ੍ਰਸ਼ਨ ਰਾਹੀਂ ਉਸਨੇ ਇਹ ਮੰਨਿਆ ਕਿ ਸਟੋਰ ਰਸੀਦ ਬਾਅਦ ਵਿੱਚ ਕੱਟੀ ਗਈ ਹੋਵੇ ਪਰ ਜਿਲਦਸਾਜ਼ਾ ਦਾ ਬਿਲ ਪਹਿਲੇ ਪਾਸ ਹੋ ਗਿਆ ਹੋਵੇ।ਉਸ ਨਾਲ ਕੀਤਾ ਪ੍ਰਸ਼ਨ ਅਤੇ ਉੱਤਰ ਹਵਾਲੇ ਲਈ ਹੇਠਾਂ ਦਿੱਤਾ ਜਾਂਦਾ ਹੈ:-

*"ਪ੍ਰਸ਼ਨ: - ਕਦੀ ਇਸ ਤਰ੍ਹਾਂ ਹੋਇਆ ਹੈ ਕਿ ਸਟੋਰ ਰਸੀਦ ਬਾਅਦ ਵਿੱਚ ਕੱਟੀ ਗਈ ਹੋਵੇ ਤੇ ਜਿਲਦਸਾਜ਼ਾ ਦਾ ਬਿਲ ਪਹਿਲਾ ਪਾਸ ਹੋ ਗਿਆ ਹੋਵੇ।ਦੂਸਰਾ ਸਰੂਪ ਪਹਿਲਾਂ ਇਸ਼ੂ ਹੋ ਗਏ ਹੋਣ ਅਤੇ ਲੈਜ਼ਰ ਵਿੱਚ ਬਾਅਦ ਵਿੱਚ ਚੜਾਇਆ ਗਿਆ ਹੋਵੇ।*

*ਉੱਤਰ: - ਇਸ ਤਰ੍ਹਾਂ ਹੋ ਸਕਦਾ ਹੈ ਕਿ ਜਿਲਦਸਾਜ਼ ਨੇ ਪਹਿਲਾ 10 ਸਰੂਪ ਜਮਾਂ ਕਰਵਾਏ ਹੋਣ, ਫਿਰ 15 ਪਰ ਸਟੋਰ ਰਸੀਦ ਇਕੱਠੀ 50 ਜਾਂ 100 ਦਾ ਅਲਾਟ ਪੂਰਾ ਹੋਣ ਤੇ ਹੀ ਕੱਟੀ ਜਾਂਦੀ ਹੈ"।*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਊਟੈਂਟ ਦੇ ਜਵਾਬ ਤੋਂ ਇਹ ਜਾਪਦਾ ਹੈ ਕਿ ਜਿਲਦਸਾਜ਼ਾ ਵੱਲੋਂ ਸਰੂਪ ਜਮਾਂ ਕਰਾਉਣ ਵੇਲੇ ਰਿਕਾਰਡ ਵਿੱਚ ਦਰਜ ਨਹੀਂ ਕੀਤਾ ਜਾਂਦਾ, ਪਰ ਵਾਸਤਵ ਵਿੱਚ ਲੈ ਲਿਆ ਜਾਂਦਾ ਹੈ।ਜਿਸ ਕਾਰਣ ਪਾਵਨ ਸਰੂਪਾਂ ਦੇ ਸਟੋਰ ਵਿੱਚ ਬਕਾਇਆ ਅਤੇ ਸਟੋਰ ਵਿੱਚ ਬਕਾਇਆ ਵਿੱਚ ਫਰਕ ਆਉਂਦਾ ਰਹਿੰਦਾ ਹੋਵੇਗਾ ਅਤੇ ਰਿਕਾਰਡ ਠੀਕ ਤਰ੍ਹਾਂ ਮੈਨਟੇਂਨ ਨਹੀਂ ਕੀਤਾ ਜਾਂਦਾ ਰਿਹਾ ਹੋਵੇਗਾ।ਜਦੋਂ ਪੜਤਾਲ ਕਮਿਸ਼ਨ ਨੇ ਇਹ ਪੁੱਛਿਆ ਕਿ ਸਟੋਰ ਰਸੀਦ ਕਿਸ ਸਮੇਂ ਕੱਟਣੀ ਚਾਹੀਦੀ ਹੈ ਤਾਂ ਉਸ ਵੱਲੋਂ ਕੀਤਾ ਪ੍ਰਸ਼ਾਨ ਅਤੇ ਉੱਪਰ ਹੇਠਾਂ ਲਿਖਿਆ ਜਾਂਦਾ ਹੈ :-

*"ਪ੍ਰਸ਼ਨ :- ਸਟੋਰ ਰਸੀਦ ਕਦੋਂ ਕੱਟਣੀ ਚਾਹੀਦੀ ਹੈ ਜਦੋਂ ਪਾਵਨ ਸਰੂਪ ਸਟੋਰ ਵਿੱਚ ਫਿਜੀਕਲ ਰਸੀਵ ਹੋ ਜਾਣ ਜਾਂ ਫਿਰ ਜਦੋਂ ਪੂਰਾ ਅਲਾਟ ਰਸਵਿ ਹੋ ਗਿਆ ਹੋਵੇ।*

*ਉੱਤਰ:- ਕੋਹਲੀ ਸਾਹਿਬ ਨੇ ਕਿਹਾ ਕਿ ਜਦੋਂ ਪਾਵਨ ਸਰੂਪ ਜਿੰਨੀ ਵੀ ਗਿਣਤੀ ਵਿੱਚ ਸਟੋਰ ਵਿੱਚ ਜਮਾਂ ਹੋ ਜਾਣ ਉਦੋਂ ਹੀ ਰਸੀਦ ਕੱਟੀ ਜਾਣੀ ਚਾਹੀਦੀ ਹੈ।ਮੇਰੇ ਨੋਟਿਸ ਵਿੱਚ ਕਦੇਂ*

*ਨਹੀਂ ਆਇਆ ਪਰ ਸ੍ਰ.ਅਮਰਜੀਤ ਸਿੰਘ ਨੇ ਨੋਟਿਸ ਕੀਤਾ ਹੈ ਕਿ ਇਸ ਤਰ੍ਹਾਂ ਪਾਵਨ ਸਰੂਪ ਸਟੋਰ ਵਿੱਚ ਹਾਲੇ ਨਹੀਂ ਆਉਦੇਂ ਪਰ ਬਿਲ ਕੱਟੇ ਜਾਂਦੇ ਹਨ।ਸਾਡੇ ਕੋਲ ਇਸ ਨੂੰ ਵੈਰੀਫਾਈ ਕਰਨ ਦਾ ਕੋਈ ਤਰੀਕਾ ਨਹੀਂ ਹੈ ਅਤੇ ਨਾਂ ਹੀ ਉੱਥੇ ਕੋਈ ਸਾਡਾ ਕਰਮਚਾਰੀ ਮੌਜੂਦ ਹੈ"।*

ਪੜਤਾਲ ਕਮਿਸ਼ਨ ਦੇ ਵਿਚਾਰ ਅਨੁਸਾਰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵੱਲੋਂ ਦਿੱਤਾ ਬਿਆਨ ਕਿ ਪਾਵਨ ਸਰੂਪ ਜਿੰਨੀ ਵੀ ਗਿਣਤੀ ਵਿੱਚ ਸਟੋਰ ਵਿੱਚ ਜਮਾਂ ਹੋ ਜਾਣ ਉਦੋਂ ਹੀ ਰਸੀਦ ਕੱਟੀ ਜਾਣੀ ਚਾਹੀਦੀ ਹੈ, ਬਿਲਕੁਲ ਸਹੀ ਹੈ।ਪਰ ਇਹ ਕੰਮ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵੱਲੋਂ ਬਤੌਰ ਇੰਟਰਨਲ ਆਡੀਟਰ ਕਰਨਾ ਚਾਹੀਦਾ ਸੀ।ਜੇਕਰ ਰਿਕਾਰਡ ਕੰਪਿਊਟਰਾਈਜਡ ਕੀਤਾ ਹੁੰਦਾ ਤਾਂ ਇਹ ਗਲਤੀ ਨਹੀਂ ਹੋਣੀ ਸੀ।ਪੜਤਾਲ ਦੋਨੋਂ ਗਲਤੀਆਂ ਦਾ ਕਾਰਣ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਮੰਨਦਾ ਹੈ।

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਲੜੀ ਨੰਬਰ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਵੱਲੋਂ ਦਿੱਤਾ ਜਵਾਬ ਅਤੇ ਪ੍ਰਸ਼ਨ ਹਵਾਲੇ ਲਈ ਦਰਜ ਹੈ:

*"ਪ੍ਰਸ਼ਨ: - ਜੇਕਰ ਜਿਲਦਸਾਜ਼ ਦੇ ਬਿਲ ਉੱਪਰ ਪਾਵਨ ਸਰੂਪ ਦਾ ਲੜੀ ਨੰ: ਹੋਵੇ ਅਤੇ ਜੋ ਬਿਲ ਕੱਟਿਆ ਜਾ ਰਿਹਾ ਹੈ ਉੱਥੇ ਲੜੀ ਨੰ: ਦਰਜ ਹੋਵੇ ਤਾਂ ਵੈਰੀਫਾਈ ਕੀਤਾ ਜਾ ਸਕਦਾ ਹੈ।*

*ਉੱਤਰ: - ਜੇਕਰ ਬਿਲ ਤੇ ਲੜੀ ਨੰ: ਹੋਵੇ ਤਾਂ ਇਸ ਦਾ ਮਿਲਾਨ ਕੀਤਾ ਜਾ ਸਦਕਾ ਹੈ"*।

ਸ੍ਰ.ਸਤਿੰਦਰ ਸਿੰਘ ਕੋਹਲੀ ਚਾਰਟਰਡ ਅਕਾਉਟੈਂਟ ਦਾ ਇਹ ਬਿਆਨ ਬਿਲਕੁਲ ਸਹੀ ਹੈ।ਕਿ ਜੇਕਰ ਬਿਲ ਤੇ ਲੜੀ ਨੰਬਰ ਹੋਵੇ ਤਾਂ ਇਸਦਾ ਮਿਲਾਨ ਕੀਤਾ ਜਾ ਸਕਦਾ ਸੀ।ਪਰ ਬਿਲ ਤੇ ਲੜੀ ਨੰਬਰ ਦੇਖਣ ਦਾ ਕੰਮ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੇ ਇੰਟਰਨਲ ਆਡੀਟਰ ਦੇ ਤੌਰ ਤੇ ਇਹ ਕੰਮ ਕਰਨਾ ਸੀ।

ਜਦੋਂ ਇਹ ਪ੍ਰਸ਼ਨ ਸ੍ਰ.ਸਤਿੰਦਰ ਸਿੰਘ ਕੋਹਲੀ ਤੋਂ ਪੁੱਛਿਆ ਗਿਆ ਕਿ ਕਦੇ ਆਪ ਨੇ ਇੰਟਰਨਲ ਆਡੀਟਰ ਦੇ ਤੌਰ ਦੇ ਇਹ ਹਦਾਇਤਾ ਦਿੱਤੀਆ ਕਿ ਲੜੀ ਨੰ: ਦਾ ਰਿਕਾਰਡ ਰੱਖਣਾ ਅਤੇ ਮਿਲਾਨ ਕਰਨਾ ਜਰੂਰੀ ਹੈ? ਇਸ ਸੰਬੰਧੀ ਉਸਦਾ ਦਿੱਤਾ ਜਵਾਬ ਅਤੇ ਪ੍ਰਸ਼ਨ ਹਵਾਲੇ ਲਈ ਹੇਠ ਦਿੱਤੇ ਅਨੁਸਾਰ ਹੈ:-

*"ਪ੍ਰਸ਼ਨ: ਜੇਕਰ ਸੰਭਵ ਹੈ ਤਾਂ ਕੀ ਆਪ ਨੇ ਜਦੇ ਸੰਬੰਧਤ ਵਿਭਾਗ ਨੂੰ ਹਦਾਇਤ ਦਿੱਤੀਆਂ ਹਨ ਕਿ ਲੜੀ ਨੰਬਰਾਂ ਦਾ ਰਿਕਾਰਡ ਰੱਖਣਾ ਅਤੇ ਮਿਲਾਣ ਕਰਨਾ ਅਤਿ ਜਰੂਰੀ ਹੈ ਕਿਉਂਕਿ ਇਹ ਪਾਵਨ ਸਰੂਪਾਂ ਦੇ ਸਤਿਕਾਰ ਦਾ ਮਾਮਲਾ ਹੈ ਅਤੇ ਇਸ ਵਿੱਚ ਅਣਗਹਿਲੀ ਨਹੀਂ ਵਰਤੀ ਜਾ ਸਕਦੀ।*

*ਉੱਤਰ :- ਮੇਰਾ ਕੰਮ ਪ੍ਰੀ ਆਡਿਟ ਦਾ ਹੈ ਇਸ ਵਿਚ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਭਾਗ ਹਨ।ਮੈਂ ਵਿਸ਼ੇਸ਼ ਤੌਰ ਤੇ ਇਸ ਤਰੀਕੇ ਤੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਮੈਨੇਜਮੈਂਟ ਨੇ ਗੌਰ ਕੀਤਾ ਅਤੇ ਮੇਰਾ ਕੰਮ ਕੇਵਲ ਫਾਂਇਨਾਂਸ ਦਾ ਹੈ ਨਾ ਕਿ ਐਸੀਆਂ ਗੱਲਾਂ ਤੇ ਗੌਰ ਕਰਨ ਦਾ।ਜਦੋਂ ਵੀ ਅਸੀਂ ਫਿਜੀਕਲ ਵੈਰੀਫਿਕੇਸ਼ਨ ਲਈ ਜਾਂਦੇ ਹਾਂ ਸਾਨੂੰ ਮੌਕੇ ਦਾ ਇੰਚਾਰਜ਼/ਸੁਪਰਵਾਈਜ਼ਰ ਕਹਿੰਦਾ ਹੈ ਕਿਹਾ ਜਾਂਦਾ ਹੈ ਕਿ ਤੁਸੀ ਲਿਖਤੀ ਆਰਡਰ ਲਿਆਓ।ਸਾਲ 2015 ਵਿਚ ਇਨ੍ਹਾਂ ਨੈ ਫਿਜੀਕਲ ਵੈਰੀਫਿਕੇਸ਼ਨ ਕੀਤੀ ਪਰ ਸਾਨੂੰ ਸ਼ਾਮਿਲ ਨਹੀਂ ਕੀਤਾ ਗਿਆ ਤੇ ਨਾ ਹੀ ਸਾਨੂੰ ਦੱਸਿਆ ਗਿਆ ਤੇ ਨਾ ਹੀ ਕੋਈ ਰਿਪੋਰਟ ਵੀ ਭੇਜੀ ਗਈ।ਇਸ ਸੰਬੰਧੀ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਨਹੀਂ ਕੀਤੀ ਕਿਉਂਕਿ ਇਹ ਫਾਂਇਨਾਸ ਮਸਲਾ ਨਹੀਂ ਸੀ ਸਗੋਂ ਧਾਰਮਿਕ ਸੀ। ਸਰਕਾਰੀ ਆਡੀਟਰ ਨੇ ਵੀ ਕਦੇ ਫਿਜੀਕਲ ਵੈਰੀਫਿਕੇਸ਼ਨ ਨਹੀਂ ਕੀਤੀ"।*

ਇੰਝ ਜਾਪਦਾ ਹੈ ਕਿ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਕਦੀ ਆਪਣੀਆਂ ਡਿਊਟੀਆਂ ਪੜ੍ਹੀਆ ਹੀ ਨਹੀਂ ਅਮਲ ਵਿੱਚ ਤਾਂ ਲਿਆਉਣਾ ਦੂਰ ਦੀ ਗੱਲ੍ਹ ਰਹੀ।ਉਸਦਾ ਇਹ ਬਿਆਨ ਦੇਣ ਕਿ ਉਸਦਾ ਕੰਮ ਪ੍ਰੀਆਡਿਟ ਦਾ ਹੈ, ਗਲਤ ਹੈ।ਪ੍ਰੀਆਡਿਟ ਤੋਂ ਇਲਾਵਾ ਉਸਨੇ ਤਿੰਨ ਹੋਰ ਕੰਮ ਵੀ ਕਰਨੇ ਸਨ।ਇਸ਼ਤਿਹਾਰ ਵਿੱਚ ਦਿੱਤੇ ਚਾਰ ਕੰਮਾਂ ਦਾ ਹਵਾਲਾ ਹੇਠ ਲਿਖੇ ਅਨੁਸਾਰ ਹੈ :-

1) Internal Audit (Pre/Concurrent Audit on daily basis) including stores etc. at all locations.
2) Computerization of Accounts on regular basis of all the location.
3) Implementation of Internal control system as suggested by world renowned Consultancy firm.
4) Implementation of online system being proposed & designed by the above- mentioned Consultancy firm.

ਚਾਰਟਰਡ ਅਕਾਊਂਟੈਂਟ ਫਰਮ ਨਿਯੁਕਤ ਕਰਨ ਸੰਬੰਧੀ ਅਖਬਾਰ ਵਿੱਚ ਇਸ਼ਤਿਹਾਰ ਦੇਣ ਸਮੇਂ ਨੀਯਤ ਸ਼ਰਤਾਂ ਦਾ ਪੰਜਾਬੀ ਉਲੱਥਾ ਹਵਾਲੇ ਲਈ ਹੇਠ ਦਿੱਤੇ ਅਨੁਸਾਰ ਹੈ:-

1. ਇੰਟਰਨਲ ਆਡਿਟ (ਰੋਜਾਨਾ ਅਧਾਰ 'ਤੇ ਪ੍ਰੀ/ਸਮਕਾਲੀ ਆਡਿਟ) ਸਮੇਤ ਸਾਰੇ ਸਥਾਨਾਂ ਅਤੇ ਸਟੋਰਾਂ ਅਦਿ॥
2. ਸਾਰੇ ਸਥਾਨਾਂ ਦੇ ਨਿਯਮਿਤ ਅਧਾਰ 'ਤੇ ਖਾਤਿਆ ਦਾ ਕੰਪਿਊਟਰੀਕਰਨ।
3. ਵਿਸ਼ਵ ਪ੍ਰਸਿੱਧ ਸਲਾਹਕਾਰ ਫਰਮ ਦੁਆਰਾ ਸੁਝਾਅ ਅਨੁਸਾਰ ਅੰਦਰੂਨੀ ਨਿਯੰਤਰਣ ਪ੍ਰਣਾਲੀ ਨੂੰ ਲਾਗੂ ਕਰਨਾ।
4. ਉਪਰੋਕਤ ਸਲਾਹਕਾਰ ਫਰਮ ਦੁਆਰਾ ਪ੍ਰਸਤਾਵਿਤ ਅਤੇ ਡਿਜਾਇਨ ਕੀਤੇ ਜਾ ਰਹੇ ਆਨਲਾਈਨ ਪ੍ਰਣਾਲੀ ਨੂੰ ਲਾਗੂ ਕਰਨਾ।

ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਬਿਆਨ ਵਿੱਚ ਮੰਨ ਲਿਆ ਹੈ ਕਿ ਉਸਨੇ ਸਿਰਫ ਪ੍ਰੀ ਆਡਿਟ ਦਾ ਹੀ ਕੰਮ ਕੀਤਾ ਹੈ ਅਤੇ ਬਾਕੀ ਹੋਰ ਕੋਈ ਕੰਮ ਨਹੀਂ ਕੀਤਾ।

ਜਦੋਂ ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਸਟਾਕ ਲੈਜ਼ਰ ਵਿੱਚ ਸਸਪੈਂਸ ਖਾਤੇ ਬਾਰੇ ਪੁੱਛਿਆ ਗਿਆ ਤਾਂ ਉਸ ਵੱਲੋ ਦਿੱਤੇ ਉਤਰ ਅਤੇ ਪ੍ਰਸ਼ਨ ਹਵਾਲੇ ਲਈ ਹੇਠ ਲਿਖੇ ਅਨੁਸਾਰ ਹਨ:-

*"ਪ੍ਰਸ਼ਨ : ਕੀ ਸਟਾਕ ਵਿਚ ਸਸਪੈਂਸ ਖਾਤਾ ਹੋ ਸਕਦਾ ਹੈ।*

*ਉਤਰ : ਸਟਾਕ ਵਿਚ ਸਸਪੈਂਸ ਖਾਤਾ ਨਹੀਂ ਹੋ ਸਕਦਾ ।*

*ਪ੍ਰਸ਼ਨ : ਕੀ ਰਸੀਦ ਨੰ: 583 ਤੇ ਕੋਈ ਲਿਖਤ ਇਤਰਾਜ਼ ਲਗਾਇਆ ਹੈ?*

*ਉੱਤਰ : ਨਹੀਂ ਕਿਸੇ ਤਰਾਂ ਦਾ ਕੋਈ ਇਤਰਾਜ਼ ਨਹੀਂ ਲਗਾਇਆ ਗਿਆ ਹੈ।ਉਸ ਨਾਲ ਕੋਈ ਆਗਿਆ ਪੱਤਰ ਲੱਗਿਆ ਹੋਵੇਗਾ।ਇਸ ਕਰਕੇ ਅਸੀਂ ਇਤਰਾਜ਼ ਨਹੀਂ ਲਗਾਇਆ।*

*ਪ੍ਰਸ਼ਨ : ਜੇਕਰ ਕਿਸੇ ਉੱਚ ਅਧਿਕਾਰੀ ਦਾ ਅਪਰੂਵਲ ਲੱਗਿਆ ਹੋਵੇ ਤਾਂ ਕੀ ਤੁਸੀਂ ਸਟਾਕ ਦੇ ਸਸਪੈਂਸ ਅਕਾਊਂਟ ਨੂੰ ਆਡਿਟ ਵਿਚ ਮਾਨਤਾ ਦਿੱਤੀ ਜਾ ਸਕਦੀ ਹੈ?*

*ਉੱਤਰ : ਸਾਡੇ ਵੱਲੋਂ ਇਸ ਤਰਾਂ ਦੇ ਅਕਾਊਂਟ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ।ਸਾਰੇ ਹੀ ਸਟੋਰਾਂ ਦੇ ਸਟਾਕ ਨੂੰ ਅਸੀਂ ਟੈਲੀ ਵਿਚ ਨਹੀਂ ਪਾਉਂਦੇ ਕੇਵਲ ਸ੍ਰੀ ਦਰਬਾਰ ਸਾਹਿਬ ਦਾ ਲੰਗਰ, ਇਮਾਰਤੀ ਸਟੋਰ, ਜਨਰਲ ਸਟੋਰ ਅਤੇ ਪਬਲੀਕੇਸ਼ਨ ਦਾ ਸਟੋਰ ਟੈਲੀ ਵਿਚ ਪਾਇਆ ਜਾਂਦਾ ਹੈ।ਇਹ ਅਸੀਂ ਸੇਵਾ ਦੇ ਤੌਰ ਤੇ ਕਰ ਰਹੇ ਹਾਂ ਸਾਡੇ ਕੰਟਰੈਕਟ ਵਿਚ*

*ਸ਼ਾਮਲ ਨਹੀਂ।ਪਬਲੀਕੇਸ਼ਨ ਦੀਆਂ ਮੈਨੁਅਲ ਲੈਜ਼ਰ ਵਿਚ ਕਾਫੀ ਕਟਿੰਗ ਅਤੇ ਗਲਤੀਆਂ ਸਨ, ਉਸ ਨੂੰ ਮਿਲਾਨ ਵਿਚ ਬੜੀ ਮੁਸ਼ਕਲ ਆਉਂਦੀ ਸੀ।ਅਸੀਂ ਇਨ੍ਹਾਂ ਦੀਆਂ ਕੈਸ਼ ਮੀਮੋ ਦੇ ਬਿੱਲ ਤੋਂ ਡਾਟਾ ਲੈ ਕੇ ਟੈਲੀ ਵਿਚ ਐਂਟਰੀ ਕਰ ਦਿੱਤੀ"।*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਆਕਉਟੈਂਟ ਦੇ ਇਹਨਾਂ ਉੱਤਰਾਂ ਤੋਂ ਸਪੱਸ਼ਟ ਹੈ ਕਿ ਉਸਨੂੰ ਸਟੋਰ ਲੈਜ਼ਰ ਵਿੱਚ ਸ਼ਸਪੈਂਸ ਖਾਤੇ ਬਾਰੇ ਜਾਣਕਾਰੀ ਸੀ ਅਤੇ ਉਸਦੀ ਇਸ ਗੱਲ ਨਾ ਵੀ ਪੜਤਾਲ ਕਮਿਸ਼ਨ ਸਹਿਮਤ ਹੈ ਕਿ ਇਸ ਤਰ੍ਹਾਂ ਦੇ ਖਾਤੇ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ।ਪਰ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਇਹ ਗੱਲ ਜਾਣਦੇ ਹੋਏ ਵੀ ਕਿ ਸ਼ਸਪੈਂਸ਼ ਖਾਤਾ ਨਹੀਂ ਹੋ ਸਕਦਾ, ਇਤਰਾਜ ਨਹੀਂ ਲਗਾਇਆ।ਜਿਸੋਂ ਜਾਪਦਾ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਗਬਨ ਵਿੱਚ ਜਾਂ ਤਾਂ ਉਹ ਸ਼ਾਮਿਲ ਸੀ ਜਾਂ ਉਹ ਆਪਣੀ ਡਿਊਟੀ ਪ੍ਰਤੀ ਗੈਰਜਿੰਮੇਵਾਰ ਸੀ।ਜੇਕਰ ਉਸੇ ਸਮੇਂ ਹੀ ਇਸਨੂੰ ਗੰਭੀਰਤਾ ਨਾਲ ਲੈਕੇ ਇਸਦੀ ਦਰੁਸਤੀ ਕੀਤੀ ਹੁੰਦੀ ਤਾਂ ਅੱਗੇ ਜਾ ਕੇ ਇਹ ਇਤਨਾ ਵੱਡਾ ਮੁੱਦਾ ਨਾ ਬਣਦਾ।ਜਦਕਿ ਸ੍ਰ.ਸਤਿੰਦਰ ਸਿੰਘ ਕੋਹਲੀ ਦੀ ਇੰਟਰਨਲ ਆਡੀਟਰ ਹੋਣ ਦੇ ਨਾਂਤੇ ਇਹ ਜੁੰਮੇਵਾਰੀ ਬਣਦੀ ਸੀ ਕਿ ਉਹ ਅਣਅਧਿਕਾਰਤ ਸਸਪੈਂਸ ਖਾਤੇ ਦੀ ਦਰੁਸਤੀ ਕਰਨ ਬਾਰੇ ਲਿਖਤੀ ਕਾਰਵਾਈ ਕਰਦਾ।

ਚਾਰਟਰਡ ਅਕਾਊਟੈਂਟ ਇਹ ਬਿਆਨ ਦੇ ਰਿਹਾ ਹੈ ਕਿ ਪਬਲੀਕੇਸ਼ਨ ਵਿਭਾਗ ਦੇ ਸਟੋਰ ਦੀਆਂ ਐਂਟਰੀਆਂ ਟੈਲੀ ਵਿਚ ਪਾਉਣਾ ਸੇਵਾ ਦੇ ਤੌਰ ਤੇ ਕਰ ਰਿਹਾ ਹੈ ਅਤੇ ਪਬਲੀਕੇਸ਼ਨ ਵਿਭਾਗ ਦੇ ਬਣਾਏ ਗਏ ਮੈਨੁਅਲ ਰਿਕਾਰਡ ਨੂੰ ਗਲਤ ਦੱਸ ਕੇ ਅਕਾਊਂਟ ਨੂੰ ਕੰਪਿਊਟਰਾਈਜ਼ਡ ਕਰਨ ਦੀ ਆਪਣੀ ਜਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਜਾਪਦਾ ਹੈ।

ਸ੍ਰ.ਸਤਿੰਦਰ ਸਿੰਘ ਕੋਹਲੀ ਪਾਸੋਂ ਡੁੱਚਾਂ (100 ਰਸੀਦਾ ਸੰਬੰਧੀ ਪੁੱਛੇ ਜਾਣ ਤੇ ਉਹਨਾਂ ਵੱਲੋਂ ਦਿੱਤੇ ਉੱਤਰ ਅਤੇ ਪ੍ਰਸ਼ਨ ਹਵਾਲੇ ਵਜੋਂ ਹੇਠ ਲਿਖੇ ਅਨੁਸਾਰ ਹਨ :-

*"ਪ੍ਰਸ਼ਨ : ਤੁਸੀਂ ਬਿੱਲ ਦੀ ਐਂਟਰੀ ਡੁੱਚ ਤੋਂ ਕਰਦੇ ਹੋ ਜਾਂ ਬਿੱਲ ਤੋਂ।ਇਨਾਂ ਵਿਚ ਕੋਈ ਅੰਤਰ ਹੈ।*

*ਉੱਤਰ : ਬਿੱਲ ਤੋ ਕਰਦੇ ਹਾਂ।ਡੁੱਚ ਜਦੋ ਸ਼ੋ ਰੂਮ ਤੋਂ ਪਾਵਨ ਸਰੂਪ ਬਾਹਰ ਜਾਂਦੇ ਹਨ ਤਾਂ ਪਹਿਲਾਂ ਡੁੱਚ ਦੀ ਪਰਚੀ ਕੱਟੀ ਜਾਂਦੀ ਹੈ।ਜਦੋਂ 100 ਰਸੀਦਾ ਦਾ ਡੁੱਚ ਪੂਰਾ ਹੋ ਜਾਂਦਾ ਹੈ ਉਸਦਾ ਇਕ ਬਿੱਲ ਕੱਟਿਆ ਜਾਂਦਾ ਹੈ ਅਤੇ ਸਾਰਾ ਕੈਸ਼ ਟ੍ਰਸੱਟ ਬ੍ਰਾਂਚ ਦੀ ਪੱਕੀ ਰਸੀਦ ਕਟਵਾ ਕੇ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ।*

*ਪ੍ਰਸ਼ਨ : ਕੀ ਤੁਸੀਂ ਕਦੇ ਡੁੱਚ ਅਤੇ ਉਹਨਾਂ ਨਾਲ ਸਬੰਧਿਤ ਬਿੱਲਾਂ ਦਾ ਮਿਲਾਨ ਕੀਤਾ ਹੈ।ਇਕ ਡੁੱਚ ਵਿਚ ਕਈ ਪ੍ਰਕਾਰ ਦੇ ਸਰੂਪਾਂ ਦੀਆਂ ਰਸੀਦਾ ਵੱਖਰੀਆਂ-ਵੱਖਰੀਆਂ ਕੱਟੀਆਂ ਜਾਂਦੀਆਂ ਹਨ, ਜਿਵੇਂ ਵੱਡੇ ਆਕਾਰ, ਦਰਮਿਆਨਾਂ ਅਕਾਰ, ਲੜੀਵਾਰ ਅਤੇ ਪਦਛੇਦ।ਬਹੁਤ ਸਮੇਂ ਇਹਨਾਂ ਦੀ ਭੇਟਾ ਵੱਖਰੀ-ਵੱਖਰੀ ਸੀ, ਪਰ ਹੁਣ ਲਗਭਗ ਇਕੋ ਤਰ੍ਹਾਂ ਦੀ ਹੈ ਤੇ ਉਹ ਡੁੱਚ ਸਟਾਕ ਰਜਿਸਟਰ ਵਿਚ ਐਂਟਰੀ ਕਰਨ ਲੱਗਿਆ ਇਕੋ ਹੀ ਅਕਾਰ ਵਿਚ ਦਰਜ ਕਰ ਦਿੱਤਾ ਜਾਂਦਾ ਹੈ ਕੀ ਇਹ ਸਹੀ ਹੈ?*

*ਉੱਤਰ : ਅਸੀਂ 100 ਡੁੱਚ ਦੀ ਕੁਲ ਰਕਮ ਨਾਲ ਟੈਲੀ ਕਰਦੇ ਹਾਂ।**ਸਿੰਗਲ ਸਿੰਗਲ ਆਈਟਮ ਚੈੱਕ ਨਹੀਂ ਕਰਦੇ ਅਤੇ ਨਾ ਹੀ ਇਹ ਇਨਸਾਨੀ ਤੌਰ ਤੇ ਸੰਭਵ ਹੈ।**ਸਾਡੇ ਕੋਲ ਤਾਂ ਲੋਕ ਖੜੇ ਰਹਿੰਦੇ ਹਨ ਸਾਡੇ ਕੋਲ ਸਮਾਂ ਨਹੀਂ ਹੁੰਦਾ।**ਮੈਂ ਇਕ ਇਕ ਐਂਟਰੀ ਚੈੱਕ ਨਹੀਂ ਕਰ ਸਕਦਾ ਕਿਉਂਕਿ ਇੰਨੀ ਬਰੀਕੀ ਵਿਚ ਨਹੀਂ ਜਾ ਸਕਦਾ।**ਮੇਰਾ ਆਡਿਟ ਚਾਰਜ 3500 ਤੋਂ 4000 ਰੁਪਏ ਪ੍ਰਤੀ ਗੁਰਦੁਆਰਾ ਪ੍ਰਤੀ ਮਹੀਨਾ ਹੈ ਅਤੇ ਸਕੂਲਾ/ਕਾਲਜ਼ਾਂ ਤੋਂ 2100 ਤੋਂ 3100 ਰੁਪਏ ਚਾਰਜ ਕਰਦਾ ਹਾਂ।ਮੈਂ ਮਹੀਨੇ ਵਿਚ ਚਾਰ ਤੋਂ ਪੰਜ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਉਂਦਾ ਹਾਂ।ਮੇਰੇ ਅੰਡਰ 77 ਗੁਰਦੁਆਰੇ ਆਉਂਦੇ ਹਨ ਅਤੇ 80-85 ਵਿਦਿਅਕ ਅਦਾਰੇ ਹਨ।*

*ਮੈਂ ਆਪਣੀ ਟੈਲੀ ਨਾਲ ਚੈਕ ਕੀਤਾ ਹੈ ਕਿ ਡੁੱਚ ਦੇ ਵੱਖਰੇ-ਵੱਖਰੇ ਵੇਰਵੇ ਮੇਰੇ ਟੈਲੀ ਵਿਚ ਨਹੀਂ ਹਨ ਜਦਕਿ ਡੁੱਚ ਨੰ: 30 ਵਿਚ ਵੱਖਰੇ-ਵੱਖਰੇ ਪਾਵਨ ਸਰੂਪ ਦੇ ਅਕਾਰ ਦਰਜ ਹਨ।ਇਸ ਕਾਰਨ ਸਾਡਾ ਟੈਲੀ ਦਾ ਬੈਂਲੇਸ ਐਕਚੁਅਲ ਬੈਂਲੇਸ ਨਾਲ ਮੇਲ ਨਹੀਂ ਖਾਦਾਂ।*

*ਪ੍ਰਸ਼ਨ: - ਸਾਲ 2013-14 ਦਾ ਡਾਟਾ ਕਿਸ ਸਾਲ ਵਿਚ ਐਂਟਰ ਕੀਤਾ ਗਿਆ ਹੈ?*

*ਉੱਤਰ: - ਇਹ ਡਾਟਾ ਨਾਲ-ਦੀ-ਨਾਲ ਐਂਟਰ ਕੀਤਾ ਜਾਂਦਾ ਰਿਹਾ, ਜਦੋ ਮੈਂ ਪ੍ਰੈੱਸ ਵਿਚ ਜਾਦਾ ਸੀ ਤਾਂ ਉੱਥੇ ਹੀ ਪਬਲੀਕੇਸ਼ਨ ਦਾ ਡਾਟਾ ਮੰਗਵਾ ਕੇ ਐਂਟਰ ਕਰਦਾ ਸੀ।ਜੇ ਕੋਈ ਡਾਟਾ ਜਾਂ ਵਾਊਚਰ ਰਹਿ ਗਿਆ ਹੋਵੇ ਤਾਂ ਉਹ ਮਹੀਨੇ ਦੋ ਮਹੀਨੇ ਬਾਅਦ ਐਂਟਰ ਕਰ ਲੈਂਦੇ ਸੀ।*

*ਪ੍ਰਸ਼ਨ: - ਪਬਲੀਕੇਸ਼ਨ ਤੇ ਪ੍ਰਿੰਟਿੰਗ -ਪ੍ਰੈੱਸ ਵਿਚ ਕਿੰਨੀ ਦੂਰੀ ਹੈ?*

*ਉੱਤਰ: - ਕੋਈ ਦੂਰੀ ਨਹੀਂ ਹੈ।ਆਹਮਣੇ ਸਾਹਮਣੇ ਹਨ।ਕੰਪਿਊਟਰ ਪ੍ਰੈੱਸ ਵਿਚ ਹੀ ਲੱਗਿਆ ਹੋਇਆ ਸੀ ਜਿਸ ਵਿਚ ਟੈਲੀ ਲੋਡਡ ਹੈ।ਇਸ ਲਈ ਮੈਂ ਪ੍ਰੈੱਸ ਵਿਚ ਕਦੇ ਕਦੇ ਜਾ ਕੇ ਡਾਟਾ ਐਂਟਰ ਕਰਦਾ ਸੀ।*

*ਪ੍ਰਸ਼ਨ: - ਜਦੋਂ ਤੁਸੀ ਟੈਲੀ ਵਿਚ ਐਂਟਰ ਕਰਦੇ ਸੀ ਤਾਂ ਡੁੱਚ ਵਿਚ ਕਿਹੜੇ ਅਕਾਰ ਦੇ ਕਿੰਨੇ ਸਰੂਪ ਹਨ, ਦਾ ਧਿਆਨ ਰੱਖਦੇ ਸੀ?*

*ਉੱਤਰ: - ਅਸੀਂ ਟੈਲੀ ਵਿਚ ਡਾਟਾ ਆਪਣੀ ਸਹੂਲਤ ਵਾਸਤੇ ਪਾਉਂਦੇ ਸੀ, ਉਹ ਆਮ ਨਹੀਂ ਸੀ, ਉਦੋਂ ਅਸੀਂ ਪਬਲੀਕੇਸ਼ਨ ਤੋਂ ਕੇਵਲ ਬਿੱਲ ਹੀ ਮੰਗਾਉਂਦੇ ਸੀ ਕਿ ਉਹ ਕਿਹੜੇ ਅਕਾਰ ਦੇ ਪਾਵਨ ਸਰੂਪਾਂ ਦੇ ਬਿੱਲ ਸੀ।* ***ਅਸੀਂ ਕਦੇ ਵੀ ਡੁੱਚ ਨਹੀਂ ਮੰਗਾਏ ਜਿਸ ਦੇ ਵਿਚ ਵੱਖਰੇ ਵੱਖਰੇ ਪਾਵਨ ਸਰੂਪਾਂ ਦਾ ਵੇਰਵਾ ਸੀ ਜੋ ਅਸੀਂ ਕਦੇ ਵੀ ਧਿਆਨ ਨਹੀਂ ਦਿੱਤਾ"।***

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦਾ ਇਹ ਬਿਆਨ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਲਈ ਬਹੁਤ ਹੀ ਨਿੰਦਣਯੋਗ ਹੈ।ਜਿਸ ਵਿੱਚ ਉਹ ਇਹ ਕਹਿ ਰਿਹਾ ਹੈ ਕਿ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ **ਮੈਂ ਬਰੀਕੀ ਨਾਲ ਚੈੱਕ ਨਹੀਂ ਕਰ ਸਕਦਾ।** ਇੱਥੇ ਜਿਕਰਯੋਗ ਹੈ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਜਦੋਂ ਇਸ਼ਤਿਹਾਰ ਜਾਰੀ ਕੀਤਾ ਸੀ ਤਾਂ ਪਹਿਲੀ ਸ਼ਰਤ ਦੀ ਕਿ ਆਡੀਟਰ ਫਰਮ ਗੁਰਸਿੱਖ ਦੀ ਹੋਣੀ ਚਾਹੀਦੀ ਹੈ।ਉਸਦੇ ਇਸ ਬਿਆਨ ਤੋਂ "***ਅਸੀਂ ਕਦੇ ਵੀ ਡੁੱਚ ਨਹੀਂ ਮੰਗਾਏ ਜਿਸ ਦੇ ਵਿਚ ਵੱਖਰੇ ਵੱਖਰੇ ਪਾਵਨ ਸਰੂਪਾਂ ਦਾ ਵੇਰਵਾ ਸੀ ਜੋ ਅਸੀਂ ਕਦੇ ਵੀ ਧਿਆਨ ਨਹੀਂ ਦਿੱਤਾ।"*** ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਪ੍ਰਤੀ ਸਤਿਕਾਰ ਦਾ ਪਤਾ ਚਲਦਾ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੀ ਉਸਦਾ ਜੋ ਆਡਿਟ ਕਰਨ ਦਾ ਜੋ ਫਰਜ ਜਿਸ ਕਾਰਨ ਕੋਹਲੀ ਸਾਹਿਬ ਨੂੰ ਪਬਲੀਕੇਸਨ ਵਿਭਾਗ ਅਤੇ ਪ੍ਰਿੰਟਿੰਗ ਪ੍ਰੈੱਸ ਦਾ ਆਡਿਟ ਕਰਨ ਦਾ ਕੰਮ ਮਿਲਿਆ ਹੋਇਆ ਸੀ।

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਜਦੋਂ ਕੱਚੀ ਪੈਂਨਸਲ ਨਾਲ ਰਿਕਾਰਡ ਤਿਆਰ ਕਰਨ ਬਾਰੇ ਪੁੱਛਿਆ ਗਿਆ ਤਾਂ ਉਸਦੇ ਦਿੱਤੇ ਉੱਤਰ ਅਤੇ ਪ੍ਰਸ਼ਨ ਹਵਾਲੇ ਲਈ ਹੇਠ ਲਿਖੇ ਅਨੁਸਾਰ ਹਨ:-

*"ਪ੍ਰਸ਼ਨ : ਦਸਤਾਵੇਜ਼ ਨੰ: 01 ਸਾਲ 2014-15 ਪੰਨਾ ਨੰਬਰ 56 ਦਿਖਾਇਆ ਗਿਆ ਤੇ ਪੁੱਛਿਆ ਗਿਆ ਕਿ ਕੱਚੀ ਪੈਸਿੰਲ ਨਾਲ ਕੱਢੇ ਹੋਏ ਬਕਾਏ ਤਸਦੀਕ ਕੀਤੇ ਜਾਂ ਸਕਦੇ ਹਨ।*

*ਉੱਤਰ : ਅਸੀਂ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸਾਲ 2016 ਦੌਰਾਨ ਦਿੱਤੀ ਰਿਪੋਰਟ ਵਿਚ ਸਾਰੀਆਂ ਗਲਤੀਆਂ ਦਾ ਵੇਰਵਾ ਲਿਖਤ ਰੂਪਿ ਵਿਚ ਦਿੱਤਾ ਗਿਆ ਸੀ ਕਿ ਟੈਲੀ ਦਾ ਬੈਂਲੇਸ ਮੈਚ ਨਹੀਂ ਕਰਦਾ ਤੇ ਨੈਗੇਟਿਵ ਬੈਂਲੇਸ ਆਉਂਦੇ ਹਨ ।ਜੇਕਰ ਉਦੋਂ ਉਸ ਤੇ ਐਕਸ਼ਨ ਲਿਆ ਜਾਂਦਾ ਤੇ ਪੜਤਾਲ ਕਰਵਾਈ ਜਾਂਦੀ ਤਾਂ ਇਹ ਸਾਰੀਆਂ ਗਲਤੀਆਂ ਨਾ ਹੁੰਦੀਆਂ ।*

*ਪ੍ਰਸ਼ਨ : ਜਿਹੜੀ ਰਿਪੋਰਟ ਤੁਸੀਂ ਪ੍ਰਧਾਨ ਸਾਹਿਬ ਨੂੰ ਦਿੱਤੀ ਹੈ ਜੇਕਰ ਉਸ ਤੇ ਐਕਸ਼ਨ ਹੋ ਜਾਦਾ ਤੇ ਉਹ ਗਲਤੀਆਂ ਰੋਕੀਆਂ ਜਾ ਸਕਦੀਆਂ ਸਨ ਪਰ ਤੁਸੀਂ ਕੀ ਉਹ ਗਲਤੀਆਂ ਰੋਕੀਆਂ।*

*ਉੱਤਰ : ਅਸੀਂ ਕੱਚੀ ਪੈਂਸਲ ਨਾਲ ਲੈਜ਼ਰਾਂ ਤੇ ਐਂਟਰੀਆਂ ਚੈੱਕ ਕੀਤੀਆਂ ਅਤੇ ਹਰੀ ਸਿਆਹੀ ਨਾਲ ਮਾਰਕ ਵੀ ਕੀਤਾ। ਲੈਜ਼ਰ ਪੇਸ਼ ਕਰਨ ਤੇ ਕੋਹਲੀ ਸਾਹਿਬ ਨੇ ਕਿਹਾ ਕਿ ਹਰੀ ਸਿਆਹੀ ਦੇ ਮਾਰਕ ਸਿਰਫ਼ ਸਾਡੇ ਹੀ ਨਹੀਂ ਹਨ, ਇਹ ਕਿਸੇ ਹੋਰ ਦੇ ਵੀ ਹੋ ਸਕਦੇ ਹਨ।ਅਤੇ ਇਹ ਵੀ ਹੋ ਸਕਦਾ ਹੈ ਕਿ ਜਦੋਂ ਅਸੀਂ ਦੇਖੇ ਹੋਣ ਉਸ ਵੇਲੇ ਇਹ ਮਾਰਕ ਨਾ ਹੋਣ ਸਗੋਂ ਬਾਅਦ ਵਿਚ ਕੀਤੇ ਹੋਣ"।*

ਪੜਤਾਲ ਕਮਿਸ਼ਨ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦੇ ਕੱਚੀ ਪੈਂਨਸਲ ਨਾਲ ਲੈਜ਼ਰਾਂ ਚੈੱਕ ਕਰਨ ਦੇ ਤਰੀਕੇ ਨੂੰ ਗਲਤ ਮੰਨਦਾ ਹੈ।ਕੱਚੀ ਪੈਂਨਸਲ ਨਾਲ ਲੈਜ਼ਰਾਂ ਤਿਆਰ ਨਹੀਂ ਕੀਤੀਆ ਜਾਣੀਆਂ ਚਾਹੀਦੀਆਂ ਸਨ, ਜੋ ਕਿ ਇੱਕ ਆਮ ਆਦਮੀ ਦੀ ਬੁੱਧੀ ਵੀ ਗੱਲ ਮੰਨਦੀ ਹੈ।ਪਰ ਲਗਦਾ ਹੈ ਕਿ ਚਾਰਟਰਡ ਅਕਾਉਟੈਂਟ ਵੱਲੋਂ ਕੱਚੀ ਪੈਂਨਸ਼ਲ ਨੂੰ ਪੂਰੀ ਮਾਨਤਾ ਦਿੱਤੀ ਹੋਈ ਸੀ।ਕੱਚੀ ਪੈਂਨਸਲ ਨਾਲ ਐਟਰੀਆਂ ਕਰਕੇ ਤੇ ਉਸਨੂੰ ਵਾਰ-ਵਾਰ ਬਦਲ ਕੇ 18/08/2015 ਨੂੰ ਜੋ ਲੈਜ਼ਰ ਵਿੱਚ ਧੰਨ- ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ ਬਕਾਇਆ ਸੀ, ਉਹ ਬਾਅਦ ਵਿੱਚ ਬਦਲ ਦਿੱਤਾ ਗਿਆ।ਨਤੀਜਨ ਸ੍ਰ.ਨਿਸ਼ਾਨ ਸਿੰਘ ਜੀ ਵੱਲੋਂ 18/08/2015 ਨੂੰ ਜੋ ਲੈਜ਼ਰ ਵਿਚ ਬਕਾਇਆ ਦੱਸਿਆ ਗਿਆ ਸੀ ਅਨੁਸਾਰ ਉਸ ਦਿਨ ਸਰੂਪ ਵਾਧੇ ਵਿੱਚ ਸਨ।ਪੜਤਾਲ ਕਮਿਸ਼ਨ ਦੀ ਰਿਪੋਰਟ ਅਨੁਸਾਰ 328 ਸਰੂਪ ਘਟ ਗਏ।ਜੇਕਰ ਸ੍ਰ.ਸਤਿੰਦਰ ਸਿੰਘ ਕੋਹਲੀ ਲੈਜ਼ਰ ਦਾ ਪ੍ਰੀ ਆਡਿਟ ਕਰਨ ਸਮੇਂ ਬੈਲੰਸ ਨੂੰ ਪੈਨ ਰਾਹੀਂ ਕੱਢ ਕੇ ਚੈੱਕ ਕਰਦਾ ਤਾਂ 18/08/2015 ਨੂੰ ਹੀ ਇਹ ਗਲਤੀ ਧਿਆਨ ਵਿੱਚ ਆ ਜਾਣੀ ਸੀ ਕਿ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਨੇ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾਗ ਬਨ ਕੀਤਾ ਹੈ।ਸ੍ਰ.ਸਤਿੰਦਰ ਸਿੰਘ ਕੋਹਲੀ ਵੱਲੋਂ ਕੱਚੀ ਪੈਨਸ਼ਲ ਨੂੰ ਜੋ ਮਾਨਤਾ ਦਿੱਤੀ ਗਈ, ਉਸ ਕਾਰਨ ਇਹ ਗਬਨ ਤਕਰੀਬਨ ਪੰਜ ਸਾਲ ਬਾਅਦ ਸਾਹਮਣੇ

ਆਇਆ ਹੈ।ਪੜਤਾਲ ਕਮਿਸ਼ਨ ਸ੍ਰ.ਸਤਿੰਦਰ ਸਿੰਘ ਕੋਹਲੀ ਦੀ ਇਸ ਕਾਰਵਾਈ ਨੂੰ ਪ੍ਰੀ ਆਡਿਟ ਵਿੱਚ ਕੀਤੀ ਗਲਤੀ ਮੰਨਦਾ ਹੈ।ਇਸ ਤੋਂ ਇੱਕ ਗੱਲ ਹੋਰ ਵੀ ਸਿੱਧ ਹੁੰਦੀ ਹੈ ਕਿ ਉਸਨੇ ਆਪਣੇ ਚਾਰ ਕੰਮਾਂ ਵਿੱਚੋ ਜੋ ਇੱਕ ਕੰਮ ਵੀ ਕੀਤਾ ਉਹ ਵੀ ਗਲਤ ਅਤੇ ਗੈਰਜਿੰਮੇਵਾਰਾਨਾ ਹੈ।

ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਇੱਕ ਪ੍ਰਸ਼ਾਨ ਦੇ ਜਵਾਬ ਵਿੱਚ ਇਹ ਹੱਲ ਮੰਨੀ ਕਿ ਖਾਤਿਆ ਦਾ ਕੰਪਿਊਟਰਾਈਜੇਸ਼ਨ ਕਰਨਾ ਉਸਦੀ ਡਿਊਟੀ ਸੀ।ਹਵਾਲੇ ਲਈ ਦਿੱਤਾ ਉੱਤਰ ਅਤੇ ਪ੍ਰਸ਼ਨ ਪੇਸ਼ ਕੀਤਾ ਜਾਂਦਾ ਹੈ:-

*"ਪ੍ਰਸ਼ਨ : ਕੀ ਸਾਰੇ ਫਾਂਇਨਾਸ ਖਾਤਿਆ ਦਾ ਕੰਪਿਊਟਰੀਕਰਨ ਤੁਹਾਡੇ ਅਧਿਕਾਰ ਖੇਤਰ ਵਿਚ ਆਉਂਦਾ ਹੈ?*

*ਉਤਰ : ਹਾਂ ਜੀ"।*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਜਦੋਂ ਧੰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਅਗਨ ਭੇਟ ਹੋਏ ਪਾਨ ਸਰੂਪਾਂ ਦੀ ਰਾਈਟ ਆਫ ਐਂਟਰੀ ਬਾਰੇ ਪੁੱਛਿਆ ਤਾਂ ਉਹਨਾਂ ਵੱਲੋਂ ਦਿੱਤਾ ਉੱਤਰ ਅਤੇ ਪ੍ਰਸ਼ਨ ਹਵਾਲੇ ਵਜੋਂ ਪੇਸ਼ ਹੈ:-

*"ਪ੍ਰਸ਼ਨ : ਕੀ ਨੁਕਸਾਨੇ ਗਏ ਸਰੂਪਾਂ ਦੀ ਰਾਈਟ ਆਫ ਐਂਟਰੀ ਸਟੋਰ ਲੈਜ਼ਰ ਵਿਚ ਹੋਣੀ ਚਾਹੀਦੀ ਸੀ?*

*ਉੱਤਰ : ਇਹ ਸਬਜੈਕਟਿਵ ਮੈਟਰ ਹੈ। ਕਿਉਕਿ ਸਾਨੂੰ ਕਿਸੇ ਨੇ ਰਿਪੋਰਟ ਹੀ ਨਹੀ ਕੀਤੀ।ਜੇ ਇਸ ਤਰ੍ਹਾਂ ਹੋਇਆ ਤਾਂ ਸਟੋਰ ਇਂਚਾਰਜ਼ ਨੂੰ ਇਹ ਐਂਟਰੀ ਕਰਨੀ ਚਾਹੀਦੀ ਸੀ।ਮੈਨੂੰ ਲਗਦਾ ਹੈ ਕਿ ਮੈਂ ਉਸ ਸਮੇਂ ਬਾਹਰ ਗਿਆ ਹੋਇਆ ਸੀ।ਮੈਨੂੰ ਇਸ ਘਟਨਾ ਬਾਰੇ ਪਤਾ ਲੱਗ ਗਿਆ ਸੀ, ਪਰ ਕਿੰਨੇ ਦਿਨਾਂ ਬਾਅਦ ਲੱਗਿਆ ਯਾਦ ਨਹੀਂ।ਇਹ ਮੇਰੇ ਦਾਇਰੇ ਅੰਦਰ ਨਹੀਂ ਹੈ, ਇਹ ਸੰਸਥਾਂ ਦੇ ਉੱਚ ਅਧਿਕਾਰੀਆਂ ਦਾ ਕੰਮ ਹੈ"।*

ਪੜਤਾਲ ਕਮਿਸ਼ਨ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦੇ ਇਸ ਬਿਆਨ ਤੋਂ ਸਹਿਮਤ ਹੈ ਕਿ ਰਾਈਟ ਆਫ ਕਰਕੇ ਧੰਨ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਅਗਨ ਭੇਟ ਹੋਏ ਪਾਵਨ ਸਰੂਪ ਰਾਈਟ ਆਫ ਕਰਵਾ ਕੇ ਸਟੋਰ ਲੈਜ਼ਰ ਵਿੱਚ ਇੰਦਰਾਜ ਕਰਨਾ ਚਾਹੀਦਾ ਸੀ।ਜੋ ਕਿ ਅੱਜ ਤੱਕ ਨਹੀਂ ਹੋ ਸਕਿਆ।ਪੜਤਾਲ ਕਮਿਸ਼ਨ ਲਈ ਧੰਨ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦਾ ਮਿਤੀ 31/05/2020 ਤੱਕ ਦਾ ਜੋ ਬਕਾਇਆ ਬਣਦਾ ਹੈ, ਕੱਢਣਾ ਅਸੰਭਵ ਹੈ।ਜਦੋਂ ਤੱਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਟ ਅਤੇ ਪਾਣੀ ਨਾਲ ਨੁਕਸਾਨੇ

ਹੋਏ ਪਾਵਨ ਸਰੂਪਾਂ ਦੀ ਗਿਣਤੀ ਨਹੀਂ ਕੱਢੀ ਜਾਂਦੀ ਉਦੋਂ ਤੱਕ 31 ਮਈ ਤੱਕ ਦਾ ਸ੍ਰ.ਕੰਵਲਜੀਤ ਸਿੰਘ ਵੱਲੋਂ ਪਾਇਆ ਘਾਟਾ ਕੱਢਣਾ ਗਲਤ ਹੋਵੇਗਾ।ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਗੱਲ ਮੰਨਦੀ ਵੀ ਹੈਕਿ 14 ਪਾਵਨ ਸਰੂਪ ਉਸ ਸਮੇਂ ਨੁਕਸਾਨੇ ਗਏ ਤਾਂ ਵੀ ਸ੍ਰ.ਕੰਵਲਜੀਤ ਸਿੰਘ ਸਾਬਕਾ ਸਹਾਇਕ ਸੁਪਰਵਾਈਜਰ ਵੱਲੋਂ 31 ਮਈ 2020 ਨੂੰ 267 ਪਾਵਨ ਸਰੂਪ ਨਾ ਹੋ ਕਿ 253 ਪਾਵਨ ਸਰੂਪ ਘੱਟ ਪਾਏ ਗਿਣੇ ਜਾਣੇ ਚਾਹੀਦੇ ਹਨ।ਪਰ ਇੱਥੇ ਇਹ ਗੱਲ ਜਿਕਰਯੋਗ ਹੈ ਕਿ ਪੜਤਾਲ ਕਮਿਸ਼ਨ ਨੇ 328 ਪਾਵਨ ਸਰੂਪ ਮਿਤੀ 18/08/2015 ਨੂੰ ਘੱਟ ਸਿੱਧ ਕੀਤੇ ਹਨ।

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਵਾਸਤਵਿਕ ਤਸਦੀਕ ਕਰਨ ਵੇਲੇ ਜੋ ਘਾਟ ਜਾਂ ਵਾਧ ਹੁੰਦੀ ਹੈ, ਉਸਨੂੰ ਲੈਜ਼ਰ ਵਿੱਚ ਲੈਣਾ ਚਾਹੀਦਾ ਹੈ ਜਾਂ ਨਹੀਂ ਉਸ ਵੱਲੋਂ ਦਿੱਾ ਗਿਆ ਉੱਤਰ ਅਤੇ ਪ੍ਰਸ਼ਨ ਹਵਾਲੇ ਵਜੋਂ ਹੇਠ ਲਿਖੇ ਅਨੁਸਾਰ ਹੈ: -

*"ਪ੍ਰਸ਼ਨ: - ਜੇ ਅੱਜ ਦੀ ਤਰੀਕ ਵਿਚ 18-08-2015 ਦੇ ਲੈਜ਼ਰ ਬੈਂਲੇਸ ਬਦਲ ਗਏ ਹਨ ਕਿਉਂਕਿ ਸਰਕਾਰੀ ਆਡਿਟ 2013-14 ਤੇ 2014-15 ਦਾ ਸਾਲ 2018-19 ਵਿਚ ਹੋਇਆ ਹੈ, ਤਾਂ ਉਸ ਤਰੀਕ ਨੂੰ (18-08-20) ਨੂੰ ਲੈਜ਼ਰ ਬੈਂਲੇਸ ਮੰਨਿਆ ਜਾਵੇ ਜਾਂ ਫਿਜੀਕਲ ਬੈਂਲੇਸ ਮੰਨਿਆ ਜਾਵੇ।*

*ਉੱਤਰ: - ਮੇਰਾ ਕਹਿਣਾ ਹੈ ਕਿ ਜੋ ਜਦੋਂ ਫਿਜੀਕਲ ਵੈਰੀਫਿਕੇਸ਼ਨ ਹੁੰਦੀ ਹੈ ਤਾਂ ਉਸਦੀ ਰਿਪੋਰਟ ਬਣਦੀ ਹੈ ਅਤੇ ਰਿਪੋਰਟ ਅੰਤ੍ਰਿੰਗ ਕਮੇਟੀ ਤੋਂ ਪਾਸ ਹੋਣੀ ਚਾਹੀਦੀ ਹੈ ਅਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਨਾਲ ਹੀ ਲੈਜ਼ਰ ਬੈਂਲੇਸ ਬਦਲੇ ਜਾ ਸਕਦੇ ਹਨ।ਅਸੂਲਨ ਜਦੋਂ ਫਿਜੀਕਲ ਵੈਰੀਫਿਕੇਸ਼ਨ ਹੁੰਦੀ ਹੈ ਉਹ ਹੀ ਬੈਂਲੇਸ ਅੱਗੇ ਚੁੱਕਿਆ ਜਾਣਾ ਚਾਹੀਦਾ ਹੈ। ਇਸ ਲਈ ਜੋ ਫਿਜੀਕਲ ਬੈਂਲੇਸ ਮੌਜੂਦ ਪਾਇਆ ਗਿਆ ਉਹੀ ਸਹੀ ਬੈਂਲੇਸ ਮੰਨਿਆ ਜਾਵੇਗਾ। ਨੱਥੀ ਦਸਤਾਵੇਜ਼ ਨੰ: 03 ਦੇ ਪੰਜ ਪੇਜ਼ ਹਨ ਏ ਤੋਂ ਈ ਤੱਕ ਅਤੇ ਇਹ ਜੋ ਫਿਜੀਕਲ ਵੈਰੀਫਿਕੇਸ਼ਨ ਹੋਈ ਹੈ ਇਸ ਤੋਂ ਸ਼ੁਰੂਆਤ ਹੋਣੀ ਚਾਹੀਦੀ ਹੈ।ਜੇਕਰ ਇਹ ਰਿਪੋਰਟ ਸਾਨੂੰ ਉਸ ਵੇਲੇ ਦਿੰਦੇ ਜਾਂ ਫਿਜੀਕਲ ਵੈਰੀਫਿਕੇਸ਼ਨ ਵਿਚ ਸਾਨੂੰ ਸ਼ਾਮਲ ਕਰਦੇ ਤਾਂ ਅਸੀਂ ਰਿਕਾਰਡ ਦੇ ਮਿਲਾਨ ਵਿਚ ਸਹਾਇਤਾ ਕਰ ਸਕਦੇ ਸੀ"।*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦੇ ਇਸ ਬਿਆਨ ਨਾਲ ਪੜਤਾਲ ਕਮਿਸ਼ਨ ਸਹਿਮਤ ਹੈ ਕਿ ਵਾਸਤਵਿਕ ਤਸਦੀਕ ਰਾਹੀਂ ਜੋ ਬਕਾਇਆ ਪਾਇਆ ਜਾਂਦਾ ਹੈ ਉਸਨੂੰ ਹੀ ਅੱਗੇ

ਲਿਜਾਇਆ ਜਾਣਾ ਚਾਹੀਦਾ ਹੈ।ਪਰ 18/08/2015 ਨੂੰ ਜੋ ਸ੍ਰ.ਨਿਸਾਨ ਸਿੰਘ ਇਚਾਰਜ ਦੀ ਨਿਗਰਾਨੀ ਹੇਠ ਤਸਦੀਕ ਹੋਈ ਉਸਦਾ ਬਕਾਇਆ ਲੈਜ਼ਰਾਂ ਵਿੱਚ ਨਹੀਂ ਚੁੱਕਿਆ ਗਿਆ ਅਤੇ ਚਾਰਟਰਡ ਅਕਾਉਟੈਂਟ ਵੱਲੋਂ ਉਸਦੀਆਂ ਅਗਲੀਆ-ਅਗਲੀਆਂ ਐਂਟਰੀਆਂ ਪੈਂਨਸ਼ਲ ਨਾਲ ਹੀ ਚੈੱਕ ਕੀਤੀਆਂ ਗਈਆਂ।ਇਸਤੋਂ ਸਪੱਸ਼ਟ ਹੈ ਕਿ ਸ੍ਰ.ਸਤਿੰਦਰ ਸਿੰਘ ਕੋਹਲੀ ਨੇ ਪ੍ਰੀ ਆਡਿਟ ਦਾ ਕੰਮ ਬੇਪ੍ਰਵਾਹੀ ਨਾਲ ਕੀਤਾ।

ਪੜਤਾਲ ਕਮਿਸ਼ਨ ਨੇ ਜਦੋਂ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਤੋਂ ਛਪਾਈ ਵਿੱਚ ਪੇਪਰ ਦੀ ਵੇਸਟੇਜ਼ ਬਾਰੇ ਪੁੱਛਿਆ ਉਸ ਵੱਲੋਂ ਦਿੱਤਾ ਉੱਤਰ ਅਤੇ ਪ੍ਰਸ਼ਨ ਹਵਾਲੇ ਲਈ ਹੇਠਾਂ ਦਿੱਤਾ ਜਾਂਦਾ ਹੈ: -

*"ਪ੍ਰਸ਼ਨ : ਪ੍ਰੈੱਸ ਵੱਲੋ ਪਾਵਨ ਸਰੂਪਾਂ ਦਾ ਜੋ ਬਿੱਲ ਕੱਟਿਆ ਜਾਂਦਾ ਹੈ ਉਸ ਵਿਚ ਜੋ ਪੇਪਰ ਦੀ ਮਾਤਰਾ ਹੁੰਦੀ ਹੈ ਉਹ ਅੰਦਾਜ਼ਨ ਹੁੰਦੀ ਜਾਂ ਜਿੰਨੀ ਵਰਤੋਂ ਹੁੰਦੀ ਹੈ ਉਨੀ ਹੀ ਹੁੰਦੀ ਹੈ ?*

*ਉੱਤਰ : ਕਿਉਕਿ ਇਹ ਪ੍ਰੈੱਸ ਤੇ ਸ਼੍ਰੋਮਣੀ ਕਮੇਟੀ ਦਾ ਇੰਟਰਨਲ ਮਸਲਾ ਹੈ ਇਸ ਲਈ ਅਸੀਂ ਇਸ ਤੇ ਜਿਆਦਾ ਤਵੱਜੋ ਨਹੀਂ ਦਿੰਦੇ ।*

*ਪ੍ਰਸ਼ਨ : ਪੜਤਾਲ ਕਮਿਸ਼ਨ ਵੱਲੋ ਦਸਤਾਵੇਜ਼ ਨੰ: 4 ਦਿਖਾਇਆ ਗਿਆ ਜੋ ਕਿ ਪੇਪਰ ਲੈਜ਼ਰ 2014-15 ਦਾ ਸੀ, ਇਸ ਵਿਚ ਪੰਨਾ ਨੰਬਰ 19 ਤੇ ਜੋ ਵੇਸਟੇਜ਼ ਜਮ੍ਹਾਂ ਹੋਈ ਹੈ ਉਹ ਬਿੱਲ ਵਿਚੋ ਜਿਹੜਾ ਬਿੱਲ ਪ੍ਰੈੱਸ ਵੱਲੋ ਦਿੱਤਾ ਗਿਆ ਹੈ ਉਸ ਵਿਚ ਉਨੀ ਵੇਸਟੇਜ਼ ਘਟਾਈ ਜਾਣੀ ਚਾਹੀਦੀ ਹੈ ਜਾਂ ਨਹੀਂ ?*

*ਉੱਤਰ : ਕੋਹਲੀ ਸਾਹਿਬ ਨੇ ਕਿਹਾ ਕਿ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ।ਮੈਂ ਇਸ ਸੰਬੰਧੀ ਪੂਰਾ ਰਿਕਾਰਡ ਦੇਖਿਆ ਹੈ ਪਰ ਮੈਂ ਕੁਝ ਨਹੀਂ ਕਹਿ ਸਕਦਾ"।*

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਦੇ ਉਪਰੋਕਤ ਬਿਆਨ ਤੋਂ ਸਪੱਸ਼ਟ ਹੈ ਕਿ ਉਹ ਵੇਸਟੇਜ਼ ਦਾ ਰਿਕਾਰਡ ਦੇਖਣ ਦੇ ਬਾਵਜੂਦ ਵੀ ਵੇਸਟੇਜ਼ ਨੂੰ ਠੀਕ ਨਹੀਂ ਕਰਵਾਉਣਾ ਚਾਹੁੰਦਾ।ਇਸ ਤਰ੍ਹਾਂ ਜਾਪਦਾ ਹੈ ਕਿ ਵੇਸਟੇਜ਼ ਤੋਂ ਤਿਆਰ ਕੀਤੇ ਗਏ ਪਾਵਨ ਸਰੂਪਾਂ ਦੀ ਜਾਂ ਵੇਸਟੇਜ਼ ਤੋਂ ਹੋਰ ਕੀਤੇ ਗਬਨ ਵਿੱਚ ਇਹ ਭਾਗੀਦਾਰ ਹੈ।ਇਸ ਲਈ ਇਸਨੇ ਕੁਝ ਵੀ ਕਹਿਣ ਤੋਂ ਮਨ੍ਹਾ ਕਰ ਦਿੱਤਾ।

ਪੜਤਾਲ ਕਮਿਸ਼ਨ ਨੇ ਜਦੋਂ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਤੋਂ ਆਨਲਾਈਨ ਦੇ ਕੰਮ ਬਾਰੇ ਪੁੱਛਿਆ ਤਾਂ ਉਸ ਦਾ ਹੇਠ ਲਿਖਿਆ ਜਵਾਬ ਸੀ :-

*"ਉੱਤਰ : ਸਾਲ 2010 ਵਿਚ Deloitte ਕੰਪਨੀ ਨੂੰ ਆਨ ਲਾਈਨ ਦਾ ਕੰਮ ਦਿੱਤਾ ਗਿਆ।ਉਹ ਆਨ ਲਾਈਨ ਕੰਮ ਦਾ ਪੈਕੇਜ਼ ਬਣਾ ਕੇ ਦੇਣਾ ਸੀ।ਉਨਾਂ ਦੀ ਅੱਜ ਤੱਕ ਫਾਈਨਲ ਰਿਪੋਰਟ ਨਹੀਂ ਆਈ Interim ਰਿਪੋਟ ਸ਼ਾਇਦ ਆਈ ਹੋਵੇ ਪਰ ਉਹ ਕੰਮ ਵਿਚਾਲੇ ਛੱਡ ਕੇ ਚਲੇ ਗਏ।ਅਸੀਂ ਉਨਾਂ ਦੇ ਡਿਵੈਲਪ ਸਿਸਟਮ ਤੇ ਹੀ ਕੰਮ ਕਰਨਾ ਸੀ, ਜੋ ਅਜੇ ਤੱਕ ਪੈਡਿੰਗ ਹੈ"।*

ਉਪਰੋਕਤ ਜਵਾਬ ਤੋਂ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵੱਲੋਂ ਅਜੇ ਤੱਕ ਆਨਲਾਈਨ ਅਕਾਉਂਟਸ ਨਹੀਂ ਬਣਾਏ ਗਏ।ਪਰ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਖਾਤਿਆ ਨੂੰ ਆਨਲਾਈਨ ਕਰਨ ਦੀ ਫੀਸ ਪਿਛਲੇ 10 ਸਾਲ ਤੋਂ ਪ੍ਰਾਪਤ ਕਰ ਰਿਹਾ ਹੈ।

ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਨੂੰ ਜੋ ਫੀਸ ਦਿੱਤੀ ਜਾਂਦੀ ਹੈ ਉਹ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਅੱਗੇ ਸੰਗਤਾਂ ਵੱਲੋਂ ਭੇਟਾ ਕੀਤੀ ਮਾਇਆ ਵਿੱਚੋਂ ਦਿੱਤੀ ਜਾਂਦੀ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਕਮਰਸੀਅਲ ਅਦਾਰਾ ਨਹੀਂ ਅਤੇ ਨਾਂ ਹੀ ਇਸ ਕੋਲ ਮਾਇਆ ਅਮੀਂਰਾਂ ਤੋਂ ਟੈਕਸ ਲੈ ਕੇ ਆਉਦੀਂ ਹੈ।ਸ਼੍ਰੋਮਣੀ ਗੁ: ਪ੍ਰ: ਕਮੇਟੀ ਉਸ ਮਾਇਆ ਦੇ ਸਾਂਭ-ਸੰਭਾਲ ਲਈ ਬਣਾਈ ਗਈ ਸੀ, ਜੋ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਅੱਗੇ ਸੰਗਤਾਂ ਵੱਲੋਂ ਭੇਟ ਕੀਤੀ ਜਾਂਦੀ ਹੈ।ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਅੱਗੇ ਬਹੁਤਾਂਤ ਗਿਣਤੀ ਉਹਨਾਂ ਸੰਗਤਾਂ ਦੀ ਹੈ ਜੋ ਆਪਣੀ ਦਿਹਾੜੀ ਦੀ ਆਮਦਨ ਵਿੱਚੋ ਦਸਵੰਧ ਦਿੰਦੀ ਹੈ ਤਾਂ ਜੋ ਕਿਸੇ ਗਰੀਬ ਦੇ ਮੂੰਹ ਇਹ ਮਾਇਆ ਲੱਗ ਸਕੇ।ਸਿੱਖ ਗੁਰੁ ਦੇ ਇਸ ਆਦੇਸ਼ ਨੂੰ ਮੰਨਦੇ ਹਨ ਕਿ 'ਗੁਰੂ ਦੀ ਗੋਲਕ, ਗਰੀਬ ਦਾ ਮੂੰਹ'।ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਉਦੇਸ਼ ਸੰਗਤਾਂ ਵੱਲੋਂ ਗੁਰੁ ਗ੍ਰੰਥ ਸਾਹਿਬ ਅੱਗੇ ਭੇਟ ਕੀਤੀ ਮਾਇਆ ਨੂੰ ਗਰੀਬਾਂ ਤੱਕ ਪਹੁੰਚਾਉਣਾ ਹੈ।ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਵਰਗੇ ਬੰਦੇ ਨੂੰ ਪਿਛਲੇ ਦਸ ਸਾਲ ਤੋਂ ਬਿਨ੍ਹਾਂ ਉਸਦੇ ਕੀਤੇ ਕੰਮ ਦੇ ਹੀ ਦੇਈ ਜਾ ਰਹੀ ਹੈ।ਇਹ ਗੱਲਤੀ ਕਿਸੇ ਕਰਮਚਾਰੀ ਜਾਂ ਅਧਿਕਾਰੀ ਪਾਸੋਂ ਹੁੰਦੀ ਤਾਂ ਉਸਨੂੰ ਬਰਖਾਸਤ ਕਰ ਦਿੱਤਾ ਜਾਂਦਾ।ਪਰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਜੋ ਕਿ ਸਰਵਉੱਚ ਅਧਿਕਾਰ ਰੱਖਦੀ ਹੈ, ਸ੍ਰ.ਸਤਿੰਦਰ ਸਿੰਘ ਕੋਹਲੀ ਦੇ ਕੰਮ ਨੂੰ ਦੇਖੇ ਬਗੈਰ ਹੀ ਇਸਦੇ ਕਾਰਜਕਾਲ ਵਿੱਚ ਮਤਾ ਨੰ: 577 ਮਿਤੀ 29/8/2010, ਮਤਾ ਨੰ: 577 ਮਿਤੀ 28/11/2011, ਮਤਾ ਨੰ: 840 ਮਿਤੀ 15/01/2013 ਅਤੇ ਮਤਾ ਨੰ: 3357 ਰਾਹੀਂ ਇਸਦਾ ਸਮਾਂ ਤਿੰਨ-ਤਿੰਨ

ਸਾਲ ਵਧਾਉਦੇਂ ਰਹੇ।ਅੰਤ੍ਰਿੰਗ ਕਮੇਟੀ ਨੇ ਕਦੇ ਇਹ ਵਿਚਾਰ ਹੀ ਨਹੀਂ ਕੀਤਾ ਕਿ ਕੰਪਿਊਟਰਾਈਜੇਸ਼ਨ ਆਫ ਅਕਾਉਂਟਸ਼ ਅਤੇ ਆਨਲਾਈਨ ਖਾਤੇ ਬਣਾਏ ਜਾ ਰਹੇ ਹਨ ਜਾਂ ਨਹੀਂ।ਗਰੀਬਾਂ ਦੀ ਮਾਇਆ ਨੂੰ ਲੁਟਾਉਣ ਵਿੱਚ ਪੂਰਾ ਜੋਰ ਲਗਾ ਕੇ ਰੱਖਿਆ।ਸਾਲ 2019 ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰ.ਸਤਿੰਦਰ ਸਿੰਘ ਕੋਹਲੀ ਨੂੰ ਬਿਨ੍ਹਾਂ ਉਸਦੇ ਕੰਮਾਂ ਨੂੰ ਵਿਚਾਰਦਿਆਂ ਪੰਜ ਸਾਲ ਦਾ ਵਾਧਾ ਵੀ ਦਿੱਤਾ ਅਤੇ 5% ਰਾਸ਼ੀ ਵੀ ਵਧਾ ਦਿੱਤੀ।ਹਵਾਲੇ ਲਈ ਅੰਤ੍ਰਿੰਗ ਕਮੇਟੀ ਦਾ ਫੈਸਲਾ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ :-

**ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 21/02/2019 ਦੇ ਮਤਾ ਨੰਬਰ 199 ਦੀ ਨਕਲ:-**

> *"ਸ੍ਰ.ਸਤਿੰਦਰ ਸਿੰਘ ਕੋਹਲੀ (ਐਸ.ਐਸ ਕੋਹਲੀ ਐਂਡ ਐਸੋਸੀਏਸਨ) ਐਸ.ਐਸ.ਓ 40-41 ਦੂਜੀ ਮੰਜਿਲ, ਸੈਕਟਰ 9-ਡੀ, ਚੰਡੀਗੜ੍ਹ ਵੱਲੋ ਕੀਤੀ ਦਰਖਾਸ਼ਤ ਦੇ ਅਧਾਰਪੁਰ ਇਹਨਾਂ ਦੀ ਫਰਮ ਦਾ ਸ੍ਰੋਮਣੀ ਗੁ: ਪ੍ਰ: ਕਮੇਟੀ ਪ੍ਰਿਟਿੰਗ ਪ੍ਰੈੱਸਾ ਅਤੇ ਗੁਰਦੁਆਰਾ ਸਾਹਿਬਾਨ ਸੈਕਸਨ 85 ਦਾ ਇੰਟਰਨਲ/ਪ੍ਰੀ ਆਡਿਟ ਕਰਨ ਲਈ ਨੀਯਤ ਸਮਾਂ ਮਿਤੀ 03-02-2019 ਨੂੰ ਅਤੇ ਸਮੂੰਹ ਵਿੱਦਿਅਕ ਅਦਾਰਿਆਂ ਦਾ ਸਟੈਚੁਰੀ ਆਡਿਟ ਮਿਤੀ 01-10-2019 ਨੂੰ ਖਤਮ ਹੋਣ ਕਾਰਨ ਇਹਨਾਂ ਦੀ ਸਮੁੱਚੀ ਫੀਸ (ਸ੍ਰੋ:ਗੁ: ਪ੍ਰਬੰਧਿਕ ਕਮੇਟੀ. ਪ੍ਰਿਟਿੰਗ ਪ੍ਰੈੱਸਾ ਅਤੇ ਗੁਰਦੁਆਰਾ ਸਾਹਿਬਾਨ ਸੈਕਸਨ 85, ਸਮੂੰਹ ਵਿਦਿਅਕ ਅਦਾਰਿਆ ਅਤੇ ਟੀ.ਡੀ.ਐਸ) ਵਿੱਚ 10% ਦਾ ਵਾਧਾ ਕਰਨ ਸੰਬੰਧੀ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸਪੁਰ ਕੀਤੀ ਆਗਿਆ ਅਨੁਸਾਰ ਦਫਤਰ ਵੱਲੋ ਜਾਰੀ ਪੱਤ੍ਰਿਕਾ ਨੰਬਰ 8054 ਮਿਤੀ 06-02-2019 ਦੀ ਪੁਸ਼ਟੀ ਦਾ ਮਾਮਲਾ, ਪੇਸ਼ ਹੋਣ 'ਤੇ ਦੀਰਘ ਵਿਚਾਰਾਂ ਉਪਰੰਤ ਸ੍ਰ.ਸਤਿੰਦਰ ਸਿੰਘ ਕੋਹਲੀ (ਐਸ.ਐਸ.ਕੋਹਲੀ ਐਂਡ ਐਸੋਸੀਏਟਸ) ਦੀ ਫਰਮ ਦੀ ਸਮੁੱਚੀ ਫੀਸ (ਸ੍ਰੋ:ਗੁ:ਪ੍ਰ: ਕਮੇਟੀ, ਪ੍ਰਿੰਟਿੰਗ ਪ੍ਰੈੱਸਾਂ ਅਤੇ ਗੁਰਦੁਆਰਾ ਸਾਹਿਬਾਨ ਸੈਕਸ਼ਨ 85, ਸਮੂੰਹ ਵਿਦਿਅਕ ਅਦਾਰਿਆਂ ਅਤੇ ਟੀ.ਡੀ.ਐਸ) ਵਿੱਚ ਕੇਵਲ 5% ਦਾ ਵਾਧਾ ਕਰਦਿਆਂ ਇਹਨਾਂ ਦੀ ਫਰਮ ਦੇ ਸਮੇ ਵਿੱਚ ਮਿਤੀ 04-02-2019 ਤੋਂ ਪਹਿਲਾਂ ਸ਼ਰਤਾਂ ਪਰ 05 ਸਾਲ ਦਾ ਹੋਰ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ"।*

ਇੱਥੇ ਜਿਕਰਯੋਗ ਹੈ ਕਿ ਟੈਂਡਰ ਡਾਕੂਮੈਂਟ ਅਨੁਸਾਰ ਚਾਰਟਡ ਅਕਾਂਊਟੈਂਟ ਨੂੰ ਹਫਤੇ ਵਿੱਚ ਦੋ-ਤਿੰਨ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਾਜ਼ਰ ਹੋਣਾ ਸੀ ਅਤੇ ਬਾਕੀ ਥਾਵਾਂ ਤੇ ਵੀ ਸਮੇਂ-ਸਮੇਂ ਅਨੁਸਾਰ ਜਾਣਾ ਸੀ।ਟੈਂਡਰ ਡਾਕੂਮੈਂਟ ਦੀ ਮੱਦ ਹਵਾਲੇ ਲਈ ਹੇਠਾਂ ਦਿੱਤੀ ਜਾਂਦੀ ਹੈ:-

"The proprietor/Main Partner should be able to devote full time to the audit. His presence would be required in Amritsar for at least 2-3 days in a week & also on other location from time to time. "

ਉਸ ਨੇ ਆਪਣੇ ਬਿਆਨ ਵਿਚ ਇਹ ਗੱਲ ਮੰਨੀ ਹੈ ਕਿ ਉਹ ਮਹੀਨੇ ਵਿਚ ਸਿਰਫ਼ 4 ਤੋਂ 5 ਵਾਰ ਆਉਂਦਾ ਹੈ।ਇਸ ਤੋਂ ਸਪੱਸ਼ਟ ਹੈ ਕਿ ਇਸ ਨੇ ਸਿਰਫ਼ 25 ਪ੍ਰਤੀਸ਼ਤ ਹੀ ਕੰਮ ਕੀਤਾ।

ਪੜਤਾਲ ਕਮਿਸ਼ਨ ਇਹ ਸਿਫਾਰਸ਼ ਕਰਦਾ ਹੈ ਕਿ ਘੱਟੋ-ਘੱਟ ਪਚੱਤ੍ਰਰ ਪ੍ਰਤੀਸ਼ਤ ਸ੍ਰ.ਸਤਿੰਦਰ ਸਿੰਘ ਚਾਰਟਰਡ ਅਕਾਉਟੈਂਟ ਨੂੰ ਅੱਜ ਤੱਕ ਦਿੱਤੀ ਮਾਇਆ ਵਾਪਿਸ ਲਈ ਜਾਵੇ ਅਤੇ ਸ੍ਰ.ਸਤਿੰਦਰ ਸਿੰਘ ਕੋਹਲੀ, ਚਾਰਟਰਡ ਆਕਉਟੈਂਟ ਨੂੰ ਰਿਪੋਰਟ ਜਾਰੀ ਹੋਣ ਤੇ ਹੀ ਕੰਮ ਤੋਂ ਹਟਾ ਦਿੱਤਾ ਜਾਵੇ।ਅੰਤ੍ਰਿੰਗ ਕਮੇਟੀ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ, ਜਿੰਨਾਂ ਦੀ ਹਾਜ਼ਰੀ ਵਿੱਚ ਸ੍ਰ.ਸਤਿੰਦਰ ਸਿੰਘ ਕੋਹਲੀ ਦੇ ਕਾਰਜਕਾਲ ਦੇ ਵਾਧੇ ਦੇ ਮਤੇ ਪਾਸ ਹੋਏ, ਉਹਨਾ ਸਾਰਿਆ ਨੂੰ ਜਿੰਮੇਵਾਰ ਮੰਨਦੀ ਹੈ, ਜਿਹਨਾਂ ਨੇ ਬਿਨ੍ਹਾਂ ਉਸਦੇ ਕੰਮ ਨੂੰ ਦੇਖਦਿਆਂ ਅਤੇ ਵਿਚਾਰਦਿਆਂ ਆਡਿਟ ਤੇ ਨਜ਼ਰੀਏ ਨਾਲ ਕਿ ਉਸਨੇ ਆੱਨ ਲਾਇਨ ਅਕਾਂਊਟ ਨਹੀ ਕੀਤੇ।ਜੇ ਪ੍ਰਿੰਟਿੰਗ ਪ੍ਰੈੱਸ ਦਾ ਕੰਮ ਆਨਲਾਈਨ ਹੋਇਆ ਹੁੰਦਾ ਅਤੇ ਆਡਿਟ ਸਹੀ ਤਰੀਕੇ ਨਾਲ ਕੀਤਾ ਹੁੰਦਾ ਤਾਂ ਸੰਗਤਾਂ ਦਾ ਪੈਸਾ ਇਸ ਤਰੀਕੇ ਨਾਲ ਗਬਨ ਨਾ ਹੁੰਦਾ ਅਤੇ ਪਾਵਨ ਸਰੂਪਾਂ ਦੀ ਬੇਅਦਬੀ ਨਾ ਹੋਈ ਹੁੰਦੀ।ਇਸ ਲਈ ਪੜਤਾਲ ਕਮਿਸ਼ਨ ਉਪਰੋਕਤ ਸਾਰਿਆ ਨੂੰ ਇਸ ਗੰਭੀਰ ਦੋਸ਼ ਦੇ ਭਾਗੀਦਾਰ ਮੰਨਦੀ ਹੈ ਕਿਉਕਿ ਉਹ ਸ੍ਰ. ਸਤਿੰਦਰ ਸਿੰਘ ਕੋਹਲੀ, ਚਾਰਟਰਡ ਅਕਾਉਟੈਂਟ ਤੋਂ ਪ੍ਰੈਸਾਂ ਦਾ ਕੰਮ ਆਨਲਾਈਨ ਨਹੀਂ ਕਰਵਾ ਸਕੀ।

## 13. ਪੜਤਾਲ ਕਮਿਸ਼ਨ ਵੱਲੋਂ ਦਿੱਤੇ ਗਏ ਸੁਝਾਅ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਅਤੇ ਸੰਗਤਾਂ ਤੱਕ ਮੁਹੱਈਆ ਕਰਵਾਉਣ ਦਾ ਅਦਾਰਾ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਾਗਤ ਜੋਤ ਸਰੂਪ ਜੁਗੋ ਜੁੱਗ ਅਟੱਲ ਇੱਕ ਬਹੁਤ ਹੀ ਸਤਿਕਾਰਯੋਗ ਹਸਤੀ ਸਿੱਖ ਧਰਮ ਵਿੱਚ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਬਦ ਗੁਰੂ ਦਾ ਘਰ ਬੰਨਿਆ ਅਤੇ ਪੰਚਮ ਪਾਤਸ਼ਾਹ ਜੀ ਨੇ ਬਾਣੀ ਇਕੱਤਰ ਕਰਕੇ ਪਾਵਨ ਸਰੂਪ ਬੰਨਿਆ।ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਨਾ ਹੋਈ ਜਿਸ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਾਰੇ ਪਾਵਨ ਸਰੂਪ ਦੁਬਾਰਾ ਭਾਈ ਮਨੀ ਸਿੰਘ ਜੀ ਪਾਸੋ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਦਰਜ ਕਰਵਾ ਕੇ ਸੰਪੂਰਨ ਕਰਵਾਇਆ।

ਇਸ ਪਾਵਨ ਸਰੂਪ ਨੂੰ ਸੰਨ 1708 ਨੂੰ ਗੁਰਪੁਰਬ ਵਾਲੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਤਾ ਗੱਦੀ ਬਖਸਿਸ਼ ਕੀਤੀ ਅਤੇ ਹੁਕਮ ਕੀਤਾ:

*ਆਗਿਆ ਭਈ ਅਕਾਲ ਕੀ, ਤਬੈ ਚਲਾਇਉ ਪੰਥ।*

*ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*

239 ਸਾਲ ਸਬਦ ਗੁਰੂ ਤੋਂ ਬਾਣੀ ਗੁਰੂ ਦਾ ਸੰਪੂਰਨ ਸਰੂਪ ਸੰਸਾਰ ਵਿੱਚ ਪ੍ਰਗਟ ਕਰਦਿਆਂ ਦਸਵੇਂ ਪਾਤਸ਼ਾਹ ਨੇ ਜੁਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦਾ ਪ੍ਰਕਾਸ਼ ਕੀਤਾ।ਜੋ ਕਿ ਸਿੱਖ ਵਾਸਤੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਤੋਂ ਲੈ ਕੇ ਰਹਿੰਦੀ ਦੁਨੀਆਂ ਤੱਕ ਸਬਦ ਹੀ ਗੁਰੂ ਰਹੇਗਾ, ਬਾਣੀ ਹੀ ਗੁਰੂ ਰਹੇਗੀ।

*ਗੁਰੁ ਗੁਰੁ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥*

*ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥*

*ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ ਰਹਾਉ॥*

(ਗੋਂਡ ਮਹਲਾ 5) ਪੰਨਾ ਨੰਬਰ 864

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀ ਮਹੱਤਤਾ, ਦਸਾਂ ਪਾਤਸਾਹੀਆਂ ਨੇ ਇਸ ਜਗਤ ਵਿੱਚ ਸਥਾਪਿਤ ਕੀਤੀ। ਜਿਸ ਨੂੰ ਸਿੱਖਣ ਵਾਸਤੇ ਇਨਸਾਨ ਸਿੱਖ ਬਣ ਕੇ, ਸਬਦ ਗੁਰੂ ਨੂੰ ਸਤਿਕਾਰ ਦਿੰਦਾ ਹੈ ਅਤੇ ਆਪਣਾ ਸਮਝਦਾ ਹੈ।

ਇਸ ਗੁਰਬਾਣੀ ਦੇ ਸਰੂਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਆਕਾਰ ਨੂੰ ਛਾਪ ਕੇ ਸੰਗਤਾ ਵਿੱਚ ਪਹੁੰਚਾਉਣ ਵਾਸਤੇ, ਕੇਵਲ ਤੇ ਕੇਵਲ ਐਸ.ਜੀ.ਪੀ.ਸੀ. ਦੀ ਜੋ ਸੰਸਥਾ ਸੰਨ 1925 ਤੋਂ ਇਹ ਸੇਵਾ ਸੰਭਾਲ ਰਹੀ ਹੈ, ਕੇਵਲ ਇਹ ਹੀ ਸੰਸਥਾ ਹੈ, ਜੋ ਸੰਨ 2008 ਦੇ ਐਕਟ ਅਨੁਸਾਰ "ਦੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008" ਐਸ.ਜੀ.ਪੀ.ਸੀ ਨੇ ਪੰਜਾਬ ਵਿਧਾਨ ਸਭਾ ਵਿੱਚ ਸਤਿਕਾਰ ਵਜੋਂ ਪਾਸ ਕਰਵਾਇਆ ਅਤੇ ਸਿੱਖ ਰਹਿਤ ਮਰਿਯਾਦਾ ਅਨੁਸਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦਾ ਸਰਬ ਉੱਚ ਸਤਿਕਾਰ ਹੈ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨ੍ਹਾਂ ਹੋਰ ਕਿਸੇ ਨੂੰ ਗੁਰੂ ਨਾ ਮੰਨਦਾ ਹੈ ਅਤੇ ਨਾ ਹੀ ਜਾਣਦਾ ਹੈ।

## 13.1 ਪਬਲੀਕੇਸ਼ਨ ਅਤੇ ਪ੍ਰਿੰਟਿੰਗ ਦੀ ਬਿਲਡਿੰਗ ਕਿਸ ਤਰਾਂ ਦੀ ਹੋਵੇ?

ਪਾਵਨ ਸਰੂਪਾਂ ਦੀ ਛਪਾਈ ਇਕ ਵੱਖਰੀ ਸ਼ਾਨਦਾਰ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਬਿਲਡਿੰਗ ਵਿਚ ਹੋਣੀ ਚਾਹੀਦੀ ਹੈ ਪਾਵਨ ਸਰੂਪਾਂ ਦੀ ਛਪਾਈ ਲਈ ਅਲੱਗ ਬਿਲਡਿੰਗ, ਜਿਸ ਨੂੰ ਪੂਰੀ ਤਰ੍ਹਾਂ ਚਾਰ ਦਿਵਾਰੀ ਕਰਕੇ ਪੂਰੇ ਸੁਰੱਖਿਆ ਪ੍ਰਬੰਧ ਨੂੰ ਧਿਆਨ ਵਿੱਚ ਰੱਖਿਆ ਜਾਵੇ। ਛਪਾਈ ਅਤੇ ਵੰਡ ਦਾ ਨਿਯੰਤਰਣ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅੰਮ੍ਰਿਤਸਰ ਵਿਖੇ ਯੋਗ ਪ੍ਰਬੰਧਕ ਦੇ ਅਧੀਨ ਹੋਣਾ ਚਾਹੀਦਾ ਹੈ। ਬਿਲਡਿੰਗ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ ਜਾਣਾ ਚਾਹੀਦਾ ਹੈ। ਪਹਿਲੇ ਵਿਭਾਗ ਵਿੱਚ ਪੇਪਰ ਪ੍ਰਾਪਤ ਕਰਕੇ ਅੰਗ ਪ੍ਰਿੰਟ ਕੀਤੇ ਜਾਣੇ ਚਾਹੀਦੇ ਹਨ, ਦੂਜੇ ਵਿਭਾਗ ਵਿੱਚ ਜਿਲਦਬੰਦੀ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ ਅਤੇ ਤੀਜੇ ਭਾਗ ਵਿੱਚ ਪਾਵਨ ਸਰੂਪ ਦੀ ਵੰਡ ਪ੍ਰਣਾਲੀ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ। ਹਰ ਵਿਭਾਗ ਦਾ ਰਿਕਾਰਡ ਕੰਪਿਊਟਰਾਈਜ਼ਡ ਕੀਤਾ ਜਾਣਾ ਚਾਹੀਦਾ ਹੈ।

## 13.2 ਪਾਵਨ ਸਰੂਪਾਂ ਦੀ ਛਪਾਈ ਅਤੇ ਜਿਲਦਬੰਦੀ

ਪੜਤਾਲ ਕਮਿਸ਼ਨ ਵੱਲੋਂ ਸੁਝਾਅ ਦਿੱਤਾ ਜਾਂਦਾ ਹੈ

1. ਪ੍ਰੈੱਸ ਵਿੱਚ ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਮੰਗ ਆਵੇ, ਉਸਦੇ ਲਈ ਪੇਪਰ ਖਰੀਦਣ ਵਾਸਤੇ ਵੇਸਟੇਜ਼ ਪਾ ਕੇ ਜਦੋਂ ਆਰਡਰ ਦਿੱਤਾ ਜਾਂਦਾ ਹੈ, ਜਾਂ ਪੇਪਰਾਂ ਦੇ ਟੈਂਡਰ ਕੱਢੇ ਜਾਂਦੇ ਹਨ ਤਾਂ ਚੰਗੀ ਤੋਂ ਚੰਗੀ ਮਿੱਲ ਤੋਂ ਵਧੀਆ ਤੋਂ ਵਧੀਆ ਕਵਾਲਿਟੀ ਦਾ ਪੇਪਰ

ਖਰੀਦਿਆ ਜਾਣਾ ਚਾਹੀਦਾ ਹੈ।ਇਸ ਪੇਪਰ ਨੂੰ ਖਰੀਦਣ ਵਾਸਤੇ ਇਮਾਨਦਾਰ ਪ੍ਰਬੰਧਕਾਂ ਦੀ ਸਬ-ਕਮੇਟੀ ਹੋਣੀ ਚਾਹੀਦੀ ਹੈ, ਇੰਟਰਨਲ ਆਡੀਟਰ (ਸੀ.ਏ.) ਦੀ ਸ਼ਮੂਲੀਅਤ ਨਹੀਂ ਹੋਣੀ ਚਾਹੀਦੀ, ਤਾਂਕਿ ਇਸ ਪਵਿੱਤਰ ਕਾਰਜ ਵਿੱਚੋ ਕਿਸੇ ਨੂੰ ਵੀ ਬੇਈਮਾਨੀ ਦਾ ਮੌਕਾ ਨਾ ਮਿਲੇ।

2. ਏਜੰਟਾਂ ਤੋਂ ਪੇਪਰ ਲੈਣ ਨਾਲੋਂ ਸਿੱਧਾ ਮਿੱਲ ਤੋਂ ਪੇਪਰ ਖਰੀਦਣਾ ਵਧੇਰੇ ਫਾਇਦੇਮੰਦ ਹੋਵੇਗਾ।
3. ਪ੍ਰਿੰਟਿੰਗ ਪ੍ਰੈੱਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਲਈ ਜਦੋਂ ਵੀ ਸਿਆਹੀ ਖਰੀਦੀ ਜਾਂਦੀ ਹੈ, ਉਦੋਂ ਸੰਗਠਤ ਕਮੇਟੀ ਦੇ ਵਿੱਚ ਆਡੀਟਰ ਦਾ ਕੋਈ ਵੀ ਬੰਦਾ ਸਹਿਯੋਗੀ ਨਹੀ ਹੋਣਾ ਚਾਹਿੰਦਾ ਹੈ।
4. ਸਟੋਰ ਮੈਨੇਜਰ ਇਸਤਰਾਂ ਹੀ ਸਿਆਹੀ ਦੀ ਮਾਤਰਾ ਰਿਕਾਰਡ ਵਿੱਚ ਮੇਨਟੇਨ ਕਰੇ ਜਿਵੇਂ ਵਧੀਕ ਅੰਗਾਂ ਤੇ ਜਮ੍ਹਾ ਖਰਚ ਰਿਕਾਰਡ ਕਰਦਾ ਹੈ, ਕਿਉਕਿ ਸਿਆਹੀ ਨੂੰ ਖਰੀਦਣ ਲਗਿਆਂ, ਵਸੇਟੇਜ ਪਾਵਨ ਸਰੂਪਾਂ ਦੇ ਪੇਪਰਾਂ ਦੇ ਨਾਲ ਨਾਲ ਵਧੇਰੀ ਮਾਤਰਾ ਵਿਚ ਖਰੀਦੀ ਜਾਂਦੀ ਹੈ।
5. ਜਿੰਨ੍ਹਾਂ ਪੇਪਰ ਵਾਧੂ ਪ੍ਰਤੀਸ਼ਤ ਪਾ ਕੇ ਲਿਆ ਜਾਵੇ, ਉਸਦਾ ਸਾਫ ਸਾਫ ਰਿਕਾਰਡ ਰੱਖਣਾ ਚਾਹੀਦਾ ਹੈ।
6. ਜੋ ਪੇਪਰ ਪਾਵਨ ਸਰੂਪਾਂ ਦੀ ਪ੍ਰਿੰਟਿੰਗ ਵਾਸਤੇ ਦਿੱਤਾ ਜਾਵੇ, ਉੱਸ ਵਿੱਚ ਵਧੇਰੇ ਅੰਗ ਆਉਂਦੇ ਹਨ, ਇਹਨਾਂ ਵਧੇਰੇ ਅੰਗਾਂ ਦੀ ਗਿਣਤੀ ਕਰਦਿਆਂ ਹੋਇਆ, ਹਿਸਾਬ ਰਖਿਆ ਜਾਵੇ ਅਤੇ ਜਿਵੇਂ ਹੀ ਪੇਪਰ ਪ੍ਰਿੰਟਿੰਗ ਕਰਦਿਆਂ ਪ੍ਰੈੱਸ ਤੋਂ ਦੂਜੇ ਪਾਸੇ ਬਾਹਰ ਆ ਜਾਵੇ, ਉਸ ਸਮੇਂ ਖਰਾਬ ਹੋਏ ਵਧੇਰੇ ਅੰਗ ਇਕੱਠੇ ਕੀਤੇ ਜਾਣ, ਕਾਊਂਟ ਕੀਤੇ ਜਾਣ ਅਤੇ ਇਹ ਅੰਗ ਸਟੋਰ ਵਿੱਚ ਸੰਭਾਲ ਕੇ ਰਖੀ ਜਾਵੇ ਤਾਂ ਜੋ ਇਸਦਾ ਸਤਿਕਾਰ ਸਹਿਤ ਸੰਭਾਲਿਆ / ਸੰਸਕਾਰ ਹੋ ਸਕੇ।
7. ਜਿਹੜੇ ਵਧੀਕ ਅੰਗ ਪਾਵਨ ਸਰੂਪਾਂ ਦੇ ਫਰਮਿਆਂ ਵਜੋਂ ਜਿਲਦਬੰਦੀ ਵਿਭਾਗ ਨੂੰ ਦਿੱਤੇ ਜਾਂਦੇ ਹਨ, ਉਹਨਾਂ ਦੀ, ਪੂਰੀ ਪੂਰੀ ਗਿਣਤੀ ਹੋਵੇ ਤਾਂ ਜੋ ਇਸਦਾ ਹਿਸਾਬ ਰੱਖਿਆ ਜਾ ਸਕੇ ਕਿ ਕਿਸ ਫਰਮੇ ਦੇ ਅੰਗ ਵਾਧੂ ਦਿੱਤੇ ਜਾ ਰਹੇ ਹਨ ਅਤੇ ਇਸ ਦਾ ਹਿਸਾਬ ਕਿਤਾਬ, ਜਿਲਦ ਸਾਜ਼ਾਂ ਵੱਲੋਂ ਜਿਲਦਬੰਦੀ ਕਰਦੇ ਸਮੇਂ ਅਤੇ ਦਰਸ਼ਨ ਵਿਚਾਰ ਕਰਵਾਉਣ ਉਪਰੰਤ ਜੋ ਵਾਧੂ ਅੰਗ ਲੱਗੇ ਹਨ, ਉਹਨਾਂ ਦੀ ਗਿਣਤੀ ਸਹਿਤ ਲੈਜ਼ਰ ਵਿਚ ਐਂਟਰੀ ਕੀਤੀ ਜਾਵੇ।ਜਿਸ ਵੀ ਫਰਮੇਂ ਦੇ ਵਾਧੂ ਅੰਗ ਬਚੇ ਹਨ, ਉੱਸ ਫਰਮੇਂ ਦਾ ਨੰਬਰ ਲਿਖ ਕੇ ਰਜਿਸਟਰ ਵਿੱਚ ਦਰਜ ਕੀਤਾ ਜਾਵੇ, ਤਾਂ ਕਿ ਅਗਲੇ ਪਾਵਨ ਸਰੂਪ ਦੇ ਲਾਟ ਦੀ ਛਪਾਈ ਵਿੱਚ ਉਹਨਾਂ ਅੰਗਾਂ ਦੀ ਵਰਤੋਂ ਕਰਕੇ ਅਤੇ ਲੋੜੀਂਦੇ ਅੰਗ ਛਪਾ ਕੇ ਪਾਵਨ ਸਰੂਪਾਂ ਦੀ ਬੀੜ ਪੂਰੀ ਕੀਤੀ ਜਾ ਸਕੇ।ਇਸ ਤਰ੍ਹਾਂ ਵਧੀਕ ਅੰਗਾਂ ਦਾ

ਹਿਸਾਬ ਕਿਤਾਬ ਰੱਖਿਆ ਜਾਵੇ ਅਤੇ ਸਤਿਕਾਰ ਸਹਿਤ ਪਾਵਨ ਸਰੂਪਾਂ ਦੀ ਬੀੜ ਤਿਆਰ ਹੋਵੇ ਅਤੇ ਇੱਕ ਵੀ ਅੰਗ ਬੇਕਾਰ ਨਾ ਜਾਵੇ, ਐਸੀ ਸਖ਼ਤ ਹਦਾਇਤ ਵਧੇਰੇ ਅੰਗਾਂ ਦੇ ਬਾਰੇ, ਅੰਤ੍ਰਿੰਗ ਕਮੇਟੀ ਵੱਲੋਂ ਲਿਖਤ ਰੂਪ ਵਿੱਚ ਪ੍ਰਿੰਟਿੰਗ ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਨੂੰ ਦਿੱਤੀ ਜਾਵੇ, ਜਿਸਦੇ ਜ਼ਿੰਮੇਦਾਰ ਉਥੋਂ ਦੇ ਮੀਤ ਸਕੱਤਰ ਹੋਣਗੇ ਜੋ ਕਿ ਹਰ ਮਹੀਨੇ ਇਹਨਾਂ ਵਧੇਰੇ ਅੰਗਾਂ ਬਾਰੇ ਜਾਣਕਾਰੀ ਆਪਣੇ ਉੱਚ ਅਧਿਕਾਰੀ, ਮੁੱਖ ਸਕੱਤਰ ਤੱਕ ਪਹੁੰਚਾਣ ਦੇ ਜ਼ਿੰਮੇਵਾਰ ਹੋਣਗੇ।

8. ਉਪਰੋਕਤ ਲੜੀ ਨੰ: 07 ਦੀ ਜਾਣਕਾਰੀ ਤੋਂ ਮੁੱਖ ਸਕੱਤਰ ਹਰ ਮਹੀਨੇ ਜਾਣੂ ਰਹਿਣਗੇ।ਯਾਨੀ ਕਿ ਹਰ ਮਹੀਨੇ ਇੱਕ ਵਿਸ਼ੇਸ਼ ਦਿਨ ਤੇ ਮੁੱਖ ਸਕੱਤਰ ਉਪਰੋਕਤ ਜਾਣਕਾਰੀ ਨੂੰ ਪ੍ਰਾਪਤ ਕਰਦੇ ਰਹਿਣਗੇ ਅਤੇ ਸਬੰਧਿਤ ਵਿਭਾਗਾਂ ਦੇ ਖ਼ੀਦ ਤੋਂ ਲੈਕੇ ਇਸਤੇਮਾਲ ਤੱਕ (ਪਾਵਨ ਸਰੂਪਾਂ ਦੀ ਜਿਲਦ ਸਾਜਣਾ, ਵੇਸਟ ਤੇ ਵਾਧੂ ਅੰਗਾਂ ਦੀ ਦਿਤੀ ਹੋਈ ਗਿਣਤੀ ਨਾਲ ਮੇਲ ਖਾਂਦੀ ਹੋਵੇ)।ਕਿਸੇ ਵੀ ਪ੍ਰਕਾਰ ਦੀ ਢਿੱਲ ਨਹੀਂ ਵਰਤਣਗੇ।

9. ਪਾਵਨ ਸਰੂਪਾਂ ਦੀ ਪ੍ਰਿੰਟਿੰਗ ਦੌਰਾਨ ਲੋੜਵੰਦ ਵਧੇਰੇ ਅੰਗ ਆਉਣ ਤੋਂ ਬਾਅਦ ਬਚੇ ਹੋਏ ਪ੍ਰਿੰਟ ਨਾ ਕੀਤੇ ਹੋਏ ਵਾਧੂ ਅੰਗ ਸਟੋਰ ਵਿੱਚ ਵਾਪਸ ਜਮ੍ਹਾਂ ਕਰਵਾਏ ਜਾਣ, ਜਿਹਨਾਂ ਦੀ ਗਿਣਤੀ, ਸਟੋਰ ਲੈਜ਼ਰ ਵਿੱਚ, ਤਰੀਕ ਅਨੁਸਾਰ, ਇਹ ਪੇਪਰ ਕਿਸ ਲਾਟ ਦੇ ਪਾਵਨ ਸਰੂਪਾਂ ਨੂੰ ਬਣਾਉਣ ਲਗਿਆਂ ਖਰੀਦੇ ਗਏ, ਇਸ ਦੀ ਜਾਣਕਾਰੀ ਪੂਰੀ ਰਖੀ ਜਾਵੇ।

10. ਪਬਲੀਕੇਸ਼ਨ ਸਕੱਤਰ ਦੇ ਧਿਆਨ ਦੇਣ ਜੋਗ ਗੱਲ ਇਹ ਹੈ ਕਿ ਇਹਨਾਂ ਬਚੇ ਹੋਏ, ਜਮ੍ਹਾਂ ਕੀਤੇ ਵਧੀਕ ਅੰਗ ਸਟੋਰ ਵਿੱਚ ਦੁਬਾਰਾ ਦਫਤਰ ਤੋਂ ਉਹਨਾਂ ਅੰਗਾਂ ਦੇ ਪੈਸੇ ਵਸੂਲੇ/ਕਲੇਮ ਨਾ ਕੀਤੇ ਜਾਣ।

11. ਪ੍ਰਿੰਟਿੰਗ ਪ੍ਰੈੱਸ ਦੇ ਮੈਨੇਜਰ ਇਹ ਚੈੱਕ ਕਰਨ ਕਿ, ਸਟੋਰ ਵਿਚ ਪਏ ਵਧੇਰੇ ਅੰਗਾਂ ਤੋ ਕਿੰਨੇ ਗੁਟਕੇ ਸਾਹਿਬ ਸੈਂਚੀਆਂ, ਸ਼ਬਦਾਰਥ ਅਤੇ ਗੁਰਮਤਿ ਲਿਟਰੇਚਰ, ਜਾਂ ਪਾਵਨ ਸਰੂਪ ਬਣਾਏ ਅਤੇ ਫੇਰ ਤੋਂ ਦਫ਼ਤਰ ਤੋਂ ਕਲੇਮ ਤਾਂ ਨਹੀ ਕੀਤਾ।

12. ਪ੍ਰੈੱਸ ਸਿਰਫ ਦਫਤਰੀ ਆਰਡਰ ਅਨੁਸਾਰ ਹੀ ਪਾਵਨ ਸਰੂਪ ਪ੍ਰਿੰਟ ਕਰੇ ਤੇ ਦਫਤਰੀ ਆਰਡਰ ਵਿੱਚ ਸਪੱਸ਼ਟ ਹੋਵੇ ਕਿ ਕਿੰਨੇ ਅੰਗ ਛਪਾਈ ਵੇਲੇ ਵਾਧੂ ਛਾਪਣੇ ਹਨ।

13. ਪਾਵਨ ਸਰੂਪਾਂ ਦੀ ਛਪਾਈ ਦੌਰਾਨ ਇੱਕ ਤਾਂ ਪਾਵਨ ਸਰੂਪ ਦੇ ਹਰ ਅੰਗ ਤੇ "ਵਾਟਰ ਮਾਰਕ" ਜਾਂ ਕੋਡ ਹੋਣਾ ਚਾਹੀਦਾ ਹੈ, ਜੋ ਕਿ ਆਮ ਨਾ ਦਿਖਾਈ ਦੇਵੇ, ਰੌਸ਼ਨੀ ਵਿੱਚ ਵਿਸੇਸ਼ ਤੌਰ ਤੇ ਪਾਵਨ ਸਰੂਪ ਦੇ ਅੰਗਾਂ ਵਿੱਚੋਂ ਦੇਖਿਆ ਜਾ ਸਕੇ।

14.ਜਿੰਨੇ ਵੀ ਪ੍ਰੈੱਸ ਕੋਲ ਵਧੀਕ ਅੰਗ ਹੋਣ ਉਸ ਦਾ ਇੱਕ ਲੈਜ਼ਰ ਆਕਾਰ ਵਾਈਜ਼ ਬਣਾਇਆ ਜਾਵੇ, ਜਿਸ ਵਿੱਚ ਵਧੀਕ ਅੰਗਾਂ ਦੇ ਛਪਣ ਤੇ ਪ੍ਰਾਪਤ ਕਰਨ ਦਾ ਅਤੇ ਜਿਲਦਬੰਦੀ ਵਿਭਾਗ ਨੂੰ ਦੇਣ ਦਾ ਰਿਕਾਰਡ ਰੱਖਿਆ ਜਾਵੇ।

15.ਜਿਹੜੇ ਪਾਵਨ ਸਰੂਪਾਂ ਦੀ ਛਪਾਈ ਦੇ ਸਮੇ ਅੰਗ ਸਿਆਹੀ ਨਾਲ ਖਰਾਬ ਹੋ ਜਾਣ ਜਾਂ ਪ੍ਰਿੰਟਿੰਗ ਦੌਰਾਨ ਖਰਾਬ ਹੋ ਜਾਣ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਖਰਾਬ ਹੋ ਜਾਣ ਤਾਂ ਮਰਿਯਾਦਾ ਅਨੁਸਾਰ ਅਗਨ ਭੇਂਟ ਕਰਨ ਵਾਲੇ ਵਿਭਾਗ ਨੂੰ ਭੇਜੇ ਜਾਣ, ਉਹਨਾਂ ਦੀ ਗਿਣਤੀ ਹੋਵੇ, ਉਹਨਾਂ ਦਾ ਸਪੱਸ਼ਟ ਰਿਕਾਰਡ ਲੈਜ਼ਰਾਂ ਵਿੱਚ ਰੱਖਿਆ ਜਾਵੇ ਅਤੇ ਰਿਕਾਰਡ ਕੀਪਰ ਇਸਦਾ ਜਵਾਬਦੇਹ ਰਹੇ।

16.ਕੋਈ ਵੀ ਐਂਟਰੀ ਪੈਂਸਿਲ ਨਾਲ ਨਾ ਕੀਤੀ ਜਾਵੇ ਅਤੇ ਵਧੀਕ ਅੰਗਾਂ ਦੇ ਰਿਕਾਰਡ ਦੀ ਵਾਸਤਵਿਕ ਤਸਦੀਕ ਹਰ ਮਹੀਨੇ ਦੇ ਅਖੀਰ ਵਿੱਚ ਮੈਨੇਜਰ ਪਬਲੀਕੇਸ਼ਨ ਵਿਭਾਗ ਵੱਲੋਂ ਕੀਤੀ ਜਾਵੇ ਅਤੇ ਉਸ ਦੀ ਰਿਪੋਰਟ ਮੁੱਖ ਸਕੱਤਰ ਨੂੰ ਭੇਜੀ ਜਾਵੇ।

17.ਜਿਲਦਬੰਦੀ ਵਿਭਾਗ ਵਿੱਚ ਸ਼੍ਰੋ:ਗੁ:ਪ੍ਰ: ਕਮੇਟੀ ਦੇ ਮੁਲਾਜ਼ਮ ਹੋਣੇ ਚਾਹੀਦੇ ਹਨ, ਜੋ ਕਿ ਕਮੇਟੀ ਦੇ ਪ੍ਰਬੰਧਕੀ ਢਾਂਚੇ ਅਤੇ ਸਰਵਿਸ ਰੂਲਜ਼ ਤੇ ਪ੍ਰਬੰਧਕੀ ਸਕੀਮ ਦੇ ਅਨੁਸਾਰ ਡਿਊਟੀ ਨਿਭਾਉਦੇ ਹੋਣ, ਜੋ ਕਿ ਜਵਾਬਦੇਹ ਹੋਣ।

18.ਜਿਲਦਬੰਦੀ ਵਿਭਾਗ ਦੇ ਮੁਲਾਜ਼ਮਾ ਨੂੰ ਜਿਲਦਸਾਜ਼ੀ ਦੀ ਚੰਗੀ ਤਰ੍ਹਾਂ ਟਰੇਨਿੰਗ ਦਿੱਤੀ ਜਾਵੇ ਅਤੇ ਰਹਿਤ ਮਰਿਯਾਦਾ ਦੀ ਇਹਨਾਂ ਦੀ ਮਹੀਨੇ ਵਿੱਚ ਇੱਕ ਵਾਰ ਕਲਾਸ ਹੋਣੀ ਬਹੁਤ ਜਰੂਰੀ ਹੈ, ਤਾਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪੂਰਨ ਤੌਰ ਤੇ ਆਦਰ ਸਤਿਕਾਰ ਦੀ ਮਹੱਤਤਾ ਬਣੀ ਰਹੇ।

19.ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਜਿਲਦ ਸਾਜ਼ਾਂ ਦੇ ਸੈਕਸ਼ਨ (ਬਲੌਕ/ਹਾਲ) ਨੂੰ ਲੋਡ ਅਨੁਸਾਰ ਸਵਾਰਿਆ ਜਾਵੇ।ਪਾਵਨ ਸਰੂਪਾਂ ਦੇ ਅੰਗਾਂ ਨੂੰ ਬਿਰਾਜਮਾਨ ਕਰਨ ਵਾਸਤੇ ਪਲੰਘ/ਰੈੱਕ ਵਧੀਆ ਬਣਾਏ ਜਾਣ, ਜੋ ਲੱਕੜ ਜਾਂ ਸਟੀਲ ਦੇ ਹੋਣ, ਲੋਹੇ ਦੇ ਨਹੀਂ (ਕਿਉ ਕੇ ਜੰਗ ਲਗਨ ਦਾ ਅੰਦੇਸ਼ਾ ਰਹਿੰਦਾ ਹੈ) ਅਤੇ ਇਸਦਾ ਆਕਾਰ ਵੀ ਪਾਵਨ ਸਰੂਪ ਦੇ *ਅੰਗਾਂ* ਨਾਲੋਂ 6''-6'' ਇੰਚ ਚੌੜਾ ਹੋਣਾ ਚਾਹੀਦਾ ਹੈ।ਹਰ ਰੈਕ ਦੇ ਉਪਰ ਚਿੱਟੇ ਰੁਮਾਲੇ ਮੁਹੱਈਆ ਕਰਵਾਉਣੇ ਚਾਹੀਦੇ ਹਨ, ਜੋ ਕਿ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਧੋਤੇ ਜਾਣੇ ਚਾਹੀਦੇ ਹਨ।

20. ਏਥੇ ਜਿਲਦਸਾਜ਼ ਪਾਵਨ ਸਰੂਪਾਂ ਦੇ ਅੰਗ ਪ੍ਰਿੰਟਿੰਗ ਪ੍ਰੈੱਸ ਤੋਂ ਲੈਕੇ ਆਉਣ ਲੱਗਿਆਂ ਇਹ ਧਿਆਨ ਰੱਖਣ ਕਿ ਇਹ ਰਿਕਾਰਡ ਲੈਜ਼ਰ ਵਿੱਚ ਦਰਜ ਕੀਤਾ ਜਾਵੇ ਕਿ ਪਾਵਨ ਸਰੂਪਾਂ ਦੇ ਕਿਹੜੇ ਫਰਮੇ ਦੇ ਕਿੰਨੇ ਅੰਗ ਲੈਕੇ ਆਏ ਹਨ ਅਤੇ ਕਿੰਨੇ ਵਧੇਰੇ ਅੰਗ ਉਹਨਾਂ ਨੇ ਪ੍ਰਾਪਤ ਕੀਤੇ ਹਨ। ਇਸ ਰਿਕਾਰਡ ਉੱਪਰ ਮਿਤੀ ਪਾਈ ਜਾਵੇ ਅਤੇ ਦਸਤਖਤ ਕਰਦਿਆਂ ਪੂਰਾ ਨਾਮ ਮਿਤੀ ਦੇ ਨਾਲ ਹੀ ਪਾਇਆ ਜਾਵੇ। ਇਸ ਲੈਜ਼ਰ ਵਿੱਚ ਪਾਵਨ ਸਰੂਪਾਂ ਦੀ ਗਿਣਤੀ ਦਾ ਆਰਡਰ ਸਮੇਤ ਨੰਬਰ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਜਿਲਦ ਸਾਜ਼ਾਂ ਦੇ ਆਪਣੇ ਪਾਸ ਇੱਕ ਲੈਜ਼ਰ ਉਪਰ ਮਤਿਆਂ ਨੂੰ ਦਰਜ ਕਰਦਿਆਂ ਹੋਇਆ, ਲੈਜ਼ਰ ਵਿੱਚ "ਪ੍ਰਾਪਤ ਕੀਤੇ ਫਰਮੇਂ" ਦੀ ਐਂਟਰੀ ਪਾਉਣੀ ਚਾਹੀਦੀ ਹੈ ਅਤੇ ਦੂਸਰੇ ਲੈਜ਼ਰ ਵਿੱਚ ਜਦੋਂ ਪਾਵਨ ਸਰੂਪਾ ਦੀ ਜਿਲਦਬੰਦੀ ਪੂਰੀ ਹੋ ਜਾਵੇ, ਉਹਨਾਂ ਪਾਵਨ ਸਰੂਪਾ ਨੂੰ ਦਰਸ਼ਨ ਵਿਚਾਰ ਵਾਸਤੇ ਭੇਜਣ ਲੱਗਿਆਂ, ਕਿੰਨੇ ਸਰੂਪ ਮੁੱਖ ਗ੍ਰੰਥੀ ਨੂੰ ਦਿੱਤੇ, ਉਹ ਦਰਜ ਹੋਣੇ ਚਾਹੀਦੇ ਹਨ। ਮਿਤੀ, ਪਾਵਨ ਸਰੂਪਾਂ ਦੀ ਗਿਣਤੀ ਅਤੇ ਸੀਰੀਅਲ ਨੰਬਰ ਦੇ ਨਾਲ ਦਸਤਖਤ ਵੀ ਪੂਰੇ ਨਾਮ ਦੇ ਨਾਲ ਹੋਣੇ ਚਾਹੀਦੇ ਹਨ।

21. ਪਾਵਨ ਸਰੂਪਾਂ ਦੀ ਜਿਲਦਸਾਜ਼ਾਂ ਵੱਲੋਂ ਜਦੋਂ ਜਿਲਦਬੰਦੀ ਹੋਵੇ ਉਹ ਸਾਰੀ ਜਿਲਦਬੰਦੀ ਦੀ ਪ੍ਰਕਿਰਿਆ ਸਤਿਕਾਰ ਸਹਿਤ ਇੱਕ ਵੱਖਰੀ ਵੀਡੀਉ ਰਿਕਾਰਡਿੰਗ ਲਈ ਡੀ.ਵੀ.ਆਰ. ਫਿੱਟ ਹੋਵੇ, ਜਿਸਨੂੰ ਕੇਵਲ ਪਬਲੀਕੇਸ਼ਨ ਸਕੱਤਰ ਆਪਣੇ ਦਫਤਰ ਵਿਚ ਵਾਚੇ, ਤਾਂ ਕਿ ਮੌਕੇ ਤੇ ਕਿਸੇ ਵੀ ਪ੍ਰਕਾਰ ਦੀ ਬੇਅਦਬੀ ਜਾਂ ਉਲੰਘਣਾ ਹੁੰਦੀ ਹੋਵੇ, ਤਾਂ ਉਸਨੂੰ ਰੋਕਿਆ ਜਾ ਸਕੇ।

22. ਜੋ ਵੀ ਵਧੇਰੇ ਅੰਗ ਖਰੀਦਣ ਤੋਂ ਲੈਕੇ ਆਖਰੀ ਵਿੱਚ ਜਿਲਦਬੰਦੀ ਵਿਭਾਗ ਤੱਕ ਪਹੁੰਚਦੇ ਹਨ, ਉਹਨਾਂ ਦਾ ਬੈਲੇਂਸ ਟੈਲੀ ਹੋਣਾ ਚਾਹੀਦਾ ਹੈ ਕਿ ਕਿੰਨਾ ਪੇਪਰ ਵਾਧੂ ਪ੍ਰਤੀਸ਼ਤ ਖਰੀਦਿਆ ਗਿਆ, ਕਿੰਨਾ ਇਸਤੇਮਾਲ ਹੋ ਗਿਆ ਅਤੇ ਕਿੰਨੇ ਅੰਗ ਬਚੇ ਹੋਏ ਹਨ ਤਾਂ ਕਿ ਵਧੇਰੇ ਅੰਗਾਂ ਦਾ ਅਕਾਊਂਟ ਕਲੀਅਰ ਅਤੇ ਸਪੱਸ਼ਟ ਤਰੀਕੇ ਨਾਲ ਦੇਖਿਆ ਅਤੇ ਸਮਝਿਆ ਜਾ ਸਕੇ।

23. ਪਾਵਨ ਸਰੂਪ ਦੇ ਕਿਸੇ ਵੀ ਲਾਟ ਨੂੰ ਛਾਪਦਿਆਂ ਹੋਇਆਂ ਅਦਬ ਅਤੇ ਸਤਿਕਾਰ ਪ੍ਰੈੱਸ ਵਿੱਚ:

24. ਹਰ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪਾਵਨ ਹੈ, ਕਿਸੇ ਵੀ ਪ੍ਰਕਾਰ ਨਾਲ ਅਜਿਹੇ ਕੋਈ ਵੀ ਸ਼ਬਦ ਦੀ ਉਲੰਘਨਾ, ਜਿਸ ਦੁਆਰਾ ਸਤਿਕਾਰ ਪੂਰਨ ਤਰੀਕੇ ਨਾਲ ਨਾ ਹੁੰਦਾ ਹੋਵੇ, ਉਸਤੋਂ ਸੁਚੇਤ ਰਹੇ।

25. ਪ੍ਰਿੰਟਿੰਗ ਹੋਣ ਤੋਂ ਪਹਿਲਾ ਅਤੇ ਉਪਰੰਤ ਪੇਪਰ ਕਟਿੰਗ ਦੌਰਾਨ, ਅੰਗਾਂ ਨੂੰ ਸਤਿਕਾਰ ਸਹਿਤ ਰਖਿਆ ਜਾਵੇ ਅਤੇ ਜਿਸ ਵੀ ਟੇਬਲ ਤੇ ਅੰਗਾਂ ਦੇ ਫਰਮੇ ਰਖ਼ੇ ਜਾਣ ਉਸ ਉਪਰ ਇੱਕ ਸਾਫ ਚਾਦਰ ਵਿਛਾਈ ਜਾਵੇ।

26. ਇਕ ਵਿਭਾਗ ਤੋਂ ਦੂਸਰੇ ਵਿਭਾਗ ਵਿਚ ਜਦੋਂ ਪਾਵਨ ਸਰੂਪ ਦਾ ਕੋਈ ਵੀ ਅੰਗ ਛੱਪ ਕੇ ਜਾਵੇ ਉੱਸ ਦਾ ਲੈਜ਼ਰ ਮੇਨਟੇਨ ਕੀਤਾ ਜਾਵੇ, ਜਿਸ ਉਪਰ ਦੇਣ ਵਾਲਾ ਵਿਅਕਤੀ ਅਤੇ ਲੈਣ ਵਾਲਾ ਵਿਅਕਤੀ ਮਿਤੀ ਪਾ ਕੇ ਹਸਤਾਖਰ ਕਰੇ ਅਤੇ ਥੱਲੇ ਆਪਣਾ ਪੂਰਾ ਨਾਮ ਲਿਖਣੋਂ ਨਾ ਭੁੱਲੇ।

27. ਜਿੰਨੀ ਵੀ ਵਧੀਕ ਪੇਪਰ, ਪਾਵਨ ਸਰੂਪਾਂ ਦੀ ਪ੍ਰਿੰਟਿੰਗ ਅਤੇ ਕਟਿਗ ਦੌਰਾਨ ਨਿਕਲਦਾ ਹੈ, ਉਸਦਾ ਵਜ਼ਨ ਕੀਤਾ ਜਾਵੇ ਅਤੇ ਬਚੇ ਹੋਏ ਅੰਗਾਂ ਦੀ ਗਿਣਤੀ ਕੀਤੀ ਜਾਵੇ, ਇਸ ਉਪਰੰਤ ਹੀ ਇਹਨਾਂ ਅੰਗਾਂ ਨੂੰ ਸਤਿਕਾਰ ਸਹਿਤ ਅਗਨ ਭੇਂਟ ਕੀਤਾ ਜਾਵੇ।

## 13.3 ਪਾਵਨ ਸਰੂਪਾਂ ਦੇ ਨੰਬਰਾਂ ਦੀ ਵਿਸ਼ੇਸ਼ਤਾ

ਇਹ ਵਿਸ਼ੇਸ਼ ਨੰਬਰ ਹਰ ਪਾਵਨ ਸਰੂਪ ਦੇ ਅਖੀਰਲੇ ਅੰਗ ਤੋਂ ਬਾਅਦ ਸਫੈਦ ਅੰਗ ਤੇ ਦਰਜ ਕੀਤਾ ਜਾਂਦਾ ਹੈ, ਜਿਸ ਵਿੱਚ ਜਿਲਦਸਾਜ਼ ਦੁਆਰਾ ਧਿਆਨ ਦੇਣ ਯੋਗ ਗੱਲਾਂ:

1. ਇਹ ਨੰਬਰ ਵਿੱਚ ਲਾਟ ਦਾ ਆਰਡਰ ਨੰਬਰ ਹੋਵੇ, ਉਸਦੀ ਗਿਣਤੀ ਹੋਵੇ, ਪ੍ਰੈੱਸ ਤੋਂ ਪ੍ਰਾਪਤ ਕਰਨ ਦੀ ਮਿਤੀ ਹੋਵੇ ਅਤੇ ਵਿਸ਼ੇਸ਼ ਨੰਬਰ ਅਖੀਰ ਵਿੱਚ ਪਾਇਆ ਜਾਣਾ ਅਤੀ ਜ਼ਰੂਰੀ ਹੈ।
2. ਇੱਕ ਸਪੈਸ਼ਲ ਮੋਹਰ ਜਿਸ ਵਿਚ ਇਹ ਸਾਰੀ ਵਿਵਰਣ ਅਵਸਥਾ ਦਰਜ਼ ਹੋਵੇ ਅਤੇ ਭਰਨ ਯੋਗ ਖਾਲੀ ਜਗ੍ਹਾ ਹੱਥ ਨਾਲ ਭਰੀ ਜਾਵੇ।

## 13.4 ਪਾਵਨ ਸਰੂਪਾਂ ਦੀ ਵੰਡ ਵਿਭਾਗ

1. ਪਾਵਨ ਸਰੂਪਾਂ ਦੇ ਟਰੈਕਿੰਗ ਕੋਡ ਦੇ ਬਾਰੇ ਇੱਕ ਮੀਟਿੰਗ ਹੋਣੀ ਚਾਹੀਦੀ ਹੈ, ਜਿਸ ਵਿੱਚ ਵਿਸਵ ਭਰ ਦੇ ਟੈਕਨੀਕਲ ਗਿਆਨ ਰੱਖਣ ਵਾਲੇ ਸਿੰਘਾਂ ਦੀ ਵਿਚਾਰ ਲੈਣੀ ਚਾਹੀਦੀ ਹੈ ਅਤੇ ਇੱਕ ਕੇਂਦਰਿਤ ਟਰੈਕਿੰਗ ਸੈਂਟਰ ਪ੍ਰਿੰਟਿੰਗ ਪ੍ਰੈੱਸ ਵਿੱਚ ਵੱਖਰਾ ਬਣਿਆ ਹੋਣਾ ਚਾਹੀਦਾ ਹੈ, ਜੋ ਵਿਸ਼ਵ ਭਰ ਦੇ ਵਿੱਚ ਜਾਣ ਵਾਲੇ ਪਾਵਨ ਸਰੂਪ ਟਰੈਕਿੰਗ ਚਿੱਪ ਨਾਲ ਜੀ.ਪੀ.ਐਸ ਦੁਆਰਾ,ਜਿੰਨ੍ਹਾਂ ਦੀ ਡਿਟੇਲ ਪਾਵਨ ਸਰੂਪ ਪਬਲੀਕੇਸ਼ਨ ਵਿਭਾਗ ਤੋਂ ਲੈਣ ਲੱਗਿਆ ਪੂਰੇ ਤਰੀਕੇ ਨਾਲ ਪਾਈ ਗਈ ਹੋਵੇ, ਉਸ ਨੂੰ ਇਹ ਸਿਸਟਮ ਟਰੈਕ ਕਰਦਾ ਹੋਵੇ।
2. ਦੇਸ਼ ਅਤੇ ਵਿਦੇਸ਼ਾਂ ਵਿੱਚ ਜਿੱਥੇ ਜਿੱਥੇ ਵੀ ਪਾਵਨ ਸਰੂਪ ਹਨ, ਇੱਕ ਮੁਹਿੰਮ ਚਲਾਈ ਜਾਵੇ ਕਿ

ਉਹਨਾਂ ਦੀ ਡਿਟੇਲ ਇਸ ਕੇਂਦਰ ਵਿੱਚ, ਇੱਕ ਵੱਖਰੇ ਪੋਰਟਲ ਤੇ ਦਰਜ਼ ਹੋਵੇ।ਬੇਸ਼ੱਕ ਇਸ ਪਰ ਸਮਾ ਲੱਗ ਜਾਵੇਗਾ, ਪਰੰਤੂ ਇਹ ਹੋਣਾ ਬਹੁਤ ਜਰੂਰੀ ਹੈ।ਦੇਸ਼ ਦੇ ਉਸ ਸਟੇਟ ਵਿੱਚ ਇੱਕ ਕੇਂਦਰ ਹੋਵੇ ਅਤੇ ਸਟੇਟ ਆਪਣੇ ਜਿਲ੍ਹਿਆਂ ਵਿੱਚ ਇੱਕ ਸਬ ਕੇਂਦਰ ਬਣਾਏ ਅਤੇ ਉਸ ਸਬ ਕੇਂਦਰ ਤੋਂ ਅਲੱਗ ਅਲੱਗ ਇਲਾਕਿਆਂ ਦੇ ਗੁਰਦੁਆਰੇ ਸਾਹਿਬ ਅਤੇ ਘਰਾਂ ਵਿੱਚ ਬਿਰਾਜਮਾਨ ਸਰੂਪਾਂ ਦੇ ਵਿਸੇਸ਼ ਨੰਬਰ ਪ੍ਰਾਪਤ ਕੀਤੇ ਜਾਣ।ਜੇ ਕਿਸੇ ਪੁਰਾਣੀ ਬੀੜ ਤੇ ਨੰਬਰ ਨਾ ਹੋਣ ਤਾਂ ਜਿਲ੍ਹਾ ਕੇਂਦਰ ਉਹ ਨੰਬਰ ਉਹਨਾਂ ਨੂੰ ਦੇਣਾ ਕਰੇਗਾ।ਐਸਾ ਰਿਕਾਰਡ ਵਿਸ਼ਵ ਭਰ ਦਾ ਪਬਲੀਕੇਸ਼ਨ ਵਿਭਾਗ ਦੇ ਇਸ ਕੇਂਦਰਿਤ ਕੰਪਿਊਟਰ ਸੈਂਟਰ ਵਿੱਚ ਦਰਜ ਹੋਣਾ ਚਾਹੀਦਾ ਹੈ।ਇਸ ਤੋਂ ਵਿਸਵ ਭਰ ਵਿੱਚ ਇੱਕ ਸੰਦੇਸ਼ਾ ਜਾਵੇਗਾ ਕਿ ਪਾਵਨ ਸਰੂਪ ਸਿੱਖ ਜਗਤ ਦੇ ਮਾਲਕ ਹਨ।

3. ਸੰਗਤਾਂ ਜਾਂ ਗੁਰਦੁਆਰਾ ਕਮੇਟੀਆਂ ਦੀ ਮੰਗ ਅਨੁਸਾਰ ਜਦੋਂ ਵੀ ਪਾਵਨ ਸਰੂਪ ਦਿੱਤੇ ਜਾਣ ਤਾਂ ਉਸਦਾ ਪੂਰਾ ਰਿਕਾਰਡ, ਸਬੰਧਿਤਾਂ ਦੇ ਆਧਾਰ ਕਾਰਡ ਨੰਬਰ, ਸਥਾਨ ਦਾ ਪਤਾ, ਜਿਸ ਅਸਥਾਨ ਤੇ ਪਾਵਨ ਸਰੂਪ ਸਭਾਇਮਾਨ ਕਰਨੇ ਹਨ, ਉਸ ਅਸਥਾਨ ਦੀ ਫੋਟੋ ਰਿਕਾਰਡ ਵਿੱਚ ਰੱਖੀ ਜਾਵੇ।ਉਹਨਾਂ ਨੂੰ ਇਸ ਸ਼ਰਤ ‘ਤੇ ਪਾਵਨ ਸਰੂਪ ਦਿੱਤੇ ਜਾਣ ਜਦੋਂ ਕਿਸੇ ਵੀ ਕਾਰਣ ਕਿਤੇ ਬਾਹਰ ਲਿਜਾਏ ਜਾਂਦੇ ਹਨ ਤਾਂ ਸਬੰਧਿਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਜਾਂ ਸੰਗਤ ਉਹਨਾਂ ਦੀ ਮੂਵਮੈਂਟ ਦਾ ਪੂਰਾ ਰਿਕਾਰਡ ਰੱਖਣਗੇ ਅਤੇ ਇਹ ਮੂਵਮੈਂਟ ਦਾ ਰਿਕਾਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੀਯਤ ਕੀਤੇ ਹੋਏ ਅਧਿਕਾਰਿਤ ਸਿੰਘ ਸਮੇਂ-ਸਮੇਂ ਅਨੁਸਾਰ ਚੈੱਕ ਕਰ ਸਕਦੇ ਹਨ।ਮੂਵਮੈਂਟ ਦਾ ਰਿਕਾਰਡ ਰੱਖਣ ਦਾ ਆਦੇਸ਼, ਜਿਹੜੇ ਸਰੂਪ ਅੱਜ ਤੱਕ ਗੁਰਦੁਆਰਾ ਸਾਹਿਬ ਜਾਂ ਸੰਗਤ ਕੋਲ ਹਨ, ‘ਤੇ ਵੀ ਲਾਗੂ ਹੋਣਾ ਚਾਹੀਦਾ ਹੈ।

## 13.5 ਪਬਲੀਕੇਸ਼ਨ ਵਿਭਾਗ ਦੀ ਪ੍ਰਬੰਧ ਸਕੀਮ

ਪਬਲੀਕੇਸ਼ਨ ਵਿਭਾਗ ਦੀ ਇੱਕ ਵੱਖਰੀ ਪ੍ਰਬੰਧ ਸਕੀਮ ਹੋਣੀ ਚਾਹੀਦੀ ਹੈ, ਜਿਸ ਵਿੱਚ ਪਬਲੀਕੇਸ਼ਨ ਵਿਭਾਗ ਦੇ ਤਿੰਨਾਂ ਭਾਗਾ (ਛਪਾਈ, ਜਿਲਦਬੰਦੀ ਅਤੇ ਵੰਡ) ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੇ ਵੱਖਰੇ ਸਰਵਿਸ ਅਤੇ ਪ੍ਰਬੰਧ ਨਿਯਮ ਹੋਣ।ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਭ-ਸੰਭਾਲ, ਅਕਾਊਂਟ ਮੇਨਟੇਂਨ ਕਰਨ, ਭੇਟਾ ਰਹਿਤ ਜਾਂ ਭੇਟਾ ਸਹਿਤ ਪਾਵਨ ਸਰੂਪ ਜਾਂ ਧਾਰਮਿਕ ਸਹਿਤ ਵੰਡਣ ਦੇ ਨਿਯਮ ਬਣਾਏ ਜਾਣ।ਪ੍ਰੈੱਸ ਅਤੇ ਪਬਲੀਕੇਸ਼ਨ ਵਿਭਾਗ ਵਿੱਚ ਸਿਰਫ ਰਹਿਤਵਾਨ ਅੰਮ੍ਰਿਤਧਾਰੀ ਕਰਮਚਾਰੀ ਨਿਯੁਕਤ ਕੀਤੇ ਜਾਣ, ਉਹਨਾਂ ਨੂੰ ਸਪੈਸ਼ਲ ਹਦਾਇਤਾਂ ਸਤਿਕਾਰ ਵਾਸਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਕਿ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਾਗਤ ਜੋਤ ਸਰੂਪ ਜੁਗੋ ਜੁੱਗ ਅਟੱਲ ਇੱਕ ਬਹੁਤ ਹੀ ਸਤਿਕਾਰਯੋਗ ਹਸਤੀ ਸਿੱਖ ਧਰਮ ਵਿੱਚ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਬਦ ਗੁਰੂ ਦੀ ਅਹਿਮੀਅਤ ਦ੍ਰਿੜ੍ਹ ਕਰਾਉਣੀ ਆਰੰਭ ਕੀਤੀ ਅਤੇ ਪੰਚਮ ਪਾਤਸ਼ਾਹ ਜੀ ਨੇ ਬਾਣੀ ਇਕੱਤਰ ਕਰਕੇ ਪਾਵਨ ਸਰੂਪ ਸੰਪਾਦਿਤ ਕੀਤੇ।ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ਼ ਨਾ ਹੋਈ ਜਿਸ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਾਰੇ ਪਾਵਨ ਸਰੂਪ ਦੁਬਾਰਾ ਭਾਈ ਮਨੀ ਸਿੰਘ ਜੀ ਪਾਸੋ ਨੋਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਦਰਜ ਕਰਵਾ ਕੇ ਸੰਪੂਰਨਤਾ ਬਖ਼ਸੀ।

ਉਸ ਲਈ ਕੁਝ ਸੁਝਾਅ ਹੇਠ ਦਿੱਤੇ ਜਾਂਦੇ ਹਨ:-

1. ਪਬਲੀਕੇਸ਼ਨ ਵਿਭਾਗ ਦੇ ਜਿੰਨੇ ਵੀ ਲੈਜਰ ਹਨ, ਉਹਨਾਂ ਉੱਤੇ ਕਦੇ ਵੀ ਕੱਚੀ ਪੈਨਸਿਲ ਨਾਲ ਐਂਟਰੀ ਨਹੀ ਪਾਉਣੀ ਚਾਹੀਦੀ।ਸ਼ਾਮ ਦੇ ਸਮੇ ਇਸ ਐਂਟਰੀਜ ਨੂੰ ਸੀ.ਜੀ.ਐਲ ਚੰਗੀ ਤਰ੍ਹਾਂ ਚੈੱਕ ਕਰੇ ਅਤੇ ਸੁਪਰਵਾਈਜਰ ਇਸ ਦੀ ਤਸਦੀਕ ਰੋਜ ਸ਼ਾਮ ਨੂੰ ਪਾਵਨ ਸਰੂਪਾਂ ਦੀ ਗਿਣਤੀ, ਲੇਖਾ ਜੋਖਾ ਚੈਕ ਕਰੇ।

2. ਹਫਤੇ ਵਿੱਚ ਇੱਕ ਵਾਰ ਇੰਚਾਰਜ ਪਬਲੀਕੇਸ਼ਨ ਪਾਵਨ ਸਰੂਪਾਂ ਦੇ ਮੌਜੂਦਾ ਸਟਾੱਕ ਦੀ ਗਿਣਤੀ ਸੁਪਰਵਾਈਜਰ ਅਤੇ ਸੀ.ਜੀ.ਐਲ ਨਾਲ ਮਿਲ ਕੇ ਚੈਕਿੰਗ ਰਜਿਸਟਰ ਵਿੱਚ ਐਂਟਰੀ ਕਰੇ ਕਿ ਲੈਜ਼ਰ ਸਟਾੱਕ ਵਿੱਚ ਕਿੰਨੇ ਪਾਵਨ ਸਰੂਪ ਹਨ, ਚੈਕਿੰਗ ਰਜਿਸਟਰ ਵਿੱਚ ਦਰਜ ਕਰੇ।ਇਹ ਹਫਤੇ ਵਿੱਚ ਇੱਕ ਵਾਰ ਹੋਣਾ ਬਹੁਤ ਜਰੂਰੀ ਹੈ।

3. 15 ਦਿਨ ਬਾਅਦ ਮੀਤ ਸਕੱਤਰ ਉਪਰੋਕਤ ਤਿੰਨਾ ਨਾਲ ਮਿਲ ਕੇ ਪਾਵਨ ਸਰੂਪਾਂ ਦਾ ਸਟਾਕ ਨੂੰ ਸਟੋਰ ਵਿੱਚ ਤਸਦੀਕ ਕਰੇ ਅਤੇ ਆਪਣੀ ਟਿੱਪਣੀ ਦੇਵੇ।

4. ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸੁਭਾਇਮਾਨ ਹਾਲ ਦੇ ਵਿੱਚ ਸੁਸ਼ੋਭਿਤ ਪਾਵਨ ਸਰੂਪ ਲੈਣ ਵਾਸਤੇ ਆਏ ਗੁਰਸਿੱਖ ਵੀਰਾਂ ਦੇ ਮੰਗ ਪੱਤਰਾਂ ਤੇ ਲੌਂੜੀਦੇ ਪ੍ਰਚਾਰਕਾਂ ਅਤੇ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ, ਨਿਯਮ ਪੱਤਰ ਅਨੁਸਾਰ ਦਸਤਖਤ ਹੋਣ ਅਨੁਸਾਰ, ਜਦ ਪਾਵਨ ਸਰੂਪ ਦਿੱਤੇ ਜਾਣ ਤਾਂ ਡੁੱਚ ਦੀ ਰਸੀਦ ਕੱਟਣ ਉਪਰੰਤ,ਉਸ ਮੰਗ ਪੱਤਰ ਤੇ ਡੁੱਚ ਦਾ ਰਸੀਦ ਨੰਬਰ ਦਰਜ ਕਰਨਾ ਬਹੁਤ ਜਰੂਰੀ ਹੈ ਅਤੇ ਡੁੱਚ ਬਿਨ੍ਹਾਂ ਪਾਵਨ ਸਰੂਪ ਦੇ ਸੀਰੀਅਲ ਨੰਬਰ ਬਿਨ੍ਹਾਂ ਨਹੀ ਕੱਟਿਆ ਜਾਣਾ ਚਾਹੀਦਾ।

5. ਡੁੱਚ ਉੱਤੇ ਜੋ ਕਲਰਕ ਪਾਵਨ ਸਰੂਪ ਦਿੰਦਾ ਹੈ, ਕਿਤੇ ਵੀ ਡੁਪਲੀਕੇਟ ਰਸੀਦ ਤੇ ਪੈੱਨ ਦੀ ਸ਼ਾਹੀ ਨਾਲ ਕੋਈ ਕਾਰਵਾਈ ਨਹੀ ਕਰੇਗਾ,ਇਹ ਇੱਕ ਬਜ਼ਰ ਗਲਤੀ ਹੈ।ਡੁੱਚ ਦੀ ਡੁਪਲੀਕੇਟ ਰਸੀਦ ਤੇ ਕੇਵਲ ਕਾਰਬਨ ਕਾਪੀ ਦੀ ਲਿਖਤ ਹੋਣੀ ਚਾਹੀਦੀ ਹੈ।ਇੱਕ ਵਾਰ ਜੋ ਵੀ ਵਿਚਾਰ ਨਾਲ ਲਿਖਿਆ ਹੈ, ਵੱਡਾ ਪਾਵਨ ਸਰੂਪ ਲੜੀਵਾਰ ਜਾਂ ਛੋਟਾ ਲੜੀਵਾਰ ਜਾਂ ਵੱਡਾ ਪਾਵਨ ਸਰੂਪ ਪਦਛੇਦ ਜਾਂ ਛੋਟਾ ਪਾਵਨ ਸਰੂਪ ਪਦਛੇਦ, ਇੰਨ੍ਹਾਂ ਚਾਰਾਂ ਸਰੂਪਾਂ ਵਿੱਚੋ ਕਿਸੇ ਵੀ ਆਕਾਰ ਦੇ ਸਰੂਪ ਨੂੰ ਦਿੰਦਿਆਂ, ਦਿੱਤੀ ਗਈ ਰਸੀਦ ਉੱਪਰ ਕਿਸੇ ਵੀ ਪ੍ਰਕਾਰ ਦੀ ਕਟਿੰਗ ਜਾਂ ਓਵਰ ਰਾਈਟਿੰਗ ਨਾ ਹੋਵੇ।ਜੇ ਕਿਤੇ ਗਲਤੀ ਨਾਲ ਓਵਰ ਰਾਈਟਿੰਗ ਹੋ ਵੀ ਜਾਵੇ ਤਾਂ ਇੰਚਾਰਜ ਜਾਂ ਮੀਤ ਸਕੱਤਰ ਦੇ, ਉਸ ਗਲਤੀ ਉੱਪਰ ਦਸਤਖਤ ਹੋਣੇ ਜਰੂਰੀ ਹਨ।

6. ਪਾਵਨ ਸਰੂਪਾਂ ਦੀ ਗਿਣਤੀ ਦਾ ਰਿਕਾਰਡ ਕੰਪਿਊਟਰਾਈਜਡ ਅਤੇ ਆਨ ਲਾਈਨ ਹੋਵੇ।ਗੁਟਕਾ ਸਾਹਿਬ, ਸੈਂਚੀਆਂ, ਸਬਦਾਰਥ ਅਤੇ ਲਿਟਲੇਚਰ ਦਾ ਰਿਕਾਰਡ ਹੋਣਾ ਚਾਹੀਦਾ ਹੈ।

7. ਇਸ ਪਬਲੀਕੇਸ਼ਨ ਵਿਭਾਗ ਦਾ ਜੋ ਮੀਤ ਸਕੱਤਰ/ਐਡੀਸ਼ਨਲ ਸਕੱਤਰ/ਸਕੱਤਰ ਜਵਾਬਦੇਹ, ਅਤੇ ਜਿੰਮੇਵਾਰ ਹੋਣੇ ਚਾਹੀਦੇ ਹਨ।ਇਹ ਅਹੁਦੇਦਾਰਾਂ ਨੂੰ ਲਿਖਤ ਰੂਪ ਵਿੱਚ ਸਕੱਤਰ/ਮੁੱਖ ਸਕੱਤਰ, ਅੰਤ੍ਰਿੰਗ ਕਮੇਟੀ ਤੋਂ ਪਾਸ ਕਰਵਾ ਕੇ ਵਿਭਾਗ ਦੇ ਕਾਇਦੇ ਕਾਨੂੰਨ ਅਨੁਸਾਰ ਜੁੰਮੇਵਾਰੀ ਤਹਿ ਕਰੇਗਾ ਅਤੇ ਇਸ ਪਬਲੀਕੇਸ਼ਨ ਸਕੱਤਰ ਦੇ ਦਫਤਰ ਵਿੱਚ ਇਹ ਸਪੱਸ਼ਟ ਤੌਰ ਤੇ ਇਹਨਾਂ ਦੇ ਕੰਮ ਸੂਚੀ ਲਿਸਟ ਲੱਗੀ ਹੋਣੀ ਜਰੂਰੀ ਹੋਵੇ।ਉਸ ਸੂਚੀ ਉੱਪਰ ਪਬਲੀਕੇਸ਼ਨ ਸਕੱਤਰ ਦੇ ਦਸਤਖਤ ਉੱਚ ਅਧਿਕਾਰੀਆਂ ਦੇ ਨਾਲ ਹੋਏ ਹੋਣ, ਜਿਸ ਨੂੰ ਉਸ ਨੇ ਪੂਰੇ ਤਰੀਕੇ ਨਾਲ ਪੜ੍ਹ ਕੇ ਸਮਝਿਆ ਹੋਵੇ।

8. ਹਫਤੇ ਵਿੱਚ ਇੱਕ ਵਾਰ ਸਕੱਤਰ ਅਤੇ ਚੀਫ ਸਕੱਤਰ ਇਸ ਪਬਲੀਕੇਸ਼ਨ ਵਿਭਾਗ ਤੇ ਪ੍ਰੈੱਸ ਵਿੱਚ ਚੈਕ ਕਰਕੇ ਰਜਿਸਟਰ ਵਿੱਚ ਦਰਜ ਕਰੇ ਅਤੇ ਉਹ ਰਜਿਸਟਰ ਵਿਭਾਗ ਦੇ ਰਿਕਾਰਡ ਵਿੱਚ ਜਮ੍ਹਾ ਹੋਵੇ।

9. ਹਰ ਸਾਲ ਦੇ ਅਖੀਰ ਵਿੱਚ ਇਸ ਦੀ ਸੰਖੇਪ ਜਾਣਕਾਰੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਭੇਜੀ ਜਾਵੇ। ਇਸੇ ਤਰ੍ਹਾਂ ਹੋਰ ਸਾਹਿਤ ਲਈ ਵੀ ਨਿਯਮ ਬਣਾ ਕੇ ਗੁਰਬਾਣੀ ਪ੍ਰਤੀ ਸਤਿਕਾਰ ਕਾਇਮ ਕੀਤਾ ਜਾਵੇ।ਅਗਨ ਭੇਂਟ ਕੀਤੇ ਜਾਣ ਵਾਲੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਪੂਰਨ ਮਰਿਆਦਾ ਸਹਿਤ ਲਿਖਤੀ ਰਿਕਾਰਡ ਵਿਚ ਦਰਜ ਕਰਕੇ, ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਅਗਨ ਭੇਂਟ ਲਈ ਲਿਜਾਇਆ ਜਾਵੇ।

## 13.6 ਬਿਰਧ ਸਰੂਪ ਜਾਂ ਅਗਨ ਨਾਲ ਭੇਟ ਹੋਏ ਸਰੂਪਾਂ ਦਾ ਰੱਖ-ਰਖਾਵ

1. ਬਿਰਧ ਸਰੂਪ ਜਾਂ ਅਗਨ ਨਾਲ ਭੇਂਟ ਹੋਏ ਪਾਵਨ ਸਰੂਪਾਂ ਦਾ ਇੱਕ ਵੱਖਰੇ ਵਿਭਾਗ ਵਿੱਚ ਰਿਕਾਰਡ ਰੱਖਿਆ ਜਾਣਾ ਚਾਹੀਦਾ ਹੈ।ਇਹ ਰਿਕਾਰਡ ਵੀ ਕੰਪਿਊਟਰਾਇਜ਼ਡ ਹੋਣਾਂ ਚਾਹੀਦਾਂ ਹੈ।ਪਾਵਨ ਸਰੂਪ ਨੂੰ ਅਗਨ ਭੇਂਟ ਕਰਨ ਤੋਂ ਪਹਿਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੰਡ ਵਿਭਾਗ ਨੂੰ ਲੜੀ ਨੰਬਰ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੋ ਵੰਡ ਵਿਭਾਗ ਕੋਲ ਰਿਕਾਰਡ ਪੂਰਾ ਹੋ ਸਕੇ।ਅਗਨ ਭੇਂਟ ਕਰਨ ਦੀ ਪ੍ਰਕਿਰਿਆ ਦੀ ਪ੍ਰਵਾਨਗੀ ਕਿਸੇ ਵੀ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਤੋਂ ਲੈਣੀ ਚਾਹੀਦੀ ਹੈ।ਜਿਸ ਸੰਸਥਾ ਨੇ ਇਹ ਪ੍ਰਵਾਨਗੀ ਲਈ ਹੋਵੇ,ਉਸਦਾ ਰਿਕਾਰਡ ਵੀ ਕੰਪਿਊਟਰਾਈਜ਼ਡ ਹੋਣਾਂ ਚਾਹੀਦਾ ਹੈ।ਜਦੋਂ ਵੀ ਪਾਵਨ ਸਰੂਪ ਬਿਰਧ ਹੋ ਜਾਣ ਜਾਂ ਕਿਸੇ ਮੰਦਭਾਗੀ ਦੁਰਘਟਨਾ ਵਿੱਚ ਅਗਨ ਭੇਂਟ ਹੋ ਜਾਣ ਜਾਂ ਅਗਨ ਭੇਂਟ ਕੀਤੇ ਜਾਣ ਤਾਂ ਉਸ ਸਮੇ, ਉਸ ਪਾਵਨ ਸਰੂਪ ਦੇ ਅੱਗੇ ਉਸ ਘਟਨਾ ਦਾ ਵਿਵਰਣ ਵਿਸੇਸ਼ ਤੌਰ ਬਿਨ੍ਹਾਂ ਭੁੱਲ-ਚੁੱਕ ਹੋਇਆ ਪਾਇਆ ਜਾਵੇ।ਇਸ ਪ੍ਰਕਿਰਿਆ ਦਾ ਸਖਤੀ ਨਾਲ ਪਾਲਣ ਕੀਤਾ ਜਾਵੇ।ਪੰਜਾਬ ਦੇ ਨੇੜੇ ਦੇ ਪ੍ਰਾਂਤਾ ਲਈ ਅਗਨ ਭੇਟ ਦੀ ਫਰਨੇਂਸ( ਅੰਗੀਠਾ ਸਾਹਿਬ)ਬਿਲਡਿੰਗ ਦੇ ਅੰਦਰ ਹੀ ਬਿਜਲਈ ਅੰਗੀਠਾ ਸਾਹਿਬ ਬਣਾਇਆ ਜਾਵੇ।ਬਾਕੀ ਪ੍ਰਾਂਤਾ ਅਤੇ ਵਿਦੇਸ਼ਾ ਲਈ ਵੀ ਬਿਜਲਈ ਅੰਗੀਠਾ ਸਾਹਿਬ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਪ੍ਰਵਾਨਗੀ ਨਾਲ ਬਣਾਇਆ ਜਾ ਸਕਦਾ ਹੈ।
2. ਅਦਬ ਸਤਿਕਾਰ ਤੇ ਮਰਿਯਾਦਾ ਦੀ ਉਲੰਘਣਾ ਕਰਨ ਤੇ, ਗਲਤੀ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਬਣਦੀ ਸਜਾ ਉੱਚ ਅਧਿਕਾਰੀ ਦੁਆਰਾ, ਦੋਸ਼ੀ ਨੂੰ ਦਿੱਤੀ ਜਾਵੇ।
3. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਬਲੀਕੇਸ਼ਨ ਵਿਭਾਗ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਗੁਰ ਮਰਿਯਾਦਾ ਦੀ ਉਲੰਘਣਾ ਕਰਨ ਤੇ ਬਖਸ਼ਿਆ ਨਾ ਜਾਵੇ।ਐਸੀ ਸਖਤੀ ਕਰਨ ਨਾਲ ਹੀ ਪਬਲੀਕੇਸ਼ਨ ਵਿਭਾਗ ਵਿੱਚ ਗੁਰੂ ਜੀ ਦਾ ਆਦਰ ਸਤਿਕਾਰ ਕਾਇਮ ਰਹਿ ਸਕਦਾ ਹੈ, ਜੋ ਕਿ ਅਤਿ ਜਰੂਰੀ ਹੈ।ਨਜ਼ਰਅੰਦਾਜ ਕਰਨ ਨਾਲ ਗਲਤੀਆਂ ਵਧਦੀਆਂ ਹਨ ਅਤੇ ਬੰਦੇ ਕਾਨੂੰਨੀ ਦੋਸ਼ੀ ਬਣਦੇ ਹਨ।

## 13.7 ਦਰਸ਼ਨ ਵਿਚਾਰ ਕੇਂਦਰ ਵਾਸਤੇ ਹਦਾਇਤਾਂ:

ਦਰਸ਼ਨ ਵਿਚਾਰ ਦੀ ਕਾਰਜ ਪ੍ਰਣਾਲੀ:

1. ਜਿਲਦ ਸਾਜ਼ਨ ਤੋਂ ਬਾਅਦ ਪਾਵਨ ਸਰੂਪ, ਜਿੰਨਾ ਉੱਪਰ ਨੰਬਰ ਲੱਗ ਚੁੱਕੇ ਹੁੰਦੇ ਹਨ, ਉਹ ਸਰੂਪ ਦਰਸ਼ਨ ਵਿਚਾਰ ਦੀ ਪ੍ਰਕਿਰਿਆ ਵਿਚੋਂ ਲੰਘਦੇ ਹਨ, ਜਿੱਥੇ ਤਕਰੀਬਨ ਇਕੱਠੇ 50

ਪਾਵਨ ਸਰੂਪ ਜਿਲਦ ਸਾਜ਼ ਜਿਲਦਬੰਦੀ ਉਪਰੰਤ ਦਿੰਦਾ ਹੈ।ਪਾਵਨ ਸਰੂਪ ਜੋ ਗ੍ਰੰਥੀ ਸਿੰਘਾਂ ਵਲੋਂ ਦਿੱਤੇ ਜਾਂਦੇ ਹਨ,ਇਹਨਾਂ ਦੀ ਗਿਣਤੀ ਅਤੇ ਨੰਬਰ ਕਿਸੇ ਵੀ ਲੈਜਰ ਤੇ ਦਰਜ ਨਹੀਂ ਕੀਤੀ ਜਾਂਦੀ, ਜੋ ਕਰਨਾ ਅਤੀ ਜ਼ਰੂਰੀ ਹੈ।ਇਥੇ 10-12 ਗ੍ਰੰਥੀ ਸਾਹਿਬਾਨਾਂ ਦੀ ਡਿਊਟੀ ਲੱਗੀ ਹੋਈ ਹੈ ਅਤੇ ਇੱਕ ਵੱਖਰਾ ਕੈਬਿਨ ਬਣਿਆ ਹੋਇਆ ਹੈ ਜਿਸ ਵਿਚ ਏ.ਸੀ. ਲੱਗਿਆ ਹੋਇਆ ਹੈ।ਇਹ ਗ੍ਰੰਥੀ ਹਰ ਇੱਕ ਪਾਵਨ ਸਰੂਪ ਦੇ ਦੋ ਵਾਰ ਦਰਸ਼ਨ ਵਿਚਾਰ ਕਰਦੇ ਹਨ ਅਤੇ ਉਸ ਪਰ ਆਪਣਾ ਕੋਡ ਲਿਖਦੇ ਹਨ(ਗ੍ਰੰਥੀਆਂ ਦਾ ਕੋਡ) ਅਤੇ ਦਸਤਖਤ ਅਤੇ ਮਿਤੀ ਪਾਉਂਦੇ ਹਨ ਕਿ ਕਿਸ ਮਿਤੀ ਨੂੰ ਕਿਸ ਗ੍ਰੰਥੀ ਨੇ ਪਾਵਨ ਸਰੂਪ ਦਾ ਦਰਸ਼ਨ ਵਿਚਾਰ ਕੀਤਾ ਹੈ।ਇਸ ਦੌਰਾਨ ਕਦੀ ਕਦੀ ਕੋਈ ਪਾਵਨ ਸਰੂਪ ਦਾ ਅੰਗ ਪ੍ਰਿੰਟਿੰਗ ਦੌਰਾਨ ਜਾਂ ਜਿਲਦਬੰਦੀ ਵੇਲੇ ਮੁੜਿਆ ਹੋਵੇ, ਜਾਂ ਕਿਸੇ ਹੋਰ ਕਾਰਨ ਕਰਕੇ ਅੰਗ ਵਰਤੋਂ ਯੋਗ ਨਾ ਹੋਵੇ, ਉਹਨਾਂ ਅੰਗਾ ਦਾ ਜਿਲਦ ਸਾਜ਼ ਨੂੰ ਪਾਵਨ ਸਰੂਪ ਵਾਪਿਸ ਕਰਦਿਆਂ ਹੋਇਆ *ਦਸਿਆ* ਜਾਂਦਾ ਹੈ ਕਿ ਕਿਹੜਾ ਅੰਗ ਖਰਾਬ ਹੈ ਅਤੇ ਉਸਨੂੰ ਬਦਲ ਦਿੱਤਾ ਜਾਵੇ।ਅਜਿਹੇ ਵਿੱਚ ਜਿਲਦ ਸਾਜ਼ ਜਿਲਦ ਨੂੰ ਖੋਲ ਕੇ ਅੰਗ ਨੂੰ ਬਦਲ ਦਿੰਦਾ ਹੈ ਅਤੇ ਪਾਵਨ ਸਰੂਪ ਵਾਪਸ ਦਰਸ਼ਨ ਵਿਚਾਰ ਵਾਸਤੇ ਭੇਜ ਦਿੰਦਾ ਹੈ।ਇਸ ਪ੍ਰਕਿਰਿਆ ਦੇ ਲੈਣ-ਦੇਣ ਦਾ ਕਿਸੇ ਵੀ ਰਜਿਸਟਰ ਜਾਂ ਲੈਜਰ ਵਿੱਚ ਰਿਕਾਰਡ ਦਰਜ ਨਹੀਂ ਕੀਤਾ ਜਾਂਦਾ, ਜੋ ਹੋਣਾ ਬਹੁਤ ਜ਼ਰੂਰੀ ਹੈ।ਇਸਦਾ ਗ੍ਰੰਥੀ ਸਾਹਿਬ ਦਰਸ਼ਨ ਵਿਚਾਰ ਵਾਲੇ ਕਮਰੇ ਵਿਚ ਇਕ ਲੈਜਰ ਬਣਾ ਕੇ ਰੱਖਣ, ਅਤੇ ਉਹ ਪਾਵਨ ਸਰੂਪ, ਜੋ ਜਿਲਦ ਸਾਜ਼ਾਂ ਨੂੰ ਦਿੱਤੇ ਜਾਂਦੇ ਹਨ, ਦਾ ਰਿਕਾਰਡ ਦਰਜ ਕੀਤਾ ਜਾਣਾ ਚਾਹੀਦਾ ਹੈ।ਇਸ ਰਿਕਾਰਡ ਵਿੱਚ ਕਿਸ ਅੰਗ ਨੂੰ ਬਦਲਿਆ ਜਾਣਾ ਚਾਹੀਦਾ ਹੈ, ਇਸਦਾ ਵਰਨਣ ਅਤੇ ਕਾਰਣ ਲਿਖਿਆ ਜਾਣਾ ਚਾਹੀਦਾ ਹੈ ਅਤੇ ਉਸ 'ਤੇ ਜਿਲਦ ਸਾਜ਼ ਦੇ ਦਸਤਖਤ ਹੋਣੇ ਜਰੂਰੀ ਹਨ।ਜਿਸ ਸਮੇਂ ਪਾਵਨ ਸਰੂਪ ਫਿਰ ਤੋਂ ਵਾਪਿਸ ਦਰਸ਼ਨ ਵਿਚਾਰ ਵਾਸਤੇ ਆਉਣ, ਕਿਸ ਗ੍ਰੰਥੀ ਸਾਹਿਬਾਨ ਨੇ ਦਰਸ਼ਨ ਵਿਚਾਰ ਕਰਨੇ ਹਨ, ਉਹਨਾਂ ਦਾ ਨਾਮ ਅਤੇ ਕੋਡ ਨੰਬਰ ਅਤੇ ਫਿਰ ਦਰਸ਼ਨ ਕਰਨ ਉਪਰੰਤ ਮਿਤੀ ਪਾਈ ਜਾਵੇ।ਇਸ ਸਾਰੀ ਪ੍ਰਕਿਰਿਆ ਲਈ ਇਕੋ ਲੈਜਰ ਦੇ ਵਿੱਚ ਕਾਲਮ ਬਣੇ ਹੋਣ ਚਾਹੀਦੇ ਹਨ, ਜਿਸ ਵਿਚ ਲੈਣ ਦੇਣ ਦਾ, ਵਾਪਸੀ ਦਾ ਅਤੇ ਪਾਵਨ ਸਰੂਪ ਦੇ ਦਰਸ਼ਨ ਵਿਚਾਰ ਦੀ ਪ੍ਰਕਿਰਿਆ ਦਾ ਰਿਕਾਰਡ ਦਰਜ ਕੀਤਾ ਜਾ ਸਕੇ।

2. ਇੱਕ ਰਜਿਸਟਰ ਲਗਾਇਆ ਜਾਵੇ ਜਿਸ ਵਿਚ ਜਿਤਨੇ ਭੀ ਪਾਵਨ ਸਰੂਪ ਜਿਲਦ ਸਾਜ਼ ਵੱਲੋਂ ਦਰਸ਼ਨ ਵਿਚਾਰ ਵਾਸਤੇ ਆਉਣ, ਉਹਨਾਂ ਦੇ ਨੰਬਰ, *ਮਿਤੀ* ਅਤੇ ਗਿਣਤੀ ਰਜਿਸਟਰ ਵਿੱਚ ਦਰਜ ਕੀਤੀ ਜਾਵੇ ਅਤੇ ਜਿਸ ਵੀ ਗ੍ਰੰਥੀ ਸਾਹਿਬਾਨ ਕੋਲ ਭੇਜੇ ਜਾਣ ਉਸਦੇ ਦਸਤਖਤ ਨਾਮ ਦੇ

ਨਾਲ ਮਿਤੀ ਪਵਾ ਕੇ ਦਰਜ ਕੀਤੇ ਜਾਣ ਅਤੇ ਉਹ ਗ੍ਰੰਥੀ ਸਾਹਿਬਾਨ ਦਰਸ਼ਨ ਵਿਚਾਰ ਕਰਨ ਉਪਰੰਤ ਮਿਤੀ ਪਾ ਕੇ ਇਸੇ ਰਜਿਸਟਰ ਵਿੱਚ ਇੱਕ ਵਖਰੇ ਕਾਲਮ ਦੇ ਉੱਤੇ ਆਪਣਾ ਕੋਡ ਦੇ ਕੇ ਦਸਤਖਤ ਕਰੇ।

3. ਗ੍ਰੰਥੀ ਸਾਹਿਬਾਨ ਬੜੇ ਅਦਬ ਅਤੇ ਸਤਿਕਾਰ ਸਹਿਤ ਦਰਸ਼ਨ ਵਿਚਾਰ ਕਰਨ ਅਤੇ ਕਰਨ ਉਪਰੰਤ ਪਾਵਨ ਸਰੂਪ ਨੂੰ ਰੁਮਾਲੇ ਵਿੱਚ ਬਿਰਾਜਮਾਨ ਕਰਨ, ਇਸ ਉਪਰੰਤ ਦਰਸ਼ਨ ਵਿਚਾਰ ਕੀਤੀ ਹਰ ਪਾਵਨ ਬੀੜ ਦੇ ਰੁਮਾਲੇ ਸਾਹਿਬ ਦੇ ਉਪਰ ਵੱਡੇ ਅੱਖਰਾਂ ਵਿੱਚ ਕੋਡ ਨੰਬਰ ਲਗਾਉਣ।

4. ਗ੍ਰੰਥੀ ਸਾਹਿਬਾਨ ਦਰਸ਼ਨ ਵਿਚਾਰ ਉਪਰੰਤ ਪਾਵਨ ਸਰੂਪ ਸਟੋਰ ਦੇ ਸਟਾਕ ਲੈਜ਼ਰ ਵਿੱਚ ਜਮ੍ਹਾਂ ਕਰਵਾਉਂਦਿਆਂ ਸੀ.ਜੀ.ਐਲ. ਤੋਂ ਦਸਤਖਤ ਲੈ ਕਿ ਕਿਸ ਮਿਤੀ ਨੂੰ ਪਾਵਨ ਸਰੂਪ, ਕਿਹੜੇ ਨੰਬਰ ਦੇ ਅਤੇ ਕਿਸ ਸਮੇਂ ਜਮ੍ਹਾਂ ਕੀਤੇ ਹਨ ਇਸ ਜਗ੍ਹਾ ਤੇ ਸੀ.ਜੀ.ਐਲ. ਦੇ ਦਸਤਖਤ ਸਮੇਤ ਨਾਮ ਲਿਖਿਆ ਜਾਵੇ ਅਤੇ ਨਾਲ ਦੀ ਨਾਲ ਗ੍ਰੰਥੀ ਸਾਹਿਬਾਨ ਵੀ ਦਸਤਖਤ ਕਰੇ।

5. ਸੀ.ਜੀ.ਐਲ. ਦੇ ਸਟਾਕ ਲੇਜ਼ਰ ਦੀ ਸਚਖੰਡ ਦੇ ਸਟੋਰ ਵਿੱਚ ਐਂਟਰੀ:

ਜਿਸ ਸਮੇਂ ਸੀ.ਜੀ.ਐਲ. ਪਾਵਨ ਸਰੂਪਾਂ ਦੀ ਪ੍ਰਾਪਤੀ ਗ੍ਰੰਥੀ ਸਾਹਿਬਾਨ ਤੋਂ ਦਰਸ਼ਨ ਵਿਚਾਰ ਉਪਰੰਤ ਕਰਦਾ ਹੈ, ਉਹ ਤੁਰੰਤ ਉਹਨਾਂ ਸਰੂਪਾਂ ਦੇ ਨੰਬਰ ਆਪਣੇ ਲੈਜ਼ਰ ਵਿੱਚ ਦਰਜ਼ ਕਰੇਗਾ ਅਤੇ ਪ੍ਰਾਪਤੀ ਖਾਤੇ ਵਿੱਚ ਉਹਨਾਂ ਦੀ ਗਿਣਤੀ ਨੂੰ ਦਰਸਾਉਂਦਾ ਹੋਇਆ ਦਸਤਖਤ ਕਰੇਗਾ ਅਤੇ ਨਾਲ ਦੀ ਨਾਲ ਹੀ ਗ੍ਰੰਥੀ ਦੇ ਦਸਤਖਤ ਪ੍ਰਾਪਤ ਕਰੇਗਾ।ਅਤੇ ਜਿਸ ਬਿੱਲ ਰਾਹੀਂ ਪਾਵਨ ਸਰੂਪ ਭੇਟਾ ਰਹਿਤ ਜਾਂ ਭੇਟਾ ਸਹਿਤ ਦਿੱਤੇ ਜਾਣ, ਉੱਸ ਬਿੱਲ ਦਾ ਨੰਬਰ ਨੋਟ ਕਰੇਗਾ।

ਜੇਕਰ ਉਪਰੋਕਤ ਪਾਵਨ ਸਰੂਪ ਸ਼ੋ ਰੂਮ ਵਿੱਚ ਦਿੱਤੇ ਜਾਂਦੇ ਹਨ, ਤਾਂ ਉਥੋਂ ਦੇ ਇੰਚਾਰਜ ਦੇ ਦਸਤਖਤ ਕਰਨ ਉਪਰੰਤ ਹੀ ਦਿੱਤੇ ਜਾਣ ਅਤੇ ਇਹ ਰਿਕਾਰਡ ਰੱਖਿਆ ਜਾਣਾ ਚਾਹੀਦਾ ਹੈ, ਕਿ ਕਿਸ ਸਮੇਂ ਸ਼ੋ ਰੂਮ ਇੰਚਾਰਜ ਨੇ ਸੀ.ਜੀ.ਐਲ ਤੋਂ ਇਹ ਪਾਵਨ ਸਰੂਪ ਪ੍ਰਾਪਤ ਕੀਤੇ ਹਨ ਅਤੇ ਕਿਸ ਸਮੇਂ ਅਤੇ ਮਿਤੀ ਨੂੰ ਪ੍ਰਾਪਤ ਕੀਤੇ ਹਨ,ਇਹਨਾਂ ਸਰੂਪਾਂ ਦਾ ਕੋਡ ਕੀ ਹੈ, ਉਸਦੇ ਨਾਲ ਨਾਲ ਸ਼ੋ ਰੂਮ ਇੰਚਾਰਜ ਦੇ ਦਸਤਖਤ ਨਾਮ ਦੇ ਨਾਲ ਕੀਤੇ ਜਾਣੇ ਚਾਹੀਦੇ ਹਨ।ਸੀ.ਜੀ.ਐਲ. ਅਤੇ ਸਟੋਰ ਇੰਚਾਰਜ ਪਾਵਨ ਸਰੂਪਾ ਨੂੰ ਲੈਣ ਜਾਂ ਦੇਣ ਵੇਲੇ ਆਪਣੇ ਰਿਕਾਰਡ ਵਿਚ ਇਸ ਲੈਣ ਦੇਣ ਦਾ ਪੂਰਾ ਹਿਸਾਬ ਸਾਫ ਦਰਜ ਰਖਣ ਅਤੇ ਉਸ ਸਮੇਂ ਪਾਵਨ ਸਰੂਪਾਂ ਦੇ ਰੁਮਾਲੇ ਉਪਰ ਲਿਖਿਆ ਹੋਇਆ ਨੰਬਰ ਪਾਵਨ ਸਰੂਪ ਦੇ ਵਿੱਚ ਲਿਖੇ ਨੰਬਰ ਨਾਲ ਮਿਲਾਇਆ ਜਾਵੇ।

ਜਦੋਂ ਵੀ ਸੀ.ਜੀ.ਐੱਲ ਅਤੇ ਸ਼ੋ ਰੂਮ ਇੰਚਾਰਜ ਪਾਵਨ ਸਰੂਪ ਕਿਸੇ ਸੰਸਥਾ ਨੂੰ ਜਾਂ ਪੰਜ ਸਿੰਘਾਂ ਨੂੰ ਦਿੰਦੇ ਹੋਣ, ਉੱਸ ਸਮੇਂ ਡੁੱਚ ਅਤੇ ਬਿੱਲ ਬੁੱਕ ਉਪਰ ਬੰਦੇ ਦਾ ਨਾਮ ਅਤੇ ਪਤੇ ਦੇ ਨਾਲ ਨਾਲ ਪਾਵਨ ਸਰੂਪ ਦਾ ਯੂਨੀਕ ਨੰਬਰ ਅਤੇ ਕਿੰਨੇ ਪਾਵਨ ਸਰੂਪ ਕਿਸ ਕਿਸ ਲੜੀ ਨੰਬਰ ਦੇ ਦਿੱਤੇ ਜਾ ਰਹੇ ਹਨ, ਉਸਦਾ ਜ਼ਿਕਰ ਅਤੇ ਕਿਹੜੀ ਮਿਤੀ ਨੂੰ ਜਿਲਦਬੰਦੀ ਕੀਤੀ ਗਈ ਹੈ, ਉਸਦਾ ਜ਼ਿਕਰ ਸਾਫ ਅੱਖਰਾਂ ਵਿੱਚ ਸਟੋਰ ਲੇਜ਼ਰ(ਵਿੱਕਰੀ ਵਾਲਾ) ਵਿੱਚ ਦਰਜ ਹੋਣਾ ਚਾਹੀਦਾ ਹੈ।

*ਵਿਸ਼ੇਸ਼ ਨੋਟ: ਇਹ ਪਾਵਨ ਸਰੂਪਾਂ ਦਾ ਨੰਬਰੋਂ ਜੋ ਬੜਾ ਯੂਨੀਕ ਹੈ, ਜਿਸਨੂੰ ਯੂਨੀਕੋਡ ਵੀ ਕਵਾਂਗੇ, ਇਹ ਨੰਬਰ ਲਗਾਤਾਰ ਇੱਕ ਤੋਂ ਲੈਕੇ ਅੱਗੇ ਵਧਦਾ ਜਾਵੇ ਨਾ ਕਿ ਇਹ ਦੁਬਾਰਾ ਰੀਪੀਟ ਹੋਵੇ ਫਿਰ ਚਾਹੇ ਇਹ ਨੰਬਰ ਕਿੰਨੇ ਵੀ ਪਾਵਨ ਸਰੂਪਾਂ ਦੇ ਲਾਟ ਦਾ ਹਿੱਸਾ ਹੋਵੇ।*

ਜੇਕਰ ਪਾਵਨ ਸਰੂਪ 1,000 ਗਿਣਤੀ ਦੇ ਹੋਣ ਜਾਂ 2,000 ਗਿਣਤੀ ਦੇ ਹੋਣ ਜਾਂ 5,000 ਗਿਣਤੀ ਦੇ ਹੋਣ ਜਾਂ 6,000 ਗਿਣਤੀ ਦੇ ਹੋਣ ਉਹਨਾਂ ਗਿਣਤੀਆਂ ਦਾ ਜ਼ਿਕਰ ਕਰਦਿਆਂ ਹੋਇਆਂ ਕੋਡ ਵਿੱਚ ਮੌਜੂਦਾ ਚਲਦਾ ਨੰਬਰ ਦਰਜ ਹੋਣਾ ਚਾਹੀਦਾ ਹੈ ਨਾ ਕਿ ਇਹ ਰੀਪੀਟ ਹੋਣਾ ਚਾਹੀਦਾ ਹੈ।ਇਹ ਨੰਬਰ ਇਨਫਿਨਿਟੀ ਤੱਕ ਚਲਦਾ ਜਾਵੇ ਤਾਂ ਜੋਂ ਇਹ ਅੰਦਾਜ਼ਾ ਲਗਾਇਆ ਜਾ ਸਕੇ ਕਿ ਕਿੰਨੇ ਪਾਵਨ ਸਰੂਪ ਛੱਪ ਚੁੱਕੇ ਹਨ।

ਸੀ.ਜੀ. ਐੱਲ. ਦਾ ਰਿਕਾਰਡ ਹਰ ਰੋਜ਼ ਸੁਪਰਵਾਈਜ਼ਰ ਚੈੱਕ ਕਰੇ ਅਤੇ ਉਸਦੀ ਰਿਪੋਰਟ ਆਪਣੇ ਇੱਕ ਵੱਖਰੇ ਲੈਜ਼ਰ ਵਿੱਚ ਦਰਜ ਕਰੇ ਅਤੇ ਸੁਪਰਵਾਈਜ਼ਰ ਦਾ ਰਿਕਾਰਡ ਇੰਚਾਰਜ ਹਰ ਹਫ਼ਤੇ ਚੈੱਕ ਕਰੋ ਅਤੇ ਇਸਨੂੰ ਆਪਣੇ ਵੱਖਰੇ ਲੈਜ਼ਰ ਵਿੱਚ ਦਰਜ ਕਰੇ ਅਤੇ ਦਸਤਖਤ ਕਰੇ ਅਤੇ ਹਰ 15 ਦਿਨ ਬਾਅਦ ਮੀਤ ਸਕੱਤਰ ਪਬਲੀਕੇਸ਼ਨ ਅਤੇ ਪ੍ਰਿੰਟਿੰਗ ਪ੍ਰੈੱਸ ਦਾ ਇਸ ਉਪਰ ਚੈਕਿੰਗ ਕਰਕੇ ਦਸਤਖਤ ਕਰੇ।ਹਰ ਮਹੀਨੇ ਬਾਅਦ ਸਕੱਤਰ ਚੈਕਿੰਗ ਕਰਕੇ ਦਸਤਖਤ ਕਰੇ ਅਤੇ ਹਰ ਦੋ ਚੈਕਿੰਗ ਤੋਂ ਬਾਅਦ, ਸਕੱਤਰ ਪਾਵਨ ਸਰੂਪਾਂ ਦੇ ਸਟਾਕ ਦੀ ਫਿਜ਼ੀਕਲ ਤਸਦੀਕ ਕਰੇ, ਜਿਸਦੀ ਰਿਪੋਰਟ ਮੁੱਖ ਸਕੱਤਰ ਨੂੰ ਦਿੱਤੀ ਜਾਵੇ।ਹਰ 3 ਮਹੀਨੇ ਮੁੱਖ ਸਕੱਤਰ ਆਪ ਤਸਦੀਕ ਕਰਕੇ ਪ੍ਰਧਾਨ ਸਾਹਿਬ ਨੂੰ ਰਿਪੋਟਿੰਗ ਕਰੇ।

6. ਇੱਕ ਸਾਲ ਵਿੱਚ ਤਕਰੀਬਨ 4 ਵਾਰ ਪ੍ਰਧਾਨ ਸਾਹਿਬ ਕੋਲ ਪਾਵਨ ਸਰੂਪਾਂ ਦੀ ਪੂਰੀ ਰਿਪੋਰਟ ਪੇਪਰ ਖਰੀਦਣ ਤੋਂ ਲੈਕੇ, ਪ੍ਰਿੰਟਿੰਗ, ਜਿਲਦਸਾਜ਼ੀ, ਸ਼ੋ ਰੂਮ ਵਿਚ ਵਿਕਰੀ ਅਤੇ ਸੈਕਸ਼ਨ 85 ਅਤੇ 87 ਦੇ ਗੁਰਦੁਆਰਾ ਸਾਹਿਬਾਨਾਂ ਵਿਚ ਭੇਟਾ ਸਹਿਤ ਜਾਂ ਭੇਟਾ ਰਹਿਤ ਬਿਰਾਜਮਾਨ ਹੋਣ ਤੱਕ ਪ੍ਰਧਾਨ ਸਾਹਿਬ ਕੋਲ ਹੋਣੀ ਚਾਹੀਦੀ ਹੈ ਅਤੇ ਅੰਤ ਵਿੱਚ ਸਾਲ ਵਿਚ ਇਕ ਵਾਰ ਇਹ ਰਿਪਰੋਟ ਅੰਤਰਿਮ ਕਮੇਟੀ ਅੱਗੇ ਪੇਸ਼ ਹੋਣੀ ਚਾਹੀਦੀ ਹੈ।

7. ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ/ਸਿੰਘ ਸਾਹਿਬ ਤਖ਼ਤ ਸਾਹਿਬਾਨ ਨੂੰ ਬੇਨਤੀ ਹੈ ਕਿ ਕਿਸੇ ਵੀ ਸਮੇਂ ਪਬਲੀਕੇਸ਼ਨ ਵਿਭਾਗ ਅਤੇ ਪ੍ਰੈੱਸ ਵਿਖੇ ਮਰਿਯਾਦਾ ਸਬੰਧੀ ਅਚਨਚੇਤ ਚੈਕਿੰਗ ਕਰਨ।ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਸਾਹਿਬਾਨ ਵਿੱਚੋਂ ਕਿਸੇ ਦੀ ਵੀ ਇਸ ਕਾਰਜ ਲਈ ਸੇਵਾ ਲੈਣ।

## 13.8 ਊਣਤਾਈਆਂ ਅਤੇ ਕਮੀਆਂ:

ਕਿਸੇ ਵੀ ਸਮੇਂ ਕਿਸੇ ਵੀ ਦਰਜੇ ਤੇ ਕੋਈ ਵੱਧ ਘਟ ਪਾਵਨ ਸਰੂਪਾਂ ਦਾ ਵੇਰਵਾ **ਲੈਜ਼ਰ** ਜਾਂ ਫਿਜ਼ੀਕਲ ਤਸਦੀਕ ਰਾਹੀਂ ਸਾਹਮਣੇ ਆਵੇ, ਉਸਦੀ ਤੁਰੰਤ ਪੜਤਾਲ ਬਿਨਾ ਕੋਈ ਸਮਾਂ ਗਵਾਏ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਸ ਵਾਧ ਘਾਟ ਦਾ ਨੁਕਸਾਨ ਮੌਕੇ 'ਤੇ ਪਕੜਿਆ ਜਾ ਸਕੇ ਨਹੀਂ ਤਾਂ ਸਮੇਂ ਦੀ ਉਲੰਘਣਾ ਨਾਲ ਨਿਰਣਾਇਕ ਦ੍ਰਿਸ਼ਟੀ ਨਾਲ ਪੜਤਾਲ ਦਾ ਨਿਸ਼ਕਸ਼ ਪ੍ਰਾਪਤ ਕਰਨਾ ਔਖਾ ਹੋ ਜਾਂਦਾ ਹੈ।

ਵਾਧ ਘਾਟ ਦਾ ਪਤਾ ਲੱਗਣ ਸਾਰ ਤੁਰੰਤ ਕਿਸੇ ਵੀ ਦਰਜੇ ਦਾ ਅਧਿਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਲਿਖਤ ਰੂਪ ਵਿਚ ਤੁਰੰਤ ਦੇਵੇ ਅਤੇ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਕਰਨਾ, ਉਸ ਅਧਿਕਾਰੀ ਦੀ ਨੌਕਰੀ ਵਾਸਤੇ ਖਤਰਾ ਹੋਵੇਗਾ।ਅਜਿਹਾ ਅਧਿਕਾਰੀ ਕਿਸੇ ਵੀ ਊਣਤਾਈ ਮੌਕੇ ਸੇਵਾ ਮੁਕਤ ਜਾਂ ਸਸਪੈਂਡ ਕੀਤਾ ਜਾ ਸਕਦਾ ਹੈ।

## 14. ਪਾਵਨ ਸਰੂਪ ਕਿੱਥੇ ਗਏ ?

ਇਹ ਬਹੁਤ ਗੰਭੀਰ ਪ੍ਰਸ਼ਨ ਹੈ, ਜਿਸ ਨੂੰ ਸਿੱਖ ਸੰਗਤ ਦੀ ਜਾਨਣਾ ਚਾਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕਿੱਥੇ ਗਏ? ਪੜਤਾਲ ਕਮਿਸ਼ਨ ਨੇ ਇਹ ਪੂਰਾ ਜੋਰ ਲਾਇਆ ਕਿ ਸਬੰਧਿਤ ਮੁਲਾਜ਼ਮ ਦੱਸਣ ਕਿ ਉਹਨਾਂ ਨੇ ਬਿਨ੍ਹਾਂ ਬਿਲ ਕੱਟਿਆਂ, ਭੇਟਾ ਲੈ ਕੇ ਆਪਣੀਆਂ ਜੇਬ੍ਹਾ ਵਿੱਚ ਪਾਈ ਅਤੇ ਪਾਵਨ ਸਰੂਪ ਦਿੱਤੇ, ਉਹ ਪਾਵਨ ਸਰੂਪ ਇਹਨਾਂ ਨੇ ਕਿਸਨੂੰ ਅਤੇ ਕਿੱਥੇ ਦਿੱਤੇ? ਸਬੰਧਿਤ ਮੁਲਾਜ਼ਮ ਇਹ ਦੱਸਣ ਤੋਂ ਮੁਨਕਰ ਰਹੇ।ਸ਼ੱਕ ਹੈ ਕਿ ਇਹ ਪਾਵਨ ਸਰੂਪ ਇਹਨਾਂ ਨੇ ਇੱਕ-ਇੱਕ ਦੋ-ਦੋ ਜਾਂ ਇਸ ਤੋਂ ਵੱਧ ਗੁਰਦੁਆਰਾ ਕਮੇਟੀਆਂ/ਸੰਗਤਾਂ ਨੂੰ ਦਿੱਤੇ, ਉਹਨਾਂ ਪਾਸੋਂ ਪਾਵਨ ਸਰੂਪਾਂ ਦੀ ਭੇਟਾ ਲਈ ਅਤੇ ਉਹਨਾਂ ਨੂੰ ਗੁਰਦੁਆਰਾ ਫੰਡਾਂ ਵਿੱਚ ਜਮਾਂ ਨਾ ਕਰਵਾ ਕੇ ਆਪਣੇ ਨਿੱਜੀ ਹਿੱਤਾਂ ਲਈ ਇਸਤੇਮਾਲ ਕੀਤਾ।ਇਹ ਵੀ ਸ਼ੱਕ ਹੈ ਕਿ ਜਿਸ ਵਕਤ ਪੰਜਾਬ ਤੋਂ ਬਾਹਰ ਪਾਵਨ ਸਰੂਪ ਜਾਂਦੇ ਸਨ ਤਾਂ ਇਹ ਉਹ ਬੱਸ ਵਿੱਚ ਕੁਝ ਪਾਵਨ ਸਰੂਪ ਪ੍ਰਵਾਨ ਹੋਈ ਗਿਣਤੀ ਤੋਂ ਵੱਧ ਲੈ ਕੇ ਜਾਂਦੇ ਸਨ ‘ਤੇ ਬਾਹਰਲੀਆਂ ਗੁਰਦੁਆਰਾ ਕਮੇਟੀਆਂ/ਸੰਗਤਾਂ ਨੂੰ ਬਿਨ੍ਹਾ ਬਿਲ ਕੱਟਿਆ ਨੀਯਤ ਭੇਟਾ ਤੋਂ ਵਾਧੂ ਭੇਟਾ ਲੈ ਕੇ ਆਪਣੀਆਂ ਜੇਬ੍ਹਾਂ ਵਿੱਚ ਪਾਉਂਦੇ ਹੋਣਗੇ।

ਪਬਲੀਕੇਸ਼ਨ ਵਿਭਾਗ ਦੀਆਂ ਲੈਜ਼ਰਾਂ ਨੂੰ ਬੜੀ ਬਰੀਕੀ ਨਾਲ ਚੈੱਕ ਕੀਤਾ ਗਿਆ।ਪੜਤਾਲ ਕਮਿਸ਼ਨ ਨੇ ਉਹਨਾਂ ਨੂੰ ਬਹੁਤ ਬੇਨਤੀਆਂ ਕੀਤੀਆਂ ਕਿ ਕਰਮਚਾਰੀ ਖਾਸ਼ ਤੌਰ ਤੇ ਸੀ.ਜੀ.ਐਲ. ਸਹਾਇਕ ਸੁਪਰਵਾਈਜਰ ਸ੍ਰ.ਕੰਵਲਜੀਤ ਸਿੰਘ ਕ੍ਰਿਪਾ ਕਰਕੇ ਦੱਸਣ ਦੀ ਕੋਸ਼ਿਸ ਕਰੇ ਕਿ ਪਾਵਨ ਸਰੂਪ ਬਿਨ੍ਹਾਂ ਬਿਲ ਕੱਟਿਆ ਕਿੱਥੇ ਦਿੱਤੇ ਗਏ ਹਨ ? ਪਤਾ ਨਹੀਂ ਉਹ ਕਿਉਂ ਚੁੱਪ ਰਿਹਾ, ਸਾਰੀ ਪੜਤਾਲ ਦੌਰਾਨ ਉਸਨੂੰ ਘੱਟ ਤੋਂ ਘੱਟ 8-9 ਵਾਰ ਸੱਦਿਆ ਗਿਆ।ਉਸਦੇ ਉੱਚ ਅਧਿਕਾਰੀ ਸ੍ਰ.ਮਨਜੀਤ ਸਿੰਘ ਸਕੱਤਰ, ਸ੍ਰ.ਨਿਸ਼ਾਨ ਸਿੰਘ ਇੰਚਾਰਜ, ਮੀਤ-ਸਕੱਤਰ ਸ੍ਰ.ਗੁਰਬਚਨ ਸਿੰਘ ਅਤੇ ਹੋਰ ਉਸ ਵਿਭਾਗ ਦੇ ਕਰਮਚਾਰੀ ਉਹਨਾਂ ਨੂੰ ਬੇਨਤੀ ਕੀਤੀ ਗਈ ਕਿ ਕ੍ਰਿਪਾ ਕਰਕੇ ਇਸ ਮਾਮਲੇ ਨੂੰ ਨਜ਼ਰਅੰਦਾਜ ਕਰਨ ਦੀ ਕੋਸ਼ਿਸ ਨਾ ਕਰੋ।ਇਹ ਪਤਾ ਕਰਨ ਦਾ ਯਤਨ ਕਰੋ ਕਿ ਸਬੰਧਿਤ ਮੁਲਾਜ਼ਮਾਂ ਨੇ ਪਾਵਨ ਸਰੂਪ ਕਿਹੜੀਆਂ ਗੁਰਦੁਆਰਾ ਕਮੇਟੀਆਂ/ ਸੰਗਤਾਂ ਨੂੰ ਬਿਨ੍ਹਾਂ ਬਿਲ ਕੱਟਿਆਂ ਦਿੱਤੇ ਹਨ, ਤਾਂ ਕਿ ਬਿਨ੍ਹਾਂ ਰਿਕਾਰਡ ਤੋਂ ਉਹਨਾਂ ਪਾਵਨ ਸਰੂਪਾਂ ਦੇ ਅਦਬ ਸਤਿਕਾਰ ਨੂੰ ਪੜਤਾਲਿਆ ਜਾ ਸਕੇ।ਪੜਤਾਲੀਆ ਕਮਿਸ਼ਨ ਨੇ ਸਬਧਿਤ ਕਰਮਚਾਰੀਆਂ ਨੂੰ ਡਰਾਵਾ ਵੀ ਦਿੱਤਾ, ਜੇ ਤੁਸੀਂ ਹੁਣ ਨਾ ਦੱਸਿਆ ਤਾਂ ਬਾਅਦ ਵਿੱਚ ਧੋਖਾਧੜੀ ਦਾ ਕੇਸ ਯਕੀਨਣ ਬਣੇਗਾ।ਫਿਰ ਤੁਸੀਂ ਸਾਰੇ ਜੁਆਬ ਦਿੰਦੇ ਫਿਰੋਗੇ, ਚੰਗਾ ਇਹੀ ਹੈ ਕਿ ਹੁਣ ਤੁਹਾਡੇ ਕੋਲ ਸੁਨਿਹਰਾ

ਮੌਕਾ ਹੈ ਕਿ ਇਹਨਾਂ ਪਾਵਨ ਸਰੂਪਾਂ ਬਾਰੇ ਪੜਤਾਲ ਕਮਿਸ਼ਨ ਨੂੰ ਦੱਸਣ ਦਾ ਯਤਨ ਕਰੋ ਤਾਂ ਕਿ ਪੜਤਾਲ ਕਮਿਸ਼ਨ ਉਹਨਾਂ ਥਾਂਵਾ ਤੋਂ ਆਪ, ਅਣਅਧਿਕਾਰਿਤ ਤਰੀਕੇ ਨਾਲ ਦਿੱਤੇ ਹੋਏ ਪਾਵਨ ਸਰੂਪਾਂ ਦੇ ਸਤਿਕਾਰ ਨੂੰ ਦੇਖ ਸਕੇ।ਪਰ ਕਿਸੇ ਵੀ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੇ ਇਹ ਦੱਸਣ ਦਾ ਯਤਨ ਨਹੀਂ ਕੀਤਾ ਅਤੇ ਟਾਲ-ਮਟੋਲ ਕਰਦੇ ਰਹੇ।ਵਾਰ-ਵਾਰ ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਇਹੀ ਕਹਿੰਦਾ ਰਿਹਾ ਕੇ ਉਸਨੂੰ ਵੀ ਨਹੀਂ ਪਤਾ ਕਿ ਉੱਚ ਅਧਿਕਾਰੀਆਂ ਨੇ ਕਿਸ-ਕਿਸ ਨੂੰ ਪਾਵਨ ਸਰੂਪ ਦਿੱਤੇ ਹਨ, ਉਸਨੂੰ ਤਾਂ ਕੇਵਲ ਕੱਚੀਆਂ ਪਰਚੀਆਂ ਦੇ ਦਿੰਦੇ ਸਨ ਤੇ ਹੁਕਮ ਕਰਦੇ ਸਨ ਕਿ ਉਹ ਇਹਨਾਂ ਨੂੰ ਪਾਵਨ ਸਰੂਪ ਦੇ ਦੇਵੇ, ਜਿਸ ਨੂੰ ਉੱਚ ਅਧਿਕਾਰੀ ਬਾਅਦ ਵਿੱਚ ਰਾਈਟ ਆਫ ਕਰਵਾ ਦੇਣਗੇ।ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਨੇ ਦੱਸਿਆ ਕਿ ਉਸ ਕੋਲ ਕਈ ਕੱਚੀਆਂ ਪ੍ਰਚੀਆਂ ਸਨ ਜੋ ਉੱਚ ਅਧਿਕਾਰੀਆਂ ਨੇ ਉਸ ਕੋਲੋ ਲੈ ਲਈਆ ਸਨ ਅਤੇ ਹੁਣ ਉਸਨੂੰ ਇਕੱਲੇ ਨੂੰ ਛੱਡ ਦਿੱਤਾ ਹੈ।ਪਰ ਸਮੇਂ-ਸਮੇਂ ‘ਤੇ ਉੱਚ ਅਧਿਕਾਰੀਆ ਵੱਲੋਂ ਦਿੱਤੀ ਮੌਖਿਕ ਜਾਂ ਲਿਖਤੀ ਭੇਟਾ ਰਹਿਤ ਪਾਵਨ ਸਰੂਪ ਦੇਣ ਦੀ ਦਿੱਤੀ ਆਗਿਆ ਅਨੁਸਾਰ ਪਾਵਨ ਸਰੂਪ ਗੁਰਦੁਆਰਾ ਕਮੇਟੀਆਂ ਜਾਂ ਸੰਗਤਾਂ ਨੂੰ ਦਿੱਤੇ ਤਾਂ ਉਸਨੂੰ ਸਮੇਂ ‘ਤੇ ਆਪਣੀ ਸਟਾਕ ਲੈਜ਼ਰ ਵਿੱਚ ਦਰਜ਼ ਕਰਨਾ ਅਤੇ ਆਪਣੇ ਰਿਕਾਰਡ ਨੂੰ ਮੇਨਟੇਂਨ ਰੱਖਣਾ ਇਸਦੀ ਜਿੰਮੇਵਾਰੀ ਸੀ ਜੋ ਇਸਨੇ ਨਹੀਂ ਨਿਭਾਈ।

ਪੜਤਾਲ ਕਮਿਸ਼ਨ ਜਿਸ-ਜਿਸ ਉੱਚ ਅਧਿਕਾਰੀ ਦਾ ਨਾਮ ਸੀ.ਜੀ.ਐਲ. ਕੰਵਲਜੀਤ ਸਿੰਘ ਨੇ ਲਿਆ ਉਹਨਾਂ ਨੂੰ ਸੱਦਿਆ ਗਿਆ ਅਤੇ ਸੀ.ਜੀ.ਐਲ. ਕੰਵਲਜੀਤ ਸਿੰਘ ਦੇ ਸਾਹਮਣੇ ਕੀਤਾ ਗਿਆ, ਜਿਸਦੀ ਵੀਡੀਓ ਰਿਕਾਰਡਿੰਗ ਵੀ ਹੈ।ਜਿਸ ਸਮੇਂ ਪੜਤਾਲ ਕਮਿਸ਼ਨ ਨੇ ਸ੍ਰ: ਕੰਵਲਜੀਤ ਸਿੰਘ ਨੂੰ ਮੌਕਾ ਦਿੱਤਾ ਕਿ ਉਹ ਪੁੱਛ ਲਵੇ ਜਿਸਨੇ ਵੀ ਉਸ ਤੋਂ ਪ੍ਰਚੀਆਂ ਫੜੀਆਂ ਹਨ।ਉੱਚ ਅਧਿਕਾਰੀ ਸਾਫ ਸੀ.ਜੀ.ਐਲ. ਸ੍ਰ.ਕੰਵਲਜੀਤ ਸਿੰਘ ਸਹਾਇਕ ਸੁਪਰਵਾਈਜਰ ਦੇ ਸਾਹਮਣੇ ਸਭ ਨੇ ਸਾਫ ਮਨ੍ਹਾ ਕਰ ਦਿੱਤਾ ਕਿ ਉਹਨਾਂ ਨੂੰ ਸ੍ਰ.ਕੰਵਲਜੀਤ ਸਿੰਘ ਨੇ ਨਾ ਕੋਈ ਪ੍ਰਚੀਆਂ ਦਿੱਤੀਆਂ ਸਨ ਨਾਂ ਹੀ ਉਹਨਾਂ ਨੇ ਉਸ ਤੋਂ ਲਈਆਂ ਹਨ।

ਇਸ ਤੋਂ ਪੜਤਾਲ ਕਮਿਸ਼ਨ ਨੇ ਵਿਚਾਰਿਆ ਕਿ ਬਿਨ੍ਹਾਂ ਕਿਸੇ ਉੱਚ ਅਧਿਕਾਰੀ ਦੇ ਇਕੱਲਾ ਸਹਾਇਕ ਸੁਪਰਵਾਈਜਰ ਅਤੇ ਸੀ.ਜੀ.ਐਲ. ਇੰਨਾਂ ਵੱਡਾ ਕੰਮ ਨਹੀਂ ਕਰ ਸਕਦਾ।ਇਸ ਸਹਾਇਕ ਸੁਪਰਵਾਈਜਰ ਸ੍ਰ.ਕੰਵਲਜੀਤ ਸਿੰਘ ਤੇ ਕਿਸੇ ਉੱਚ ਅਧਿਕਾਰੀ ਦਾ ਥਾਪੜਾ ਹੈ ਜਿਸ ਦੇ ਸਹਿਯੋਗ ਨਾਲ ਇਸ ਤੇ ਕਈ ਸ਼ਿਕਾਇਤਾਂ ਹੋਣ ਦੇ ਬਾਵਜੂਦ ਉਸਨੂੰ 19 ਸਾਲ ਇੱਕੋ ਹੀ ਇੱਕ ਪੋਸਟ ਤੇ ਟਿਕਾ ਕੇ ਰੱਖਿਆ ਗਿਆ ਅਤੇ ਇਸ ਤੋਂ ਲਗਾਤਾਰ ਅਣਅਧਿਕਾਰਿਤ ਤਰੀਕੇ ਨਾਲ

ਕੰਮ ਲੈਂਦੇ ਰਹੇ ਅਤੇ ਇਹ ਅਣਅਧਿਕਾਰਿਤ ਤਰੀਕੇ ਨਾਲ ਕੰਮ ਕਰਦਾ ਰਿਹਾ।ਪੜਤਾਲ ਕਮਿਸ਼ਨ ਨੇ ਇਹ ਵਿਚਾਰਿਆ ਕਿ ਕਈ ਵਾਰ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੁੱਛਣ ਤੇ ਵੀ ਕੋਈ ਵੀ ਦੱਸਣ ਨੂੰ ਰਾਜ਼ੀ ਨਹੀਂ ਕਿ ਉਹਨਾਂ ਦੀ ਬਦਨਾਮੀ ਨਾ ਹੋ ਜਾਏ ਅਤੇ ਉਹਨਾਂ ਨੂੰ ਆਪਣੀ ਪਦਵੀ ਖੁੱਸਣ ਦਾ ਬਹੁਤ ਵੱਡਾ ਭੈਅ ਸੀ, ਜਿਸ ਕਰਕੇ ਕੋਈ ਨਾ ਬੋਲਿਆ।

ਪੜਤਾਲ ਕਮਿਸ਼ਨ ਕੋਲ ਹੋਰ ਕੋਈ ਚਾਰਾ ਨਹੀਂ ਸੀ ਕਿਉਂਕਿ ਪੜਤਾਲ ਕਮਿਸ਼ਨ ਨੇ ਰਿਕਾਰਡ ਸਾਰੇ ਹੀ ਚੈੱਕ ਕੀਤੇ ਸਨ, ਰਿਕਾਰਡਾਂ ਵਿੱਚ ਬਹੁਤ ਸਾਰੀਆਂ ਕਮੀਆਂ ਜਿਵੇਂ ਕਿ ਲੈਜ਼ਰ ਵਿਚ ਪੈਂਸਿਲ ਨਾਲ ਐਂਟਰੀਆਂ, ਕੱਟਿੰਗ ਅਤੇ ਓਵਰਰਾਈਟਿੰਗ, ਓਪਨਿੰਗ ਅਤੇ ਕਲੋਸਿੰਗ ਬੈਲੈਂਸ ਦਾ ਬਾਰ ਬਾਰ ਬਦਲਨਾ ਅਤੇ ਉਸ ਵਿਚਕਾਰ ਪੈਂਸਿਲ ਨਾਲ ਕੀਤੀਆਂ ਐਂਟਰੀਆਂ ਦਾ ਮੇਲ ਨਾ ਖਾਣਾ, ਐਸੀਆਂ ਬਹੁਤ ਸਾਰੀਆਂ ਊਣਤਾਈਆਂ ਪਾਈਆਂ ਗਈਆਂ ਜੋ ਕਿ ਇਸ ਪੜਤਾਲ ਰਿਪੋਰਟ ਵਿੱਚ ਬੜੇ ਹੀ ਵਿਸਥਾਰ ਨਾਲ ਤਕਰੀਬਨ ਇੱਕ-ਇੱਕ ਗੱਲ ਦਰਜ ਕੀਤੀ ਗਈ ਹੈ। ਅਤੇ ਬੜੀ ਗੰਭੀਰਤਾ ਅਤੇ ਸਹਿਜਤਾ ਨਾਲ ਇਹ ਵਿਚਾਰਿਆ ਕਿ ਇੱਕ ਤਾਂ ਨਿਰਧਾਰਿਤ ਸਮਾਂ ਪੂਰਾ ਹੋ ਚੁੱਕਾ ਸੀ, ਦੂਸਰਾ ਇਸਦਾ ਹੱਲ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਅਤੇ ਪ੍ਰਧਾਨ ਸਾਹਿਬ ਪਾਸ ਹੈ, ਜੋ ਬਣਦੀ ਯੋਗ ਕਾਰਵਾਈ ਕਰ ਸਕਦੇ ਹਨ।ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਸਤਿਕਾਰ ਦਾ ਮਸਲਾ ਬੜਾ ਦੁੱਖਦਾਈ, ਗੰਭੀਰ ਅਤੇ ਸੰਵੇਦਨਸ਼ੀਲ ਹੈ ਜੋ ਕਿ ਸਿੰਘ ਸਾਹਿਬ ਜੀ, ਇਸ ਰਿਪੋਰਟ ਦੇ ਅਧਾਰ ਤੇ ਅਤੇ ਆਪਣੇ ਵਿਵੇਕ ਵਿਚਾਰ ਨਾਲ ਪ੍ਰਬੰਧਕ ਕਮੇਟੀ ਦੁਆਰਾ ਬਣਦੀ ਯੋਗ ਕਾਰਵਾਈ ਸਬੰਧਤ ਦੋਸ਼ੀ ਅਧਿਕਾਰੀਆਂ ਤੇ ਕੀਤੀ ਜਾਵੇ।ਇਹ ਸਬੰਧਤ ਅਧਿਕਾਰੀਆਂ ਦਾ ਕਰਮ ਨਾ ਬਖ਼ਸ਼ਣਯੋਗ ਹੈ, ਜੋ ਕਿ ਉਹਨਾਂ ਨੂੰ ਭੁੱਲ ਕੇ ਵੀ ਗੁਰਸਿੱਖ ਹੋਣ ਦੇ ਨਾਤੇ ਐਸਾਂ ਕਦਮ ਨਹੀਂ ਚੁੱਕਣਾ ਚਾਹੀਦਾ ਸੀ।ਪੜਤਾਲ ਕਮਿਸ਼ਨ ਬੜੇ ਦੁੱਖੀ ਹਿਰਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋ ਕੇ ਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣਦੇ ਹੋਏ ਸਿੰਘ ਸਾਹਿਬ ਦੁਆਰਾ ਪੰਜ ਸਿੰਘ ਸਾਹਿਬਾਨ ਨੂੰ ਬੇਨਤੀ ਕਰਦਾ ਹੈ ਕਿ ਇਸ ਅਣਉਚਿੱਤ, ਅਣਅਧਿਕਾਰਿਤ, ਨਜ਼ਾਇਜ ਕਰਮ ਤੇ ਗੁਰਮਤਿ ਅਨੁਸਾਰ ਹਰ ਵਸੀਲੇ ਨੂੰ ਵਰਤਦਿਆਂ ਪਾਵਨ ਸਰੂਪਾਂ ਦਾ ਪਤਾ ਲਗਾਇਆ ਜਾਵੇ, ਕਿ ਬਿਨ੍ਹਾਂ ਬਿਲ ਕੱਟਿਆਂ ਇਹ ਪਾਵਨ ਸਰੂਪ ਕਿਸਨੂੰ ਅਤੇ ਕਿੱਥੇ ਦਿੱਤੇ।ਪੜਤਾਲੀਆ ਕਮਿਸ਼ਨ ਨੇ ਮਿਤੀ 08/08/2020 ਨੂੰ ਪੰਜਾਬੀ ਅਤੇ ਅੰਗਰੇਜ਼ੀ ਅਖਬਾਰਾਂ ਰਾਹੀਂ ਇਸ ਸਬੰਧੀ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਪਬਲਿਕ ਨੋਟਿਸ ਰਾਹੀਂ ਬੇਨਤੀ ਕੀਤੀ ਕਿ ਇਸ ਸਬੰਧੀ ਕੋਈ ਵੀ ਜਾਣਕਾਰੀ ਕਿਸੇ ਪਾਸ ਹੈ ਤਾਂ ਸਾਨੂੰ ਮੁਹੱਈਆਂ ਕਰਵਾਈ ਜਾਵੇ, ਪਰ ਕਈ ਦਿਨ ਬੀਤਣ ਬਾਅਦ

ਵੀ ਕਿਸੇ ਨੇ ਜਾਣਕਾਰੀ ਦੇਣੀ ਮੁਨਾਸਿਬ ਨਹੀਂ ਸਮਝੀ ਅਤੇ ਨਾਂ ਹੀ ਇਸ ਸਾਰੀ ਪੜਤਾਲ ਸਬੰਧੀ ਕੋਈ ਸਬੂਤ ਮੁਹੱਈਆ ਕਰਵਾਇਆ।

ਪੜਤਾਲ ਕਮਿਸ਼ਨ ਦੀ ਆਪਣੀ ਸੀਮਾਂ ਸੀ ਅਤੇ ਸਮਾਂ ਵੀ ਸੀਮਿਤ ਸੀ, ਆਪਣੇ ਅਧਿਕਾਰ ਖੇਤਰ ਵਿੱਚ ਰਹਿੰਦਿਆਂ ਹੋਇਆ ਪੜਤਾਲ ਕਮਿਸ਼ਨ ਨੇ ਗੁਰੂ ਜੀ ਦੇ ਭੈਅ ਵਿੱਚ ਇਸ ਪੜਤਾਲ ਦੀ ਸੇਵਾ ਨੂੰ ਨਿਭਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।ਮਨੁੱਖ ਹੋਣ ਦੇ ਨਾਤੇ ਕਈ ਪ੍ਰਕਾਰ ਦੀਆਂ ਗਲਤੀਆਂ ਜਰੂਰ ਹੋਈਆਂ ਹੋਣਗੀਆਂ।ਗੁਰੂ ਮਹਾਰਾਜ ਅਤੇ ਸਿੱਖ ਸੰਗਤ ਬਖ਼ਸ਼ਣਯੋਗ ਹੈ।ਪੜਤਾਲ ਕਮਿਸ਼ਨ ਦੇ ਮੈਂਬਰ ਪੰਜਾਬ ਤੋਂ ਦੂਰ ਹੋਣ ਦੇ ਬਾਵਜੂਦ ਵੀ ਮਾਲਕ ਦੀ ਮੇਹਰ ਸਦਕਾ ਗੁਰਬਾਣੀ ਨਾਲ ਜੁੜੇ ਹੋਏ ਹਨ।ਗੁਰਮੁੱਖੀ ਅੱਖਰਾਂ ਰਾਹੀ ਪੰਜਾਬੀ ਦੇ ਭਾਵ ਲਿਖਦੇ ਕਈ ਪ੍ਰਕਾਰ ਦੀਆਂ ਗਲਤੀਆਂ ਤਰੁੱਟੀਆਂ ਰਹਿ ਗਈਆਂ ਹੋਣਗੀਆਂ, ਭਾਸ਼ਾ ਤੋਂ ਜਿਆਦਾ ਜਾਣੂ ਨਾ ਹੋਣ ਕਾਰਨ ਸਿੱਖ ਸੰਗਤ ਅਤੇ ਅਕਾਲ ਤਖਤ ਉਮੀਦ ਹੈ, ਮੁਆਫ ਕਰੇਗੀ।ਇਹੀ ਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ।

ਜੇ ਫਿਰ ਵੀ ਇਸ ਪੜਤਾਲ ਦੀ ਰਿਪੋਰਟ ਦੀ ਗੱਲ ਕਿਸੇ ਨੂੰ ਨਾਂ ਸਮਝ ਆਵੇ ਤਾਂ ਦਾਸ ਨਾਲ, ਸ੍ਰੀ ਅਕਾਲ ਤਖਤ ਸਾਹਿਬ ਸੰਪਰਕ ਕਰ ਸਕਦਾ ਹੈ ਤਾਂ ਕਿ ਸਬੰਧਤ ਪੜਤਾਲ ਬਾਰੇ ਵਿਚਾਰ ਸਪੱਸ਼ਟ ਕੀਤੀ ਜਾ ਸਕੇ।ਦਾਸ ਗੁਰੂ ਪੰਥ ਨੂੰ ਸਮਰਪਿਤ ਹੈ ਅਤੇ ਬੜੇ ਆਦਰ ਸਤਿਕਾਰ ਸਹਿਤ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਨਤਮਸਤਕ ਹੁੰਦਿਆਂ ਸ਼ਰਧਾ ਸਹਿਤ ਫਤਹਿ ਅਰਜ਼ ਕਰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਡਾ. ਈਸ਼ਰ ਸਿੰਘ　　ਡਾ. ਹਰਪ੍ਰੀਤ ਕੌਰ　　ਸੀ.ਏ. ਹਰਲੀਨ ਕੌਰ

ਮਿਤੀ : 23/08/2020

ਸਥਾਨ : ਸ੍ਰੀ ਅੰਮ੍ਰਿਤਸਰ ਸਾਹਿਬ (ਪੰਜਾਬ)